ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਲੇਖਕ ਦੀਆਂ ਕੁਝ ਹੋਰ ਪੁਸਤਕਾਂ :

ਵਿਚਾਰ-ਸੰਗ੍ਰਹਿ	:	ਮਾਲਾ ਮਣਕੇ
ਲੇਖ ਸੰਗ੍ਰਹਿ	:	ਡੂੰਘੀਆਂ ਸਿਖਰਾਂ ਰਾਹ-ਰਸਤੇ ਅੰਤਰ ਝਾਤ ਆਹਮੋ-ਸਾਹਮਣੇ ਸੁਖ਼ਨ-ਸੁਨੇਹੇ ਬੂਹੇ-ਬਾਰੀਆਂ ਵਿਆਖਿਆ-ਵਿਸ਼ਲੇਸ਼ਣ ਸੱਚੋ-ਸੱਚ ਤਰਕਵੇਦ ਘਾਟ ਘਾਟ ਦਾ ਪਾਣੀ
ਆਲੋਚਨਾ ਅਤੇ ਖੋਜ	:	ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ ਗਿਆਨੀ ਦਿੱਤ ਸਿੰਘ-ਜੀਵਨ ਤੇ ਰਚਨਾ ਪੰਜਾਬੀ ਪੱਤਰਕਾਰੀ ਦਾ ਵਿਕਾਸ
ਅਨੁਵਾਦ	:	ਤੁਰਗਨੇਵ: ਪਿਉ ਪੁੱਤਰ ਜਵਾਹਰ ਲਾਲ ਨਹਿਰੂ: ਗਾਥਾ ਭਾਰਤ ਦੇਸ਼ ਦੀ ਜੱਸਾ ਸਿੰਘ ਆਹਲੂਵਾਲੀਆ ਮਾਰਟਿਨ ਲੂਥਰ ਕਿੰਗ ਭਾਈ ਵੀਰ ਸਿੰਘ: ਬਾਬਾ ਨੌਧ ਸਿੰਘ (ਅੰਗ੍ਰੇਜ਼ੀ ਵਿਚ)

ਅੰਤਰ ਝਾਤ

ਨਰਿੰਦਰ ਸਿੰਘ ਕਪੂਰ

Antar Jhaat

(A Collection of Essays)

by

Dr. Narinder Singh Kapoor
4245, Phase 2, Urban Estate,
PATIALA 147002 India

2009
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

Produced and Bound in India

ਕਹ ਦੋ ਮੁਖ਼ਾਲਿਫ਼ ਹਵਾਓਂ ਸੇ ਕਹ ਦੋ
ਮੁਹੱਬਤ ਕਾ ਦੀਆ ਤੋ ਜਲਤਾ ਰਹੇਗਾ......

ਯਹ ਕਿਤਨੀ ਹੀ ਨਦੀਆਂ, ਯਹ ਕਿਤਨੇ ਹੀ ਦਰਿਯਾ
ਯਹ ਪਾਨੀ ਤੋ ਸਾਗਰ ਮੇਂ ਮਿਲਤਾ ਰਹੇਗਾ......

ਕਹ ਦੋ ਮੁਖ਼ਾਲਿਫ਼ ਹਵਾਓਂ ਸੇ ਕਹ ਦੋ
ਮੁਹੱਬਤ ਕਾ ਦੀਆ ਤੋ ਜਲਤਾ ਰਹੇਗਾ......

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਮੁੱਢਲੇ ਸ਼ਬਦ

ਨਿਰਸੰਦੇਹ ਗਲਤੀਆਂ ਨਾਲ ਮਨੁੱਖ ਸਿਖਦਾ ਹੈ ਪਰ ਇਸ ਦਾ ਅਰਥ ਇਹ ਨਹੀਂ ਕਿ ਉਹ ਜੀਵਨ ਭਰ ਗਲਤੀਆਂ ਕਰਦਾ ਰਹੇ ਅਤੇ ਕਹੇ ਕਿ ਮੈਂ ਤਾਂ ਸਿਖ ਰਿਹਾ ਹਾਂ।

ਜੀਵਨ ਨੂੰ ਚੰਗੇ ਢੰਗ ਨਾਲ ਜਿਊਣ ਲਈ ਲੋੜੀਂਦਾ ਗਿਆਨ ਸਾਨੂੰ ਸਕੂਲ ਦੀਆਂ ਪਹਿਲੀਆਂ ਪੰਜ ਜਮਾਤਾਂ ਵਿਚ ਪ੍ਰਾਪਤ ਹੋ ਜਾਂਦਾ ਹੈ। ਧਨ ਵਾਂਗ ਗਿਆਨ ਦਾ ਲਾਲਚ ਵੀ ਸਾਨੂੰ ਅੰਦਰੋਂ-ਬਾਹਰੋਂ ਪਕੜ ਲੈਂਦਾ ਹੈ। ਇਹੀ ਕਾਰਨ ਹੈ ਕਿ ਅਜੋਕੇ ਯੁਗ ਵਿਚ ਗਿਆਨ ਫੈਲ ਰਿਹਾ ਹੈ ਪਰ ਮਨੁੱਖ ਸੁੰਗੜਦਾ ਜਾ ਰਿਹਾ ਹੈ।

ਲੋੜ ਹੋਰ ਗਿਆਨ ਇਕੱਠਾ ਕਰਨ ਦੀ ਨਹੀਂ, ਪ੍ਰਾਪਤ ਗਿਆਨ ਨੂੰ ਸਹੀ ਢੰਗ ਨਾਲ ਅਮਲ ਵਿਚ ਲਿਆਉਣ ਦੀ ਹੁੰਦੀ ਹੈ।

ਕੁਝ ਕਰਨ ਦਾ ਕਮਾਲ-ਹੁਨਰ ਕੁਝ ਕੀਤਿਆਂ ਹੀ ਆਉਂਦਾ ਹੈ।

ਕਰਮ ਜਾਂ ਕਾਰਜ ਕਰਨ ਤੋਂ ਬਿਨਾਂ ਗਿਆਨ ਬੋਝ ਹੋ ਨਿਬੜਦਾ ਹੈ।

ਜੇ ਉਦੇਸ਼ ਸ਼ੁੱਭ ਨਾ ਹੋਵੇ ਤਾਂ ਗਿਆਨ ਵੀ ਪਾਪ ਹੋ ਨਿਬੜਦਾ ਹੈ।

ਮਨੁੱਖ ਨੂੰ ਸਭ ਤੋਂ ਵੱਡੀ ਤਸੱਲੀ ਉਹ ਕੰਮ ਕਰਨ ਵਿੱਚ ਮਿਲਦੀ ਹੈ, ਜਿਹੜਾ ਉਸ ਨੇ ਕਰਨਾ ਚਾਹਿਆ ਹੋਵੇ ਪਰ ਜਿਸ ਬਾਰੇ ਲੋਕਾਂ ਨੇ ਉਸ ਨੂੰ ਕਿਹਾ ਹੋਵੇ 'ਤੁਸੀਂ ਇਹ ਨਹੀਂ ਕਰ ਸਕਦੇ, ਤੁਹਾਡੇ ਤੋਂ ਇਹ ਹੋਵੇਗਾ ਨਹੀਂ।'

ਚੰਗੇ ਕੰਮ ਦੀ ਪਛਾਣ ਹੀ ਇਹ ਹੁੰਦੀ ਹੈ ਕਿ ਇਹ ਜਦੋਂ ਕਰ ਲਿਆ ਜਾਂਦਾ ਹੈ ਤਾਂ ਇਸ ਦੇ ਅਨੇਕਾਂ ਦਾਅਵੇਦਾਰ ਪੈਦਾ ਹੋ ਜਾਂਦੇ ਹਨ।

ਗਿਆਨਵਾਨ ਅਸੀਂ ਸਾਰੇ ਹੀ ਹਾਂ, ਪਰ ਅੰਤਰ ਗਿਆਨ ਦਾ ਨਹੀਂ ਹੁੰਦਾ, ਉਸ ਗਿਆਨ ਨਾਲ ਕੀਤੇ ਕੰਮਾਂ ਦਾ ਹੁੰਦਾ ਹੈ।

ਸਾਡੇ ਅਤੇ ਹੋਰਾਂ ਵਿਚਲਾ ਅੰਤਰ ਗੁਣਾਂ ਦਾ ਨਹੀਂ, ਆਦਤਾਂ ਦਾ ਹੁੰਦਾ ਹੈ।

ਆਪਣੇ ਯਤਨ ਵਿਚ ਪੂਰੇ ਦਾ ਪੂਰਾ ਕੌਣ ਸਫ਼ਲ ਹੁੰਦਾ ਹੈ ?

ਜਿਊਂਦੇ-ਜਾਗਦੇ ਮਨੁੱਖ ਦਾ ਉਦੇਸ਼ ਓਨਾ ਸਫ਼ਲ ਹੋਣਾ ਨਹੀਂ ਹੁੰਦਾ, ਜਿਤਨਾ ਆਪਣੇ ਕੰਮ ਵਿਚੋਂ ਮਿਲਣ ਵਾਲੀ ਮੌਜ ਮਾਣਨਾ ਹੁੰਦਾ ਹੈ।

ਸਮਾਜ ਸਦਾ ਉਨ੍ਹਾਂ ਨੂੰ ਯਾਦ ਕਰਦਾ ਹੈ, ਜਿਨ੍ਹਾਂ ਨੇ ਸਮਾਜ ਤੋਂ ਲਿਆ ਘੱਟ ਹੁੰਦਾ ਹੈ ਪਰ ਸਮਾਜ ਨੂੰ ਮੋੜਿਆ ਵਧੇਰੇ ਹੁੰਦਾ ਹੈ।

ਇਸੇ ਆਧਾਰ ਉਤੇ ਅਸੀਂ ਪਹਿਲਾਂ ਸੰਤਾਂ-ਮਹਾਤਮਾਂ ਦੀ ਮਹਿਮਾ ਕਰਦੇ ਸਾਂ ਅਤੇ ਹੁਣ ਵਿਗਿਆਨੀਆਂ ਨੂੰ ਵਡਿਆਉਂਦੇ ਹਾਂ।

ਵਿਹਲ ਵਿਚੋਂ ਕੁਝ ਨਹੀਂ ਨਿਕਲਦਾ, ਆਲਸ ਵਿਚੋਂ ਕੁਝ ਨਹੀਂ ਉਪਜਦਾ।

ਰਾਹ ਦੀ ਭਾਵੇਂ ਪਛਾਣ ਨਾ ਵੀ ਹੋਵੇ ਪਰ ਜੀਵਨ ਭਰ ਸੰਸਿਆਂ ਵਿਚ ਘਿਰੇ ਰਹਿਣ ਨਾਲੋਂ, ਤੁਰ ਹੀ ਪੈਣਾ ਚਾਹੀਦਾ ਹੈ।

ਚੰਨ, ਤਾਰੇ, ਸੂਰਜ ਨਿਰੰਤਰ ਪਰਵਾਹ ਵਿਚ ਪਏ ਹੋਏ ਹਨ।

ਮਨੁੱਖ ਉਸੇ ਕੰਮ ਨੂੰ ਠੀਕ ਕਰ ਸਕਦਾ ਹੈ, ਜਿਸ ਵਿਚ ਉਸ ਦਾ ਭਰੋਸਾ ਹੋਵੇ।

ਭਰੋਸਾ ਉਦੋਂ ਹੀ ਉਪਜਦਾ ਹੈ, ਜਦੋਂ ਇਰਾਦਾ ਨੇਕ ਹੋਵੇ।

ਨੇਕ ਇਰਾਦਿਆਂ ਨਾਲ ਵਿਅਕਤੀ ਅਤੇ ਸਮਾਜ ਦੋਵੇਂ ਸ਼ਕਤੀਸ਼ਾਲੀ ਹੁੰਦੇ ਜਾਂਦੇ ਹਨ। ਕੋਈ ਵੀ ਚੰਗਾ ਕੰਮ ਅਜਿਹਾ ਨਹੀਂ ਹੁੰਦਾ, ਜਿਸ ਦਾ ਸਮਾਜ ਨੂੰ ਲਾਭ ਹੁੰਦਾ ਹੋਵੇ ਅਤੇ ਕਰਨ ਵਾਲੇ ਨੂੰ ਨੁਕਸਾਨ ਹੁੰਦਾ ਹੋਵੇ।

ਜਦੋਂ ਉਦੇਸ਼ ਉਸਾਰੂ ਹੋਵੇ ਤਾਂ ਪੁੱਠਾ ਕਦਮ ਪੁੱਟਿਆ ਹੀ ਨਹੀਂ ਜਾ ਸਕਦਾ।

ਜੇ ਉਦੇਸ਼ ਨਿਸ਼ਚਿਤ ਅਤੇ ਸਪਸ਼ਟ ਨਾ ਹੋਵੇ ਤਾਂ ਵੱਡੇ-ਵੱਡੇ ਘੱਲੂਘਾਰੇ, ਮੁਹਿੰਮਾਂ ਅਤੇ ਮੋਰਚੇ ਵੀ ਮਾਰੂਥਲਾਂ ਵਿਚ ਗੁਆਚੇ ਦਰਿਆ ਬਣ ਕੇ ਰਹਿ ਜਾਂਦੇ ਹਨ।

ਲੋੜ ਉੱਚੇ ਉਦੇਸ਼ਾਂ ਅਤੇ ਸੁਹਿਰਦ ਯਤਨਾਂ, ਦੋਹਾਂ ਦੀ ਹੁੰਦੀ ਹੈ।

ਜੇ ਸਾਡੇ ਹੱਥ, ਸਾਡੀ ਕਲਪਨਾ ਦਾ ਸਾਥ ਦੇਣ ਤਾਂ ਮਨੁੱਖੀ ਮਨ ਵਿਚ ਉਪਜਣ ਵਾਲੀ ਹਰੇਕ ਉਮੰਗ ਸਾਕਾਰ ਕੀਤੀ ਜਾ ਸਕਦੀ ਹੈ।

ਜਿਹੋ ਜਿਹੇ ਕਿਸੇ ਦੇ ਉਦੇਸ਼, ਵਿਚਾਰ ਅਤੇ ਅਮਲ ਹੁੰਦੇ ਹਨ, ਉਹੋ ਜਿਹਾ ਉਹ ਮਨੁੱਖ ਹੋ ਨਿਬੜਦਾ ਹੈ।

ਕੋਰਸਾਂ ਦੀਆਂ ਕਿਤਾਬਾਂ ਗਿਆਨ ਦੀ ਜਾਗ ਹੀ ਲਾਉਂਦੀਆਂ ਹਨ, ਇਨ੍ਹਾਂ ਨੂੰ ਅੰਤਮ ਗਿਆਨ ਸਮਝ ਲੈਣਾ ਭੁੱਲ ਹੁੰਦੀ ਹੈ।

ਗਿਆਨ ਦੀ ਕਮਾਈ ਕਰਨ ਲਈ ਵੱਖਰੇ ਯਤਨ ਕਰਨੇ ਪੈਂਦੇ ਹਨ।

ਜਦੋਂ ਮਨੁੱਖ ਆਪਣੇ ਅੰਦਰ ਛੁਪੀਆਂ ਸ਼ਕਤੀਆਂ ਤੋਂ ਜਾਣੂ ਹੋ ਜਾਂਦਾ ਹੈ ਤਾਂ ਆਪ-ਮੁਹਾਰੇ ਉਹ ਉਸਾਰੂ ਅਤੇ ਕਲਿਆਣਮਈ ਕਾਰਜਾਂ ਵਿੱਚ ਰੁੱਝ ਜਾਂਦਾ ਹੈ।

ਇਸ ਪੁਸਤਕ ਦਾ ਉਦੇਸ਼ ਤੁਹਾਨੂੰ, ਤੁਹਾਡੇ ਅੰਦਰ ਛੁਪੀਆਂ ਹੋਈਆਂ ਤੁਹਾਡੀਆਂ ਅਸੀਮ ਸ਼ਕਤੀਆਂ ਤੋਂ ਜਾਣੂ ਕਰਵਾਉਣਾ ਹੈ।

ਇਨ੍ਹਾਂ ਸ਼ਕਤੀਆਂ ਤੋਂ ਜਾਣੂ ਹੋ ਕੇ, ਆਪਣੀ ਕਿਸਮਤ ਦੇ ਨਿਰਮਾਤਾ ਤੁਸੀਂ ਆਪ ਬਣ ਜਾਵੋਗੇ।

ਨਰਿੰਦਰ ਸਿੰਘ ਕਪੂਰ

ਸਾਬਕਾ ਪ੍ਰੋਫ਼ੈਸਰ, ਪੱਤਰਕਾਰੀ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਤਤਕਰਾ

ਉੱਦਮ ਅਤੇ ਉਤਸ਼ਾਹ

ਅਸੀਂ ਕਿਸੇ ਨੂੰ ਉਦੋਂ ਤਕ ਸੁੰਦਰ ਨਹੀਂ ਸਮਝਦੇ ਜਦੋਂ ਤਕ ਉਹ ਸਾਡੇ ਵੱਲ ਪ੍ਰਵਾਨਗੀ ਭਰੀ ਮੁਸਕਰਾਹਟ ਨਾਲ ਵੇਖਣ ਦਾ ਉੱਦਮ ਨਾ ਕਰੇ।

ਉਸ ਦੀ ਅਜਿਹੀ ਤੱਕਣੀ ਸਾਡੇ ਵਿਚ ਪ੍ਰਸੰਨਤਾ ਅਤੇ ਸਾਡੇ ਆਲੇ-ਦੁਆਲੇ ਵਿਚ ਉਤਸ਼ਾਹ ਦਾ ਵਾਤਾਵਰਨ ਸਿਰਜਦੀ ਹੈ।

ਨਿਰਸੰਦੇਹ, ਸੋਹਣੀ ਇਸਤਰੀ ਦੇ ਮਨ ਦੀ ਦੁਨੀਆਂ ਵਿਚ ਉੱਦਮ ਨਾਲ ਹੀ ਦਾਖਲ ਹੋਇਆ ਜਾ ਸਕਦਾ ਹੈ। ਉਤਸ਼ਾਹ ਤੋਂ ਬਿਨਾਂ ਉਸ ਦੀ ਪ੍ਰਵਾਨਗੀ ਵਾਲੀ ਨਜ਼ਰ ਥੱਲੇ ਆਉਣਾ ਸੰਭਵ ਨਹੀਂ ਹੁੰਦਾ।

ਜਦੋਂ ਕੋਈ ਇਸਤਰੀ ਤੁਹਾਡੇ ਵਰਗੇ ਕਿਸੇ ਪੁਰਸ਼ ਦੀ ਪ੍ਰੇਮਿਕਾ ਬਣਦੀ ਹੈ ਤਾਂ ਤੁਹਾਡਾ ਉੱਦਮ ਅਤੇ ਉਸ ਦਾ ਉਤਸ਼ਾਹ ਜਾਂ ਤੁਹਾਡਾ ਉਤਸ਼ਾਹ ਅਤੇ ਉਸ ਦਾ ਉੱਦਮ ਕਿੱਕਲੀ-ਕਲੀਰ ਪਾਉਂਦੇ ਹਨ ਅਤੇ ਦੋਵੇਂ ਧਿਰਾਂ ਕਲਪਨਾ ਅਤੇ ਅਨੁਭਵ ਦੀਆਂ ਨਵੀਆਂ ਸਿਖਰਾਂ ਛੂੰਹਦੀਆਂ ਹਨ। ਇਵੇਂ ਉੱਦਮ ਅਤੇ ਉਤਸ਼ਾਹ ਇਕ-ਦੂਜੇ ਨੂੰ ਤਾਲ ਦਿੰਦੇ ਹਨ। ਇਕ-ਦੂਜੇ ਦੀ ਤਾਲ ਵਿਚ ਨੱਚਣ ਦੀ ਇਹ ਤਾਂਘ ਹੀ ਸਾਨੂੰ ਉਡਾਈ ਫਿਰਦੀ ਹੈ।

ਉੱਦਮ ਅਤੇ ਉਤਸ਼ਾਹ ਉਹ ਢਾਲਾਂ ਹਨ, ਜਿਨ੍ਹਾਂ ਨਾਲ ਅਸੀਂ ਜ਼ਿੰਦਗੀ ਦੇ ਵਾਰ ਸਹਿੰਦੇ ਹਾਂ। ਇਵੇਂ ਹੀ ਉੱਦਮ ਅਤੇ ਉਤਸ਼ਾਹ ਸਾਡੀ ਕਮਾਨ ਦੇ ਉਹ ਦੋ ਸਿਰੇ ਹਨ, ਜਿਨ੍ਹਾਂ ਰਾਹੀਂ ਅਸੀਂ ਆਪਣੇ ਇਰਾਦਿਆਂ ਦੇ ਤੀਰ ਦੂਰ ਦੁਮੇਲਾਂ ਵੱਲ ਸੇਧਦੇ ਹਾਂ।

ਬੱਚੇ, ਪਤੀ-ਪਤਨੀ ਦੇ ਸਾਂਝੇ ਉੱਦਮਾਂ ਦਾ ਹੀ ਫਲ ਹੁੰਦੇ ਹਨ।

ਜਦੋਂ ਕੋਈ ਇਸਤਰੀ ਮਾਂ ਬਣਦੀ ਹੈ ਤਾਂ ਆਪਣੇ ਹੋਰ ਅਨੇਕਾਂ ਕੰਮਾਂ ਦੇ ਨਾਲ ਉਸ ਵਿਚ ਬੱਚੇ ਨੂੰ ਪਾਲਣ ਦੇ ਉੱਦਮ ਅਤੇ ਉਤਸ਼ਾਹ ਆਪ-ਮੁਹਾਰੇ ਪੈਦਾ ਹੋ ਜਾਂਦੇ ਹਨ। ਇਸਤਰੀ ਭਾਵੇਂ ਸਾਰੇ ਖੇਤਰਾਂ ਵਿਚ ਕਿਸੇ ਨਾ ਕਿਸੇ ਉਤੇ ਨਿਰਭਰ ਹੁੰਦੀ ਹੈ ਪਰ ਬੱਚੇ ਨੂੰ ਜਨਮ ਦੇਣ ਦੇ ਪੱਖ ਤੋਂ ਉਹ ਪੂਰਨ-ਭਾਂਤ ਸੁਤੰਤਰ ਹੈ।

ਉਸ ਦੇ ਇਸ ਕਾਰਜ ਵਿਚ ਨਾ ਕੋਈ ਦਖਲ ਦਿੰਦਾ ਹੈ ਅਤੇ ਨਾ ਉਹ ਕੋਈ ਦਖਲ ਸਹਿਣ ਕਰਦੀ ਹੈ। ਉਹ ਉਤਸ਼ਾਹ ਦੀ ਫੁਹਾਰ ਵਿਚ ਭਿਜਦੀ ਰਹਿੰਦੀ ਹੈ।

ਸਕੇ ਭਰਾਵਾਂ ਨਾਲੋਂ ਜੇ ਚਾਚੇ-ਤਾਏ ਦੇ ਪੁੱਤਰ ਰਲ ਕੇ ਚੱਲਣ ਦਾ ਉੱਦਮ ਕਰਨ ਤਾਂ ਸਾਡੇ ਪੇਂਡੂ ਸਮਾਜ ਵਿਚ ਉਨ੍ਹਾਂ ਨੂੰ ਹੋਰ ਵੀ ਵੱਡੀ ਤਾਕਤ ਸਮਝਿਆ ਜਾਂਦਾ ਹੈ।

ਇਸਤਰੀ ਉਸੇ ਅਨੁਪਾਤ ਵਿਚ ਪਿਆਰ ਮੋੜਦੀ ਹੈ, ਜਿਤਨੇ ਉੱਦਮ ਨਾਲ ਉਸ ਦਾ ਪਿਆਰ ਪ੍ਰਾਪਤ ਕਰਨ ਦਾ ਉਪਰਾਲਾ ਕੀਤਾ ਗਿਆ ਹੋਵੇ।

ਜਿਹੜੇ ਆਪਣੀ ਪ੍ਰੇਮਿਕਾ ਲਈ ਵਧੇਰੇ ਖਤਰੇ ਮੁੱਲ ਲੈਂਦੇ ਹਨ, ਉਨ੍ਹਾਂ ਨੂੰ ਮਿਲਣੀ ਦਾ ਨਿੱਘ ਵੀ ਵਧੇਰੇ ਮਿਲਦਾ ਹੈ।

ਇਸੇ ਕਰ ਕੇ ਕਹਿੰਦੇ ਹਨ ਕਿ ਪਿਆਰ ਉਹ ਅਨੁਭਵ ਹੈ, ਜਿਸ ਵਿਚ ਦੋਹਾਂ ਧਿਰਾਂ ਨੇ ਇਕ-ਦੂਜੇ ਵਿਚੋਂ ਲੰਘਣਾ ਹੁੰਦਾ ਹੈ, ਆਰ-ਪਾਰ ਹੋਣਾ ਹੁੰਦਾ ਹੈ।

ਜੰਗ ਵਿਚ ਹਰ ਕਿਸੇ ਨੂੰ ਬਹਾਦਰੀ ਵਿਖਾਉਣ ਦਾ ਅਵਸਰ ਮਿਲਦਾ ਹੈ।

ਇਹੀ ਨੇਮ ਜੀਵਨ ਵਿਚ ਵੀ ਲਾਗੂ ਹੁੰਦਾ ਹੈ।

ਉੱਦਮ ਤੋਂ ਬਿਨਾ ਉਦੇਸ਼ ਕੇਵਲ ਇਕ ਇੱਛਾ ਬਣ ਕੇ ਰਹਿ ਜਾਂਦਾ ਹੈ। ਕਹਿੰਦੇ ਹਨ, ਜੇ ਨੀਅਤ ਸਿੱਧੀ ਹੋਵੇ ਤਾਂ ਗਲਤ ਰਸਤਾ ਵੀ ਠੀਕ ਥਾਂ ਪਹੁੰਚਾ ਦਿੰਦਾ ਹੈ।

ਪਿਤਾ ਜੀ ਕਿਹਾ ਕਰਦੇ ਸਨ ਕਿ ਮਨੁੱਖ ਅਨੁਭਵ ਦੇ ਜਿਸ ਪੜਾਅ 'ਤੇ ਹੋਵੇ, ਉਸ ਤੋਂ ਅਗਲੇਰਾ ਪੜਾਅ ਉਸ ਨੂੰ ਅਸੀਸ ਦਿੰਦਾ ਰਹਿੰਦਾ ਹੈ।

ਕਹਿਣ ਵਾਲੇ ਕਹਿੰਦੇ ਹਨ ਕਿ ਪਹਿਲਾਂ ਫੈਸਲਾ ਕਰ ਲਵੋ ਕਿ ਇਹ ਕੰਮ ਕਰਨਾ ਹੈ ਫਿਰ ਮਨ, ਢੰਗ-ਤਰੀਕਾ ਅਤੇ ਸਮਾਂ ਆਪੇ ਲੱਭ ਲਵੇਗਾ।

ਨਿਰਸੰਦੇਹ ਹਰ ਕੌਮ ਆਪਣੇ ਉੱਦਮੀ ਨਾਇਕਾਂ ਦੇ ਮੋਢਿਆਂ 'ਤੇ ਉਸਰੀ ਹੁੰਦੀ ਹੈ। ਇਨ੍ਹਾਂ ਨਾਇਕਾਂ ਨੇ ਸਾਡੇ ਦੇਸ਼ ਨੂੰ ਬਣਾਇਆ-ਉਸਾਰਿਆ ਹੀ ਨਹੀਂ ਹੁੰਦਾ, ਸਗੋਂ ਇਸ ਵਿਚ ਰੂਹਾਨੀ ਅਤੇ ਇਖ਼ਲਾਕੀ ਸ਼ਕਤੀ ਵੀ ਭਰੀ ਹੁੰਦੀ ਹੈ।

ਇਖ਼ਲਾਕ ਤੋਂ ਸੱਖਣਾ ਉੱਦਮ, ਕੋਰਾ ਪਖੰਡ ਹੁੰਦਾ ਹੈ।

ਇਸੇ ਕਰਕੇ ਕਿਹਾ ਜਾਂਦਾ ਹੈ ਕਿ ਜਦੋਂ ਲੋਕ ਧੋਖੇਬਾਜ਼ ਹੋ ਜਾਣ ਤਾਂ ਅਸੀਂ ਜਾਇਦਾਦਾਂ ਅਤੇ ਚੀਜ਼ਾਂ-ਵਸਤਾਂ ਵਿਚੋਂ ਤਸੱਲੀ ਭਾਲਦੇ ਹਾਂ।

ਜਦੋਂ ਤਕ ਸਾਡੇ ਵਿਚ ਦੂਜਿਆਂ ਨਾਲ ਸਹਿਮਤ ਹੋਣ ਦਾ ਉਤਸ਼ਾਹ ਨਹੀਂ ਜਾਗਦਾ ਅਤੇ ਆਪਣੀ ਅਗਿਆਨਤਾ ਕਿਸੇ ਦੇ ਗਿਆਨ ਨਾਲ ਵਟਾਉਣ ਦਾ ਉੱਦਮ ਨਹੀਂ ਉਪਜਦਾ, ਉਦੋਂ ਤਕ ਨਾ ਤਾਂ ਸਾਡੇ ਵਿਚਾਰ ਸਿੱਧੇ ਹੁੰਦੇ ਹਨ ਅਤੇ ਨਾ ਹੀ ਸਾਡੇ ਵਿਚ ਸੁਹਿਰਦਤਾ ਅਤੇ ਸਾਊਪੁਣਾ ਉਪਜਦੇ ਹਨ।

ਉੱਦਮ ਚੰਗਾ ਕੰਮ ਕਰਨ ਦੇ ਉਸ ਯਤਨ ਨੂੰ ਕਹਿੰਦੇ ਹਨ, ਜਿਹੜਾ ਕਰਨ ਦੀ ਇੱਛਾ, ਸਾਡੇ ਅੰਦਰੋਂ ਆਪ-ਮੁਹਾਰੇ ਉਪਜਦੀ ਹੈ।

ਕਿਸੇ ਦੇ ਕਹਿਣ ਉਤੇ ਕੀਤਾ ਕੰਮ ਉੱਦਮ ਨਹੀਂ ਹੁੰਦਾ। ਉੱਦਮ ਕੁਝ ਕਰ ਵਿਖਾਉਣ ਦੀ ਇੱਛਾ ਦਾ ਅੰਦਰੋਂ ਫੁੱਟਿਆ ਚਸ਼ਮਾ ਹੈ, ਇਹ ਬਾਹਰੋਂ ਪੈਣ ਵਾਲਾ ਮੀਂਹ ਨਹੀਂ। ਉੱਦਮ ਦੀ ਹਰ ਖੇਤਰ ਵਿਚ ਪ੍ਰਸੰਸਾ ਹੁੰਦੀ ਹੈ। ਸੂਰਜ ਉੱਦਮ ਦਾ ਪ੍ਰਤੀਕ ਹੈ। ਉੱਦਮ ਵਿਅਕਤੀਗਤ ਅਤੇ ਵਿਲੱਖਣ ਹੁੰਦਾ ਹੈ।

ਉਤਸ਼ਾਹ ਚੰਗਾ ਕੰਮ ਕਰਨ ਦੇ ਉਸ ਯਤਨ ਨੂੰ ਕਹਿੰਦੇ ਹਨ, ਜਿਹੜਾ ਕਿਸੇ ਦੇ ਪ੍ਰੇਰਿਆਂ ਕੀਤਾ ਜਾਵੇ। ਅਜਿਹੇ ਕੰਮ ਦੀ ਪ੍ਰਵਾਨਗੀ ਅਤੇ ਸਰਾਹਨਾ ਹੁੰਦੀ ਹੈ ਪਰ ਪ੍ਰਸੰਸਾ ਉੱਦਮ ਦੀ ਹੀ ਹੁੰਦੀ ਹੈ। ਉਤਸ਼ਾਹ ਸਮੂਹਿਕ ਹੁੰਦਾ ਹੈ। ਸੂਰਜ ਦੀ ਪ੍ਰੇਰਨਾ ਨਾਲ ਚਮਕਦਾ ਚੰਦਰਮਾ, ਉਤਸ਼ਾਹ ਦਾ ਪ੍ਰਤੀਕ ਹੈ।

ਉੱਦਮ ਅਤੇ ਉਤਸ਼ਾਹ ਨਾਲ ਵਿਅਕਤੀ ਅਤੇ ਸਮਾਜ ਦੋਵੇਂ ਸ਼ਕਤੀਸ਼ਾਲੀ ਹੁੰਦੇ ਹਨ। ਕੋਈ ਵੀ ਚੰਗਾ ਕੰਮ ਅਜਿਹਾ ਨਹੀਂ ਹੁੰਦਾ, ਜਿਸ ਦਾ ਸਮਾਜ ਨੂੰ ਲਾਭ ਹੁੰਦਾ ਹੋਵੇ ਅਤੇ ਕਰਨ ਵਾਲੇ ਨੂੰ ਨੁਕਸਾਨ।

ਕਈਆਂ ਦੀ ਆਦਤ ਹੁੰਦੀ ਹੈ ਕਿ ਉਹ ਕੰਮ ਉਦੋਂ ਹੀ ਕਰਦੇ ਹਨ, ਜਦੋਂ ਸਥਿਤੀ ਉਨ੍ਹਾਂ ਨੂੰ ਮਜਬੂਰ ਕਰਦੀ ਅਤੇ ਧੱਕੇ ਮਾਰਦੀ ਹੈ।

ਅਜਿਹੇ ਕੰਮ ਨੂੰ ਨਾ ਪ੍ਰਵਾਨਗੀ ਮਿਲਦੀ ਹੈ ਅਤੇ ਨਾ ਅਜਿਹੇ ਕੰਮ ਦੀ ਪ੍ਰਸੰਸਾ ਹੁੰਦੀ ਹੈ। ਅਜਿਹੇ ਕੰਮ ਦੀ ਪੱਧਰ ਵੀ ਉੱਚੀ ਨਹੀਂ ਹੁੰਦੀ।

ਸਾਨੂੰ ਉਹੀ ਪ੍ਰੇਰਦੇ ਹਨ ਜਿਨ੍ਹਾਂ ਵਿਚ ਆਪਣਾ ਕੰਮ ਆਪ ਕਰਨ ਦੀ ਯੋਗਤਾ ਹੁੰਦੀ ਹੈ। ਇਹ ਵਿਅਕਤੀ ਨਵੇਂ ਰਾਹਾਂ 'ਤੇ ਚਲਦੇ ਹਨ ਅਤੇ ਨਵੀਆਂ ਪੈੜਾਂ ਛੱਡਦੇ ਹਨ।

ਸਰੀਰਕ ਸ਼ਕਤੀ ਜਾਂ ਬੌਧਿਕ ਸ਼ਕਤੀ ਆਪਣੇ ਆਪ ਵਿਚ ਕੋਈ ਅਰਥ ਨਹੀਂ ਰੱਖਦੀ, ਅਰਥ ਤਾਂ ਇਨ੍ਹਾਂ ਦੀ ਵਰਤੋਂ ਵਿੱਚੋਂ ਜਨਮਦੇ ਹਨ।

ਜੇ ਉਦੇਸ਼ ਸੁਹਿਰਦ, ਸੱਚੇ ਅਤੇ ਸਪਸ਼ਟ ਅਤੇ ਨਿਸ਼ਚਿਤ ਨਾ ਹੋਣ ਤਾਂ ਵੱਡੇ ਘੱਲੂਘਾਰੇ, ਮੁਹਿੰਮਾਂ ਅਤੇ ਮੋਰਚੇ ਵੀ ਸਫ਼ਲ ਨਹੀਂ ਹੁੰਦੇ।

ਉੱਦਮ ਉਹ ਯੋਗਤਾ ਹੈ, ਜਿਹੜੀ ਮੌਕਿਆਂ ਦੇ ਬੂਹੇ ਖੋਲ੍ਹਦੀ ਹੈ।

ਇਸ ਯੋਗਤਾ ਦੀ ਪ੍ਰਾਪਤੀ ਲਈ ਕਿਧਰੇ ਜਾਣ ਦੀ ਲੋੜ ਨਹੀਂ, ਇਹ ਯੋਗਤਾ ਹਰ ਕਿਸੇ ਵਿਚ ਹੁੰਦੀ ਹੈ। ਆਪਣੇ ਨਿਤਾ-ਪ੍ਰਤੀ ਦੇ ਨਿੱਕੇ-ਨਿੱਕੇ ਕੰਮਾਂ ਵਿਚ ਵੀ ਉੱਦਮ ਅਤੇ ਉਤਸ਼ਾਹ ਦਾ ਪ੍ਰਗਟਾਵਾ ਤੁਹਾਡੀ ਉੱਦਮੀ ਸਮਰੱਥਾ ਨੂੰ ਵਧਾਏਗਾ।

ਨਿੱਤ-ਦਿਹਾੜੇ ਅਨੇਕਾਂ ਵਿਅਕਤੀ ਤੁਹਾਡੇ ਸੰਪਰਕ ਵਿਚ ਆਉਂਦੇ ਹਨ, ਜਿਹੜੇ ਤੁਹਾਡੇ ਚੰਗਾ ਜਾਂ ਮਾੜਾ ਕੰਮ ਕਰਨ ਦੀ ਸਮਰੱਥਾ ਨੂੰ ਵਧਾਉਂਦੇ ਹਨ।

ਜਿਹੜੇ ਕੇਵਲ ਧਨ ਲਈ ਕੰਮ ਕਰਦੇ ਹਨ ਅਤੇ ਜਿਨ੍ਹਾਂ ਨੂੰ ਕੰਮ ਦੇ ਬਦਲੇ ਕੇਵਲ ਧਨ ਮਿਲਦਾ ਹੈ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਨਾ ਉਹ ਪੂਰਾ ਕੰਮ ਕਰਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਕੰਮ ਦੇ ਬਦਲੇ ਪੂਰੇ ਪੈਸੇ ਮਿਲਦੇ ਹਨ।

ਕੰਮ ਤਾਂ ਦੂਜਿਆਂ ਦੇ ਸੰਪਰਕ ਵਿਚ ਆਉਣ ਦਾ ਵਸੀਲਾ ਹੁੰਦਾ ਹੈ, ਦੂਜਿਆਂ ਦੇ ਸੰਪਰਕ ਵਿਚ ਤੁਸੀਂ ਕਿਸੇ ਕੰਮ ਰਾਹੀਂ ਹੀ ਆ ਸਕਦੇ ਹੋ।

ਵਾਸਤਵ ਵਿਚ ਤੁਹਾਡੀ ਯੋਗਤਾ ਦੂਜਿਆਂ ਨੂੰ ਤੁਹਾਡੇ ਕੋਲ ਖਿੱਚ ਲਿਆਉਂਦੀ ਹੈ। ਇਹ ਯੋਗਤਾ ਉੱਦਮ ਤੋਂ ਬਿਨਾਂ ਪੈਦਾ ਨਹੀਂ ਹੁੰਦੀ।

ਯੋਗਤਾ ਦੀਆਂ ਸੀਮਾਵਾਂ ਤੁਹਾਡੀ ਕਲਪਨਾ, ਅਨੁਭਵ, ਅਭਿਆਸ ਅਤੇ ਸੋਚ ਦੀਆਂ ਹੀ ਨਿਰਧਾਰਤ ਕੀਤੀਆਂ ਹੁੰਦੀਆਂ ਹਨ।

ਵੇਖਿਆ ਗਿਆ ਹੈ ਕਿ ਜਿਹੜੇ ਪ੍ਰਸੰਨਤਾ ਨਾਲ ਕੰਮ ਕਰਦੇ ਹਨ, ਉਨ੍ਹਾਂ ਦਾ ਵਕਤ ਉਨ੍ਹਾਂ 'ਤੇ ਬੋਝ ਨਹੀਂ ਬਣਦਾ ਅਤੇ ਉਨ੍ਹਾਂ ਦਾ ਸਮਾਂ ਅਛੋਪਲੇ ਹੀ ਲੰਘ ਜਾਂਦਾ ਹੈ।

ਇਹ ਵੀ ਵੇਖਿਆ ਗਿਆ ਹੈ ਕਿ ਜੇ ਤੁਸੀਂ ਕਿਸੇ ਕੰਮ ਵਿਚ ਨਿਪੁੰਨ ਹੋ ਜਾਵੋਗੇ ਤਾਂ ਉਹ ਕੰਮ ਦੂਜਿਆਂ ਨੂੰ ਸਿਖਾਉਣ ਦੀ ਉਦਾਰਤਾ, ਉੱਦਮ ਅਤੇ ਅਮੀਰੀ ਤੁਹਾਡੇ ਵਿਚ ਆਪ-ਮੁਹਾਰੇ ਆ ਜਾਵੇਗੀ, ਜਿਵੇਂ ਮਾਂ ਬੱਚੇ ਨੂੰ ਪੌੜੀਆਂ ਚੜ੍ਹਨਾ ਸਿਖਾਉਂਦੀ ਹੈ, ਜਿਵੇਂ ਅਧਿਆਪਕ ਵਿਦਿਆਰਥੀਆਂ ਨੂੰ ਫਾਰਮੂਲੇ ਸਿਖਾਉਂਦੇ ਹਨ।

ਜਿਨ੍ਹਾਂ ਵਿਚ ਕੁਝ ਕਰਨ ਦੀ ਯੋਗਤਾ ਨਹੀਂ ਹੁੰਦੀ, ਉਹ ਬਹਿਸ ਕਰਦੇ ਹਨ।

ਉਹੀ ਦੇਸ਼, ਧਰਮ ਜਾਂ ਕੌਮਾਂ ਜਿਉਂਦੀਆਂ ਰਹਿੰਦੀਆਂ ਹਨ, ਜਿਹੜੀਆਂ ਬਦਲਦੀਆਂ ਹਾਲਤਾਂ ਨਾਲ ਬਦਲਣ ਦਾ ਉੱਦਮ ਕਰਦੀਆਂ ਹਨ। ਜਿਹੜੀਆਂ ਕੌਮਾਂ ਅਜਿਹਾ ਨਹੀਂ ਕਰ ਸਕਦੀਆਂ ਉਹ ਗੈਰ-ਇਖ਼ਲਾਕੀ ਸਮਝੌਤੇ ਕਰਦੀਆਂ ਹਨ। ਉਨ੍ਹਾਂ ਤੋਂ ਜ਼ਿੰਦਗੀ ਦਾ ਉਦੇਸ਼ ਗੁਆਚ ਜਾਂਦਾ ਹੈ ਅਤੇ ਉਨ੍ਹਾਂ ਦੀ ਕੇਵਲ ਪਿੱਠ ਹੀ ਵਿਖਾਈ ਦਿੰਦੀ ਹੈ।

ਬਿਨਾਂ ਨਿਗਰਾਨੀ ਦੇ ਕੰਮ ਕਰਨ ਨਾਲ, ਦੂਜਿਆਂ ਦੇ ਕਹਿਣ ਤੋਂ ਬਿਨਾਂ ਅਤੇ ਆਪ-ਮੁਹਾਰੇ ਕੰਮ ਕਰਨ ਨਾਲ, ਜਿਤਨੇ ਪੈਸੇ ਮਿਲਣ ਉਸ ਨਾਲੋਂ ਵਧੇਰੇ ਕੰਮ ਕਰਨ ਨਾਲ, ਨਾ ਕੇਵਲ ਸਾਡੇ ਕੰਮ ਦੀ ਪੱਧਰ ਸੁਧਰਦੀ ਹੈ, ਸਗੋਂ ਸਾਡੀ ਸੋਚ ਅਤੇ ਸਾਡੇ ਅਨੁਭਵ ਦਾ ਪਿੜ ਵੀ ਮੋਕਲਾ ਹੁੰਦਾ ਹੈ।

ਜਿਸ ਕੰਮ ਵਿਚ ਤੁਸੀਂ ਤਾਕ ਹੋ, ਉਸ ਕੰਮ ਵਿਚ ਦੂਜਿਆਂ ਨੂੰ ਤਾਕ ਕਰੋ, ਤੁਹਾਡੀ ਸਮਰੱਥਾ, ਯੋਗਤਾ ਅਤੇ ਤਾਕਤ ਵੱਧ ਜਾਵੇਗੀ।

ਜਦੋਂ ਅਸੀਂ ਦੂਜਿਆਂ ਨੂੰ ਕੁਝ ਸਿਖਾਉਂਦੇ ਹਾਂ ਤਾਂ ਅਸੀਂ ਆਪ ਵੀ ਸਿਖਦੇ ਹਾਂ।

ਅਧਿਆਪਕ ਜਾਣਦੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਪੁਸਤਕਾਂ ਦੇ ਹੀ ਡੂੰਘੇ ਅਰਥਾਂ ਦੀ ਸਮਝ ਪੈਂਦੀ ਹੈ, ਜਿਹੜੀਆਂ ਉਹ ਕਲਾਸਾਂ ਵਿਚ ਪੜ੍ਹਾਉਂਦੇ ਹਨ।

ਵੇਖਿਆ ਗਿਆ ਹੈ ਕਿ ਜਦੋਂ ਕੋਈ ਵਿਅਕਤੀ ਨਵਾਂ ਧਰਮ ਧਾਰਨ ਕਰਦਾ ਹੈ, ਨਵੀਂ ਥਾਂ ਪਲਾਟ ਖਰੀਦਦਾ ਹੈ ਜਾਂ ਗਿਆਨ ਪ੍ਰਾਪਤੀ ਦੀ ਕਿਸੇ ਨਵੀਂ ਲੀਹ 'ਤੇ ਪੈਂਦਾ ਹੈ ਤਾਂ ਉਹ ਅਜਿਹਾ ਕਰਨ ਲਈ ਦੂਜਿਆਂ ਨੂੰ ਵੀ ਪ੍ਰੇਰਦਾ ਹੈ।

ਦੂਜਿਆਂ ਦੇ ਕੰਮਾਂ ਵਿਚ ਨੁਕਸ ਕੱਢਣ ਦੀ ਥਾਂ, ਉਨ੍ਹਾਂ ਸਾਮ੍ਹਣੇ ਚੰਗੇਰਾ ਕੰਮ ਕਰ ਕੇ ਉਦਾਹਰਣ ਸਥਾਪਿਤ ਕਰਨ ਨਾਲ, ਦੂਜਿਆਂ ਦੇ ਕੰਮ ਦੀ ਪੱਧਰ ਵੀ ਤੁਹਾਡੀ ਤਸੱਲੀ ਅਨੁਸਾਰ ਉਚੇਰੀ ਹੋ ਜਾਵੇਗੀ।

ਮਨੁੱਖ ਵਿਚ ਚੰਗੇਰਾ ਬਣਨ ਦੀ, ਚੰਗੇਰਾ ਕਾਮਾ ਬਣਨ ਦੀ, ਚੰਗੇਰਾ ਪਿਤਾ ਅਤੇ ਚੰਗਾ ਦੋਸਤ ਬਣਨ ਦੀ ਸੁਭਾਵਿਕ ਇੱਛਾ ਹੁੰਦੀ ਹੈ।

ਲੋੜ ਚੰਗੀਆਂ ਉਦਾਹਰਣਾਂ ਦੀ ਹੁੰਦੀ ਹੈ, ਚੰਗੀਆਂ ਉਦਾਹਰਣਾਂ ਸਾਡੇ ਵਿਚ ਉੱਦਮ ਅਤੇ ਉਤਸ਼ਾਹ ਉਪਜਾਉਂਦੀਆਂ ਹਨ। ਜਦੋਂ ਅਸੀਂ ਦੂਜਿਆਂ ਨੂੰ ਕੁਝ ਕਹਿੰਦੇ ਹਾਂ ਤਾਂ ਆਪਣੇ ਕਹੇ ਨੂੰ ਅਸੀਂ ਆਪ ਵੀ ਸੁਣਦੇ ਹਾਂ, ਸਾਡੇ ਉਤੇ ਵੀ ਆਪਣੀਆਂ ਕਹੀਆਂ ਗੱਲਾਂ ਦਾ ਪ੍ਰਭਾਵ ਪੈਂਦਾ ਹੈ।

ਆਪਣੇ ਆਗੂ, ਪ੍ਰਸ਼ੰਸਕ ਅਤੇ ਕਦਰਦਾਨ ਅਸੀਂ ਆਪ ਹੀ ਹੁੰਦੇ ਹਾਂ।

ਆਪਣੇ ਦੁਸ਼ਮਣ ਵੀ ਅਸੀਂ ਆਪ ਹੀ ਹੁੰਦੇ ਹਾਂ।

ਆਗੂ ਦੋ ਪ੍ਰਕਾਰ ਦੇ ਹੁੰਦੇ ਹਨ: ਪਹਿਲੇ ਉਹ ਜਿਹੜੇ ਆਪਣੇ ਆਪ ਨੂੰ ਸਾਡੇ ਉੱਤੇ ਠੋਸਦੇ ਹਨ, ਦੂਜੇ ਉਹ ਜਿਨ੍ਹਾਂ ਨੂੰ ਅਸੀਂ ਆਪ ਚੁਣਦੇ ਹਾਂ।

ਨੈਪੋਲੀਅਨ ਅਤੇ ਲਿੰਕਨ ਦੋਵੇਂ ਜੰਗ ਦੇ ਮੈਦਾਨ ਵਿਚ ਗਏ ਸਨ ਪਰ ਉਨ੍ਹਾਂ ਦੇ ਉਦੇਸ਼ ਵੱਖਰੇ ਸਨ। ਨੈਪੋਲੀਅਨ ਦਾ ਉਦੇਸ਼ ਆਜ਼ਾਦ ਕੌਮਾਂ ਨੂੰ ਗੁਲਾਮ ਬਣਾਉਣਾ ਸੀ, ਲਿੰਕਨ ਦਾ ਉਦੇਸ਼ ਗੁਲਾਮਾਂ ਨੂੰ ਆਜ਼ਾਦ ਕਰਨਾ ਸੀ।

ਲਿੰਕਨ ਵਿਚ ਹੌਸਲਾ ਸੀ, ਨੈਪੋਲੀਅਨ ਵਿਚ ਬਹਾਦਰੀ ਸੀ।

ਹੌਸਲਾ, ਬਹਾਦਰੀ ਨਾਲੋਂ ਵੱਖਰੀ ਚੀਜ਼ ਹੈ।

ਬਹਾਦਰੀ ਡਰ ਤੋਂ ਉਪਰ ਉਠਣ ਦੀ ਸਥਿਤੀ ਹੈ, ਪਰੰਤੂ ਹੌਸਲਾ ਚਰਿੱਤਰ ਦੀ ਉਸ ਸ਼ਕਤੀ ਅਤੇ ਆਤਮਾ ਦੀ ਉਸ ਅਮੀਰੀ ਨੂੰ ਕਹਿੰਦੇ ਹਨ, ਜਿਹੜੀ ਡਰ ਨੂੰ ਪਛਾਣਨ ਉਪਰੰਤ, ਮਨੁੱਖ ਨੂੰ ਅੱਖਾਂ ਖੋਲ੍ਹ ਕੇ ਅੱਗੇ ਵੱਧਣ ਅਤੇ ਆਪਣੇ ਆਦਰਸ਼ਾਂ ਨੂੰ ਅਮਲੀ ਰੂਪ ਦੇਣ ਦਾ ਉੱਦਮ ਅਤੇ ਉਤਸ਼ਾਹ ਦਿੰਦੀ ਹੈ।

ਤੁਸੀਂ ਜਦੋਂ ਵੀ ਕੋਈ ਉੱਦਮ ਕਰੋਗੇ, ਪਹਿਲਾਂ ਤੁਹਾਡੀ ਵਿਰੋਧਤਾ ਹੋਵੇਗੀ।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਜੇ ਤੁਹਾਡੇ ਉੱਦਮ ਦੀ ਪੱਧਰ ਦਰਮਿਆਨੀ ਹੈ ਤਾਂ ਨਾ ਤੁਹਾਡੀ ਨਿੰਦਾ ਹੋਵੇਗੀ ਨਾ ਹੀ ਪ੍ਰਸੰਸਾ।

ਜਦੋਂ ਤੁਹਾਡੇ ਉੱਦਮ ਦੀ ਵਿਰੋਧਤਾ ਹੋਵੇਗੀ, ਉਦੋਂ ਹੀ ਕਿਸੇ ਪਾਸੇ ਤੋਂ ਪ੍ਰਸੰਸਾ ਵੀ ਹੋਵੇਗੀ। ਉੱਦਮ, ਉੱਦਮ ਹੋਣ ਕਰ ਕੇ ਵਿਰੋਧਤਾ ਦਾ ਕਾਰਨ ਬਣਦਾ ਹੈ ਅਤੇ ਉੱਦਮ, ਉੱਦਮ ਹੋਣ ਕਰ ਕੇ ਹੀ ਪ੍ਰਸੰਸਾ ਦਾ ਕਾਰਨ ਵੀ ਬਣਦਾ ਹੈ।

ਸੰਸਾਰ ਵਿਚ ਕੋਈ ਵੀ ਉੱਦਮੀ ਅਜਿਹਾ ਨਹੀਂ ਹੋਇਆ, ਜਿਸ ਦਾ ਅਪਮਾਨ ਅਤੇ ਵਿਰੋਧ ਨਾ ਹੋਇਆ ਹੋਵੇ।

ਸੰਸਾਰ ਦੇ ਪਹਿਲੇ ਹਵਾਈ ਜਹਾਜ਼ ਅਤੇ ਦੁਨੀਆਂ ਦੀ ਪਹਿਲੀ ਰੇਲ ਗੱਡੀ ਦਾ ਲੋਕਾਂ ਨੇ ਮਖੌਲ ਉਡਾਇਆ ਸੀ।

ਨਵੇਂ ਫੈਸ਼ਨ ਦਾ ਮੁੱਢ ਵਿਚ ਮਖੌਲ ਉਡਾਇਆ ਜਾਂਦਾ ਹੈ ਪਰ ਹੌਲੀ-ਹੌਲੀ ਸਾਰੇ ਉਸ ਫੈਸ਼ਨ ਨੂੰ ਅਪਣਾ ਲੈਂਦੇ ਹਨ।

ਲੋਕਾਂ ਦਾ ਸੁਭਾਅ ਹੈ ਕਿ ਉਹ ਹਰ ਨਵੀਂ ਚੀਜ਼ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ ਪਰ ਜਦੋਂ ਉਨ੍ਹਾਂ ਨੂੰ ਨਵੀਂ ਚੀਜ਼ ਜਾਂ ਨਵੇਂ ਉੱਦਮ ਵਿਚ ਵਿਸ਼ਵਾਸ ਹੋ ਜਾਵੇ ਤਾਂ ਉਹ ਇਸ ਦੀ ਪ੍ਰਸੰਸਾ ਕਰਨ ਵਾਲਿਆਂ ਦੀ ਸੰਗਤ ਵਿਚ ਖ਼ੁਸ਼ ਹੁੰਦੇ ਹਨ।

ਸੰਸਾਰ ਦੇ ਸਾਰੇ ਲੋਕਾਂ ਨੂੰ ਉੱਦਮੀ ਅਤੇ ਆਲਸੀ ਲੋਕਾਂ ਦੀਆਂ ਦੋ ਵੰਨਗੀਆਂ ਵਿਚ ਵੰਡਿਆ ਜਾ ਸਕਦਾ ਹੈ ਅਤੇ ਇਨ੍ਹਾਂ ਨੂੰ ਪਛਾਣਨਾ ਬੜਾ ਸੌਖਾ ਹੈ।

ਲੰਮੀ ਤਿਆਰੀ ਤੋਂ ਬਿਨਾਂ ਉੱਦਮ ਸੰਭਵ ਨਹੀਂ ਹੁੰਦਾ।

ਉੱਦਮ ਦੀ ਪਹਿਲੀ ਸ਼ਰਤ ਚੰਗੀ ਨਰੋਈ ਸਿਹਤ ਹੈ। ਭਾਵੇਂ ਸਿਹਤ ਹੀ ਸਭ ਕੁਝ ਨਹੀਂ ਹੁੰਦੀ ਪਰ ਸਿਹਤ ਤੋਂ ਬਿਨਾਂ ਤਾਂ ਸਭ ਕੁਝ ਵੀ, ਕੁਝ ਨਹੀਂ ਹੁੰਦਾ।

ਮੈਲੇ ਕੱਪੜੇ ਪਾ ਕੇ ਅਸੀਂ ਸਵੈ-ਭਰੋਸੇ ਅਤੇ ਉਤਸ਼ਾਹ ਦਾ ਪ੍ਰਗਟਾਵਾ ਨਹੀਂ ਕਰ ਸਕਦੇ। ਕੱਪੜੇ ਭਾਵੇਂ ਕਿਹੋ ਜਿਹੇ ਵੀ ਹੋਣ, ਉਨ੍ਹਾਂ ਦਾ ਸਾਫ਼ ਹੋਣਾ ਲਾਜ਼ਮੀ ਸ਼ਰਤ ਹੈ।

ਇਵੇਂ ਹੀ ਇਹ ਲਾਜ਼ਮੀ ਸ਼ਰਤ ਹੈ ਕਿ ਅਸੀਂ ਮਨੁੱਖਾਂ ਵਿਚ ਦਿਲਚਸਪੀ ਲਈਏ, ਦਿਲਚਸਪੀ ਤਾਂ ਸਾਰੇ ਜੀਵ-ਜੰਤੂਆਂ ਵਿਚ ਵੀ ਲੈਣੀ ਚਾਹੀਦੀ ਹੈ।

ਆਪਣੇ ਕੰਮ ਵਿਚ ਦਿਲਚਸਪੀ ਸਾਡੀ ਆਪਣੇ ਆਪ ਵਿਚ ਦਿਲਚਸਪੀ ਨੂੰ ਜਗਾਵੇਗੀ ਅਤੇ ਇਹ ਦਿਲਚਸਪੀ ਮਿਲਵਰਤਣ ਦੀ ਭਾਵਨਾ ਉਪਜਾਵੇਗੀ।

ਮਿਲਵਰਤਣ ਅਜੋਕੇ ਮਨੁੱਖ ਦੀ ਮਜਬੂਰੀ ਹੀ ਨਹੀਂ, ਲੋੜ ਵੀ ਹੈ।

ਮਿਲਵਰਤਣ ਦੀ ਭਾਵਨਾ ਤੋਂ ਬਿਨਾਂ ਟੱਬਰ ਜਾਂ ਖ਼ਾਨਦਾਨ ਹੀ ਨਹੀਂ, ਦੇਸ਼ ਅਤੇ ਕੌਮਾਂ ਵੀ ਮਿੱਟ ਜਾਂਦੀਆਂ ਹਨ। ਉਪਰੋਕਤ ਭਾਵਨਾਵਾਂ ਸਾਡੇ ਵਿਚ ਸੇਵਾ, ਤਿਆਗ ਅਤੇ ਸਵੈ-ਕਾਬੂ ਦੇ ਗੁਣ ਉਸਾਰਦੀਆਂ ਹਨ।

ਵੇਖਿਆ ਗਿਆ ਹੈ ਕਿ ਸੰਕਟ ਵਿਚ ਸਾਨੂੰ ਉਤਨੀ ਮਦਦ ਦੀ ਲੋੜ ਨਹੀਂ ਹੁੰਦੀ, ਜਿਤਨੀ ਹਿੰਮਤ, ਹੌਸਲੇ ਅਤੇ ਉੱਦਮ ਦੀ ਲੋੜ ਹੁੰਦੀ ਹੈ।

ਮੁਸ਼ਕਿਲਾਂ ਨੇ ਆਪਣੇ ਨੇਮ ਨਾਲ ਸਾਡੇ ਜੀਵਨ ਵਿਚ ਆਉਂਦੇ ਰਹਿਣਾ ਹੁੰਦਾ ਹੈ ਪਰ ਜੇ ਅਸੀਂ ਤਿਆਰ ਹੋਵਾਂਗੇ ਤਾਂ ਮੁਸ਼ਕਿਲਾਂ ਵੀ ਮੌਕੇ ਬਣ ਜਾਣਗੀਆਂ।

ਜਦੋਂ ਕਿਸੇ ਨੂੰ ਪੁੱਛਿਆ ਗਿਆ ਕਿ ਜੀਵਨ ਦੀਆਂ ਮੁਸ਼ਕਲਾਂ ਨੇ ਤੈਨੂੰ ਕੀ ਸਿਖਾਇਆ ਹੈ, ਤਾਂ ਉੱਤਰ ਮਿਲਿਆ: ਵਡੇਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ।

ਭਵਿੱਖ ਜਦੋਂ ਵੀ ਸਾਡੇ ਤਕ ਅੱਪੜਦਾ ਹੈ, ਵਰਤਮਾਨ ਬਣ ਕੇ ਹੀ ਅੱਪੜਦਾ ਹੈ।

ਭਵਿੱਖ ਦੀ ਤਿਆਰੀ ਵਰਤਮਾਨ ਵਿਚ ਹੀ ਪਰਖੀ ਜਾਵੇਗੀ।

ਸੋ ਚੰਗੇਰੇ ਭਵਿੱਖ ਦੀ ਆਸ-ਉਮੀਦ ਵੀ ਉੱਦਮ ਦਾ ਇਕ ਪੱਖ ਹੈ।

ਕਲਪਨਾ ਸਾਡੇ ਮਨ ਦਾ ਪਤੰਗ ਹੁੰਦੀ ਹੈ। ਸਾਧਾਰਣ ਵਿਚੋਂ ਅਸਾਧਾਰਣਤਾ ਨੂੰ ਉਜਾਗਰ ਕਰਨਾ ਕਲਪਨਾ ਹੈ। ਵਿਚਾਰ ਕਿਸੇ ਇਕ ਵਿਅਕਤੀ ਨਾਲ ਸਬੰਧਤ ਹੁੰਦਾ ਹੈ ਜਦੋਂ ਕਿ ਕਲਪਨਾ ਮਾਨਵ-ਜਾਤੀ ਦਾ ਸਾਂਝਾ ਉਪਰਾਲਾ ਹੁੰਦੀ ਹੈ। ਕਲਪਨਾ, ਦੁਨੀਆਂ ਉਤੇ ਸਾਡੀ ਨਿਰਭਰਤਾ ਨੂੰ ਘਟਾਉਂਦੀ ਹੈ। ਇਹ ਜ਼ਰੂਰੀ ਹੈ, ਕਿਉਂਕਿ ਕਿਸੇ ਵੀ ਖੇਤਰ ਵਿਚ ਦੂਜਿਆਂ ਉਤੇ ਨਿਰਭਰ ਰਹਿ ਕੇ ਪ੍ਰਸੰਨ ਨਹੀਂ ਹੋਇਆ ਜਾ ਸਕਦਾ।

ਬਾਤਾਂ ਦੇ ਖਜ਼ਾਨਚੀ ਅਮੀਰ ਨਹੀਂ ਹੁੰਦੇ।

ਜੰਗਲ ਦੀ ਅੱਗ ਨੂੰ ਫੂਕਾਂ ਮਾਰ ਕੇ ਨਹੀਂ ਬੁਝਾਇਆ ਜਾ ਸਕਦਾ।

ਸਾਡੀਆਂ ਬੀਮਾਰੀਆਂ ਅਤੇ ਸਾਡੀਆਂ ਗਰੀਬੀਆਂ ਦਾ ਇਲਾਜ ਸਾਡਾ ਉੱਦਮ ਹੀ ਹੋ ਸਕਦਾ ਹੈ। ਕਲਪਨਾ ਮਨੁੱਖ ਦੀ ਯੋਗਤਾ ਹੈ।

ਅਗਲੇਰਾ ਵਿਕਾਸ ਤਾਂ ਹੀ ਸੰਭਵ ਹੋਵੇਗਾ ਜਦੋਂ ਨਿਰੰਤਰ ਜੱਦੋ-ਜਹਿਦ ਕਰਨ ਵਾਲੀ ਇਕ ਪੀੜ੍ਹੀ ਨੀਹਾਂ ਵਿਚ ਲਗ ਜਾਵੇਗੀ।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਉੱਦਮ ਦਾ ਕੋਈ ਮੌਸਮ ਨਹੀਂ ਹੁੰਦਾ। ਉੱਦਮ ਦਾ ਨਾ ਆਦਿ ਹੁੰਦਾ ਹੈ ਅਤੇ ਨਾ ਹੀ ਅੰਤ। ਇਹ ਸਾਡੇ ਮਨ ਦੀ ਅਵਸਥਾ ਹੈ।

ਜਿਵੇਂ ਕਿਹਾ ਗਿਆ ਹੈ ਕਿ ਸੂਰਜ ਉੱਦਮ ਦਾ ਪ੍ਰਤੀਕ ਹੈ। ਸੂਰਜ ਸਦੀਵੀ ਹੈ। ਹਰ ਸਮੇਂ ਦੁਨੀਆਂ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਸਵੇਰ ਹੋ ਰਹੀ ਹੁੰਦੀ ਹੈ, ਕਿਸੇ ਨਾ ਕਿਸੇ ਹਿੱਸੇ ਵਿਚ ਤ੍ਰੇਲ ਦੇ ਮੋਤੀ ਬਣ ਰਹੇ ਹੁੰਦੇ ਹਨ। ਪਲ-ਪਲ ਬਦਲਣਾ ਵਿਕਾਸਮਈ ਕੁਦਰਤ ਦਾ ਸਦੀਵੀ ਨੇਮ ਹੈ। ਕੁਦਰਤ ਵਿਚ ਸਭ ਕੁਝ ਸਹਿਜ-ਸੁਭਾਵਿਕ ਵਾਪਰ ਰਿਹਾ ਹੈ। ਸਾਡੇ ਜੀਵਨ ਵਿਚ ਵੀ ਇਵੇਂ ਹੀ ਹੁੰਦਾ ਹੈ।

ਝਾਤ ਮਾਰ ਕੇ ਵੇਖੋ ਤੁਹਾਡੇ ਆਲੇ-ਦੁਆਲੇ ਕਈ ਉੱਦਮੀ ਵਿਅਕਤੀ ਹੋਣਗੇ ਜਿਹੜੇ ਇਹ ਸਾਬਤ ਕਰਦੇ ਰਹਿੰਦੇ ਹਨ ਕਿ ਪੁਨਰ-ਵਿਉਂਤ ਨਾਲ ਅਸੀਂ ਨਵੀਆਂ ਸਥਿਤੀਆਂ ਨਾਲ ਬਰ ਮੇਚ ਸਕਦੇ ਹਾਂ।

ਹਮਦਰਦੀ ਉੱਦਮ ਦੀ ਇਕ ਕਿਸਮ ਹੈ। ਹਮਦਰਦੀ ਪਿਆਰ ਵਿਚੋਂ ਜਨਮਦੀ ਹੈ, ਜਿਸ ਨਾਲ ਅਸੀਂ ਦੂਜੇ ਦਾ ਉਤਨਾ ਦੁੱਖ-ਦਰਦ ਚੁੱਕ ਲੈਂਦੇ ਹਾਂ ਕਿ ਬਾਕੀ ਦਾ ਚੁੱਕਣ ਵਿਚ ਉਹ ਸੌਖ ਅਨੁਭਵ ਕਰਦਾ ਹੈ।

ਉੱਦਮ ਦੂਜਿਆਂ ਨੂੰ ਪਿੱਛੇ ਛੱਡ ਜਾਣ ਦਾ ਅਮਲ ਨਹੀਂ ਹੁੰਦਾ, ਇਹ ਪਿੱਛੇ ਰਹਿ ਗਿਆਂ ਨੂੰ ਨਾਲ ਰਲਾਉਣ ਦੀ ਅਮੀਰੀ ਹੁੰਦੀ ਹੈ।

ਇਹ ਪ੍ਰੇਮਿਕਾ ਨੂੰ ਬਦਨਾਮ ਕਰਨ ਦੀ ਨੀਚਤਾ ਨਹੀਂ ਹੁੰਦੀ, ਇਹ ਬਦਨਾਮ ਇਸਤਰੀ ਨੂੰ ਪ੍ਰੇਮਿਕਾ ਬਣਾਉਣ ਦੀ ਦਲੇਰੀ ਹੁੰਦੀ ਹੈ।

ਕਈ ਲੋਕ ਇਹ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਨੂੰ ਉੱਦਮ ਵਿਖਾਉਣ ਦਾ ਅਵਸਰ ਨਹੀਂ ਮਿਲਦਾ। ਤੁਸੀਂ ਆਪਣੇ ਵਰਤਮਾਨ ਦੀਆਂ ਪਰਿਸਥਿਤੀਆਂ ਬਾਰੇ ਸੋਚੋ ਤੁਹਾਨੂੰ ਸਪਸ਼ਟ ਵਿਖਾਈ ਦੇਵੇਗਾ ਕਿ ਹਰ ਕਿਸੇ ਕੋਲ ਬਹੁਤ ਕੁਝ ਹੈ। ਕਈਆਂ ਦੇ ਦਿਲ ਟੁੱਟੇ ਹੋਏ ਹਨ ਪਰ ਟੁੱਟੇ ਹੋਏ ਦਿਲਾਂ ਨੂੰ ਵੀ ਜੋੜਨ ਅਤੇ ਸਾਂਭ ਕੇ ਰੱਖਣ ਦੀ ਲੋੜ ਹੈ।

ਤੁਹਾਡੀ ਹਾਲਤ ਮੰਗਤਿਆਂ ਨਾਲੋਂ ਤਾਂ ਮਾੜੀ ਨਹੀਂ? ਮੰਗਤਿਆਂ ਨੇ ਉੱਦਮ ਨਾਲ ਸਿੱਖ ਲਿਆ ਹੁੰਦਾ ਹੈ ਕਿ ਕਿੱਥੋਂ ਕਿੰਨਾ ਮਿਲਦਾ ਹੈ।

ਵੇਖਿਆ ਗਿਆ ਹੈ ਕਿ ਜਦੋਂ ਬੰਦਾ ਥੱਕ ਜਾਂਦਾ ਹੈ ਤਾਂ ਉਹ ਉਖੜ ਜਾਂਦਾ ਹੈ।

ਬੰਦਾ ਥੱਕਦਾ ਹੀ ਉਦੋਂ ਹੈ ਜਦੋਂ ਉਸ ਕੋਲ ਨਵੇਂ ਵਿਚਾਰ, ਨਵੇਂ ਆਦਰਸ਼ ਅਤੇ ਨਵੇਂ ਉਤਸ਼ਾਹ ਨਹੀਂ ਹੁੰਦੇ।

ਥੱਕਿਆ ਹੋਇਆ ਵਿਅਕਤੀ ਦੂਜਿਆਂ ਵਿਚ ਦੋਸ਼ ਕੱਢਣ ਲਗ ਪੈਂਦਾ ਹੈ।

ਦੋਸ਼ ਕੱਢਣ ਦੀ ਇਹ ਆਦਤ, ਉਸ ਵਿਚਲੀ ਅਸਹਿਣਸ਼ੀਲਤਾ, ਨਵੀਨਤਾ ਦੀ ਘਾਟ ਅਤੇ ਉੱਦਮ ਦੀ ਅਣਹੋਂਦ ਦਾ ਪ੍ਰਮਾਣ ਹੁੰਦੀ ਹੈ।

ਨਵੀਨ ਹੋਣਾ ਕੋਈ ਸੌਖਾ ਉੱਦਮ ਨਹੀਂ, ਨਵੀਆਂ ਪੁਸਤਕਾਂ ਪੜ੍ਹਨਾ ਵੀ ਸੌਖਾ ਉੱਦਮ ਨਹੀਂ, ਕੰਮ ਕਰਨ ਦੇ ਨਵੇਂ ਢੰਗ ਤਰੀਕੇ ਲੱਭਣਾ ਵੀ ਸੌਖਾ ਨਹੀਂ ਹੁੰਦਾ ਪਰ ਨਵੀਨਤਾ ਦੇ ਰਾਹ ਪਏ ਬਿਨਾਂ ਅਗਲੇਰੀਆਂ ਪ੍ਰਾਪਤੀਆਂ ਸੰਭਵ ਨਹੀਂ ਹੋ ਸਕਦੀਆਂ।

ਨਵੀਆਂ ਮੁਸ਼ਕਿਲਾਂ, ਮੁਸੀਬਤਾਂ ਅਤੇ ਸਮੱਸਿਆਵਾਂ, ਨਵੇਂ ਵਿਚਾਰਾਂ ਅਤੇ ਨਵੇਂ ਉੱਦਮਾਂ ਨਾਲ ਹੀ ਹੱਲ ਹੋਣਗੀਆਂ।

ਖਾਈ ਕਿਸੇ ਵੀ ਪ੍ਰਕਾਰ ਦੀ ਹੋਵੇ, ਉਸ ਨੂੰ ਟੱਪਣ ਅਤੇ ਉਸ ਤੋਂ ਪਾਰ ਜਾਣ ਲਈ ਉੱਦਮ ਦੀ ਲੋੜ ਹੁੰਦੀ ਹੈ।

ਅਨੇਕਾਂ ਲੋਕਾਂ ਵਿਚ ਸੰਗੀਤਕਾਰ ਜਾਂ ਚਿੱਤਰਕਾਰ ਬਣਨ ਦੀ ਲੋਚਾ ਤਾਂ ਹੁੰਦੀ ਹੈ ਪਰ ਢੁੱਕਵਾਂ ਉੱਦਮ ਨਹੀਂ ਹੁੰਦਾ। ਅਜਿਹੇ ਲੋਕ ਆਰੰਭ ਤਾਂ ਕਈ ਕਾਰਜ ਕਰਦੇ ਹਨ ਪਰ ਨੇਪਰੇ ਕਿਸੇ ਵੀ ਕਾਰਜ ਨੂੰ ਨਹੀਂ ਚਾੜ੍ਹਦੇ।

ਭੂਚਾਲ, ਅਕਾਲ, ਹੜ੍ਹ ਅਤੇ ਤੂਫ਼ਾਨ ਦਾ ਸਾਹਮਣਾ ਅਰਦਾਸਾਂ ਨਾਲ ਨਹੀਂ, ਉੱਦਮ ਨਾਲ ਹੀ ਸੰਭਵ ਹੁੰਦਾ ਹੈ।

ਵਿਆਹ ਵੀ ਉੱਦਮ ਤੋਂ ਬਿਨਾਂ ਸਫ਼ਲ ਨਹੀਂ ਹੁੰਦੇ।

ਵੇਖਿਆ ਗਿਆ ਹੈ ਕਿ ਹਰ ਪ੍ਰਕਾਰ ਦੀ ਪ੍ਰਾਪਤੀ ਸੰਭਵ ਤਾਂ ਮਿਹਨਤ ਨਾਲ ਹੁੰਦੀ ਹੈ ਪਰ ਉਪਯੋਗੀ ਉੱਦਮ ਨਾਲ ਹੀ ਹੁੰਦੀ ਹੈ।

ਜਿਤਨੇ ਉਤਸ਼ਾਹ ਨਾਲ ਪਿਆਰ ਕੀਤਾ ਜਾਂਦਾ ਹੈ, ਉਤਨਾ ਹੀ ਉਸ ਦੀਆਂ ਯਾਦਾਂ ਦਾ ਨਿੱਘ ਵਧੇਰੇ ਹੁੰਦਾ ਹੈ।

ਭਾਵੇਂ ਤੁਹਾਡੀ ਪ੍ਰੇਮਿਕਾ ਕਿਸੇ ਹੋਰ ਨਾਲ ਵਿਆਹੀ ਜਾਵੇ ਪਰ ਉਸ ਦੀਆਂ ਯਾਦਾਂ ਦੀ ਦੌਲਤ ਤੁਹਾਡੇ ਕੋਲ ਹੀ ਹੋਵੇਗੀ, ਉਸ ਦੇ ਪਤੀ ਕੋਲ ਨਹੀਂ।

ਹਰ ਕਿਸੇ ਦੀ ਜ਼ਿੰਦਗੀ ਵਿਚ ਕਈ ਉੱਦਮੀ ਵਿਅਕਤੀ ਆਉਂਦੇ ਹਨ ਪਰ ਟੀਸੀ ਦਾ ਬੇਰ ਉਹੀ ਹੁੰਦਾ ਹੈ, ਜਿਸ ਦੇ ਜੀਵਨ ਨੇ ਸਾਡਾ ਆਪਣੇ ਆਪ ਵਿਚ ਵਿਸ਼ਵਾਸ ਡੂੰਘਾ ਅਤੇ ਵਿਸ਼ਾਲ ਕੀਤਾ ਹੁੰਦਾ ਹੈ ਅਤੇ ਸਾਨੂੰ ਉੱਦਮ ਦੀ ਜਾਗ ਲਾਈ ਹੁੰਦੀ ਹੈ। ਜਦੋਂ ਅਸੀਂ ਸਫ਼ਲਤਾ ਦੀ ਘੋੜੀ ਚੜ੍ਹਦੇ ਹਾਂ ਤਾਂ ਅਸੀਂ ਉਸ ਮਾਰਗ-ਦਰਸ਼ਕ, ਉੱਦਮੀ ਵਿਅਕਤੀ ਦਾ ਅਤਾ-ਪਤਾ ਪੁੱਛਦੇ ਹਾਂ ਤਾਂ ਕਿ ਉਸ ਦੀ ਦਹਿਲੀਜ਼ 'ਤੇ ਆਪਣੀ ਕਲਗੀ ਸਜਾ ਸਕੀਏ।

ਆਤਮ-ਵਿਸ਼ਵਾਸ

ਜੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਮੀਂਹ ਪਵੇ, ਜ਼ਰੂਰ ਪਵੇਗਾ, ਮੀਂਹ ਦਾ ਪੈਣਾ ਤੁਹਾਡੀ ਵਿਸ਼ਵਾਸ-ਭਰੀ ਉਡੀਕ ਉਤੇ ਨਿਰਭਰ ਕਰਦਾ ਹੈ।

ਤੁਹਾਡੀ ਸੋਚ ਵਿਚੋਂ ਉਹੀ ਕੁਝ ਉਪਜੇਗਾ, ਜੋ ਕੁਝ ਤੁਸੀਂ ਬੀਜੋਗੇ।

ਤੁਹਾਡੇ ਵਿਸ਼ਵਾਸ ਹੀ ਤੁਹਾਡੇ ਆਲੇ-ਦੁਆਲੇ ਦਾ ਵਾਤਾਵਰਣ ਸਿਰਜਦੇ ਹਨ।

ਜੀਵਨ ਅਤੇ ਸੰਸਾਰ ਦਾ ਸੋਹਣਾ ਹੋਣਾ ਤੁਹਾਡੇ ਵਿਸ਼ਵਾਸਾਂ ਉਤੇ, ਤੁਹਾਡੇ ਭਰੋਸੇ ਉਤੇ ਅਤੇ ਤੁਹਾਡੇ ਦ੍ਰਿਸ਼ਟੀਕੋਣ ਉੱਤੇ ਨਿਰਭਰ ਕਰਦਾ ਹੈ।

ਸਿਆਣਪ ਨਾਲੋਂ, ਦ੍ਰਿਸ਼ਟੀਕੋਣ ਵਧੇਰੇ ਮਹੱਤਵਪੂਰਨ ਹੁੰਦਾ ਹੈ।

ਜੇਲ੍ਹ ਦੀਆਂ ਸੀਖਾਂ ਪਿੱਛੇ ਖਲੋਤਿਆਂ, ਕੋਠੜੀ ਦੀ ਛੱਤ ਜਾਂ ਅਸਮਾਨ ਦੋਵੇਂ ਵੇਖੇ ਜਾ ਸਕਦੇ ਹਨ। ਇਹ ਤੁਹਾਡੇ ਦ੍ਰਿਸ਼ਟੀਕੋਣ ਉਤੇ ਨਿਰਭਰ ਕਰਦਾ ਹੈ ਕਿ ਤੁਸੀਂ ਛੱਤ ਵੇਖਦੇ ਹੋ ਜਾਂ ਅਸਮਾਨ।

ਸਾਡਾ ਜੀਵਨ ਸਾਡੇ ਦ੍ਰਿਸ਼ਟੀਕੋਣ ਦਾ ਹੀ ਪ੍ਰਕਾਸ਼ ਹੈ।

ਆਪਣੇ ਦ੍ਰਿਸ਼ਟੀਕੋਣ ਨੂੰ ਬਦਲ ਕੇ ਅਸੀਂ ਯਥਾਰਥ ਦਾ ਰੂਪ ਬਦਲ ਸਕਦੇ ਹਾਂ, ਹਨੇਰੇ ਨੂੰ ਪ੍ਰਕਾਸ਼ ਵਿਚ ਬਦਲ ਸਕਦੇ ਹਾਂ।

ਲੋਕਾਂ ਵਿਚ ਅੰਤਰ ਉਨ੍ਹਾਂ ਦੇ ਵਿਸ਼ਵਾਸਾਂ ਕਾਰਨ ਹੀ ਹੁੰਦਾ ਹੈ। ਇਹ ਅੰਤਰ ਬਹੁਤ ਥੋੜ੍ਹਾ ਹੀ ਹੁੰਦਾ ਹੈ ਪਰ ਵੱਡੀ ਗੱਲ ਇਹ ਹੁੰਦੀ ਹੈ ਕਿ ਕਿਸੇ ਦੇ ਵਿਸ਼ਵਾਸ ਹਾਂ-ਪੱਖੀ ਹਨ ਜਾਂ ਨਾਂਹ-ਪੱਖੀ। ਬਾਕੀ ਸਭ ਅੰਤਰ ਇਸ ਮੁੱਖ ਅੰਤਰ ਦੇ ਅਧੀਨ ਵਿਚਰਦੇ ਹਨ।

ਆਪਣੇ ਵਿਸ਼ਵਾਸਾਂ ਅਤੇ ਆਦਰਸ਼ਾਂ ਨੂੰ ਤਿਆਗਣ ਕਾਰਨ ਹੀ ਮਨੁੱਖ ਆਤਮ-ਵਿਸ਼ਵਾਸ ਵਿਹੂਣਾ ਹੋਣ ਕਾਰਨ ਬੁੱਢਾ ਹੁੰਦਾ ਹੈ।

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਅਸੀਂ ਉਤਨਾ ਹੀ ਖੁਸ਼ ਹੋ ਸਕਦੇ ਹਾਂ, ਜਿਤਨਾ ਖੁਸ਼ ਹੋਣ ਦੀ ਸਾਡੇ ਵਿਚ ਹਿੰਮਤ ਹੈ, ਯੋਗਤਾ ਹੈ, ਸਮਰੱਥਾ ਹੈ।

ਜ਼ਿੰਦਗੀ ਨੂੰ ਚਿੰਤਾਵਾਂ ਅਤੇ ਫਿਕਰਾਂ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ, ਜ਼ਿੰਦਗੀ ਬੀਮਾਰੀਆਂ ਦੇ ਲੇਖੇ ਨਹੀਂ ਲਾਈ ਜਾ ਸਕਦੀ।

· ਉਤਸ਼ਾਹ ਨਾਲ ਹਾਰ ਨੂੰ ਜਿੱਤ ਵਿਚ ਬਦਲਿਆ ਜਾ ਸਕਦਾ ਹੈ।

ਜੇ ਤੁਸੀਂ ਬੀਮਾਰ ਹੋ ਤਾਂ ਆਪਣੇ ਠੀਕ ਹੋਣ ਦੀ ਇਕ ਤਾਰੀਖ ਮਿੱਥ ਲਵੋ ਅਤੇ ਉਸ ਉਪਰੰਤ ਬੀਮਾਰ ਹੋਣ ਤੋਂ ਇਨਕਾਰ ਕਰ ਦੇਵੋ। ਇਵੇਂ ਕਰ ਕੇ ਤਾਂ ਵੇਖੋ!

ਅਤੀਤ ਦੇ ਕਾਲੇ ਪਰਛਾਵਿਆਂ ਨਾਲ ਭਵਿੱਖ ਦਾ ਸੂਰਜ ਨਹੀਂ ਵੇਖਿਆ ਜਾ ਸਕਦਾ। ਭੁੱਲਣਾ ਨਹੀਂ ਚਾਹੀਦਾ ਕਿ ਸਾਡੇ ਕੱਲ੍ਹ ਦੀ ਨੁਹਾਰ ਸਾਡੇ ਅਜੋਕੇ ਵਿਸ਼ਵਾਸਾਂ ਅਤੇ ਸ਼ੰਕਿਆਂ ਉਤੇ ਨਿਰਭਰ ਕਰਦੀ ਹੈ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਫਲਤਾ, ਖ਼ੁਸ਼ੀ ਅਤੇ ਸੰਤੋਖ, ਕਿਸੇ ਮੰਜ਼ਲ ਦਾ ਨਾਂ ਨਹੀਂ, ਇਹ ਯਾਤਰਾ ਦੇ ਢੰਗ ਹਨ।

ਉਸਾਰੂ ਦ੍ਰਿਸ਼ਟੀਕੋਣ ਨਾਲ ਹੀ ਉਸਾਰੂ ਸੋਚ ਉਪਜਦੀ ਹੈ।

ਉਸਾਰੀ ਕੋਈ ਹੋਵੇ, ਉਹ ਉਸਾਰੂ ਸੋਚ ਨਾਲ ਹੀ ਸੰਭਵ ਹੁੰਦੀ ਹੈ।

ਨਿਰਸੰਦੇਹ ਜੀਵਨ ਸੰਕਟਾਂ ਅਤੇ ਦੁਚਿਤੀਆਂ ਕਾਰਨ ਉਧੜਿਆ ਹੋਇਆ ਹੈ, ਫਿਕਰਾਂ ਵਿਚ ਘਿਰਿਆ ਹੋਇਆ ਹੈ ਪਰ ਸਾਡਾ ਅਨੁਭਵ ਦੱਸਦਾ ਹੈ ਕਿ ਚਿੰਤਾਵਾਂ ਅਤੇ ਦੁਚਿੱਤੀਆਂ ਕਲਪਨਾ ਦੀ ਦੁਰਵਰਤੋਂ ਵਿਚੋਂ ਜਨਮਦੀਆਂ ਹਨ। ਇਹ ਸਵੈ-ਭਰੋਸੇ ਦੀ ਅਣਹੋਂਦ ਦੀਆਂ ਅਲਾਮਤਾਂ ਹਨ।

ਉਸਾਰੂ ਸੋਚ ਵਾਲਾ ਇਕ ਵਿਅਕਤੀ ਵੀ ਬਹੁਗਿਣਤੀ ਹੁੰਦਾ ਹੈ।

ਤੁਹਾਡੀ ਅਕਲ ਨਹੀਂ, ਤੁਹਾਡੇ ਵਿਸ਼ਵਾਸ ਤੁਹਾਡੇ ਜੀਵਨ ਦੀ ਹੱਦ ਮਿੱਥਦੇ ਹਨ। ਆਪਣੀ ਸੋਚ ਅਤੇ ਆਪਣੇ ਵਿਸ਼ਵਾਸਾਂ ਨੂੰ ਨਿਰਧਾਰਿਤ ਕਰਨ ਵਾਲੇ ਤੁਸੀਂ ਆਪ ਹੀ ਹੋ। ਨਿਰਸੰਦੇਹ ਕਈ ਸਥਿਤੀਆਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਵਿਚ ਕੋਈ ਵੀ ਫੈਸਲਾ ਪੂਰੀ ਤਰ੍ਹਾਂ ਸੰਤੋਖਜਨਕ ਨਹੀਂ ਹੁੰਦਾ ਪਰ ਇਸ ਦਾ ਅਰਥ ਇਹ ਨਹੀਂ ਕਿ ਕੋਈ ਫੈਸਲਾ ਕੀਤਾ ਹੀ ਨਾ ਜਾਵੇ।

ਜੀਵਨ ਵਿਚ ਬਹੁਤ ਕੁਝ ਹੈ ਜੋ ਅਸੰਭਵ ਹੁੰਦਾ ਹੈ ਪਰ ਜੋ ਕੁਝ ਸੰਭਵ ਹੁੰਦਾ ਹੈ, ਉਹ ਕਿਹੜੇ ਪਾਸਿਓਂ ਘੱਟ ਹੁੰਦਾ ਹੈ ?

ਰੱਬ ਵੀ ਹਨੇਰੇ ਨੂੰ ਸੂਰਜ ਸਾਹਮਣੇ ਨਹੀਂ ਲਿਆ ਸਕਦਾ।

ਰੱਬ ਦੀਆਂ ਵੀ ਸੀਮਾਵਾਂ ਹਨ, ਮਨੁੱਖ ਦੀਆਂ ਕਿਉਂ ਨਾ ਹੋਣ। ਲੋੜ ਤਾਂ ਸੀਮਾਵਾਂ ਦੇ ਅੰਦਰ ਛੁਪੀਆਂ ਹੋਈਆਂ ਸੰਭਾਵਨਾਵਾਂ ਨੂੰ ਵੇਖਣ ਦੀ ਹੈ।

ਹੌਸਲੇ ਬਿਨਾਂ ਧਾਰਮਿਕ ਹੋਣਾ ਸੰਭਵ ਨਹੀਂ ਹੁੰਦਾ।

ਮਾਪਿਆਂ ਦਾ ਸਤਿਕਾਰ ਕਰਨ ਵਾਸਤੇ ਬੜੇ ਹੌਸਲੇ ਦੀ ਲੋੜ ਹੁੰਦੀ ਹੈ। ਜੋ ਆਪਣੇ ਮਾਪਿਆਂ ਦੇ ਵਿਰੁੱਧ ਹੁੰਦੇ ਹਨ, ਉਹ ਉਚੀਆਂ ਸੋਚਾਂ ਦੇ ਪੱਖ ਵਿਚ ਨਹੀਂ ਹੋ ਸਕਦੇ। ਉਹ ਜ਼ਿੰਦਗੀ ਵੱਲ ਮੁਸਕਰਾ ਕੇ ਨਹੀਂ ਵੇਖ ਸਕਦੇ, ਉਹ ਜ਼ਿੰਦਗੀ ਨਾਲ ਸਿਰ ਉੱਚਾ ਕਰਕੇ ਹੱਥ ਨਹੀਂ ਮਿਲਾ ਸਕਦੇ, ਅਜਿਹੇ ਲੋਕਾਂ ਦਾ ਕੋਈ ਧਰਮ ਨਹੀਂ ਹੁੰਦਾ।

ਜੇ ਤੁਸੀਂ ਆਪ ਈਮਾਨਦਾਰ ਬਣ ਜਾਵੋ ਤਾਂ ਦੁਨੀਆਂ ਵਿਚੋਂ ਇਕ ਬੇਈਮਾਨ ਘਟ ਜਾਵੇਗਾ। ਇਹ ਤੁਹਾਡੀ ਇਕ ਮਹਾਨ ਪ੍ਰਾਪਤੀ ਹੋਵੇਗੀ।

ਹਰ ਕਿਸੇ ਦੀ ਸ਼ਿਕਾਇਤ ਹੈ ਕਿ ਉਸ ਦੀ ਯੋਗਤਾ ਦਾ ਮੁੱਲ ਨਹੀਂ ਪਿਆ।

ਤੁਸੀਂ ਆਪਣਾ ਮੁੱਲ ਪੁਆਉਣਾ ਕਿਸ ਤੋਂ ਚਾਹੁੰਦੇ ਹੋ ? ਜਿਨ੍ਹਾਂ ਤੋਂ ਤੁਸੀਂ ਆਪਣਾ ਮੁੱਲ ਪੁਆਉਣਾ ਚਾਹੁੰਦੇ ਹੋ, ਉਨ੍ਹਾਂ ਦਾ ਤੁਸੀਂ ਕੀ ਮੁੱਲ ਪਾ ਰਹੇ ਹੋ ?

ਹਰ ਕਿਸੇ ਦੀ ਸ਼ਿਕਾਇਤ ਹੈ ਕਿ ਉਹ ਵਕਤ ਤੋਂ ਪਹਿਲਾਂ ਹੀ ਬੁੱਢਾ ਹੋ ਗਿਆ ਹੈ। ਦੱਸੋ ਤਾਂ ਸਹੀ, ਬੁੱਢੇ ਹੋਣ ਦਾ ਠੀਕ ਵਕਤ ਕਿਹੜਾ ਹੈ?

ਹਰ ਕੋਈ ਕਹਿ ਰਿਹਾ ਹੈ ਕਿ ਧਨ ਦੀ ਕਾਣੀ ਵੰਡ ਹੋਈ ਹੈ। ਧਨ ਦੀ ਠੀਕ ਵੰਡ ਕਿਹੜੀ ਹੈ? ਜੇ ਦੇਸ਼ ਦੀ ਸਾਰੀ ਦੌਲਤ ਸਭ ਵਿਚ ਬਰਾਬਰ ਵੰਡ ਦਿੱਤੀ ਜਾਵੇ ਤਾਂ ਹਿਸਾਬ ਲਾਓ, ਹਰ ਕਿਸੇ ਦੇ ਹਿੱਸੇ ਕਿਤਨਾ ਧਨ ਆਵੇਗਾ?

ਜਦੋਂ ਸਭ ਕੋਲ ਬਰਾਬਰ ਧਨ ਆ ਜਾਵੇਗਾ ਤਾਂ ਕੰਮ ਕੌਣ ਕਰੇਗਾ, ਕਿਉਂ ਕਰੇਗਾ? ਕੁਝ ਘੰਟਿਆਂ ਵਿਚ ਹੀ ਸਥਿਤੀ ਪਹਿਲੇ ਵਾਲੀ ਕਿਉਂ ਨਹੀਂ ਹੋ ਜਾਵੇਗੀ?

ਮਸਖਰੇ ਅੰਦਰੋਂ ਬੜੇ ਉਦਾਸ ਹੁੰਦੇ ਹਨ। ਵਾਸਤਵ ਵਿਚ ਉਹ ਇਸ ਲਈ ਹੱਸਦੇ ਰਹਿੰਦੇ ਹਨ ਕਿ ਕਿਧਰੇ ਉਨ੍ਹਾਂ ਦਾ ਰੋਣ ਨਾ ਨਿਕਲ ਜਾਵੇ।

ਜੀਵਨ ਜਿਊਣ ਦਾ ਇਹ ਵੀ ਇਕ ਢੰਗ ਹੈ।

ਜਦੋਂ ਤੁਸੀਂ ਉਦਾਸ ਹੋ ਜਾਵੋ ਤਾਂ ਕਿਸੇ ਹਸਪਤਾਲ ਦਾ ਇਕ ਫੇਰਾ ਮਾਰੋ, ਤੁਹਾਡੇ ਮਨ ਦੀ ਹਾਲਤ ਬਦਲ ਜਾਵੇਗੀ।

ਕੋਈ ਵੀ ਸਥਿਤੀ ਮਹੱਤਵਪੂਰਨ ਨਹੀਂ ਹੁੰਦੀ, ਉਸ ਪ੍ਰਤੀ ਤੁਹਾਡਾ ਦ੍ਰਿਸ਼ਟੀਕੋਣ ਮਹੱਤਵਪੂਰਨ ਹੁੰਦਾ ਹੈ।

ਸਥਿਤੀਆਂ ਉਤੇ ਸਾਡਾ ਕਾਬੂ ਨਹੀਂ ਹੁੰਦਾ ਪਰ ਉਨ੍ਹਾਂ ਵੱਲ ਦ੍ਰਿਸ਼ਟੀਕੋਣ ਉਤੇ ਸਾਡਾ ਕਾਬੂ ਹੁੰਦਾ ਹੈ। ਅਸੀਂ ਹਵਾ ਦਾ ਰੁਖ ਤਾਂ ਨਹੀਂ ਬਦਲ ਸਕਦੇ ਪਰ ਅਸੀਂ ਆਪਣੇ ਬਾਦਬਾਨਾਂ ਨੂੰ ਨਵੀਂ ਵਿਉਂਤ ਦੇ ਸਕਦੇ ਹਾਂ।

ਹਰ ਮੁਸ਼ਕਿਲ ਦੇ ਅੱਧ ਵਿਚ ਅਵਸਰ ਛੁਪਿਆ ਹੁੰਦਾ ਹੈ, ਹਰ ਮੁਸ਼ਕਿਲ ਦੇ ਅੱਧ ਤੋਂ ਅਵਸਰ ਸ਼ੁਰੂ ਹੁੰਦਾ ਹੈ।

ਅਜੋਕਾ ਯੁਗ ਉਦਾਸ ਅਤੇ ਮਾਯੂਸ ਹੋਣ ਦਾ ਯੁੱਗ ਨਹੀਂ।

ਚੰਗਾ ਬਣਨ ਦੀਆਂ, ਮਾਨਵ ਜਾਤੀ ਦੀ ਸੇਵਾ ਕਰਨ ਦੀਆਂ, ਜਿਤਨੀਆਂ ਸੰਭਾਵਨਾਵਾਂ ਅਜੋਕੇ ਯੁਗ ਵਿਚ ਹਨ, ਉਤਨੀਆਂ ਪਹਿਲੇ ਕਿਸੇ ਵੀ ਯੁੱਗ ਵਿਚ ਪ੍ਰਾਪਤ ਨਹੀਂ ਸਨ। ਨਿਰਸੰਦੇਹ ਮਨੁੱਖ ਵਿਚ ਜਿਤਨੀ ਗਿਰਾਵਟ ਅਜੋਕੇ ਯੁੱਗ ਵਿਚ ਦਿਖਾਈ ਦੇ ਰਹੀ ਹੈ, ਉਤਨੀ ਪਹਿਲੇ ਕਿਸੇ ਯੁੱਗ ਵਿਚ ਨਹੀਂ ਵੇਖੀ ਗਈ ਪਰ ਵੇਖਣਾ ਤਾਂ ਇਹ ਹੈ ਕਿ ਤੁਸੀਂ ਪਹਾੜ ਨੂੰ ਚੜ੍ਹਨ ਦੀ ਦ੍ਰਿਸ਼ਟੀ ਨਾਲ ਵੇਖਦੇ ਹੋ ਕਿ ਡਿਗਣ ਦੇ ਡਰ ਨਾਲ, ਤੁਸੀਂ ਸਮੁੰਦਰ ਨੂੰ ਤੈਰਨ ਦੀ ਸੰਭਾਵਨਾ ਨਾਲ ਵੇਖਦੇ ਹੋ ਜਾਂ ਡੁੱਬ ਜਾਣ ਦੀ ਚਿੰਤਾ ਨਾਲ, ਤੁਸੀਂ ਇਮਤਿਹਾਨ ਵਿਚ ਪਾਸ ਹੋਣ ਦੀ ਆਸ ਨਾਲ ਬੈਠਦੇ ਹੋ ਜਾਂ ਫੇਲ੍ਹ ਹੋਣ ਦੇ ਸੰਸੇ ਨਾਲ।

ਤੁਹਾਡੇ ਵਿਚ ਉਤਸ਼ਾਹ ਅਤੇ ਹੌਸਲਾ ਤੁਹਾਡੇ ਯਤਨਾਂ ਨਾਲ ਹੀ ਜਾਗੇਗਾ। ਖੁਸ਼ਹਾਲੀ ਵਾਂਗ ਉਤਸ਼ਾਹ ਵੀ ਮਨ ਦੀ ਇਕ ਅਵਸਥਾ ਹੁੰਦੀ ਹੈ। ਕੋਈ ਵੀ ਸਮੱਸਿਆ, ਉਸਾਰੂ ਸੋਚ ਸਾਹਮਣੇ, ਲੰਮੇ ਅਰਸੇ ਤਕ ਨਹੀਂ ਟਿਕ ਸਕਦੀ।

ਸਭ ਤੋਂ ਵੱਡੀ ਲੋੜ ਆਪਣੀ ਸੋਚ ਨੂੰ, ਆਪਣੇ ਦ੍ਰਿਸ਼ਟੀਕੋਣ ਨੂੰ, ਆਪਣੇ ਆਪ ਬਾਰੇ ਆਪਣੀ ਰਾਇ ਨੂੰ, ਬਦਲਣ ਦੀ ਹੁੰਦੀ ਹੈ।

ਦੁਨੀਆਂ ਉਸਾਰੂ ਸੋਚ ਲਈ ਤੜਪ ਰਹੀ ਹੈ।

ਮਨੁੱਖੀ ਮਨ ਵਿਚ ਉਪਜਣ ਵਾਲੀ ਹਰ ਕਲਪਨਾ ਸਾਕਾਰ ਕੀਤੀ ਜਾ ਸਕਦੀ ਹੈ ਪਰ ਜੇ ਸਾਡੇ ਹੱਥ ਸਾਡੀ ਕਲਪਨਾ ਦਾ ਸਾਥ ਦੇਣ। ਜਿਹੋ ਜਿਹੀਆਂ ਮਨੁੱਖਾਂ ਦੀਆਂ ਸੋਚਾਂ ਹੁੰਦੀਆਂ ਹਨ, ਜਿਹੋ ਜਿਹੇ ਉਨ੍ਹਾਂ ਦੇ ਯਤਨ ਹੁੰਦੇ ਹਨ, ਉਹੋ ਜਿਹੇ ਉਹ ਮਨੁੱਖ ਹੋ ਨਿਬੜਦੇ ਹਨ। ਹਰ ਕਿਸੇ ਦੀ ਜ਼ਿੰਦਗੀ ਵਿਚ ਅਕਸਰ ਕੁਝ ਅਜਿਹਾ ਵਾਪਰਦਾ ਹੈ ਕਿ ਜੀਵਨ ਦਾ ਰੰਗ-ਢੰਗ ਬਦਲ ਜਾਂਦਾ ਹੈ, ਜ਼ਿੰਦਗੀ ਇਕ ਮੋੜ ਕੱਟਦੀ ਹੈ, ਵਿਆਹ ਕਿਧਰੇ ਹੁੰਦਾ-ਹੁੰਦਾ ਕਿਧਰੇ ਹੋਰ ਹੋ ਜਾਂਦਾ ਹੈ, ਕੋਈ ਕੰਮ-ਧੰਦਾ ਲੱਭਦਿਆਂ-ਲੱਭਦਿਆਂ, ਮਨੁੱਖ ਕਿਸੇ ਹੋਰ ਹੀ ਖੇਤਰ ਵਿਚ ਜਾ ਪਹੁੰਚਦਾ ਹੈ। ਇਹ ਕੇਵਲ ਤੁਹਾਡੇ ਨਾਲ ਹੀ ਨਹੀਂ ਵਾਪਰਿਆ, ਹਰ ਕਿਸੇ ਨਾਲ ਵਾਪਰਦਾ ਹੈ।

ਜੇ ਤੁਸੀਂ ਕਿਸੇ ਦੀ ਮਦਦ ਉਡੀਕ ਰਹੇ ਹੋ ਜਾਂ ਜਿਹੜਾ ਵਿਅਕਤੀ ਤੁਹਾਡੀ ਮਦਦ ਕਰ ਸਕਦਾ ਹੈ ਤਾਂ ਉਸ ਵਿਅਕਤੀ ਦਾ ਮੈਂ ਤੁਹਾਨੂੰ ਪਤਾ ਦੱਸਦਾ ਹਾਂ। ਉਸ ਨੂੰ ਤੁਸੀ ਸੌਖਿਆਂ ਹੀ ਮਿਲ ਸਕਦੇ ਹੋ।

ਆਪਣੇ ਘਰ ਦੇ ਸ਼ੀਸ਼ੇ ਵਿਚ ਵੇਖਣਾ, ਉਥੇ ਤੁਹਾਨੂੰ ਉਹ ਵਿਖਾਈ ਦੇਵੇਗਾ। ਤੁਹਾਡੀ ਮਦਦ, ਤੁਹਾਡੇ ਵਲੋਂ ਸ਼ੀਸ਼ੇ ਸਾਹਮਣੇ ਖਲੋ ਕੇ ਵੇਖਿਆਂ, ਸ਼ੀਸ਼ੇ ਵਿਚੋਂ ਦਿਖਾਈ ਦਿੰਦਾ ਉਹ ਵਿਅਕਤੀ ਹੀ ਕਰ ਸਕਦਾ ਹੈ, ਉਹ ਹੀ ਕਰੇਗਾ, ਦੁਨੀਆਂ ਦਾ ਹੋਰ ਕੋਈ ਵਿਅਕਤੀ ਤੁਹਾਡੀ ਸੁਹਿਰਦ ਅਤੇ ਸੱਚੀ ਮਦਦ ਨਹੀਂ ਕਰ ਸਕਦਾ, ਤੁਹਾਡੀ ਸਫ਼ਲਤਾ ਵਿਚ ਕੇਵਲ ਉਸ ਨੂੰ ਕੁਝ ਦਿਲਚਸਪੀ ਹੈ, ਉਸ ਨੂੰ ਵੇਖੋ, ਉਸ ਵਿਚ ਜਿਹੜੀਆਂ ਘਾਟਾਂ ਤੁਹਾਨੂੰ ਵਿਖਾਈ ਦੇਣ, ਉਨ੍ਹਾਂ ਨੂੰ ਦੂਰ ਕਰੋ, ਤੁਹਾਡੇ ਵਿਚ ਸੁਧਾਰ ਵਾਪਰੇਗਾ।

ਸ਼ੀਸ਼ੇ ਵਿਚੋਂ ਦਿਖਾਈ ਦਿੰਦੇ ਉਸ ਵਿਅਕਤੀ ਵਿਚ ਦੂਜਿਆਂ ਬਾਰੇ, ਉਨ੍ਹਾਂ ਦੀਆਂ ਪਤਨੀਆਂ ਬਾਰੇ, ਗੈਰ-ਜ਼ਿੰਮੇਵਾਰ ਰਾਇ ਦੇਣ ਦੀ ਆਦਤ ਹੈ, ਉਸ ਨੂੰ ਕਹਿਣਾ ਇਹ ਆਦਤ ਤਿਆਗ ਦੇਵੇ, ਇਸ ਨਾਲ ਉਸ ਨੂੰ ਸ਼ਕਤੀ ਮਿਲੇਗੀ, ਉਸ ਦਾ ਆਤਮ-ਬਲ ਵਧੇਗਾ, ਉਸ ਦੀ ਆਪਣੇ ਆਪ ਬਾਰੇ ਰਾਇ ਚੰਗੀ ਹੋ ਜਾਵੇਗੀ।

ਉਸ ਦੀਆਂ ਗਲਤੀਆਂ ਨੂੰ ਮੁਆਫ਼ ਕਰ ਦੇਣਾ, ਤਾਂ ਕਿ ਉਹ ਜੀਵਨ ਦੇ ਸਫ਼ਰ ਨੂੰ ਨਵੇਂ ਸਿਰਿਓਂ ਸ਼ੁਰੂ ਕਰ ਸਕੇ। ਉਸ ਨੂੰ ਕਹਿਣਾ ਮੁਆਫ਼ ਕਰਨ ਦੀ ਦਲੇਰੀ ਉਪਜਾਵੇ, ਇਸ ਨਾਲ ਉਸ ਦੇ ਮਨ ਦੀ ਖੁਸ਼ਹਾਲੀ ਅਤੇ ਅਮੀਰੀ ਵਧੇਗੀ। ਉਸ ਨੂੰ ਦੱਸਣਾ ਕਿ ਉਹ ਕਿਸੇ ਉੱਚੇ ਨਿਸ਼ਾਨੇ ਨੂੰ ਅਪਣਾਵੇ ਜਿੱਥੇ ਸਫ਼ਲਤਾ ਅਤੇ ਅਸਫ਼ਲਤਾ ਵਿਚਕਾਰ ਭੇਦ ਮੁੱਕ ਜਾਂਦਾ ਹੈ। ਉਸ ਨੂੰ ਸਮਝਾਉਣਾ ਕਿ ਉਹ ਦਿਨ ਦੀ ਕੁੰਜੀ ਨਾਲ ਰਾਤ ਦੇ ਜਿੰਦਰੇ ਖੋਲ੍ਹੇ। ਉਸ ਨੂੰ ਕਹਿਣਾ ਕਿ ਉਹ ਗੁਰਦੁਆਰੇ ਵਿਚਲੀ ਅਰਦਾਸ ਵਾਂਗ ਹੋ ਨਿਬੜੇ, ਜਿਸ ਦਾ ਇਕ-ਇਕ ਅੱਖਰ ਪਹਿਲਾਂ ਜੀਵਿਆ ਗਿਆ ਹੈ। ਉਸ ਨੂੰ ਦੱਸਣਾ ਕਿ ਦੂਜਿਆਂ ਦੀ ਪੈੜ ਤੁਰਨ ਯੋਗ ਤਾਂ ਹੁੰਦੀ ਹੈ ਪਰ ਉਸ ਉਤੇ ਤੁਰ ਕੇ ਕਿਸੇ ਨਵੀਂ ਮੰਜ਼ਲ 'ਤੇ ਨਹੀਂ ਪਹੁੰਚਿਆ ਜਾ ਸਕਦਾ। ਉਸ ਨੂੰ ਸਮਝਾਉਣਾ ਕਿ ਕਿਸੇ ਦੀ ਬੁਰਾਈ ਪ੍ਰਸੰਨਤਾ ਨਾਲ ਨਾ ਸੁਣੇ ਅਤੇ ਸਿੱਧਾ ਤੁਰਨ ਵਾਲਿਆਂ ਨਾਲ ਟੇਢਾ ਨਾ ਤੁਰੇ। ਕਰਮ ਕਰਨ ਨਾਲ ਵੀ ਭਾਵੇਂ ਉਸ ਨੂੰ ਪ੍ਰਸੰਨਤਾ ਨਾ ਮਿਲੇ ਪਰ ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਰਮ ਤੋਂ ਬਿਨਾਂ ਪ੍ਰਸੰਨਤਾ ਦੇ ਕੋਈ ਅਰਥ ਨਹੀਂ ਹੁੰਦੇ।

ਛੋਟਾਪਣ ਅਤੇ ਅਧੂਰਾਪਣ ਆਧੁਨਿਕ ਯੁੱਗ ਦੇ ਰੋਗ ਹਨ।

ਜਿਸ ਵਿਚ ਇਹ ਰੋਗ ਹੋਵੇ, ਉਸ ਵਿਚ ਆਤਮ-ਬਲ ਨਹੀਂ ਉਪਜਦਾ।

ਵੱਡੇ ਜਹਾਜ਼ ਡੂੰਘੇ ਪਾਣੀਆਂ ਵਿਚ ਹੀ ਉਤਰਦੇ ਹਨ।

ਛੋਟੀਆਂ ਥਾਂਵਾਂ ਤੇ ਰਹਿਣ ਵਾਲੇ ਛੋਟੇ ਲੋਕਾਂ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਸੰਸਾਰ ਉਨ੍ਹਾਂ ਦੀ ਜਾਣਕਾਰੀ ਤੋਂ ਵੱਡਾ ਨਾ ਹੋਵੇ। ਉਹ ਨਹੀਂ ਜਾਣਦੇ ਕਿ ਜੋ ਹੋ ਰਿਹਾ ਹੈ, ਉਸ ਦਾ ਹੋਣਾ ਹੀ ਉਸ ਨੂੰ ਮੁੱਲਵਾਨ ਬਣਾ ਰਿਹਾ ਹੈ।

ਵੱਡੇ ਇਰਾਦਿਆਂ ਤੋਂ ਬਿਨਾਂ, ਵਿਸ਼ਾਲ ਦ੍ਰਿਸ਼ਟੀ ਤੋਂ ਬਿਨਾਂ, ਉਚੀਆਂ ਸੋਚਾਂ ਤੋਂ ਬਿਨਾਂ, ਨਾ ਵੱਡਾ ਹੋਇਆ ਜਾ ਸਕਦਾ ਹੈ, ਨਾ ਹੀ ਵਿਸ਼ਾਲ ਅਤੇ ਨਾ ਹੀ ਉੱਚਾ।

ਕੋਈ ਵੀ ਕੰਮ ਕਰਨ ਦਾ ਜਿਹੜਾ ਢੰਗ ਤੁਸੀਂ ਜਾਣਦੇ ਹੋ, ਉਸ ਨਾਲੋਂ ਚੰਗੇਰਾ ਢੰਗ ਵੀ ਹੋਵੇਗਾ, ਉਸ ਨੂੰ ਲੱਭੋ।

ਕਿਹਾ ਜਾਂਦਾ ਹੈ ਕਿ ਜਿਨ੍ਹਾਂ ਮੁਸੀਬਤਾਂ ਤੋਂ ਅਸੀਂ ਡਰਦੇ ਹਾਂ, ਉਹ ਮੁਸੀਬਤਾਂ ਘੱਟ ਹੀ ਵਾਪਰਦੀਆਂ ਹਨ। ਜੇ ਗਹੁ ਨਾਲ ਵੇਖੀਏ ਤਾਂ ਪਤਾ ਲਗੇਗਾ ਕਿ ਦੁਨੀਆਂ ਉਸਾਰੂ ਸੋਚ ਵਾਲੇ ਵਿਅਕਤੀਆਂ ਕਾਰਨ ਹੀ ਚੱਲ ਰਹੀ ਹੈ। ਉਤਸ਼ਾਹ ਦੀ ਵੀ ਲਾਗ ਲਗਦੀ ਹੈ। ਜਦੋਂ ਤੁਹਾਨੂੰ ਇਹ ਲਾਗ ਲਗ ਜਾਵੇ ਤਾਂ ਇਹ ਦੂਜਿਆਂ ਨੂੰ ਵੀ ਲਾਉਣੀ।

ਕੁਝ ਪੰਛੀਆਂ ਅਤੇ ਜਾਨਵਰਾਂ ਵਿਚ ਦੂਜਿਆਂ ਨਾਲੋਂ ਵਧੇਰੇ ਉਤਸ਼ਾਹ ਹੁੰਦਾ ਹੈ। ਧਿਆਨ ਨਾਲ ਵੇਖਣਾ ਕਿ ਵੱਗ ਵਿਚ ਅੱਗੇ ਰਹਿਣ ਵਾਲੀ ਮੱਝ ਜਾਂ ਗਊ ਹਰ ਰੋਜ਼ ਅੱਗੇ ਰਹੇਗੀ। ਜਿਨ੍ਹਾਂ ਨੇ ਕਬੂਤਰ ਜਾਂ ਹੋਰ ਪੰਛੀ ਪਾਲੇ ਹੁੰਦੇ ਹਨ, ਉਹ ਜਾਣਦੇ ਹੁੰਦੇ ਹਨ ਕਿ ਅੱਗੇ ਰਹਿਣ ਵਾਲਾ ਕਬੂਤਰ, ਹਰ ਉਡਾਣ ਵਿਚ ਅੱਗੇ ਹੀ ਰਹਿੰਦਾ ਹੈ।

ਤੁਹਾਡੇ ਮੂੰਹ ਦੇ ਕੋਨੇ ਦੱਸਣਗੇ ਕਿ ਤੁਸੀਂ ਪ੍ਰਸੰਨ ਹੋ ਜਾਂ ਉਦਾਸ।

ਸੁਹਾਵਣੇ ਦ੍ਰਿਸ਼ ਵੇਖਦਿਆਂ ਅਜੇ ਤਕ ਕਿਸੇ ਦੀਆਂ ਅੱਖਾਂ ਨਹੀਂ ਥੱਕੀਆਂ।

ਸੂਰਜ ਵੱਲ ਵੇਖਦਿਆਂ, ਸਾਨੂੰ ਪ੍ਰਛਾਵੇਂ ਨਹੀਂ ਦਿਸਦੇ।

ਤੁਹਾਡੇ ਸੁਪਨੇ ਤੁਹਾਡੀਆਂ ਸੰਭਾਵਨਾਵਾਂ ਹਨ, ਇਨ੍ਹਾਂ ਦਾ ਸੱਚ ਹੋਣਾ ਜਾਂ ਨਾ ਹੋਣਾ ਤੁਹਾਡੇ ਉਤੇ ਨਿਰਭਰ ਕਰਦਾ ਹੈ।

ਆਤਮ-ਵਿਸ਼ਵਾਸ ਲੰਮੀ ਉਡੀਕ ਅਤੇ ਅਭਿਆਸ ਦਾ ਸਿੱਟਾ ਹੁੰਦਾ ਹੈ।

ਸਫੈਦਿਆਂ ਨੂੰ ਬੀਜਣ ਵਾਲੇ ਟਾਹਲੀਆਂ ਦੀਆਂ ਆਸਾਂ ਨਾ ਲਾਉਣ।

ਉਡੀਕ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ, ਸਾਨੂੰ ਬਹੁਤ ਕੁਝ ਦਿੰਦੀ ਹੈ।

ਉਡੀਕ ਸਾਡਾ ਘਮੰਡ ਤੋੜਦੀ ਹੈ, ਇਹ ਉਮੀਦ ਦਾ ਰੁਮਾਂਸ ਸਿਰਜਦੀ ਹੈ, ਨਿਰਾਸ਼ਾ ਅਤੇ ਅਸਫਲਤਾ ਦਾ ਯਥਾਰਥ ਸਾਡੇ ਸਨਮੁੱਖ ਕਰਦੀ ਹੈ।

ਆਸ਼ਾ ਅਤੇ ਨਿਰਾਸ਼ਾ ਦੇ ਵਿਚਕਾਰ ਸੋਗ ਬੈਠਾ ਹੈ।

ਹਰ ਉਡੀਕ ਦੇ ਕੇਂਦਰ ਵਿਚ ਮਨੁੱਖ ਹੁੰਦਾ ਹੈ।

ਉਂਜ ਤਾਂ ਉਡੀਕ ਕਰਨੀ ਸੌਖੀ ਨਹੀਂ ਹੁੰਦੀ ਪਰ ਜੋ ਉਡੀਕ ਕਰਨੀ ਸਿਖ ਗਿਆ, ਉਸ ਲਈ ਕੁੱਝ ਵੀ ਔਖਾ ਨਹੀਂ ਹੁੰਦਾ।

ਉਡੀਕ ਦੀ ਸਮਰੱਥਾ ਤੋਂ ਬਿਨਾਂ ਪਿਆਰ ਦੀ ਸੰਭਾਵਨਾ ਉਜਾਗਰ ਨਹੀਂ ਹੁੰਦੀ।

ਉਡੀਕ ਸਾਨੂੰ ਦੂਜਿਆਂ ਦੀਆਂ ਘਾਟਾਂ ਨੂੰ ਸਵੀਕਾਰ ਕਰਨ ਦਾ ਸਲੀਕਾ ਸਿਖਾਉਂਦੀ ਹੈ। ਅਸੀਂ ਕਿਸੇ ਨੂੰ ਉਦੋਂ ਤਕ ਖੁੱਲ੍ਹ ਕੇ ਪਿਆਰ ਨਹੀਂ ਕਰਦੇ, ਜਦੋਂ ਤਕ ਸਾਨੂੰ ਇਹ ਨਿਸਚਾ ਨਹੀਂ ਹੋ ਜਾਂਦਾ ਕਿ ਉਹ ਸਾਡੀ ਉਡੀਕ ਕਰੇਗੀ, ਉਹ ਸਾਡੀ ਉਡੀਕ ਕਰੇਗਾ।

ਬਿਨਾਂ ਫਰਜ਼ ਨਿਭਾਏ ਸਵੈ-ਭਰੋਸੇ ਦੀ ਆਸ ਕਰਨੀ ਨਿਰਮੂਲ ਹੈ। ਫਰਜ਼ ਨਿਭਾਏ ਬਿਨਾਂ ਸੁੱਖ ਦੀ ਆਸ ਵੀ ਨਿਰਮੂਲ ਹੈ। ਫਰਜ਼ ਉਹ ਸੰਕਲਪ ਹੈ, ਜਿਸ ਦੀ ਚਰਚਾ ਨਹੀਂ ਹੋ ਸਕਦੀ, ਚਰਚਾ ਸਦਾ ਹੀ ਫਰਜ਼ ਨਾ ਨਿਭਾਉਣ ਦੀ ਹੁੰਦੀ ਹੈ। ਸਿਹਤ ਦੀ ਕੋਈ ਚਰਚਾ ਸੰਭਵ ਨਹੀਂ, ਚਰਚਾ ਕੇਵਲ ਬੀਮਾਰੀ ਦੀ ਹੀ ਹੋ ਸਕਦੀ ਹੈ। ਗਿਆਨ ਦੀ ਚਰਚਾ ਨਹੀਂ ਹੋ ਸਕਦੀ, ਗਿਆਨ ਤਾਂ ਝੋਲੀ ਹੀ ਪੁਆਇਆ ਜਾ ਸਕਦਾ ਹੈ, ਚਰਚਾ ਅਗਿਆਨਤਾ ਦੀ ਹੀ ਹੋ ਸਕਦੀ ਹੈ।

ਸਵੈ-ਭਰੋਸਾ, ਪਰਮ ਤੰਦਰੁਸਤ ਅਹਿਸਾਸ ਦਾ ਨਾਂ ਹੈ।

ਡਰ ਅਤੇ ਚਿੰਤਾ ਇਸ ਗੱਲ ਦੀ ਗਵਾਹੀ ਹਨ ਕਿ ਤੁਸੀਂ ਗਲਤ ਹੋ। ਚੇਤੰਨ ਹੋ ਕੇ ਔਖੇ ਰਾਹ 'ਤੇ ਪੈਣਾ ਹੀ ਤਪੱਸਿਆ ਹੈ। ਜਿਵੇਂ ਉੱਚਾ ਬੋਲਣ ਵਾਲਿਆਂ ਨੂੰ ਲਾਇਬਰੇਰੀ ਵਿਚ ਆਨੰਦ ਪ੍ਰਾਪਤੀ ਦੀ ਇੱਛਾ ਤਿਆਗ ਦੇਣੀ ਚਾਹੀਦੀ ਹੈ, ਉਵੇਂ ਹੀ ਜਿਹੜੇ ਸੌਖੀਆਂ ਜਿੱਤਾਂ ਦੇ ਆਦੀ ਹਨ, ਉਹ ਆਤਮ-ਬਲ ਜਾਂ ਸਵੈ-ਭਰੋਸੇ ਜਾਂ ਸਰਬੱਤ ਦੇ ਭਲੇ ਦੇ ਮਿੱਠੇ ਪਾਣੀਆਂ ਦੇ ਚਸ਼ਮਿਆਂ ਦੀ ਆਸ ਨਾ ਲਾਉਣ।

ਮਨੁੱਖ ਦਾ ਰੂਹਾਨੀ ਅਨੁਭਵ ਉਸ ਦੇ ਗਿਆਨ, ਉਦੇਸ਼ਾਂ ਅਤੇ ਸੁਚੇਤ ਕਰਮਾਂ ਦੇ ਖੇਤਰਫਲ ਤੋਂ ਵੱਡਾ ਨਹੀਂ ਹੋ ਸਕਦਾ।

ਜੋ ਹਨੇਰੇ ਵਿਚ ਰਹਿੰਦਾ ਹੈ, ਉਸ ਦੇ ਸੁਭਾਅ ਵਿਚ ਹਨੇਰਾ ਹੁੰਦਾ ਹੈ।

ਜਦੋਂ ਸਰੀਰ ਰੋਗੀ ਹੋਵੇ ਤਾਂ ਨਿਰਸੰਦੇਹ ਸਾਰਾ ਧਿਆਨ ਸਰੀਰ ਹੀ ਮੰਗ ਲੈਂਦਾ ਹੈ। ਸੱਚ ਤਾ ਇਹ ਹੈ ਕਿ ਜਿਨ੍ਹਾਂ ਦਾ ਸਾਰਾ ਧਿਆਨ ਹੀ ਸਰੀਰ ਵੱਲ ਹੁੰਦਾ ਹੈ, ਉਨ੍ਹਾਂ ਦਾ ਸਰੀਰ ਹੀ ਰੋਗੀ ਹੁੰਦਾ ਹੈ।

ਸਾਡਾ ਸਰੀਰ ਇਸ ਸੰਸਾਰ ਵਿਚ ਸਾਡੇ ਹੋਣ ਦਾ ਵਸੀਲਾ ਹੈ। ਅਸੀਂ ਸਰੀਰ ਰਾਹੀਂ ਇਸ ਸੰਸਾਰ ਵਿਚ ਵਿਚਰਦੇ ਹਾਂ, ਸਰੀਰ ਲਈ ਨਹੀਂ।

ਨਲਕੇ ਰਾਹੀਂ ਪਾਣੀ ਆਉਂਦਾ ਹੈ, ਨਲਕੇ ਵਿਚੋਂ ਨਹੀਂ।

ਆਤਮ-ਬਲ ਵਾਲਾ ਵਿਅਕਤੀ ਸਰੀਰ ਦਾ ਦਾਸ ਨਹੀਂ ਹੁੰਦਾ, ਉਸ ਦੀ ਟੇਕ ਕਿਧਰੇ ਹੋਰ ਹੁੰਦੀ ਹੈ। ਉਹ ਜਾਣਦਾ ਹੈ ਕਿ ਮਹਾਨ ਗਿਆਨ ਨੂੰ ਮਹਾਨ ਯਤਨ ਤੋਂ ਬਿਨਾਂ, ਅਨੰਤ ਨੂੰ ਅਨੰਤ ਧੀਰਜ ਤੋਂ ਬਿਨਾਂ, ਪ੍ਰਾਪਤ ਕਰਨਾ ਅਸੰਭਵ ਹੈ।

ਧੀਰਜ ਨਾਲ ਸਭ ਚੀਜ਼ਾਂ ਸਮਾਂ ਪਾ ਕੇ ਸੌਖੀਆਂ ਹੋ ਜਾਂਦੀਆਂ ਹਨ।

ਸਵੈ-ਭਰੋਸੇ ਤੋਂ ਵਿਰਵੇ ਵਿਅਕਤੀ ਅਕਸਰ ਆਪਣੇ ਤੋਂ ਹੇਠਲਿਆਂ ਦਾ ਸਾਥ ਲੱਭਣ ਲਗ ਪੈਂਦੇ ਹਨ। ਉਨ੍ਹਾਂ ਨੂੰ ਨਹੀਂ ਪਤਾ ਕਿ ਜਿਹੜੇ ਸੁੱਖ ਦੀ ਇੱਛਾ ਨਾਲ ਸੰਨਿਆਸ ਲੈਂਦੇ ਹਨ, ਉਹ ਦੁਖੀ ਹੁੰਦੇ ਹਨ।

ਅਗਿਆਨੀਆਂ ਦਾ ਜੀਵਨ ਸਵੈ-ਭਰੋਸੇ ਦੀ ਅਣਹੋਂਦ ਅਤੇ ਇਕ-ਦੂਜੇ ਦੇ ਅਗਿਆਨ ਦੇ ਆਸਰੇ ਖਲੋਤਾ ਹੁੰਦਾ ਹੈ।

ਸੰਸਾਰ ਵਿਚ ਜਿਤਨੇ ਪਾਪ ਹੋ ਰਹੇ ਹਨ, ਉਨ੍ਹਾਂ ਲਈ ਅਸੀਂ ਵੀ ਜ਼ਿੰਮੇਵਾਰ ਹਾਂ।

ਸਵੈ-ਭਰੋਸਾ ਹੋਣਾ ਹੀ ਕ੍ਰਾਂਤੀਕਾਰੀ ਹੋਣਾ ਹੈ, ਕਿਉਂਕਿ ਸਵੈ-ਭਰੋਸਾ ਮਨੁੱਖ ਦੇ ਭਲੇ-ਹਿਤ ਹੀ ਵਰਤਿਆ ਜਾ ਸਕਦਾ ਹੈ, ਇਸ ਦੀ ਦੁਰਵਰਤੋਂ ਸੰਭਵ ਨਹੀਂ ਹੁੰਦੀ। ਦੁਰਵਰਤੋਂ ਤਾਂ ਕੇਵਲ ਡਰ ਅਤੇ ਭੈਅ ਦੀ ਹੀ ਕੀਤੀ ਜਾ ਸਕਦੀ ਹੈ।

ਵੇਖਿਆ ਗਿਆ ਹੈ ਕਿ ਵਿਸ਼ੇਸ਼ ਲਗਾਉ ਜਾਂ ਵਿਸ਼ੇਸ਼ ਝੁਕਾਉ ਸਾਧਾਰਣ ਚੀਜ਼ ਨੂੰ ਵੀ ਵਿਸ਼ੇਸ਼ ਬਣਾ ਦਿੰਦਾ ਹੈ। ਪਿਆਰ ਦੇ ਖੇਤਰ ਵਿਚ ਇਸ ਅਸੂਲ ਦਾ ਅਮਲੀ ਪੱਖ ਤੁਸੀਂ ਸਹਿਜੇ ਹੀ ਵੇਖ ਸਕਦੇ ਹੋ।

ਬਹੁਤੇ ਲੋਕਾਂ ਦਾ ਇਹ ਵਿਚਾਰ ਹੁੰਦਾ ਹੈ ਕਿ ਸਾਨੂੰ ਆਤਮ-ਬਲ ਜਾਂ ਸਵੈ-ਭਰੋਸੇ ਨੂੰ ਪ੍ਰਗਟਾਉਣ ਦੇ ਅਵਸਰ ਨਹੀਂ ਮਿਲਦੇ। ਮੇਰਾ ਉੱਤਰ ਹੈ ਕਿ ਜੇ ਤੁਸੀਂ ਅਵਸਰ ਮਿਲਣ ਦੀ ਉਡੀਕ ਕਰੋਗੇ ਤਾਂ ਇਹ ਅਵਸਰ ਕਦੇ ਵੀ ਨਹੀਂ ਮਿਲੇਗਾ। ਤੁਸੀਂ ਜਿੱਥੇ ਵੀ ਹੋ, ਜਿਸ ਸਥਿਤੀ ਵਿਚ ਵੀ ਹੋ, ਆਪਣੇ ਆਲੇ-ਦੁਆਲੇ ਨੂੰ ਬਦਲ ਸਕਦੇ ਹੋ। ਆਪਣੇ ਆਪ ਤੋਂ ਸ਼ੁਰੂ ਕਰੋ। ਆਪਣੇ ਆਪ ਬਾਰੇ ਤੁਹਾਡੀ ਰਾਇ ਕਿਹੋ ਜਿਹੀ ਹੈ? ਕੀ ਤੁਸੀਂ ਉਸ ਰਾਇ ਨਾਲ ਸੰਤੁਸ਼ਟ ਹੋ? ਕੀ ਤੁਸੀਂ ਇਸ ਰਾਇ ਨੂੰ ਚੰਗੇਰੀ ਨਹੀਂ ਬਣਾ ਸਕਦੇ?

ਸੱਚ ਤਾਂ ਇਹ ਹੈ ਕਿ ਅਜੋਕੇ ਯੁੱਗ ਵਿਚ ਮਨੁੱਖੀ ਅਹਿਸਾਸ ਦਾ ਕਾਲ ਪਿਆ ਹੋਇਆ ਹੈ ਅਤੇ ਇਸ ਲਈ ਅਸੀਂ ਵੀ ਜ਼ਿੰਮੇਵਾਰ ਹਾਂ।

ਅਹਿਸਾਸ ਕਮਾਇਆ ਜਾਂਦਾ ਹੈ ਅਤੇ ਇਸ ਦਾ ਸਭ ਤੋਂ ਵੱਡਾ ਸਰੋਤ ਮਨੁੱਖ ਦਾ ਆਪਣਾ ਵਰਤਮਾਨ ਕੰਮ ਹੁੰਦਾ ਹੈ।

ਜਿਹੜੇ ਆਪਣੇ ਕੰਮ ਤੋਂ ਭਗੌੜੇ ਹੋਏ ਹੋਏ ਹਨ, ਉਹ ਨਾ ਕਿਸੇ ਮੰਜ਼ਲ 'ਤੇ ਅੱਪੜਦੇ ਹਨ ਅਤੇ ਨਾ ਹੀ ਕਿਸੇ ਨਾਲ ਡੂੰਘਾ ਰਿਸ਼ਤਾ ਉਸਾਰ ਸਕਦੇ ਹਨ।

ਜੇ ਤੁਹਾਨੂੰ ਕਦੇ ਕੋਈ ਮੁਸੀਬਤ ਪਵੇ ਤਾਂ ਸਹਿਯੋਗ ਲਈ, ਹੱਲ ਲੱਭਣ ਲਈ ਕਿਸੇ ਸਭ ਤੋਂ ਵੱਧ ਰੁੱਝੇ ਹੋਏ ਬੰਦੇ ਕੋਲ ਜਾਣਾ, ਉਹ ਹੀ ਤੁਹਾਡੀ ਮਦਦ ਕਰ ਸਕੇਗਾ, ਉਸ ਕੋਲ ਹੀ ਤੁਹਾਡੀ ਸਮੱਸਿਆ ਸੁਣਨ ਅਤੇ ਹੱਲ ਸੁਝਾਉਣ ਲਈ ਸਮਾਂ ਹੋਵੇਗਾ। ਕਿਸੇ ਵਿਹਲੜ ਕੋਲ ਨਾ ਜਾਣਾ, ਕਿਉਂਕਿ ਉਸ ਕੋਲ ਸਮਾਂ ਨਹੀਂ ਹੋਵੇਗਾ। ਜਦੋਂ ਤੁਸੀਂ ਆਪਣੇ ਨਿਰਧਾਰਿਤ ਕੰਮ ਵਿਚ ਰੁੱਝ ਜਾਵੋਗੇ ਤਾਂ ਤੁਹਾਡੇ ਅਨੁਭਵ ਦੀ ਤਾਸੀਰ ਬਦਲ ਜਾਵੇਗੀ, ਤੁਹਾਡੇ ਵਿਚ ਆਤਮ-ਵਿਸ਼ਵਾਸ ਆ ਜਾਵੇਗਾ, ਤੁਹਾਨੂੰ ਆਪਣਾ ਆਪ ਚੰਗਾ ਲਗੇਗਾ, ਨਾ ਕੇਵਲ ਤੁਸੀਂ ਆਪਣੀਆਂ ਸਮੱਸਿਆਵਾਂ ਆਪ ਸੁਲਝਾਵੋਗੇ ਸਗੋਂ ਦੂਜਿਆਂ ਦੀ ਮਦਦ ਕਰਨ ਲਈ ਵੀ ਤੁਹਾਡੇ ਵਿਚ ਸਮਾਂ ਅਤੇ ਸਮਰੱਥਾ ਦੋਵੇਂ ਉਪਜ ਪੈਣਗੀਆਂ। ਤੁਸੀਂ ਤੰਗ ਗਲੀਆਂ ਵਿਚੋਂ ਨਿਕਲ ਕੇ ਜ਼ਿੰਦਗੀ ਦੀ ਜਰਨੈਲੀ ਸੜਕ 'ਤੇ ਆ ਜਾਵੋਗੇ।

ਮਨੁੱਖ ਦਾ ਬਲੀ ਹੱਥ ਹਰ ਚੀਜ਼ ਵਿਚ ਜਾਨ ਪਾ ਦਿੰਦਾ ਹੈ।

ਮਨ ਦੇ ਬੂਹੇ-ਬਾਰੀਆਂ ਨਵੇਂ ਵਿਚਾਰਾਂ, ਸੰਕਲਪਾਂ ਅਤੇ ਵਿਸ਼ਵਾਸਾਂ ਲਈ ਖੋਲ੍ਹਣ ਤੋਂ ਬਿਨਾਂ ਜ਼ਿੰਦਗੀ ਵਿਚ ਨਵੇਂ ਚਾਅ ਨਹੀਂ ਭਰੇ ਜਾ ਸਕਦੇ।

ਜੇਕਰ ਸੰਸਾਰ ਸਾਡੀ ਨੇਕੀ ਲਈ ਸਾਨੂੰ ਕੁਝ ਨਹੀਂ ਦਿੰਦਾ ਤਾਂ ਇਹ ਸਮਝਣਾ ਜ਼ਰੂਰੀ ਹੈ ਕਿ ਅਸੀਂ ਪੂਰੀ ਤਰ੍ਹਾਂ ਨੇਕ ਨਹੀਂ ਹਾਂ।

ਦੁਨੀਆਂ ਕਦੀ ਵੀ ਗਲਤ ਨਹੀਂ ਤੋਲਦੀ।

ਇਹ ਪਰਖਿਆ ਹੋਇਆ ਸੱਚ ਹੈ ਕਿ ਸੰਸਾਰ ਤੁਹਾਡੇ ਵਿਚ ਤਾਂ ਹੀ ਵਿਸ਼ਵਾਸ ਪ੍ਰਗਟਾਵੇਗਾ ਜੇ ਤੁਹਾਡਾ ਆਪਣੇ ਆਪ ਵਿਚ ਵਿਸ਼ਵਾਸ ਹੈ। ਇਸ ਸਬੰਧ ਵਿਚ ਸੰਸਾਰ ਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ।

ਦੁਨੀਆਂ ਆਤਮ-ਵਿਸ਼ਵਾਸ ਅਤੇ ਘਮੰਡ ਵਿਚਲਾ ਅੰਤਰ ਖੂਬ ਜਾਣਦੀ ਹੈ।

ਘਮੰਡ ਅਤੇ ਆਤਮ-ਵਿਸ਼ਵਾਸ ਵਿਚਕਾਰ ਬੁਨਿਆਦੀ ਅੰਤਰ ਹੈ। ਆਤਮ-ਵਿਸ਼ਵਾਸ ਤੁਹਾਡੇ ਗਿਆਨ ਅਤੇ ਕੀਤੇ ਕਾਰਜਾਂ ਅਤੇ ਨਿਭਾਏ ਕਰਤੱਵਾਂ ਵਿਚੋਂ ਉਪਜਦਾ ਹੈ, ਜਦੋਂ ਕਿ ਘਮੰਡ ਉਨ੍ਹਾਂ ਇੱਛਾਵਾਂ ਅਤੇ ਵਿਉਂਤਾਂ ਉਤੇ ਉਸਰਿਆ ਹੁੰਦਾ ਹੈ, ਜਿਨ੍ਹਾਂ ਨੂੰ ਅਮਲ ਵਿਚ ਲਿਆਉਣ ਦੀ ਸਾਡੀ ਤਾਂਘ ਤਾਂ ਹੁੰਦੀ ਹੈ ਪਰ ਯਤਨ ਨਹੀਂ ਹੁੰਦਾ। ਘਮੰਡ ਦੀ ਮੁਨਾਦੀ ਕੀਤੀ ਜਾਂਦੀ ਹੈ, ਜਦੋਂ ਕਿ ਆਤਮ-ਵਿਸ਼ਵਾਸ ਲੁਕਾ ਕੇ ਆਪਣੇ ਸਾਧਾਰਣ ਹੋਣ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਆਤਮ-ਵਿਸ਼ਵਾਸ ਮਨ ਦਾ ਉਹ ਭਾਵ ਹੈ ਜਿਸ ਦੀ ਨੁਮਾਇਸ਼ ਨਹੀਂ ਲਾਈ ਜਾਂਦੀ, ਲੋਕ ਆਪਣੇ ਯਤਨਾਂ ਨਾਲ ਤੁਹਾਨੂੰ ਪਛਾਣ ਲੈਂਦੇ ਹਨ ਅਤੇ ਲੱਭ ਲੈਂਦੇ ਹਨ ਅਤੇ ਤੁਹਾਨੂੰ ਜਾਣ ਜਾਂਦੇ ਹਨ ਅਤੇ ਤੁਹਾਡੇ ਪੈਰੋਕਾਰ ਬਣਨ ਵਿਚ ਖੁਸ਼ੀ ਅਨੁਭਵ ਕਰਦੇ ਹਨ।

ਗਿਆਨ-ਵਿਹੂਣਾ ਅਤੇ ਦਿਸ਼ਾਹੀਣ ਆਤਮ-ਵਿਸ਼ਵਾਸ ਕਿਸੇ ਲੇਖੇ ਨਹੀਂ ਲੱਗਦਾ।

ਕੋਰਸਾਂ ਦੀਆਂ ਕਿਤਾਬਾਂ ਗਿਆਨ ਪ੍ਰਾਪਤੀ ਦੀ ਜਾਗ ਹੀ ਲਾਉਂਦੀਆਂ ਹਨ, ਇਨ੍ਹਾਂ ਨੂੰ ਹੀ ਗਿਆਨ ਸਮਝ ਲੈਣਾ ਭੁੱਲ ਹੈ।

ਆਪਣੇ ਆਪ ਵਿਚ ਵਿਸ਼ਵਾਸ ਕਰੋ। ਸੰਸਾਰ ਨੂੰ ਆਪਣੀਆਂ ਵਿਉਂਤਾਂ ਨਾ ਦੱਸੋ, ਇਨ੍ਹਾਂ ਵਿਉਂਤਾਂ ਨੂੰ ਅਮਲ ਵਿਚ ਲਿਆਵੋ, ਦੁਨੀਆਂ ਤੁਹਾਨੂੰ ਲੱਭ ਲਵੇਗੀ, ਕਿਵੇਂ ਵੀ ਲੱਭੇ, ਤੁਹਾਨੂੰ ਲੱਭ ਲਵੇਗੀ।

ਆਪਣੀ ਪ੍ਰਸੂਤ-ਪੀੜਾ ਦੀਆਂ ਕਹਾਣੀਆਂ ਹੀ ਨਾ ਸੁਣਾਈ ਜਾਵੋ, ਜਿਨ੍ਹਾਂ ਨਤੀਜਿਆਂ ਨੂੰ ਤੁਸੀਂ ਜਨਮ ਦਿੱਤਾ ਹੈ, ਉਹ ਵਿਖਾਉ, ਸੰਸਾਰ ਪ੍ਰਵਾਨਗੀ ਦਾ ਭਰਪੂਰ ਸ਼ਗਨ ਪਾਵੇਗਾ।

ਲਗਨ ਕਰਦੀ ਰਾਸ ਸਭੇ ਮੁਸ਼ਕਿਲਾਂ...

ਨਿਰਸੰਦੇਹ ਗਲਤੀਆਂ ਨਾਲ ਮਨੁੱਖ ਸਿਖਦਾ ਹੈ ਪਰ ਇਸ ਦਾ ਅਰਥ ਇਹ ਨਹੀਂ ਕਿ ਉਹ ਜੀਵਨ ਭਰ ਗਲਤੀਆਂ ਕਰਦਾ ਰਹੇ ਅਤੇ ਕਹੇ ਕਿ ਮੈਂ ਤਾਂ ਸਿਖ ਰਿਹਾ ਹਾਂ।

ਨਿਰਸੰਦੇਹ ਕੁਝ ਕਰਨ ਦੀ ਕਲਾ ਕੁਝ ਕੀਤਿਆਂ ਹੀ ਆਉਂਦੀ ਹੈ।

ਇਸੇ ਕਰਕੇ ਕਹਿੰਦੇ ਹਨ ਕਿ ਕੁਝ ਨਹੀਂ ਕਰੋਗੇ ਤਾਂ ਕੁਝ ਨਹੀਂ ਬਣੋਗੇ।

ਕੰਮ ਤੋਂ ਬਿਨਾਂ ਗਿਆਨ ਬੋਝ ਹੈ। ਜੇ ਉਦੇਸ਼ ਸ਼ੁਭ ਨਾ ਹੋਵੇ ਤਾਂ ਗਿਆਨ ਵੀ ਸਰਾਪ ਅਤੇ ਪਾਪ ਹੋ ਨਿਬੜਦਾ ਹੈ।

ਸਾਡੇ ਯੁੱਗ ਦੇ ਲੱਖਾਂ ਲੋਕ ਗਿਆਨ ਦੀ ਕੈਦ ਭੁਗਤ ਰਹੇ ਹਨ।

ਵੇਖਿਆ ਗਿਆ ਹੈ ਕਿ ਸਭ ਤੋਂ ਵੱਡੀ ਪ੍ਰਸ਼ੰਸਾ ਉਹ ਕੰਮ ਕਰਨ ਵਿਚ ਹੁੰਦੀ ਹੈ, ਜਿਸ ਬਾਰੇ ਲੋਕ ਕਹਿਣ, "ਤੁਸੀਂ ਇਹ ਨਹੀਂ ਕਰ ਸਕਦੇ।"

ਚੰਗੇ ਕੰਮ ਦੀ ਪਛਾਣ ਹੀ ਇਹ ਹੈ ਕਿ ਜਦੋਂ ਕੋਈ ਚੰਗਾ ਕੰਮ ਹੋ ਜਾਂਦਾ ਹੈ ਤਾਂ ਉਸ ਦੇ ਅਨੇਕਾਂ ਦਾਅਵੇਦਾਰ ਪੈਦਾ ਹੋ ਜਾਂਦੇ ਹਨ।

ਗਿਆਨੀ-ਧਿਆਨੀ ਅਸੀਂ ਸਾਰੇ ਹੀ ਹਾਂ ਪਰ ਅੰਤਰ ਗਿਆਨ ਦਾ ਨਹੀਂ ਹੁੰਦਾ, ਕੰਮ ਦਾ ਹੁੰਦਾ ਹੈ, ਗਿਆਨ ਨੂੰ ਅਮਲ ਵਿਚ ਲਿਆਉਣ ਦਾ ਹੁੰਦਾ ਹੈ।

ਆਪਣੀ ਕੋਸ਼ਿਸ਼ ਵਿਚ ਪੂਰੇ ਦਾ ਪੂਰਾ ਕੌਣ ਸਫ਼ਲ ਹੁੰਦਾ ਹੈ? ਲਗਨ ਵਾਲੇ ਮਨੁੱਖ ਦਾ ਉਦੇਸ਼ ਸਫ਼ਲ ਹੋਣਾ ਨਹੀਂ ਹੁੰਦਾ, ਆਪਣੇ ਕੰਮ ਵਿਚੋਂ ਮਿਲਣ ਵਾਲੀ ਮੌਜ ਮਾਣਨਾ ਹੁੰਦਾ ਹੈ। ਉਹ ਜ਼ਿੰਦਗੀ ਤੋਂ ਲੈਂਦਾ ਘੱਟ ਹੈ ਪਰ ਦਿੰਦਾ ਵਧੇਰੇ ਹੈ।

ਵਿਹਲ ਵਿਚੋਂ ਕੁਝ ਨਹੀਂ ਨਿਕਲਦਾ।

ਮਾਂ ਬਣਦਿਆਂ ਹੀ ਇਸਤਰੀ ਕਿਧਰੇ ਦੀ ਕਿਧਰੇ ਪਹੁੰਚ ਜਾਂਦੀ ਹੈ। ਆਪਣੇ ਆਪ ਨੂੰ ਉਹ ਭਰਿਆ-ਭਰਿਆ ਅਨੁਭਵ ਕਰਦੀ ਹੈ, ਕਿਉਂਕਿ ਉਸ ਨੂੰ ਅੰਤਾਂ ਦੇ ਰੁਝੇਵਿਆਂ ਦੀ ਅਮੀਰੀ ਮਿਲ ਜਾਂਦੀ ਹੈ।

ਰਾਹ ਭਾਵੇਂ ਗਲਤ ਹੀ ਹੋਵੇ ਪਰ ਜੀਵਨ ਭਰ ਚੌਰਾਹੇ 'ਤੇ ਖਲੋਤੇ ਰਹਿਣ ਨਾਲੋਂ, ਸੰਸਿਆਂ ਨੂੰ ਤਿਆਗ ਕੇ, ਸੱਚੀ ਲਗਨ ਨਾਲ ਟੁਰ ਹੀ ਪੈਣਾ ਚਾਹੀਦਾ ਹੈ। ਵੇਖਿਆ ਗਿਆ ਹੈ ਕਿ ਲਗਨ ਮਨੁੱਖ ਨੂੰ ਉਲਟੀ ਦਿਸ਼ਾ ਵੱਲ ਲਿਜਾ ਹੀ ਨਹੀਂ ਸਕਦੀ।

ਮਨੁੱਖ ਉਸੇ ਕੰਮ ਨੂੰ ਠੀਕ ਕਰ ਸਕਦਾ ਹੈ, ਜਿਸ ਵਿਚ ਉਸ ਦਾ ਵਿਸ਼ਵਾਸ, ਦਿਲਚਸਪੀ ਅਤੇ ਭਰੋਸਾ ਹੁੰਦਾ ਹੈ।

ਕਿਸੇ ਕੰਮ ਲਈ ਵਿਵੇਕ ਰਾਹੀਂ ਜਾਗਿਆ ਉਤਸ਼ਾਹ ਲਗਨ ਅਖਵਾਉਂਦਾ ਹੈ।

ਲਗਨ ਨਾਲ ਕੀਤੇ ਕੰਮ ਦੀ ਨਾ ਕੇਵਲ ਪੱਧਰ ਉੱਚੀ ਹੁੰਦੀ ਹੈ, ਸਗੋਂ ਉਸ ਵਿਚੋਂ ਮਿਲਣ ਵਾਲੀ ਤਸੱਲੀ ਵੀ ਵਧੇਰੇ ਹੁੰਦੀ ਹੈ।

ਲਗਨ ਨਾਲ ਕੀਤੇ ਕਿਸੇ ਕੰਮ ਵਿਚ ਥਕਾਵਟ ਨਹੀਂ ਹੁੰਦੀ।

ਸੁਹਾਗ ਰਾਤ ਦੋਹਾਂ ਧਿਰਾਂ ਦੀ ਲਗਨ ਦੀ ਉਦਾਹਰਣ ਹੈ।

ਜਦੋਂ ਕੋਈ ਵਿਅਕਤੀ ਲਗਨ ਨਾਲ ਉੱਤਮ ਦਰਜੇ ਦਾ ਕੰਮ ਕਰਨ ਲਗ ਪੈਂਦਾ ਹੈ ਤਾਂ ਉਸ ਤੋਂ ਥੱਲਵੇਂ ਦਰਜੇ ਦਾ ਕੰਮ ਦੂਜੇ ਲੋਕ ਆਪ-ਮੁਹਾਰੇ ਸਾਂਭ ਲੈਂਦੇ ਹਨ। ਜਦੋਂ ਕੋਈ ਇਕ ਵਿਅਕਤੀ ਉੱਨਤੀ ਕਰਦਾ ਹੈ ਤਾਂ ਉਸ ਦਾ ਆਲਾ-ਦੁਆਲਾ, ਉਸ ਦਾ ਪਰਿਵਾਰ, ਉਸ ਦਾ ਮੁਹੱਲਾ, ਉਸ ਦਾ ਸ਼ਹਿਰ ਅਤੇ ਦੇਸ਼ ਸਾਰੇ ਉੱਨਤੀ ਕਰਦੇ ਹਨ।

ਬਹੁਤੇ ਲੋਕ ਕੰਮ ਨੂੰ ਆਪਣੇ ਉਤੇ ਠੋਸੀ ਹੋਈ ਮਜਬੂਰੀ ਸਮਝਦੇ ਹਨ। ਅਜਿਹੇ ਲੋਕਾਂ ਦੇ ਨਾ ਹੀ ਉਦੇਸ਼ ਸ਼ੁਭ ਹੁੰਦੇ ਹਨ, ਨਾ ਹੀ ਉਨ੍ਹਾਂ ਦੀਆਂ ਪ੍ਰਾਪਤੀਆਂ ਕਿਸੇ ਲੇਖੇ ਲਗਦੀਆਂ ਹਨ। ਜਦੋਂ ਧਰਮ, ਦਿਲ ਵਿਚੋਂ ਜਲਾਵਤਨ ਹੋ ਕੇ ਕੇਵਲ ਮੱਥਾ ਟੇਕਣ ਲਈ ਗੋਡਿਆਂ ਅਤੇ ਕੂਹਣੀਆਂ ਵਿਚ ਆ ਵਸਦਾ ਹੈ ਤਾਂ ਅਜਿਹੇ ਵਾਤਾਵਰਣ ਵਿਚ ਲੋਕ ਕੇਵਲ ਆਪਣੇ ਆਪ ਲਈ ਜਿਊਣ ਲਗ ਪੈਂਦੇ ਹਨ ਅਤੇ ਅਜਿਹਾ ਕਰਦਿਆਂ ਉਹ ਆਪਣੇ-ਆਪ ਜੋਗੇ ਹੋ ਕੇ ਰਹਿ ਜਾਂਦੇ ਹਨ। ਕਿਉਂਕਿ ਉਹ ਕੇਵਲ ਪੈਸੇ ਵਾਸਤੇ ਕੰਮ ਕਰਦੇ ਹਨ, ਸੋ ਕੰਮ ਦੇ ਬਦਲੇ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਤਸੱਲੀ ਨਹੀਂ ਮਿਲਦੀ, ਲਾਲਚ ਭਰੀ ਭਟਕਣ ਹੀ ਮਿਲਦੀ ਹੈ। ਅਜਿਹੇ ਸਮਿਆਂ ਵਿਚ ਭਾਵੇਂ ਪਦਾਰਥਕ ਪਰਿਵਰਤਨ ਵਾਪਰਦਾ ਹੈ ਪਰ ਸਭਿਅਤਾ ਨਿਘਰਦੀ ਹੈ।

ਸਭਿਅਤਾ ਉਦੋਂ ਖਤਰੇ ਵਿਚ ਪੈ ਜਾਂਦੀ ਹੈ, ਜਦੋਂ ਉਨ੍ਹਾਂ ਲੋਕਾਂ ਨੂੰ ਹੁਕਮ ਚਲਾਉਣ ਦਾ ਹੱਕ ਮਿਲ ਜਾਂਦਾ ਹੈ, ਜਿਨ੍ਹਾਂ ਨੇ ਕਦੀ ਹੁਕਮ ਮੰਨਿਆ ਨਹੀਂ ਹੁੰਦਾ, ਕੋਈ ਉਦੇਸ਼ ਮਿੱਥਿਆ ਨਹੀਂ ਹੁੰਦਾ, ਕੰਮ ਕੀਤਾ ਨਹੀਂ ਹੁੰਦਾ।

ਵੇਖਿਆ ਗਿਆ ਹੈ ਕਿ ਆਤਮਾ ਜਿਤਨੀ ਭ੍ਰਿਸ਼ਟ ਹੁੰਦੀ ਜਾਂਦੀ ਹੈ, ਬੁੱਧੀ ਉਤਨੀ ਹੀ ਸੰਕੁਚਿਤ ਹੁੰਦੀ ਜਾਂਦੀ ਹੈ।

ਸੰਸਾਰ ਵਿਚ ਲਗਨ ਦੇ ਪੱਖੋਂ ਤਿੰਨ ਪ੍ਰਕਾਰ ਦੇ ਲੋਕ ਹਨ : ਇੰਜਣ ਵਰਗੇ, ਡੱਬਿਆਂ ਵਰਗੇ ਅਤੇ ਬਰੇਕਾਂ ਵਰਗੇ। ਇਨ੍ਹਾਂ ਤਿੰਨ੍ਹਾਂ ਦੀ ਲਗਨ ਅਤੇ ਲਗਨ ਦੀ ਦਿਸ਼ਾ ਵੱਖਰੀ ਪ੍ਰਕਾਰ ਦੀ ਹੁੰਦੀ ਹੈ, ਸੋ ਇਨ੍ਹਾਂ ਦਾ ਵਿਕਾਸ ਵੀ ਵੱਖਰੀ ਪ੍ਰਕਾਰ ਦਾ ਹੁੰਦਾ ਹੈ।

ਜਿਥੇ ਲਗਨ ਸੁੱਚੀ ਨਹੀਂ ਹੁੰਦੀ, ਉਥੇ ਚਲਾਕੀ ਦਾ ਰਾਜ ਹੁੰਦਾ ਹੈ। ਚਲਾਕੀ ਨਾਲ ਕਦੀ ਵੀ ਕੋਈ ਮਹਾਨ ਅਤੇ ਮਹੱਤਵਪੂਰਨ ਕੰਮ ਨਹੀਂ ਕੀਤਾ ਜਾ ਸਕਦਾ। ਖੋਟ ਦੇ ਲੜ ਲਗ ਕੇ ਕਿਸੇ ਉੱਚੇ ਨਿਸ਼ਾਨੇ 'ਤੇ ਨਹੀਂ ਅੱਪੜਿਆ ਜਾ ਸਕਦਾ। ਜਿਸ ਵਿਚ ਬਹੁਤ ਸਾਰੇ ਲੋਕ ਹੱਥ ਵਟਾਉਂਦੇ ਹਨ, ਉਸ ਕੰਮ ਦੀ ਪੱਧਰ ਵੀ ਉੱਚੀ ਨਹੀਂ ਹੁੰਦੀ, ਕਿਉਂਕਿ ਅਜਿਹੇ ਕੰਮ ਵਿਚ ਚਲਾਕੀ, ਲਾਪ੍ਰਵਾਹੀ ਅਤੇ ਗੈਰਜ਼ਿੰਮੇਵਾਰੀ ਦਾ ਆ ਜਾਣਾ ਸੁਭਾਵਿਕ ਹੁੰਦਾ ਹੈ। ਇਸੇ ਕਰਕੇ ਸਹਿਕਾਰਤਾ ਲਹਿਰਾਂ ਸਫ਼ਲ ਨਹੀਂ ਹੁੰਦੀਆਂ।

ਇਹ ਯਾਦ ਰੱਖਣਾ ਅਤਿ ਜ਼ਰੂਰੀ ਹੈ ਕਿ ਲਗਨ ਨਾਲ ਕੰਮ ਭਾਵੇਂ ਕੋਈ ਵਿਕਅਤੀ ਇਕੱਲਿਆਂ ਕਰਦਾ ਹੈ ਪਰ ਉਸ ਵਿਚ ਅਨੇਕਾਂ ਲੋਕਾਂ ਦਾ ਅਚੇਤ ਯੋਗਦਾਨ

ਅਵੱਸ਼ ਹੁੰਦਾ ਹੈ। ਕੰਮ ਦੇ ਪੱਖੋਂ ਕੋਈ ਵੀ ਮਨੁੱਖ ਇਕੱਲਾ ਨਹੀਂ ਹੁੰਦਾ।

ਕਿਸੇ ਨੇ ਉਸ ਨੂੰ ਕੋਈ ਵਿਚਾਰ ਦਿੱਤਾ ਹੁੰਦਾ ਹੈ, ਕਿਸੇ ਨੇ ਕੋਈ ਉਦਾਹਰਣ ਦੱਸੀ ਹੁੰਦੀ ਹੈ ਅਤੇ ਕਿਸੇ ਨੇ ਕੋਈ ਰਾਹ ਵਿਖਾਇਆ ਹੁੰਦਾ ਹੈ।

ਇਵੇਂ ਹੀ ਚੰਗਾ ਅਤੇ ਉੱਤਮ ਸਾਹਿਤ ਕਿਸੇ ਇਕ ਲੇਖਕ ਦੀ ਪ੍ਰਾਪਤੀ ਨਹੀਂ ਹੁੰਦਾ। ਉਹ ਰਚਨਾ ਲਿਖੀ ਭਾਵੇਂ ਇਕ ਲੇਖਕ ਰਾਹੀਂ ਗਈ ਹੁੰਦੀ ਹੈ ਪਰ ਉਸ ਰਚਨਾ ਨੂੰ ਲਿਖਣ ਦਾ ਅਸਲ ਕਾਰਜ ਸਮੁੱਚੀ ਮਾਨਵਜਾਤੀ ਕਰਦੀ ਹੈ। ਉਸ ਦੀ ਰਚਨਾ ਵਿਚ ਸਮੁੱਚੀ ਮਾਨਵਜਾਤੀ ਦਾ ਸਾਂਝਾ ਅਨੁਭਵ ਲਿਸ਼ਕੋਰ ਮਾਰਦਾ ਹੈ। ਇਸੇ ਕਰਕੇ ਕਈ ਵਾਰੀ ਕਿਸੇ ਲੇਖਕ ਦੀ ਰਚਨਾ ਵਿਚ ਕਈ ਅਜਿਹੇ ਵਿਚਾਰ ਅਤੇ ਸੰਕਲਪ ਆਪ-ਮੁਹਾਰੇ ਆ ਜਾਂਦੇ ਹਨ, ਜਿਨ੍ਹਾਂ ਬਾਰੇ ਉਹ ਆਪ ਵੀ ਸੁਚੇਤ ਨਹੀਂ ਹੁੰਦਾ। ਇਸ ਰੋਸ਼ਨੀ ਵਿਚ ਵੇਖਿਆਂ ਲਗਨ ਸਮੁੱਚੀ ਮਾਨਵਜਾਤੀ ਨਾਲ ਇਕ-ਸੁਰ ਹੋਣ ਵਾਲਾ ਉਪਰਾਲਾ ਹੈ।

ਇਹ ਬੂੰਦ ਤੋਂ ਸਮੁੰਦਰ ਬਣ ਜਾਣ ਦਾ ਅਨੁਭਵ ਹੈ।

ਸਮੁੰਦਰ ਬਹੁਤ ਵੱਡਾ ਹੈ ਪਰ ਆਕਾਸ਼, ਸਮੁੰਦਰ ਤੋਂ ਵੀ ਵੱਡਾ ਹੈ ਪਰ ਆਕਾਸ਼ ਤੋਂ ਵੀ ਵੱਡੀ ਹੈ, ਮਨੁੱਖ ਦੀ ਕਲਪਨਾ।

ਲਗਨ ਵਿਚ ਸੋਝੀ ਨਾਲੋਂ ਵੀ ਵੱਡਾ ਰੋਲ ਕਲਪਨਾ ਦਾ ਹੁੰਦਾ ਹੈ। ਹਰ ਅਵਸਰ ਲਗਨ ਵਾਲੇ ਵਿਅਕਤੀਆਂ ਦੇ ਪੱਖ ਵਿਚ ਭੁਗਤਦਾ ਹੈ। ਲਗਨ ਵਾਲਾ ਵਿਅਕਤੀ ਦਰਿਆ ਵਾਂਗ ਹੁੰਦਾ ਹੈ। ਉਹ ਰੁਕ ਨਹੀਂ ਸਕਦਾ। ਜੇ ਉਸ ਨੂੰ ਰਸਤਾ ਨਾ ਮਿਲੇ ਤਾਂ ਉਹ ਹਵਾ ਵਾਂਗ ਰਸਤਾ ਬਣਾ ਲੈਂਦਾ ਹੈ।

ਗੁਲਾਬਾਂ ਦਾ ਕਦੇ ਵੀ ਮੀਂਹ ਨਹੀਂ ਵਰ੍ਹੇਗਾ, ਵਧੇਰੇ ਗੁਲਾਬਾਂ ਵਾਸਤੇ ਕਿਆਰੀਆਂ ਵਿਚ ਵਧੇਰੇ ਕਲਮਾਂ ਲਾਉਣੀਆਂ ਪੈਣਗੀਆਂ।

ਮਾਨਵਜਾਤੀ ਦਾ ਵਿਕਾਸ ਸਦਾ ਮਿਹਨਤ ਵਿਚੋਂ ਲੰਘਿਆ ਹੈ।

ਲਗਨ ਵਾਲਾ ਵਿਅਕਤੀ ਆਪਣੇ ਕੰਮਾਂ ਨਾਲ ਹੀ ਆਪਣੇ ਆਪ ਨੂੰ ਬਹੁਗਿਣਤ ਕਰਦਾ ਹੈ। ਜਿਹੜਾ ਅਧਿਆਪਕ ਆਪਣੇ ਵਿਦਿਆਰਥੀਆਂ ਦੀ ਨਜ਼ਰ ਉੱਚੀ ਕਰਨੀ ਚਾਹੁੰਦਾ ਹੈ ਅਤੇ ਉਨ੍ਹਾਂ ਨੂੰ ਉੱਚਾ ਚੁੱਕਣਾ ਚਾਹੁੰਦਾ ਹੈ, ਤਾਂ ਜ਼ਰੂਰੀ ਹੈ ਕਿ ਉਹ ਪਹਿਲਾਂ ਆਪ ਉੱਚਾ ਹੋਵੇ ਅਤੇ ਉੱਚੀ ਥਾਂ 'ਤੇ ਖਲੋਤਾ ਹੋਵੇ।

ਨਿਸ਼ਚਿਤ ਜਿੱਤ ਲਈ ਤਾਂ ਕੋਈ ਬੁਜ਼ਦਿਲ ਵੀ ਲੜ ਸਕਦਾ ਹੈ ਪਰ ਜਿਹੜਾ ਹਾਰ ਨਿਸ਼ਚਿਤ ਹੋਣ 'ਤੇ ਵੀ ਲੜੇ, ਉਹ ਅਸੂਲ ਵਾਲਾ ਬੰਦਾ ਹੁੰਦਾ ਹੈ।

ਅਸੂਲ, ਇਨਸਾਨੀਅਤ ਦੀ ਬੁਨਿਆਦ ਹੁੰਦੇ ਹਨ।

ਇਸੇ ਕਰਕੇ ਕਹਿੰਦੇ ਹਨ: ਇਨਸਾਫ਼ ਹੋਣ ਦੇਵੋ, ਭਾਵੇਂ ਆਕਾਸ਼ ਡਿੱਗ ਪਵੇ।

ਅਸੂਲ ਵਾਲੇ ਵਿਅਕਤੀ ਲਈ ਸੱਚ ਕਹਿ ਦੇਣਾ ਹੀ, ਉਸ ਦੇ ਮਖੌਲ ਕਰਨ ਦਾ ਤਰੀਕਾ ਹੁੰਦਾ ਹੈ। ਅਸੂਲ ਵਾਲੇ ਬੰਦੇ ਰੁਕਾਵਟਾਂ ਨਾਲ ਰੁਕਿਆ ਨਹੀਂ ਕਰਦੇ, ਸਗੋਂ ਉਨ੍ਹਾਂ ਦਾ ਵੇਗ ਹੋਰ ਵੱਧ ਜਾਂਦਾ ਹੈ। ਅਸੂਲ ਹੋਣੇ ਮਨੁੱਖੀ ਚਰਿਤਰ ਦਾ ਇਕ ਗੁਣ ਹਨ। ਗੁਣ ਸਭ ਥਾਂਵਾਂ 'ਤੇ ਆਪਣਾ ਮਾਣ ਕਰਵਾ ਲੈਂਦਾ ਹੈ। ਅਸੂਲ ਦੀ ਅਣਹੋਂਦ ਘਮੰਡ ਸਿਰਜਦੀ

ਹੈ ਅਤੇ ਘਮੰਡ ਵਿਚ ਵਿਅਕਤੀ ਫੁੱਲਦਾ ਹੈ, ਫੈਲਦਾ ਨਹੀਂ; ਸੁੱਜਦਾ ਹੈ ਸੱਜਦਾ ਨਹੀਂ। ਹੈਰਾਨੀ ਦੀ ਗੱਲ ਇਹ ਹੈ ਕਿ ਲੋਕ ਆਪਣੇ ਜੀਵਨ ਨੂੰ ਲੰਮਾ ਤਾਂ ਕਰਨਾ ਚਾਹੁੰਦੇ ਹਨ ਪਰ ਉਸ ਨੂੰ ਅਸੂਲਾਂ ਉਤੇ ਉਸਾਰਨਾ ਨਹੀਂ ਚਾਹੁੰਦੇ।

ਮੌਤ ਤੋਂ ਪਹਿਲਾਂ ਕੋਈ ਸ਼ਹੀਦ ਅਮਰ ਨਹੀਂ ਹੁੰਦਾ। ਲੋਕਾਂ ਵਿਚ ਸ਼ਹੀਦ ਹੋਣ ਦੀ ਅਭਿਲਾਸ਼ਾ ਨਹੀਂ ਹੁੰਦੀ ਪਰ ਉਹ ਸ਼ਹੀਦਾਂ ਵਾਂਗ ਅਮਰ ਹੋਣਾ ਚਾਹੁੰਦੇ ਹਨ।

ਬਹੁਤੇ ਲੋਕ ਕੰਮ ਕਰਨ ਤੋਂ ਬਿਨਾਂ ਹੀ ਸਫ਼ਲ ਹੋਣਾ ਚਾਹੁੰਦੇ ਹਨ। ਇਵੇਂ ਹੀ ਬਹੁਤੇ ਲੋਕ ਸਵਰਗ ਤਾਂ ਜਾਣਾ ਚਾਹੁੰਦੇ ਹਨ ਪਰ ਮਰਨ ਲਈ ਤਿਆਰ ਨਹੀਂ ਹੁੰਦੇ।

ਕੇਵਲ ਕੰਮ ਨਾਲ ਅਸੀਂ ਕਿਸੇ ਨਿਸ਼ਾਨੇ 'ਤੇ ਨਹੀਂ ਅੱਪੜ ਸਕਦੇ, ਸਾਨੂੰ ਨਿਸ਼ਾਨੇ 'ਤੇ ਲੈ ਜਾਣ ਦਾ ਕਾਰਜ ਅਸਾਡੀ ਲਗਨ ਕਰਦੀ ਹੈ। ਲਗਨ ਇਕ ਸਾਧਾਰਣ ਕਾਮੇ ਨੂੰ ਵੀ ਕਲਾਕਾਰ ਬਣਾ ਦਿੰਦੀ ਹੈ। ਕਲਾਕਾਰ ਆਪਣੇ ਕੰਮ ਨੂੰ ਪਿਆਰ ਕਰਦੇ ਹਨ, ਜਦੋਂ ਕਿ ਸਾਧਾਰਣ ਕਾਮਾ ਨਾ ਕੇਵਲ ਆਪਣੇ ਕੰਮ ਵਿਚ ਦਿਲਚਸਪੀ ਨਹੀਂ ਲੈਂਦਾ, ਸਗੋਂ ਉਹ ਕੰਮ ਨੂੰ ਨਫ਼ਰਤ ਵੀ ਕਰਦਾ ਹੈ।

ਵੇਖਿਆ ਗਿਆ ਹੈ ਕਿ ਜਦੋਂ ਕੋਈ ਵਿਅਕਤੀ ਆਪਣੀ ਪਸੰਦ ਦੇ ਕੰਮ ਵਿਚ ਰੁੱਝਾ ਹੋਵੇ ਤਾਂ ਨਾ ਕੇਵਲ ਉਹ ਉਸ ਕੰਮ ਨੂੰ ਨਿਰੰਤਰ ਕਰਦਾ ਰਹਿੰਦਾ ਹੈ, ਸਗੋਂ ਉਸ ਨੂੰ ਥਕੇਵਾਂ ਵੀ ਨਹੀਂ ਹੁੰਦਾ ਪਰ ਜਦੋਂ ਸਾਨੂੰ ਕੋਈ ਅਜਿਹਾ ਕੰਮ ਕਰਨਾ ਪਵੇ ਜਿਸ ਵਿਚ ਸਾਡੀ ਰੁਚੀ ਨਾ ਹੋਵੇ ਤਾਂ ਨਾ ਕੇਵਲ ਥਕਾਵਟ ਵੱਧ ਹੁੰਦੀ ਹੈ, ਸਗੋਂ ਉਹ ਕੰਮ ਵੀ ਨਹੀਂ ਨਿਖਰਦਾ ਅਤੇ ਉਸ ਕੰਮ ਦੀ ਪੱਧਰ ਵੀ ਉੱਚੀ ਨਹੀਂ ਹੁੰਦੀ।

ਅਕਸਰ ਵੇਖਿਆ ਗਿਆ ਹੈ ਕਿ ਜਿਹੜਾ ਕੰਮ ਸਾਨੂੰ ਨਿਰਬਾਹ ਦੀ ਮਜਬੂਰੀ ਅਧੀਨ ਕਰਨਾ ਪਵੇ ਉਹ ਨੀਰਸ ਹੋ ਜਾਂਦਾ ਹੈ। ਅਧਿਆਪਕ ਜਾਣਦੇ ਹਨ ਕਿ ਬੜੀਆਂ ਦਿਲਚਸਪ ਪੁਸਤਕਾਂ ਜਦੋਂ ਸਿਲੇਬਸ ਵਿਚ ਲੱਗ ਜਾਂਦੀਆਂ ਹਨ ਤਾਂ ਉਹ ਵੀ ਬੜੀਆਂ ਅਕਾਊ ਹੋ ਨਿਬੜਦੀਆਂ ਹਨ।

ਹਰ ਇਕ ਵਿਅਕਤੀ ਆਪਣੇ ਕੰਮ ਵਿਚਲੀ ਦਿਲਚਸਪੀ ਦੇ ਅਨੁਪਾਤ ਵਿਚ ਹੀ ਲਾਇਕ ਜਾਂ ਨਾਲਾਇਕ, ਸੁਸਤ ਜਾਂ ਚੁਸਤ ਅਤੇ ਫੁਰਤੀਲਾ ਜਾਂ ਕੰਮਚੋਰ ਹੁੰਦਾ ਹੈ।

ਲਗਨ ਵਾਸਤਵ ਵਿਚ ਆਪਣੇ ਕੰਮ ਵਿਚ ਦਿਲਚਸਪੀ ਦਾ ਹੀ ਦੂਜਾ ਨਾਂ ਹੈ।

ਲਗਨ ਅਤੇ ਦਿਲਚਸਪੀ ਨਾਲ ਕੀਤਾ ਕੰਮ ਸੌਖਾ ਹੋ ਜਾਂਦਾ ਹੈ।

ਕਈ ਵਾਰੀ ਕਿਸੇ ਦੁਕਾਨ ਤੋਂ ਅਸੀਂ ਕੋਈ ਚੀਜ਼ ਖਰੀਦਣੀ ਨਹੀਂ ਹੁੰਦੀ ਪਰ ਦੁਕਾਨਦਾਰ ਦੀ ਲਗਨ ਸਾਨੂੰ ਖਰੀਦਣ ਲਈ ਮਜਬੂਰ ਕਰ ਦਿੰਦੀ ਹੈ।

ਲਗਨ ਨਾਲ ਕੀਤੇ ਕੰਮ ਦੀ ਪਛਾਣ ਹੀ ਇਹ ਹੈ ਕਿ ਜਿਤਨੇ ਸਾਨੂੰ ਕਿਸੇ ਕੰਮ ਨੂੰ ਕਰਨ ਦੇ ਪੈਸੇ ਮਿਲਦੇ ਹਨ, ਅਸੀਂ ਉਸ ਤੋਂ ਵਧੇਰੇ ਕੰਮ ਕਰਦੇ ਹਾਂ।

ਜਿਸ ਨੂੰ ਅਸੀਂ ਪਿਆਰ ਕਰਦੇ ਹਾਂ ਉਸ ਦਾ ਕੋਈ ਕੰਮ ਕੀਤਿਆਂ ਵੀ ਸਾਨੂੰ ਥਕਾਵਟ ਨਹੀਂ ਹੁੰਦੀ। ਜਦੋਂ ਕੰਮ ਵਿਚ ਪਿਆਰ ਸ਼ਾਮਲ ਹੋ ਜਾਵੇ ਤਾਂ ਉਸ ਦੀ ਪੱਧਰ ਅਤੇ ਉਸ ਦਾ ਰੰਗ ਬਦਲ ਜਾਂਦੇ ਹਨ। ਦੂਜੇ ਦੀ ਆਸ ਨਾਲੋਂ ਵੱਧ ਪਿਆਰ ਕਰਨਾ, ਦੂਜੇ ਨੂੰ ਆਪਣੇ ਤੋਂ ਤਰਜੀਹ ਦੇਣਾ, ਪਿਆਰ ਦੇ ਸਮੁੱਚੇ ਅਨੁਭਵ ਦਾ ਆਧਾਰ ਹਨ।

ਪ੍ਰੇਮਿਕਾ ਨੂੰ ਆਪਣੇ ਪ੍ਰੇਮੀ ਦੀ ਜਿਤਨੀ ਉਡੀਕ ਕਰਨੀ ਚਾਹੀਦੀ ਹੈ, ਉਹ ਉਸ ਤੋਂ ਵੱਧ ਉਡੀਕ ਕਰਦੀ ਹੈ। ਪ੍ਰੇਮੀ ਨੂੰ ਆਪਣੀ ਪ੍ਰੇਮਿਕਾ ਲਈ ਜਿਤਨੀ ਕੁਰਬਾਨੀ ਕਰਨੀ ਚਾਹੀਦੀ ਹੈ, ਉਹ ਉਸ ਤੋਂ ਵੱਧ ਕੁਰਬਾਨੀ ਕਰਦਾ ਹੈ। ਮਾਂ-ਧੀ-ਭੈਣ-ਪਤਨੀ ਆਦਿ ਦੇ ਰਿਸ਼ਤੇ ਨਿੱਘੇ ਹੀ ਤਾਂ ਹਨ ਕਿਉਂਕਿ ਇਨ੍ਹਾਂ ਰਾਹੀਂ ਆਸ ਨਾਲੋਂ ਵੱਧ ਮੋਹ-ਪਿਆਰ-ਸਨੇਹ ਵਿਖਾਇਆ ਜਾਂਦਾ ਹੈ। ਪਿਤਾ-ਪੁੱਤਰ-ਭਰਾ ਅਤੇ ਪਤੀ ਦੇ ਰਿਸ਼ਤੇ ਵੀ ਇਸੇ ਲਈ ਚੰਗੇ ਲਗਦੇ ਹਨ, ਕਿਉਂਕਿ ਇਸਤਰੀ ਨੂੰ ਇਨ੍ਹਾਂ ਤੋਂ ਜਿਤਨੀ ਰੱਖਿਆ-ਸੁਰੱਖਿਆ ਦੀ ਆਸ ਹੁੰਦੀ ਹੈ, ਇਹ ਰਿਸ਼ਤੇ ਉਸ ਤੋਂ ਵੱਧ ਤੱਤਪਰ ਰਹਿੰਦੇ ਹਨ।

ਪਿਆਰ ਦੇ ਖੇਤਰ ਵਿਚ ਇਸਤਰੀ ਦੀ ਸਰਦਾਰੀ ਹੈ, ਪੁਰਸ਼ ਇਸ ਖੇਤਰ ਵਿਚ ਇਸਤਰੀ ਦੇ ਬਰਾਬਰ ਨਹੀਂ ਤੁਲ ਸਕਦਾ। ਵੇਖਿਆ ਗਿਆ ਹੈ ਕਿ ਪੁਰਸ਼ ਥੋੜ੍ਹਾ ਪਿਆਰ ਕਰਦੇ ਹਨ ਪਰ ਕਰਦੇ ਕਈਆਂ ਨਾਲ ਹਨ ਅਤੇ ਵਾਰ-ਵਾਰ ਕਰਦੇ ਹਨ ਪਰ ਇਸਤਰੀ ਬਹੁਤ ਪਿਆਰ ਕਰਦੀ ਹੈ ਪਰ ਵਾਰ-ਵਾਰ ਨਹੀਂ ਕਰਦੀ। ਇਸਤਰੀ ਜਦੋਂ ਆਪਣੇ ਦਿਲ ਦੇ ਮਹਿਮਾਨ ਲਈ, ਆਪਣੇ ਸੁਪਨਿਆਂ ਦੀ ਕੜਾਹੀ ਵਿਚ, ਪਿਆਰ ਦੀਆਂ ਪਿੰਨੀਆਂ ਬਣਾਉਂਦੀ ਹੈ ਤਾਂ ਉਹ ਆਪਣੀਆਂ ਭਾਵਨਾਵਾਂ ਦਾ ਜੋੜਿਆ ਸਾਰਾ ਘਿਓ ਇਨ੍ਹਾਂ ਵਿਚ ਪਾ ਦਿੰਦੀ ਹੈ। ਪ੍ਰੇਮੀ ਦੇ ਬੇਦਾਵਾ ਲਿਖ ਜਾਣ ਮਗਰੋਂ ਵੀ ਇਸਤਰੀ ਉਸ ਨੂੰ ਉਡੀਕਦੀ ਰਹਿੰਦੀ ਹੈ। ਇਹ ਇਸ ਲਈ ਹੁੰਦਾ ਹੈ, ਕਿਉਂਕਿ ਇਸਤਰੀ ਸਦਾ ਹੀ, ਵਧੇਰੇ ਲਗਨ ਵਾਲੀ ਅਤੇ ਵਧੇਰੇ ਆਸਵੰਦ ਹੁੰਦੀ ਹੈ

ਸੋ ਵਾਧੇ ਦਾ ਇਹ ਨੇਮ ਲਗਨ ਦੀ ਨੀਂਹ ਹੈ। ਦੂਜੇ ਦੀ ਆਸ ਨਾਲੋਂ ਵੱਧ ਕੰਮ ਕਰਨਾ ਸੰਭਵ ਹੀ ਉਦੋਂ ਹੁੰਦਾ ਹੈ, ਜਦੋਂ ਸਾਨੂੰ ਲਗਨ ਦੀ ਜਾਗ ਲੱਗ ਜਾਵੇ।

ਵੇਖਿਆ ਗਿਆ ਹੈ ਕਿ ਜਿਹੜਾ ਕੰਮ ਅਸੀਂ ਆਪਣੀ ਮਰਜ਼ੀ ਨਾਲ ਕਰਨਾ ਚਾਹੁੰਦੇ ਹਾਂ ਉਸ ਬਾਰੇ ਜਾਣੂਆਂ ਅਤੇ ਪਰਿਵਾਰ ਦੇ ਜੀਆਂ ਆਦਿ ਦੀ ਰਾਇ ਸਾਡੀ ਰਾਇ ਦੇ ਵਿਰੁਧ ਹੁੰਦੀ ਹੈ। ਉਹ ਸਾਨੂੰ ਝੱਟਪਟ ਅਤੇ ਵੱਧ ਤੋਂ ਵੱਧ ਕਮਾਉਣ ਲਈ ਪ੍ਰੇਰਦੇ ਹਨ, ਜਦੋਂ ਕਿ ਅਸੀਂ ਕੰਮ ਵਿਚੋਂ ਮਿਲਣ ਵਾਲੀ ਵੱਧ ਤੋਂ ਵੱਧ ਤਸੱਲੀ ਵੱਲ ਰੁਚਿਤ ਹੁੰਦੇ ਹਾਂ। ਆਪਣੇ ਮਨ-ਪਸੰਦ ਦੇ ਕੰਮ ਵਿਚ ਰੁਕਾਵਟਾਂ ਆਉਣਗੀਆਂ ਅਤੇ ਰੁਕਾਵਟਾਂ ਪਾਈਆਂ ਵੀ ਜਾਣਗੀਆਂ। ਮੁੱਢ ਵਿਚ ਮਾਇਕ ਲਾਭ ਨਾ ਹੋਣ ਦੇ ਬਰਾਬਰ ਹੋਵੇਗਾ ਪਰ ਲੰਮੇ ਅਰਸੇ 'ਤੇ ਜਦੋਂ ਮਾਇਕ ਲਾਭ ਨੂੰ ਫੈਲਾ ਕੇ ਵੇਖਾਂਗੇ ਤਾਂ ਮਾਇਕ ਲਾਭ ਵੀ ਘੱਟ ਨਹੀਂ ਹੋਵੇਗਾ, ਜਦੋਂ ਕਿ ਮਨਪਸੰਦ ਦੇ ਕੰਮ ਵਿਚੋਂ ਮਿਲਣ ਵਾਲੀ ਖੁਸ਼ੀ ਵਾਧੂ ਹੋਵੇਗੀ। ਮਨ-ਪਸੰਦ ਦੇ ਕੰਮ ਦੀ ਪੱਧਰ, ਲਗਨ ਕਾਰਨ ਸਦਾ ਉਚੀ ਹੁੰਦੀ ਹੈ।

ਜੇ ਤੁਸੀਂ ਆਪਣੀ ਮਨ-ਪਸੰਦ ਦਾ ਕੰਮ ਕਰਨਾ ਚਾਹੁੰਦੇ ਹੋ ਤਾਂ ਮੁੱਢ ਵਿਚ ਕੁਝ ਸਾਕ-ਸਬੰਧੀ ਜ਼ਰੂਰ ਨਿਰਾਸ਼ ਹੋਣਗੇ।

ਸਾਡੇ ਪਿਆਰੇ ਨਾਨਕ ਦੇ ਪਿਤਾ ਵੀ, ਗੌਤਮ ਦੇ ਪਿਤਾ ਵਾਂਗ, ਆਪਣੇ ਪੁੱਤਰ 'ਤੋਂ ਸਦਾ ਨਿਰਾਸ਼ ਅਤੇ ਪ੍ਰੇਸ਼ਾਨ ਹੀ ਰਹੇ ਸਨ।

ਜਦੋਂ ਕੋਈ ਵਿਅਕਤੀ ਸਫਲ ਹੋ ਜਾਂਦਾ ਹੈ ਤਾਂ ਸਾਰੇ ਵਿਰੋਧੀ, ਸਹਿਯੋਗੀ ਬਣ ਜਾਂਦੇ ਹਨ ਅਤੇ ਤੁਹਾਡੇ ਮੁੱਢ ਦੇ ਵਿਰੋਧੀ ਤੁਹਾਡੇ ਸਭ ਤੋਂ ਵੱਡੇ ਪ੍ਰਸੰਸਕ ਹੋ ਨਿਬੜਦੇ ਹਨ।

ਸਫ਼ਲਤਾ, ਸਮੱਸਿਆਵਾਂ ਨੂੰ ਮੌਕਿਆਂ ਵਿਚ ਬਦਲਣ ਦਾ ਹੁਨਰ ਸਿਖਾ ਦਿੰਦੀ ਹੈ।

ਜਦੋਂ ਤੁਸੀਂ ਪ੍ਰਸਿੱਧ ਹੋ ਜਾਂਦੇ ਹੋ ਤਾਂ ਤੁਹਾਡੀ ਰਫਤਾਰ ਵਧਾਉਣ ਲਈ ਲੋਕ ਆਪ ਹੀ ਰਾਹ ਛੱਡ ਦਿੰਦੇ ਹਨ।

ਤੁਸੀਂ ਵੇਖਿਆ ਹੋਵੇਗਾ ਕਿ ਵਿਆਹ ਵਿਚ ਲਾੜਾ ਅਤੇ ਦੁਲਹਨ ਜਿਧਰੋਂ ਲੰਘਣ ਲੋਕ ਰਾਹ ਛੱਡ ਦਿੰਦੇ ਹਨ, ਇਹ ਇਸ ਲਈ ਹੁੰਦਾ ਹੈ, ਕਿਉਂਕਿ ਉਨ੍ਹਾਂ ਦੀ ਸਫ਼ਲਤਾ, ਚਾਅ ਅਤੇ ਲਗਨ ਵਿਚ ਕੋਈ ਸ਼ੱਕ ਨਹੀਂ ਰਹਿ ਗਿਆ ਹੁੰਦਾ। ਟਰੈਫਿਕ ਵਾਲਾ ਸਿਪਾਹੀ ਵੀ ਦੁਲਹਨ ਦਾ ਚੂੜਾ ਵੇਖ ਕੇ ਉਸ ਦੇ ਖਾਵੰਦ ਦਾ ਚਲਾਨ ਨਹੀਂ ਕਰਦਾ।

ਸਫ਼ਲਤਾ ਦੀ ਹਰ ਥਾਂ ਪ੍ਰਸ਼ੰਸਾ ਹੁੰਦੀ ਹੈ।

ਸਫ਼ਲਤਾ ਸਾਡੇ ਵਿਚ ਸਵੈ-ਵਿਸ਼ਵਾਸ ਸਿਰਜਦੀ ਹੈ।

ਹਰ ਮਹੱਤਵਪੂਰਨ ਕੰਮ ਦੇ ਮੁੱਢ ਵਿਚ ਕਈ ਅਸਫ਼ਲਤਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਕੋਈ ਵੀ ਸਫ਼ਲ ਵਿਅਕਤੀ ਪਹਿਲੀ ਵਾਰ ਹੀ ਜਾਂ ਪਹਿਲੇ ਹੀ ਯਤਨ ਵਿਚ ਸਫ਼ਲ,ਨਹੀਂ ਹੋਇਆ ਹੁੰਦਾ। ਹਰ ਇਕ ਸਫ਼ਲ ਵਿਅਕਤੀ ਨੂੰ ਅਨੇਕਾਂ ਹਾਰਾਂ ਵਿਚੋਂ ਲੰਘਣਾ ਪੈਂਦਾ ਹੈ। ਹੌਸਲਾ ਹਾਰਾਂ ਵਿਚੋਂ ਹੀ ਉਪਜਦਾ ਹੈ ਅਤੇ ਇਹ ਲਗਨ ਨਾਲ ਕੀਤੀ ਜੱਦੋ-ਜਹਿਦ ਵੇਲੇ ਹੀ ਕੰਮ ਆਉਂਦਾ ਹੈ।

ਹਾਰ ਅਤੇ ਅਸਫ਼ਲਤਾ ਸਾਡੀ ਲਗਨ ਦਾ ਇਮਤਿਹਾਨ ਹੁੰਦੇ ਹਨ।

ਕੋਈ ਵੀ ਕੰਮ, ਭਾਵੇਂ ਮੁਫ਼ਤ ਹੀ ਕਿਉਂ ਨਾ ਕੀਤਾ ਗਿਆ ਹੋਵੇ, ਅਜਾਈਂ ਨਹੀਂ ਜਾਂਦਾ, ਮੁਫ਼ਤ ਵਿਚ ਕੀਤੇ ਕੰਮ ਸਾਡੀ ਸਾਖ ਵਧਾਉਂਦੇ ਹਨ। ਜਿਹੜਾ ਵਿਅਕਤੀ ਮਿਲਣ ਵਾਲੇ ਪੈਸਿਆਂ ਨਾਲੋਂ ਵਧੇਰੇ ਕੰਮ ਕਰਦਾ ਹੈ, ਉਸ ਨੂੰ ਲਾਭ ਵੀ ਵਧੇਰੇ ਪ੍ਰਾਪਤ ਹੁੰਦਾ ਹੈ। ਉਸ ਕੋਲ ਗਾਹਕਾਂ ਦੀ ਭੀੜ ਲਗ ਜਾਵੇਗੀ, ਅਜਿਹੇ ਮਨੁੱਖ ਨੂੰ ਵੇਖਣ ਵਾਸਤੇ ਦੂਰੋਂ-ਦੂਰੋਂ ਲੋਕ ਆਉਣਗੇ। ਕੁਦਰਤ ਵਿਚ ਵੀ ਇਹੀ ਨੇਮ ਕਾਰਜਸ਼ੀਲ ਹੈ। ਧਰਤੀ ਬੀਜ ਲੈ ਕੇ ਦਰਖਤ ਦਿੰਦੀ ਹੈ। ਗੁਠਲੀ ਲੈ ਕੇ ਅੰਬਾਂ ਦੇ ਟੋਕਰੇ ਮੋੜਦੀ ਹੈ। ਜਿਹੜੀ ਬਾਂਹ ਅਤੇ ਹੱਥ ਅਸੀਂ ਵਧੇਰੇ ਵਰਤਦੇ ਹਾਂ, ਉਹੀ ਬਾਂਹ ਅਤੇ ਹੱਥ ਕੇਵਲ ਵਧੇਰੇ ਕੰਮ ਹੀ ਨਹੀਂ ਕਰਦੇ, ਚੰਗੇਰਾ ਕੰਮ ਵੀ ਕਰਦੇ ਹਨ।

ਚੰਗੇ ਮਾਲਕ ਨਾਲ, ਚੰਗੇ ਅਫਸਰ ਨਾਲ, ਚੰਗੇ ਪਤੀ ਆਦਿ ਨਾਲ ਤਾਂ ਹਰ ਕੋਈ ਗੁਜ਼ਾਰਾ ਕਰ ਸਕਦਾ ਹੈ। ਤੁਹਾਡੀ ਯੋਗਤਾ ਇਸ ਗੱਲ ਵਿਚ ਹੈ ਕਿ ਭੈੜੇ ਵਿਅਕਤੀ ਦਾ ਕੰਮ ਵੀ ਤੁਸੀਂ ਪੂਰੀ ਲਗਨ ਨਾਲ ਕਰੋ ਅਤੇ ਰੱਬ ਉਤੇ ਕਰਜ਼ਾ ਚੜ੍ਹਾ ਦਿਓ।

ਸ਼ਕਤੀ, ਵਿਰੋਧੀ ਹਾਲਤਾਂ ਵਿਚ ਵਿਚਰਨ ਨਾਲ ਹੀ ਉਪਜਦੀ ਹੈ।

ਸ਼ਕਤੀਸ਼ਾਲੀ ਦਰਖਤ ਉਹ ਹੁੰਦਾ ਹੈ, ਜਿਹੜਾ ਇਕੱਲਾ ਖਲੋਤਾ ਹਨੇਰੀਆਂ ਅਤੇ ਤੂਫਾਨਾਂ ਨੂੰ ਸੱਦਾ ਦਿੰਦਾ ਹੈ। ਅਜਿਹੇ ਦਰਖਤ ਵਿਚ ਤੂਫਾਨੀ ਸੰਜਮ ਹੁੰਦਾ ਹੈ। ਹਰ ਤੂਫਾਨ ਉਸ ਨੂੰ ਉਖਾੜਨ ਦੀ ਲੜਾਈ ਲੜਦਾ ਹੈ, ਜਦੋਂ ਕਿ ਉਹ ਹਰ ਤੂਫਾਨ ਵਿਚੋਂ ਵਧੇਰੇ ਸ਼ਕਤੀਸ਼ਾਲੀ ਹੋ ਕੇ ਉਭਰਦਾ ਹੈ।

ਮਾਪਿਆਂ ਦਾ ਫਰਜ਼ ਹੈ ਕਿ ਉਹ ਆਪਣੀ ਸੰਤਾਨ ਨੂੰ ਜ਼ਿੰਦਗੀ ਦੀ ਪਹਿਲੀ ਕਤਾਰ ਵਿਚ ਬੈਠਣ ਦਾ ਸਹਿਜ-ਹੁਨਰ ਸਿਖਾਉਣ। ਅਧਿਆਪਕਾਂ ਦਾ ਕਰਤਵ ਹੈ ਕਿ ਉਹ

ਆਪਣੇ ਵਿਦਿਆਰਥੀਆਂ ਨੂੰ ਸਿਖਾਉਣ ਕਿ ਜਦੋਂ ਸਾਰੇ ਥੱਕ ਜਾਣ ਤਾਂ ਵੀ ਉਨ੍ਹਾਂ ਵਿਚ ਕੁਝ ਕਦਮ ਹੋਰ ਚੱਲਣ ਦੀ ਹਿੰਮਤ ਹੋਣੀ ਚਾਹੀਦੀ ਹੈ। ਸਾਡਾ ਸਾਰਿਆਂ ਦਾ ਇਹ ਸਾਂਝਾ ਧਰਮ ਹੈ ਕਿ ਅਸੀਂ ਅਗਲੀ ਪੀੜ੍ਹੀ ਨੂੰ ਮਿਲਣ ਵਾਲੀ ਉਜਰਤ ਦੇ ਮੁਕਾਬਲੇ, ਪੱਧਰ ਅਤੇ ਗਿਣਤੀ ਦੇ ਪੱਖੋਂ, ਵਧੇਰੇ ਕੰਮ ਕਰਨ ਦੀ ਜਾਚ ਸਿਖਾਈਏ।

ਜਦੋਂ ਕਾਮਾ ਚੰਗਾ ਹੋਵੇ ਤਾਂ ਮਾਲਕ ਆਪੇ ਚੰਗਾ ਹੋ ਜਾਂਦਾ ਹੈ।

ਜਦੋਂ ਸੰਤਾਨ ਲਾਇਕ ਹੋਵੇ ਤਾਂ ਮਾਪੇ ਆਪੇ ਸਿਆਣੇ ਬਣ ਜਾਂਦੇ ਹਨ।

ਆਲੇ-ਦੁਆਲੇ ਝਾਤ ਮਾਰ ਕੇ ਵੇਖੋ, ਤੁਹਾਨੂੰ ਜਾਣਨ ਵਿਚ ਦੇਰ ਨਹੀਂ ਲੱਗੇਗੀ ਕਿ ਕੁਝ ਹੀ ਲੋਕ ਸਫ਼ਲ ਕਿਉਂ ਹੋ ਰਹੇ ਹਨ ਅਤੇ ਬਹੁਤੇ ਅਸਫ਼ਲ ਹੀ ਕਿਉਂ ਹੋਈ ਜਾ ਰਹੇ ਹਨ।

ਕਾਮੇ ਦੀ ਆਸ ਨਾਲੋਂ ਉਸ ਨੂੰ ਵਧੇਰੇ ਤਨਖਾਹ ਦੇਣ ਦਾ ਅਸੂਲ ਵੀ ਮਾਲਕ ਦੀ ਸਫ਼ਲਤਾ ਦਾ ਭੇਤ ਹੋ ਨਿਬੜਦਾ ਹੈ। ਕਾਮੇ ਨੂੰ ਉਸ ਦੀ ਆਸ ਨਾਲੋਂ ਵੱਧ ਤਨਖਾਹ ਦੇ ਕੇ ਸਿਆਣੇ ਮਾਲਕ ਆਪਣਾ ਮੁਨਾਫ਼ਾ ਸਹਿਜੇ ਹੀ ਵਧਾ ਸਕਦੇ ਹਨ। ਜਿਹੜੀਆਂ ਕੰਪਨੀਆਂ ਵੱਧ ਤਨਖਾਹਾਂ ਦਿੰਦੀਆਂ ਹਨ, ਉਹੀ ਵਧੇਰੇ ਮੁਨਾਫ਼ਾ ਕਮਾਉਂਦੀਆਂ ਹਨ। ਅਜਿਹੇ ਕਾਮੇ ਜਿਥੇ ਵੀ ਹੋਣਗੇ, ਉਹ ਮਾਲਕ ਦੀ ਆਸ ਨਾਲੋਂ ਵਧੇਰੇ ਜ਼ਿੰਮੇਵਾਰੀਆਂ ਦਾ ਬੋਝ ਆਪੇ ਚੁੱਕ ਲੈਣਗੇ। ਇਸ ਅਸੂਲ ਦੀਆਂ ਉਦਾਹਰਣਾਂ ਦੇਣੀਆਂ ਤੁਹਾਡੀ ਅਕਲ ਉਤੇ ਸ਼ੱਕ ਕਰਨ ਵਾਲੀ ਗੱਲ ਹੋਵੇਗੀ।

ਕੋਈ ਵੀ ਵਿਅਕਤੀ ਦੂਜਿਆਂ ਦੇ ਸਹਿਯੋਗ ਤੋਂ ਬਿਨਾਂ ਨਾ ਅੱਗੇ ਜਾ ਸਕਦਾ ਹੈ ਨਾ ਉਪਰ ਉਠ ਸਕਦਾ ਹੈ। ਜਿਤਨਾ ਕੋਈ ਵੱਡਾ ਆਗੂ ਹੁੰਦਾ ਹੈ, ਉਸ ਨੂੰ ਉਤਨੇ ਹੀ ਵਧੇਰੇ ਲੋਕਾਂ ਦੇ ਸਹਿਯੋਗ ਦੀ ਲੋੜ ਹੁੰਦੀ ਹੈ।

ਦੂਜਿਆਂ 'ਤੇ ਦੋਸ਼ ਲਾਉਣ ਅਤੇ ਨਿੰਦਾ ਕਰਨ ਦੀ ਆਦਤ ਕਾਰਨ, ਅਸੀਂ ਉਨ੍ਹਾਂ ਦੇ ਸਹਿਯੋਗ ਤੋਂ ਵਿਰਵੇ ਰਹਿ ਜਾਂਦੇ ਹਾਂ।

ਦੋਸ਼ ਲਾਉਣਾ, ਪ੍ਰਸੰਸਾ ਕਰਨ ਨਾਲੋਂ ਸੌਖਾ ਕੰਮ ਹੁੰਦਾ ਹੈ।

ਪ੍ਰਸੰਸਾ ਕਰਨ ਦੀ ਸ਼ਕਤੀ, ਸਫ਼ਲ ਜ਼ਿੰਦਗੀ ਦੇ ਤਜਰਬੇ ਵਿਚੋਂ ਉਪਜਦੀ ਹੈ।

ਜ਼ਿੰਦਗੀ ਦਾ ਤਜਰਬਾ ਜ਼ਿੰਦਗੀ ਵਿਚੋਂ ਹੀ ਪ੍ਰਾਪਤ ਹੋਵੇਗਾ, ਇਸ ਨੂੰ ਖਰੀਦਿਆ ਨਹੀਂ ਜਾ ਸਕਦਾ। ਸਵੈ-ਭਰੋਸੇ, ਵਿਸ਼ਵਾਸ ਅਤੇ ਚਰਿਤਰ ਦਾ ਨਿਰਮਾਣ, ਈਮਾਨਦਾਰ ਅਤੇ ਲਗਨ ਭਰੀ ਮਿਹਨਤ ਵਿਚੋਂ ਹੀ ਹੋਵੇਗਾ।

ਮਿਹਨਤ ਦਾ ਅਸਲੀ ਫਲ ਧਨ ਨਹੀਂ, ਗਿਆਨ ਅਤੇ ਚਰਿਤਰ ਹਨ।

ਜਿਨ੍ਹਾਂ ਵਿਚ ਮਿਹਨਤ ਭਰੀ ਲਗਨ ਦਾ ਗੁਣ ਨਹੀਂ ਹੁੰਦਾ, ਉਹ ਸਫ਼ਰ ਤਾਂ ਕਰਦੇ ਹਨ ਪਰ ਉਨ੍ਹਾਂ ਦੀ ਯਾਤਰਾ ਵਾਲੀ ਸੜਕ ਗੋਲ ਹੁੰਦੀ ਹੈ।

ਅਜਿਹੇ ਵਿਅਕਤੀ ਧਨ ਵਾਲੇ ਗਰੀਬ ਹੁੰਦੇ ਹਨ।

ਸੰਸਾਰ ਦਾ ਕੋਈ ਵੀ ਮਹਾਂਪੁਰਸ਼ ਲੱਖਪਤੀ ਨਹੀਂ ਸੀ। ਜਿਹੜੇ ਮਹਿਲਾਂ ਵਿਚ ਜਨਮੇ ਸਨ, ਉਹ ਮਹਿਲਾਂ ਨੂੰ ਤਿਆਗ ਕੇ ਹੀ ਮਹਾਂਪੁਰਸ਼ ਬਣੇ ਸਨ।

ਲਗਨ ਭਰਿਆ ਕੰਮ ਸਾਨੂੰ ਆਜ਼ਾਦ ਕਰਦਾ ਹੈ।

ਕਲਾਕਾਰ, ਕਾਰਖਾਨੇਦਾਰਾਂ ਨਾਲੋਂ ਵਧੇਰੇ ਆਜ਼ਾਦ ਹੁੰਦੇ ਹਨ, ਜਿਵੇਂ ਵਰਾਂਡਾ ਕਮਰੇ ਨਾਲੋਂ ਵਧੇਰੇ ਆਜ਼ਾਦ ਹੁੰਦਾ ਹੈ।

ਬਹੁਤਾ ਧਨ ਵੀ ਇਕ ਪ੍ਰਕਾਰ ਦੀ ਗੁਲਾਮੀ ਹੈ, ਜਿਸ ਕਾਰਨ ਮਹਿਸੂਸ ਕਰਨ ਦੀ ਯੋਗਤਾ ਜਾਂਦੀ ਰਹਿੰਦੀ ਹੈ।

ਲਗਨ ਵਾਲੇ ਵਿਅਕਤੀ ਦਾ ਕੋਈ ਮੁਲਕ ਨਹੀਂ ਹੁੰਦਾ, ਉਹ ਸਮੁੱਚੀ ਮਾਨਵਜਾਤੀ ਦਾ ਸਰਮਾਇਆ ਹੁੰਦਾ ਹੈ।

ਕਲਾਕਾਰ ਦਾ ਦੇਸ਼ ਉਹ ਨਹੀਂ ਹੁੰਦਾ ਜਿਥੇ ਉਹ ਰਹਿੰਦਾ ਹੈ, ਸਗੋਂ ਉਹ ਹੁੰਦਾ ਹੈ ਜਿਥੇ ਉਸ ਦੀ ਲਗਨ ਨੂੰ ਸਮਝਿਆ ਜਾਂਦਾ ਹੈ।

ਭਲੇ ਮਨੁੱਖ ਬਣਨਾ ਹੀ ਕਾਫ਼ੀ ਨਹੀਂ, ਕੰਮ ਦੇ ਆਦਮੀ ਬਣਨਾ ਚਾਹੀਦਾ ਹੈ।

ਕੇਵਲ ਕੰਮ ਹੀ ਸਾਡੀ ਪਛਾਣ ਨਹੀਂ ਹੋਣਾ ਚਾਹੀਦਾ, ਉਸ ਵਿਚੋਂ ਲਗਨ ਦੀ ਸੁਗੰਧੀ ਵੀ ਹੋਣੀ ਚਾਹੀਦੀ ਹੈ।

ਖੁੰਢੀਆਂ ਤਲਵਾਰਾਂ ਅਤੇ ਤਿੱਖੀਆਂ ਢਾਲਾਂ

ਜਿਹੜੇ ਕੁਝ ਮੁੱਲਵਾਨ ਕਹਿੰਦੇ-ਕਰਦੇ ਹਨ, ਉਨ੍ਹਾਂ ਨੂੰ ਬੋਲਾਂ-ਕੁਬੋਲਾਂ ਦੀਆਂ ਕਈ ਭੀੜੀਆਂ ਅਤੇ ਹਨੇਰੀਆਂ ਗਲੀਆਂ ਵਿਚੋਂ ਲੰਘਣਾ ਪੈਂਦਾ ਹੈ।

ਸੰਸਾਰ ਦੀ ਇਹ ਰੀਤ ਹੈ ਕਿ ਇਹ ਹਰ ਪ੍ਰਕਾਰ ਦੇ ਪਰਿਵਰਤਨ ਨੂੰ ਤੋਹਮਤਾਂ ਨਾਲ ਰੋਕਣ ਦਾ ਉਪਰਾਲਾ ਕਰਦਾ ਹੈ। ਫਿਰ ਵੀ ਜੇ ਪਰਿਵਰਤਨ ਸਾਰੀਆਂ ਰੁਕਾਵਟਾਂ ਦੇ ਬਾਵਜੂਦ ਵਾਪਰ ਰਹੇ ਹਨ ਤਾਂ ਕਾਰਨ ਇਹ ਹੈ ਕਿ ਸਮੁੱਚੀ ਸਥਿਤੀ ਪਰਿਵਰਤਨ ਦੇ ਪੱਖ ਵਿਚ ਹੈ।

ਅਜੋਕਾ ਮਨੁੱਖ ਪਰਿਵਰਤਨ ਦੀ ਦਹਿਲੀਜ਼ 'ਤੇ ਖਲੋਤਾ ਹੈ, ਨਾ ਉਸ ਨੂੰ ਲਾਰੇ ਰੋਕ ਸਕਦੇ ਹਨ, ਨਾ ਉਸ ਨੂੰ ਭਰਮ ਭਰਮਾ ਸਕਦੇ ਹਨ, ਉਹ ਹਰ ਰੁਕਾਵਟ ਨੂੰ ਲੰਮੀ ਛਾਲ ਨਾਲ ਲੰਘ ਜਾਵੇਗਾ।

ਸੰਸਾਰ ਦਾ ਸਾਰਾ ਕੁਝ ਔਸਤ ਵਿਅਕਤੀਆਂ ਲਈ ਹੈ।

ਮਹਾਨ ਵਿਅਕਤੀਆਂ ਨੂੰ ਦੇਣ ਵਾਸਤੇ ਸੰਸਾਰ ਕੋਲ ਕੁਝ ਵੀ ਨਹੀਂ। ਇਸੇ ਕਾਰਨ ਮਹਾਨ ਵਿਅਕਤੀ ਸੰਸਾਰ ਤੋਂ ਕੁਝ ਪ੍ਰਾਪਤ ਨਹੀਂ ਕਰਦੇ ਪਰ ਉਹ ਆਪਣਾ ਸਭ ਕੁਝ ਸੰਸਾਰ ਨੂੰ ਦੇ ਦਿੰਦੇ ਹਨ। ਕਈ ਵਾਰ ਮਹਾਨ ਵਿਅਕਤੀਆਂ ਕੋਲ ਦੇਣ ਲਈ ਵਧੇਰੇ ਹੁੰਦਾ ਹੈ, ਜਦੋਂ ਕਿ ਸੰਸਾਰ ਕੋਲ ਪ੍ਰਾਪਤ ਕਰਨ ਦੀ ਸਮਰੱਥਾ ਘੱਟ ਹੁੰਦੀ ਹੈ।

ਮਹਾਨ ਵਿਅਕਤੀ ਉਦੇਸ਼ਾਂ ਅਧੀਨ ਜਿਊਂਦੇ ਹਨ, ਜਦੋਂ ਕਿ ਔਸਤ ਵਿਅਕਤੀ ਇੱਛਾਵਾਂ ਅਧੀਨ ਜਿਊਂਦੇ ਹਨ। ਮਹਾਨ ਵਿਅਕਤੀਆਂ ਦਾ ਸੁਭਾਅ ਹੁੰਦਾ ਹੈ ਕਿ ਉਹ ਹਰ ਚੀਜ਼ ਨੂੰ ਉੱਚਾ ਚੁੱਕਣਾ ਚਾਹੁੰਦੇ ਹਨ, ਜਦੋਂ ਕਿ ਔਸਤ ਵਿਅਕਤੀਆਂ ਦੀ ਆਦਤ ਹੁੰਦੀ ਹੈ ਕਿ ਉਹ ਚੀਜ਼ ਨੂੰ ਆਪਣੀ ਪੱਧਰ ਤਕ ਨੀਵਾਂ ਲੈ ਆਉਂਦੇ ਹਨ।

ਤੋਹਮਤਾਂ ਲਾਉਣਾ ਅਤੇ ਬੇਇਜ਼ਤੀ ਕਰਨਾ ਔਸਤ ਵਿਅਕਤੀਆਂ ਦਾ ਇਕ ਖੁੰਢਾ ਹਥਿਆਰ ਹੁੰਦਾ ਹੈ। ਨਵੇਂ ਵਿਚਾਰ ਅਪਨਾਉਣ ਜਾਂ ਅਪਣਾਏ ਪੁਰਾਣੇ ਵਿਚਾਰਾਂ ਨੂੰ ਤਿਆਗਣ ਦੀ ਉਨ੍ਹਾਂ ਦੀ ਸਮਰੱਥਾ ਸੀਮਤ ਹੁੰਦੀ ਹੈ ਪਰ ਬਹੁਗਿਣਤੀ ਵਿਚ ਹੋਣ ਕਾਰਨ ਔਸਤ ਵਿਅਕਤੀ ਪਰਿਵਰਤਨ ਦੇ ਮਾਰਗ 'ਤੇ ਰੁਕਾਵਟਾਂ ਜ਼ਰੂਰ ਖੜ੍ਹੀਆਂ ਕਰਦੇ ਹਨ। ਕਿਸੇ ਦੀ ਬੇਇਜ਼ਤੀ ਕਰਨਾ, ਉਸ ਨੂੰ ਅੱਗੇ ਵਧਣ ਤੋਂ ਰੋਕਣ ਦਾ ਇਕ ਹਥਿਆਰ ਹੁੰਦਾ ਹੈ, ਜਿਸ ਦੀ ਪਰੰਪਰਾਗਤ ਸਮਾਜਾਂ ਵਿਚ ਵਿਸ਼ਾਲ ਪੱਧਰ 'ਤੇ ਵਰਤੋਂ ਹੁੰਦੀ ਹੈ।

ਪਰੰਪਰਾਗਤ ਸਮਾਜ ਪਰਿਵਰਤਨ ਦੇ ਵਿਰੋਧੀ ਹੁੰਦੇ ਹਨ।

ਵਸੀਲੇ ਘੱਟ ਅਤੇ ਇੱਛਾਵਾਂ ਵਧੇਰੇ ਹੋਣ ਕਾਰਨ, ਮਨੁੱਖ ਦਾ ਸਮੁੱਚਾ ਜੀਵਨ ਸੰਘਰਸ਼ਮਈ ਹੁੰਦਾ ਹੈ। ਈਰਖਾ, ਘਿਰਣਾ, ਸੁਆਰਥ, ਹਿੰਸਾ, ਵੈਰ-ਵਿਰੋਧ, ਭੈਅ, ਤੋਹਮਤਾਂ,

ਬੇਇਜ਼ਤੀ, ਗਾਲ੍ਹਾਂ ਆਦਿ ਸਭ ਸੰਘਰਸ਼ ਦੀ ਦੇਣ ਹਨ, ਜਦੋਂ ਕਿ ਪਿਆਰ, ਮਿਲਵਰਤਣ, ਮਿੱਤਰਤਾ ਆਦਿ ਸੰਘਰਸ਼ ਤੋਂ ਮੁਕਤ ਅਵਸਥਾਵਾਂ ਹਨ।

ਸੰਘਰਸ਼ ਕਿਸੇ ਵੀ ਪ੍ਰਕਾਰ ਦਾ ਹੋਵੇ ਮਨੁੱਖ ਦੀ ਬਿਰਤੀ ਆਪ-ਮੁਹਾਰੇ ਪੱਖਪਾਤੀ ਅਤੇ ਸੁਆਰਥੀ ਹੋ ਜਾਂਦੀ ਹੈ, ਉਹ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਆਪਣੇ ਸਾਥੀਆਂ ਅਤੇ ਦੁਸ਼ਮਣਾਂ ਦੀਆਂ ਵੰਨਗੀਆਂ ਵਿਚ ਵੰਡ ਲੈਂਦਾ ਹੈ। ਆਪਣੇ ਸਾਥੀਆਂ ਤੋਂ ਸਹਿਯੋਗ ਪ੍ਰਾਪਤ ਕਰਨ ਲਈ, ਉਨ੍ਹਾਂ ਦੀ ਉਹ ਪ੍ਰਸੰਸਾ ਕਰਦਾ ਹੈ ਜਦੋਂ ਕਿ ਉਹ ਵਿਰੋਧੀਆਂ ਜਾਂ ਦੁਸ਼ਮਣਾਂ ਦਾ ਮਨੋਬਲ ਡੇਗਣ ਲਈ, ਉਹ ਉਨ੍ਹਾਂ ਦੀ ਬੇਇਜ਼ਤੀ ਕਰਦਾ ਹੈ।

ਸੁਆਰਥ ਤੋਂ ਬਿਨਾਂ ਨਾ ਹੀ ਪ੍ਰਸੰਸਾ ਸੰਭਵ ਹੁੰਦੀ ਹੈ, ਨਾ ਹੀ ਕਿਸੇ ਦੀ ਬੇਇਜ਼ਤੀ ਕਰਨ ਦੀ ਲੋੜ ਪੈਂਦੀ ਹੈ।

ਜਿਹੜਾ ਸਾਡੇ ਪੱਕ ਚੁੱਕੇ ਸੰਕਲਪਾਂ ਨੂੰ ਵੰਗਾਰਦਾ ਹੈ, ਉਸ ਨੂੰ ਅਸੀਂ ਸਹਿਜੇ ਹੀ ਆਪਣਾ ਦੁਸ਼ਮਣ ਮਿੱਥ ਲੈਂਦੇ ਹਾਂ ਅਤੇ ਉਸ ਦੀ ਬੇਇਜ਼ਤੀ ਕਰ ਕੇ ਅਸੀਂ ਸਮਝਦੇ ਹਾਂ ਕਿ ਉਸ ਦੀ ਵੰਗਾਰ ਖਤਮ ਹੋ ਗਈ ਹੈ ਅਤੇ ਅਸੀਂ ਆਪਣੇ ਸੰਕਲਪਾਂ ਨੂੰ ਹੋਰ ਘੁੱਟ ਕੇ ਫੜ ਲੈਂਦੇ ਹਾਂ। ਸੰਸਾਰ ਦੇ ਮਹਾਨ ਪਸਾਰੇ ਵਿਚ ਜਿਹੜਾ ਕਿਸੇ ਇਕ ਸੋਚ, ਇਕ ਵਿਚਾਰਧਾਰਾ, ਇਕ ਫ਼ਲਸਫ਼ੇ ਆਦਿ ਨੂੰ ਅੰਤਿਮ ਸੱਚ ਮੰਨ ਲੈਂਦਾ ਹੈ, ਉਹ ਸੁਤੰਤਰ ਸੋਚ ਦਾ ਜਾਂ ਵਿਸ਼ਾਲ ਹਿਰਦੇ ਦਾ ਜਾਂ ਡੂੰਘੀ ਸੂਝ-ਸਮਝ ਦਾ ਧਾਰਨੀ ਨਹੀਂ ਹੁੰਦਾ।

ਕੋਈ ਖੋਜ ਆਖਰੀ ਖੋਜ ਨਹੀਂ ਹੁੰਦੀ, ਕੋਈ ਸੱਚ ਅੰਤਿਮ ਸੱਚ ਨਹੀਂ ਹੁੰਦਾ, ਇਹ ਸਾਰੇ ਯਤਨ ਅਤੇ ਉਪਰਾਲੇ ਹਨ।

ਥੱਕ ਗਏ ਵਿਅਕਤੀ ਕਿਸੇ ਇਕ ਗ੍ਰੰਥ, ਪੋਥੀ, ਪੁਸਤਕ ਜਾਂ ਕਿਸੇ ਇਕ ਵਿਚਾਰ ਜਾਂ ਵਿਚਾਰਧਾਰਾ ਨਾਲ ਚਿਮੜ ਜਾਂਦੇ ਹਨ ਅਤੇ ਉਸ ਨੂੰ ਅੰਤਿਮ ਸੱਚ ਸਮਝ ਲੈਂਦੇ ਹਨ।

ਜੀਵਨ ਦੇ ਕਈ ਭੁਲੇਖੇ ਅਤੇ ਖਿੱਚਾਂ ਅਜਿਹੀਆਂ ਹੁੰਦੀਆਂ ਹਨ, ਜਿਹੜੀਆਂ ਸਾਡੀ ਸੋਚ ਅਤੇ ਚਾਲ ਦੋਹਾਂ ਨੂੰ ਵਿਗਾੜ ਦਿੰਦੀਆਂ ਹਨ। ਇਸ ਵਿਗੜੀ ਹੋਈ ਚਾਲ ਬਾਰੇ ਜਿਹੜਾ ਵੀ ਸੰਕੇਤ ਕਰਦਾ ਹੈ, ਉਸ ਦੀਆਂ ਕਹੀਆਂ ਗੱਲਾਂ ਨੂੰ ਅਸੀਂ ਆਪਣੀ ਬੇਇਜ਼ਤੀ ਸਮਝਣ ਲੱਗ ਪੈਂਦੇ ਹਾਂ ਅਤੇ ਆਪਣੇ ਆਪ ਨੂੰ ਸੁਰੱਖਿਅਤ ਕਰਨ ਲਈ ਅਸੀਂ ਉਸ ਦੀ ਬੇਇਜ਼ਤੀ ਕਰਨ ਲਗ ਪੈਂਦੇ ਹਾਂ।

ਅਸੀਂ ਬੀਮਾਰ ਹੁੰਦੇ ਹਾਂ ਅਤੇ ਬੀਮਾਰੀ ਨੂੰ ਤਿਆਗਣ ਦੇ ਲੋਭ ਵਿਚ ਅਸੀਂ ਬੀਮਾਰੀ ਵੀ ਨਹੀਂ ਤਿਆਗਦੇ ਅਤੇ ਦਵਾਈਆਂ ਦਾ ਨਵਾਂ ਜੰਜਾਲ ਸਹੇੜ ਲੈਂਦੇ ਹਾਂ, ਲੋੜ ਬੀਮਾਰੀ ਤਿਆਗਣ ਦੀ ਵੀ ਅਤੇ ਦਵਾਈਆਂ ਤਿਆਗਣ ਦੀ ਵੀ ਹੁੰਦੀ ਹੈ।

ਮਨ ਦੀ ਅਸ਼ਾਂਤੀ ਤੋਂ ਛੁਟਕਾਰਾ ਪ੍ਰਾਪਤ ਕਰਨ ਦੀ ਲਾਲਸਾ ਅਧੀਨ ਅਸੀਂ ਪੂਜਾ-ਪਾਠ ਸਹੇੜ ਲੈਂਦੇ ਹਾਂ। ਲੋੜ ਅਸ਼ਾਂਤੀ ਤੋਂ ਮੁਕਤ ਹੋਣ ਦੀ ਵੀ ਹੈ ਅਤੇ ਪੂਜਾ-ਪਾਠ ਤੋਂ ਮੁਕਤ ਹੋਣ ਦੀ ਵੀ ਹੈ।

ਚਾਹੀਦਾ ਤਾਂ ਇਹ ਹੈ ਕਿ ਡਾਕਟਰ ਸਾਨੂੰ ਬੀਮਾਰੀ ਅਤੇ ਦਵਾਈਆਂ ਦੋਵੇਂ ਤਿਆਗਣ ਦਾ ਹੌਸਲਾ ਦੇਣ ਪਰ ਇਵੇਂ ਬਹੁਤ ਘੱਟ ਹੁੰਦਾ ਹੈ। ਇਵੇਂ ਹੀ ਲੋੜ ਤਾਂ ਇਸ ਗੱਲ ਦੀ ਹੈ ਕਿ

ਪੂਜਾ-ਪਾਠ ਸਾਨੂੰ ਸ਼ਾਂਤੀ ਵੀ ਦੇਵੇ ਅਤੇ ਪੂਜਾ-ਪਾਠ ਤੋਂ ਮੁਕਤ ਹੋਣ ਦਾ ਸਾਹਸ ਵੀ ਦੇਵੇ ਪਰ ਇਵੇਂ ਨਹੀਂ ਹੁੰਦਾ। ਅਸੀਂ ਬੀਮਾਰੀ ਦਾ ਦਵਾਈਆਂ ਨਾਲ ਅਤੇ ਅਸ਼ਾਂਤੀ ਦਾ ਪੂਜਾ-ਪਾਠ ਨਾਲ ਵਟਾਂਦਰਾ ਕਰ ਲੈਂਦੇ ਹਾਂ।

ਸੁੱਖ ਦੀ ਪ੍ਰਾਪਤੀ ਨਾਲ ਦੁੱਖ ਦਾ ਅੰਤ ਨਹੀਂ ਹੁੰਦਾ। ਦੁੱਖ ਦਾ ਅੰਤ ਉਦੋਂ ਹੁੰਦਾ ਹੈ, ਜਦੋਂ ਅਸੀਂ ਸੁੱਖ ਦੀ ਇੱਛਾ ਵੀ ਤਿਆਗ ਦਿੰਦੇ ਹਾਂ।

ਅਸੀਂ ਪਰਉਪਕਾਰ ਕਰ ਕੇ ਵੀ ਇਸ ਲਈ ਦੁੱਖੀ ਹੁੰਦੇ ਹਾਂ ਕਿਉਂਕਿ ਅਸੀਂ ਧੰਨਵਾਦ ਦੀ ਜਾਂ ਪ੍ਰਸੰਸਾ ਦੀ ਆਸ ਲਾ ਲੈਂਦੇ ਹਾਂ। ਜੇ ਧੰਨਵਾਦ ਦੀ ਆਸ ਤਿਆਗ ਦਿੱਤੀ ਜਾਵੇ ਤਾਂ ਸਾਨੂੰ ਕੋਈ ਵੀ ਦੁਖੀ ਨਹੀਂ ਕਰ ਸਕੇਗਾ।

ਅਸੀਂ ਬੇਇਜ਼ਤੀ ਵੀ ਇਸ ਕਰ ਕੇ ਮਹਿਸੂਸ ਕਰਦੇ ਹਾਂ, ਕਿਉਂਕਿ ਸਾਡੇ ਮਨ ਵਿਚ ਪ੍ਰਸੰਸਾ ਦੀ ਇੱਛਾ ਛੁਪੀ ਹੁੰਦੀ ਹੈ। ਜੇ ਪ੍ਰਸੰਸਾ ਦੀ ਇੱਛਾ ਵੀ ਤਿਆਗ ਦਿੱਤੀ ਜਾਵੇ ਤਾਂ ਮਨੁੱਖ ਇਜ਼ਤ-ਬੇਇਜ਼ਤੀ ਤੋਂ ਮੁਕਤ ਹੋ ਜਾਂਦਾ ਹੈ।

ਬੁੱਧ ਦੀ ਹਰ ਮੂਰਤੀ, ਤਿਊੜੀ ਅਤੇ ਮੁਸਕਰਾਹਟ ਦੋਹਾਂ ਤੋਂ ਮੁਕਤ ਹੁੰਦੀ ਹੈ।

ਬੁੱਧ, ਪ੍ਰਸੰਸਾ ਅਤੇ ਬੇਇਜ਼ਤੀ ਦੋਹਾਂ ਤੋਂ ਪਰ੍ਹੇ ਹਨ।

ਮਹਾਨ ਵਿਚਾਰਾਂ ਨੂੰ ਔਸਤਨ ਗਿਆਨ ਦੇ ਧਰਾਤਲ 'ਤੇ ਟਿਕਾਉਣਾ ਅਕਸਰ ਸੰਭਵ ਨਹੀਂ ਹੁੰਦਾ। ਨਵੇਂ ਵਿਚਾਰਾਂ ਨੂੰ ਅਪਨਾਉਣ ਅਤੇ ਸਿੱਖਣ ਦੇ ਪੱਖੋਂ ਹਰ ਕਿਸੇ ਦੀ ਰਫਤਾਰ ਵੱਖਰੀ ਹੁੰਦੀ ਹੈ। ਅਸੀਂ ਸਾਰੇ ਨਵੇਂ ਵਿਚਾਰਾਂ ਨੂੰ ਵੱਖਰੇ-ਵੱਖਰੇ ਢੰਗ ਨਾਲ ਪਰਖਦੇ ਹਾਂ। ਜਿਵੇਂ ਸਾਡੇ ਸਾਰਿਆਂ ਦੇ ਰਸਤੇ ਦੀਆਂ ਰੁਕਾਵਟਾਂ ਵੱਖਰੀਆਂ-ਵੱਖਰੀਆਂ ਹਨ, ਇਵੇਂ ਹੀ ਸਾਡੇ ਪੱਖਪਾਤ ਵੱਖਰੇ ਹੁੰਦੇ ਹਨ, ਇਵੇਂ ਹੀ ਸਾਡਾ ਇਜ਼ਤ-ਬੇਇਜ਼ਤੀ ਪ੍ਰਤੀ ਦ੍ਰਿਸ਼ਟੀਕੋਣ ਵੀ ਵੱਖਰਾ-ਵੱਖਰਾ ਹੁੰਦਾ ਹੈ। ਹਰ ਪੀੜ੍ਹੀ ਦੀ ਬੇਇਜ਼ਤੀ ਪ੍ਰਤੀ ਸੋਝੀ ਵੱਖਰੀ ਹੁੰਦੀ ਹੈ। ਹਰ ਪੀੜ੍ਹੀ ਦਾ ਪ੍ਰਸੰਸਾ ਦਾ ਢੰਗ ਵੀ ਵੱਖਰਾ ਹੁੰਦਾ ਹੈ।

ਚੰਗੇ ਬਣਨ ਨਾਲ ਮੁਸ਼ਕਿਲਾਂ ਅਤੇ ਸਮੱਸਿਆਵਾਂ ਦੋਵੇਂ ਘੱਟ ਜਾਂਦੀਆਂ ਹਨ ਪਰ ਚੰਗੇ ਬਣਨਾ ਹੀ ਤਾਂ ਸਭ ਤੋਂ ਵੱਧ ਮੁਸ਼ਕਿਲ ਹੈ।

ਔਸਤ ਵਿਅਕਤੀ ਤੁਹਾਨੂੰ ਚੰਗਾ ਵੀ ਨਹੀਂ ਬਣਨ ਦੇਣਗੇ। ਜ਼ਰੂਰੀ ਨਹੀਂ ਕਿ ਚੰਗੇ ਹੋਣ ਦਾ ਉਨ੍ਹਾਂ ਦਾ ਪੈਮਾਨਾ ਤੁਹਾਨੂੰ ਪ੍ਰਵਾਨ ਹੋਵੇ। ਇਸ ਸਥਿਤੀ ਵਿਚ ਜਾਂ ਤੁਸੀਂ ਬੇਇਜ਼ਤੀ ਮਹਿਸੂਸ ਕਰੋਗੇ ਜਾਂ ਉਹ ਬੇਇਜ਼ਤੀ ਮਹਿਸੂਸ ਕਰਨਗੇ।

ਔਸਤ ਵਿਅਕਤੀਆਂ ਦਾ ਵਿਕਾਸ ਰੁਕਿਆ ਹੋਇਆ ਹੁੰਦਾ ਹੈ, ਉਹ ਪਰੰਪਰਾ ਨੂੰ ਦ੍ਰਿੜ੍ਹ ਕਰ ਕੇ ਆਪਣੇ ਇਨਕਲਾਬੀ ਹੋਣ ਦਾ ਭਰਮ ਪਾਲਦੇ ਹਨ।

ਜਦੋਂ ਮਨੁੱਖ ਦਾ ਵਿਕਾਸ ਰੁੱਕ ਜਾਂਦਾ ਹੈ ਤਾਂ ਉਸ ਵਿਚ ਵਿਰੋਧੀ ਜਾਂ ਨਵੇਂ ਵਿਚਾਰਾਂ ਨੂੰ ਸਮਝਣ, ਅਪਨਾਉਣ ਜਾਂ ਵਿਚਾਰਨ ਦੀ ਹਿੰਮਤ ਵੀ ਮੁਕ ਜਾਂਦੀ ਹੈ।

ਰੁਕਾਵਟ ਕਿਸੇ ਵੀ ਪ੍ਰਕਾਰ ਦੀ ਹੋਵੇ, ਉਸ ਨਾਲ ਸੰਕਟ ਉਸਰਦੇ ਹਨ।

ਸਮੁੱਚੇ ਸਮਾਜ ਦਾ ਸੰਕਟ ਹਰ ਵਿਅਕਤੀ ਦਾ ਵੀ ਸੰਕਟ ਹੁੰਦਾ ਹੈ।

ਬੇਇਜ਼ਤੀ ਕਰਨ ਦੀ ਭਾਵਨਾ ਕਿਸੇ ਦੀ ਮੌਤ ਤੋਂ ਪਹਿਲਾਂ ਹੀ ਉਸ ਨੂੰ ਮਾਰਨ ਦੀ ਇੱਛਾ ਵਿਚੋਂ ਉਪਜਦੀ ਹੈ।

ਵਿਸ਼ਾਲ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਈਰਖਾ, ਘਿਰਣਾ ਗਾਲ੍ਹਾਂ, ਤੋਹਮਤਾਂ, ਦੂਸ਼ਣ ਅਤੇ ਬੇਇਜ਼ਤੀ ਆਦਿ ਦੀਆਂ ਭਾਵਨਾਵਾਂ ਮਨੁੱਖੀ ਵਿਕਾਸ ਦੇ ਇਤਿਹਾਸ ਅਤੇ ਮਨੁੱਖ ਦੀਆਂ ਮਹੱਤਵਪੂਰਨ ਪ੍ਰਾਪਤੀਆਂ ਹਨ। ਮਨੁੱਖ ਦੇ ਵਿਕਾਸ ਦੇ ਇਤਿਹਾਸ ਵਿਚ ਉਹ ਦਿਨ ਭਾਗਾਂ ਵਾਲਾ ਸੀ, ਜਦੋਂ ਮਨੁੱਖ ਨੇ ਆਪਣੇ ਵਿਰੋਧੀ ਜਾਂ ਦੁਸ਼ਮਣ ਵਿਰੁੱਧ ਹਥਿਆਰ ਵਰਤਣ ਦੀ ਥਾਂ ਗਾਲ੍ਹਾਂ ਕੱਢ ਕੇ ਜਾਂ ਬੇਇਜ਼ਤੀ ਕਰ ਕੇ ਜਾਂ ਤੋਹਮਤਾਂ ਲਾ ਕੇ ਕੰਮ ਸਾਰਿਆ ਹੋਵੇਗਾ। ਜੇ ਮਨੁੱਖ ਕੋਲ ਕਿਸੇ ਨੂੰ ਹਰਾਉਣ ਜਾਂ ਰੋਕਣ ਲਈ ਗਾਲ੍ਹਾਂ ਕੱਢਣ ਜਾਂ ਬੇਇਜ਼ਤੀ ਕਰਨ ਦੀ ਸਮਰੱਥਾ ਨਾ ਹੁੰਦੀ ਤਾਂ ਮਨੁੱਖੀ ਇਤਿਹਾਸ ਵਿਚ ਤਬਾਹੀ ਅਤੇ ਹਿੰਸਾ ਦਾ ਬਹੁਤ ਅਧਿਕ ਬੋਲਬਾਲਾ ਹੋਣਾ ਸੀ।

ਬੇਇਜ਼ਤੀ ਸਾਨੂੰ ਗਲਤੀ ਨੂੰ ਦੁਹਰਾਉਣ ਤੋਂ ਰੋਕਦੀ ਹੈ। ਬੇਇਜ਼ਤੀ ਸਾਡੀ ਅਗਲੇਰੀ ਕਾਰਜ-ਕੁਸ਼ਲਤਾ ਵਧਾਉਂਦੀ ਹੈ, ਇਹ ਸਾਨੂੰ ਆਪਣਾ ਵਿਹਾਰ ਸੁਧਾਰਨ ਦੇ ਰਾਹ ਪਾਉਂਦੀ ਹੈ, ਇਹ ਸਾਨੂੰ ਸਥਿਤੀ ਉਤੇ ਕਾਬੂ ਪਾਉਣ ਲਈ ਵੰਗਾਰਦੀ ਹੈ।

ਬੇਇਜ਼ਤੀ ਦੋ ਉਦੇਸ਼ਾਂ ਅਧੀਨ ਕੀਤੀ ਜਾਂਦੀ ਹੈ। ਆਮ ਕਰ ਕੇ ਉਦੇਸ਼ ਦੂਜੇ ਦੇ ਮਨੋਬਲ ਨੂੰ ਡੇਗ ਕੇ ਉਸ ਨੂੰ ਨਿਰਉਤਸ਼ਾਹਿਤ ਕਰਨਾ ਹੁੰਦਾ ਹੈ ਪਰ ਬਹੁਤੀ ਵਾਰੀ ਉਦੇਸ਼ ਦੂਜੇ ਨੂੰ ਆਪਣਾ ਵਿਹਾਰ ਸੁਧਾਰਨ ਦੇ ਰਾਹ ਪਾਉਣਾ ਅਤੇ ਕੋਈ ਭੈੜਾ ਕੰਮ ਕਰਨ ਤੋਂ ਰੋਕਣਾ ਹੁੰਦਾ ਹੈ। ਜੇ ਕੋਈ ਬਿਨਾਂ ਕਾਰਨ ਤੁਹਾਡੀ ਬੇਇਜ਼ਤੀ ਕਰੇ ਤਾਂ ਬੇਇਜ਼ਤੀ ਹੋਣ ਉਪਰੰਤ ਉਸ ਨੂੰ ਪੁੱਛਣਾ ਕਿ ਠੀਕ ਕੰਮ ਕਰਨ ਦਾ ਢੰਗ ਵੀ ਦੱਸਦੇ ਜਾਓ, ਉਹ ਠਠੰਬਰ ਜਾਵੇਗਾ। ਉਹ ਹੈਰਾਨ ਤਾਂ ਹੋਵੇਗਾ ਹੀ, ਪ੍ਰੇਸ਼ਾਨ ਵੀ ਹੋ ਜਾਵੇਗਾ।

ਜੇ ਤੁਸੀਂ ਇਕ ਸਫ਼ੈਦ ਕਾਗਜ਼ 'ਤੇ ਕਾਲਾ ਧੱਬਾ ਲਾ ਦਿਓ ਤਾਂ ਹਰ ਕੋਈ ਉਸ ਧੱਬੇ ਵੱਲ ਵੇਖੇਗਾ, ਆਲੇ-ਦੁਆਲੇ ਦੇ ਸਫ਼ੈਦ ਕਾਗਜ਼ ਵੱਲ ਕਿਸੇ ਦੀ ਨਜ਼ਰ ਨਹੀਂ ਜਾਵੇਗੀ। ਮਨੁੱਖੀ ਸੁਭਾਓ ਵਿਚ ਅਨੰਤ ਅੰਤਰ-ਵਿਰੋਧ ਹਨ।

ਲੋਕ ਗੁੱਸੇ ਹੋਣ ਵਿਚ, ਗਾਲ੍ਹਾਂ ਕੱਢਣ ਵਿਚ, ਬੇਇਜ਼ਤੀ ਕਰਨ ਵਿਚ ਨਾ ਦੇਰ ਕਰਦੇ ਹਨ, ਨਾ ਉਧਾਰ ਕਰਦੇ ਹਨ ਅਤੇ ਨਾ ਹੀ ਉਡੀਕ ਕਰਦੇ ਹਨ। ਜੇ ਕੋਈ ਟੈਲੀਫੋਨ ਉਤੇ ਤੁਹਾਨੂੰ ਵਾਹੋ-ਦਾਹੀ ਗਾਲ੍ਹਾਂ ਕੱਢ ਕੇ ਟੈਲੀਫੋਨ ਰੱਖ ਦੇਵੇ ਤਾਂ ਤੁਸੀਂ ਉਤਨੀ ਬੇਇਜ਼ਤੀ ਮਹਿਸੂਸ ਨਹੀਂ ਕਰੋਗੇ, ਜਿਤਨਾ ਤੁਹਾਨੂੰ ਇਸ ਗੱਲ ਦਾ ਦੁੱਖ ਅਤੇ ਗੁੱਸਾ ਹੋਵੇਗਾ ਕਿ ਤੁਹਾਨੂੰ ਉਸੇ ਵੇਲੇ ਜਵਾਬੀ ਗਾਲ੍ਹਾਂ ਕੱਢਣ ਦਾ ਮੌਕਾ ਨਹੀਂ ਮਿਲਿਆ।

ਜੇ ਕਿਸੇ ਨੇ ਬਹੁਤ ਮਹਿੰਗੇ ਕੱਪੜੇ ਪਾਏ ਹੋਣ ਤਾਂ ਉਹ ਨਿੱਕੀ ਜਿਹੀ ਗੱਲ ਦੀ ਵੀ ਬੜੀ ਵੱਡੀ ਬੇਇਜ਼ਤੀ ਮਹਿਸੂਸ ਕਰਦਾ ਹੈ। ਬੇਇਜ਼ਤੀ ਦੇ ਪੱਖੋਂ ਸਵੇਰ ਦਾ ਸਮਾਂ ਬੜਾ ਖਤਰਨਾਕ ਹੁੰਦਾ ਹੈ। ਜੇ ਕੋਈ ਸਵੇਰੇ ਹੀ ਸਾਡੀ ਬੇਇਜ਼ਤੀ ਕਰ ਦੇਵੇ ਤਾਂ ਅਸੀਂ ਸਾਰਾ ਦਿਨ ਲੋਕਾਂ ਨਾਲ ਲੜਦੇ, ਝਗੜਦੇ ਅਤੇ ਖਹਿਬੜਦੇ ਰਹਾਂਗੇ ਅਤੇ ਵਿਗੜੀ ਮਾਨਸਕ ਸਥਿਤੀ ਕਾਰਨ ਕਈਆਂ ਦੀ ਬੇਇਜ਼ਤੀ ਕਰ ਦੇਵਾਂਗੇ।

ਇਕੱਲਿਆਂ ਹੋਈ ਬੇਇਜ਼ਤੀ ਦੇ ਮੁਕਾਬਲੇ ਸਭ ਦੇ ਸਾਹਮਣੇ ਹੋਈ ਬੇਇਜ਼ਤੀ ਬਰਦਾਸ਼ਤ ਕਰਨੀ ਔਖੀ ਹੁੰਦੀ ਹੈ। ਕਈ ਰਿਸ਼ਤੇਦਾਰੀਆਂ ਕਿਸੇ ਵੇਲੇ ਦੀ ਹੋਈ-ਕੀਤੀ ਬੇਇਜ਼ਤੀ ਕਾਰਨ ਸਦਾ ਲਈ ਵਿਗੜ ਜਾਂਦੀਆਂ ਹਨ। ਕੌਣ ਹੈ ਜਿਸ ਦੀ ਕਦੇ ਬੇਇਜ਼ਤੀ ਹੋਈ ਨਹੀਂ ਜਾਂ ਜਿਸ ਨੇ ਕਿਸੇ ਦੀ ਬੇਇਜ਼ਤੀ ਕੀਤੀ ਨਹੀਂ?

ਬੇਇਜ਼ਤੀ ਆਧੁਨਿਕ ਯੁਗ ਦਾ ਵਰਤਾਰਾ ਹੈ। ਜੇ ਤੁਹਾਡੀ ਅੱਜ ਬੇਇਜ਼ਤੀ ਨਹੀਂ ਹੋਈ ਜਾਂ ਤੁਸੀਂ ਕਿਸੇ ਦੀ ਬੇਇਜ਼ਤੀ ਨਹੀਂ ਕਰਦੇ ਤਾਂ ਇਸ ਦਾ ਇਹੀ ਅਰਥ ਹੋ ਸਕਦਾ ਹੈ ਕਿ ਤੁਸੀਂ ਆਧੁਨਿਕ ਨਹੀਂ ਹੋ।

ਸੱਜਣਾਂ ਨੂੰ ਕਤਲ ਕਰਨ ਦੇ ਮਨਸੂਬੇ ਜਿਵੇਂ ਆਧੁਨਿਕ ਯੁੱਗ ਦਾ ਵਰਤਾਰਾ ਹਨ, ਉਵੇਂ ਹੀ ਦੂਜਿਆਂ ਪ੍ਰਤੀ ਦੁਰਭਾਵਨਾ ਵੀ ਆਧੁਨਿਕ ਯੁੱਗ ਦਾ ਮੁੱਖ ਲੱਛਣ ਹੈ।

ਅਜੋਕੇ ਯੁੱਗ ਵਿਚ ਨਿੱਤ-ਦਿਨ ਨਿਰਾਦਰ ਇਸ ਲਈ ਵੱਧ ਰਿਹਾ ਹੈ, ਕਿਉਂਕਿ ਆਦਰ ਦੀ ਸਾਡੀ ਇੱਛਾ ਬਹੁਤ ਵੱਧ ਰਹੀ ਹੈ।

ਨਿਰਾਦਰ ਉਨ੍ਹਾਂ ਦਾ ਹੀ ਹੁੰਦਾ ਹੈ, ਜਿਹੜੇ ਆਦਰ ਲਈ ਭਟਕਦੇ ਹਨ।

ਜੇ ਆਦਰ ਦੀ ਅਭਿਲਾਸ਼ਾ ਹੀ ਨਾ ਹੋਵੇ ਤਾਂ ਨਿਰਾਦਰ ਸੰਭਵ ਹੀ ਨਹੀਂ ਹੋ ਸਕਦਾ। ਜਿਵੇਂ ਜਿਨ੍ਹਾਂ ਕੋਲ ਬੀਮਾਰ ਹੋਣ ਲਈ ਸਮਾਂ ਹੀ ਨਹੀਂ ਹੈ, ਉਹ ਬੀਮਾਰ ਵੀ ਨਹੀਂ ਹੁੰਦੇ, ਜਿਨ੍ਹਾਂ ਕੋਲ ਥੱਕਣ ਲਈ ਸਮਾਂ ਹੀ ਨਹੀਂ ਹੈ, ਉਹ ਥੱਕਦੇ ਵੀ ਨਹੀਂ। ਇਵੇਂ ਹੀ ਜਿਨ੍ਹਾਂ ਕੋਲ ਬੇਇਜ਼ਤ ਹੋਣ ਦਾ ਸਮਾਂ ਹੀ ਨਹੀਂ ਹੈ, ਉਨ੍ਹਾਂ ਦੀ ਬੇਇਜ਼ਤੀ ਵੀ ਨਹੀਂ ਹੁੰਦੀ। ਉਹ ਬੇਇਜ਼ਤੀ ਨੂੰ ਵੀ ਆਪਣੀ ਮੁਸਕਰਾਹਟ ਨਾਲ ਨਿਵਾਜ ਦਿੰਦੇ ਹਨ।

ਇਕ ਵਾਰੀ ਨਿਰਵਾਣ ਉਪਰੰਤ ਅਤੇ ਆਪਣੇ ਸਰੀਰ ਦਾ ਤਿਆਗ ਕਰਨ ਤੋਂ ਪਹਿਲਾਂ ਮਹਾਤਮਾ ਬੁੱਧ ਇਕ ਪਿੰਡ ਵਿਚ ਗਏ। ਉਥੇ ਇਕ ਪੁਰਾਣੇ ਵਿਰੋਧੀ ਨੇ ਉਨ੍ਹਾਂ ਨੂੰ ਗਾਲ੍ਹਾਂ ਕੱਢੀਆਂ। ਬੁੱਧ ਦੇ ਸ਼ਰਧਾਲੂ ਗੁੱਸੇ ਵਿਚ ਭੜਕ ਉਠੇ ਤਾਂ ਬੁੱਧ ਨੇ ਉਨ੍ਹਾਂ ਨੂੰ ਕਿਹਾ: ਸ਼ਾਂਤ ਹੋ ਜਾਓ, ਮੈਂ ਇਸ ਪਿੰਡ ਵਿਚ ਗਾਲ੍ਹਾਂ ਖਾਣ ਹੀ ਆਇਆ ਸਾਂ।

ਇਵੇਂ ਹੀ ਯੂਨਾਨ ਵਿਚ ਜਦੋਂ ਇਕ ਫ਼ਿਲਾਸਫ਼ਰ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਤਾਂ ਉਸ ਨੇ ਕਿਹਾ ਸੀ: ਬਹੁਤ ਦਿਨਾਂ ਤੋਂ ਇਥੇ ਆਉਣ ਦੀ ਇੱਛਾ ਸੀ, ਅੱਜ ਇੱਥੇ ਪਹੁੰਚ ਕੇ ਮੈਂ ਬਹੁਤ ਖੁਸ਼ ਹਾਂ।

ਹਰ ਇਕ ਮਹਾਨ ਵਿਅਕਤੀ ਸੰਸਾਰ ਵਿਚ ਸਹਿਣਸ਼ੀਲਤਾ ਦੀ ਕੋਈ ਨਵੀਂ ਉਦਾਹਰਣ ਸਿਰਜਦਾ ਹੈ ਅਤੇ ਬੇਇਜ਼ਤੀ ਦੇ ਖੁੰਢੇ ਹਥਿਆਰ ਨੂੰ ਆਪਣੀ ਸਹਿਣਸ਼ੀਲਤਾ ਦੀ ਤਿੱਖੀ ਢਾਲ ਉਤੇ ਬਰਾਦਾਸ਼ਤ ਕਰਦਾ ਹੈ।

ਮਹਾਨ ਵਿਅਕਤੀਆਂ ਦਾ ਇਹ ਇਕ ਵਡਮੁੱਲਾ ਯੋਗਦਾਨ ਹੁੰਦਾ ਹੈ ਕਿ ਉਹ ਆਪਣੀ ਉਦਾਹਰਣ ਨਾਲ ਸੰਸਾਰ ਦੇ ਵੈਰ-ਵਿਰੋਧਾਂ ਨੂੰ ਘੱਟ ਕਰਦੇ ਹਨ ਅਤੇ ਮਨੁੱਖ ਨੂੰ ਸਭਿਅਕ ਬਣਾਉਣ ਲਈ ਨਵਾਂ ਰਾਹ ਉਲੀਕਦੇ ਹਨ।

ਮਹਾਨ ਵਿਅਕਤੀ ਸਾਡੀ ਨਜ਼ਰ ਅਤੇ ਸਾਡੇ ਵਿਹਾਰ ਨੂੰ ਉੱਚਾ ਕਰਦੇ ਹਨ।

ਜਿਸ ਨੂੰ ਅਸੀਂ ਅਸਮਾਨ ਕਹਿੰਦੇ ਹਾਂ, ਉਹ ਅਸਲ ਵਿਚ ਸਾਡੀ ਨਜ਼ਰ ਦੀ ਹੱਦ, ਸਾਡੀ ਸੋਚ ਦੀ ਸੀਮਾ ਅਤੇ ਸਾਡੀ ਕਲਪਨਾ ਦਾ ਘੇਰਾ ਹੁੰਦਾ ਹੈ।

ਕਿਸੇ ਵੀ ਅਕ੍ਰਿਤਘਣਤਾ ਨੂੰ ਅਸੀਂ ਆਪਣੀ ਬੇਇਜ਼ਤੀ ਸਮਝਦੇ ਹਾਂ। ਆਸ ਅਸੀਂ ਧੰਨਵਾਦ ਦੀ ਲਾਈ ਹੁੰਦੀ ਹੈ ਪਰ ਦੂਜਿਆਂ ਦਾ ਵਤੀਰਾ ਬਿਲਕੁਲ ਉਲਟ ਹੋ ਨਿਬੜਦਾ ਹੈ। ਇਸ ਸਥਿਤੀ ਕਾਰਨ ਹੀ ਅਸੀਂ ਕਹਿੰਦੇ ਹਾਂ ਕਿ ਜਿਨ੍ਹਾਂ ਉਤੇ ਇਤਬਾਰ ਕੀਤਾ ਜਾ ਸਕਦਾ ਹੈ, ਉਨ੍ਹਾਂ ਦੀ ਗਿਣਤੀ ਘਟਦੀ ਜਾ ਰਹੀ ਹੈ ਪਰ ਅਸਲੀਅਤ ਇਹ ਵੀ ਹੈ ਕਿ ਦੂਜਿਆਂ ਉਤੇ ਇਤਬਾਰ ਕਰਨ ਦੀ ਸਾਡੀ ਯੋਗਤਾ ਵੀ ਘਟਦੀ ਜਾ ਰਹੀ ਹੈ। ਨਤੀਜੇ ਵਜੋਂ ਸਾਡੇ ਲਗਭਗ ਸਾਰੇ ਰਿਸ਼ਤੇ ਸੁਆਰਥ ਆਧਾਰਿਤ ਹੋਣ ਕਾਰਨ ਬੇਇਜ਼ਤੀ ਵਾਲੇ ਰਿਸ਼ਤੇ ਬਣਦੇ ਜਾ ਰਹੇ ਹਨ।

ਜਿਵੇਂ ਬੱਚੇ ਟੀਕਾ ਲੱਗਣ ਤੋਂ ਪਹਿਲਾਂ ਹੀ ਰੋਣ ਲੱਗ ਪੈਂਦੇ ਹਨ, ਉਵੇਂ ਹੀ ਅਸੀਂ ਕਿਸੇ ਰਿਸ਼ਤੇ ਦਾ ਬੋਝ ਚੁੱਕਣ ਤੋਂ ਪਹਿਲਾਂ ਹੀ ਵਿਰਲਾਪ ਕਰਨ ਲੱਗ ਪੈਂਦੇ ਹਾਂ। ਜਿਵੇਂ ਨਵੇਂ ਬੂਟ ਬੜੇ ਸੋਹਣੇ ਹੁੰਦੇ ਹਨ ਪਰ ਜਦੋਂ ਉਨ੍ਹਾਂ ਉਤੇ ਸਾਡੇ ਸਰੀਰ ਦਾ ਬੋਝ ਪੈਂਦਾ ਰਹਿੰਦਾ ਹੈ ਤਾਂ ਉਹ ਬੇਢੱਬੇ ਹੋ ਜਾਂਦੇ ਹਨ, ਇਵੇਂ ਹੀ ਸਾਰੇ ਰਿਸ਼ਤੇ ਮੁੱਢ ਵਿਚ ਬੜੀ ਖਿੱਚ ਪਾਉਂਦੇ ਹਨ, ਜਦੋਂ ਉਨ੍ਹਾਂ ਉਤੇ ਜ਼ਿੰਮੇਵਾਰੀਆਂ ਦਾ ਬੋਝ ਪੈਂਦਾ ਹੈ ਤਾਂ ਉਨ੍ਹਾਂ ਦੀ ਸ਼ਕਲ ਹੀ ਵਿਗੜ ਜਾਂਦੀ ਹੈ। ਇਵੇਂ ਮਿੱਠੇ ਰਿਸ਼ਤੇ ਵੀ ਬੇਇਜ਼ਤੀ ਵਾਲੇ ਕੌੜੇ ਰਿਸ਼ਤੇ ਹੋ ਨਿਬੜਦੇ ਹਨ।

ਪਿਆਰ ਇਕ ਅਜਿਹਾ ਰਿਸ਼ਤਾ ਹੁੰਦਾ ਹੈ, ਜਿਸ ਵਿਚ ਸਭ ਬੇਇਜ਼ਤੀਆਂ ਨੂੰ ਖਿੜੇ ਮੱਥੇ ਸਹਿ ਜਾਣ ਦੀ ਸਮਰੱਥਾ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਪਿਆਰ ਦਾ ਰਿਸ਼ਤਾ ਸਾਡਾ ਆਪਣਾ ਸਹੇੜਿਆ ਹੁੰਦਾ ਹੈ ਅਤੇ ਅਸੀਂ ਇਸ ਰਿਸ਼ਤੇ ਰਾਹੀਂ ਸਭ ਰਿਸ਼ਤਿਆਂ ਤੋਂ ਪਾਰ ਜਾਣ ਦਾ ਯਤਨ ਕਰਦੇ ਹਾਂ।

ਪਿਆਰ ਇਕ ਰੂਹਾਨੀ ਅਨੁਭਵ ਹੁੰਦਾ ਹੈ, ਇਸ ਅਨੁਭਵ ਵਿਚ ਇਜ਼ਤ-ਬੇਇਜ਼ਤੀ ਦੇ ਵੇਰਵੇ ਬਹੁਤ ਪਿੱਛੇ ਰਹਿ ਜਾਂਦੇ ਹਨ।

ਜੇ ਤੁਹਾਨੂੰ ਪਿਆਰ ਵਿਚ ਰੂਹਾਨੀ ਅਨੁਭਵ ਨਹੀਂ ਹੁੰਦਾ ਤਾਂ ਤੁਹਾਨੂੰ ਰੱਬ ਦਾ ਅਨੁਭਵ ਵੀ ਕਦੇ ਨਹੀਂ ਹੋਵੇਗਾ।

ਜੇ ਤੁਸੀਂ ਪਿਆਰ ਵੀ ਇਜ਼ਤ-ਬੇਇਜ਼ਤੀ ਦਾ ਧਿਆਨ ਰੱਖ ਕੇ ਕਰੋਗੇ ਤਾਂ ਤੁਹਾਨੂੰ ਕੇਵਲ ਨਫ਼ਰਤ ਅਤੇ ਬੇਇਜ਼ਤੀ ਦੀ ਹੀ ਪ੍ਰਾਪਤੀ ਹੋਵੇਗੀ।

ਪਿਆਰ ਅਤੇ ਨਫ਼ਰਤ ਦੋਵੇਂ ਪੱਖਪਾਤੀ ਵਰਤਾਰੇ ਹਨ।

ਕੀ ਕੋਈ ਤਰਕਸ਼ੀਲ ਢੰਗ ਨਾਲ ਦੱਸ ਸਕਦਾ ਹੈ ਕਿ ਜਿਨ੍ਹਾਂ ਨੂੰ ਅਸੀਂ ਪਿਆਰ ਕਰਦੇ ਹਾਂ, ਉਨ੍ਹਾਂ ਨੂੰ ਪਿਆਰ ਹੀ ਕਿਉਂ ਕਰਦੇ ਹਾਂ ਅਤੇ ਜਿਨ੍ਹਾਂ ਨੂੰ ਨਫ਼ਰਤ ਕਰਦੇ ਹਾਂ, ਉਨ੍ਹਾਂ ਨੂੰ ਨਫ਼ਰਤ ਹੀ ਕਿਉਂ ਕਰਦੇ ਹਾਂ। ਸਾਨੂੰ ਆਪਣੇ ਪੁੱਤਰਾਂ-ਧੀਆਂ ਦੇ ਔਗੁਣ ਦਿਖਾਈ ਨਹੀਂ ਦਿੰਦੇ ਅਤੇ ਦੂਜਿਆਂ ਦੇ ਗੁਣ ਨਹੀਂ ਦਿਸਦੇ। ਆਮ ਤੌਰ ਉਤੇ ਜਿਹੜਾ ਸਾਡੀ ਉਮੀਦ ਉਤੇ ਪੂਰਾ ਨਹੀਂ ਉਤਰਦਾ, ਉਹ ਸਾਨੂੰ ਨਿਰਾਸ ਕਰਦਾ ਹੈ।

ਨਿਰਾਸਤਾ ਦੀ ਭਾਵਨਾ ਵਿਚੋਂ ਬੇਇਜ਼ਤੀ ਕਰਨ ਦੀ ਉਤੇਜਨਾ ਪੈਦਾ ਹੁੰਦੀ ਹੈ।

ਬੇਇਜ਼ਤੀ ਕਰ ਰਿਹਾ ਵਿਅਕਤੀ ਆਪਣਾ ਮਾਨਸਿਕ ਅਤੇ ਭਾਵਕ ਸੰਤੁਲਨ ਗੁਆ ਬੈਠਦਾ ਹੈ। ਇਹ ਗੁਆਚਿਆ ਹੋਇਆ ਸੰਤੁਲਨ ਆਲੇ-ਦੁਆਲੇ ਵਿਚ ਵੀ ਨਿਰਾਸਤਾ ਵਧਾਉਂਦਾ ਹੈ। ਬਹੁਤ ਅਧਿਕ ਨਿਰਾਸਤਾ ਹਿੰਸਾ ਦਾ ਰੂਪ ਧਾਰ ਲੈਂਦੀ ਹੈ। ਕਿਸੇ ਦਾ ਕਤਲ ਕਰਨਾ, ਬੇਇਜ਼ਤੀ ਕਰਨ ਦੀ ਭਾਵਨਾ ਦਾ ਅੰਤਿਮ ਰੂਪ ਹੁੰਦਾ ਹੈ।

ਗਾਲ੍ਹਾਂ ਅਤੇ ਝਿੜਕਾਂ ਖਾਣਾ ਅਤੇ ਬੇਇਜ਼ਤੀ ਕਰਵਾਉਣੀ, ਨੌਕਰਾਂ ਲਈ ਫਰਜ਼ ਦਾ ਇਕ ਭਾਗ ਰਹੇ ਹਨ। ਗੁਲਾਮਾਂ ਨੂੰ ਬੇਇਜ਼ਤੀ, ਬੇਇਜ਼ਤੀ ਨਹੀਂ ਪ੍ਰਤੀਤ ਹੁੰਦੀ ਸੀ, ਉਹ ਬੇਇਜ਼ਤੀ ਨੂੰ ਮਾਲਕਾਂ ਦੇ ਪ੍ਰਬਲ ਭਾਵਾਂ ਦਾ ਪ੍ਰਗਟਾਵਾ ਹੀ ਸਮਝਦੇ ਸਨ।

ਸਿਆਸਤ ਅਤੇ ਸ਼ਕਤੀ ਦੇ ਮਾਲਕ ਅਤੇ ਹਕੂਮਤ ਦੀ ਰੁਚੀ ਵਾਲੇ ਵਿਅਕਤੀ ਅਕਸਰ ਦੂਜਿਆਂ ਦੀ ਬੇਇਜ਼ਤੀ ਕਰਦੇ ਹਨ।

ਸਥਿਤੀ ਦਾ ਵਿਅੰਗ ਇਹ ਹੈ ਕਿ ਮਨੁੱਖ ਦਾ ਸਮੁੱਚਾ ਜੀਵਨ-ਉਦੇਸ਼ ਤਾਂ ਹਉਮੈ ਤੋਂ ਮੁਕਤ ਹੋਣਾ ਹੁੰਦਾ ਹੈ ਪਰ ਉਸ ਦੇ ਸਾਰੇ ਯਤਨ ਉਸ ਦੀ ਹਉਮੈ ਨੂੰ ਵਧਾਉਂਦੇ ਹਨ। ਗੁਰੂ ਕਹਿੰਦੇ ਹੀ ਉਸ ਨੂੰ ਹਨ, ਜਿਹੜਾ ਇਸ ਦਵੰਦ ਤੋਂ ਮੁਕਤ ਹੋਵੇ। ਇਥੇ ਅਸੀਂ ਗੁਰੂਆਂ ਜਾਂ ਦਰਵੇਸ਼ਾਂ ਦੀ ਨਹੀਂ, ਆਮ ਵਿਅਕਤੀਆਂ ਦੀ ਗੱਲ ਕਰ ਰਹੇ ਹਾਂ।

ਜਿਵੇਂ ਹੱਸਣਾ, ਕੁਝ ਸਮਝ ਆ ਜਾਣ ਦਾ ਪ੍ਰਮਾਣ ਹੁੰਦਾ ਹੈ ਅਤੇ ਮੁਸਕਰਾਹਟ ਪਛਾਣ ਲੈਣ ਦਾ ਸਬੂਤ ਹੁੰਦੀ ਹੈ, ਉਵੇਂ ਹੀ ਬੇਇਜ਼ਤੀ ਅਪ੍ਰਵਾਨਗੀ ਦਾ ਐਲਾਨ ਹੁੰਦੀ ਹੈ ਅਤੇ ਤੋਹਮਤ ਕਿਸੇ ਦੀ ਗੈਰਹਾਜ਼ਰੀ ਵਿਚ ਕੀਤਾ ਵਾਰ ਹੁੰਦੀ ਹੈ। ਇਜ਼ਤ ਉਦੋਂ ਹੀ ਖਤਮ ਹੁੰਦੀ ਹੈ, ਜਦੋਂ ਤੁਸੀ ਬੇਇਜ਼ਤੀ ਬਾਰੇ ਚਿੰਤਾ ਕਰਨ ਲਗ ਪੈਂਦੇ ਹੋ। ਜਵਾਨੀ ਵੀ ਉਦੋਂ ਹੀ ਖਤਮ ਹੁੰਦੀ ਹੈ, ਜਦੋਂ ਅਸੀਂ ਬੁਢਾਪੇ ਬਾਰੇ ਸੋਚਣ ਲਗ ਪੈਂਦੇ ਹਾਂ। ਜਿਵੇਂ ਆਕੜ ਕੇ ਨੱਚਣਾ ਜਾਂ ਗੁੱਸੇ ਨਾਲ ਗਾਉਣਾ ਸੰਭਵ ਨਹੀਂ ਹੁੰਦਾ, ਉਵੇਂ ਹੀ ਤੋਹਮਤ ਲਾ ਕੇ ਜਾਂ ਬੇਇਜ਼ਤੀ ਕਰ ਕੇ ਕਿਸੇ ਵਲੋਂ ਪ੍ਰਵਾਨ ਕੀਤੇ ਜਾਣਾ ਵੀ ਸੰਭਵ ਨਹੀਂ ਹੁੰਦਾ।

ਜਦੋਂ ਜੀਵਨ ਨੂੰ ਉਦੇਸ਼ ਮਿਲ ਜਾਵੇ, ਜ਼ਿੰਦਗੀ ਨੂੰ ਅਰਥ ਮਿਲ ਜਾਣ, ਪੈਰਾਂ ਨੂੰ ਮੰਜ਼ਲ ਦਿਸ ਪਵੇ ਅਤੇ ਹੱਥਾਂ ਨੂੰ ਕੰਮ ਲੱਭ ਪਵੇ ਤਾਂ ਕਿਸੇ ਵੇਲੇ, ਕਿਸੇ ਵੱਲੋਂ, ਕੋਈ ਵੀ ਬੇਇਜ਼ਤੀ ਰੁਕਾਵਟ ਨਹੀਂ ਬਣਦੀ।

ਵਿਹਲਾ ਮਨੁੱਖ ਹੀ ਪ੍ਰੇਸ਼ਾਨ ਹੁੰਦਾ ਹੈ। ਜਿਉਂ-ਜਿਉਂ ਮਨੁੱਖ ਪ੍ਰੇਸ਼ਾਨ ਹੋਵੇਗਾ, ਉਸ ਦੀ ਕੁਦਰਤੀ ਨੀਂਦ ਘਟਦੀ ਜਾਵੇਗੀ, ਜਿਉਂ-ਜਿਉਂ ਨੀਂਦ ਘਟੀ ਜਾਵੇਗੀ, ਉਤਨਾ ਹੀ ਉਹ ਵਧੇਰੇ ਬੇਚੈਨ ਹੁੰਦਾ ਜਾਵੇਗਾ, ਉਤਨਾ ਹੀ ਉਸ ਦੇ ਜੀਵਨ ਵਿਚ ਸੰਤੁਲਨ ਘਟੇਗਾ, ਉਸ ਦੇ ਵਿਹਾਰ ਵਿਚ ਗੈਰ-ਜ਼ਿੰਮੇਵਾਰੀ ਆਵੇਗੀ, ਉਹ ਪਾਗਲਾਂ ਵਾਂਗ ਵਿਚਰੇਗਾ, ਉਹ ਆਪ ਬੇਇਜ਼ਤ ਹੋਵੇਗਾ, ਦੂਜਿਆਂ ਦੀ ਬੇਇਜ਼ਤੀ ਕਰੇਗਾ।

ਜਿਉਂ-ਜਿਉਂ ਨੀਂਦ ਘਟੇਗੀ ਤਿਉਂ-ਤਿਉਂ ਮਨੁੱਖ ਨਾਸਤਕ ਹੁੰਦਾ ਜਾਵੇਗਾ। ਬੇਚੈਨ ਅਤੇ ਪ੍ਰੇਸ਼ਾਨ ਅਤੇ ਉਨੀਂਦਾ ਵਿਅਕਤੀ ਪ੍ਰਮਾਤਮਾ ਨਾਲ, ਪ੍ਰਕ੍ਰਿਤੀ ਨਾਲ ਇਕ-ਸੁਰ ਨਹੀਂ ਹੋ ਸਕਦਾ। ਬੇਚੈਨ ਵਿਅਕਤੀ ਵਿਚ ਕੁਝ ਵੀ ਸਵੀਕਾਰ ਕਰਨ ਦੀ ਯੋਗਤਾ ਅਤੇ ਕੋਈ ਵੀ ਹੰਢਣਹਾਰ ਰਿਸ਼ਤਾ ਉਸਾਰਨ ਦੀ ਸਮਰੱਥਾ ਨਹੀਂ ਹੁੰਦੀ।

ਨੀਂਦ ਦੇ ਖਾਰਜ ਹੋਣ ਨਾਲ ਸੁਖਾਵੇਂ ਸਬੰਧਾਂ ਦੀ ਸੰਭਾਵਨਾ ਘਟਦੀ ਹੈ। ਇਹ ਘਟੀ ਹੋਈ ਸੰਭਾਵਨਾ ਸਾਨੂੰ ਬੇਇਜ਼ਤੀ ਕਰਨ-ਕਰਾਉਣ ਦੇ ਰਾਹ ਪਾਉਂਦੀ ਹੈ।

ਜਦੋਂ ਮਨੁੱਖ ਨੂੰ ਕਿਧਰੇ ਵੀ ਧਰਵਾਸ ਨਹੀਂ ਮਿਲਦੀ, ਉਸ ਵਿਚ ਢਾਹੁਣ-ਉਖਾੜਨ ਅਤੇ ਤਬਾਹ ਕਰਨ ਦਾ ਵੇਗ ਬਲਵਾਨ ਹੁੰਦਾ ਹੈ।

ਬੇਇਜ਼ਤੀ ਸੌਣ ਨਹੀਂ ਦਿੰਦੀ, ਥਕਾਵਟ ਜਾਗਣ ਨਹੀਂ ਦਿੰਦੀ।

ਇਹ ਜ਼ਿੰਦਗੀ ਅਤੇ ਮੌਤ ਦੀ ਵਿਚਕਾਰਲੀ ਸਥਿਤੀ ਹੁੰਦੀ ਹੈ।

ਤੰਦਰੁਸਤ ਸਰੀਰ ਆਗਿਆਕਾਰੀ ਹੁੰਦਾ ਹੈ, ਜਦੋਂ ਕਿ ਬੀਮਾਰ ਸਰੀਰ ਬਾਗੀ ਹੁੰਦਾ ਹੈ। ਆਤਮਿਕ ਪੱਖ ਤੋਂ ਵਿਕਸਤ ਮਨ ਆਪਣੇ ਆਪ ਵਿਚ ਆਨੰਦ ਰੂਪ ਹੁੰਦਾ ਹੈ, ਉਹ ਆਪਣੇ ਅਤੇ ਦੂਜਿਆਂ ਲਈ ਕਸ਼ਟ ਨਹੀਂ ਸਿਰਜਦਾ। ਉਹ ਅੰਦਰੋਂ ਸੁਤੰਤਰ ਹੁੰਦਾ ਹੈ, ਉਹ ਹਰ ਕਿਸੇ ਨੂੰ ਸੁਤੰਤਰ ਵੇਖਣਾ ਚਾਹੁੰਦਾ ਹੈ। ਉਸ ਵਿਚ ਦੂਜਿਆਂ ਪ੍ਰਤੀ ਸਤਿਕਾਰ ਅਤੇ ਸਨੇਹ ਦਾ ਜਜ਼ਬਾ ਜਾਗਦਾ ਹੈ।

ਭੈੜੇ ਕਰਮ, ਬੇਇਜ਼ਤੀ ਨਾਲ ਝੁਲਸੇ ਹੋਏ, ਭਰਮਾਏ ਹੋਏ ਮਨ ਦਾ ਕਰਮ ਹੁੰਦੇ ਹਨ।

ਸਾਡੇ ਨਾਲ ਜੋ ਕੁਝ ਵੀ ਵਾਪਰਦਾ ਹੈ, ਉਹ ਇਕ ਦਿਨ ਦੇ ਘੇਰੇ ਵਿਚ ਵਾਪਰਦਾ ਹੈ। ਹਰ ਮਨੁੱਖ ਰੋਜ਼ ਇਕ ਨਵਾਂ ਬੰਦਾ ਬਣ ਕੇ ਜਾਗਦਾ ਹੈ। ਔਸਤ ਵਿਅਕਤੀ ਅਕਸਰ ਅਤੀਤ ਦੀ ਜਿਲ੍ਹਣ ਵਿਚ ਫਸੇ ਹੋਣ ਕਾਰਨ, ਮੌਕਾ ਮਿਲਣ ਦੇ ਬਾਵਜੂਦ, ਬੇਇਜ਼ਤੀ ਨੂੰ ਨਹੀਂ ਭੁੱਲਦੇ ਅਤੇ ਆਪਣੇ ਜ਼ਖ਼ਮ ਭਰਨ ਨਹੀਂ ਦਿੰਦੇ। ਨਿਰਸੰਦੇਹ ਬੇਇਜ਼ਤੀ ਉਪਰੰਤ ਅਸੀਂ ਸਾਰੇ ਦੁਬਾਰਾ ਸੰਤੁਲਨ ਪ੍ਰਾਪਤ ਕਰਨ ਵਿਚ ਵੱਖ-ਵੱਖ ਸਮਾਂ ਲਾਉਂਦੇ ਹਾਂ।

ਸਾਰਾ ਸਰੀਰ ਹੀ ਪਰ ਵਿਸ਼ੇਸ਼ ਕਰਕੇ ਪਿੱਠ ਅਤੇ ਪਿੱਠ ਦੇ ਉਪਰੋਂ ਲੈ ਕੇ ਥੱਲੇ ਤਕ ਦੇ ਸਾਰੇ ਭਾਗ, ਬੇਇਜ਼ਤੀ ਸਹਿਣ ਦੇ ਅਖਾੜੇ ਹਨ।

ਬੇਇਜ਼ਤੀ ਬਰਦਾਸ਼ਤ ਕਰਨ ਦਾ ਮੁੱਢਲਾ ਅਭਿਆਸ ਸਾਨੂੰ ਸਕੂਲਾਂ ਵਿਚ ਹੀ ਕਰਵਾ ਦਿੱਤਾ ਜਾਂਦਾ ਹੈ। ਜਿਵੇਂ ਕੰਧ ਦੀ ਉਸਾਰੀ ਸਮੇਂ ਇੱਟਾਂ ਇਕ-ਦੂਜੇ ਦੇ ਵਿਰੋਧ ਵਿਚ ਟਿਕਾਈਆਂ ਜਾਂਦੀਆਂ ਹਨ, ਉਵੇਂ ਹੀ ਜ਼ਿੰਦਗੀ ਇਜ਼ਤ-ਬੇਇਜ਼ਤੀ ਦੇ ਅੰਤਰ-ਵਿਰੋਧਾਂ ਨਾਲ ਉਸਰੀ ਹੋਈ ਹੈ। ਇਹ ਅੰਤਰ-ਵਿਰੋਧ ਜੀਵਨ ਨੂੰ ਕਮਜ਼ੋਰ ਨਹੀਂ ਕਰਦੇ, ਉਸ ਨੂੰ ਸ਼ਕਤੀ ਦਿੰਦੇ ਹਨ।

ਜੇ ਸਾਰੇ ਹੀ ਸਾਨੂੰ ਪਿਆਰ ਹੀ ਕਰਨ ਤਾਂ ਇਸ ਨਾਲ ਅਸੀਂ ਸ਼ਕਤੀਸ਼ਾਲੀ ਨਹੀਂ, ਕਮਜ਼ੋਰ ਹੁੰਦੇ ਜਾਵਾਂਗੇ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਮਾਜ ਦਾ ਨਿਰਮਾਣ ਸ਼ਾਂਤੀਪੂਰਣ ਢੰਗਾਂ ਨਾਲ ਨਹੀਂ ਹੋਇਆ, ਸੋ ਸਮਾਜ ਵਿਚੋਂ ਸ਼ਾਂਤੀ ਮਿਲਣੀ ਵੀ ਸੰਭਵ ਨਹੀਂ। ਸਮਾਜ ਵਿਚ ਰਹਿੰਦਿਆਂ ਇਜ਼ਤ ਦੀ ਅਭਿਲਾਸ਼ਾ, ਅਸਮਾਨੀ ਬਿਜਲੀ ਦੀ ਰੋਸ਼ਨੀ ਵਿਚ ਆਪਣੀ ਐਨਕ ਲੱਭਣ ਵਾਂਗ ਹੁੰਦੀ ਹੈ।

ਅਨੁਸ਼ਾਸਨ ਤੋਂ ਬਿਨਾਂ ਜਿਵੇਂ ਕੋਈ ਖੇਡ ਨਹੀਂ ਖੇਡੀ ਜਾ ਸਕਦੀ, ਉਵੇਂ ਹੀ ਇਕ ਪੜਾਅ ਦੀ ਖ਼ੁਸ਼ਹਾਲੀ ਬਿਨਾਂ ਇਜ਼ਤ-ਬੇਇਜ਼ਤੀ ਦਾ ਮੇਚ ਵੀ ਸੰਭਵ ਨਹੀਂ ਹੁੰਦਾ।

ਕਈ ਵਿਅਕਤੀ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਅਸੀਂ ਮਿਲਦੇ ਥੋੜ੍ਹਾ ਚਿਰ ਹੀ ਹਾਂ ਪਰ ਪਛਤਾਉਂਦੇ ਜੀਵਨ ਭਰ ਹਾਂ। ਕਈ ਵਾਰ ਮੀਂਹ ਤਾਂ ਇਕ ਘੰਟਾ ਹੀ ਪੈਂਦਾ ਹੈ ਪਰ ਛੱਤ ਕਈ ਦਿਨ ਚੋਂਦੀ ਰਹਿੰਦੀ ਹੈ।

ਕਈ ਵਿਅਕਤੀ ਅਜਿਹੇ ਵੀ ਹੁੰਦੇ ਹਨ ਜਿਹੜੇ ਇਕ ਨਜ਼ਰ ਨਾਲ ਸਾਡੇ ਨਸੀਬ ਸੰਵਾਰ ਦਿੰਦੇ ਹਨ। ਕਈ ਸਾਨੂੰ ਮਿਲਦੇ ਕੁਝ ਪਲਾਂ ਲਈ ਹੀ ਹਨ ਪਰ ਸਾਨੂੰ ਸਦਾ-ਸਦਾ ਲਈ ਸੰਭਾਲ ਲੈਂਦੇ ਹਨ। ਕਈ ਹਨੇਰਾ ਬਣ ਕੇ ਆਉਂਦੇ ਹਨ, ਕਈ ਨਿਰਾ ਨੂਰ ਹੁੰਦੇ ਹਨ। ਕਈ ਖਾਲੀ ਹੱਥਾਂ ਨਾਲ ਵੀ ਦੂਜਿਆਂ ਦੀ ਝੋਲੀ ਭਰ ਦਿੰਦੇ ਹਨ, ਕਈ ਸਾਡੇ ਹੱਥਾਂ ਵਿਚ ਫੜਿਆ ਵੀ ਖੋਹ ਲੈਂਦੇ ਹਨ।

ਜੀਵਨ ਅਨੇਕਾਂ ਸਵੈ-ਵਿਰੋਧਾਂ ਨਾਲ ਭਰਿਆ ਪਿਆ ਹੈ, ਜਿਵੇਂ ਅੰਧਵਿਸ਼ਵਾਸੀਆਂ ਦੀ ਭੀੜ ਵੱਡੀ ਹੁੰਦੀ ਹੈ ਪਰ ਗੁਰੂ ਸਦਾ ਇਕੱਲੇ ਹੁੰਦੇ ਹਨ।

ਜਿਹੜੇ ਸਾਡੀ ਬੇਇਜ਼ਤੀ ਕਰਦੇ ਹਨ, ਅਭਿਲਾਸ਼ਾ ਉਨ੍ਹਾਂ ਦੀ ਵੀ ਸਾਡੇ ਨਾਲ ਰਿਸ਼ਤਾ ਬਣਾਈ ਰੱਖਣ ਦੀ ਹੁੰਦੀ ਹੈ। ਇਜ਼ਤ ਦੀ ਆਸ ਇਕ ਸੁਪਨਾ ਹੈ, ਬੇਇਜ਼ਤੀ ਨਿੱਤ-ਦਿਨ ਵਾਪਰਨ ਵਾਲੀ ਇਕ ਹਕੀਕਤ ਹੈ।

ਕਮਲ ਦੇ ਫੁੱਲ, ਗੰਧਲੇ ਪਾਣੀ ਦੀ ਨੇਕ ਕਮਾਈ ਹੁੰਦੇ ਹਨ।

ਪਾਣੀ ਕਿਤਨਾ ਵੀ ਵੱਧ ਜਾਵੇ, ਕਮਲ ਦੇ ਫੁੱਲ ਦੀ ਗਰਦਨ ਉੱਚੀ ਹੀ ਰਹੇਗੀ।

ਬੇਇਜ਼ਤੀਆਂ ਸਾਡਾ ਰਾਹ ਰੋਕਦੀਆਂ ਹਨ ਪਰ ਜਿਨ੍ਹਾਂ ਨੇ ਪਹੁੰਚਣਾ ਹੁੰਦਾ ਹੈ, ਉਹ ਬੀਆਬਾਨਾਂ ਵਿਚੋਂ ਲੰਘ ਕੇ ਵੀ ਨਿਸ਼ਾਨਿਆਂ ਤੇ ਅੱਪੜ ਜਾਂਦੇ ਹਨ।

ਜੇ ਨਿਸ਼ਾਨਾ ਉੱਚਾ ਹੋਵੇ ਤਾਂ ਹਰ ਪ੍ਰਕਾਰ ਦੀ ਬੇਇੱਜ਼ਤੀ ਨੀਵੀਂ ਪ੍ਰਤੀਤ ਹੁੰਦੀ ਹੈ।

ਧਿਆਨ ਨਾਲ ਟੁਰੋ, ਝੱਲੇ ਜਿਹੇ ਹੋ ਕੇ

ਹਾਰੇ ਹੋਏ ਜੈਕਾਰਿਆਂ ਨਾਲ ਪੰਥ ਨਹੀਂ ਸਿਰਜੇ ਜਾ ਸਕਦੇ।

ਕਈਆਂ ਦੇ ਜੀਵਨ ਅੰਦਰ ਜੋੜਾਂ ਵਿਚ ਦਰਦ ਤੋਂ ਸਿਵਾਇ ਕੁਝ ਨਹੀਂ ਵਾਪਰਦਾ।

ਅਨੇਕਾਂ ਲੋਕ ਹਨ, ਜਿਹੜੇ ਆਪਣਾ ਸਾਰਾ ਧਿਆਨ ਅਤੇ ਆਪਣੀ ਸਮੁੱਚੀ ਦ੍ਰਿਸ਼ਟੀ ਕੇਵਲ ਨੁਕਸ ਲੱਭਣ ਵਿਚ ਰੋਲ ਦਿੰਦੇ ਹਨ।

ਉਹ ਬਹਾਰ ਵਿਚ ਵੀ ਪੱਤਝੜ ਨੂੰ ਉਡੀਕਦੇ ਹਨ।

ਜਿਸ ਦਰਖਤ ਉਤੇ ਪੱਤਝੜ ਹੀ ਵਸਦੀ ਰਹੇ ਅਤੇ ਜਿਸ ਦਰਖਤ ਉਤੇ ਬਹਾਰ ਵਿਚ ਵੀ ਪੱਤੇ ਨਾ ਆਉਣ, ਉਥੇ ਕੋਈ ਰਾਹੀ ਨਹੀਂ ਰੁਕਦਾ। ਉਸ ਦਰਖਤ ਉਤੇ ਕੋਈ ਵੀ ਪੰਛੀ ਆਲ੍ਹਣਾ ਨਹੀਂ ਪਾਉਂਦਾ।

ਜਿਹੜੇ ਜਵਾਨੀ ਵਿਚ ਵੀ ਬੀਮਾਰ ਹੁੰਦੇ ਹਨ, ਉਹ ਕਿਸੇ ਦਾ ਆਦਰਸ਼, ਕਿਸੇ ਦਾ ਸਾਥ ਜਾਂ ਕਿਸੇ ਦਾ ਨਿੱਘ ਵੀ ਨਹੀਂ ਬਣਦੇ।

ਜਿਹੜੇ ਬੂਟੇ ਧਰਤੀ ਦੀ ਥਾਂ ਗਮਲਿਆਂ ਵਿਚ ਉਗਦੇ ਹਨ, ਉਨ੍ਹਾਂ ਦੇ ਪਰਛਾਵੇਂ ਤਾਂ ਹੁੰਦੇ ਹਨ ਪਰ ਉਨ੍ਹਾਂ ਦੀ ਛਾਂ ਨਹੀਂ ਹੁੰਦੀ, ਉਨ੍ਹਾਂ 'ਤੇ ਪੀਂਘਾਂ ਨਹੀਂ ਪੈਂਦੀਆਂ, ਉਥੇ ਤੀਆਂ ਨਹੀਂ ਲਗਦੀਆਂ, ਉਥੇ ਜ਼ਿੰਦਗੀ ਦੀ ਅਸੀਸ ਨਹੀਂ ਹੁੰਦੀ, ਉਨ੍ਹਾਂ ਦੇ ਬੂਹੇ ਜ਼ਿੰਦਗੀ ਵੱਲ ਖੁੱਲ੍ਹੇ ਨਹੀਂ ਹੁੰਦੇ।

ਅੰਦਰੋਂ ਬੰਦ ਕੀਤੇ ਦਰਵਾਜ਼ਿਆਂ ਵਾਲਾ ਘਰ ਕਿਸੇ ਦੀ ਧਰਵਾਸ ਨਹੀਂ ਬਣਦਾ। ਅਜਿਹੇ ਘਰਾਂ ਦੀਆਂ ਕੰਧਾਂ ਛੱਤ ਦੀ ਜ਼ਿੰਮੇਵਾਰੀ ਚੁੱਕਣ ਤੋਂ ਇਨਕਾਰੀ ਹੋ ਜਾਂਦੀਆਂ ਹਨ।

ਜ਼ਿੰਮੇਵਾਰੀ ਤੋਂ ਬਿਨਾਂ ਜ਼ਿੰਦਗੀ ਦੇ ਕੋਈ ਅਰਥ ਨਹੀਂ ਹੁੰਦੇ।

ਜ਼ਿੰਮੇਵਾਰੀ ਤੋਂ ਬਿਨਾਂ ਕਿਸੇ ਖੇਤਰ ਵਿਚ ਮਹੱਤਵਪੂਰਨ ਨਹੀਂ ਹੋਇਆ ਜਾ ਸਕਦਾ।

ਜਦੋਂ ਮਨੁੱਖ ਨੂੰ ਜ਼ਿੰਮੇਵਾਰੀ ਮਿਲ ਜਾਂਦੀ ਹੈ, ਉਸ ਨੂੰ ਜ਼ਿੰਦਗੀ ਦਾ ਉਦੇਸ਼ ਮਿਲ ਜਾਂਦਾ ਹੈ। ਹਰ ਮਨੁੱਖ ਵਧੇਰੇ ਜ਼ਿੰਮੇਵਾਰੀ ਲਈ ਤਾਂਘਦਾ ਹੈ। ਇਕ-ਦੂਜੇ ਦੀ ਜ਼ਿੰਮੇਵਾਰੀ ਚੁੱਕਣ ਨਾਲ ਅਸੀਂ ਸਾਰੇ ਸ਼ਕਤੀਸ਼ਾਲੀ ਹੋ ਸਕਦੇ ਹਾਂ। ਜਦੋਂ ਤਕ ਮਨੁੱਖ ਦੀ ਟੇਕ ਕਿਸਮਤ ਤੋਂ ਹਟ ਕੇ ਮਿਹਨਤ ਉਤੇ ਨਹੀਂ ਟਿਕਦੀ, ਜਦੋਂ ਤਕ ਉਸ ਵਿਚ ਜ਼ਿੰਮੇਵਾਰੀ ਦੀ ਭਾਵਨਾ ਨਹੀਂ ਜਾਗਦੀ, ਉਦੋਂ ਤਕ ਜ਼ਿੰਦਗੀ ਵਿਚ ਇਨਕਲਾਬ ਵੀ ਨਹੀਂ ਵਾਪਰਦੇ।

ਜ਼ਿੰਮੇਵਾਰੀ ਦੀ ਭਾਵਨਾ ਤੋਂ ਸੱਖਣਾ ਵਿਅਕਤੀ ਵਿਕਾਸ, ਪਰਿਵਰਤਨ ਅਤੇ ਭਵਿੱਖ ਦਾ ਵਿਰੋਧੀ ਹੁੰਦਾ ਹੈ। ਪਰਿਵਰਤਨ ਅਤੇ ਵਿਕਾਸ ਪ੍ਰਤੀ ਅਪਣਾਇਆ ਵਿਰੋਧੀ ਪੈਂਤੜਾ ਸਾਨੂੰ ਕਮਜ਼ੋਰ ਕਰ ਦਿੰਦਾ ਹੈ। ਸਾਡੇ ਕੋਲੋਂ ਜ਼ਿੰਦਗੀ ਦੀ ਸੇਧ ਗੁਆਚ ਜਾਂਦੀ ਹੈ।

ਕਮਜ਼ੋਰਾਂ ਕੋਲ ਜੇ ਸੇਧ ਨਾ ਹੋਵੇ ਤਾਂ ਉਹ ਬਗਾਵਤ ਕਰ ਕੇ ਹੋਰ ਕਮਜ਼ੋਰ ਹੋ ਜਾਂਦੇ ਹਨ। ਬੱਚਿਆਂ ਕੋਲ ਜੇ ਆਦਰਸ਼ ਨਾ ਹੋਣ ਤਾਂ ਉਨ੍ਹਾਂ ਨੂੰ ਸੇਧ ਵੀ ਨਹੀਂ ਲੱਭਦੀ। ਜੇ ਤੁਹਾਡੇ ਬੱਚਿਆਂ ਵਿਚ ਕੁਝ ਨਵਾਂ ਕਰਨ ਦਾ ਸਾਹਸ ਨਹੀਂ ਤਾਂ ਉਹ ਨਾ ਗਲਤੀਆਂ ਕਰਨ ਦੀ ਮੌਜ ਮਾਣ ਸਕਣਗੇ ਅਤੇ ਨਾ ਹੀ ਕੁਝ ਮੌਲਿਕ ਅਤੇ ਸੱਜਰਾ ਸਿਰਜ ਸਕਣਗੇ।

ਕੁਝ ਨਵਾਂ ਕਰਨ ਲਈ ਆਪਣੀ ਮਾਤ-ਭਾਸ਼ਾ ਵਿਚ ਨਿਪੁੰਨ ਹੋਣਾ ਅਤੇ ਆਪਣੇ ਦੇਸ਼ ਉਤੇ ਮਾਣ ਕਰਨਾ ਬੁਨਿਆਦੀ ਆਧਾਰ ਹਨ।

ਜਿਹੜੀਆਂ ਕੌਮਾਂ ਆਪਣੇ ਬੱਚਿਆਂ ਨੂੰ ਮੁੱਢਲੀ ਸਿੱਖਿਆ ਆਪਣੀ ਮਾਤ-ਭਾਸ਼ਾ ਵਿਚ ਨਹੀਂ ਦਿੰਦੀਆਂ, ਉਹ ਕੌਮਾਂ ਜਾਂ ਤਾਂ ਗੁਲਾਮ ਰਹਿ ਚੁੱਕੀਆਂ ਹੁੰਦੀਆਂ ਹਨ ਜਾਂ ਗੁਲਾਮ ਹੋ ਜਾਂਦੀਆਂ ਹਨ। ਅਜਿਹੀਆਂ ਕੌਮਾਂ ਦੇ ਜੀਵਨ ਵਿਚ ਨਕਲ ਪ੍ਰਧਾਨ ਹੁੰਦੀ ਹੈ, ਉਨ੍ਹਾਂ ਦੇ ਜੀਵਨ ਵਿਚ ਕੁਝ ਵੀ ਮੌਲਿਕ ਨਹੀਂ ਵਾਪਰਦਾ। ਅਜਿਹੇ ਲੋਕਾਂ ਕੋਲ ਕੱਪੜੇ ਅਨੇਕ ਹੁੰਦੇ ਹਨ ਪਰ ਪਿੰਡੇ ਦੇ ਕੱਜੇ ਹੋਏ ਹੋਣ ਦਾ ਅਹਿਸਾਸ ਨਹੀਂ ਹੁੰਦਾ, ਪਕਵਾਨ ਬੇਸ਼ੁਮਾਰ ਹੁੰਦੇ ਹਨ ਪਰ ਭੁੱਖ ਨਹੀਂ ਰੱਜਦੀ, ਸਫ਼ਰ ਦੇ ਬੜੇ ਸਾਧਨ ਹੁੰਦੇ ਹਨ ਪਰ ਭਟਕਣ ਨਹੀਂ ਮਿਟਦੀ, ਧਨ ਅਥਾਹ ਹੁੰਦਾ ਹੈ, ਪਰ ਗਰੀਬੀ ਨਹੀਂ ਮੁਕਦੀ।

ਅਜਿਹੇ ਲੋਕ ਸੋਚ, ਸਰੀਰ ਅਤੇ ਰੂਹ, ਸਭ ਪੱਖਾਂ ਤੋਂ ਗਰੀਬ ਹੁੰਦੇ ਹਨ।

ਅਜੋਕੇ ਸੰਸਾਰ ਦੀਆਂ ਉਹ ਕੌਮਾਂ ਅਤੇ ਉਹ ਦੇਸ਼ ਹੀ ਆਜ਼ਾਦ ਅਤੇ ਖੁਸ਼ਹਾਲ ਹਨ, ਜਿਥੇ ਬੱਚਿਆਂ ਨੂੰ ਮੁੱਢਲੀ ਸਿੱਖਿਆ ਉਨ੍ਹਾਂ ਦੀ ਮਾਤ-ਭਾਸ਼ਾ ਵਿਚ ਮਿਲਦੀ ਹੈ। ਮਾਤ-ਭਾਸ਼ਾ ਉਹ ਪੱਤਣ ਹੈ, ਜਿਥੋਂ ਸਾਡੇ ਇਰਾਦਿਆਂ, ਵਿਚਾਰਾਂ ਅਤੇ ਸੁਪਨਿਆਂ ਨੇ ਜ਼ਿੰਦਗੀ ਦੇ ਦਰਿਆ ਵਿਚ ਠਿਲ੍ਹਣਾ ਹੁੰਦਾ ਹੈ।

ਮਾਤ-ਭਾਸ਼ਾ ਦਾ ਸਬੰਧ ਬਚਪਨ ਨਾਲ ਹੁੰਦਾ ਹੈ, ਬਚਪਨ ਨੂੰ ਅਸੀਂ ਜ਼ਿੰਦਗੀ ਭਰ ਨਹੀਂ ਭੁੱਲਦੇ। ਜਿਵੇਂ ਬੱਚੇ ਦੇ ਮੁੱਢਲੇ ਵਰ੍ਹੇ ਉਸ ਦੀ ਮਾਂ ਦੇ ਸਾਥ ਵਿਚ ਗੁਜ਼ਰਨੇ ਚਾਹੀਦੇ ਹਨ, ਉਵੇਂ ਹੀ ਮੁੱਢਲੇ ਵਿਚਾਰ ਅਤੇ ਮੁੱਢਲੀ ਕਲਪਨਾ ਮਾਤ-ਭਾਸ਼ਾ ਵਿਚ ਜਾਗਣੀ ਚਾਹੀਦੀ ਹੈ। ਮਾਤ-ਭਾਸ਼ਾ ਵਿਚ ਨਿਪੁੰਨ ਹੋਣ ਉਪਰੰਤ ਮਨੁੱਖ ਨੂੰ ਵੱਧ ਤੋਂ ਵੱਧ ਭਾਸ਼ਾਵਾਂ ਸਿਖਣੀਆਂ ਚਾਹੀਦੀਆਂ ਹਨ, ਕਿਉਂਕਿ ਮਨੁੱਖ ਨੇ ਜ਼ਿੰਦਗੀ ਦੇ ਕਈ ਪੱਤਣਾਂ ਉਤੇ ਵਿਚਰਨਾ ਹੁੰਦਾ ਹੈ। ਮਾਤ-ਭਾਸ਼ਾ ਸਾਡੇ ਵਿਚ ਇਖ਼ਲਾਕੀ ਅਮੀਰੀ ਅਤੇ ਰੂਹਾਨੀ ਖੁਸ਼ਹਾਲੀ ਉਪਜਾਉਂਦੀ ਹੈ ਅਤੇ ਸਾਡਾ ਅਸਮਾਨ ਵੱਡਾ ਅਤੇ ਵਿਸ਼ਾਲ ਹੋ ਜਾਂਦਾ ਹੈ। ਮਾਤ-ਭਾਸ਼ਾ ਸਾਨੂੰ ਮਾਲਕ ਹੋਣ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦੀ ਹੈ।

ਮਾਤ-ਭਾਸ਼ਾ ਤੋਂ ਬਿਨਾਂ ਸਾਡੇ ਵਿਚ ਮਾਲਕੀ ਦਾ ਅਹਿਸਾਸ ਨਹੀਂ ਜਾਗਦਾ ਅਤੇ ਸਾਡੀ ਸਥਿਤੀ ਨੌਕਰਾਂ ਵਾਲੀ ਬਣੀ ਰਹਿੰਦੀ ਹੈ।

ਸੰਸਾਰ ਵਿਚ ਜ਼ਿੰਮੇਵਾਰੀ ਦੇ ਪੱਖ ਤੋਂ ਦੋ ਪ੍ਰਕਾਰ ਦੇ ਲੋਕ ਹੁੰਦੇ ਹਨ। ਇਕ ਉਹ ਜਿਨ੍ਹਾਂ ਨੂੰ ਕੰਮ ਦੱਸਣਾ ਪੈਂਦਾ ਹੈ ਅਤੇ ਦੂਜੇ ਉਹ ਜਿਹੜੇ ਆਪਣਾ ਕੰਮ ਆਪੇ ਲੱਭ ਲੈਂਦੇ ਹਨ। ਪਹਿਲੀ ਪ੍ਰਕਾਰ ਦੇ ਲੋਕਾਂ ਨੂੰ ਨੌਕਰ ਕਿਹਾ ਜਾਂਦਾ ਹੈ, ਜਦੋਂ ਕਿ ਦੂਜੀ ਪ੍ਰਕਾਰ ਦੇ ਲੋਕ ਮਾਲਕ ਹੁੰਦੇ ਹਨ ਜਾਂ ਮਾਲਕ ਬਣ ਜਾਂਦੇ ਹਨ।

ਨੌਕਰੀ ਵਿਚ ਉਦੇਸ਼ ਜ਼ਿੰਮੇਵਾਰੀ ਤੋਂ ਬਚਣਾ ਹੁੰਦਾ ਹੈ, ਜਦੋਂ ਕਿ ਮਾਲਕ ਦੀ ਇੱਛਾ ਵੱਧ ਤੋਂ ਵੱਧ ਜ਼ਿੰਮੇਵਾਰੀ ਨਿਭਾਉਣ ਦੀ ਹੁੰਦੀ ਹੈ।

ਜਿਹੜਾ ਕੰਮ ਜ਼ਿੰਮੇਵਾਰੀ ਨਾਲ ਨਾ ਕੀਤਾ ਜਾਵੇ ਅਤੇ ਜਿਸ ਵਿਚੋਂ ਆਨੰਦ ਨਾ ਮਿਲੇ, ਉਸ ਨੂੰ ਨੌਕਰੀ ਕਹਿੰਦੇ ਹਨ।

ਨੌਕਰ ਰੁਕਾਵਟਾਂ ਦੀ ਭਾਸ਼ਾ ਬੋਲਦੇ ਹਨ, ਮਾਲਕ ਰੁਕਾਵਟਾਂ ਵਿਚੋਂ ਪੁਲ ਅਤੇ ਪੌੜੀਆਂ ਸਿਰਜ ਲੈਂਦੇ ਹਨ। ਕਹਿੰਦੇ ਹਨ, ਜਦੋਂ ਤੁਸੀ ਜ਼ਿੰਮੇਵਾਰੀ ਨੂੰ ਪ੍ਰਵਾਨ ਕਰ ਲਵੋਗੇ ਤਾਂ ਰੁਕਾਵਟਾਂ ਪੁਲ ਬਣਦੀਆਂ ਜਾਣਗੀਆਂ।

ਮਾਲਕ ਕਦੀ ਵੀ ਬੇਰੁਜ਼ਗਾਰ ਨਹੀਂ ਹੁੰਦੇ, ਨੌਕਰ ਲਗਣ ਵਾਲੀ ਭਾਵਨਾ ਵਾਲੇ ਲੋਕ ਹੀ ਬੇਰੁਜ਼ਗਾਰ ਹੁੰਦੇ ਹਨ।

ਨੌਕਰ ਦੀ ਭਾਵੇਂ ਕਿਤਨੀ ਵੀ ਤਨਖਾਹ ਹੋਵੇ, ਉਹ ਨੌਕਰ ਹੈ, ਮਾਲਕ ਦੀ ਆਮਦਨ ਭਾਵੇਂ ਕਿਤਨੀ ਵੀ ਥੋੜ੍ਹੀ ਹੋਵੇ, ਉਹ ਮਾਲਕ ਹੈ।

ਜ਼ਿੰਮੇਵਾਰੀ ਦੀ ਭਾਵਨਾ ਨਾਲ ਨੌਕਰ ਵੀ ਮਾਲਕ ਬਣ ਸਕਦੇ ਹਨ, ਬੇਰੁਜ਼ਗਾਰ ਵੀ ਸਫ਼ਲ ਹੋ ਸਕਦੇ ਹਨ।

ਸੰਸਾਰ ਦੀ ਦਿਲਚਸਪੀ ਤੁਹਾਨੂੰ ਸਫ਼ਲ ਬਣਾਉਣ ਵਿਚ ਹੈ, ਕਿਉਂਕਿ ਸੰਸਾਰ ਨੂੰ ਸਫ਼ਲ ਵਿਅਕਤੀ ਤੋਂ ਕਈ ਪ੍ਰਕਾਰ ਦਾ ਲਾਭ ਪਹੁੰਚਦਾ ਹੈ। ਅਸੀਂ ਅਸਫ਼ਲ ਇਸ ਲਈ ਹੁੰਦੇ ਹਾਂ, ਕਿਉਂਕਿ ਸਾਡੀ ਆਪਣੀ ਸਫਲਤਾ ਵਿਚ ਵੀ ਦਿਲਚਸਪੀ ਨਹੀਂ ਹੁੰਦੀ।

ਮੇਰੇ ਇਕ ਮਿੱਤਰ ਹਨ, ਜਿਨ੍ਹਾਂ ਨੇ ਜ਼ਿੰਦਗੀ ਦਾ ਲੰਮਾ ਅਰਸਾ ਇਹ ਕਹਿੰਦਿਆਂ ਗੁਜ਼ਾਰ ਦਿੱਤਾ ਹੈ ਕਿ ਉਨ੍ਹਾਂ ਕੋਲ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪੂੰਜੀ ਨਹੀਂ ਹੈ। ਜਦੋਂ ਉਨ੍ਹਾਂ ਲਈ ਪੂੰਜੀ ਦਾ ਪ੍ਰਬੰਧ ਕੀਤਾ ਗਿਆ ਤਾਂ ਉਹ ਮਿਲਣੋਂ ਹੀ ਹਟ ਗਏ ਅਤੇ ਉਹ ਉਦੋਂ ਹੀ ਮਿਲੇ ਜਦੋਂ ਉਨ੍ਹਾਂ ਨੇ ਰਾਤ-ਰਾਤ ਭਰ ਬੋਤਲ ਉਤੇ ਭਰਪੂਰ ਮਿਹਨਤ ਕਰਕੇ ਆਪਣੇ ਉਜੜਨ ਦੇ ਸੁਪਨੇ ਸਾਕਾਰ ਕਰ ਲਏ ਸਨ। ਉਨ੍ਹਾਂ ਨੇ ਆਪਣਾ ਮਕਾਨ ਵੇਚ ਦਿੱਤਾ ਹੈ ਅਤੇ ਆਪਣੀ ਬੀਵੀ ਨੂੰ ਆਪਣੀ ਅਸਫ਼ਲਤਾ ਦਾ ਦੋਸ਼ ਦਿੰਦੇ ਹੋਏ, ਉਸ ਨੂੰ ਤਲਾਕ ਦੇਣ ਲਈ ਮੁਕੱਦਮਾ ਲੜ ਰਹੇ ਹਨ।

ਕਿਸੇ ਦੀ ਸਫ਼ਲਤਾ ਵਿਚ ਕਿਸਮਤ ਇਕ ਬਹੁਤ ਛੋਟਾ ਜਿਹਾ ਪੱਖ ਹੁੰਦੀ ਹੈ, ਜਦੋਂ ਕਿ ਫੈਸਲਾਕੁਨ ਰੋਲ ਮਿਹਨਤ ਅਤੇ ਜ਼ਿੰਮੇਵਾਰੀ ਨਿਭਾਉਂਦੀ ਹੈ।

ਮਿਹਨਤ ਤੋਂ ਬਿਨਾਂ ਜ਼ਿੰਮੇਵਾਰੀ ਦੇ ਅਤੇ ਜ਼ਿੰਮੇਵਾਰੀ ਤੋਂ ਬਿਨਾਂ ਮਿਹਨਤ ਦੇ ਕੋਈ ਅਰਥ ਨਹੀਂ ਹੁੰਦੇ।

ਸੰਸਾਰ ਵਿਚ ਜਿਹੜੇ ਵਿਅਕਤੀ ਸਫ਼ਲ, ਪ੍ਰਸਿੱਧ ਜਾਂ ਮਹਾਨ ਹੋਏ ਹਨ, ਉਨ੍ਹਾਂ ਦੇ ਜੀਵਨ ਵੇਰਵੇ ਘੋਖ ਕੇ ਵੇਖ ਲਵੋ, ਕਿਸਮਤ ਵਰਗੀ ਚੀਜ਼ ਤੁਹਾਨੂੰ ਉਨ੍ਹਾਂ ਦੇ ਜੀਵਨ ਵਿਚ ਕਿਧਰੇ ਵੀ ਵਿਖਾਈ ਨਹੀਂ ਦੇਵੇਗੀ। ਉਨ੍ਹਾਂ ਨੇ ਉਹ ਸਥਿਤੀਆਂ ਆਪ ਉਪਜਾਈਆਂ ਸਨ, ਜਿਨ੍ਹਾਂ ਨੂੰ ਅਸੀਂ ਕਿਸਮਤ ਕਹਿੰਦੇ ਹਾਂ।

ਸਫ਼ਲ ਹੋਣ ਲਈ ਪੈਸਾ ਨਹੀਂ ਚਾਹੀਦਾ ਹੁੰਦਾ, ਜ਼ਿੰਮੇਵਾਰੀ ਦੀ ਭਾਵਨਾ ਅਤੇ ਇਸ ਭਾਵਨਾ ਵਿਚੋਂ ਉਪਜੀ ਲਗਨ ਅਤੇ ਮਿਹਨਤ ਚਾਹੀਦੀ ਹੁੰਦੀ ਹੈ।

ਚੰਗੀਆਂ ਆਦਤਾਂ ਮਹਿੰਗੀਆਂ ਨਹੀਂ ਹੁੰਦੀਆਂ ਅਤੇ ਮਹਿੰਗੀਆਂ ਆਦਤਾਂ ਚੰਗੀਆਂ ਨਹੀਂ ਹੁੰਦੀਆਂ। ਬਹੁਤੇ ਧਨ ਦੀ ਲੋੜ ਭੈੜੀਆਂ ਆਦਤਾਂ ਲਈ ਹੀ ਹੁੰਦੀ ਹੈ।

ਜ਼ਿੰਦਗੀ ਦੇ ਹਰ ਖੇਤਰ ਵਿਚ ਜਾਂ ਜੀਵਨ ਦੇ ਹਰ ਪੜਾਅ ਉਤੇ ਹਮੇਸ਼ਾ ਸਫ਼ਲ ਜਾਂ ਹਰ ਵਾਰੀ ਅਸਫ਼ਲ ਹੋਣਾ ਸੰਭਵ ਨਹੀਂ ਹੁੰਦਾ।

ਸਫ਼ਲਤਾ ਹਮੇਸ਼ਾ ਮਿਹਨਤ ਅਤੇ ਜ਼ਿੰਮੇਵਾਰੀ ਦੇ ਅਨੁਪਾਤ ਵਿਚ ਹੀ ਮਿਲਦੀ ਹੈ।

ਕਾਹਲ ਵੱਸ ਅਸੀਂ ਪਹਿਲੇ ਹੀ ਯਤਨ ਵਿਚ ਸਫ਼ਲ ਹੋਣਾ ਚਾਹੁੰਦੇ ਹਾਂ, ਜਦੋਂ ਕਿ ਜ਼ਿੰਦਗੀ ਸਾਡੇ ਤੋਂ ਹੋਰ ਅਭਿਆਸ, ਧੀਰਜ ਅਤੇ ਮਿਹਨਤ ਦੀ ਮੰਗ ਕਰਦੀ ਹੈ।

ਕੋਈ ਵੀ ਪਹਿਲੇ ਹੀ ਯਤਨ ਵਿਚ ਸਫ਼ਲ ਨਹੀਂ ਹੁੰਦਾ।

ਹਰ ਕਿਸੇ ਦੀ ਜ਼ਿੰਦਗੀ ਵਿਚ ਮੌਕੇ ਦੇ ਰੂਪ ਵਿਚ ਕਿਸਮਤ ਜਾਗਦੀ ਹੈ।

ਕਈ ਸਾਰਾ-ਸਾਰਾ ਦਿਨ ਸੁਪਨੇ ਵੇਖਦੇ ਰਹਿੰਦੇ ਹਨ, ਕਈ ਸਾਰਾ-ਸਾਰਾ ਦਿਨ ਕੰਮ ਕਰਦੇ ਰਹਿੰਦੇ ਹਨ।

ਸਫ਼ਲ ਉਹ ਹੁੰਦੇ ਹਨ ਜਿਹੜੇ ਪਹਿਲਾਂ ਸੁਪਨਾ ਵੇਖਦੇ ਹਨ ਅਤੇ ਫਿਰ ਉਸ ਸੁਪਨੇ ਨੂੰ ਅਸਲੀਅਤ ਵਿਚ ਉਲਥਾਉਣ ਲਈ ਜ਼ਿੰਮੇਵਾਰੀ ਨਾਲ ਮਿਹਨਤ ਕਰਦੇ ਹਨ।

ਹਰ ਕੋਈ ਲੰਮਾ ਜੀਵਨ ਜਿਊਣਾ ਚਾਹੁੰਦਾ ਹੈ ਪਰ ਕਿਸੇ ਕੋਲ 'ਕਿਉਂ' ਦਾ ਕੋਈ ਉੱਤਰ ਨਹੀਂ ਹੁੰਦਾ।

ਜਿਹੜੇ ਜ਼ਿੰਮੇਵਾਰੀ ਨਾਲ ਜਿਊਂਦੇ ਹਨ, ਉਹੀ ਸ਼ਿੱਦਤ ਨੂੰ ਮਾਣਦੇ ਹਨ।

ਜਿੱਤਣ ਦੀ ਇੱਛਾ ਸਾਡੇ ਸਾਰਿਆਂ ਵਿਚ ਹੁੰਦੀ ਹੈ ਪਰ ਕਾਰਜ ਸਾਡੇ ਅਸਫ਼ਲ ਹੋਣ ਵਾਲੇ ਹੁੰਦੇ ਹਨ। ਹਰ ਕੋਈ ਸਵਰਗ ਜਾ ਸਕਦਾ ਹੈ ਪਰ ਕਰਮ ਸਾਡੇ ਨਰਕ ਜਾਣ ਵਾਲੇ ਹੁੰਦੇ ਹਨ। ਅਸੀਂ ਸਵਰਗ ਇਸ ਲਈ ਨਹੀਂ ਜਾ ਸਕਦੇ, ਕਿਉਂਕਿ ਅਸੀਂ ਆਪਣੇ ਨਾਲ ਆਪਣਾ ਨਰਕ ਵੀ ਲੈ ਕੇ ਜਾਣਾ ਚਾਹੁੰਦੇ ਹਾਂ।

ਅਸੀਂ ਕੰਮ ਲਾਪ੍ਰਵਾਹੀ ਨਾਲ ਕਰਦੇ ਹਾਂ ਪਰ ਫਲ ਜ਼ਿੰਮੇਵਾਰੀ ਵਾਲਾ ਭਾਲਦੇ ਹਾਂ।

ਜਿਥੇ ਸਾਰੇ ਰੋ ਰਹੇ ਹੋਣ, ਉਥੇ ਕੋਈ ਕਿਸੇ ਦੇ ਅੱਥਰੂ ਨਹੀਂ ਪੂੰਝਦਾ।

ਜੇ ਤੁਸੀਂ ਆਪਣੀਆਂ ਲਾਪ੍ਰਵਾਹੀ ਵਾਲੀਆਂ ਆਦਤਾਂ ਨਹੀਂ ਬਦਲਣੀਆਂ ਤਾਂ ਹੋਰ ਗਿਆਨ ਕਿਉਂ ਪ੍ਰਾਪਤ ਕਰਨਾ ਚਾਹੁੰਦੇ ਹੋ ?

ਜੇ ਜ਼ਿੰਮੇਵਾਰੀ ਦੀ ਭਾਵਨਾ ਹੋਵੇ ਤਾਂ ਹਰ ਧੱਕਾ ਸਾਨੂੰ ਜ਼ਿੰਦਗੀ ਵਿਚ ਅੱਗੇ ਹੀ ਲੈ ਕੇ ਜਾਂਦਾ ਹੈ ਪਰ ਜੇ ਤੁਸੀਂ ਟੱਸ ਤੋਂ ਮੱਸ ਨਹੀਂ ਹੋਣਾ ਤਾਂ ਧੱਕੇ ਜਿਤਨੇ ਮਰਜ਼ੀ ਪੈਣ ਤੁਸੀਂ ਕੁਝ ਵੀ ਨਹੀਂ ਸਿਖੋਗੇ ਅਤੇ ਕਿਧਰੇ ਨਹੀਂ ਪਹੁੰਚੋਗੇ।

ਬਹੁਤੇ ਲੋਕ ਜਿਊਂਦੇ ਨਹੀਂ, ਉਹ ਮੌਤ ਨੂੰ ਟਾਲਣ ਅਤੇ ਜ਼ਿੰਮੇਵਾਰੀ ਤੋਂ ਬਚਣ ਦੇ ਆਹਰ ਵਿਚ ਨਿਰੰਤਰ ਰੁਝੇ ਰਹਿੰਦੇ ਹਨ।

ਬਹੁਤ ਘੱਟ ਲੋਕ ਹੁੰਦੇ ਹਨ, ਜਿਹੜੇ ਕੰਮ ਕਰ ਕੇ ਥੱਕਦੇ ਹਨ।

ਮਾਲਕ ਨਹੀਂ ਥੱਕਦੇ, ਥੱਕਦੇ ਨੌਕਰ ਹੀ ਹਨ। ਨੌਕਰ ਕੰਮ ਅਰੰਭਣ ਤੋਂ ਪਹਿਲਾਂ ਹੀ ਥੱਕੇ ਹੋਏ ਹੁੰਦੇ ਹਨ।

ਸੱਚ ਤਾਂ ਇਹ ਹੈ ਕਿ ਕੰਮ ਵਿਚੋਂ ਕੋਈ ਥਕਾਵਟ ਨਹੀਂ ਉਪਜਦੀ, ਥਕਾਵਟ ਕੰਮ ਪ੍ਰਤੀ ਸਾਡੇ ਦ੍ਰਿਸ਼ਟੀਕੋਣ ਵਿਚ ਹੁੰਦੀ ਹੈ। ਸਾਡੀ ਕੰਮ ਵਿਚ ਦਿਲਚਸਪੀ ਨਹੀਂ ਹੁੰਦੀ, ਦਿਲਚਸਪੀ ਕੰਮ ਤੋਂ ਹੋਣ ਵਾਲੀ ਆਮਦਨ ਜਾਂ ਲਾਭ ਵਿਚ ਹੁੰਦੀ ਹੈ।

ਜਦੋਂ ਤਕ ਕੰਮ ਵਿਚ ਦਿਲਚਸਪੀ ਨਹੀਂ ਉਪਜਦੀ, ਜਿਹੜੀ ਜ਼ਿੰਮੇਵਾਰੀ ਦੀ ਭਾਵਨਾ ਬਿਨਾਂ ਉਪਜ ਨਹੀਂ ਸਕਦੀ, ਉਦੋਂ ਤਕ ਸਾਡੇ ਅਨੁਭਵ, ਸਾਡੀ ਸੋਚ ਅਤੇ ਸਾਡੇ ਵਿਹਾਰ ਵਿਚ ਵਿਸ਼ਾਲਤਾ ਨਹੀਂ ਆਉਂਦੀ।

ਮੈਨੂੰ ਉਨ੍ਹਾਂ ਦਿਨਾਂ ਦੀ ਉਡੀਕ ਹੈ, ਜਦੋਂ ਸਕੂਲ ਲੱਗਣ ਵੇਲੇ ਉਸ ਸਕੂਲ ਦੇ ਬੱਚੇ ਉਵੇਂ ਦੌੜ ਕੇ ਪਹੁੰਚਿਆ ਕਰਨਗੇ, ਜਿਵੇਂ ਅੱਜ ਕੱਲ੍ਹ ਉਹ ਛੁੱਟੀ ਹੋਣ ਵੇਲੇ ਸਕੂਲ ਵਿਚੋਂ ਦੌੜ ਕੇ ਬਾਹਰ ਨਿਕਲਦੇ ਹਨ।

ਕੇਵਲ ਸੁਪਨੇ ਵੇਖਣ ਨਾਲ ਜਾਂ ਬਿਸਤਰੇ ਵਿਚ ਲੇਟ ਕੇ ਕੀਤੇ ਵਾਰ, ਕਿਸੇ ਨੂੰ ਪੋਰਸ ਜਾਂ ਸਿਕੰਦਰ ਨਹੀਂ ਬਣਾ ਸਕਦੇ।

ਸ਼ੀਸ਼ਿਆਂ ਨਾਲ ਕੀਤੇ ਪਿਆਰ ਵਿਚੋਂ ਹੀਰ ਜਾਂ ਰਾਂਝਾ ਨਹੀਂ ਉਪਜਦੇ।

ਜੇ ਜ਼ਿੰਦਗੀ ਦੀ ਬਾਜ਼ੀ ਖੇਡਣੀ ਆਉਂਦੀ ਹੋਵੇ ਤਾਂ ਗੀਟੇ ਲੱਭਣੇ ਨਹੀਂ ਪੈਂਦੇ।

ਸੌਖੀਆਂ ਜਿੱਤਾਂ ਦਾ ਮਾਣ-ਸਤਿਕਾਰ ਨਹੀਂ ਹੁੰਦਾ।

ਠੇਡਾ ਉਦੋਂ ਹੀ ਲੱਗਦਾ ਹੈ, ਜਦੋਂ ਅਸੀਂ ਜ਼ਿੰਮੇਵਾਰੀ ਤੋਂ ਡਰ ਕੇ ਦੌੜਨ ਦਾ ਯਤਨ ਕਰਦੇ ਹਾਂ। ਰਾਹ-ਰਸਤੇ ਪੈਰਾਂ ਦੀ ਆਬਰੂ ਹੁੰਦੇ ਹਨ।

ਜਿਨ੍ਹਾਂ ਦੀਆਂ ਅੱਖਾਂ ਵਿਚ ਦੁਮੇਲਾਂ ਪ੍ਰਤੀ ਹੁੰਗਾਰਾ ਨਹੀਂ ਹੁੰਦਾ, ਉਹ ਸ਼ੀਸ਼ਿਆਂ ਸੰਗ ਲਾਵਾਂ-ਫੇਰਿਆਂ ਵਾਂਗ ਉਥੇ ਹੀ ਘੁੰਮਦੇ ਰਹਿੰਦੇ ਹਨ।

ਜਿਸ ਨੇ ਕਦੇ ਕੋਈ ਗਲਤੀ ਨਹੀਂ ਕੀਤੀ, ਉਸ ਨੇ ਕਦੇ ਕੋਈ ਮੁੱਲਵਾਨ ਅਨੁਭਵ ਵੀ ਪ੍ਰਾਪਤ ਨਹੀਂ ਕੀਤਾ ਹੁੰਦਾ। ਅਜਿਹੇ ਵਿਅਕਤੀ ਦਾ ਗਿਆਨ ਡੂੰਘਾ ਨਹੀਂ ਹੁੰਦਾ। ਗਿਆਨ ਕਦੇ ਵੀ ਸਾਨੂੰ ਮੁਸ਼ਕਿਲ ਵਿਚ ਨਹੀਂ ਪਾਉਂਦਾ, ਮੁਸ਼ਕਿਲ ਵਿਚ ਸਾਨੂੰ ਉਹ ਅਗਿਆਨਤਾ ਪਾਉਂਦੀ ਹੈ, ਜਿਸ ਨੂੰ ਅਸੀਂ ਗਿਆਨ ਸਮਝਣ ਦਾ ਭੁਲੇਖਾ ਸਿਰਜ ਲੈਂਦੇ ਹਾਂ। ਜੀਵਨ ਦੀਆਂ ਮੁਸ਼ਕਿਲਾਂ ਹਰ ਕਿਸੇ ਵਿਚ ਜ਼ਿੰਮੇਵਾਰੀ ਦੀ ਭਾਵਨਾ ਦੇ ਵੱਖਰੇ-ਵੱਖਰੇ ਹੋਣ ਕਾਰਨ ਉਪਜਦੀਆਂ ਹਨ। ਜਿਹੋ ਜਿਹੀ ਜ਼ਿੰਮੇਵਾਰੀ ਨਾਲ ਅਸੀਂ ਅੱਜ ਵਿਚਰਾਂਗੇ ਉਹੋ ਜਿਹਾ ਹੀ ਸਾਡਾ ਕੱਲ੍ਹ ਹੋਵੇਗਾ। ਜੇ ਅੱਜ ਅਸੀਂ ਬੱਚਤ ਨਹੀਂ ਕਰਾਂਗੇ ਤਾਂ ਕੱਲ੍ਹ ਨੂੰ ਸਾਡੇ ਕੋਲ ਕੋਈ ਪੂੰਜੀ ਨਹੀਂ ਹੋਵੇਗੀ।

ਜਿਨ੍ਹਾਂ ਵਿਚ ਜ਼ਿੰਮੇਵਾਰੀ ਦੀ ਭਾਵਨਾ ਨਹੀਂ ਹੁੰਦੀ, ਉਹ ਲਾਟਰੀ ਜਾਂ ਜੂਏ ਰਾਹੀਂ ਅਮੀਰ ਹੋਣ ਦਾ ਭਰਮ ਪਾਲਦੇ ਹਨ।

ਭਰਮ, ਭਰਮ ਹੁੰਦੇ ਹਨ, ਇਹ ਕਦੇ ਯਥਾਰਥ ਨਹੀਂ ਬਣਦੇ।

ਲਾਟਰੀ ਨਾਲ ਅਮੀਰ ਹੋਣ ਦੀ ਜਾਂ ਜੂਆ ਖੇਡ ਕੇ ਬੱਚਤ ਕਰਨ ਦੀ ਕੋਈ ਉਦਾਹਰਣ ਕਿਸੇ ਇਤਿਹਾਸ ਵਿਚ ਨਹੀਂ ਮਿਲਦੀ।

ਸਾਡੇ ਇਤਿਹਾਸ ਨਾਲ ਸਾਡੇ ਵਿਚ ਨਿਰਮਾਣਤਾ ਆਉਣੀ ਚਾਹੀਦੀ ਸੀ ਪਰ ਅਸੀਂ ਉਸ ਨੂੰ ਆਪਣੇ ਹੰਕਾਰ ਦਾ ਝੰਡਾ ਬਣਾ ਲਿਆ ਹੈ।

ਸਰਬੱਤ ਦਾ ਭਲਾ ਕਿਸੇ ਦਾ ਸਿਰ ਲੈ ਕੇ ਨਹੀਂ ਹੁੰਦਾ, ਆਪਣਾ ਸੀਸ ਦੇ ਕੇ ਹੁੰਦਾ ਹੈ। ਜਿਹੜਾ ਵੀ ਅਨੰਦਪੁਰ ਸਾਹਿਬ ਦੇ ਰਾਹ ਚਲੇਗਾ, ਉਸ ਦੇ ਰਸਤੇ ਵਿਚ ਸਰਹਿੰਦ ਅਤੇ ਚਮਕੌਰ ਸਾਹਿਬ ਜ਼ਰੂਰ ਆਉਣਗੇ।

ਨਿਰਮਾਣਤਾ ਨਾਲ ਸਾਡੇ ਪ੍ਰਭਾਵ ਦਾ ਜੁਗਰਾਫੀਆ ਵਿਸ਼ਾਲ ਹੋਣਾ ਚਾਹੀਦਾ ਸੀ ਪਰ ਹੰਕਾਰ ਕਾਰਨ ਇਹ ਸੁੰਗੜ ਗਿਆ ਹੈ। ਜਿਸ ਕੌਮ ਕੋਲ ਡੂੰਘੀ ਜ਼ਿੰਮੇਵਾਰੀ ਦਾ ਅਹਿਸਾਸ ਅਤੇ ਤਾਰੀਖ ਦੀ ਅਮੀਰ ਵਿਰਾਸਤ ਹੋਵੇ, ਉਸ ਕੌਮ ਦੇ ਜੁਗਰਾਫ਼ੀਏ ਦਾ ਕੋਈ ਹੱਦ-ਬੰਨਾ ਨਹੀਂ ਰਹਿੰਦਾ। ਜਿਹੜੀ ਕੌਮ ਜ਼ਿੰਮੇਵਾਰੀ ਨਾਲ ਵਿਚਰਨ ਦੀ ਥਾਂ ਬੇਮੁਹਾਰ ਹੋ ਕੇ ਵਿਚਰਦੀ ਹੈ, ਉਸ ਦੇ ਜੁਗਰਾਫ਼ੀਏ ਦੀਆਂ ਹੱਦਾਂ ਹੀ ਗੁਆਚ ਜਾਂਦੀਆਂ ਹਨ, ਉਸ ਦੀ ਹਵੇਲੀ ਸੁੰਗੜ ਕੇ ਪੀੜ੍ਹੀ ਜਿਤਨੀ ਥਾਂ ਰਹਿ ਜਾਂਦੀ ਹੈ।

ਜਿਹੜੀ ਕੌਮ ਆਪਣੇ ਵਿਰਸੇ ਨੂੰ ਭੁੱਲ ਜਾਂਦੀ ਹੈ, ਉਸ ਤੋਂ ਜ਼ਿੰਮੇਵਾਰੀ ਵਾਲੇ ਸਾਰੇ ਕੰਮ ਖੋਹ ਲਏ ਜਾਂਦੇ ਹਨ। ਜ਼ਿੰਮੇਵਾਰੀ ਦੀ ਅਣਹੋਂਦ ਕਾਰਨ ਕੁਝ ਲੋਕਾਂ ਦਾ ਵਿਹਾਰ ਸਮੁੱਚੀ ਕੌਮ ਦੀ ਸਿਰ-ਪੀੜ ਬਣ ਜਾਂਦਾ ਹੈ। ਅਜਿਹੇ ਸਮਾਜ ਭਵਿੱਖ ਵੱਲ ਨਹੀਂ, ਅਤੀਤ ਵੱਲ ਵੇਖਣ ਕਾਰਨ, ਖੜੋਤ ਦਾ ਸ਼ਿਕਾਰ ਹੋ ਜਾਂਦੇ ਹਨ।

ਸਮਾਜਿਕ ਵਰਤਾਰੇ ਆਪੇ ਨਹੀਂ ਬਦਲਦੇ ਇਨ੍ਹਾਂ ਨੂੰ ਬਦਲਣ ਵਾਸਤੇ ਜ਼ਿੰਮੇਵਾਰੀ ਨਾਲ ਭਰੇ ਹੋਏ, ਉਚੇ ਮੋਢਿਆਂ ਉਤੇ, ਵੱਡੇ ਅਤੇ ਰੋਸ਼ਨ ਦਿਮਾਗਾਂ ਦੀ ਲੋੜ ਹੁੰਦੀ ਹੈ।

ਸਮਾਜਿਕ ਵਰਤਾਰੇ ਉਦੋਂ ਬਦਲਦੇ ਹਨ, ਜਦੋਂ ਹਰ ਕਿਸੇ ਨੂੰ ਆਪਣੇ ਵਿਚਾਰਾਂ ਨੂੰ ਜ਼ਿੰਮੇਵਾਰੀ ਨਾਲ ਪ੍ਰਗਟਾਉਣ ਅਤੇ ਹਰ ਕਿਸੇ ਵਿਚ ਜ਼ਿੰਮੇਵਾਰੀ ਨਾਲ ਸਹਿਮਤ ਜਾਂ ਅਸਹਿਮਤ ਹੋਣ ਦੀ ਖੁੱਲ੍ਹ ਹੁੰਦੀ ਹੈ।

ਸਮਝਣਾ ਅਤੇ ਸਮਝਾਉਣਾ, ਸਿੱਖਿਆ ਦੇ ਦੋ ਮੂਲ ਆਧਾਰ ਹਨ।

ਵਿਚਾਰ, ਵਿਚਾਰਾਂ ਨਾਲ ਵਿਆਹ ਕਰਕੇ ਨਵੇਂ ਵਿਚਾਰਾਂ ਨੂੰ ਜਨਮ ਦਿੰਦੇ ਹਨ। ਜੇ ਵਿਚਾਰਾਂ ਦਾ ਪ੍ਰਵਾਹ ਚਲ ਪਵੇ ਤਾਂ ਗਿਆਨ ਦੇ ਦਰਿਆ ਵਹਿਣ ਲੱਗ ਪੈਂਦੇ ਹਨ।

ਕੋਈ ਵੀ ਕਵੀ ਆਰੰਭ ਵਿਚ ਹੀ ਮਹਾਂ-ਕਾਵਿ ਨਹੀਂ ਲਿਖ ਸਕਦਾ। ਹਰ ਚਿੱਤਰਕਾਰ ਪਹਿਲਾਂ ਪਰੰਪਰਾਗਤ ਰੰਗਾਂ ਵਿਚ ਪਰੰਪਰਾਗਤ ਚਿੱਤਰ ਬਣਾਉਂਦਾ ਹੈ। ਜਦੋਂ ਉਸ ਦੀ ਕਲਪਨਾ ਉਡਾਣ ਭਰਦੀ ਹੈ ਤਾਂ ਉਸ ਦੇ ਰੰਗ ਅਤੇ ਰੇਖਾਵਾਂ ਦੋਵੇਂ ਬਦਲ ਜਾਂਦੀਆਂ ਹਨ ਅਤੇ ਜ਼ਿੰਮੇਵਾਰੀ ਭਰੀ ਮਿਹਨਤ ਸਦਕਾ ਉਹ ਸਾਧਾਰਨ ਜਿਹਾ ਵਿਅਕਤੀ, ਆਪਣੇ ਹੁਨਰ ਦੀ ਰੌਣਕ ਸਦਕਾ, ਨਿਪੁੰਨ ਉਸਤਾਦ ਹੋ ਨਿਬੜਦਾ ਹੈ ਅਤੇ ਲੋਕ ਉਸ ਦੇ ਕੰਮ ਨੂੰ ਕਲਾ ਅਤੇ ਕਮਾਲ-ਹੁਨਰ ਕਹਿਣ ਲੱਗ ਪੈਂਦੇ ਹਨ।

ਆਪਣੀਆਂ ਅੱਖਾਂ ਉਤੇ ਪੱਟੀ ਬੰਨ੍ਹ ਕੇ, ਕਿਸੇ ਦੀ ਅੱਖ ਵਿਚ ਤਲਵਾਰ ਨਾਲ ਕੱਜਲ ਪਾਉਣਾ, ਕਿਸੇ ਮੇਲੇ ਦੇ ਦਰਸ਼ਕਾਂ ਨੂੰ ਤਾਂ ਹੈਰਾਨ ਕਰ ਸਕਦਾ ਹੈ ਪਰ ਇਸ ਕਾਰਜ ਵਿਚ ਹੁਨਰ ਦਾ ਦਰਜਾ ਪ੍ਰਾਪਤ ਕਰਨ ਦੀ ਯੋਗਤਾ ਨਹੀਂ ਹੁੰਦੀ।

ਜਿਸ ਕਲਾ ਨੂੰ ਦੂਜੇ ਲੋਕ ਅਪਨਾਉਣ ਲਈ ਤਿਆਰ ਨਹੀਂ ਹੁੰਦੇ ਉਹ ਹੁਨਰ ਨਹੀਂ ਹੁੰਦਾ। ਹੁਨਰ ਦੇ ਬਲ ਨਾਲ ਇਕ ਸਾਧਾਰਨ ਵਿਅਕਤੀ ਵੀ ਉਸਤਾਦ ਬਣ ਜਾਂਦਾ ਹੈ।

ਉਸਤਾਦ ਦੋ ਪ੍ਰਕਾਰ ਦੇ ਹੁੰਦੇ ਹਨ। ਇਕ ਉਹ ਜਿਹੜੇ ਹੁਨਰ ਦੀ ਸਿਖਰ 'ਤੇ ਪਹੁੰਚ ਚੁੱਕੇ ਹੁੰਦੇ ਹਨ ਪਰ ਇਕੱਲੇ ਹੁੰਦੇ ਹਨ, ਉਨ੍ਹਾਂ ਨੇ ਆਪਣਾ ਕੋਈ ਵਿਦਿਆਰਥੀ, ਵਾਰਿਸ ਜਾਂ ਸ਼ਗਿਰਦ ਤਿਆਰ ਨਹੀਂ ਕੀਤਾ ਹੁੰਦਾ। ਉਹ ਆਪਣਾ ਹੁਨਰ ਆਪਣੇ ਨਾਲ ਲੈ ਕੇ ਟੁਰ ਜਾਂਦੇ ਹਨ। ਦੂਜੇ ਉਹ ਜਿਹੜੇ ਆਪਣੇ ਕੰਮ ਵਿਚ ਨਿਪੁੰਨ ਹੋਣ ਦੇ ਯਤਨ ਵਿਚ ਵੀ ਰਹਿੰਦੇ ਹਨ ਅਤੇ ਉਹ ਇਕ ਚੰਗੇ ਉਸਤਾਦ ਵੀ ਹੁੰਦੇ ਹਨ, ਜਿਨ੍ਹਾਂ ਨੇ ਇਕ ਚੰਗੇ ਅਤੇ ਜ਼ਿੰਮੇਵਾਰ ਅਧਿਆਪਕ ਵਾਂਗ, ਅਨੇਕਾਂ ਸ਼ਾਗਿਰਦ ਪੈਦਾ ਕੀਤੇ ਹੁੰਦੇ ਹਨ, ਜਿਹੜੇ ਉਨ੍ਹਾਂ ਦੀ ਜਗਾਈ ਜੋਤ ਨੂੰ ਅੱਗੇ ਲਿਜਾਂਦੇ ਹਨ ਅਤੇ ਵਿਰਸੇ ਵਿਚ ਮਿਲੀ ਪਗਡੰਡੀ ਨੂੰ ਸ਼ਾਹ-ਰਾਹ ਬਣਾ ਦਿੰਦੇ ਹਨ ਅਤੇ ਜਿਨ੍ਹਾਂ ਦੇ ਵਿਦਿਆਰਥੀ ਜੀਵਨ ਭਰ ਉਨ੍ਹਾਂ ਦੇ ਗੁਣ ਗਾ ਗਾ ਕੇ ਆਪਣਾ ਮਾਣ ਵਧਾਉਂਦੇ ਹਨ।

ਹਰ ਕਿਸੇ ਦੀ ਜ਼ਿੰਦਗੀ ਵਿਚ ਅਨੇਕਾਂ ਅਜਿਹੇ ਉਸਤਾਦ ਆਉਂਦੇ ਹਨ, ਜਿਹੜੇ ਸਾਨੂੰ ਅੰਦਰੋ-ਬਾਹਰੋਂ ਬਦਲ ਦਿੰਦੇ ਹਨ।

ਸਾਡੇ ਵਿਕਾਸ ਵਿਚ ਦਿਲਚਸਪੀ ਲੈਣ ਵਾਲੇ ਅਧਿਆਪਕ, ਉਸਤਾਦ ਅਤੇ ਮਾਪੇ ਜ਼ਬਾਨ ਦੇ ਕੌੜੇ ਤਾਂ ਹੋ ਸਕਦੇ ਹਨ ਪਰ ਮਨ ਦੇ ਮੈਲੇ ਨਹੀਂ ਹੁੰਦੇ।

ਕਲਾ ਦੀ ਪ੍ਰਸੰਸਾ ਵਜੋਂ, ਵਿਸ਼ਾਲ ਭੀੜ ਦੀਆਂ ਵਾਹ-ਵਾਹ ਵਾਲੀਆਂ ਤਾੜੀਆਂ ਨਾਲੋਂ, ਉਸਤਾਦ ਦਾ ਸਿਰ ਹਿੱਲਿਆ ਹੀ ਕਾਫ਼ੀ ਹੁੰਦਾ ਹੈ।

ਮੇਰੇ ਸਕੂਲ ਵਿਚਲੀ ਇਮਾਰਤ ਦੇ ਥਮ੍ਹਲੇ ਸੰਗਮਰਮਰ ਦੇ ਅਤੇ ਛੱਤਾਂ ਉੱਚੀਆਂ ਨਹੀਂ ਸਨ। ਸਾਡੇ ਅਧਿਆਪਕ ਹੀ ਸਾਡੇ ਸਕੂਲ ਦੇ ਥਮ੍ਹਲੇ ਸਨ, ਉਨ੍ਹਾਂ ਵਿਚਲੀ ਜ਼ਿੰਮੇਵਾਰੀ ਦੀ ਭਾਵਨਾ ਹੀ ਸਾਡੇ ਸਕੂਲ ਦੀ ਸ਼ਕਤੀ ਸੀ, ਉਨ੍ਹਾਂ ਦਾ ਚਰਿੱਤਰ ਹੀ ਸਾਡੇ ਸਕੂਲ ਦੀ ਛੱਤ ਸੀ। ਸਾਡੇ ਸਕੂਲ ਵਿਚ ਲੰਮੇ ਉਸਤਾਦ ਤਾਂ ਕਈ ਸਨ ਪਰ ਸਭ ਤੋਂ ਉੱਚੇ ਮਾਸਟਰ ਭਾਗ ਸਿੰਘ ਸਨ।

ਜਿਵੇਂ ਸੰਸਾਰ ਦੇ ਹਰੇਕ ਜੀਅ ਦੀ ਲੋੜ ਪੂਰੀ ਕਰਨ ਲਈ ਸੂਰਜ ਕੋਲ ਚੋਖਾ ਚਾਨਣ ਹੁੰਦਾ ਹੈ ਇਵੇਂ ਹੀ ਹਰ ਵਿਦਿਆਰਥੀ ਦੇ ਮੱਥੇ ਦੇ ਦੀਵੇ ਵਿਚ ਗਿਆਨ ਦੀ ਜੋਤ ਜਗਾਉਣ ਲਈ ਉਨ੍ਹਾਂ ਵਿਚ ਅਮਿੱਟਵਾਂ ਉਤਸ਼ਾਹ ਸੀ। ਸੂਰਜ ਦੇ ਚਾਨਣ ਬਦਲੇ ਅਸੀਂ ਸੂਰਜ ਨੂੰ ਕੀ ਦੇ ਸਕਦੇ ਹਾਂ? ਮਾਸਟਰ ਭਾਗ ਸਿੰਘ ਨੇ ਜੋ ਕੁਝ ਸਾਨੂੰ ਦਿੱਤਾ, ਉਹ ਉਂਜ ਸਾਡੇ ਭਾਗਾਂ ਵਿਚ ਨਹੀਂ ਸੀ। ਮੇਰੇ ਕੋਲ ਕੁਝ ਵੀ ਨਹੀਂ, ਜੋ ਮੈਂ ਉਨ੍ਹਾਂ ਦੇ ਪੈਰਾਂ 'ਤੇ ਟਿਕਾ ਸਕਾਂ। ਮੈਨੂੰ ਪਤਾ ਨਹੀਂ, ਮਾਸਟਰ ਭਾਗ ਸਿੰਘ ਕਿੱਥੇ ਹਨ, ਉਹ ਜਿਥੇ ਵੀ ਹੋਣ, ਉਨ੍ਹਾਂ ਨੂੰ ਇਸ ਗੱਲ ਦਾ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਲਾਡਲੇ ਵਿਦਿਆਰਥੀ, ਉਨ੍ਹਾਂ ਨੂੰ ਬੜਾ ਯਾਦ ਕਰਦੇ ਹਨ ਅਤੇ ਸਦਾ-ਸਦਾ ਯਾਦ ਕਰਦੇ ਰਹਿਣਗੇ।

ਮੈਨੂੰ ਵਿਸ਼ਵਾਸ ਹੈ ਕਿ ਇਸ ਸੰਸਾਰ ਵਿਚ ਜਾਂ ਉਸ ਸੰਸਾਰ ਵਿਚ, ਉਹ ਜਿਥੇ ਵੀ ਹੋਣਗੇ, ਉਹ ਉਸ ਥਾਂ ਦਾ ਸੁਭਾਗ ਹੋਣਗੇ, ਉਹ ਥਾਂ ਪਵਿੱਤਰ ਹੋਵੇਗੀ, ਸਭ ਪ੍ਰਕਾਰ ਦੇ ਭ੍ਰਿਸ਼ਟਾਚਾਰ ਤੋਂ ਮੁਕਤ ਹੋਵੇਗੀ।

ਭ੍ਰਿਸ਼ਟਾਚਾਰ ਜ਼ਿੰਮੇਵਾਰੀ ਦੀ ਅਣਹੋਂਦ ਵਿਚੋਂ ਉਪਜਦਾ ਹੈ।

ਵਿਅਕਤੀ ਅਤੇ ਪਰਿਵਾਰ ਵਾਂਗ, ਧਾਰਮਿਕ ਸਥਾਨਾਂ ਜਾਂ ਸੰਸਥਾਵਾਂ ਨੂੰ ਵੀ ਜਦੋਂ ਉਨ੍ਹਾਂ ਦੀ ਲੋੜ ਅਤੇ ਸਮਰੱਥਾ ਨਾਲੋ ਵੱਧ ਆਮਦਨ ਹੋਣ ਲੱਗ ਪੈਂਦੀ ਹੈ ਤਾਂ ਉਹ ਭ੍ਰਿਸ਼ਟ ਹੋ ਜਾਂਦੀਆਂ ਹਨ।

ਭ੍ਰਿਸ਼ਟ ਵਿਅਕਤੀਆਂ ਵਿਚੋਂ ਕਰਤੱਵ ਪਾਲਣ ਦੀ ਭਾਵਨਾ ਲੋਪ ਹੋ ਜਾਂਦੀ ਹੈ ਅਤੇ ਇੱਛਾਵਾਂ ਦੀ ਹਵਸ ਅਤੇ ਕਬਜ਼ੇ ਦੀ ਲਾਲਸਾ ਉਪਜਦੀ ਹੈ।

ਇਸ ਸਥਿਤੀ ਵਿਚੋਂ ਹੀ ਵੈਰ-ਵਿਰੋਧ, ਸਾੜਾ, ਈਰਖਾ, ਨਿੰਦਾ-ਚੁਗਲੀ, ਬੇਈਮਾਨੀ ਆਦਿ ਦੋਸ਼ ਉਘੜਦੇ ਹਨ।

ਲਾਲਚ ਸਦਾ ਇਸ ਸੰਸਾਰ ਪ੍ਰਤੀ ਹੁੰਦਾ ਹੈ ਜਦੋਂ ਕਿ ਤਿਆਗ ਅਗਲੇਰੇ ਸੰਸਾਰ ਦੇ ਲਾਲਚ ਵਿਚੋਂ ਉਪਜਦਾ ਹੈ। ਲਾਲਚ ਵਿਚੋਂ ਚਿੰਤਾਵਾਂ ਉਪਜਦੀਆਂ ਹਨ, ਚਿੰਤਾਵਾਂ ਸਾਨੂੰ ਵਧੇਰੇ ਲਾਲਚ ਲਈ ਬੇਵੱਸ ਕਰਦੀਆਂ ਹਨ।

ਇਵੇਂ ਧਨ ਇਕ ਵਸੀਲਾ ਨਾ ਰਹਿ ਕੇ ਇਕ ਉਦੇਸ਼ ਬਣ ਜਾਂਦਾ ਹੈ।

ਕਈ ਵਿਅਕਤੀ ਸਾਰੀ ਉਮਰ ਈਮਾਨਦਾਰ ਰਹਿ ਕੇ ਅੰਤ ਨੂੰ ਬੇਈਮਾਨ ਹੋ ਜਾਂਦੇ ਹਨ ਅਤੇ ਵੱਡੇ-ਵੱਡੇ ਬੇਈਮਾਨਾਂ ਨੂੰ ਵੀ ਮਾਤ ਪਾ ਦਿੰਦੇ ਹਨ। ਉਹ ਜ਼ਿੰਮੇਵਾਰੀ ਨਿਭਾਉਣ ਦੀ ਥਾਂ, ਰੁਤਬੇ ਦਾ ਮਜ਼ਾ ਲੈਣ ਲੱਗ ਪੈਂਦੇ ਹਨ।

ਜਿਹੜੀਆਂ ਚੀਜ਼ਾਂ ਮਜ਼ਾ ਦਿੰਦੀਆਂ ਹਨ, ਉਹ ਮਹਿੰਗੀਆਂ, ਨੁਕਸਾਨਦੇਹ, ਗੈਰਕਾਨੂੰਨੀ, ਸਮਾਜ ਅਤੇ ਪਰਿਵਾਰ ਵਿਰੋਧੀ ਹੁੰਦੀਆਂ ਹਨ।

ਰਾਜਸੀ ਤਾਕਤ ਦੀ ਇੱਛਾ ਆਪਣੇ ਆਪ ਵਿਚ ਇਕ ਭ੍ਰਿਸ਼ਟ ਵਿਚਾਰ ਹੈ। ਭ੍ਰਿਸ਼ਟਾਚਾਰ ਭਾਵੇਂ ਕਿਤਨਾ ਵੀ ਫੈਲ ਜਾਵੇ, ਪ੍ਰਸੰਸਾ ਈਮਾਨਦਾਰੀ ਦੀ ਹੀ ਹੋਵੇਗੀ।

ਜ਼ਿੰਮੇਵਾਰੀ ਤੋਂ ਇਨਕਾਰੀ ਵਿਅਕਤੀਆਂ ਦੀ ਗਿਣਤੀ ਵੱਧ ਰਹੀ ਹੈ, ਇਸੇ ਲਈ ਭ੍ਰਿਸ਼ਟਾਚਾਰ ਫੈਲ ਰਿਹਾ ਹੈ।

ਅਜੇ ਤਕ ਕਿਸੇ ਸਾਊ, ਨਿਪੁੰਨ, ਜ਼ਿੰਮੇਵਾਰ ਅਤੇ ਸ਼ਰੀਫ ਵਿਅਕਤੀ ਦੀ ਇਹ ਇੱਛਾ ਨਹੀਂ ਹੋਈ ਕਿ ਉਹ ਬਦਮਾਸ਼ ਨਜ਼ਰ ਆਵੇ।

ਜਿਹੜੇ ਲੋਕ ਜ਼ਿੰਮੇਵਾਰੀ ਵਾਲਾ ਕੋਈ ਕੰਮ ਨਹੀਂ ਕਰਦੇ, ਉਹ ਕੰਮ ਕਰਨ ਵਾਲਿਆਂ ਨਾਲੋਂ ਵੀ ਵਧੇਰੇ ਥੱਕੇ ਹੋਏ ਹੁੰਦੇ ਹਨ।

ਜੇਕਰ ਮਨੁੱਖ ਵਿਚ ਕੰਮ ਕਰਨ ਦੀ ਆਦਤ ਨਾ ਹੁੰਦੀ ਤਾਂ ਨਾ ਉਸ ਨੂੰ ਭੋਜਨ ਹਜ਼ਮ ਹੋਣਾ ਸੀ, ਨਾ ਉਸ ਨੂੰ ਨੀਂਦ ਆਉਣੀ ਸੀ, ਨਾ ਉਸ ਨੂੰ ਖਾਣ-ਪੀਣ ਸਵਾਦ ਲੱਗਣਾ ਸੀ, ਨਾ ਉਸ ਨੇ ਤੰਦਰੁਸਤ ਹੋਣਾ ਸੀ, ਨਾ ਹੀ ਮਨੁੱਖ ਇਤਨਾ ਸਿਆਣਾ ਅਤੇ ਤਕੜਾ ਹੋਣਾ ਸੀ, ਨਾ ਹੀ ਉਸ ਨੇ ਕਿਸੇ ਦੇ ਕੰਮ ਆ ਸਕਣਾ ਸੀ, ਨਾ ਹੀ ਉਸ ਨੂੰ ਖੁਸ਼ੀ ਦਾ ਅਨੁਭਵ ਹੋਣਾ ਸੀ, ਨਾ ਹੀ ਉਸ ਨੇ ਕਿਸੇ ਨੂੰ ਪਿਆਰ ਕਰ ਸਕਣਾ ਸੀ।

ਜੇ ਪਿਆਰ ਸੋਨੇ ਨਾਲ ਖਰੀਦਿਆ ਜਾ ਸਕਦਾ ਹੁੰਦਾ ਤਾਂ ਹੀਰ, ਰਾਂਝੇ ਦੀ ਨਹੀਂ, ਸੋਨੇ ਦੀ ਲੰਕਾ ਵਾਲੇ, ਰਾਵਣ ਦੀ ਪ੍ਰੇਮਿਕਾ ਹੁੰਦੀ।

ਆਪਣੇ ਆਪ ਨੂੰ ਸਮਝੇ ਬਿਨਾਂ ਸੰਸਾਰ ਨੂੰ ਨਹੀਂ ਸਮਝਿਆ ਜਾ ਸਕਦਾ।

ਇਸ ਸਮਝ ਲਈ ਆਪਣੀ ਜ਼ਿੰਮੇਵਾਰੀ ਆਪ ਚੁੱਕਣੀ ਪਵੇਗੀ।

ਜਿੱਤਣ ਅਤੇ ਖੋਹਣ ਵਿਚ ਅੰਤਰ ਸਪਸ਼ਟ ਹੈ।

ਪੁਰਸ਼ ਨੇ ਕਦੇ ਵੀ ਇਸਤਰੀ ਦਾ ਸਾਥ ਹਿੰਮਤ ਕਰ ਕੇ ਜਿੱਤਿਆ ਨਹੀਂ, ਫਰੇਬ ਕਰ ਕੇ ਖੋਹਿਆ ਹੈ। ਜੇ ਉਸ ਨੇ ਇਸਤਰੀ ਦੇ ਮਨ ਦੀ ਸਿਤਾਰ ਉਤੇ ਆਪਣੇ ਦਿਲ ਦੀ ਮਿਜ਼ਰਾਬ ਫੇਰੀ ਹੁੰਦੀ ਤਾਂ ਪੁਰਸ਼ ਵਾਸਤੇ ਇਸਤਰੀ ਕਦੇ ਵੀ ਬੁਝਾਰਤ ਨਾ ਬਣਦੀ।

ਮਨੁੱਖ, ਮੱਛੀ ਨੂੰ ਹਮੇਸ਼ਾ ਵਿਸ਼ਵਾਸ ਵਿਚ ਲੈ ਕੇ ਧੋਖਾ ਦਿੰਦਾ ਹੈ।

ਫੁੱਲ ਤੋੜਨਾ ਕਦੇ ਵੀ ਮਨ੍ਹਾ ਨਹੀਂ ਹੁੰਦਾ, ਫੁੱਲ ਤੋੜਨ ਦਾ ਹੱਕ ਉਸ ਨੂੰ ਹੁੰਦਾ ਹੈ ਜਿਸ ਨੇ ਉਸ ਫੁੱਲ ਨੂੰ, ਫੁੱਲ ਬਣਾਉਣ ਦੀ ਜ਼ਿੰਮੇਵਾਰੀ ਨਿਭਾਈ ਹੁੰਦੀ ਹੈ।

ਰੱਬ ਕਰੇ ਤੁਸੀਂ ਜ਼ਿੰਦਗੀ ਦੇ ਸਾਰੇ ਦਿਹਾੜੇ ਜੀਵੋ।

ਜਿਉਣ ਲਈ ਧਿਆਨ ਅਤੇ ਜ਼ਿੰਮੇਵਾਰੀ ਨਾਲ ਟੁਰਨਾ, ਥੋੜ੍ਹੇ ਜਿਹੇ ਝੱਲੇ ਹੋ ਕੇ।

ਆਓ, ਯਤਨ ਕਰੀਏ...

ਭਾਵੇਂ ਝਾਂਜਰਾਂ ਬੰਨ੍ਹ ਲਈਏ ਪਰ ਜੇ ਨੱਚਣ ਦਾ ਚਾਅ ਅਤੇ ਉਤਸ਼ਾਹ ਨਾ ਹੋਵੇ ਤਾਂ ਨੱਚਿਆ ਨਹੀਂ ਜਾ ਸਕਦਾ।

ਜਿਹੜਾ ਹਰ ਵੇਲੇ ਕੇਵਲ ਕੰਮ ਦੀ ਗੱਲ ਕਰਦਾ ਹੈ, ਉਹ ਨਾ ਕਿਸੇ ਨੂੰ ਦੋਸਤ ਬਣਾ ਸਕਦਾ ਹੈ, ਨਾ ਹੀ ਕਿਸੇ ਨੂੰ ਪਿਆਰ ਕਰ ਸਕਦਾ ਹੈ।

ਕਿਸੇ ਵੀ ਰਿਸ਼ਤੇ ਨੂੰ ਉਸਾਰਨ ਲਈ ਵਾਧੂ ਕੋਸ਼ਿਸ਼ ਕਰਨੀ ਪਵੇਗੀ।

ਕਈ ਵਾਰੀ ਆਮਦਨ ਤਾਂ ਬਿਨਾਂ ਯਤਨ ਦੇ ਹੋ ਜਾਂਦੀ ਹੈ ਪਰ ਬੱਚਤ ਕਰਨ ਲਈ ਯਤਨ ਕਰਨਾ ਪਵੇਗਾ।

ਸਫ਼ਲਤਾ ਤਾਂ ਕੋਸ਼ਿਸ਼ ਤੋਂ ਬਿਨਾਂ ਮਿਲਦੀ ਹੀ ਨਹੀਂ, ਕੋਸ਼ਿਸ਼ ਤੋਂ ਬਿਨਾਂ ਅਸਫ਼ਲਤਾ ਵੀ ਅਸੰਭਵ ਹੈ। ਜਿਹੜੇ ਜ਼ਿੰਦਗੀ ਨੂੰ ਐਲਬਮ ਵਾਂਗ ਵੇਖਣ ਦੇ ਆਦੀ ਹੁੰਦੇ ਹਨ, ਉਹ ਜ਼ਿੰਦਗੀ ਵਿਚ ਤੁਰਦੇ ਹੋਏ ਲਾਬ੍ਹੂ ਨਹੀਂ ਬਣਦੇ, ਨਾ ਹੀ ਉਹ ਅਨੁਭਵ ਅਤੇ ਸੂਝ ਦੇ ਡੂੰਘੇ ਪਾਣੀਆਂ ਵਿਚ ਉਤਰਦੇ ਹਨ।

ਸਿਕੰਦਰ ਦੀ ਇੱਛਾ ਸਿਕੰਦਰ ਤੋਂ ਵੀ ਵੱਡੀ ਸੀ ਪਰ ਸੰਸਾਰ ਵਿਚ ਉਸ ਦਾ ਨਾਂ ਉਸ ਦੀ ਇੱਛਾ ਕਾਰਨ ਨਹੀਂ, ਉਸ ਦੀ ਕੋਸ਼ਿਸ਼ ਕਾਰਨ ਹੈ।

ਮਾਨਵ-ਜਾਤੀ ਦੀ ਇਹ ਆਦਤ ਹੈ ਕਿ ਇਹ ਅਤੀਤ ਨੂੰ ਵਡਿਆਉਂਦੀ ਹੈ ਅਤੇ ਵਰਤਮਾਨ ਨੂੰ ਛੁਟਿਆਉਂਦੀ ਹੈ, ਇਹ ਯਤਨ ਕਰ ਰਹੇ ਵਿਅਕਤੀ ਨੂੰ ਉਤਸ਼ਾਹ ਨਹੀਂ ਦਿੰਦੀ, ਇਹ ਹਾਰ ਗਏ ਵਿਅਕਤੀ ਨੂੰ ਉਪਦੇਸ਼ ਦਿੰਦੀ ਹੈ। ਇਹ ਨਵੇਂ ਗਿਆਨ ਦੀ ਦਾਅਵਤ ਨਹੀਂ ਦਿੰਦੀ, ਇਹ ਜਾਣੇ-ਪਛਾਣੇ ਨੂੰ ਮੁੜ ਦੁਹਰਾਉਣ ਲਈ ਮਜਬੂਰ ਕਰਦੀ ਹੈ ਪਰ ਕੁਝ ਲੋਕ ਹੁੰਦੇ ਹਨ, ਇਹ ਹਰ ਯੁਗ ਵਿਚ ਹੋਏ ਹਨ, ਜਿਹੜੇ ਕੋਸ਼ਿਸ਼ ਕਰ ਕੇ ਸਮੁੱਚੀ ਮਾਨਵ ਜਾਤੀ ਨੂੰ ਨਵੇਂ ਰਾਹ ਪਾਉਂਦੇ ਹਨ।

ਕਈ ਜੀਵਨ ਇਸ ਢੰਗ ਨਾਲ ਜਿਉਂਦੇ ਹਨ ਕਿ ਉਹ ਸਾਰੀ ਉਮਰ ਆਪ ਭਟਕਦੇ ਹਨ ਅਤੇ ਪਰਮਾਤਮਾ ਨੂੰ ਚਿੰਤਾ ਵਿਚ ਪਾਈ ਰਖਦੇ ਹਨ।

ਵੇਖਿਆ ਗਿਆ ਹੈ ਕਿ ਮਨੁੱਖ ਨੂੰ ਕੁਝ ਵੀ ਜਦੋਂ ਲੋੜ ਨਾਲੋਂ ਵਧੇਰੇ ਪ੍ਰਾਪਤ ਹੋ ਜਾਂਦਾ ਹੈ ਤਾਂ ਉਹ ਵਧੀਕੀਆਂ ਕਰਨ ਲਗ ਪੈਂਦਾ ਹੈ ਅਤੇ ਕਈ ਤਾਂ ਅਜਿਹੇ ਹੁੰਦੇ ਹਨ ਜਿਹੜੇ ਆਪਣੀ ਬਰਬਾਦੀ ਵਿਚ ਸਮੁੱਚੇ ਰਾਸ਼ਟਰ ਨੂੰ ਰਲਾ ਲੈਂਦੇ ਹਨ।

ਆਤਮਾ, ਸ਼ਬਦ ਦਾ ਪ੍ਰਯੋਗ ਗਿਆਨ ਦੇ ਸੰਦਰਭ ਵਿਚ ਹੀ ਹੁੰਦਾ ਹੈ ਅਤੇ ਇਵੇਂ

ਹੀ ਜੀਵਨ ਦਾ ਸੰਕਲਪ ਕੋਸ਼ਿਸ਼ ਜਾਂ ਯਤਨ ਦੇ ਸੰਦਰਭ ਵਿਚ ਹੀ ਸਹੀ ਢੰਗ ਨਾਲ ਸਮਝਿਆ ਜਾ ਸਕਦਾ ਹੈ।

ਸੰਸਾਰ ਦਾ ਕੋਈ ਵੀ ਕਾਰਜ ਯਤਨ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ।

ਯਤਨ ਨਾਲ ਹੀ ਉਜਾੜਾਂ ਆਬਾਦ ਹੋ ਜਾਂਦੀਆਂ ਹਨ ਅਤੇ ਯੋਗ ਕੋਸ਼ਿਸ਼ ਦੀ ਅਣਹੋਂਦ ਕਾਰਨ ਹੀ ਆਬਾਦੀਆਂ ਉਜੜ ਜਾਂਦੀਆਂ ਹਨ।

ਜੇ ਸਬੰਧਾਂ ਅਤੇ ਰਿਸ਼ਤਿਆਂ ਵਿਚ ਨਵੀਆਂ ਦਿਲਚਸਪੀਆਂ ਨਾ ਜਗਾਈਆਂ ਜਾਣ ਤਾਂ ਉਹ ਫਿੱਕੇ ਪੈ ਜਾਂਦੇ ਹਨ, ਟੁੱਟ ਜਾਂਦੇ ਹਨ ਅਤੇ ਕਈ ਵਾਰੀ ਵਿਰੋਧ ਅਤੇ ਦੁਸ਼ਮਣੀ ਵਾਲੇ ਰਿਸ਼ਤੇ ਹੋ ਨਿਬੜਦੇ ਹਨ।

ਬੀਤਿਆ ਹੋਇਆ ਸਮਾਂ ਜਾਂ ਲੰਘ ਗਈਆਂ ਰਾਤਾਂ ਜਾਂ ਗੁਆਚ ਗਏ ਅਵਸਰ ਜਾਂ ਮੁੱਕ ਗਏ ਸਾਥੀ ਆਦਿ ਯਤਨ ਕਰਨ ਦੇ ਬਾਵਜੂਦ ਮੁੜ ਪ੍ਰਾਪਤ ਨਹੀਂ ਕੀਤੇ ਜਾ ਸਕਦੇ ਪਰ ਕਿਹਾ ਜਾਂਦਾ ਹੈ ਕਿ ਜਦੋਂ ਸਾਡੇ ਕੋਲੋਂ ਸਭ ਕੁਝ ਵੀ ਖੋਹ ਲਿਆ ਜਾਵੇ ਤਾਂ ਵੀ ਸਾਡੇ ਕੋਲ ਭਵਿੱਖ ਅਤੇ ਯਤਨ ਬਚ ਜਾਂਦੇ ਹਨ।

ਇਹ ਸਾਡਾ ਭੁਲੇਖਾ ਹੈ ਕਿ ਵਿਚਾਰ-ਵਟਾਂਦਰਾ ਕਰਨ ਨਾਲ ਸਾਡੀਆਂ ਸਮੱਸਿਆਵਾਂ ਸੁਲਝ ਜਾਂਦੀਆਂ ਹਨ। ਜੇ ਵਿਚਾਰ-ਵਟਾਂਦਰੇ ਵਿਚ ਯਤਨ ਸਮੱਸਿਆਵਾਂ ਨੂੰ ਸੁਲਝਾਉਣ ਦਾ ਹੋਵੇਗਾ ਤਾਂ ਹੀ ਸਮੱਸਿਆਵਾਂ ਸੁਲਝਣਗੀਆਂ।

ਹੁੰਦਾ ਅਸਲ ਵਿਚ ਇਹ ਹੈ ਕਿ ਸੁਲਝਾਉਣ ਦੇ ਯਤਨ ਵਿਚ ਉਨ੍ਹਾਂ ਸਮੱਸਿਆਵਾਂ ਸਬੰਧੀ ਸਾਡੀ ਸਮਝ-ਸੂਝ ਵੱਧ ਜਾਂਦੀ ਹੈ। ਅਸੀਂ ਸੂਝ ਦੇ ਪੱਖੋਂ ਸਮੱਸਿਆਵਾਂ ਤੋਂ ਅੱਗੇ ਲੰਘ ਜਾਂਦੇ ਹਾਂ। ਇਵੇਂ ਉਹ ਸਮੱਸਿਆਵਾਂ ਸਾਨੂੰ ਮੁਸ਼ਕਿਲਾਂ ਜਾਂ ਰੁਕਾਵਟਾਂ ਪ੍ਰਤੀਤ ਹੋਣੋਂ ਹਟ ਜਾਂਦੀਆਂ ਹਨ ਅਤੇ ਉਹ ਆਪ-ਮੁਹਾਰੇ ਹੱਲ ਹੋ ਜਾਂਦੀਆਂ ਹਨ।

ਜਿਤਨਾ ਕੋਈ ਵਿਅਕਤੀ, ਕੌਮ ਜਾਂ ਸਮਾਜ ਵਧੇਰੇ ਸਿਧਾਂਤਕ ਹੁੰਦਾ ਜਾਂਦਾ ਹੈ, ਉਤਨਾ ਹੀ ਉਹ ਯਤਨ ਦੇ ਪੱਖੋਂ ਪਛੜਦਾ ਜਾਂਦਾ ਹੈ।

ਭਾਰਤ ਵਿਚ ਰਚੇ ਗਏ ਵੇਦਾਂ ਵਿਚ ਜੀਵਨ ਪ੍ਰਤੀ ਯਤਨ ਅਤੇ ਆਸ਼ਾ ਦੀ ਸੁਰ ਪ੍ਰਧਾਨ ਹੈ ਜਦੋਂ ਕਿ ਉਪਨਿਸ਼ਦ ਵਧੇਰੇ ਸਿਧਾਂਤਕ ਹਨ ਅਤੇ ਵੇਦਾਂ ਦੇ ਮੁਕਾਬਲੇ ਉਪਨਿਸ਼ਦਾਂ ਦੀ ਸੁਰ ਉਦਾਸ ਹੈ।

ਮਨੁੱਖੀ ਹੋਂਦ ਦੁੱਖ-ਭਰੀ ਅਤੇ ਥੋੜ੍ਹ-ਚਿਰੀ ਹੈ, ਸੋ ਇਸ ਨਾਲ ਸਬੰਧਤ ਫ਼ਲਸਫ਼ੇ ਨੇ ਗਹਿਰ-ਗੰਭੀਰ ਅਤੇ ਚਿੰਤਾ-ਭਾਵੀ ਹੋਣਾ ਹੀ ਸੀ।

ਰਾਜਨੀਤੀ, ਮਨੁੱਖ ਉਤੇ ਬਾਹਰੋਂ ਦਬਾਓ ਪਾਉਂਦੀ ਹੈ, ਜਦੋਂ ਕਿ ਧਰਮ ਮਨੁੱਖ ਨੂੰ ਅੰਦਰੋਂ ਪਕੜਦਾ ਹੈ। ਰਾਜਨੀਤੀ ਸਮਾਜ ਉਤੇ ਕਾਨੂੰਨੀ ਰੂਪ ਵਿਚ ਨਿਯੰਤਰਣ ਕਰਦੀ ਹੈ ਜਦੋਂ ਕਿ ਧਾਰਮਿਕਤਾ ਭਾਵਕ ਵਿਚਾਰ-ਰੂਪ ਵਿਚ ਸਮਾਜ ਨੂੰ ਕਾਬੂ ਕਰਦੀ ਹੈ।

ਭਾਰਤੀ ਸਮਾਜ ਕਾਨੂੰਨੀ ਜ਼ਾਬਤੇ ਨਾਲੋਂ ਸਭਿਆਚਾਰਕ ਰਵਾਇਤਾਂ ਤੋਂ ਵਧੇਰੇ ਪ੍ਰਭਾਵਿਤ ਹੈ। ਭਾਰਤੀ, ਮੁੱਖ ਤੌਰ ਉਤੇ ਸ੍ਰੋਤੇ ਹਨ, ਪਾਠਕ ਨਹੀਂ, ਇਹ ਪੜ੍ਹਨ ਦੀ ਥਾਂ ਸੁਣਨ ਦੇ ਸ਼ੌਕੀਨ ਹਨ। ਇਹ ਯਤਨ ਕਰਨ ਦੀ ਥਾਂ ਹੋਣੀ ਨੂੰ ਮੰਨਣ ਉਤੇ ਵਧੇਰੇ ਬਲ

ਦਿੰਦੇ ਹਨ। ਵਿਗਿਆਨ ਨਿਰੰਤਰ ਯਤਨ ਦੀ ਭਾਵਨਾ ਉੱਤੇ ਉਸਰਿਆ ਹੋਇਆ ਹੈ, ਜਦੋਂ ਕਿ ਧਰਮ ਰਹੱਸ ਉੱਤੇ ਉਸਰਿਆ ਹੋਇਆ ਹੈ।

ਭਾਰਤ ਇਸ ਲਈ ਵਿਗਿਆਨਕ ਨਹੀਂ ਬਣਿਆ, ਕਿਉਂਕਿ ਇੱਥੇ ਗਿਆਨ ਬ੍ਰਾਹਮਣ ਕੋਲ ਸੀ ਪਰ ਬ੍ਰਾਹਮਣ ਦੀ ਪ੍ਰਯੋਗ ਜਾਂ ਯਤਨ ਵਿਚ ਕੋਈ ਦਿਲਚਸਪੀ ਨਹੀਂ ਸੀ, ਸੋ ਨਤੀਜੇ ਵਜੋਂ ਬ੍ਰਾਹਮਣ ਦੀ ਵਿਗਿਆਨ ਪ੍ਰਤੀ ਪਿੱਠ ਹੀ ਰਹੀ।

ਵਿਗਿਆਨ ਧਰਮ ਦਾ ਵਿਰੋਧ ਨਹੀਂ ਕਰਦਾ, ਵਿਗਿਆਨ ਰਹੱਸ ਦਾ ਵਿਰੋਧ ਕਰਦਾ ਹੈ। ਪਿਛਲੀ ਇਕ ਸਦੀ ਵਿਚ ਅਤੇ ਵਿਸ਼ੇਸ਼ ਕਰ ਕੇ ਪਿਛਲੇ ਕੁਝ ਦਹਾਕਿਆਂ ਵਿਚ ਸਾਡੇ ਆਲੇ-ਦੁਆਲੇ ਵਿਚ ਜੋ ਤਬਦੀਲੀਆਂ ਵਾਪਰੀਆਂ ਹਨ, ਉਹ ਸਭ ਯਤਨ ਦਾ ਨਤੀਜਾ ਹਨ। ਤੁਸੀਂ ਆਪਣੇ ਗਲੀ-ਮੁੱਹਲੇ ਵਿਚ ਝਾਤ ਮਾਰ ਕੇ ਵੇਖੋ, ਜਿਹੜੇ ਲੋਕ ਕਿਸੇ ਪ੍ਰਕਾਰ ਦਾ ਯਤਨ ਕਰ ਰਹੇ ਹਨ, ਉਨ੍ਹਾਂ ਦੀ ਸਥਿਤੀ ਸੁਧਰ ਰਹੀ ਹੈ।

ਜਿਨ੍ਹਾਂ ਦੇ ਬੱਚੇ ਨਹੀਂ ਹੁੰਦੇ, ਉਹ ਵਧੇਰੇ ਉਪਰਾਲੇ ਕਰਦੇ ਹਨ, ਉਹ ਵਧੇਰੇ ਘੁੰਮਦੇ ਹਨ, ਵਧੇਰੇ ਲੱਭਦੇ ਹਨ, ਵਧੇਰੇ ਭਟਕਦੇ ਹਨ।

ਜਿਨ੍ਹਾਂ ਦਾ ਵਿਆਹ ਨਹੀਂ ਹੁੰਦਾ, ਉਹ ਜਾਂ ਤਾਂ ਫੜ੍ਹਾਂ ਹੀ ਮਾਰਦੇ ਹਨ ਜਾਂ ਉਨ੍ਹਾਂ ਲੜਾਈਆਂ ਨੂੰ ਜਿੱਤਣ ਦਾ ਦਾਅਵਾ ਕਰਦੇ ਹਨ, ਜਿਹੜੀਆਂ ਲੜੀਆਂ ਹੀ ਨਹੀਂ ਗਈਆਂ। ਸਾਡਾ ਸਮਾਜ ਘੱਟ ਉਮਰ ਦੇ ਪੁਰਸ਼ ਅਤੇ ਵੱਡੀ ਉਮਰ ਦੀ ਇਸਤਰੀ ਦੇ ਸਬੰਧਾਂ ਨੂੰ ਸਵੀਕਾਰ ਨਹੀਂ ਕਰਦਾ। ਇਹ ਰਿਸ਼ਤੇ ਤਰਸ ਅਤੇ ਹਾਸੇ-ਮਖੌਲ ਦਾ ਵਿਸ਼ਾ ਬਣਦੇ ਹਨ, ਕਿਉਂਕਿ ਇਨ੍ਹਾਂ ਵਿਚੋਂ ਵਿਕਾਸ ਗੈਰਹਾਜ਼ਰ ਹੁੰਦਾ ਹੈ।

ਵਿਕਾਸ ਯਤਨ ਦਾ ਫਲ ਹੁੰਦਾ ਹੈ। ਯਤਨ ਤੋਂ ਬਿਨਾ ਕਿਸੇ ਵੀ ਪ੍ਰਕਾਰ ਦੇ ਵਿਕਾਸ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।

ਕਹਿੰਦੇ ਹਨ ਜੇਕਰ ਤੁਸੀਂ ਚਾਲ੍ਹੀ ਸਾਲਾਂ ਦੀ ਉਮਰ ਤੱਕ ਅਮੀਰ ਨਹੀਂ ਹੋਏ ਤਾਂ ਅਮੀਰ ਹੋਣ ਦੀ ਕੋਸ਼ਿਸ਼ ਤਿਆਗ ਦਿਓ। ਇਵੇਂ ਹੀ ਕਹਿੰਦੇ ਹਨ ਕਿ ਕਿਸੇ ਨੂੰ ਉਪਦੇਸ਼ ਦੇਣ ਤੋਂ ਪਹਿਲਾਂ ਆਪ, ਜ਼ਿੰਦਗੀ ਦੇ ਵੱਡੇ ਘਾਟੇ ਬਰਦਾਸ਼ਤ ਕੀਤੇ ਹੋਣੇ ਚਾਹੀਦੇ ਹਨ।

ਇਹ ਅਸਚਰਜ ਗੱਲ ਹੈ ਕਿ ਸੰਸਾਰ ਨੂੰ ਚਲਾਉਂਦੇ ਤਾਂ ਪੁਰਸ਼ ਹਨ ਪਰ ਸਾਰੇ ਦੋਸ਼ਾਂ ਦੀ ਜ਼ਿੰਮੇਵਾਰੀ ਇਸਤਰੀਆਂ 'ਤੇ ਪਾਈ ਜਾਂਦੀ ਹੈ।

ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਇਸਤਰੀਆਂ ਦਾ ਸਿਧਾਂਤਾਂ ਨਾਲ ਵਾਸਤਾ ਨਹੀਂ ਹੁੰਦਾ, ਉਨ੍ਹਾਂ ਦਾ ਕੁਝ ਕਰਨ ਵਿਚ, ਯਤਨ ਵਿਚ ਵਧੇਰੇ ਵਿਸ਼ਵਾਸ ਹੁੰਦਾ ਹੈ। ਉਨ੍ਹਾਂ ਦੇ ਪ੍ਰਤੀਕਰਮ ਵਧੇਰੇ ਸੁਭਾਵਿਕ, ਸਰਲ ਅਤੇ ਸੱਜਰੇ ਹੁੰਦੇ ਹਨ। ਉਨ੍ਹਾਂ ਕੋਲ ਅੰਤਰ-ਚੇਤਨਾ ਅਤੇ ਭਾਵੁਕ-ਸੁੱਚਤਾ ਹੁੰਦੀ ਹੈ ਜਿਸ ਕਾਰਨ ਇਸਤਰੀਆਂ ਅਕਸਰ ਤਰਕ ਨਾਲ ਫੈਸਲੇ ਨਹੀਂ ਕਰਦੀਆਂ, ਇਸੇ ਕਰ ਕੇ ਉਨ੍ਹਾਂ ਨੂੰ ਬਹਿਸ ਚੰਗੀ ਨਹੀਂ ਲਗਦੀ।

ਜੇਕਰ ਪੁਰਸ਼ ਅਤੇ ਇਸਤਰੀ ਦੋਵੇਂ ਕਿਸੇ ਕਮਰੇ ਅੰਦਰ ਜਾਣ ਸਮੇਂ ਅੰਦਰੋਂ ਕੁੰਡੀ ਲਾ ਲੈਣ ਤਾਂ ਬਾਹਰ ਨਿਕਲਣ ਵੇਲੇ ਪੁਰਸ਼ ਉਦਾਸ ਅਤੇ ਪ੍ਰੇਸ਼ਾਨ ਅਤੇ ਇਸਤਰੀ ਸਿਆਣੀ ਅਤੇ ਗੰਭੀਰ ਹੋ ਗਈ ਪ੍ਰਤੀਤ ਹੋਵੇਗੀ।

ਵੇਖਿਆ ਗਿਆ ਹੈ ਕਿ ਵਿਆਹ ਨੂੰ ਬਣਾਈ ਰੱਖਣ ਲਈ, ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਵਧੇਰੇ ਉਪਰਾਲੇ ਅਤੇ ਯਤਨ ਕਰਦੀਆਂ ਹਨ।

ਇਸਤਰੀ ਨੂੰ ਹਰ ਖੇਤਰ ਵਿਚ ਵਧੇਰੇ ਯਤਨ ਕਰਨੇ ਪੈਂਦੇ ਹਨ।

ਇਵੇਂ ਹੀ ਪੁਰਸ਼ਾਂ ਦੀ ਦੁਨੀਆਂ ਵਿਚ ਹੱਕ ਕੋਈ ਚੀਜ਼ ਨਹੀਂ ਹੁੰਦਾ। ਇਹ ਇਕ ਪ੍ਰਕਾਰ ਦਾ ਸਮਝੌਤਾ ਹੀ ਹੁੰਦਾ ਹੈ।

ਸਮਝੌਤਾ ਯਤਨ ਉਤੇ ਚਾਦਰ ਪਾਉਣ ਦਾ ਉਪਰਾਲਾ ਹੁੰਦਾ ਹੈ।

ਲੋਕਾਂ ਦੀ ਬਹੁਗਿਣਤੀ, ਅਰਥਹੀਣ ਯਤਨਾਂ ਵਿਚ ਰੁੱਝੀ ਹੋਈ ਹੈ। ਲੋਕ, ਉਹ ਕੁਝ ਕਰਨ ਦਾ ਯਤਨ ਕਰ ਰਹੇ ਹਨ, ਜਿਸ ਦੀ ਉਨ੍ਹਾਂ ਕੋਲ ਸਮਰੱਥਾ ਹੀ ਨਹੀਂ ਅਤੇ ਜਿਸ ਖੇਤਰ ਦੀ ਉਨ੍ਹਾਂ ਕੋਲ ਸਮਰੱਥਾ ਅਤੇ ਸੰਭਾਵਨਾ ਹੈ, ਉਸ ਖੇਤਰ ਪ੍ਰਤੀ ਉਹ ਬੇਮੁਖ ਹਨ। ਅਜਿਹੇ ਵਿਅਕਤੀ ਮੀਂਹ ਪੈਣ ਸਮੇਂ ਮੀਂਹ ਨੂੰ ਰੋਕਣ ਦਾ ਯਤਨ ਕਰਦੇ ਹਨ। ਇਹ ਅਣਤੁਰੇ ਰਾਹਾਂ ਦੀ ਦੌੜ ਹੈ। ਗੋਲ ਘੇਰੇ ਦੀ ਦੌੜ ਕਿਸੇ ਨਿਸ਼ਾਨੇ 'ਤੇ ਨਹੀਂ ਅੱਪੜਦੀ।

ਆਪਣੀ ਕੋਸ਼ਿਸ਼ ਵਿਚ ਪੂਰੇ ਦਾ ਪੂਰਾ ਕੌਣ ਸਫਲ ਹੋਇਆ ਹੈ ?

ਕਿਸੇ ਨੂੰ ਯਾਦ ਕਰਨਾ ਵੀ ਮਿਲਣ ਦੀ ਇਕ ਕੋਸ਼ਿਸ਼ ਹੁੰਦੀ ਹੈ। ਯਾਦ ਉਨ੍ਹਾਂ ਦੀ ਹੀ ਆਉਂਦੀ ਹੈ, ਜਿਹੜੇ ਆਪ ਨਹੀਂ ਆਉਂਦੇ, ਜਿਨ੍ਹਾਂ ਕੋਲ ਅਸੀਂ ਪਹੁੰਚ ਨਹੀਂ ਸਕਦੇ।

ਕਿਸੇ ਨੂੰ ਯਾਦ ਕਰਨਾ, ਅਸਲ ਵਿਚ ਆਪਣੇ ਸੰਕਟ ਨੂੰ ਟਾਲਣ ਦਾ ਇਕ ਯਤਨ, ਇਕ ਉਪਰਾਲਾ ਹੁੰਦਾ ਹੈ।

ਕਿਸੇ ਨਾਲ ਅਸਫਲ ਪਿਆਰ ਦੀਆਂ ਯਾਦਾਂ, ਸਾਡਾ ਅਨੁਭਵ ਬਣਦੀਆਂ ਹਨ।

ਮਨੁੱਖ ਕਦੇ ਵੀ ਇਕੱਲਾ ਨਹੀਂ ਹੁੰਦਾ, ਉਸ ਦੀਆਂ ਯਾਦਾਂ ਅਤੇ ਉਸ ਦਾ ਅਨੁਭਵ ਉਸ ਦਾ ਸਹਾਰਾ ਅਤੇ ਧਰਵਾਸ ਬਣਦੇ ਹਨ।

ਯਾਦਾਂ ਵੀ ਯਤਨ ਤੋਂ ਬਿਨਾਂ ਨਹੀਂ ਉਸਰਦੀਆਂ, ਪਿਆਰ ਤਾਂ ਹੈ ਹੀ ਯਤਨ ਦਾ ਖੇਤਰ। ਯਤਨ ਤੋਂ ਬਿਨਾਂ ਕੋਈ ਸਫ਼ਲਤਾ ਸੰਭਵ ਨਹੀਂ ਹੁੰਦੀ।

ਯਤਨ ਤੋਂ ਬਿਨਾਂ ਵਿਦਿਆ ਉਕਾ ਹੀ ਸੰਭਵ ਨਹੀਂ।

ਚਰਿੱਤਰ ਦਾ ਨਿਰਮਾਣ ਈਮਾਨਦਾਰ ਯਤਨਾਂ ਤੋਂ ਬਿਨਾਂ ਅਸੰਭਵ ਹੈ।

ਮਿਹਨਤ, ਯਤਨ ਦਾ ਹੀ ਸਤਿਕਾਰਮਈ ਰੂਪ ਹੁੰਦੀ ਹੈ।

ਮਿਹਨਤ ਦਾ ਅਸਲੀ ਫਲ ਅਨੁਭਵ, ਸੋਝੀ, ਗਿਆਨ ਅਤੇ ਚਰਿੱਤਰ ਹੁੰਦੇ ਹਨ, ਧਨ ਅਤੇ ਪ੍ਰਸੰਸਾ ਨਹੀਂ।

ਗੁਰੂ ਦੀ ਲੋੜ ਕਲਿਯੁਗ ਵਿਚ ਹੀ ਪੈਂਦੀ ਹੈ, ਸਤਿਯੁਗ ਜਾਂ ਸਵਰਗ ਵਿਚ ਦੇਵਤੇ ਵੀ ਆਮ ਵਿਅਕਤੀ ਹੁੰਦੇ ਹਨ।

ਯਤਨ ਨਾਲ ਹੀ ਪਰਿਵਰਤਨ ਵਾਪਰਦਾ ਹੈ ਅਤੇ ਸਮੇਂ ਦੀ ਸੋਝੀ ਪਰਿਵਰਤਨ ਤੋਂ ਬਿਨਾਂ ਸੰਭਵ ਨਹੀਂ ਹੁੰਦੀ।

ਸਮਾਂ ਤਬਦੀਲੀ ਨੂੰ ਮਾਪਣ ਦਾ ਸਾਧਨ ਹੁੰਦਾ ਹੈ।

ਜੇ ਤੁਸੀਂ ਆਪਣੇ ਵਿਚ ਵਾਪਰਿਆ ਪਰਿਵਰਤਨ ਜਾਣਨਾ ਚਾਹੁੰਦੇ ਹੋ ਤਾਂ ਆਪਣੇ

ਦੋਸਤ ਜਾਂ ਸਹੇਲੀ ਨੂੰ ਧਿਆਨ ਨਾਲ ਵੇਖਣ ਦਾ ਯਤਨ ਕਰੋ। ਉਨ੍ਹਾਂ ਵਿਚ ਵਾਪਰੀ ਤਬਦੀਲੀ ਤੁਹਾਡੇ ਵਿਚ ਵੀ ਵਾਪਰ ਚੁਕੀ ਹੁੰਦੀ ਹੈ।

ਅਸਫਲਤਾ ਦੇ ਅਨੇਕਾਂ ਢੰਗ ਹਨ। ਇਕ ਯਕੀਨੀ ਢੰਗ ਇਹ ਹੈ ਕਿ ਜਿਤਨਾ ਕੰਮ ਜਾਂ ਯਤਨ ਤੁਹਾਨੂੰ ਕਰਨਾ ਚਾਹੀਦਾ ਹੈ, ਉਸ ਨਾਲੋਂ ਘੱਟ ਕੰਮ ਕਰੋ, ਘੱਟ ਯਤਨ ਕਰੋ, ਅਸਫਲਤਾ ਯਕੀਨੀ ਹੈ। ਦੂਜਾ ਢੰਗ ਇਹ ਹੈ ਕਿ ਕੰਮ ਨੂੰ ਹਮੇਸ਼ਾ ਪਛੜ ਕੇ ਕਰੋ। ਤੀਜਾ ਇਹ ਹੈ ਕਿ ਕੋਈ ਵੀ ਕੰਮ ਪੂਰਾ ਨਾ ਕਰੋ ਅਤੇ ਚੌਥਾ ਇਹ ਹੈ ਕਿ ਝੱਟਪਟ ਅਮੀਰ ਬਣਨ ਵਿਚ ਰੁੱਝ ਜਾਵੋ। ਅਜਿਹੇ ਅਨੇਕਾਂ ਹੋਰ ਢੰਗ ਵੀ ਹਨ, ਜਿਨ੍ਹਾਂ ਨਾਲ ਅਸੀਂ ਜੀਵਨ ਭਰ ਲੁਕਣਮੀਚੀ ਖੇਡ ਸਕਦੇ ਹਾਂ।

ਮਹਾਨ ਨਤੀਜੇ ਤਤਕਾਲ ਪ੍ਰਾਪਤ ਨਹੀਂ ਹੁੰਦੇ।

ਭਾਵੇਂ ਅਜੋਕੇ ਯੁੱਗ ਵਿਚ ਬੇਈਮਾਨੀ ਦਾ ਬੋਲਬਾਲਾ ਹੈ ਪਰ ਹਰ ਯੁਗ ਵਿਚ ਪ੍ਰਸੰਸਾ ਈਮਾਨਦਾਰੀ ਦੀ ਹੀ ਹੋਈ ਹੈ। ਸਾਡੇ ਯੁਗ ਵਿਚ ਵੀ ਈਮਾਨਦਾਰੀ ਹੋਰ ਮੁੱਲਵਾਨ ਹੋ ਗਈ ਹੈ। ਪ੍ਰਾਪਤੀ ਨਾਲੋਂ ਕੋਸ਼ਿਸ਼ ਦਾ ਆਨੰਦ ਵਧੇਰੇ ਹੁੰਦਾ ਹੈ।

ਯਾਤਰਾ, ਯਤਨ ਦਾ ਹੀ ਇਕ ਰੂਪ ਹੁੰਦੀ ਹੈ।

ਮੌਤ ਨਹੀਂ, ਉਸ ਦਾ ਕਾਰਨ ਮਨੁੱਖ ਨੂੰ ਸ਼ਹੀਦ ਬਣਾਉਂਦਾ ਹੈ।

ਸੁੰਦਰਤਾ ਨਰਕ ਵਿਚ ਵੀ ਹੈ।

ਨਰਕ ਵਿਚ ਰਹਿਣ ਵਾਲੇ ਉਸ ਦੀ ਪਛਾਣ ਨਹੀਂ ਕਰ ਸਕਦੇ, ਇਸ ਪਛਾਣ ਦਾ ਉਹ ਯਤਨ ਹੀ ਨਹੀਂ ਕਰਦੇ। ਇਹੀ ਤਾਂ ਉਨ੍ਹਾਂ ਦੀ ਸਜ਼ਾ ਹੈ।

ਜੇ ਕੁਦਰਤ ਵਿਚ ਕੁਝ ਵੀ ਸੁੰਦਰ ਹੈ ਤਾਂ ਉਸ ਪਿੱਛੇ ਸਮੁੱਚੀ ਕੁਦਰਤ ਦਾ ਨਿਰੰਤਰ ਯਤਨ ਕੰਮ ਕਰ ਰਿਹਾ ਹੁੰਦਾ ਹੈ।

ਲਾਪ੍ਰਵਾਹੀ ਨਾਲ ਕੋਈ ਕਲਾ ਨਹੀਂ ਸਿੱਖੀ ਜਾ ਸਕਦੀ।

ਬਹੁਤੇ ਲੋਕਾਂ ਵਿਚ ਨਿਪੁੰਨ ਕਲਾਕਾਰ ਬਣਨ ਦੀ ਅਭਿਲਾਸ਼ਾ ਤਾਂ ਹੁੰਦੀ ਹੈ ਪਰ ਉਸ ਲਈ ਢੁੱਕਵੇਂ ਯਤਨ ਕਰਨ ਦਾ ਸਾਹਸ ਨਹੀਂ ਹੁੰਦਾ।

ਵਿਆਹ ਕਰਾਉਣਾ, ਜ਼ਿੰਦਗੀ ਦੀ ਲੰਮੀ ਲੜਾਈ ਲੜਨ ਅਤੇ ਜੱਦੋ-ਜਹਿਦ ਕਰਨ ਦਾ ਇਕ ਯਤਨ ਹੁੰਦਾ ਹੈ।

ਇਸੇ ਕਰ ਕੇ ਕਹਿੰਦੇ ਹਨ ਕਿ ਕਿਸੇ ਨੂੰ ਵਿਆਹ ਕਰਵਾਉਣ ਜਾਂ ਜੰਗ 'ਤੇ ਜਾਣ ਦੀ ਸਲਾਹ ਸੋਚ-ਸਮਝ ਕੇ ਦਿਓ, ਕਿਉਂਕਿ ਇਨ੍ਹਾਂ ਦੋਹਾਂ ਸਲਾਹਾਂ ਦੇ ਅਰਥ ਇਕੋ ਹਨ।

ਮਨੁੱਖ ਜਿਸ ਤੋਂ ਡਰਦਾ ਹੈ, ਉਹ ਯਤਨ ਕਰਨ ਦੇ ਬਾਵਜੂਦ ਉਸ ਨੂੰ ਪਿਆਰ ਨਹੀਂ ਕਰ ਸਕਦਾ। ਜਿਹੜੇ ਰਿਸ਼ਤੇ ਬਰਾਬਰੀ ਦੇ ਨਹੀਂ ਹੁੰਦੇ, ਉਨ੍ਹਾਂ ਦਾ ਅੰਤ ਨਫਰਤ ਵਿਚ ਹੋਣਾ ਯਕੀਨੀ ਹੁੰਦਾ ਹੈ। ਇਸੇ ਕਾਰਨ ਹਰ ਭਾਈਵਾਲੀ ਅੰਤ ਨੂੰ ਟੁੱਟਦੀ ਹੈ।

ਜਦੋਂ ਵੋਟਾਂ ਨੂੰ ਗਿਣਨ ਦੀ ਥਾਂ ਤੋਲਣ ਦਾ ਯਤਨ ਕੀਤਾ ਜਾਵੇਗਾ ਤਾਂ ਹੀ ਸੱਚੇ ਅਰਥਾਂ ਵਿਚ ਲੋਕਤੰਤਰ ਦੀ ਸਥਾਪਤੀ ਸੰਭਵ ਹੋਵੇਗੀ।

ਜੇ ਤੁਸੀਂ ਕੇਵਲ ਆਪਣੇ ਹੱਕਾਂ ਲਈ ਲੜਨ ਦਾ ਯਤਨ ਕਰੋਗੇ ਤਾਂ ਹਾਰ ਜਾਵੋਗੇ ਪਰ ਜੇ ਤੁਸੀਂ ਦੂਜਿਆਂ ਦੇ ਹੱਕਾਂ ਦੀ ਵੀ ਰਾਖੀ ਕਰੋਗੇ ਤਾਂ ਸਾਰੇ ਜਿੱਤ ਜਾਣਗੇ।

ਜਿਹੜਾ ਇਹ ਸੋਚਦਾ ਹੈ ਕਿ ਉਹ ਸੰਸਾਰ ਤੋਂ ਬਿਨਾਂ ਜਿਉਂਦਾ ਰਹਿ ਲਵੇਗਾ, ਉਹ ਭੁਲੇਖੇ ਦਾ ਸ਼ਿਕਾਰ ਹੈ ਅਤੇ ਜਿਹੜਾ ਇਹ ਖਿਆਲ ਕਰਦਾ ਹੈ ਕਿ ਸੰਸਾਰ ਉਸ ਤੋਂ ਬਿਨਾਂ ਰੁਕ ਜਾਵੇਗਾ, ਉਹ ਵਡੇਰੇ ਭੁਲੇਖੇ ਦਾ ਸ਼ਿਕਾਰ ਹੈ।

ਉਹੀ ਯਤਨ ਸਫ਼ਲ ਹੁੰਦੇ ਹਨ ਜਿਹੜੇ ਸੰਸਾਰ ਦੇ, ਸਮਾਜ ਦੇ ਪੱਖ ਵਿਚ ਹੁੰਦੇ ਹਨ। ਪ੍ਰਾਪਤ ਕਰਨ ਨਾਲੋਂ, ਵੰਡਣ ਦਾ ਯਤਨ ਵਧੇਰੇ ਗੁਣਕਾਰੀ ਹੈ।

ਰੱਬ ਕਹਿੰਦਾ ਹੈ : ਵੰਡੋ, ਮੈਂ ਤੁਹਾਨੂੰ ਹੋਰ ਦੇਵਾਂਗਾ। ਤੁਸੀਂ ਯਤਨ ਕਰੋ, ਮੈਂ ਤੁਹਾਡੀ ਸਹਾਇਤਾ ਕਰਾਂਗਾ।

ਸੱਚ ਸੁਣਨ ਉਤੇ ਅਸੀਂ ਇਸ ਲਈ ਨਾਰਾਜ਼ ਹੋ ਜਾਂਦੇ ਹਾਂ, ਕਿਉਂਕਿ ਸਾਨੂੰ ਕੇਵਲ ਝੂਠ ਸੁਣਨ ਦੀ ਆਦਤ ਹੁੰਦੀ ਹੈ। ਜੋ ਕੁਝ ਵੀ ਸਾਡੀ ਆਦਤ ਤੋਂ ਉਲਟ ਵਾਪਰਦਾ ਹੈ ਉਹ ਸਾਨੂੰ ਉਦਾਸ ਅਤੇ ਪ੍ਰੇਸ਼ਾਨ ਕਰਦਾ ਹੈ। ਸਰਕਾਰਾਂ ਝੂਠ ਉਤੇ ਉਸਰੀਆਂ ਹੁੰਦੀਆਂ ਹਨ, ਇਸੇ ਲਈ ਸੱਚ ਤੋਂ ਡਰਦੀਆਂ ਹਨ।

ਸੋਚਣਾ, ਵਿਰੋਧ ਅਤੇ ਬਗਾਵਤ ਨੂੰ ਜਨਮ ਦਿੰਦਾ ਹੈ।

ਠੀਕ ਯਤਨਾਂ ਨਾਲ ਬਗਾਵਤਾਂ, ਇਨਕਲਾਬ ਹੋ ਨਿਬੜਦੀਆਂ ਹਨ ਅਤੇ ਗਲਤ ਯਤਨਾਂ ਨਾਲ ਲਿਆਂਦੇ ਇਨਕਲਾਬ, ਤਾਨਾਸ਼ਾਹੀਆਂ ਬਣ ਜਾਂਦੇ ਹਨ।

ਜੈਸੇ ਯਤਨ, ਤੈਸੀ ਪ੍ਰਾਪਤੀ।

ਅਸੀਂ ਸਾਰੇ ਆਪਣੇ ਅਗਿਆਨ ਦੇ ਗੁਲਾਮ ਹਾਂ। ਗਿਆਨ ਸਦਾ ਮੁਕਤ ਕਰਦਾ ਹੈ ਪਰ ਕੋਈ ਵੀ ਗਿਆਨ ਯਤਨ ਤੋਂ ਬਿਨਾਂ ਸੰਭਵ ਨਹੀਂ ਹੁੰਦਾ।

ਗਿਆਨ ਕੋਈ ਮੰਜ਼ਲ ਨਹੀਂ, ਇਹ ਇਕ ਨਿਰੰਤਰ ਯਾਤਰਾ ਹੈ, ਇਹ ਨਾਂਵ ਨਹੀਂ, ਕਿਰਿਆ ਹੈ, ਇਹ ਪ੍ਰਾਪਤੀ ਨਹੀਂ, ਕੋਸ਼ਿਸ਼ ਹੈ।

ਜੋ ਸੰਭਵ ਹੁੰਦਾ ਹੈ, ਉਹੀ ਵਾਪਰਦਾ ਹੈ। ਸੋ ਯਤਨ ਸੰਭਵ ਨੂੰ ਵਾਪਰਨ ਦੇ ਪੜਾਅ 'ਤੇ ਲਿਆਉਣ ਦਾ ਕਰਨਾ ਪਵੇਗਾ। ਕਿਸੇ ਨੇ ਅਰਦਾਸ ਕੀਤੀ ਸੀ : ਹੇ ਪਰਮਾਤਮਾ, ਜੋ ਬਦਲਣਯੋਗ ਹੈ, ਉਹ ਬਦਲਣ ਦੀ ਹਿੰਮਤ ਦੇਹ, ਜੋ ਬਦਲਣਯੋਗ ਨਹੀਂ, ਉਸ ਨੂੰ ਸਵੀਕਾਰ ਕਰਨ ਦਾ ਹੌਸਲਾ ਦੇਹ ਅਤੇ ਇਨ੍ਹਾਂ ਦੋਹਾਂ ਦੇ ਅੰਤਰ ਨੂੰ ਜਾਣਨ ਦੀ ਸੂਝ ਦੇਹ।

ਡਾਕਟਰ ਕਹਿੰਦਾ ਹੈ : ਯਤਨ ਮੈਂ ਕਰਾਂਗਾ, ਇਲਾਜ ਪਰਮਾਤਮਾ ਕਰੇਗਾ।

ਜੇ ਕੋਈ ਕੰਮ ਕਰਨ ਤੋਂ ਪਹਿਲਾਂ ਤੁਸੀਂ ਸਾਰਿਆਂ ਦੀ ਰਾਇ ਪੁੱਛਣ ਲਗ ਪਵੋਗੇ ਤਾਂ ਤੁਸੀਂ ਉਹ ਕੰਮ ਯਤਨ ਦੇ ਬਾਵਜੂਦ ਆਰੰਭ ਹੀ ਨਹੀਂ ਕਰ ਸਕੋਗੇ।

ਜਿਹੜੇ ਇਤਿਹਾਸ ਨਹੀਂ ਪੜ੍ਹਦੇ, ਉਹ ਪੁਰਾਣੀਆਂ ਗਲਤੀਆਂ ਹੀ ਦੁਹਰਾਉਂਦੇ ਰਹਿੰਦੇ ਹਨ। ਜਿਹੜੇ ਪੜ੍ਹਦੇ ਹਨ, ਗਲਤੀਆਂ ਤਾਂ ਉਹ ਵੀ ਕਰਦੇ ਹਨ ਪਰ ਉਨ੍ਹਾਂ ਦਾ ਢੰਗ ਅਤੇ ਯਤਨ ਨਵਾਂ ਹੁੰਦਾ ਹੈ।

ਕੋਸ਼ਿਸ਼ ਉਹੀ ਸਫ਼ਲ ਹੁੰਦੀ ਹੈ ਜਿਹੜੀ ਸੁਭਾਵਿਕ ਹੋਵੇ, ਉਚੇਚ ਤੋਂ ਮੁਕਤ ਹੋਵੇ।

ਜਿਵੇਂ ਵਧੇਰੇ ਕੱਸੇ ਹੋਏ ਸਾਜ਼ ਵਿਚੋਂ ਸੰਗੀਤ ਨਹੀਂ ਉਪਜਦਾ, ਉਵੇਂ ਹੀ ਉਚੇਚ ਨਾਲ ਕੀਤੇ ਯਤਨ ਵਿਚੋਂ ਸਫ਼ਲਤਾ ਨਹੀਂ ਜਨਮਦੀ।

ਯਤਨ ਇਤਨਾ ਕਾਰਗਰ ਹੋਣਾ ਚਾਹੀਦਾ ਹੈ ਕਿ ਜਿੱਤ ਸੁਭਾਵਿਕ ਪ੍ਰਤੀਤ ਹੋਵੇ।

ਜੇ ਜਿੱਤ ਵੇਲੇ ਜਿੱਤ ਦਾ ਗੁਮਾਨ ਨਾ ਹੋਵੇ ਤਾਂ ਹਾਰ ਵੇਲੇ ਹਾਰ ਦਾ ਸੰਤਾਪ, ਪਛਤਾਵਾ ਅਤੇ ਸੰਸਾ ਵੀ ਨਹੀਂ ਹੁੰਦਾ।

ਜਿਤਨਾ ਸਾਡੇ ਗਿਆਨ ਦਾ ਟਾਪੂ ਵਿਸ਼ਾਲ ਹੋਵੇਗਾ, ਉਤਨਾ ਹੀ ਉਸ ਦੇ ਅਨੁਭਵ ਦਾ ਤਟ ਵਿਸ਼ਾਲ ਹੋਵੇਗਾ।

ਜੀਵਨ ਵਿਚ ਗਿਆਨ, ਪ੍ਰੇਮ ਅਤੇ ਅਨੁਭਵ ਸਾਨੂੰ ਆਪਣਾ ਹੰਕਾਰ ਮਿਟਾਉਣ ਵਿਚ ਯਤਨਸ਼ੀਲ ਕਰਦੇ ਰਹਿੰਦੇ ਹਨ।

ਅਸੀਂ ਆਪਣੀ ਸੁਰੱਖਿਆ ਸਿਰਜਣ ਦੀ ਭਾਵਨਾ ਅਧੀਨ, ਧਨ ਇਕੱਠਾ ਕਰਨ ਦਾ ਯਤਨ ਕਰਦੇ ਹਾਂ ਜਦੋਂ ਕਿ ਧਨ ਕਿਸੇ ਦੀ ਰੱਖਿਆ ਨਹੀਂ ਕਰ ਸਕਦਾ, ਸਗੋਂ ਧਨ ਨੂੰ ਤਾਂ ਆਪ ਸਾਡੀ ਰੱਖਿਆ ਦੀ ਲੋੜ ਹੁੰਦੀ ਹੈ।

ਧਨ ਅਨੇਕਾਂ ਡਰ ਅਤੇ ਚਿੰਤਾਵਾਂ ਉਪਜਾਉਂਦਾ ਹੈ।

ਧਨ-ਜਾਇਦਾਦ, ਇੱਛਾ ਨੂੰ ਅਤੇ ਸੱਤਾ, ਹੰਕਾਰ ਨੂੰ ਵਧਾਉਂਦੀਆਂ ਹਨ। ਇਵੇਂ ਅਨੁਚਿਤ ਲਾਭ ਤੋਂ ਲੋਭ ਵਧਦਾ ਹੈ ਅਤੇ ਲੋਭ ਸਾਨੂੰ ਕੋਈ ਵੀ ਹੰਢਣਹਾਰ ਰਿਸ਼ਤਾ ਉਸਾਰਨ ਦੇ ਪੱਖੋਂ ਅਪੰਗ ਬਣਾ ਦਿੰਦਾ ਹੈ। ਅਜਿਹੀ ਸਥਿਤੀ ਵਿਚ ਜੀਵਨ ਮਾਨਣ ਦੀਆਂ ਸੰਭਾਵਨਾਵਾਂ ਘੱਟ ਜਾਂਦੀਆਂ ਹਨ ਅਤੇ ਹਮਲਿਆਂ, ਕਤਲਾਂ, ਬਲਾਤਕਾਰਾਂ ਅਤੇ ਆਤਮਘਾਤਾਂ ਦੇ ਯਤਨ ਵੱਧ ਜਾਂਦੇ ਹਨ।

ਜੇ ਸਾਡੇ ਸਮਾਜ ਵਿਚ ਵਿਅਕਤੀ ਅਮੀਰ ਹੋ ਰਹੇ ਹਨ ਪਰ ਸਮਾਜ ਗਰੀਬ ਹੋ ਰਿਹਾ ਹੈ ਤਾਂ ਨਿਸਚੇ ਹੀ ਸਾਡੇ ਯਤਨਾਂ ਵਿਚ ਕੋਈ ਮਹੱਤਵਪੂਰਨ ਘਾਟ ਹੈ।

ਸਾਨੂੰ ਆਪਣੇ ਯਤਨਾਂ ਦੀ ਮੁਹਾਰ ਬਦਲਣੀ ਪਵੇਗੀ।

ਵੇਖਿਆ ਗਿਆ ਹੈ ਕਿ ਜਿਉਂ-ਜਿਉਂ ਅਸੀਂ ਦੂਜਿਆਂ ਦੀਆਂ ਘਾਟਾਂ ਸਵੀਕਾਰ ਕਰਨ ਦਾ ਯਤਨ ਕਰਦੇ ਹਾਂ, ਤਿਉਂ-ਤਿਉਂ ਅਸੀਂ ਆਪਣੇ ਆਪ ਨਾਲ ਵਧੇਰੇ ਸਹਿਮਤ ਹੁੰਦੇ ਜਾਂਦੇ ਹਾਂ। ਇਵੇ ਹੀ ਜਿਉਂ-ਜਿਉਂ ਅਸੀਂ ਸੰਜਮ ਨੂੰ ਸਵੀਕਾਰ ਕਰਦੇ ਜਾਂਦੇ ਹਾਂ ਤਿਉਂ-ਤਿਉਂ ਅਸੀਂ ਆਜ਼ਾਦ ਹੁੰਦੇ ਜਾਂਦੇ ਹਾਂ। ਜਿਉਂ-ਜਿਉਂ ਸਾਡਾ ਗਿਆਨ ਵਧਦਾ ਹੈ, ਤਿਉਂ-ਤਿਉਂ ਪਦਾਰਥਾਂ 'ਤੇ ਸਾਡੀ ਨਿਰਭਰਤਾ ਘਟਦੀ ਜਾਂਦੀ ਹੈ ਪਰ ਇਨ੍ਹਾਂ ਸਭਨਾਂ ਹਾਲਤਾਂ ਦੇ ਨਿਰਮਾਣ ਲਈ ਭਰਪੂਰ ਯਤਨਾਂ ਦੀ ਲੋੜ ਹੁੰਦੀ ਹੈ।

ਉਦਾਰ-ਦ੍ਰਿਸ਼ਟੀ, ਸਦਭਾਵਨਾ, ਸਨੇਹ ਅਤੇ ਦੂਜਿਆਂ ਪ੍ਰਤੀ ਸ਼ੁਭ-ਇੱਛਾਵਾਂ ਸਾਡੇ ਯਤਨਾਂ ਅੱਗੇ ਰਾਹ ਪੱਧਰਾ ਕਰ ਦਿੰਦੀਆਂ ਹਨ।

ਮੈਂ ਤੁਹਾਡੀਆਂ ਸ਼ੁਭ-ਇੱਛਾਵਾਂ ਦੇ ਯੋਗ ਬਣਿਆ ਰਹਾਂ, ਇਹ ਮੇਰਾ ਯਤਨ ਹੋਵੇਗਾ।

ਇਕ ਇਕ ਪਲ ਜਦੋਂ ਯੁੱਗ ਵਾਂਗ ਲੰਘਦਾ

ਉਡੀਕ ਕੋਈ ਵੀ ਹੋਵੇ, ਤਨ ਅਤੇ ਮਨ ਦੋਹਾਂ ਨੂੰ ਨਿਤਾਣਾ ਕਰ ਦਿੰਦੀ ਹੈ।

ਉਡੀਕ ਦੇ ਅਰਸੇ ਦੌਰਾਨ ਚੜ੍ਹਦੀ ਕਲਾ ਵਿਚ ਵਿਚਰਨਾ ਸੰਭਵ ਨਹੀਂ ਹੁੰਦਾ, ਕਿਉਂਕਿ ਉਡੀਕ ਦੌਰਾਨ ਸਾਡੀਆਂ ਤਣਾਵਾਂ ਕਿਸੇ ਹੋਰ ਨੇ ਖਿੱਚੀਆਂ ਹੋਈਆਂ ਹੁੰਦੀਆਂ ਹਨ।

ਉਡੀਕ ਮਜਬੂਰੀ ਦੀ ਇਕ ਉਦਾਹਰਣ ਹੈ।

ਉਡੀਕ ਕਰਨਾ ਕਿਸੇ ਦੀ ਮਰਜ਼ੀ ਨਹੀਂ ਹੁੰਦੀ, ਮਜਬੂਰੀ ਹੁੰਦੀ ਹੈ ਅਤੇ ਮਜਬੂਰੀ ਵੱਸ ਕੀਤੇ ਕੰਮ ਦੀ ਪੱਧਰ ਉੱਚੀ ਨਹੀਂ ਹੁੰਦੀ।

ਉਡੀਕ ਇਕ ਸਮਾਜਿਕ ਵਰਤਾਰਾ ਹੈ। ਉਡੀਕ ਸਮਾਜ ਵਿਚ ਰਹਿੰਦਿਆਂ ਹੀ ਕੀਤੀ ਜਾ ਸਕਦੀ ਹੈ। ਜੇ ਤੁਹਾਡੇ ਕਿਸੇ ਨਾਲ ਸਬੰਧ ਹੀ ਨਹੀਂ ਹਨ ਤਾਂ ਤੁਸੀਂ ਉਡੀਕ ਦੀ ਲਾਚਾਰੀ ਤੋਂ ਵੀ ਮੁਕਤ ਹੋਵੋਗੇ।

ਇਕੱਲੇ ਹੋਣ ਦੀ ਸੂਰਤ ਵਿਚ ਤੁਸੀਂ ਗੁੱਸੇ ਵੀ ਨਹੀਂ ਹੋ ਸਕਦੇ।

ਉਦਾਸੀ ਵੀ ਕਿਸੇ ਹੋਰ ਦੀ ਹੋਂਦ ਨਾਲ ਜੁੜੀ ਹੁੰਦੀ ਹੈ।

ਇਕੱਲਿਆਂ ਬਹਾਨਾ ਵੀ ਨਹੀਂ ਲਾਇਆ ਜਾ ਸਕਦਾ, ਬਹਾਨਾ ਲਾਉਣ ਲਈ ਵੀ ਕਿਸੇ ਹੋਰ ਦੀ ਲੋੜ ਹੁੰਦੀ ਹੈ। ਇਕੱਲਿਆਂ ਤੁਸੀਂ ਗੱਲਬਾਤ ਨਹੀਂ ਕਰ ਸਕਦੇ, ਗੱਲ ਕਰਨ ਲਈ ਦੂਜੀ ਧਿਰ ਦਾ ਹੋਣਾ ਜ਼ਰੂਰੀ ਹੁੰਦਾ ਹੈ।

ਸਮਾਜ ਤੋਂ ਬਿਨਾਂ, ਕਿਸੇ ਪ੍ਰਕਾਰ ਦੀ ਉਡੀਕ ਦਾ ਸੰਕਲਪ ਨਾ ਉਸਾਰਿਆ ਜਾ ਸਕਦਾ ਹੈ ਨਾ ਸਮਝਿਆ ਜਾ ਸਕਦਾ ਹੈ।

ਉਡੀਕ ਅਜੋਕੇ ਸਮਾਜ ਦਾ ਵਰਤਾਰਾ ਹੈ। ਪੁਰਾਣੇ ਸਮਿਆਂ ਵਿਚ ਲੋਕਾਂ ਵਿਚ ਧੀਰਜ ਵਧੇਰੇ ਸੀ, ਜੀਵਨ ਦਾ ਘੇਰਾ ਸੀਮਤ ਸੀ, ਲੋਕਾਂ ਦੀ ਗਿਣਤੀ ਥੋੜ੍ਹੀ ਸੀ, ਪ੍ਰਾਪਤੀ ਦੀ ਥਾਂ ਤਿਆਗ ਉਤੇ ਬਲ ਸੀ। ਉਨ੍ਹਾਂ ਨੂੰ ਕਿਸੇ ਦੀ ਉਡੀਕ ਕਰਨੀ ਹੀ ਨਹੀਂ ਸੀ ਪੈਂਦੀ। ਜੇ ਕਰਨੀ ਪੈਂਦੀ ਵੀ ਸੀ ਤਾਂ ਉਹ ਉਡੀਕ ਧੀਰਜ ਨਾਲ ਕਰਦੇ ਸਨ। ਇਸ ਧੀਰਜ ਦਾ ਮੁੱਖ ਕਾਰਨ ਇਹ ਸੀ ਕਿ ਉਹ ਸਾਡੇ ਵਾਂਗ ਵਕਤ ਪ੍ਰਤੀ ਸੁਚੇਤ ਨਹੀਂ ਸਨ। ਸਮੇਂ ਨੂੰ ਉਹ ਸਾਡੇ ਵਾਂਗ ਸਕਿੰਟਾਂ, ਮਿੰਟਾਂ, ਘੰਟਿਆਂ ਦੀ ਥਾਂ ਮਹੀਨਿਆਂ, ਸਾਲਾਂ, ਦਹਾਕਿਆਂ, ਸਦੀਆਂ ਅਤੇ ਯੁਗਾਂ ਵਿਚ ਨਾਪਦੇ ਸਨ। ਵਕਤ ਦੱਸਣ ਵਾਲੀਆਂ ਘੜੀਆਂ ਭਾਰਤ ਵਿਚ ਸੋਚੀਆਂ ਹੀ ਨਹੀਂ ਸਨ ਜਾ ਸਕਦੀਆਂ। ਪੁਰਾਣੇ ਸਮਿਆਂ ਵਿਚ ਸਾਡੇ ਦੇਸ਼ ਦੇ ਲੋਕਾਂ ਵਿਚ ਸਮੇਂ ਦੇ ਮੁੱਕ ਜਾਣ ਦੀ ਸੋਝੀ ਹੀ ਨਹੀਂ ਸੀ, ਉਨ੍ਹਾਂ ਦੀ ਸਮੇਂ ਵਿਚ ਦਿਲਚਸਪੀ ਹੀ ਨਹੀਂ ਸੀ। ਉਨ੍ਹਾਂ

ਲਈ ਜੀਵਨ ਉਪਜਣ ਅਤੇ ਬਿਨਸਣ ਦਾ ਇਕ ਨਿਰੰਤਰ ਸਿਲਸਿਲਾ ਸੀ, ਅਨੰਤ ਜਨਮਾਂ ਦਾ ਕਾਲ-ਚੱਕਰ।

ਯਹੂਦੀ, ਇਸਲਾਮ ਅਤੇ ਈਸਾਈ ਧਰਮਾਂ ਵਿਚ ਇਕ ਜੀਵਨ ਦਾ ਹੀ ਸੰਕਲਪ ਹੈ। ਇਨ੍ਹਾਂ ਧਰਮਾਂ ਵਿਚ ਚੁਰਾਸੀ ਲੱਖ ਜੂਨਾਂ ਜਾਂ ਅਗਲੇਰੇ ਜਨਮ ਦਾ ਸੰਕਲਪ ਨਹੀਂ ਹੈ। ਸਮੇਂ ਦੀ ਸੋਝੀ ਸਾਨੂੰ ਈਸਾਈਆਂ ਅਰਥਾਤ ਯੂਰਪੀਨਾਂ ਨੇ ਕਰਵਾਈ ਹੈ। ਉਹ ਸਮੇਂ ਪ੍ਰਤੀ ਬੜੇ ਸੁਚੇਤ ਹਨ, ਇਸੇ ਲਈ ਉਨ੍ਹਾਂ ਦੇ ਜੀਵਨ ਵਿਚ ਕਾਹਲ ਹੈ। ਯੂਰਪ ਵਿਚ ਸਭ ਕੁਝ ਇਸੇ ਇਕ ਜੀਵਨ ਵਿਚ ਕਰ ਵਿਖਾਉਣ ਅਤੇ ਹਰ ਪਲ ਲੇਖੇ ਲਾਉਣ ਦੀ ਦੌੜ ਲਗੀ ਹੋਈ ਹੈ। ਜਿਉਂ-ਜਿਉਂ ਅਸੀਂ ਯੂਰਪੀਨ ਜੀਵਨ-ਪ੍ਰਣਾਲੀ ਅਪਨਾਉਂਦੇ ਜਾ ਰਹੇ ਹਾਂ, ਸਾਡੇ ਵਿਚ ਵੀ ਤਿਉਂ-ਤਿਉਂ ਕਾਹਲ ਵੱਧ ਰਹੀ ਹੈ। ਇਸ ਕਾਹਲ ਕਾਰਨ ਹੀ ਉਡੀਕ ਕਰਨੀ ਮੁਸ਼ਕਿਲ ਅਤੇ ਦੁਖਦਾਈ ਹੁੰਦੀ ਜਾ ਰਹੀ ਹੈ।

ਭਾਰਤੀ ਜੀਵਨ-ਪ੍ਰਣਾਲੀ ਵਿਚ, ਕਿਸੇ ਵੀ ਖੇਤਰ ਵਿਚ, ਸਭ ਤੋਂ ਪਹਿਲੇ ਹੋਣ ਜਾਂ ਸਭ ਤੋਂ ਅੰਤਲੇ ਹੋਣ ਦਾ ਸੰਕਲਪ ਹੀ ਨਹੀਂ ਹੈ। ਜੋ ਹੈ ਉਹ ਪਹਿਲਾਂ ਵੀ ਸੀ, ਸਾਡੇ ਮਗਰੋਂ ਵੀ ਹੋਵੇਗਾ। ਇਸ ਜੀਵਨ ਦਾ ਨਾ ਕੋਈ ਆਰੰਭ ਹੈ, ਨਾ ਅੰਤ ਹੈ। ਸਮੇਂ ਦੇ ਇਸ ਅਨੰਤ ਸੰਕਲਪ ਕਾਰਨ ਨਾ ਕੋਈ ਕਾਹਲ ਹੈ ਨਾ ਹੀ ਕੋਈ ਚਿੰਤਾ।

ਚਿੰਤਾ ਅਤੇ ਕਾਹਲ ਉਦੋਂ ਉਪਜਦੀਆਂ ਹਨ, ਜਦੋਂ ਸਮਾਂ ਘੱਟ ਹੋਵੇ, ਇੱਛਾਵਾਂ ਵਧੇਰੇ ਹੋਣ, ਜਦੋਂ ਵਸੀਲੇ ਘੱਟ ਹੋਣ ਅਤੇ ਪ੍ਰਾਪਤੀ ਦੀ ਅਭਿਲਾਸ਼ਾ ਵਧੇਰੇ ਹੋਵੇ।

ਤਿਬਤੀ ਲਾਮੇ ਕਾਹਲੀ ਵੀ ਹੌਲੀ-ਹੌਲੀ ਕਰਦੇ ਹਨ।

ਉਹ ਕਹਿੰਦੇ ਹਨ ਜੇ ਦੌੜੋਗੇ ਤਾਂ ਕਦੀ ਵੀ ਨਹੀਂ ਅਪੜੋਗੇ। ਉਹ ਕਿਸੇ ਦੂਜੇ ਕਿਨਾਰੇ ਪਹੁੰਚਣਾ ਹੀ ਨਹੀਂ ਚਾਹੁੰਦੇ, ਕਿਉਂਕਿ ਉਹ ਕਹਿੰਦੇ ਹਨ ਕਿ ਉਹ ਤਾਂ ਪਹਿਲਾਂ ਹੀ ਦੂਜੇ ਕਿਨਾਰੇ ਖਲੋਤੇ ਹੋਏ ਹਨ।

ਜਦੋਂ ਸਮਾਂ ਅਨੰਤ ਹੋਵੇ ਤਾਂ ਨਾ ਟੁਰਨ ਦੀ ਕਾਹਲ ਹੁੰਦੀ ਹੈ ਨਾ ਪਹੁੰਚਣ ਦੀ ਚਿੰਤਾ। ਵਕਤ ਦੇ ਸੀਮਤ ਹੋਣ ਦਾ ਅਹਿਸਾਸ ਹੀ ਸਾਰੀਆਂ ਚਿੰਤਾਵਾਂ ਦਾ ਸਰੋਤ ਹੈ।

ਹੁਣ ਸਾਰੇ ਕੰਮ ਸਮੇਂ ਦੇ ਸੰਦਰਭ ਵਿਚ ਕੀਤੇ ਜਾਣ ਲੱਗ ਪਏ ਹਨ, ਜਿਵੇਂ ਸਾਰੇ ਲੈਣ-ਦੇਣ ਨਫ਼ੇ ਦੇ ਸੰਦਰਭ ਵਿਚ ਕੀਤੇ ਜਾਣ ਲੱਗ ਪਏ ਹਨ। ਹੁਣ ਕਿਹਾ ਜਾਂਦਾ ਹੈ ਕਿ ਜਿਹੜਾ ਕੰਮ ਕਿਸੇ ਵੀ ਵੇਲੇ ਕੀਤਾ ਜਾ ਸਕਦਾ ਹੈ, ਉਹ ਕਦੇ ਵੀ ਨਹੀਂ ਕੀਤਾ ਜਾਂਦਾ।

ਅਜੋਕੇ ਯੁੱਗ ਵਿਚ ਹਰ ਕਿਸੇ ਦਾ ਵਕਤ ਨਾਲ ਰਿਸ਼ਤਾ ਵੱਖਰੀ ਭਾਂਤ ਦਾ ਹੈ। ਕਈ ਵਕਤ ਨੂੰ ਕੱਟਦੇ ਹਨ, ਕਈ ਗੁਜ਼ਾਰਦੇ ਹਨ, ਕੁਝ ਲੰਘਾਉਂਦੇ ਹਨ, ਥੋੜ੍ਹੇ ਵਰਤਦੇ ਹਨ, ਕੁਝ ਫੜਦੇ ਹਨ ਪਰ ਬਹੁਤੇ ਵਕਤ ਦੇ ਪਿੱਛੇ-ਪਿੱਛੇ ਦੌੜਦੇ ਹਨ।

ਜੀਵਨ ਵਿਚ ਜਿਹੜੇ ਆਪਣੇ ਵਕਤ ਦੀ ਦੁਰਵਰਤੋਂ ਕਰਦੇ ਹਨ, ਉਹੀ ਸਮੇਂ ਦੇ ਘੱਟ ਹੋਣ ਦੀ ਸ਼ਿਕਾਇਤ ਕਰਦੇ ਹਨ।

ਜਿਵੇਂ ਲੰਮੀਆਂ ਬਹਿਸਾਂ ਅਕਸਰ ਨਿਗੂਣੇ ਵਿਸ਼ਿਆਂ 'ਤੇ ਹੁੰਦੀਆ ਹਨ, ਉਵੇਂ ਹੀ ਲੰਮੀਆਂ ਉਡੀਕਾਂ ਅਕਸਰ ਛੋਟੇ ਵਿਅਕਤੀਆਂ ਅਤੇ ਛੋਟੀਆਂ ਪ੍ਰਾਪਤੀਆਂ ਲਈ ਹੁੰਦੀਆਂ ਹਨ। ਜਦੋਂ ਉਡੀਕ ਲੰਮੀ ਹੋ ਜਾਵੇ ਤਾਂ ਸੋਚਣਾ ਚਾਹੀਦਾ ਹੈ ਕਿ ਜਿਸ ਦੀ ਉਡੀਕ ਕਰ ਰਹੇ

ਹਾਂ ਕੀ ਉਹ ਉਡੀਕਣਯੋਗ ਹੈ ? ਇਹ ਵੀ ਪਤਾ ਲਾਉਣਾ ਚਾਹੀਦਾ ਹੈ ਕਿ ਸਾਡੀ ਉਡੀਕ ਵਿਚ ਘਾਟ ਕਿੱਥੇ ਹੈ।

ਜਦੋਂ ਕਿਸੇ ਲੇਖਕ ਦੀ ਕੋਈ ਰਚਨਾ ਪ੍ਰਸਿੱਧ ਹੋ ਜਾਂਦੀ ਹੈ ਤਾਂ ਉਸ ਵਿਚ ਉਸ ਸਫ਼ਲਤਾ ਨੂੰ ਦੁਹਰਾਉਣ ਦੀ ਇੱਛਾ ਉਪਜਦੀ ਹੈ, ਜਿਹੜੀ ਕਦੇ ਪੂਰੀ ਨਹੀਂ ਹੁੰਦੀ।

ਉਸ ਦਾ ਕਾਰਜ ਖੁੱਲ੍ਹੇ ਬੂਹੇ ਦੀ ਕੁੰਡੀ ਖੜਕਾਉਣ ਵਾਂਗ ਹੁੰਦਾ ਹੈ।

ਇਵੇਂ ਹੀ ਪ੍ਰੇਮੀ ਪਹਿਲੇ ਚੁੰਮਣ ਵਾਲੇ ਅਹਿਸਾਸ ਨੂੰ ਮੁੜ ਪ੍ਰਾਪਤ ਕਰਨ ਲਈ, ਪ੍ਰੇਮਿਕਾ ਨੂੰ ਚੁੰਮਣ ਦੀ ਥਾਂ ਚੱਟਣ ਲੱਗ ਪੈਂਦਾ ਹੈ।

ਕਈਆਂ ਵਿਚ ਕੋਈ ਫਾਰਮੂਲਾ ਜਾਂ ਸਬਕ ਸਿੱਖਣ ਦੀ ਬਿਹਬਲਤਾ ਹੁੰਦੀ ਹੈ ਪਰ ਉਹ ਉਦੋਂ ਤਿਲਮਿਲਾਉਂਦੇ ਹਨ, ਜਦੋਂ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਸਬਕ ਸਿਖਣ ਤੋਂ ਬਾਅਦ ਵੀ ਉਸ ਨੂੰ ਲਾਗੂ ਕਰਨਾ ਸੰਭਵ ਨਹੀਂ ਹੁੰਦਾ।

ਅਸੀਂ ਜਾਣਦੇ ਹਾਂ ਕਰੋਧ ਕਰਨਾ ਚੰਗਾ ਨਹੀਂ ਹੁੰਦਾ ਪਰ ਅਸੀਂ ਕਰੋਧ ਕਰਦੇ ਹਾਂ। ਅਸੀਂ ਜਾਣਦੇ ਹਾਂ ਲਾਲਚ ਬੁਰੀ ਬਲਾ ਹੈ ਪਰ ਫਿਰ ਵੀ ਅਸੀਂ ਲਾਲਚ ਨੂੰ ਤਿਆਗ ਨਹੀਂ ਸਕਦੇ। ਸਾਨੂੰ ਪਤਾ ਹੈ ਕਿ ਉਡੀਕ ਕਰਨੀ ਔਖੀ ਹੁੰਦੀ ਹੈ ਪਰ ਫਿਰ ਵੀ ਅਸੀਂ ਅਕਸਰ ਦੇਰ ਨਾਲ ਅਪੜਦੇ ਹਾਂ।

ਜਿਵੇਂ ਗੁੱਸੇ ਵਿਚ ਅਕਲ ਅਤੇ ਪੀੜ ਵਿਚ ਸਜਾਵਟ ਨਹੀਂ ਫੱਬਦੀ, ਇਵੇਂ ਹੀ ਉਡੀਕ ਵਿਚ ਕੁਝ ਵੀ ਚੰਗਾ ਨਹੀਂ ਲਗਦਾ।

ਇਮਤਿਹਾਨ ਉਪਰੰਤ ਨਤੀਜੇ ਦੀ ਉਡੀਕ, ਮੰਗਣੀ ਉਪਰੰਤ ਵਿਆਹ ਦੀ ਉਡੀਕ, ਸਕੂਲ ਵਿਚ ਅਖੀਰਲੀ ਘੰਟੀ ਦੀ ਉਡੀਕ, ਫੌਜੀ ਲਈ ਛੁੱਟੀ ਦੀ ਉਡੀਕ, ਵਿਧਵਾ ਦੀ ਦੂਜੇ ਵਿਆਹ ਦੀ ਉਡੀਕ, ਲੇਬਰ ਚੌਕ ਵਿਚ ਖਲੋਤੇ ਦਿਹਾੜੀਦਾਰ ਦੀ ਕੰਮ ਤੇ ਲਗਣ ਦੀ ਉਡੀਕ, ਡਰੇ ਹੋਏ ਬੰਦੇ ਵਲੋਂ ਸਵੇਰ ਹੋਣ ਦੀ ਉਡੀਕ, ਔੜ ਵਿਚ ਕਿਸਾਨ ਵਲੋਂ ਮੀਂਹ ਦੀ ਉਡੀਕ, ਨਵੇਂ ਲੇਖਕ ਵਲੋਂ ਭੇਜੀ ਰਚਨਾ ਛਪਣ ਦੀ ਉਡੀਕ, ਫਾਟਕ ਖੁੱਲਣ ਦੀ ਉਡੀਕ, ਮਾਂ ਵਲੋਂ ਗੁਆਚੇ ਬੱਚੇ ਦੇ ਲੱਭ ਪੈਣ ਦੀ ਉਡੀਕ, ਡਿਉਢੀ ਵਿਚ ਬੈਠੇ ਬਜ਼ੁਰਗ ਵਲੋਂ ਦਰਦ ਦੇ ਮੁੱਕਣ ਦੀ ਉਡੀਕ ਆਦਿ ਉਡੀਕ ਦੀਆਂ ਕੁਝ ਕਿਸਮਾਂ ਹਨ।

ਦੀਵਾਲੀ ਕਈ ਮਹੀਨੇ ਉਡੀਕੀ ਜਾਂਦੀ ਹੈ ਪਰ ਇਕ ਦਿਨ ਵਿਚ ਹੀ ਲੰਘ ਜਾਂਦੀ ਹੈ। ਪਹਿਲਾਂ ਬਰਾਤ ਆਉਣ ਦੀ ਅਤੇ ਜਦੋਂ ਆ ਜਾਵੇ ਤਾਂ ਡੋਲੀ ਦੇ ਰਵਾਨਾ ਹੋਣ ਦੀ ਉਡੀਕ ਲਗ ਜਾਂਦੀ ਹੈ।

ਬੱਚਿਆਂ ਕੋਲ ਸਮੇਂ ਦਾ ਮਾਪ-ਤੋਲ ਨਹੀਂ ਹੁੰਦਾ, ਸੋ ਉਹ ਕਾਹਲੀ ਨਾਲ ਉਡੀਕਦੇ ਹਨ। ਇਸਤਰੀਆਂ, ਪੁਰਸ਼ਾਂ ਦੇ ਮੁਕਾਬਲੇ ਵਧੇਰੇ ਸਹਿਜ ਅਤੇ ਧੀਰਜ ਨਾਲ ਉਡੀਕਦੀਆਂ ਹਨ। ਪੁਰਸ਼ਾਂ ਨੇ ਹਰ ਸਮੇਂ ਕਿਧਰੇ ਪਹੁੰਚਣਾ ਹੁੰਦਾ ਹੈ, ਸੋ ਉਡੀਕਣਾ ਉਨ੍ਹਾਂ ਲਈ ਮਜਬੂਰੀ ਅਤੇ ਔਖਿਆਈ ਵਾਲਾ ਕਾਰਜ ਹੁੰਦਾ ਹੈ।

ਹਸਪਤਾਲਾਂ ਜਾਂ ਰੇਲਵੇ-ਸਟੇਸ਼ਨਾਂ ਆਦਿ ਦੇ ਉਡੀਕ-ਕਮਰੇ ਨਿਰਉਤਸ਼ਾਹ ਵਾਤਾਵਰਨ ਵਾਲੇ ਹੁੰਦੇ ਹਨ, ਜਿਥੇ ਹਰ ਸਮੇਂ ਇੰਜ ਲਗਦਾ ਹੈ ਜਿਵੇਂ ਸਵੇਰ ਦੇ ਤਿੰਨ ਵਜੇ

ਹੋਣ ਅਤੇ ਉਡੀਕ ਕਮਰੇ ਵਿਚ ਬੈਠੇ-ਸੁੱਤੇ ਲੋਕ ਹਾਰੇ ਹੋਏ, ਥੱਕੇ ਹੋਏ ਅਤੇ ਅੱਕੇ ਹੋਏ ਪ੍ਰਤੀਤ ਹੁੰਦੇ ਹਨ, ਜਿਥੋਂ ਹਰ ਕੋਈ ਮੌਕਾ ਮਿਲਦਿਆਂ ਹੀ ਦੌੜ ਜਾਣਾ ਚਾਹੁੰਦਾ ਹੈ।

ਉਡੀਕ ਦੇ ਆਪਣੇ ਨੇਮ ਹਨ। ਉਡੀਕ ਦਾ ਆਪਣਾ ਵਿਆਕਰਣ ਅਤੇ ਸਭਿਆਚਾਰ ਹੁੰਦਾ ਹੈ। ਜੇ ਕਿਸੇ ਥਾਂ ਭੋਗ ਤਿੰਨ ਵਜੇ ਪੈਣਾ ਹੈ ਤਾਂ ਤਿੰਨ ਵਜੇ ਤਕ ਜੋ ਮਰਜ਼ੀ ਕੀਤਾ ਜਾਵੇ, ਲੋਕ ਖਿੜੇ-ਮੱਥੇ ਬਰਦਾਸ਼ਤ ਕਰਨਗੇ ਪਰ ਤਿੰਨ ਵਜੇ ਤੋਂ ਮਗਰੋਂ ਜੋ ਕੁਝ ਵੀ ਹੋਵੇਗਾ, ਉਸ ਨੂੰ ਲੋਕ ਆਪਣੇ ਨਾਲ ਹੋ ਰਹੀ ਵਧੀਕੀ ਸਮਝਣਗੇ। ਕਿਸੇ ਵੀ ਥਾਂ ਲਾਈਨ ਵਿਚ ਖਲੋ ਕੇ ਉਡੀਕ ਕਰਦਿਆਂ ਤੁਹਾਡੇ ਤੋਂ ਝੱਟ ਪਿੱਛੇ ਖਲੋਤਾ ਵਿਅਕਤੀ ਬੇਚੈਨੀ ਪ੍ਰਗਟਾਵੇਗਾ ਜਦੋਂ ਕਿ ਲਾਈਨ ਦੇ ਅੰਤ 'ਤੇ ਖਲੋਤਾ ਵਿਅਕਤੀ ਹੋਣੀ ਨੂੰ ਚੁੱਪਚਾਪ ਬਰਦਾਸ਼ਤ ਕਰੇਗਾ। ਫਿਰ ਅਚਾਨਕ ਹੀ ਹਾਲ-ਦੁਹਾਈ ਪੈਣ ਲਗ ਪਵੇਗੀ, ਜਿਵੇਂ ਕਿਹਾ ਜਾ ਰਿਹਾ ਹੋਵੇ, 'ਉਡੀਕ ਨੂੰ ਬਰਾਬਰ ਨਹੀਂ ਵੰਡਿਆ ਜਾ ਰਿਹਾ।'

ਅਮੀਰੀ ਸਾਨੂੰ ਉਡੀਕ ਤੋਂ ਮੁਕਤ ਕਰਦੀ ਹੈ। ਅਮੀਰਾਂ ਕੋਲ ਅਜਿਹੇ ਸਾਧਨ ਹੁੰਦੇ ਹਨ ਕਿ ਉਨ੍ਹਾਂ ਨੂੰ ਉਡੀਕ ਨਹੀਂ ਕਰਨੀ ਪੈਂਦੀ। ਉਹ ਉਡੀਕਣ ਵਾਲੇ ਕੰਮਾਂ ਤੇ ਹੋਰਾਂ ਨੂੰ ਨਿਯੁਕਤ ਕਰ ਦਿੰਦੇ ਹਨ। ਅਮੀਰਾਂ ਕੋਲ ਉਡੀਕ ਨੂੰ ਦਿਲਚਸਪ ਬਣਾਉਣ ਦੇ ਵੀ ਅਨੇਕਾਂ ਸਾਧਨ ਹੁੰਦੇ ਹਨ।

ਉਡੀਕ ਇਕ ਅਜਿਹਾ ਅਨੁਭਵ ਹੈ ਜਿਹੜਾ ਮਨੁੱਖ ਨੂੰ ਉਸ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਤੋਂ ਜਾਣੂ ਕਰਵਾਉਂਦਾ ਹੈ। ਅਮੀਰ ਅਤੇ ਸਮਰੱਥਾਵਾਨ ਲੋਕ ਦੂਜਿਆਂ ਨੂੰ ਉਡੀਕ ਵਿਚ ਰੱਖ ਕੇ ਆਪਣੀ ਸ਼ਕਤੀ ਦਾ ਪ੍ਰਗਟਾਵਾ ਕਰਦੇ ਹਨ।

ਕਿਸੇ ਨੂੰ ਉਡੀਕ ਵਿਚ ਰੱਖਣਾ ਉਸ ਪ੍ਰਤੀ ਆਪਣੀ ਮੱਹਤਤਾ ਅਤੇ ਕਈ ਵਾਰੀ ਨਾਰਾਜ਼ਗੀ ਪ੍ਰਗਟਾਉਣ ਦਾ ਇਕ ਢੰਗ ਬਣ ਗਿਆ ਹੈ।

ਨਿਰੰਤਰ ਉਡੀਕ ਸੰਕਟ ਵਾਲੀ ਇਕ ਸਥਿਤੀ ਹੁੰਦੀ ਹੈ, ਜਿਹੜੀ ਸਾਡੇ ਚਰਿਤਰ ਦੇ ਅਸਲ ਰੰਗਾਂ ਨੂੰ ਉਜਾਗਰ ਕਰਦੀ ਹੈ।

ਅਜੋਕੇ ਯੁੱਗ ਵਿਚ ਹਰ ਵਿਅਕਤੀ ਕਿਸੇ ਨਾ ਕਿਸੇ ਪੱਖੋਂ ਬਦਨਸੀਬ ਹੈ, ਉਸ ਨੂੰ ਕਿਸੇ ਉਸ ਦੀ ਉਡੀਕ ਹੈ, ਜਿਹੜਾ ਉਸ ਨੂੰ ਬਦਨਸੀਬੀ ਤੋਂ ਛੁਟਕਾਰਾ ਦਿਵਾ ਸਕੇ।

ਗਰੀਬ ਲੋਕ ਆਪਣੀ ਗਰੀਬੀ ਦੇ ਕੱਟ ਜਾਣ ਦੀ ਸਾਂਝੀ ਉਡੀਕ ਵਿਚ ਆਪਣਾ ਹੀ ਫ਼ਲਸਫ਼ਾ ਉਸਾਰ ਲੈਂਦੇ ਹਨ।

ਉਦਾਸ ਭੈਣਾਂ ਬੰਦੀ-ਛੋੜ ਭਰਾਵਾਂ ਦੀ ਉਡੀਕ ਵਿਚ ਕਾਲੀਆਂ-ਕਿੱਕਰਾਂ ਹੋ ਨਿਬੜਦੀਆਂ ਹਨ। ਸਾਧਾਂ ਸੰਤਾਂ ਨੇ ਉਡੀਕ ਦਾ ਆਪਣਾ ਹੀ ਸੰਕਲਪ ਉਸਾਰਿਆ ਹੋਇਆ ਹੈ। ਚੇਲਾ ਅਤੇ ਸ਼ਰਧਾਲੂ ਉਹੀ ਹੋ ਸਕਦਾ ਹੈ, ਜੋ ਉਡੀਕ ਸਕਦਾ ਹੈ।

ਸਾਧੂ ਲੋਕ ਤੈਰਨ ਅਤੇ ਵਹਿਣ ਦਾ ਅੰਤਰ ਕਰਦੇ ਹਨ। ਥੱਕਦਾ ਉਹੀ ਹੈ ਜੋ ਤੈਰਦਾ ਹੈ, ਜੋ ਵਹਿੰਦਾ ਹੈ ਉਸ ਨੂੰ ਕਾਹਦੀ ਥਕਾਵਟ, ਜਿਧਰ ਚਲੇ ਗਏ ਉਹੀ ਰਾਹ ਹੈ, ਜਿਥੇ ਰੁੱਕ ਗਏ ਉਹੀ ਮੰਜ਼ਲ ਹੈ, ਜਿਥੇ ਡੁੱਬ ਗਏ ਉਹੀ ਮੁਕਤੀ ਹੈ।

ਮਰੀਜ਼ ਡਾਕਟਰ ਕੋਲੋਂ ਇਹ ਸੁਣਨ ਦੀ ਉਡੀਕ ਕਰਦੇ ਹਨ ਕਿ ਉਹ ਠੀਕ ਹੋ ਗਏ ਹਨ ਜਾਂ ਉਹ ਠੀਕ ਹੋ ਜਾਣਗੇ।

ਜੇਲ੍ਹ ਵਿਚ ਕੈਦ ਵੀ ਇਕ ਪ੍ਰਕਾਰ ਦੀ ਉਡੀਕ ਹੁੰਦੀ ਹੈ। ਕੈਦੀ ਲਈ ਬਾਹਰ ਆਉਣ ਤਕ ਕੀਤੀ ਜਾਣ ਵਾਲੀ ਲੰਮੀ ਉਡੀਕ ਹੀ ਉਸ ਦੀ ਸਜ਼ਾ ਹੈ।

ਉਡੀਕ ਕਰਦਿਆਂ ਸਾਨੂੰ ਸੋਝੀ ਹੁੰਦੀ ਹੈ ਕਿ ਸਮਾਂ ਬੜਾ ਕੀਮਤੀ ਹੈ ਪਰ ਦਰਦ ਤਾਂ ਇਸ ਦੇ ਵਿਅਰਥ ਜਾਣ ਵਿਚੋਂ ਉਪਜਦਾ ਹੈ।

ਸਾਨੂੰ ਇੰਜ ਜਾਪਦਾ ਹੈ ਜਿਵੇਂ ਬਿਨਾਂ ਕਿਸੇ ਜੁਰਮ ਦੇ ਸਜ਼ਾ ਦਿੱਤੀ ਗਈ ਹੋਵੇ, ਜਿਵੇਂ ਦੂਜਿਆਂ ਦੀ ਅਣਗਹਿਲੀ ਦੀ ਸਜ਼ਾ ਅਸੀਂ ਭੁਗਤ ਰਹੇ ਹੋਈਏ।

ਉਕਤਾਹਟ, ਅਕੇਵਾਂ, ਬੇਚੈਨੀ, ਤੌਖਲਾ, ਬੇਆਰਾਮੀ ਅਤੇ ਭਾਂਤ-ਭਾਂਤ ਦੀਆਂ ਦੁਰਘਟਨਾਵਾਂ ਦੇ ਪ੍ਰਛਾਵੇਂ ਉਡੀਕ ਨੂੰ ਅਸਹਿਣਯੋਗ ਬਣਾ ਦਿੰਦੇ ਹਨ।

ਉਡੀਕ ਨੂੰ ਵਿਉਂਤਿਆ ਨਹੀਂ ਜਾ ਸਕਦਾ, ਉਡੀਕ ਇਕ ਅਜਿਹੀ ਬਿਪਤਾ ਹੁੰਦੀ ਹੈ, ਜਿਸ ਲਈ ਅਸੀਂ ਤਿਆਰ ਨਹੀਂ ਹੁੰਦੇ।

ਜੀਵਨ ਵਿਚ ਕਾਹਲ ਵੱਧਣ ਨਾਲ ਉਡੀਕ ਕਰਨੀ ਮੁਸ਼ਕਿਲ ਹੁੰਦੀ ਜਾ ਰਹੀ ਹੈ। ਜਦੋਂ ਅੱਗੇ ਲੰਘ ਜਾਣ ਦੀ ਕਾਹਲ ਹੋਵੇ ਤਾਂ ਕਿਸੇ ਪੱਕੇ ਰਿਸ਼ਤੇ ਦੀ ਸੰਭਾਵਨਾ ਨਹੀਂ ਹੁੰਦੀ।

ਹੁਣ ਲੋਕ ਇਕ ਦੂਜੇ ਨੂੰ ਉਵੇਂ ਮਿਲਦੇ ਹਨ, ਜਿਵੇਂ ਵਾਵਰੋਲਾ, ਹਨੇਰੀ ਨੂੰ ਮਿਲਾ ਰਿਹਾ ਹੋਵੇ। ਵਾਵਰੋਲਿਆਂ ਵਿਚ ਧੀਰਜ ਨਹੀਂ ਹੁੰਦਾ, ਹਨੇਰੀਆਂ ਰੁੱਕ ਕੇ ਆਪਣਾ ਹਾਲ-ਚਾਲ ਅਤੇ ਪਤਾ ਨਹੀਂ ਦੱਸਦੀਆਂ।

ਜਿਸ ਸਮਾਜ ਵਿਚ ਪੁਰਸ਼ ਵਾਵਰੋਲਿਆਂ ਵਾਂਗ ਅਤੇ ਇਸਤਰੀਆਂ ਹਨੇਰੀਆਂ ਵਾਂਗ ਹੋ ਨਿਬੜਨ, ਉਸ ਸਮਾਜ ਵਿਚ ਡੂੰਘੇ, ਹੰਢਣਹਾਰ ਅਤੇ ਸੁੱਚੇ ਰਿਸ਼ਤਿਆਂ ਦੀਆਂ ਸੰਭਾਵਨਾਵਾਂ ਨਹੀਂ ਹੁੰਦੀਆਂ।

ਪਿਆਰ ਦੀ ਸੰਭਾਵਨਾ ਤਾਂ ਉਦੋਂ ਹੀ ਉਜਾਗਰ ਹੁੰਦੀ ਹੈ, ਜਦੋਂ ਕੋਈ ਉਡੀਕਵਾਨ ਪੂਰਾ ਮਰਦ ਕਿਸੇ ਪੂਰੀ ਇਸਤਰੀ ਦੇ ਸਨਮੁਖ ਹੋਵੇ।

ਜਿਥੇ ਪਿਆਰ ਹੋਵੇਗਾ, ਉਥੇ ਉਡੀਕ ਦੀ ਸਹਿਣਸ਼ੀਲਤਾ ਵੀ ਹੋਵੇਗੀ।

ਪਿਆਰ ਸਾਨੂੰ ਉਡੀਕ ਕਰਨੀ ਸਿਖਾਉਂਦਾ ਹੈ।

ਸਾਰੀਆਂ ਕੋਮਲ ਕਲਾਵਾਂ ਇਸੇ ਉਡੀਕ ਦੌਰਾਨ ਉਪਜਦੀਆਂ ਹਨ। ਉਰਦੂ ਸ਼ਾਇਰੀ, ਪ੍ਰੇਮੀ ਵਲੋਂ ਪ੍ਰੇਮਿਕਾ ਦੀ ਉਡੀਕ ਵਿਚ ਕਲਪਨਾ ਦਾ ਹੁਲਾਰਾ ਮੰਨੀ ਗਈ ਹੈ।

ਜਿਸ ਸਮਾਜ ਵਿਚ ਉਡੀਕਾਂ ਸੁੱਚੀਆਂ ਨਹੀਂ ਹੁੰਦੀਆਂ, ਉਥੇ ਹਾਰ ਨੂੰ ਬਰਦਾਸ਼ਤ ਕਰਨ ਅਤੇ ਜਿੱਤ ਨੂੰ ਹਜ਼ਮ ਕਰਨ ਦੀ ਸਮੱਰਥਾ ਵੀ ਨਹੀਂ ਹੁੰਦੀ, ਉਥੇ ਬੱਚਿਆਂ ਵਿਚ ਰਲ ਕੇ ਖੇਡਣ ਦੀਆਂ ਸੰਭਾਵਨਾਵਾਂ ਵੀ ਨਹੀਂ ਹੁੰਦੀਆਂ, ਕਿਉਂਕਿ ਅਜਿਹੇ ਸਮਾਜ ਵਿਚ ਹਰ ਕੋਈ ਜਿੱਤਣਾ ਚਾਹੁੰਦਾ ਹੈ।

ਪਿਆਰ ਤੈਰਨ ਵਾਲਾ ਅਨੁਭਵ ਨਹੀਂ, ਵਹਿਣ ਵਾਲਾ ਅਹਿਸਾਸ ਹੈ।

ਮਿੱਠੀਆਂ ਯਾਦਾਂ ਵਾਲੇ ਸੁੱਚੇ, ਸੱਚੇ ਅਤੇ ਸਦੀਵੀ ਪਿਆਰ ਲਈ ਪ੍ਰੇਮੀਆਂ ਵਿਚਕਾਰ ਉਡੀਕ ਦੀ ਸਾਂਝੀ ਭਾਸ਼ਾ ਦਾ ਹੋਣਾ ਲਾਜ਼ਮੀ ਹੈ।

ਕੱਲ੍ਹ ਤਕ ਉਡੀਕ ਕਿਸੇ ਰਿਸ਼ਤੇ ਦੀ ਡੂੰਘਾਈ, ਵਿਸ਼ਾਲਤਾ ਅਤੇ ਅਮੀਰੀ ਦਾ ਮਾਪ ਹੋਇਆ ਕਰਦੀ ਸੀ। ਉਡੀਕ ਦੀ ਸਮਰੱਥਾ ਕਿਸੇ ਬੁੱਧੀਮਾਨ, ਸਾਧ ਜਾਂ ਸੰਤ ਦੀ ਪਹਿਚਾਣ ਹੋਇਆ ਕਰਦੀ ਸੀ। ਚੇਲਾ ਜਾਂ ਸ਼ਾਗਿਰਦ ਬਣ ਹੀ ਉਹ ਸਕਦਾ ਸੀ, ਜਿਸ ਵਿਚ ਉਡੀਕ ਦਾ ਗੁਣ ਹੋਇਆ ਕਰਦਾ ਸੀ।

ਸਾਡੇ ਦੇਸ਼ ਵਿਚ ਕਾਹਲੀ ਦੀ ਹਰ ਪੱਧਰ 'ਤੇ ਨਿੰਦਾ ਹੋਈ ਹੈ ਅਤੇ ਸਹਿਜ-ਉਡੀਕ ਨੂੰ ਵਡਿਆਇਆ ਗਿਆ ਹੈ। ਸਾਡੇ ਦੇਸ਼ ਵਿਚ ਉਨ੍ਹਾਂ ਬ੍ਰਿਛਾਂ ਦੀ ਪੂਜਾ ਹੋਈ ਹੈ, ਜਿਹੜੇ ਲੰਮੀ ਉਡੀਕ ਮਗਰੋਂ ਵਿਸ਼ਾਲ ਅਤੇ ਸੰਪੂਰਨ ਹੁੰਦੇ ਹਨ।

ਸਾਡੇ ਦੇਸ਼ ਵਿਚ ਉਡੀਕ ਅਤੇ ਸਹਿਣਸ਼ੀਲਤਾ ਉਹ ਗੁਣ ਮੰਨੇ ਗਏ ਹਨ, ਜਿਨ੍ਹਾਂ ਨੂੰ ਨਾ ਕਰੋਧ ਜਿੱਤ ਸਕਦਾ ਹੈ ਨਾ ਸਮਾਂ ਫਤਹਿ ਕਰ ਸਕਦਾ ਹੈ।

ਕਿਹਾ ਜਾਂਦਾ ਹੈ ਜੋ ਸਮੇਂ ਵਿਰੁੱਧ ਲੜਦੇ ਹਨ, ਉਹ ਉਸ ਦੁਸ਼ਮਣ ਵਿਰੁਧ ਲੜਦੇ ਹਨ ਜੋ ਨਾ ਥੱਕਦਾ ਹੈ, ਨਾ ਮੁੱਕਦਾ ਹੈ ਪਰ ਸਹਿਣਸ਼ੀਲਤਾ ਅਤੇ ਉਡੀਕ ਜਿਹੇ ਗੁਣਾਂ ਸਾਹਮਣੇ ਸਮਾਂ ਵੀ ਹਾਰ ਜਾਂਦਾ ਹੈ।

ਸਾਡੇ ਮਨਾਂ ਵਿਚ ਅਨੇਕਾਂ ਪ੍ਰਸ਼ਨ ਉਪਜਦੇ ਹਨ, ਜਿਨ੍ਹਾਂ ਦੇ ਉੱਤਰ ਪ੍ਰਾਪਤ ਕਰਨ ਲਈ ਅਸੀਂ ਕਾਹਲੇ ਪੈ ਜਾਂਦੇ ਹਾਂ ਪਰ ਉਡੀਕ ਕਰਨ ਨਾਲ ਇਨ੍ਹਾਂ ਦੇ ਹੱਲ ਆਪਣੀ ਹੀ ਚੇਤਨਾ ਵਿਚੋਂ ਆਪ-ਮੁਹਾਰੇ ਪ੍ਰਾਪਤ ਹੋ ਜਾਂਦੇ ਹਨ।

ਸਾਡੀਆਂ ਬਹੁਤੀਆਂ ਪ੍ਰੇਸ਼ਾਨੀਆਂ ਕਾਹਲ ਵਿਚੋਂ ਉਪਜਦੀਆਂ ਹਨ, ਇਨ੍ਹਾਂ ਦਾ ਹੱਲ ਉਡੀਕ ਹੈ।

ਅੱਜ ਜਿਉਂ-ਜਿਉਂ ਸੂਚਨਾ ਵੱਧ ਰਹੀ ਹੈ, ਤਿਉਂ-ਤਿਉਂ ਸਾਡੇ ਵਿਚ ਜਾਣਨ ਦਾ ਧੀਰਜ ਅਤੇ ਮਹਿਸੂਸ ਕਰਨ ਦੀ ਸਮਰੱਥਾ ਦੇ ਘਟਣ ਕਾਰਨ, ਕਾਹਲ ਵੱਧ ਰਹੀ ਹੈ ਅਤੇ ਉਡੀਕ ਦੀ ਸਮਰੱਥਾ ਘੱਟ ਰਹੀ ਹੈ।

ਕਾਹਲੀ ਦਾ ਸਬੰਧ ਸਮੇਂ ਨਾਲ ਹੈ, ਸਮੇਂ ਦਾ ਸਬੰਧ ਸਾਡੀ ਬੁੱਧੀ ਨਾਲ ਹੈ, ਸੋ ਉਡੀਕ ਵਿਚ ਸਾਡਾ ਮਨ ਨਹੀਂ, ਸਾਡੀ ਬੁੱਧੀ ਪ੍ਰੇਸ਼ਾਨ ਹੁੰਦੀ ਹੈ। ਕਾਹਲ, ਫੁਰਤੀ, ਚੁਸਤੀ, ਜ਼ਰੂਰੀ, ਝੱਟਪਟ, ਇਹ ਸਭ ਸਾਡੀ ਬੁੱਧੀ ਨਾਲ ਜੁੜੇ ਹੋਏ ਸੰਕਲਪ ਹਨ।

ਹੁਣ ਤਾਂ ਅਰਦਾਸ ਵੀ ਕਾਹਲ ਨਾਲ ਕੀਤੀ ਜਾਂਦੀ ਹੈ।

ਧੀਰਜ ਭਰੀ ਉਡੀਕ ਤੋਂ ਬਿਨਾਂ ਅਰਦਾਸ ਕਿਸ ਲੇਖੇ ?

ਸੰਕਟ ਦੀਆਂ ਘੜੀਆਂ

ਸੰਸਾਰ ਵਿਚ ਚੜ੍ਹਦੇ ਸੂਰਜ ਨੂੰ ਪੂਜਣ ਵਾਲਿਆਂ ਦੀ ਗਿਣਤੀ ਨਾਲੋਂ, ਸੂਰਜ ਨੂੰ ਡੁੱਬਦਿਆਂ ਵੇਖਣ ਵਾਲਿਆਂ ਦੀ ਗਿਣਤੀ ਵਧੇਰੇ ਹੈ।

ਪੂਜਾ ਅਤੇ ਅਰਦਾਸ ਸਾਡੇ ਅੰਦਰਲੇ ਸੰਕਟਾਂ ਦੇ ਬਾਹਰਲੇ ਪ੍ਰਗਟਾਵੇ ਹਨ।

ਨਿਰਾਸਤਾ ਅਤੇ ਬੇਵਸੀ ਸਾਨੂੰ ਅਰਦਾਸ ਦੇ ਮਾਰਗ ਵੱਲ ਪਰੇਰਦੀ ਹੈ।

ਸੰਕਟ ਸੂਚਨਾ ਦਿੰਦਾ ਹੈ ਕਿ ਸਿਦਕ ਅਜੇ ਪੂਰੀ ਤਰ੍ਹਾਂ ਬਲਵਾਨ ਨਹੀਂ ਹੋਇਆ।

ਸੰਕਟ ਸਾਨੂੰ ਆਪਣੇ ਨਿਆਸਰੇਪਣ ਦੀ ਸੋਝੀ ਦਿੰਦੇ ਹਨ।

ਰੱਬ ਭਾਵੇਂ ਮਨੁੱਖ ਦੀ ਕਲਪਨਾ ਹੀ ਹੈ ਪਰ ਸੰਸਾਰ ਵਿਚ ਰੱਬ ਦੀ ਪੂਜਾ ਇਸ ਲਈ ਹੁੰਦੀ ਹੈ, ਕਿਉਂਕਿ ਉਹ ਸਭ ਪ੍ਰਕਾਰ ਦੇ ਸੰਕਟਾਂ ਤੋਂ ਮੁਕਤ ਹੈ।

ਬੱਚਿਆਂ ਨੂੰ ਸੰਕਟ ਦੀ ਸੋਝੀ ਨਹੀਂ ਹੁੰਦੀ, ਕਿਉਂਕਿ ਬੱਚਿਆਂ ਨੂੰ ਸੱਚਾਈ ਅਤੇ ਭਰਮ ਵਿਚਲਾ ਅੰਤਰ ਪਤਾ ਨਹੀਂ ਹੁੰਦਾ।

ਬੱਚੇ ਨਹੀਂ ਜਾਣਦੇ ਕਿ ਮਰ ਗਿਆ ਜੀਅ, ਵਾਪਸ ਨਹੀਂ ਆਉਂਦਾ।

ਬੱਚਿਆਂ ਦੇ ਆਲੇ-ਦੁਆਲੇ ਹਮੇਸ਼ਾ ਭੋਲੇਪਣ, ਮਾਸੂਮਤਾ, ਭਰਮ-ਭੁਲੇਖੇ ਅਤੇ ਅਗਿਆਨਤਾ ਦਾ ਇਕ ਵਾਤਾਵਰਣ ਪਸਰਿਆ ਹੁੰਦਾ ਹੈ।

ਜਿਵੇਂ ਪੁਲ ਦਰਿਆ ਦੇ ਕਿਨਾਰੇ ਨਾਲੋਂ ਨਾਤਾ ਨਹੀਂ ਤੋੜ ਸਕਦਾ, ਉਵੇਂ ਹੀ ਅਸੀਂ ਵੀ ਜਿਉਂਦੇ ਜੀ ਇਸ ਧਰਤੀ ਨੂੰ ਨਹੀਂ ਛੱਡ ਸਕਦੇ। ਉਂਜ ਤਾਂ ਮਨੁੱਖ ਕਦੇ ਵੀ ਇਕੱਲਾ ਨਹੀਂ ਹੁੰਦਾ, ਉਸ ਦੀ ਸੂਝ ਹੀ ਉਸ ਦਾ ਅੰਤਲਾ ਸਹਾਰਾ ਬਣਦੀ ਹੈ ਪਰ ਕਈ ਵਾਰੀ ਉਹ ਕੁਝ ਵੀ ਵਾਪਰ ਜਾਂਦਾ ਹੈ, ਜਿਸ ਨੂੰ ਅਸੀਂ ਕਦੇ ਚਿਤਵਿਆ ਨਹੀਂ ਹੁੰਦਾ ਅਤੇ ਅਜਿਹੀਆਂ ਘੜੀਆਂ ਵਿਚ ਸਾਡੀ ਸੂਝ ਵੀ ਸਾਡਾ ਸਾਥ ਛੱਡ ਜਾਂਦੀ ਹੈ।

ਉਂਜ ਤਾਂ ਜ਼ਿੰਦਗੀ ਆਪਣੇ ਖਰਾਦ ਉਤੇ ਸਾਡੇ ਨਕਸ਼ ਨਿਰੰਤਰ ਘੜਦੀ ਰਹਿੰਦੀ ਹੈ ਪਰ ਕਈ ਵਾਰੀ ਸਾਡੀ ਹਾਲਤ ਅੱਖ ਵਿਚ ਅਟਕੇ ਅੱਥਰੂ ਵਾਲੀ ਹੋ ਜਾਂਦੀ ਹੈ।

ਕਈ ਵਾਰੀ ਜ਼ਿੰਦਗੀ ਦੀ ਮਾਲ ਰੋਡ 'ਤੇ ਅਸੀਂ ਇਕੱਲੇ ਰਹਿ ਜਾਂਦੇ ਹਾਂ।

ਜਦੋਂ ਸਾਡਾ ਸਾਰਾ ਗਿਆਨ ਅਤੇ ਲੰਮੇ ਜੀਵਨ ਅਨੁਭਵ ਤੋਂ ਪ੍ਰਾਪਤ ਹੋਈ ਸਿਆਣਪ ਨਿਰਰਥਕ ਜਾਪਣ ਲੱਗ ਪੈਂਦੀ ਹੈ ਤਾਂ ਉਹ ਘੜੀ ਸੰਕਟ ਦੀ ਘੜੀ ਹੁੰਦੀ ਹੈ।

ਅਜੋਕਾ ਮਨੁੱਖੀ ਜੀਵਨ ਅਤੇ ਜੀਵਨ ਦਾ ਹਰ ਵਰਤਾਰਾ ਅਨੇਕਾਂ ਸੰਕਟਾਂ ਦੀ ਸੰਘਣੀ ਅਵਸਥਾ ਵਿਚੋਂ ਲੰਘ ਰਿਹਾ ਹੈ।

ਜਿਉਂ-ਜਿਉਂ ਮਨੁੱਖ ਦੇ ਸੰਕਟ ਵੱਧ ਰਹੇ ਹਨ, ਤਿਉਂ-ਤਿਉਂ ਉਸ ਦਾ ਆਪਣੇ ਆਪ ਵਿਚ ਵਿਸ਼ਵਾਸ ਖੁਰਦਾ ਜਾ ਰਿਹਾ ਹੈ।

ਦੋ ਮਹੱਤਵਪੂਰਨ ਅਤੇ ਗੰਭੀਰ ਅਵਸਥਾਵਾਂ ਦੇ ਵਿਚਕਾਰਲੇ ਸਮੇਂ ਨੂੰ ਸੰਕਟ ਕਹਿੰਦੇ ਹਨ। ਇਹ ਲਾਚਾਰੀ ਦੀ ਉਹ ਅਵਸਥਾ ਹੁੰਦੀ ਹੈ, ਜਦੋਂ ਕਿਸੇ ਵਿਅਕਤੀ ਜਾਂ ਸਮੂਹ ਦੀ ਹੋਂਦ ਹੀ ਖਤਰੇ ਵਿਚ ਪੈ ਜਾਵੇ।

ਨਿਰਵਿਘਨ ਚਲਦੇ ਜੀਵਨ ਵਿਚ ਅਚਾਨਕ ਇਕ ਭਾਰੀ ਅਤੇ ਅਣਕਿਆਸਿਆ ਉਬਾਲ ਆਉਂਦਾ ਹੈ ਅਤੇ ਕੁਝ ਕਰਨ ਦੀ ਫੌਰੀ ਲੋੜ ਦੇ ਬਾਵਜੂਦ ਕੁਝ ਵੀ ਕਰ ਸਕਣ ਵਿਚ ਅਸਮਰੱਥਾ ਮਹਿਸੂਸ ਹੁੰਦੀ ਹੈ। ਸਥਿਤੀ ਉਤੇ ਕਾਬੂ ਘੱਟ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਸੰਕਟ ਇਕ ਅਜਿਹੀ ਸਥਿਤੀ ਹੁੰਦੀ ਹੈ, ਜਿਸ ਨਾਲ ਨਜਿੱਠਣ ਲਈ ਪ੍ਰਾਪਤ ਢੰਗ-ਤਰੀਕੇ ਨਾਕਾਫ਼ੀ ਅਤੇ ਬੇਅਸਰ ਸਾਬਤ ਹੁੰਦੇ ਹਨ।

ਜਦੋਂ ਨਵੇਂ ਢੰਗ-ਤਰੀਕੇ ਲੱਭ ਲਏ ਜਾਂਦੇ ਹਨ ਅਤੇ ਸਮਰੱਥਾ ਵਧਾ ਲਈ ਜਾਂਦੀ ਹੈ ਤਾਂ ਸੰਕਟ ਵਿਚ ਮੋੜ ਪੈ ਜਾਂਦਾ ਹੈ ਅਤੇ ਹੌਲੀ-ਹੌਲੀ ਇਹ ਹੱਲ ਹੋ ਜਾਂਦਾ ਹੈ।

ਇਵੇਂ ਸੰਤੁਲਨ ਦੇ ਵਿਗੜਨ ਤੋਂ ਲੈ ਕੇ ਸੰਤੁਲਨ ਦੇ ਮੁੜ ਸਥਾਪਤ ਹੋਣ ਤੱਕ ਦਾ ਵਿਚਕਾਰਲਾ ਸਮਾਂ ਸੰਕਟ ਦਾ ਸਮਾਂ ਅਖਵਾਉਂਦਾ ਹੈ।

ਸੰਕਟ ਪ੍ਰਤੀ ਸਭ ਤੋਂ ਪਹਿਲਾ ਹੁੰਗਾਰਾ ਸੰਕਟ ਨੂੰ ਟਾਲਣ ਦਾ ਹੁੰਦਾ ਹੈ।

ਜਗੀਰਦਾਰੀ ਸਮਾਜਿਕ ਪ੍ਰਣਾਲੀ ਦੀ ਸਮੁੱਚੀ ਪਹੁੰਚ ਜੀਵਨ ਨੂੰ ਸੰਕਟ-ਮੁਕਤ ਕਰ ਕੇ ਨਿਰਵਿਘਨ ਬਣਾਉਣ ਦੀ ਸੀ ਜਦੋਂ ਕਿ ਸੰਕਟ ਪੂੰਜੀਵਾਦੀ ਆਰਥਿਕ ਪ੍ਰਣਾਲੀ ਦਾ ਇਕ ਸਥਾਈ ਅੰਗ ਹੁੰਦਾ ਹੈ। ਮਨੁੱਖ ਦੇ ਇਤਿਹਾਸ ਵਿਚ ਜਾਇਦਾਦੀ ਸਬੰਧਾਂ ਨੇ ਅਣਗਿਣਤ ਸੰਕਟ ਉਸਾਰੇ ਹਨ। ਜੀਵਨ ਸਰਲ ਤੋਂ ਗੁੰਝਲਦਾਰ ਹੋ ਗਿਆ ਹੈ ਅਤੇ ਇਸ ਦੀ ਰਫ਼ਤਾਰ ਤੇਜ਼ ਹੋ ਗਈ ਹੈ। ਇਸ ਸਥਿਤੀ ਵਿਚ ਸਰਲ ਸੋਚ ਵਾਲੇ ਵਿਅਕਤੀ ਸਭਨੀ ਥਾਂਈਂ ਸੰਕਟ ਦਾ ਸ਼ਿਕਾਰ ਹਨ। ਇਕਹਿਰੀ ਅਤੇ ਸਰਲ ਸੋਚ ਵਾਲੇ ਵਿਅਕਤੀ ਪਹਿਲੇ ਵਾਲੀ ਸਹਿਜ ਸਥਿਤੀ ਮੁੜ ਬਹਾਲ ਕਰਨ ਦੇ ਯਤਨ ਕਰ ਰਹੇ ਹਨ ਪਰ ਉਨ੍ਹਾਂ ਦਾ ਸੰਕਟ ਇਹ ਹੈ ਕਿ ਉਹ ਨਹੀਂ ਜਾਣਦੇ ਕਿ ਬੁਨਿਆਦੀ ਤਬਦੀਲੀਆਂ ਵਾਪਰ ਚੁੱਕੀਆਂ ਹਨ। ਲੰਘ ਗਏ ਮਹਾਂਪੁਰਸ਼ ਅਤੇ ਪੁਰਾਤਨ ਗ੍ਰੰਥ ਭਾਵੇਂ ਉਹ ਕਿਤਨੇ ਵੀ ਮਹਾਨ ਕਿਉਂ ਨਾ ਹੋਣ, ਉਹ ਸਾਡੇ ਅਜੋਕੇ ਸੰਕਟ ਹੱਲ ਨਹੀਂ ਕਰ ਸਕਦੇ।

ਇਤਿਹਾਸ ਦੇ ਤਾਣੇ-ਪੇਟੇ ਨੂੰ ਉਸਾਰਨ ਵਿਚ ਰਾਜ, ਧਰਮ ਅਤੇ ਸਭਿਆਚਾਰ ਨੇ ਮਹਾਨ ਰੋਲ ਨਿਭਾਏ ਹਨ ਪਰ ਹੁਣ ਇਨ੍ਹਾਂ ਵਿਚਕਾਰ ਆਪਸੀ ਸਬੰਧ ਸੰਤੁਲਨ ਅਤੇ ਸਹਿਹੋਂਦ ਦੀ ਥਾਂ ਵਿਗਾੜ ਅਤੇ ਵਿਰੋਧ ਵਾਲੇ ਸਥਾਪਤ ਹੋ ਚੁੱਕੇ ਹਨ।

ਮਨੁੱਖ ਵਿਚ ਪਰਿਵਰਤਨ ਦੀ ਇਕ ਬੁਨਿਆਦੀ ਇੱਛਾ ਹੁੰਦੀ ਹੈ।

ਇਸੇ ਕਾਰਨ ਉਹ ਬਦਲ-ਬਦਲ ਕੇ ਪਹਿਨਦਾ ਅਤੇ ਖਾਂਦਾ ਹੈ।

ਇਸੇ ਕਾਰਨ ਉਹ ਕੁਝ ਵਰ੍ਹਿਆਂ ਮਗਰੋਂ ਰਾਜ-ਮਿਸਤਰੀ ਲਾ ਕੇ ਆਪਣੇ ਘਰ ਵਿਚ ਤਬਦੀਲੀਆਂ ਕਰਨ ਲਗ ਪੈਂਦਾ ਹੈ।

ਪਹਿਲੇ ਸਮਿਆਂ ਅਤੇ ਅਜੋਕੇ ਯੁੱਗ ਵਿਚਕਾਰ ਵੱਡਾ ਅੰਤਰ ਇਹ ਹੈ ਕਿ ਪਹਿਲਾਂ ਜਿਹੜੀਆਂ ਤਬਦੀਲੀਆਂ ਸਦੀਆਂ ਵਿਚ ਵਾਪਰਦੀਆਂ ਸਨ, ਉਹ ਹੁਣ ਸੰਕਟ ਦੇ ਕੁਝ ਹੀ ਮਹੀਨਿਆਂ ਵਿਚ ਵਾਪਰ ਜਾਂਦੀਆਂ ਹਨ।

ਸੰਕਟ ਸਾਨੂੰ ਸਬਕ ਸਿਖਾਉਂਦੇ ਹਨ। ਸਾਡਾ ਗਿਆਨ ਇਨ੍ਹਾਂ ਸਬਕਾਂ ਦਾ ਹੀ ਸੰਗ੍ਰਹਿ ਹੁੰਦਾ ਹੈ। ਸੰਕਟ ਦੇ ਕਈ ਉਸਾਰੂ ਪੱਖ ਵੀ ਹਨ। ਸੰਕਟ ਸਾਨੂੰ ਨਿਗੂਣੇ ਅਤੇ ਮੁੱਲਵਾਨ ਵਿਚ ਨਿਖੇੜਾ ਕਰਨਾ ਸਿਖਾਉਂਦਾ ਹੈ। ਇਹ ਨਿਖੇੜਾ ਹੜ੍ਹ ਆਉਣ ਦੀ ਜਾਂ ਅੱਗ ਲੱਗਣ ਦੀ ਸਥਿਤੀ ਵਿਚ ਲੋਕਾਂ ਦੇ ਵਿਹਾਰ ਵਿਚ ਵੇਖਿਆ ਜਾ ਸਕਦਾ ਹੈ। ਉਹ ਕਿਹੜੀਆਂ ਚੀਜ਼ਾਂ-ਵਸਤਾਂ ਨੂੰ ਕਿਵੇਂ ਬਚਾਉਂਦੇ ਹਨ, ਉਨ੍ਹਾਂ ਤੋਂ ਉਨ੍ਹਾਂ ਦੇ ਸੰਕਟ ਪ੍ਰਤੀ ਦ੍ਰਿਸ਼ਟੀਕੋਣ ਦਾ ਪਤਾ ਲਗ ਜਾਂਦਾ ਹੈ।

ਦਰਸ਼ਨ, ਅਕਲ, ਸੂਝ ਅਤੇ ਸਿਆਣਪ ਸੰਕਟ ਦੇ ਸਮੇਂ ਤੇਜ਼ੀ ਨਾਲ ਪ੍ਰਫੁਲਤ ਹੁੰਦੇ ਹਨ। ਨਵੀਆਂ ਵੰਗਾਰਾਂ ਨਾਲ ਬਰ ਮੇਚਣ ਦੀ ਮਜਬੂਰੀ ਕਾਰਨ ਖੋਜ ਅਤੇ ਕੰਮ ਦੀ ਰਫ਼ਤਾਰ ਤੇਜ਼ ਹੁੰਦੀ ਹੈ, ਰੁਕਾਵਟਾਂ ਦੂਰ ਹੁੰਦੀਆ ਹਨ, ਅਟਕੇ ਅਤੇ ਰੁਕੇ ਹੋਏ ਨਿਰਣੇ ਝੱਟਪਟ ਲਏ ਜਾਂਦੇ ਹਨ। ਸੰਕਟ ਦੀ ਸਥਿਤੀ ਵਿਚ ਵਿਅਕਤੀ ਅਤੇ ਸਮਾਜ ਵਿਚਕਾਰ ਸਬੰਧ ਖੁਲ੍ਹੇ ਅਤੇ ਸੁਖਾਵੇਂ ਹੋ ਜਾਂਦੇ ਹਨ ਅਤੇ ਸਾਨੂੰ ਜ਼ਿੰਦਗੀ ਦੀ ਨਵੀਂ ਪਰਿਭਾਸ਼ਾ, ਅਰਥ ਅਤੇ ਉਦੇਸ਼ ਲੱਭਦੇ ਹਨ।

ਅਜੋਕਾ ਯੁੱਗ ਸੀਮਤ ਵਿਰੋਧਾਂ ਤੋਂ ਲੈ ਕੇ ਵਿਸ਼ਾਲ ਟਕਰਾਂਵਾਂ ਤਕ, ਰੋਜ਼ ਦੀਆਂ ਲੋੜਾਂ ਤੋਂ ਲੈ ਕੇ ਭਾਵਕ, ਸਮਾਜਿਕ, ਦਾਰਸ਼ਨਿਕ ਅਤੇ ਸੁਹਜਾਤਮਕ ਤ੍ਰਿਪਤੀਆਂ ਤਕ, ਅਰਥਾਤ ਜੀਵਨ ਦਾ ਹਰ ਖੇਤਰ ਕਿਸੇ ਨਾ ਕਿਸੇ ਸੰਕਟ ਦੀ ਪਕੜ ਵਿਚ ਹੈ।

ਸਮਾਜ ਵਿਚਲੇ ਹਰ ਵਿਅਕਤੀ ਨੂੰ ਕਿਸੇ ਨਾ ਕਿਸੇ ਸੰਕਟ ਨੇ ਪ੍ਰਭਾਵਿਤ ਕੀਤਾ ਹੋਇਆ ਹੈ। ਸਮਾਜ ਦਾ ਹਰ ਵਿਅਕਤੀ ਨਵੀਆਂ ਚੁਣੌਤੀਆਂ ਦੇ ਸਨਮੁੱਖ, ਨਵੇਂ ਉਭਰੇ ਪ੍ਰਸ਼ਨਾਂ ਦੇ ਉੱਤਰ ਲੱਭਣ ਵਿਚ ਲੱਗਿਆ ਹੋਇਆ ਹੈ। ਹੁਣ ਸੰਕਟ ਦਾ ਅਧਿਐਨ ਕਰਨਾ ਅਤੇ ਸੰਕਟ ਨੂੰ ਹੱਲ ਕਰਨਾ, ਵਿਦਿਅਕ ਸੰਸਥਾਵਾਂ ਵਿਚ ਇਕ ਵਿਸ਼ਾ ਬਣ ਗਿਆ ਹੈ।

ਹਰ ਵਿਅਕਤੀ ਕੋਲ ਸੰਕਟ ਦੀ ਆਪਣੀ ਕੋਈ ਪਰਿਭਾਸ਼ਾ ਹੁੰਦੀ ਹੈ। ਕਿਸੇ ਲਈ ਬੱਚਿਆਂ ਦੀ ਅਣਹੋਂਦ ਇਕ ਸੰਕਟ ਹੈ, ਕਈਆਂ ਲਈ ਬੱਚਿਆਂ ਦੀ ਹੋਂਦ ਇਕ ਸੰਕਟ ਹੈ। ਕਈਆਂ ਲਈ ਸੁਹਾਗ ਰਾਤ ਹੀ ਇਕ ਸੰਕਟ ਹੈ। ਸਪਸ਼ਟ ਹੈ ਕਿ ਸੰਕਟ ਦਾ ਸੰਕਲਪ ਵੱਖਰੇ-ਵੱਖਰੇ ਖੇਤਰਾਂ ਵਿਚ ਵੱਖਰੇ-ਵੱਖਰੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਕਲੇਸ਼, ਆਫ਼ਤ, ਮੁਸੀਬਤ, ਬਿਪਤਾ, ਡਰ, ਭੈਅ ਆਦਿ ਸ਼ਬਦ ਵੀ ਸੰਕਟ ਦੇ ਅਰਥਾਂ ਵਿਚ ਵਰਤ ਲਏ ਜਾਂਦੇ ਹਨ। ਨਿੱਕੇ-ਮੋਟੇ ਸੰਕਟਾਂ ਲਈ ਅਸੀਂ ਸਮੱਸਿਆ ਸ਼ਬਦ ਆਮ ਵਰਤਦੇ ਹਾਂ। ਰੋਗ-ਵਿਗਿਆਨ ਵਿਚ ਮਰੀਜ਼ ਦੀ ਹਾਲਤ ਵਿਚ ਅਚਾਨਕ ਵਾਪਰਿਆ ਮੋੜ ਸੰਕਟ ਅਖਵਾਉਂਦਾ ਹੈ। ਜੰਗ ਦੌਰਾਨ ਜਿੱਤ ਅਤੇ ਹਾਰ ਦੇ ਵਿਚਕਾਰਲੇ ਪਲ ਸੰਕਟ ਦੇ ਪਲ ਹੁੰਦੇ ਹਨ। ਰਿਸ਼ਤੇ-ਨਾਤੇ ਪ੍ਰਬੰਧ ਵਿਚ ਵੰਡ-ਵੰਡਾਓ ਜਾਂ ਛੱਡ-ਛੁਡਾਓ ਵਾਲੀ ਸਥਿਤੀ ਸੰਕਟ ਅਖਵਾਉਂਦੀ ਹੈ। ਸਮਾਜ ਅਤੇ ਸਭਿਆਚਾਰ ਲਈ ਸੰਕਟ ਉਦੋਂ ਉਪਜਦਾ ਹੈ ਜਦੋਂ ਉਸ ਦੀ ਹੋਂਦ ਖਤਰੇ ਵਿਚ ਪੈ ਜਾਵੇ। ਕਈ ਵਾਰੀ ਅਸੀਂ ਸੰਕਟ ਨੂੰ ਟਾਲ ਦਿੰਦੇ ਹਾਂ ਪਰ ਮਹਾਂ-ਸੰਕਟ ਨੂੰ ਸਹੇੜ ਲੈਂਦੇ ਹਾਂ।

ਯੂਨਾਨ ਅਤੇ ਰੋਮ ਉੱਤੇ ਤੁਰਕਾਂ ਦਾ ਹਮਲਾ, ਭਾਰਤ ਵਿਚ ਅੰਗਰੇਜ਼ਾਂ ਦਾ ਆਗਮਨ, ਫਰਾਂਸ ਦਾ ਲੋਕਤੰਤਰੀ ਪਰਿਵਰਤਨ, ਇੰਗਲੈਂਡ ਦੀ ਉਦਯੋਗਿਕ ਕ੍ਰਾਂਤੀ, ਰੂਸ ਦਾ ਸਮਾਜਵਾਦੀ ਇਨਕਲਾਬ ਅਤੇ ਭਾਰਤ-ਪਾਕਿਸਤਾਨ ਵੰਡ, ਵੱਡ-ਆਕਾਰੀ ਅਤੇ ਚਿਰਜੀਵੀ ਪ੍ਰਭਾਵਾਂ ਵਾਲੇ ਸੰਕਟ ਸਨ, ਜਿਨ੍ਹਾਂ ਦਾ ਪ੍ਰਭਾਵ ਅੱਜ ਵੀ ਪੈ ਰਿਹਾ ਹੈ।

ਮਾਨਵ ਜਾਤੀ ਦਾ ਕੋਈ ਵੀ ਯੁੱਗ ਨਸ਼ਿਆਂ, ਚੋਰਾਂ, ਬੇਈਮਾਨਾਂ, ਠੱਗਾਂ, ਨਾਜਾਇਜ਼ ਸਬੰਧਾਂ ਆਦਿ ਤੋਂ ਮੁਕਤ ਨਹੀਂ ਹੋਇਆ।

ਹਰ ਵਿਅਕਤੀ ਕਿਸੇ ਨਾ ਕਿਸੇ ਸੰਪਰਦਾਇ ਜਾਂ ਸਭਿਆਚਾਰ ਵਿਚ ਜਨਮ ਲੈਂਦਾ ਹੈ, ਜਿਸ ਦੇ ਨੇਮ ਉਸ ਦੇ ਵਿਹਾਰ ਨੂੰ ਨਿਸ਼ਚਿਤ ਕਰਦੇ ਹਨ ਅਤੇ ਸੰਕਟ ਦੇ ਦੌਰ ਵਿਚ ਮਨੁੱਖ ਦਾ ਸਭਿਆਚਾਰ ਹੀ ਉਸ ਦੀ ਧਰਵਾਸ ਅਤੇ ਢਾਲ ਬਣਦਾ ਹੈ। ਆਪਣੇ ਵਿਰਸੇ ਪ੍ਰਤੀ ਬੇਮੁਖ ਹੋਣਾ ਅਜੋਕੇ ਮਨੁੱਖ ਦੇ ਮਾਨਸਿਕ ਸੰਕਟ ਦਾ ਇਕ ਕਾਰਨ ਹੈ।

ਵਧੇਰੇ ਵਿਸ਼ਲੇਸ਼ਣ ਨਾਲ ਸਬੰਧ ਵਿਗੜਦੇ ਹਨ।

ਮਨੋਵਿਗਿਆਨਕ ਗਿਆਨ ਨਾਲ ਮਜ਼ਬੂਤ ਰਿਸ਼ਤੇ ਉਸਰੇ ਨਹੀਂ, ਉਸਰੇ ਹੋਏ ਰਿਸ਼ਤੇ ਟੁੱਟੇ ਹਨ। ਮਨੁੱਖ ਆਸਵੰਦ ਹੋ ਕੇ ਅਰਦਾਸ ਕਰਨ ਅਤੇ ਸੰਤੋਖਵਾਨ ਹੋ ਕੇ ਉਡੀਕਣ ਦੀ ਜਾਚ ਭੁੱਲ ਗਿਆ ਹੈ। ਬਦਲਾ ਲੈਣਾ ਛੋਟੇ ਆਦਮੀਆਂ ਦਾ ਵੱਡਾ ਉਦੇਸ਼ ਬਣ ਗਿਆ ਹੈ। ਇਨਕਲਾਬ ਜਿਹੋ ਜਿਹੇ ਹਾਕਮਾਂ ਤੋਂ ਛੁਟਕਾਰਾ ਪਾਉਂਦੇ ਹਨ, ਉਸ ਇਨਕਲਾਬ ਨੂੰ ਲਿਆਉਣ ਵਾਲੇ ਅੰਤ ਨੂੰ ਆਪ ਉਨ੍ਹਾਂ ਨਾਲੋਂ ਵੀ ਭੈੜੇ ਅਤੇ ਨਿਰਦਈ ਹੋ ਨਿਬੜਦੇ ਹਨ। ਹੁਣ ਜਦੋਂ ਤੁਸੀਂ ਕੁਝ ਚੰਗਾ ਕਰਦੇ ਹੋ ਤਾਂ ਕਈਆਂ ਨੂੰ ਈਰਖਾ ਅਤੇ ਬਹੁਤਿਆਂ ਨੂੰ ਹੈਰਾਨੀ ਹੁੰਦੀ ਹੈ। ਹੁਣ ਵਿਆਹ ਕੀਤਾ ਨਹੀਂ ਜਾਂਦਾ, ਵਿਆਹ ਵਾਪਰਦਾ ਹੈ।

ਉਂਜ ਤਾਂ ਸੰਕਟਾਂ ਦੀ ਗਿਣਤੀ ਅਤੇ ਵੰਨਗੀ ਅਣਗਿਣਤ ਹੈ ਪਰ ਕੁਝ ਬੁਨਿਆਦੀ ਸੰਕਟ ਹਨ, ਜਿਹੜੇ ਸਮੁੱਚੀ ਮਾਨਵ ਜਾਤੀ ਦੇ ਸਾਂਝੇ ਹਨ।

ਕੁਝ ਸੰਕਟ ਅਸੀਂ ਵਿਰਸੇ ਵਿਚ ਪ੍ਰਾਪਤ ਕਰਦੇ ਹਾਂ, ਕੁਝ ਸੰਕਟ ਅਸੀਂ ਆਪ ਸਿਰਜਦੇ ਹਾਂ, ਕੁਝ ਸੰਕਟ ਦੂਜੇ ਸਾਡੇ ਲਈ ਉਪਜਾਉਂਦੇ ਹਨ।

ਹਰ ਵਿਅਕਤੀ ਕਿਸੇ ਨਾ ਕਿਸੇ ਪੱਖੋਂ ਕਮਜ਼ੋਰ ਹੁੰਦਾ ਹੈ ਅਤੇ ਉਸ ਨੂੰ ਕਿਸੇ ਤਕੜੇ ਦਾ ਭੈਅ ਹੁੰਦਾ ਹੈ। ਇਹ ਸਥਿਤੀ ਸਮੁੱਚੇ ਜੀਵ-ਜੰਤੂ ਜਗਤ ਵਿਚ ਆਰ-ਪਾਰ ਫੈਲੀ ਹੋਈ ਹੈ। ਲੱਖਾਂ-ਕਰੋੜਾਂ ਸਾਲਾਂ ਦੌਰਾਨ ਜੀਵਨ ਦਾ ਸਮੁੱਚਾ ਵਿਕਾਸ ਤਕੜੇ ਵਲੋਂ ਕਮਜ਼ੋਰ ਨੂੰ ਹੜੱਪ ਜਾਣ ਦੀ ਕਿਰਿਆ ਵਿਚੋਂ ਲੰਘਿਆ ਹੈ। ਮਨੁੱਖ ਦੇ ਮਨ ਵਿਚ ਭੈਅ ਇਸ ਪ੍ਰਕਿਰਿਆ ਦੀ ਯਾਦ ਉਤੇ ਉਸਾਰਿਆ ਹੋਇਆ ਹੈ। ਇਸ ਭੈਅ ਕਾਰਨ ਸਾਡੇ ਵਿਹਾਰ ਦਾ ਸੰਤੁਲਨ ਵਿਗੜਦਾ ਹੈ। ਭੈਅ, ਅਨੇਕਾਂ ਸੰਕਟਾਂ ਦੀ ਕੁੱਖ ਹੋ ਨਿਬੜਦਾ ਹੈ। ਮਨੁੱਖ ਦਾ ਸਭ ਤੋਂ ਵੱਡਾ ਭੈਅ ਇਹ ਹੈ ਕਿ ਉਸ ਕੋਲ ਜੋ ਕੁਝ ਹੈ, ਉਹ ਉਸ ਤੋਂ ਖੋਹ ਲਿਆ ਜਾਵੇਗਾ। ਜਾਨਵਰ ਦੂਜੇ ਜਾਨਵਰਾਂ ਉਤੇ ਝਪਟਦੇ ਹਨ ਪਰ ਮਨੁੱਖ ਆਪਣੀ ਸੋਚਣ ਸ਼ਕਤੀ ਦੀ ਤਿੱਖੀ ਵਰਤੋਂ ਕਰ ਕੇ ਆਰਥਿਕ ਹਮਲਾ ਕਰਦਾ ਹੈ। ਲੁੱਟੇ ਜਾਣ ਦੇ ਇਸ ਭੈਅ ਕਾਰਨ ਹਰ ਯੁੱਗ ਵਿਚ ਕਾਨੂੰਨ ਘੜੇ ਗਏ ਹਨ, ਥਾਣੇ ਬਣਾਏ ਗਏ ਹਨ, ਜੇਲ੍ਹਾਂ ਉਸਾਰੀਆਂ ਗਈਆਂ ਹਨ ਪਰ ਇਸ ਖੇਤਰ ਦੇ ਸੰਕਟ ਘਟਣ ਦੀ ਥਾਂ ਵੱਧ ਰਹੇ ਹਨ।

ਸੰਕਟਾਂ ਦੀ ਜੇ ਸੂਚੀ ਬਣਾਈ ਜਾਵੇ ਤਾਂ ਬੁਢਾਪਾ ਸਮੁੱਚੀ ਮਾਨਵ ਜਾਤੀ ਦਾ ਇਕ ਸਾਂਝਾ ਬੁਨਿਆਦੀ ਸੰਕਟ ਹੈ।

ਬੁਢਾਪਾ ਬੀਮਾਰੀ ਅਤੇ ਮੌਤ ਨਾਲ ਜੁੜੇ ਹੋਣ ਕਾਰਨ ਹੀ ਨਹੀਂ, ਸਗੋਂ ਨਰਕ ਦੇ ਡਰ ਕਾਰਨ ਅਤੇ ਅਣਜਾਣੀ ਥਾਂ ਜਾਣ ਦੇ ਸੰਤਾਪ ਕਾਰਨ ਵੀ ਦੁਖਦਾਈ ਹੈ।

ਮਨੁੱਖ ਮੌਤ ਤੋਂ ਨਹੀਂ ਡਰਦਾ, ਮਰਨ ਤੋਂ ਡਰਦਾ ਹੈ।

ਮੌਤ ਇਸ ਲਈ ਦੁਖਦਾਈ ਅਤੇ ਸੰਕਟਮਈ ਹੈ, ਕਿਉਂਕਿ ਇਸ ਰਾਹੀਂ ਵਿਸ਼ਾਲ ਸੰਸਾਰ ਅਤੇ ਜ਼ਿੰਦਗੀ ਖੋਹ ਲਈ ਜਾਂਦੀ ਹੈ।

ਬੀਮਾਰੀ ਦਾ ਸੰਕਟ ਹਰ ਕਿਸੇ ਨੂੰ ਘੇਰ ਲੈਂਦਾ ਹੈ। ਜਨਮ ਤੋਂ ਲੈ ਕੇ ਮੌਤ ਤਕ, ਜ਼ਿੰਦਗੀ ਅਤੇ ਮੌਤ ਵਿਚਕਾਰ ਨਿਰੰਤਰ ਸੰਘਰਸ਼ ਚਲਦਾ ਰਹਿੰਦਾ ਹੈ। ਸਮੇਂ ਦੇ ਬੀਤਣ ਨਾਲ ਸਾਡੇ ਸਰੀਰ ਵਿਚ ਬੀਮਾਰੀਆਂ ਨਾਲ ਲੜਨ ਦੀ ਸਮਰੱਥਾ ਘਟਦੀ ਹੈ ਅਤੇ ਅੰਤ ਕੋਈ ਬੀਮਾਰੀ ਸੰਕਟ ਹੋ ਨਿਬੜਦੀ ਹੈ। ਬੀਮਾਰ ਹੋਣਾ ਮਾਨਵ ਜਾਤੀ ਦਾ ਸਾਂਝਾ ਅਨੁਭਵ ਹੈ।

ਘਰ ਦੇ ਕਿਸੇ ਜੀਅ ਦਾ ਵਿਛੜ ਜਾਣਾ, ਸੰਕਟ ਦੀ ਇਕ ਹੋਰ ਵੰਨਗੀ ਹੈ। ਆਪਣਿਆਂ ਦਾ, ਮਿੱਤਰ-ਪਿਆਰਿਆਂ ਦਾ, ਵਿਛੜਨਾ ਦੁਖਦਾਈ ਹੁੰਦਾ ਹੈ। ਦੁਸ਼ਮਣਾਂ ਦਾ ਵਿਛੜਨਾ ਵੀ ਕਿਸੇ ਪੱਖੋਂ ਸੁਖਦਾਈ ਨਹੀਂ ਹੁੰਦਾ।

ਕਿਸੇ ਮਿੱਤਰ-ਪਿਆਰੇ ਨਾਲੋਂ ਵਿਛੜਨ ਵੇਲੇ ਸਾਡੇ ਵਿਚ ਪਾਗਲਪਣ ਵਾਲੀ ਸਥਿਤੀ ਵਾਪਰਦੀ ਹੈ।

ਤਲਾਕ ਦੇ ਝਗੜੇ ਬੜੇ ਦੁਖਦਾਈ ਹੁੰਦੇ ਹਨ, ਕਿਉਂਕਿ ਦੋਵੇਂ ਧਿਰਾਂ ਆਪਣੇ ਜ਼ਖ਼ਮਾਂ ਨੂੰ ਭਰਨ ਤੋਂ ਪਹਿਲਾਂ ਹੀ ਖੁਰਚ ਕੇ ਆਪਣੇ ਆਪ ਨੂੰ ਮੁੜ ਲਹੂ-ਲੁਹਾਣ ਕਰ ਲੈਂਦੀਆਂ ਹਨ। ਜਿਨ੍ਹਾਂ ਨੇ ਇਹ ਸੰਕਟ ਭੁਗਤਿਆ ਹੈ ਜਾਂ ਭੁਗਤ ਰਹੇ ਹਨ, ਇਸ ਦੀ ਚੀਸ ਅਤੇ ਦਰਦ ਉਹੀ ਜਾਣਦੇ ਹਨ।

ਤੋਹਮਤ ਲਗਣ ਦਾ ਡਰ, ਕੋਈ ਦੋਸ਼ ਲਗ ਜਾਣ ਦੀ ਸਥਿਤੀ, ਬੇਇਜ਼ਤੀ ਹੋ ਜਾਣ ਦੀ ਹਾਲਤ ਜਾਂ ਮਾਣ-ਸਤਿਕਾਰ ਗੁਆਚ ਜਾਣ ਦੀ ਨਮੋਸ਼ੀ ਆਦਿ ਇਤਨਾ ਵੱਡਾ ਸੰਕਟ ਹੁੰਦੀ ਹੈ ਕਿ ਇਸ ਸਥਿਤੀ ਵਿਚ ਬਹੁਤੇ ਵਿਅਕਤੀ ਸਦਾ ਲਈ ਆਪਣਾ ਸੰਤੁਲਨ ਗੁਆ ਬੈਠਦੇ ਹਨ। ਲੋਕਾਂ ਦੀ ਟੀਕਾ-ਟਿੱਪਣੀ ਤੋਂ ਡਰਦਿਆਂ ਅਸੀਂ ਆਪਣਾ ਰੰਗ-ਰੂਪ ਬਦਲਣ ਲਗ ਪਏ ਹਾਂ। ਸਭ ਪ੍ਰਕਾਰ ਦੇ ਫੈਸ਼ਨ ਅਤੇ ਹਾਰ-ਸ਼ਿੰਗਾਰ ਇਸ ਭਾਵਨਾ ਤੋਂ ਪ੍ਰੇਰਤ ਹਨ ਕਿ 'ਲੋਕ ਕੀ ਕਹਿਣਗੇ?'

ਅਜੋਕੇ ਯੁੱਗ ਵਿਚ ਕਈ ਨਵੇਂ ਸੰਕਟ ਉਪਜ ਪਏ ਹਨ, ਜਿਵੇਂ ਵਿਆਹ ਨਾ ਹੋਣ ਦੀ ਮੁਸੀਬਤ, ਬੱਚਾ ਨਾ ਹੋਣ ਦਾ ਸੰਕਟ, ਤੀਜੀ ਧੀ ਦੇ ਜਨਮ ਦਾ ਸੰਕਟ, ਦੂਰ ਬਦਲੀ ਹੋ ਜਾਣ ਦੀ ਸਥਿਤੀ, ਕੱਬੇ ਕਿਰਾਏਦਾਰ ਦਾ ਸੰਕਟ, ਬਦਲਾ ਲੈਣ ਲਈ ਕੋਈ ਮੌਕਾ ਨਾ ਮਿਲਣ ਦਾ ਸੰਕਟ, ਸੰਤਾਨ ਦੇ ਕੁਰਾਹੇ ਪੈ ਜਾਣ ਦਾ ਸੰਕਟ, ਬੇਰੁਜ਼ਗਾਰੀ ਦਾ ਸੰਕਟ, ਪਿਆਰ ਵਿਚ ਤਿਆਗੇ ਜਾਣ ਦਾ ਸੰਕਟ ਆਦਿ।

ਸੰਕਟ ਦੇ ਪੱਖੋਂ ਹਰ ਵਿਅਕਤੀ ਦੀ ਸਥਿਤੀ ਨਿਵੇਕਲੀ ਹੁੰਦੀ ਹੈ। ਸਭ ਸੰਕਟਾਂ ਦਾ ਸਿਰਤਾਜ ਸੰਕਟ, ਮੌਤ ਦਾ ਸੰਕਟ ਹੈ, ਆਪਣੀ ਮੌਤ ਦਾ ਸੰਕਟ। ਬ੍ਰਹਿਮੰਡ ਵਿਚ ਸਦਾ

ਲਈ ਗੁਆਚ ਜਾਣ ਦਾ ਡਰ, ਮਨੁੱਖ ਦੀ ਸਮੁੱਚੀ ਸ਼ਕਤੀ ਨੂੰ ਖੀਣ ਕਰ ਦਿੰਦਾ ਹੈ ਪਰ ਕਿਉਂਕਿ ਇਹ ਸੰਕਟ ਸਭ ਨਾਲ ਵਾਪਰਦਾ ਹੈ ਅਤੇ ਇਸ ਤੋਂ ਬਚਾਓ ਦਾ ਕੋਈ ਉਪਾਓ ਨਹੀਂ ਅਤੇ ਇਹ ਸੰਕਟ ਸਾਨੂੰ ਸਭ ਸੰਕਟਾਂ ਤੋਂ ਮੁਕਤ ਕਰ ਦਿੰਦਾ ਹੈ, ਇਸ ਲਈ ਅਸੀਂ ਇਸ ਨੂੰ ਬਰਦਾਸ਼ਤ ਕਰਨ ਲਈ ਮਜਬੂਰੀ ਭਰੀ ਸਹਿਮਤੀ ਪ੍ਰਗਟਾਉਂਦੇ ਹਾਂ।

ਹਰ ਸੰਕਟ ਦੇ ਕੇਂਦਰ ਵਿਚ ਭੈਅ ਹੁੰਦਾ ਹੈ ਅਤੇ ਭੈਅ ਦਾ ਸਰੋਤ ਅਗਿਆਨਤਾ ਹੈ। ਸੰਕਟ ਦੀ ਸਥਿਤੀ ਵਿਚ ਪ੍ਰਾਪਤ-ਗਿਆਨ ਸਮੱਸਿਆ ਹੱਲ ਕਰਨ ਦੇ ਪੱਖੋਂ ਅਧੂਰਾ ਪ੍ਰਤੀਤ ਹੁੰਦਾ ਹੈ, ਇਵੇਂ ਸੰਕਟ, ਭੈਅ ਅਤੇ ਅਗਿਆਨਤਾ ਇਕ ਦੂਜੇ ਨਾਲ ਜੁੜੇ ਹੋਏ ਹਨ। ਵਿਦਿਆ ਅਤੇ ਗਿਆਨ ਸੰਕਟ ਵਿਰੁਧ ਲੜਨ ਲਈ ਤਲਵਾਰ ਅਤੇ ਢਾਲ ਬਣਦੇ ਹਨ। ਜਿਨ੍ਹਾਂ ਪੁਸਤਕਾਂ ਨੇ ਅਤੀਤ ਵਿਚ ਸਾਨੂੰ ਉਤਸ਼ਾਹ ਅਤੇ ਚਾਨਣ ਦਿੱਤਾ ਹੁੰਦਾ ਹੈ, ਉਨ੍ਹਾਂ ਵਰਗੀਆਂ ਹੋਰ ਪੁਸਤਕਾਂ ਪੜ੍ਹਨ ਨਾਲ ਅਸੀਂ ਸੰਕਟਾਂ ਨਾਲ ਲੜਨ ਦੀ ਆਪਣੀ ਸ਼ਕਤੀ ਵਧਾ ਲੈਂਦੇ ਹਾਂ। ਗਿਆਨ ਸਾਡੀਆਂ ਆਪਣੀਆਂ ਘਾਟਾਂ ਅਤੇ ਸ਼ਕਤੀਆਂ ਨਾਲ ਜਾਣ-ਪਛਾਣ ਕਰਵਾਉਂਦਾ ਹੈ। ਜਦੋਂ ਅਸੀਂ ਆਪਣੀਆਂ ਘਾਟਾਂ ਪ੍ਰਤੀ ਸੁਚੇਤ ਹੁੰਦੇ ਹਾਂ ਤਾਂ ਅਸੀਂ ਦੂਜਿਆਂ ਬਾਰੇ ਫ਼ਤਵੇ ਦੇਣ ਤੋਂ ਸੰਕੋਚ ਕਰਦੇ ਹਾਂ। ਸੰਕਟ ਦੌਰਾਨ ਬਹਿਸ ਕਰਨੀ ਕਿਸੇ ਸ਼ਕਤੀ ਦਾ ਪ੍ਰਮਾਣ ਨਹੀਂ, ਆਪਣੀ ਕਮਜ਼ੋਰੀ ਦੀ ਗਵਾਹੀ ਹੁੰਦੀ ਹੈ।

ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਵਿਚ ਸੰਕਟ ਦਾ ਟਾਕਰਾ ਕਰਨ ਦੀ ਸ਼ਕਤੀ ਅਤੇ ਘਾਟਾ ਬਰਦਾਸ਼ਤ ਕਰਨ ਦੀ ਸਮਰੱਥਾ ਅਤੇ ਦੁੱਖ ਸਹਿਣ ਦੀ ਯੋਗਤਾ ਵਧੇਰੇ ਹੁੰਦੀ ਹੈ। ਇਸਤਰੀਆਂ ਤਰਕ ਨਾਲ ਨਹੀਂ, ਆਪਣੀ ਅੰਤਰ-ਚੇਤਨਾ ਨਾਲ ਫ਼ੈਸਲੇ ਕਰਦੀਆਂ ਹਨ। ਇਸੇ ਕਰ ਕੇ ਇਸਤਰੀਆਂ ਨੂੰ ਗਿਣ-ਮਿਥ ਕੇ ਫ਼ੈਸਲੇ ਕਰਨੇ ਚੰਗੇ ਨਹੀਂ ਲਗਦੇ। ਉਨ੍ਹਾਂ ਦੇ ਪ੍ਰਤੀਕਰਮ ਭਾਵਕ ਅਤੇ ਸੁੱਚੇ ਹੁੰਦੇ ਹਨ। ਇਸਤਰੀਆਂ ਵਿਰਲਾਪ ਵਧੇਰੇ ਕਰਦੀਆਂ ਹਨ, ਕਿਉਂਕਿ ਉਨ੍ਹਾਂ ਦੀ ਜੀਵਨ ਨਾਲ ਸਾਂਝ ਵਧੇਰੇ ਪੀਡੀ ਹੁੰਦੀ ਹੈ।

ਸੰਕਟ ਦੀ ਘੜੀ ਵਿਚ ਜੇ ਤੁਹਾਡੀ ਪਤਨੀ ਤੁਹਾਡੇ ਨਾਲ ਖਲੋਤੀ ਹੈ ਤਾਂ ਤੁਸੀਂ ਹਰ ਸੰਕਟ ਵਿਚ ਸਬੂਤੇ ਵੀ ਰਹੋਗੇ ਅਤੇ ਜੱਗ ਵਾਲੀ ਬਾਜ਼ੀ ਵੀ ਜਿੱਤ ਲਵੋਗੇ।

ਵੇਖਿਆ ਗਿਆ ਹੈ ਕਿ ਪਤਨੀ ਦੀ ਮੌਤ ਉਪਰੰਤ ਪਤੀ ਬਹੁਤਾ ਚਿਰ ਜਿਊਂਦੇ ਨਹੀਂ ਰਹਿੰਦੇ, ਜਦੋਂ ਕਿ ਪਤੀ ਦੀ ਮੌਤ ਉਪਰੰਤ ਪਤਨੀ ਲੰਮਾ ਅਰਸਾ ਜਿਊਂਦੀ ਰਹਿੰਦੀ ਹੈ। ਇਸਤਰੀ ਆਪਣੀ ਸੰਤਾਨ ਉੱਤੇ ਨਿਰਭਰ ਹੋਣ ਨੂੰ ਆਪਣੀ ਹੇਠੀ ਨਹੀਂ ਸਮਝਦੀ ਜਦੋਂ ਕਿ ਪੁਰਸ਼ ਆਪਣੀ ਸੰਤਾਨ ਉੱਤੇ ਨਿਰਭਰ ਹੋਣ ਨੂੰ ਆਪਣੀ ਬੇਇਜ਼ਤੀ ਦੇ ਰੂਪ ਵਿਚ ਵੇਖਦਾ ਹੈ। ਇਸਤਰੀ ਦਾ ਸਮੁੱਚਾ ਜੀਵਨ ਅਨੇਕਾਂ ਸਰੀਰਕ ਸੰਕਟਾਂ ਨਾਲ ਭਰਿਆ ਪਿਆ ਹੈ, ਸੋ ਉਸ ਵਿਚ ਦੁੱਖ ਅਤੇ ਸੰਕਟ ਸਹਿਣ ਦੀ ਸ਼ਕਤੀ ਵਧੇਰੇ ਹੁੰਦੀ ਹੈ।

ਆਪਣੇ ਸਾਹਮਣੇ ਉਨ੍ਹਾਂ ਵਿਅਕਤੀਆਂ ਦੀ ਉਦਾਹਰਣ ਰੱਖੋ ਜਿਨ੍ਹਾਂ ਨੇ ਸੰਕਟ ਦਾ ਸਾਹਮਣਿਓਂ ਟਾਕਰਾ ਕੀਤਾ, ਜਿਵੇਂ ਪੋਰਸ ਨੇ ਸਿਕੰਦਰ ਦਾ, ਜਿਵੇਂ ਸੁਕਰਾਤ ਨੇ ਆਪਣੇ ਸਮੇਂ ਦੀ ਹਕੂਮਤ ਦਾ, ਜਿਵੇਂ ਮਨਸੂਰ ਨੇ ਪੱਥਰ ਮਾਰਨ ਵਾਲੀ ਭੀੜ ਦਾ। ਤੁਹਾਨੂੰ ਆਲੇ-ਦੁਆਲੇ ਵਿੱਚੋਂ ਸਭ ਪ੍ਰਕਾਰ ਦੀਆਂ ਉਦਾਹਰਣਾਂ ਮਿਲ ਜਾਣਗੀਆਂ। ਵੇਖੋ ਤੁਹਾਡੇ

ਆਲੇ-ਦੁਆਲੇ ਵਿਚ ਜਿਹੜਾ ਵਿਅਕਤੀ ਅਸਫ਼ਲ ਹੈ, ਉਹ ਕਿਉਂ ਅਸਫ਼ਲ ਹੋਇਆ ਹੈ ਅਤੇ ਜਿਸ ਨੂੰ ਤੁਸੀਂ ਸਫ਼ਲ ਸਮਝਦੇ ਹੋ, ਉਹ ਕਿਵੇਂ ਸਫ਼ਲ ਹੋਇਆ ਹੈ।

ਪੀਂਘ ਨੂੰ ਰੱਸੀ ਦੇ ਟੁੱਟਣ ਦੇ ਡਰ ਨਾਲ ਨਾ ਵੇਖ, ਜ਼ਿੰਦਗੀ ਦੇ ਪਿੜ ਵਿਚ ਖਲੋਕੇ ਉਸ ਦੇ ਹੁਲਾਰੇ ਦੀ ਆਸ ਨਾਲ ਵੇਖੋ।

ਹਰ ਸੰਕਟ ਦੇ ਕੁਝ ਕਾਰਨ ਹੁੰਦੇ ਹਨ। ਜਦੋਂ ਅਸੀਂ ਉਨ੍ਹਾਂ ਕਾਰਨਾਂ ਨੂੰ ਸਮਝ ਲੈਂਦੇ ਹਾਂ ਤਾਂ ਸਾਡੇ ਵਿਚ ਉਸ ਸੰਕਟ ਨਾਲ ਟਕਰਾਉਣ ਦੀ ਸ਼ਕਤੀ ਉਪਜ ਪੈਂਦੀ ਹੈ।

ਕੁਝ ਵੀ ਅਚਾਨਕ ਨਹੀਂ ਵਾਪਰਦਾ। ਹਰ ਸੰਕਟ ਦੇ ਨਿਸ਼ਚਿਤ ਕਾਰਨ ਹੁੰਦੇ ਹਨ, ਜਿਨ੍ਹਾਂ ਨੂੰ ਸਮਝ ਕੇ ਅਸੀਂ ਘਟਨਾਵਾਂ ਦਾ ਮੁਹਾਣ ਮੋੜ ਸਕਦੇ ਹਾਂ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਕੁਝ ਵੀ ਸਥਿਰ ਨਹੀਂ ਹੈ। ਮਾਨਵ ਜਾਤੀ ਸਾਹਮਣੇ ਆਇਆ ਹਰ ਸੰਕਟ ਗੁਜ਼ਰ ਗਿਆ ਹੈ, ਤੁਹਾਡਾ ਸੰਕਟ ਵੀ ਗੁਜ਼ਰ ਜਾਵੇਗਾ। ਉਡੀਕ, ਧੀਰਜ, ਹੌਸਲਾ ਅਤੇ ਸਹਿਣਸ਼ੀਲਤਾ ਕਮਜ਼ੋਰੀ ਦੇ ਨਹੀਂ, ਸ਼ਕਤੀ ਦੇ ਪ੍ਰਤੀਕ ਹਨ।

ਜਿਉਂ-ਜਿਉਂ ਹਨੇਰਾ ਸੰਘਣਾ ਹੁੰਦਾ ਜਾਂਦਾ ਹੈ, ਤਿਉਂ-ਤਿਉਂ ਸਵੇਰ ਨੇੜੇ ਆਉਂਦੀ ਜਾਂਦੀ ਹੈ। ਹਰ ਸੰਕਟ ਦੇ ਪਹਿਲੇ ਕੁਝ ਘੰਟੇ ਬੜੇ ਦੁੱਖਦਾਈ ਹੁੰਦੇ ਹਨ। ਲੰਮੇ ਸੰਕਟ ਬਹੁਤੇ ਦੁਖਦਾਈ ਨਹੀਂ ਹੁੰਦੇ ਅਤੇ ਦੁਖਦਾਈ ਸੰਕਟ ਬਹੁਤੇ ਲੰਮੇ ਨਹੀਂ ਹੁੰਦੇ।

ਕੁਦਰਤ ਕਦੇ ਵੀ ਤੁਹਾਡੀ ਸਮਰੱਥਾ ਨਾਲੋਂ ਵੱਡਾ ਸੰਕਟ ਤੁਹਾਨੂੰ ਨਹੀਂ ਪਾਏਗੀ। ਹਰ ਸੰਕਟ ਵਾਸਤਵ ਵਿਚ ਤੁਹਾਡੇ ਸਵੈ-ਭਰੋਸੇ, ਸਿਦਕ, ਸਿਰੜ ਅਤੇ ਦ੍ਰਿੜ੍ਹਤਾ ਨੂੰ ਨਾਪਣ-ਤੋਲਣ ਦਾ ਇਕ ਸਾਧਨ ਹੁੰਦਾ ਹੈ। ਸਵੈ-ਭਰੋਸਾ ਸਰੀਰਕ ਸ਼ਕਤੀ ਵਿਚੋਂ ਨਹੀਂ, ਆਪਣੇ ਅੰਦਰਲੇ ਭਰੋਸੇ ਵਿਚੋਂ ਜਨਮਦਾ ਹੈ।

ਨਿੰਦਾ ਅਤੇ ਚੁਗਲੀ ਅਤੇ ਬਦਲੇ ਦੀ ਭਾਵਨਾ ਆਦਿ ਵਰਤਾਰੇ ਸਾਡੇ ਸਵੈ-ਭਰੋਸੇ ਨੂੰ ਕਮਜ਼ੋਰ ਕਰਦੇ ਹਨ, ਜਦੋਂ ਕਿ ਪ੍ਰਸੰਸਾ ਅਤੇ ਮਿਲਵਰਤਣ, ਚੁੱਪ ਅਤੇ ਧੀਰਜ ਸਾਡੇ ਸਵੈ-ਭਰੋਸੇ ਨੂੰ ਦ੍ਰਿੜ੍ਹ ਕਰਦੇ ਹਨ।

ਅੰਤਲੇ ਰੂਪ ਵਿਚ ਹਰ ਸੰਕਟ ਦਾ ਟਾਕਰਾ ਸਾਨੂੰ ਇਕੱਲਿਆਂ ਹੀ ਕਰਨਾ ਪੈਂਦਾ ਹੈ। ਡਰਿਆ ਹੋਇਆ ਵਿਅਕਤੀ ਰੱਬ ਤੋਂ ਸੰਕਟ ਸਮੇਂ ਰੱਖਿਆ ਦੀ ਮੰਗ ਕਰਦਾ ਹੈ, ਜਦੋਂ ਕਿ ਸਵੈ-ਭਰੋਸੇ ਵਾਲਾ ਵਿਅਕਤੀ ਰੱਬ ਪਾਸੋਂ ਸੰਕਟ ਨਾਲ ਜੂਝਣ ਦੀ ਸ਼ਕਤੀ ਅਤੇ ਵਰ ਮੰਗਦਾ ਹੈ ਅਤੇ ਉਹ ਜਿੱਤ ਦੇ ਨਿਸ਼ਚੇ ਨਾਲ ਲੜਦਾ ਹੈ।

ਮਨੁੱਖ ਨੇ ਆਪਣੇ ਸਾਹਮਣੇ ਆਉਣ ਵਾਲੇ ਹਰ ਸੰਕਟ ਨੂੰ ਜਿੱਤਿਆ ਹੈ।

ਜਿਨ੍ਹਾਂ ਦੀ ਨਜ਼ਰ ਅਮੀਰ ਹੁੰਦੀ ਹੈ, ਜਿਨ੍ਹਾਂ ਵਿਚ ਸਰਬੱਤ ਦੇ ਭਲੇ ਦੀ ਭਾਵਨਾ ਹੁੰਦੀ ਹੈ, ਉਹ ਸੰਕਟ ਵਿਚੋਂ ਵੀ ਸੰਭਾਵਨਾਵਾਂ ਲੱਭ ਲੈਂਦੇ ਹਨ।

ਜਿਨ੍ਹਾਂ ਦੀ ਸੋਚ ਉੱਚੀ ਹੁੰਦੀ ਹੈ, ਉਹ ਨਾ ਬੇਵੱਸ ਹੁੰਦੇ ਹਨ ਨਾ ਲਾਚਾਰ। ਉਹ ਜ਼ਾਲਮਾਂ ਲਈ ਤਲਵਾਰ ਅਤੇ ਕਮਜ਼ੋਰਾਂ ਲਈ ਢਾਲ ਬਣਦੇ ਹਨ।

♣♣♣

ਜਿਹੜੇ ਭੀੜ ਵਿਚ ਗੁਆਚ ਗਏ...

ਭੀੜ ਆਪਣੇ ਢਿੱਡ ਨੂੰ ਹੀ ਆਪਣਾ ਦਿਮਾਗ ਸਮਝਦੀ ਹੈ। ਸਭ ਨਾਹਰਿਆਂ ਦਾ ਸਰੋਤ ਢਿੱਡ ਹੈ। ਨਾਹਰੇ ਰੌਲਾ ਉਪਜਾਉਂਦੇ ਹਨ। ਰੌਲਾ ਭੀੜ ਦਾ ਵਾਰਤਾਲਾਪ ਹੁੰਦਾ ਹੈ। ਭੀੜ ਬੋਲਦੀ ਹੈ, ਸੁਣਦੀ ਨਹੀਂ।

ਭੀੜ ਕੋਲ ਸਰੀਰ ਹੁੰਦਾ ਹੈ, ਲੱਤਾਂ-ਬਾਹਵਾਂ ਹੁੰਦੀਆਂ ਹਨ ਪਰ ਦਿਮਾਗ ਨਹੀਂ ਹੁੰਦਾ, ਸੋਚ ਨਹੀਂ ਹੁੰਦੀ, ਗਿਆਨ ਨਹੀਂ ਹੁੰਦਾ, ਤਰਕ ਨਹੀਂ ਹੁੰਦਾ। ਭੀੜ ਕੋਲ ਜੋਸ਼ ਹੁੰਦਾ ਹੈ, ਉਦੇਸ਼ ਨਹੀਂ ਹੁੰਦਾ, ਰਸਤਾ ਹੁੰਦਾ ਹੈ ਪਰ ਨਿਸ਼ਾਨਾ ਨਹੀਂ ਹੁੰਦਾ। ਇਸੇ ਕਰ ਕੇ ਭੀੜ ਆਪਣਾ ਅਤੇ ਦੂਜਿਆਂ ਦਾ ਨੁਕਸਾਨ ਤਾਂ ਕਰ ਸਕਦੀ ਹੈ, ਇਹ ਨੁਕਸਾਨ ਹੀ ਕਰਦੀ ਹੈ, ਇਹ ਕਿਸੇ ਸਮੱਸਿਆ ਨੂੰ ਹੱਲ ਨਹੀਂ ਕਰ ਸਕਦੀ, ਇਹ ਕੋਈ ਉਸਾਰੀ ਨਹੀਂ ਕਰ ਸਕਦੀ।

ਕੋਈ ਉਸਾਰੀ ਜਾਂ ਕਿਸੇ ਸਮੱਸਿਆ ਦਾ ਹੱਲ ਉਦੋਂ ਹੀ ਸੰਭਵ ਹੁੰਦਾ ਹੈ, ਜਦੋਂ ਤਾਕਤ, ਤਰਕ ਦੇ ਅਧੀਨ ਹੋਵੇ ਪ੍ਰੰਤੂ ਜਦੋਂ ਤਾਕਤ ਤਰਕ ਉੱਤੇ ਕਾਠੀ ਪਾ ਲਵੇ ਤਾਂ ਸਥਿਤੀ ਹੜ੍ਹ ਵਾਲੀ ਹੋ ਨਿੱਬੜਦੀ ਹੈ। ਹੜ੍ਹ ਦੇ ਪਾਣੀ ਨਾਲ ਸਿੰਚਾਈ ਨਹੀਂ ਕੀਤੀ ਜਾ ਸਕਦੀ। ਹੜ੍ਹ ਨੁਕਸਾਨ ਹੀ ਕਰਦਾ ਹੈ।

ਹਰ ਕਿਸੇ ਦੇ ਮਨ ਵਿੱਚ ਦੱਬੀਆਂ, ਕੁਚਲੀਆਂ ਉਮੰਗਾਂ ਅਤੇ ਇੱਛਾਵਾਂ ਦੀ ਭੀੜ ਪ੍ਰਗਟਾਵੇ ਲਈ ਨਾਹਰੇ ਮਾਰ ਰਹੀ ਹੈ, ਤਰਲੇ ਲੈ ਰਹੀ ਹੈ। ਇਹੀ ਕਾਰਨ ਹੈ ਕਿ ਹਰ ਵਿਅਕਤੀ ਕਿਸੇ ਨਾ ਕਿਸੇ ਭੀੜ ਦਾ ਭਾਗ ਹੁੰਦਾ ਹੈ।

ਮਨੁੱਖੀ ਸਭਿਅਤਾ ਦਾ ਵਿਕਾਸ ਵਾਸਤਵ ਵਿਚ ਭੀੜ ਵਿਚੋਂ ਨਿਕਲ ਕੇ ਇਕਾਂਤ ਵਿਚ ਇਕੱਲੇ ਵਿਚਰਣ ਦੀ ਤਾਂਘ ਦਾ ਪ੍ਰਗਟਾਵਾ ਹੈ। ਗਿਆਨ ਵੀ ਭੀੜ ਵਿਚੋਂ ਲੰਘ ਕੇ ਕਿਸੇ ਸ਼ਾਂਤਮਈ ਵਾਤਾਵਰਣ ਵਿਚ ਪਹੁੰਚਣ ਦੀ ਯਾਤਰਾ ਹੁੰਦਾ ਹੈ।

ਕਿਸੇ ਨੂੰ ਪਿਆਰ ਕਰਨਾ ਵੀ ਕਿਸੇ ਨੂੰ ਸੰਸਾਰ ਦੀ ਭੀੜ ਵਿਚੋਂ ਪਛਾਣਨ, ਭੀੜ ਵਿਚੋਂ ਬਾਹਰ ਕੱਢ ਲਿਆਉਣ ਅਤੇ ਕਿਸੇ ਅਣਜਾਣੀ ਦੁਨੀਆਂ ਵਿਚ ਪ੍ਰਵੇਸ਼ ਕਰਨ ਦਾ ਉਪਰਾਲਾ ਹੁੰਦਾ ਹੈ, ਜਿਥੇ ਅਸੀਂ ਵੱਖਰੇ ਹੋ ਕੇ ਨਵੇਂ ਅਨੁਭਵ ਪ੍ਰਾਪਤ ਕਰਦੇ ਹਾਂ।

ਹੁਣ ਲੋਕਾਂ ਵਿਚ ਛੁਪੇ ਰਹਿਣ ਦੀ ਚਾਹ ਨਹੀਂ, ਵਧੇਰੇ ਤੋਂ ਵਧੇਰੇ ਦਿਸਣ ਦੀ ਅਭਿਲਾਸ਼ਾ ਹੈ। ਪੈਸੇ ਦੀ ਦੌੜ ਕਾਰਨ ਭੀੜ ਵੱਡੀ ਹੁੰਦੀ ਜਾ ਰਹੀ ਹੈ ਅਤੇ ਹਰ ਕੋਈ ਅੱਖਾਂ ਮੀਟ ਕੇ ਇਕੋ ਪਾਸੇ ਦੌੜਿਆ ਜਾ ਰਿਹਾ ਹੈ।

ਦੌੜਦੇ ਹੋਏ ਲੋਕ ਕਿਸੇ ਦਾ ਹਾਲ-ਚਾਲ ਨਹੀਂ ਪੁੱਛ ਸਕਦੇ, ਨਾ ਹੀ ਉਹ ਕੋਈ ਰਿਸ਼ਤਾ ਉਸਾਰ ਸਕਦੇ ਹਨ, ਨਾ ਹੀ ਉਨ੍ਹਾਂ ਦੀ ਕੋਈ ਪਛਾਣ ਬਣਦੀ ਹੈ।

ਜਿਹੜੇ ਪੈਸੇ ਪਿੱਛੇ ਦੌੜਦੇ ਹਨ, ਉਨ੍ਹਾਂ ਦਾ ਅਸਲ ਉਦੇਸ਼ ਹੋਰਾਂ ਨਾਲੋਂ ਵੱਧ ਅਮੀਰ ਬਣਨਾ ਹੁੰਦਾ ਹੈ। ਉਹ ਪੈਸਾ ਤਾਂ ਇਕੱਠਾ ਕਰ ਲੈਂਦੇ ਹਨ, ਪਰ ਉਨ੍ਹਾਂ ਨੂੰ ਅਮੀਰ ਹੋਣ ਦਾ ਅਹਿਸਾਸ ਨਹੀਂ ਹੁੰਦਾ। ਉਨ੍ਹਾਂ ਵਿਚ ਪਰਿਵਰਤਨ ਤਾਂ ਵਾਪਰਦਾ ਹੈ, ਵਿਕਾਸ ਨਹੀਂ ਵਾਪਰਦਾ। ਪਰਿਵਰਤਨ ਬਾਹਰੀ ਪਦਾਰਥਕ ਤਬਦੀਲੀ ਨੂੰ ਕਹਿੰਦੇ ਹਨ, ਜਦੋਂ ਕਿ ਵਿਕਾਸ ਅੰਦਰਲੀ ਇਖ਼ਲਾਕੀ ਅਤੇ ਰੂਹਾਨੀ ਤਬਦੀਲੀ ਨੂੰ ਕਿਹਾ ਜਾਂਦਾ ਹੈ।

ਜਿਨ੍ਹਾਂ ਕੋਲ ਅਨੁਚਿਤ ਢੰਗਾਂ ਨਾਲ ਪੈਸਾ ਇਕੱਠਾ ਹੋ ਜਾਂਦਾ ਹੈ, ਉਹ ਅਨੁਭਵ ਦੇ ਪੱਖੋਂ, ਇਖ਼ਲਾਕੀ ਅਤੇ ਰੂਹਾਨੀ ਪੱਖੋਂ ਹੋਰ ਗਰੀਬ ਹੋ ਜਾਂਦੇ ਹਨ। ਉਨ੍ਹਾਂ ਨੂੰ ਕੁਝ ਲੱਭ ਪੈਣ ਦਾ ਨਹੀਂ, ਬਹੁਤ ਕੁਝ ਗੁਆਚ ਜਾਣ ਦਾ ਅਹਿਸਾਸ ਹੁੰਦਾ ਹੈ।

ਜਿਹੜੇ ਵਿਅਕਤੀ ਰਾਜਨੀਤਕ ਸ਼ਕਤੀ ਪ੍ਰਾਪਤ ਕਰਨੀ ਚਾਹੁੰਦੇ ਹਨ, ਉਨ੍ਹਾਂ ਦੇ ਧੁਰ ਅੰਦਰ ਇੱਛਾ ਰੱਬ ਬਣਨ ਦੀ ਹੁੰਦੀ ਹੈ, ਜਿਸ ਦੇ ਅੱਗੇ ਲੋਕ ਝੁਕ-ਝੁਕ ਕੇ ਸਲਾਮਾਂ ਕਰਨਗੇ ਅਤੇ ਭਾਂਤ-ਭਾਂਤ ਦੀਆ ਮੰਗਾਂ ਦੀ ਪੂਰਤੀ ਲਈ ਤਰਲੇ ਲੈਣਗੇ। ਜਦੋਂ ਅਜਿਹੇ ਵਿਅਕਤੀਆਂ ਕੋਲ ਰਾਜਨੀਤਕ ਸ਼ਕਤੀ ਆ ਜਾਂਦੀ ਹੈ ਤਾਂ ਅਜਿਹੇ ਲੋਕ ਅੰਦਰੋਂ ਬੜੇ ਡਰਨ ਲੱਗ ਪੈਂਦੇ ਹਨ। ਇਨ੍ਹਾਂ ਨੂੰ ਹਰ ਵੇਲੇ ਆਪਣੇ ਮਾਰੇ ਜਾਣ ਤਾ ਖਤਰਾ ਅਤੇ ਗੱਦੀਓਂ ਉਤਾਰੇ ਜਾਣ ਦਾ ਭੈਅ ਬੇਚੈਨ ਕਰਦਾ ਹੈ। ਇਵੇਂ ਇਹ ਬਾਹਰੋਂ ਸ਼ਕਤੀਸ਼ਾਲੀ ਪ੍ਰਤੀਤ ਹੋਣ ਦਾ ਨਾਟਕ ਅਤੇ ਅੰਦਰੋਂ ਡਰੇ ਹੋਏ ਹੋਣ ਦੀ ਵਾਸਤਵਿਕਤਾ ਦਾ ਦੂਹਰਾ ਸੰਤਾਪ ਹੰਢਾਉਂਦੇ ਹਨ।

ਭੀੜ ਵਧਣ ਕਾਰਨ ਸੜਕਾਂ ਦੀ ਜ਼ਿੰਮੇਵਾਰੀ ਵੱਧ ਗਈ ਹੈ। ਸੜਕ ਉਤੇ ਮਰਨ ਵਾਲਿਆਂ ਦੀ ਗਿਣਤੀ, ਬਿਸਤਰੇ ਵਿਚ ਮਰਨ ਵਾਲਿਆਂ ਦੀ ਗਿਣਤੀ ਨਾਲੋਂ ਵੱਧ ਜਾਵੇਗੀ। ਭੀੜ ਵਿਚ ਕਾਹਲ ਹੁੰਦੀ ਹੈ ਅਤੇ ਕਾਹਲ ਸਾਡੀ ਰਫ਼ਤਾਰ ਨੂੰ ਤੇਜ਼ ਕਰਦੀ ਹੈ ਪਰ ਜਿਉਂ-ਜਿਉਂ ਰਫ਼ਤਾਰ ਵੱਧ ਰਹੀ ਹੈ, ਤਿਉਂ-ਤਿਉਂ ਮੰਜ਼ਲ ਗੁਆਚਦੀ ਜਾ ਰਹੀ ਹੈ।

ਹੁਣ ਸਾਡਾ ਵਿਹਾਰ ਨੀਂਦ ਵਿਚ ਟੁਰਦੇ ਲੋਕਾਂ ਦੀ ਭੀੜ ਜਾਂ ਗੁਆਚ ਗਏ ਕੁਰਲਾਉਂਦੇ ਕਾਫ਼ਲੇ ਵਾਲਾ ਹੋ ਗਿਆ ਹੈ।

ਧਰਮ ਮਨੁੱਖ ਨੂੰ ਇਕੱਲਿਆਂ ਆਪਣਾ ਰਾਹ ਢੂੰਡਣ ਦਾ ਉਪਦੇਸ਼ ਦਿੰਦਾ ਰਿਹਾ ਹੈ ਅਤੇ ਕਹਿੰਦਾ ਰਿਹਾ ਹੈ ਕਿ ਜਦੋਂ ਸੰਸਾਰ ਦੀ ਭੀੜ ਵਿਚ ਜਾਵੋ ਤਾਂ ਇਵੇਂ ਜਾਣਾ ਜਿਵੇਂ ਇਕੱਲੇ ਹੋਵੋ, ਤੁਸੀਂ ਹੀ ਆਪਣੇ ਰੱਖਿਅਕ ਅਤੇ ਦੁਸ਼ਮਣ ਹੋ। ਧਰਮ ਦੇ ਪ੍ਰਭਾਵ ਦੇ ਘਟਣ ਕਾਰਨ, ਜੀਵਨ, ਆਪਣੀ ਚੂਲ ਤੋਂ ਹਿੱਲ ਜਾਣ ਕਾਰਨ, ਬੇਤਾਲ ਹੋ ਗਿਆ ਹੈ। ਅਜਿਹੀ ਅਵਸਥਾ ਵਿਚ ਸਭ ਕੁਝ ਓਪਰਾ, ਅਕਾਊ ਅਤੇ ਰੋਗੀ ਹੁੰਦਾ ਜਾ ਰਿਹਾ ਹੈ। ਇਹ ਹੈਰਾਨੀ ਦੀ ਗੱਲ ਨਹੀਂ ਕਿ ਅਜੋਕੇ ਯੁੱਗ ਵਿਚ ਭੀੜ-ਬਿਰਤੀ ਕਾਰਨ ਸਾਡਾ ਮਨੋਰੰਜਨ ਵੀ ਰੋਗੀ ਹੈ, ਕਿਉਂਕਿ ਜਦੋਂ ਤਕ ਕੋਈ ਗੰਦੀ ਗੱਲ ਨਾ ਕੀਤੀ ਜਾਵੇ ਹੁਣ ਹਾਸਾ ਹੀ ਨਹੀਂ ਆਉਂਦਾ। ਹੁਣ ਅਖ਼ਬਾਰਾਂ ਵਿਚ ਹਤਿਆਰਿਆਂ ਦੇ ਨਾਂ ਹੀ ਛਪਦੇ ਹਨ।

ਭਟਕਦੇ, ਭਟਕਦੇ, ਭਟਕਣਾ ਮਨੁੱਖ ਦੀ ਆਦਤ ਬਣ ਗਈ ਹੈ। ਹਰ ਵਿਅਕਤੀ ਹੁੰਦਾ ਤਾਂ ਕਿਸੇ ਨਾ ਕਿਸੇ ਭੀੜ ਦਾ ਭਾਗ ਹੈ ਪਰ ਹਰ ਕੋਈ ਆਪਣੀ-ਆਪਣੀ ਭੀੜ ਦਾ ਆਗੂ ਬਣਨ ਦੇ ਯਤਨ ਵਿਚ ਹੈ। ਜਿਵੇਂ ਖਾਲੀ ਥਾਂ ਸਾਡੀ ਆਵਾਜ਼ ਨੂੰ ਵਾਪਸ ਪਰਤਾ ਦਿੰਦੀ ਹੈ, ਇਵੇਂ ਹੀ ਨੇਤਾ ਦੀ ਆਵਾਜ਼ ਨੂੰ ਭੀੜ ਵਾਪਸ ਪਰਤਾ ਰਹੀ ਹੈ।

ਹੁਣ ਨੇਤਾਵਾਂ ਵਾਂਗ, ਗੁਰੂ ਵੀ ਸ਼ਰਧਾਲੂਆਂ ਦੀ ਭੀੜ ਦੀ ਭਾਲ ਵਿਚ ਨਿਕਲੇ ਹੋਏ ਹਨ। ਹਜ਼ਾਰਾ ਸਾਲਾਂ ਤੋਂ ਸੰਜਮ ਅਤੇ ਤਿਆਗ ਦੀ ਚਰਚਾ ਹੋ ਰਹੀ ਹੈ ਪਰ ਹਰ ਬੀਤਦੇ ਦਿਨ ਨਾਲ ਲਾਲਚ ਵੱਧ ਰਿਹਾ ਹੈ।

ਭੀੜ ਵੱਧਦੀ ਜਾ ਰਹੀ ਹੈ, ਜਦੋਂ ਕਿ ਮਨੁੱਖ ਸੁੰਗੜਦਾ ਜਾ ਰਿਹਾ ਹੈ।

ਮਨੁੱਖ ਦੇ ਇਤਿਹਾਸ ਵਿਚ ਮਨਸੂਰ ਨੂੰ ਸਭ ਤੋਂ ਵੱਧ ਪੀੜ ਨਾਲ ਮਾਰਿਆ ਗਿਆ ਹੈ। ਉਸ ਨੂੰ ਮਾਰਨ ਵਾਲੀ ਉਸ ਦੇ ਸ਼ਰਧਾਲੂਆਂ ਦੀ ਹੀ ਭੀੜ ਸੀ। ਜੇ ਮਨੁੱਖ ਨੂੰ ਗਲਤ ਹੋਣ ਜਾਂ ਦੂਜਿਆਂ ਨਾਲੋਂ ਵੱਖਰਾ ਸੋਚਣ ਦੀ ਸੁਤੰਤਰਤਾ ਨਹੀਂ ਤਾਂ ਸਭ ਆਜ਼ਾਦੀਆਂ ਬੇਅਰਥ ਹਨ। ਮਨਸੂਰ ਜਾਂ ਸੁਕਰਾਤ ਨੂੰ ਤਾਂ ਭੀੜ ਨੇ ਠੀਕ ਸੋਚਣ ਦਾ ਹੱਕ ਵੀ ਨਹੀਂ ਸੀ ਦਿੱਤਾ। ਭੀੜ ਕੋਲ ਮਾਰਨ ਦੀ ਸ਼ਕਤੀ ਹੁੰਦੀ ਹੈ ਪਰ ਸੱਚ ਕੋਲ ਜਿਊਂਦੇ ਰਹਿਣ ਅਤੇ ਉੱਚੇ ਝੂੱਲਣ ਦਾ ਸਾਹਸ ਹੁੰਦਾ ਹੈ।

ਮਹਾਨ ਵਿਅਕਤੀ ਸਦਾ ਇਕੱਲੇ ਹੁੰਦੇ ਹਨ।

ਮਹਾਨ ਹੋਣ ਲਈ ਪਹਿਲਾਂ, ਅਣਤੁਰੇ ਰਾਹਾਂ 'ਤੇ ਇਕੱਲਿਆਂ ਤੁਰਨਾ ਪਵੇਗਾ।

ਮਹਾਨ ਵਿਅਕਤੀ ਰੂਹਾਨੀ ਸੰਕਟ ਨੂੰ ਸਰੀਰਕ ਲਾਲਸਾਵਾਂ ਦੀ ਪੂਰਤੀ ਰਾਹੀਂ ਹੱਲ ਨਹੀਂ ਕਰਦੇ। ਉਨ੍ਹਾਂ ਦੀ ਸੰਸਾਰ ਵਿਚ ਡੂੰਘੀ ਦਿਲਚਸਪੀ ਹੁੰਦੀ ਹੈ ਪਰ ਸੰਸਾਰ ਦੀਆਂ ਵਸਤਾਂ ਅਤੇ ਸੁੱਖਾਂ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ।

ਸੰਸਾਰ ਦਾ ਸੁਭਾਅ ਛੱਪੜ ਵਾਲਾ ਹੁੰਦਾ ਹੈ, ਜਦੋਂ ਕਿ ਮਹਾਨ ਵਿਅਕਤੀਆਂ ਦਾ ਸੁਭਾਅ ਵਗਦੇ ਦਰਿਆ ਵਾਲਾ ਹੁੰਦਾ ਹੈ। ਆਖਰੀ ਸੱਚ ਦੀ ਥਰਥਰਾਹਟ ਨੂੰ ਮਾਣਨਾ, ਉਨ੍ਹਾਂ ਦਾ ਇਸ਼ਟ ਹੁੰਦਾ ਹੈ। ਉਹ ਨਿੱਕੇ ਘੇਰਿਆਂ ਦੇ ਮੁਰੀਦ ਨਹੀਂ ਹੁੰਦੇ, ਉਹ ਨਿੱਕੀਆਂ ਉਡਾਰੀਆਂ ਰਾਹੀਂ ਅਸਮਾਨ ਦੇ ਵੱਡੇ ਹੋਣ ਦਾ ਧੋਖਾ ਨਹੀਂ ਖਾਂਦੇ।

ਉਹ ਸੰਸਾਰੀਆਂ ਦੀ ਭੀੜ ਵਿਚ ਨਹੀਂ ਗੁਆਚਦੇ, ਉਨ੍ਹਾਂ ਦੀ ਸਰੀਰੀ, ਖਿਆਲੀ ਅਤੇ ਰੂਹਾਨੀ ਉਡਾਰੀ ਬੜੀ ਉੱਚੀ ਹੁੰਦੀ ਹੈ।

ਬਾਦਸ਼ਾਹੀ ਦੇ ਸੁਪਨੇ ਵੇਖਣਾ ਮੰਗਤਿਆਂ ਦਾ ਸ਼ੌਕ ਹੁੰਦਾ ਹੈ, ਜਦੋਂ ਕਿ ਬਾਦਸ਼ਾਹ ਅਕਸਰ ਮੰਗਤੇ ਹੋ ਜਾਣ ਦੇ ਡਰ ਦਾ ਸ਼ਿਕਾਰ ਹੁੰਦੇ ਹਨ।

ਨਵੇਂ ਰਾਹ ਉਲੀਕਣ ਵਾਲੇ ਅਤੇ ਅਣਗਾਹੇ ਰਾਹਾਂ ਤੇ ਚੱਲਣ ਵਾਲੇ ਮਨੁੱਖ ਹੀ ਸੰਸਾਰ ਵਿਚ ਇਖ਼ਲਾਕੀ ਅਤੇ ਰੂਹਾਨੀ ਇਨਕਲਾਬ ਲਿਆਉਂਦੇ ਹਨ।

ਇਨਕਲਾਬ ਦਾ ਕੋਈ ਫਾਰਮੂਲਾ ਨਹੀਂ ਹੁੰਦਾ, ਫਾਰਮੂਲਿਆਂ ਨਾਲ ਇਨਕਲਾਬ ਨਹੀਂ ਆਉਂਦੇ। ਜਿਤਨਾ ਉੱਚਾ ਆਦਰਸ਼ ਹੋਵੇਗਾ, ਉਤਨਾ ਉੱਚਾ ਪਰਿਵਰਤਨ ਵਾਪਰੇਗਾ।

ਹਰ ਇਨਕਲਾਬ ਨਵੇਂ, ਅਨੋਖੇ ਅਤੇ ਵੱਖਰੇ ਢੰਗ ਨਾਲ ਵਾਪਰਦਾ ਹੈ। ਇਨਕਲਾਬ ਭੀੜਾਂ ਨਹੀਂ ਲਿਆਉਂਦੀਆਂ, ਇਨਕਲਾਬ ਉਹ ਅਨੋਖੇ ਅਤੇ ਇੱਕਲੇ ਵਿਅਕਤੀ ਲਿਆਉਂਦੇ ਹਨ, ਜਿਨ੍ਹਾਂ ਕੋਲ ਹਨੇਰਿਆਂ ਤੋਂ ਪਾਰ ਵੇਖਣ ਵਾਲੀ ਅੱਖ ਹੁੰਦੀ ਹੈ।

ਮਨੁੱਖ ਇਕੱਲੇ ਹੋਣ ਤੋਂ ਡਰਦਾ ਹੈ। ਇਸੇ ਲਈ ਉਹ ਕਿਸੇ ਭੀੜ, ਸੰਸਥਾ ਜਾਂ ਜਥੇਬੰਦੀ ਲਈ ਤਾਂਘਦਾ ਹੈ। ਭੀੜ ਉਸ ਨੂੰ ਲੁਕ ਜਾਣ ਲਈ ਓਹਲਾ ਪ੍ਰਦਾਨ ਕਰਦੀ ਹੈ।

ਇਕੱਲੇ ਰਹਿ ਜਾਣ ਦਾ ਭੈਅ ਸਭ ਧਰਮਾਂ, ਸਮਾਗਮਾਂ, ਰਹੁ-ਰੀਤਾਂ, ਰਸਮਾਂ-ਰਿਵਾਜਾਂ, ਵਿਚਾਰਧਾਰਾਵਾਂ, ਫੈਸ਼ਨਾਂ, ਸਬੰਧਾਂ, ਰਿਸ਼ਤਿਆਂ, ਰਿਸ਼ਤੇਦਾਰੀਆਂ ਆਦਿ ਦੀ ਬੁਨਿਆਦ ਹੈ। ਪ੍ਰੇਮੀ ਵੀ ਇਕੱਲੇ ਰਹਿ ਜਾਣ ਦੇ ਭੈਅ ਕਾਰਨ ਹੀ ਦੂਜੀ ਧਿਰ ਨੂੰ ਵਿਆਹ ਲਈ ਮਜਬੂਰ ਕਰਦੇ ਹਨ। ਪੱਛੜ ਜਾਣ ਜਾਂ ਇਕੱਲੇ ਰਹਿ ਜਾਣ ਦੇ ਡਰ ਕਾਰਨ ਹੀ ਵਿਦਿਆਰਥੀ ਨਕਲ ਮਾਰਦੇ ਹਨ। ਅਸੀਂ ਮੌਤ ਤੋਂ ਵੀ ਇਸ ਲਈ ਡਰਦੇ ਹਾਂ, ਕਿਉਂਕਿ ਮੌਤ ਸਾਨੂੰ ਇਕੱਲਿਆਂ ਕਰ ਦਿੰਦੀ ਹੈ, ਦੂਜਿਆਂ ਨਾਲੋਂ ਨਿਖੇੜ ਦਿੰਦੀ ਹੈ, ਭੀੜ ਵਿਚੋਂ ਬਾਹਰ ਕੱਢ ਦਿੰਦੀ ਹੈ। ਮੌਤ ਤੋਂ ਬਚਣ ਲਈ ਅਸੀਂ ਭੀੜ ਦਾ ਭਾਗ ਬਣਦੇ ਹਾਂ ਅਤੇ ਵਧੇਰੇ ਸੁਰੱਖਿਆ ਲਈ ਆਪਣੇ ਆਲੇ-ਦੁਆਲੇ ਚੀਜ਼ਾਂ-ਵਸਤਾਂ ਦੀ ਭੀੜ ਜੋੜ ਲੈਂਦੇ ਹਾਂ।

ਵਿਦਵਾਨ, ਵਿਚਾਰਾਂ ਅਤੇ ਸੰਕਲਪਾਂ ਦੀ ਭੀੜ ਵਿਚ ਘਿਰ ਕੇ ਆਪਣੇ ਆਪ ਨੂੰ ਭੁਲੇਖਾ ਪਾਉਂਦੇ ਹਨ ਕਿ ਉਹ ਮੌਤ ਨਾਲ ਬਹਿਸ ਕਰ ਕੇ ਉਸ ਨੂੰ ਟਾਲ ਦੇਣਗੇ। ਭੀੜ ਨਾਲ ਜੁੜ ਕੇ ਰਹਿਣ ਦੀ ਇੱਛਾ ਵਾਸਤਵ ਵਿਚ ਕਿਆਸੇ ਹੋਏ ਦੁੱਖਾਂ ਨੂੰ ਭੁੱਲਣ ਅਤੇ ਮੌਤ ਵਿਰੁੱਧ ਜੂਝਣ ਦੀ ਇਕ ਵਿਧੀ ਹੈ।

ਅਸੀਂ ਦੁੱਖਾਂ ਨੂੰ ਭੁਲਾ ਕੇ ਉਨ੍ਹਾਂ ਦੇ ਲੋਪ ਹੋ ਜਾਣ ਦਾ ਭਰਮ ਪਾਲਦੇ ਹਾਂ।

ਭੀੜ ਪਰੰਪਰਾ ਨੂੰ ਪਾਲਦੀ ਹੈ। ਭੀੜ ਦਾ ਉਦੇਸ਼ ਪਰੰਪਰਾ ਦੀ ਰੱਖਿਆ ਕਰਨਾ ਹੁੰਦਾ ਹੈ ਜਾਂ ਕੋਈ ਨਵੀਂ, ਪਹਿਲੀ ਨਾਲੋਂ ਵੀ ਪੁਰਾਣੀ, ਪਰੰਪਰਾ ਮੁੜ ਸਥਾਪਿਤ ਕਰਨਾ ਹੁੰਦਾ ਹੈ। ਭੀੜ ਅਕਸਰ ਪਰਿਵਰਤਨ ਅਤੇ ਵਿਕਾਸ ਦੀ ਵਿਰੋਧੀ ਹੁੰਦੀ ਹੈ। ਚਿੰਤਕਾਂ ਦਾ ਭੀੜ ਨਾਲ ਖੜ੍ਹੇ-ਦਾਅ ਦਾ ਵਿਰੋਧ ਹੁੰਦਾ ਹੈ, ਕਿਉਂਕਿ ਭੀੜ ਪਰੰਪਰਾ ਦੀ ਰਾਖੀ ਕਰਦੀ ਹੈ, ਜਦੋਂ ਕਿ ਚਿੰਤਕਾਂ ਨੇ ਸਥਾਪਤ ਪਰੰਪਰਾ ਨੂੰ ਢਾਹ ਕੇ ਨਵੇਂ ਵਿਚਾਰਾਂ ਅਤੇ ਸੰਕਲਪਾਂ ਨੂੰ ਸਥਾਪਿਤ ਕਰਨਾ ਹੁੰਦਾ ਹੈ। ਨਵੇਂ ਵਿਚਾਰ ਅਤੇ ਨਵੇਂ ਸੰਕਲਪ ਮਨੁੱਖਤਾ ਵਿਚ ਡੂੰਘੇ ਵਿਸ਼ਵਾਸ ਤੋਂ ਬਿਨਾਂ ਸੰਭਵ ਨਹੀਂ ਹੁੰਦੇ।

ਜਦੋਂ ਚਿੱਤ ਦਾ ਅੰਬਰ ਨਿਖਰ ਆਉਂਦਾ ਹੈ ਤਾਂ ਸੰਸੇ ਮੁੱਕ ਜਾਂਦੇ ਹਨ ਅਤੇ ਸ਼ਿਕਵੇ-ਸ਼ਿਕਾਇਤਾਂ ਦੀ ਭੀੜ ਖਿੰਡ ਜਾਂਦੀ ਹੈ। ਇਹ ਮਨੁੱਖ ਦਾ ਦੂਜਾ ਜਨਮ ਹੁੰਦਾ ਹੈ, ਉਹ ਸਿਧਾਰਥ ਤੋਂ ਬੁੱਧ ਬਣ ਜਾਂਦਾ ਹੈ।

ਇਸੇ ਕਰ ਕੇ ਕਹਿੰਦੇ ਹਨ ਕਿ ਜਦੋਂ ਪੱਥਰ ਦੂਜਾ ਜਨਮ ਲੈਂਦਾ ਹੈ ਤਾਂ ਉਹ ਹੀਰਾ ਬਣ ਜਾਂਦਾ ਹੈ। ਹੀਰੇ ਨੂੰ ਪੱਥਰਾਂ ਦੀ ਭੀੜ ਤੋਂ ਵੱਖਰਾ ਹੋਣਾ ਪਵੇਗਾ। ਇਹ ਬੜਾ ਔਖਾ ਕਾਰਜ ਹੈ ਪਰ ਯਾਦ ਰੱਖਣਾ ਕਿ ਸਾਰੇ ਪਰਿਵਰਤਨ ਅਤੇ ਵਿਕਾਸ ਔਖੇ ਹੁੰਦੇ ਹਨ।

ਜਲਦੀ ਨਾਲ ਵਾਪਰਨ ਵਾਲੀ ਤਬਦੀਲੀ ਟਿਕਾਊ ਅਤੇ ਹੰਢਣਸਾਰ ਨਹੀਂ ਹੁੰਦੀ। ਇਸੇ ਕਰ ਕੇ ਕਹਿੰਦੇ ਹਨ ਕਿ ਭੀੜ ਵਾਂਗ ਜਲਦੀ ਨਾ ਕਰੋ, ਕਿਉਂਕਿ ਅਕਸਰ ਜਲਦੀ ਕਾਰਨ ਹੀ ਦੇਰੀ ਹੋ ਜਾਂਦੀ ਹੈ। ਪੱਥਰਾਂ ਦੀ ਲੰਮੀ ਖੋਜ ਤੋਂ ਹੀ ਕੀਮਤੀ ਹੀਰੇ ਲੱਭੇ ਗਏ ਹਨ। ਪੱਥਰ, ਪੱਥਰਾਂ ਦੀ ਭੀੜ ਵਿਚ ਗੁਆਚ ਗਏ ਹੀਰੇ ਹੁੰਦੇ ਹਨ, ਜਦੋਂ ਕਿ ਹੀਰੇ ਭੀੜ ਵਿਚੋਂ ਜਾਗੇ ਹੋਏ ਪੱਥਰ ਹੀ ਹੁੰਦੇ ਹਨ।

ਭੀੜ ਦਾ ਉਦੇਸ਼ ਕਦੀ ਸ਼ੁਭ ਨਹੀਂ ਹੁੰਦਾ।

ਚੰਗੀ ਥਾਂ 'ਤੇ ਕਦੀ ਭੀੜ ਨਹੀਂ ਜੁੜਦੀ। ਭੀੜ ਝੂਠ ਬੋਲਦੀ ਹੈ। ਸੱਚ ਬੋਲਣ ਲਈ ਇਕੱਲੇ ਹੋਣਾ ਪੈਂਦਾ ਹੈ ਜਾਂ ਇਕੱਲੇ ਹੋ ਕੇ ਹੀ ਸੱਚ ਬੋਲਿਆ ਜਾ ਸਕਦਾ ਹੈ ਜਾਂ ਸੱਚ ਬੋਲਣ ਵਾਲੇ ਨੂੰ ਭੀੜ ਇਕੱਲਾ ਕਰ ਦਿੰਦੀ ਹੈ।

ਝੂਠ ਬੋਲਣ ਵਾਲੇ ਨੂੰ ਰੱਬ ਦੀ ਪ੍ਰਵਾਹ ਨਹੀਂ ਹੁੰਦੀ, ਬੰਦੇ ਦਾ ਡਰ ਹੁੰਦਾ ਹੈ, ਜਦੋਂ ਕਿ ਸੱਚ ਬੋਲਣ ਵਾਲੇ ਨੂੰ ਕੇਵਲ ਰੱਬ ਦਾ ਡਰ ਹੁੰਦਾ ਹੈ, ਉਸ ਨੂੰ ਕਿਸੇ ਸਰਕਾਰ ਜਾਂ ਬੰਦੇ ਦੀ ਪ੍ਰਵਾਹ ਨਹੀਂ ਹੁੰਦੀ।

ਵੇਖਿਆ ਗਿਆ ਹੈ ਕਿ ਇਕੱਲਾ ਵਿਅਕਤੀ ਕਦੀ ਭੈੜਾ ਨਹੀਂ ਹੁੰਦਾ, ਭੈੜਾ ਵਿਅਕਤੀ ਵੀ ਜਦੋਂ ਇਕੱਲਾ ਹੁੰਦਾ ਹੈ, ਉਹ ਚੰਗਾ ਵਿਹਾਰ ਹੀ ਕਰਦਾ ਹੈ।

ਭੈੜਾ ਉਹ ਹੋਰਾਂ ਨਾਲ ਰਲ ਕੇ, ਭੀੜ ਦਾ ਭਾਗ ਬਣ ਕੇ ਹੀ ਹੁੰਦਾ ਹੈ।

ਭੀੜ ਨਾਲ ਬਹਿਸ ਸੰਭਵ ਨਹੀਂ ਹੁੰਦੀ। ਭੀੜ ਕਿਸੇ ਦਾ ਸਨਮਾਨ ਨਹੀਂ ਕਰ ਸਕਦੀ, ਅਪਮਾਨ ਹੀ ਕਰ ਸਕਦੀ ਹੈ, ਭੀੜ ਕੋਲ ਧੀਰਜ ਨਹੀਂ ਹੁੰਦਾ।

ਭੀੜ ਸਬੰਧੀ ਸਿਧਾਂਤ ਹੈ ਕਿ ਕਿਸੇ ਸਮੁੱਚੀ ਭੀੜ ਦਾ ਵਿਹਾਰ, ਉਸ ਭੀੜ ਵਿਚਲੇ ਨੀਵੀਂ ਤੋਂ ਨੀਵੀਂ ਅਕਲ ਵਾਲੇ ਵਿਅਕਤੀ ਦੀ ਪੱਧਰ ਤਕ ਡਿੱਗੇਗਾ। ਕਿਸੇ ਭੀੜ ਵਿਚ ਜਿਹੜਾ ਵਿਅਕਤੀ ਸਭ ਤੋਂ ਵੱਧ ਮੂਰਖ ਜਾਂ ਗੈਰ-ਜ਼ਿੰਮੇਵਾਰ ਜਾਂ ਲੜਾਕਾ ਹੋਵੇਗਾ, ਸਮੁੱਚੀ ਭੀੜ ਅੰਤ ਨੂੰ ਉਸ ਵਰਗੀ ਹੋ ਨਿਬੜੇਗੀ।

ਇਸ ਸਿਧਾਂਤ ਦਾ ਦੂਜਾ ਸਿਰਾ ਵੀ ਹੈ। ਕਿਸੇ ਸੈਮੀਨਾਰ, ਜਾਂ ਜਮਾਤ ਜਾਂ ਪਰਿਵਾਰ ਜਾਂ ਸਭਾ ਆਦਿ ਦਾ ਸਮੁੱਚਾ ਵਿਹਾਰ ਅਤੇ ਉਸ ਵਿਚਲੇ ਹਰ ਵਿਅਕਤੀ ਦਾ ਵਿਹਾਰ, ਉਸ ਵਿਚਲੇ ਸਿਆਣੇ ਤੋਂ ਸਿਆਣੇ ਵਿਅਕਤੀ ਦੀ ਪੱਧਰ ਤਕ ਉੱਚਾ ਜਾਵੇਗਾ, ਇਸ ਤੋਂ ਉਪਰ ਨਹੀਂ ਜਾ ਸਕਦਾ।

ਗੁੱਸਾ, ਖਤਰਾ ਜਾਂ ਡਰ ਭੀੜ ਨੂੰ ਸਿਰਜਦਾ ਹੈ। ਗੁੱਸੇ, ਖਤਰੇ ਜਾਂ ਡਰ ਆਦਿ ਦੇ ਭਾਵ ਮਨੁੱਖ ਨੂੰ ਅੰਦਰੋਂ-ਬਾਹਰੋਂ ਗ੍ਰਿਫਤਾਰ ਕਰ ਲੈਂਦੇ ਹਨ। ਇਸ ਸਥਿਤੀ ਵਿਚ ਅਕਸਰ ਕੋਈ ਗੱਲ ਵਾਪਰ ਜਾਂਦੀ ਹੈ ਜਾਂ ਕੋਈ ਅਫ਼ਵਾਹ ਫੈਲ ਜਾਂਦੀ ਹੈ। ਜਦੋਂ ਲੋਕ ਗੁੱਸੇ ਹੋਣ ਜਾਂ ਡਰੇ ਹੋਣ ਤਾਂ ਉਹ ਹਰ ਘਟਨਾ ਜਾਂ ਖਤਰੇ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦੇ ਹਨ। ਲੋਕਾਂ ਵਿਚ ਗੁੱਸੇ ਜਾਂ ਡਰ ਦੀ ਸਾਂਝ ਕਾਰਨ ਅਫ਼ਵਾਹ ਕੰਨੋ-ਕੰਨ ਫੈਲ ਜਾਂਦੀ ਹੈ। ਇਸਤਰੀਆਂ ਵਿਚ ਸੁਭਾਵਿਕ ਹੀ ਕਲਪਨਾ ਸ਼ਕਤੀ ਵਧੇਰੇ ਹੋਣ ਕਾਰਨ ਗੱਲ ਨੂੰ ਵਧਾ-ਚੜ੍ਹਾ ਕੇ ਕਹਿਣ ਦੀ ਬਿਰਤੀ ਹੁੰਦੀ ਹੈ। ਸਾਂਝੇ ਖਤਰੇ ਵਿਰੁੱਧ ਸਾਰੇ ਇਕ ਦੂਜੇ ਦੇ ਸਹਿਯੋਗੀ ਹੋ ਨਿਬੜਦੇ ਹਨ। ਹਰ ਕੋਈ ਆਪਣੀ ਵਿਤ ਅਨੁਸਾਰ ਅਫ਼ਵਾਹ ਜਾਂ ਘਟਨਾ ਨਾਲ ਨਵੇਂ-ਨਵੇਂ ਪੱਖ ਜੋੜਦਾ ਜਾਂਦਾ ਹੈ ਅਤੇ ਭੀੜ ਦਾ ਆਕਾਰ ਨਿਰੰਤਰ ਵਧਦਾ ਜਾਂਦਾ ਹੈ। ਨਕਲ ਦੀ ਤੀਖਣ ਬਿਰਤੀ ਕਾਰਨ ਸਾਰੇ ਇਕ ਦੂਜੇ ਵਾਂਗ ਸੋਚਣ ਅਤੇ ਵਿਹਾਰ ਕਰਨ ਲੱਗ ਪੈਂਦੇ ਹਨ। ਹੌਲੀ-ਹੌਲੀ ਸੋਚ ਘਟਦੀ ਜਾਂਦੀ ਹੈ, ਹਰਕਤ ਵਧਦੀ ਜਾਂਦੀ ਹੈ ਅਤੇ ਭੀੜ ਨੂੰ ਜੋਸ਼, ਉਤੇਜਨਾ ਅਤੇ ਭਾਵੁਕਤਾ ਦੀ ਲਾਗ ਲਗ ਜਾਂਦੀ ਹੈ।

ਭੀੜ ਦੇ ਅਗਲੇ ਹਿੱਸੇ ਦੇ ਲੋਕ ਜੋ ਕਰਦੇ ਹਨ, ਬਾਕੀ ਹਿੱਸੇ ਉਸ ਦੀ ਨਕਲ ਅਤੇ ਸਮਰਥਨ ਕਰਨ ਲਗ ਪੈਂਦੇ ਹਨ। ਇਸ ਸਥਿਤੀ ਵਿਚ ਧਰਮ ਜਾਂ ਅਣਖ ਜਾਂ ਇੱਜ਼ਤ ਜਾਂ

ਪੱਤ ਜਾਂ ਆਬਰੂ ਖਤਰੇ ਵਿਚ ਹੋਣ ਦੀ ਦੁਹਾਈ, ਚਿਰਾਂ ਤੋਂ ਅਣਵਰਤੀ ਸੁੱਤੀ ਪਈ ਸ਼ਕਤੀ ਨੂੰ ਜਗਾ ਦਿੰਦੀ ਹੈ। ਸਮੁੱਚੀ ਭੀੜ ਇਕ-ਮੁਠ ਹੋ ਕੇ ਟਕਰਾਉਣ ਦੇ ਰੌਅ ਵਿਚ ਸਮੁੰਦਰ ਦੇ ਤੂਫ਼ਾਨ ਵਾਂਗ ਅੰਨ੍ਹੀ ਸ਼ਕਤੀ ਦੇ ਰੂਪ ਵਿਚ ਉਠ ਖਲੋਂਦੀ ਹੈ। ਭੀੜ ਆਪਣੇ ਅਜਿੱਤ ਹੋਣ ਦਾ ਭਰਮ ਪਾਲ ਕੇ ਨਵੇਂ ਰੋਹ ਵਿਚ ਆ ਜਾਂਦੀ ਹੈ। ਇਸ ਸਥਿਤੀ ਵਿਚ ਭੀੜ ਨੂੰ ਬਲ ਉਠਣ ਲਈ ਕਿਸੇ ਇਕ ਚਿੰਗਾੜੀ ਦੀ ਹੀ ਲੋੜ ਹੁੰਦੀ ਹੈ। ਕਈਆਂ ਅੰਦਰਲਾ ਸ਼ਹੀਦੀ ਉਭਾਰ ਅਤੇ ਕਈਆਂ ਅੰਦਰ ਕੁਝ ਕਰ ਗੁਜ਼ਰਨ ਦੀ ਤਾਂਘ ਜਾਗ ਪੈਂਦੀ ਹੈ। ਹਰ ਰੁਕਾਵਟ ਅਤੇ ਕਾਬੂ ਕੀਤੇ ਜਾਣ ਦੇ ਹਰ ਯਤਨ ਨੂੰ ਉਲੰਘ ਜਾਣ ਵਿਚ ਹੀ ਭੀੜ ਨੂੰ ਆਪਣਾ ਬਚਾਓ ਦਿਖਾਈ ਦੇਣ ਲੱਗ ਪੈਂਦਾ ਹੈ। ਜਦੋਂ ਭੀੜ ਦੇ ਅੰਦਰਲੇ ਹਿੱਸੇ ਨੂੰ ਆਪਣੇ ਘਿਰ ਜਾਣ ਦਾ ਤੌਖਲਾ ਪੈਦਾ ਹੋ ਜਾਵੇ ਤਾਂ ਅੰਦਰੋਂ ਬਾਹਰ ਵੱਲ ਲੱਗਣ ਵਾਲਾ ਜ਼ੋਰ ਵੱਧ ਜਾਂਦਾ ਹੈ। ਭੀੜ ਵਿਚ ਘਿਰ ਗਏ ਵਿਅਕਤੀਆਂ ਦੇ ਅਵਚੇਤਨ ਵਿਚ ਦਬੇ-ਘੁਟੇ ਗਿਲੇ-ਸ਼ਿਕਵੇ, ਅਪੂਰਤ-ਇੱਛਾਵਾਂ ਦਾ ਹਜੂਮ ਅਤੇ ਹੋਏ ਅਪਮਾਨਾਂ ਦਾ ਬਦਲਾ ਲੈਣ ਦੀ ਭਾਵਨਾ ਜਾਗ ਪੈਂਦੀ ਹੈ। ਵਿਰੋਧ ਜਾਂ ਵਿਰੋਧੀ ਨੂੰ ਕੁਚਲਣ ਦੀ ਬਿਰਤੀ ਭੀੜ ਨੂੰ ਕਾਰਜ ਕਰਨ ਲਈ ਪ੍ਰੇਰਦੀ ਹੈ।

ਹਰ ਭੀੜ ਮਿੰਟਾਂ ਵਿਚ ਹੀ ਸਭਿਅਕ ਵਿਹਾਰ ਅਤੇ ਸਭਿਅਤਾ ਦੀਆਂ ਅਣਗਿਣਤ ਪੌੜੀਆਂ ਥੱਲੇ ਉਤਰ ਜਾਂਦੀ ਹੈ ਅਤੇ ਭੀੜ ਦਾ ਵਿਹਾਰ ਸਮਾਜ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਵਾਲੇ ਜਾਂਗਲੀ, ਬੇ-ਮੁਹਾਰ ਮਨੁੱਖੀ-ਇੱਜੜ ਵਾਲਾ ਹੋ ਜਾਂਦਾ ਹੈ। ਭੀੜ ਵਿਚ ਉਤੇਜਨਾ ਨੂੰ ਇਕ ਦੂਜੇ ਤੋਂ ਭਰਵਾਂ ਹੁੰਗਾਰਾ ਮਿਲਦਾ ਹੈ ਅਤੇ ਦੂਜਿਆਂ ਨਾਲੋਂ ਵੱਧ ਕਰ ਗੁਜ਼ਰਨ ਲਈ ਮੁਕਾਬਲਾ ਚੱਲ ਪੈਂਦਾ ਹੈ ਅਤੇ ਹਰ ਕੋਈ ਇਸ ਨੂੰ ਵੱਧ ਤੋਂ ਵੱਧ ਸਵੈ-ਪ੍ਰਗਟਾਵੇ ਦਾ ਅਵਸਰ ਬਣਾ ਲੈਂਦਾ ਹੈ।

ਇਵੇਂ ਭੀੜ ਉਸਰੇ ਨੂੰ ਢਾਹੁਣ ਦੇ ਕਾਰਜ ਵਿਚ ਰੁਝ ਜਾਂਦੀ ਹੈ।

ਭਾਵਾਂ ਦੀ ਪੱਧਰ 'ਤੇ ਸਾਰੇ ਮਨੁੱਖ ਬਰਾਬਰ ਹੁੰਦੇ ਹਨ ਜਦੋਂ ਕਿ ਸਮਝ ਦੇ ਪੱਖੋਂ ਉਹ ਉੱਚੇ-ਨੀਵੇਂ ਹੁੰਦੇ ਹਨ। ਭੀੜ ਭਾਵਾਂ ਦਾ ਗੱਠ-ਜੋੜ, ਜੋੜ-ਮੇਲਾ ਅਤੇ ਸਮੂਹ ਹੁੰਦੀ ਹੈ। ਜਹਾਦ, ਮੁਹਿੰਮਾਂ ਅਤੇ ਮੋਰਚੇ ਭੀੜ ਦੇ ਵਰਤਾਰੇ ਹੁੰਦੇ ਹਨ।

ਭੀੜ ਵੱਖਰੀ ਸੋਚ ਵਾਲੇ ਵਿਅਕਤੀਆਂ ਨੂੰ ਡਰਾਉਣ ਦਾ ਹਥਿਆਰ ਵੀ ਹੈ। ਭੀੜ ਕੋਲ ਸਮਝਣ-ਸਮਝਾਉਣ ਦਾ ਸਬਰ ਨਹੀਂ ਹੁੰਦਾ। ਉਸ ਵਿਚ ਕੇਵਲ ਮਰਨ-ਮਾਰਨ ਅਤੇ ਬਦਲਾ ਲੈਣ ਦਾ ਜਜ਼ਬਾ ਹੁੰਦਾ ਹੈ। ਕਿਸੇ ਦੇਸ਼ ਦੀ ਵੰਡ ਜਾਂ ਦੰਗੇ-ਫਸਾਦਾਂ ਦੌਰਾਨ ਇਹ ਸਥਿਤੀ ਆਮ ਵੇਖਣ ਵਿਚ ਆਉਂਦੀ ਹੈ।

ਭੀੜ ਹਰ ਯੁਗ ਦਾ ਵਰਤਾਰਾ ਰਹੀ ਹੈ। ਭੀੜਾਂ ਨੇ ਉਸਰੀਆਂ ਸਭਿਆਤਾਵਾਂ ਤਬਾਹ ਕੀਤੀਆਂ ਹਨ। ਤੁਰਕਾਂ ਦੀਆਂ ਭੀੜਾਂ ਨੇ ਯੂਨਾਨੀ ਅਤੇ ਰੋਮਨ ਸਭਿਆਤਾਵਾਂ ਨੂੰ ਢਾਹ ਲਾਈ ਹੈ। ਵਿਸ਼ਵ ਦਾ ਇਤਿਹਾਸ ਇਕੱਲੇ ਅਤੇ ਅਨੋਖੇ ਵਿਅਕਤੀਆਂ ਦੇ ਯੋਗਦਾਨ ਦਾ ਇਤਿਹਾਸ ਹੈ, ਜਦੋਂ ਕਿ ਭੀੜਾਂ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਮੇਟਣ ਦੇ ਕਾਰਜ ਵਿਚ ਆਪ ਮਿਟ ਜਾਂਦੀਆਂ ਹਨ।

ਸੰਸਾਰ, ਭੀੜ ਨੂੰ, ਸਮੁੰਦਰ ਵਿਚ ਡੁੱਬੇ ਜਹਾਜ਼ ਵਾਂਗ ਭੁਲ ਜਾਂਦਾ ਹੈ।

ਹਰ ਕਿਸੇ ਵਿਚ ਅਨੋਖੇ ਅਤੇ ਇਕੱਲੇ ਹੋਣ ਦੀ ਸੰਭਾਵਨਾ ਜਾਂ ਸਮਰੱਥਾ ਨਹੀਂ ਹੁੰਦੀ। ਲੋਕਾਂ ਦੀ ਬਹੁ-ਗਿਣਤੀ ਭੀੜ ਦਾ ਭਾਗ ਬਣਨ ਜੋਗ ਹੀ ਹੁੰਦੀ ਹੈ।

ਹੁਣ ਕਲਾਸ ਵਿਚ ਅਗਲੇ ਬੈਂਚ 'ਤੇ ਬਹਿਣ ਵਾਲਿਆਂ ਦੀ ਗਿਣਤੀ ਸੁੰਗੜਦੀ ਜਾ ਰਹੀ ਹੈ। ਹੁਣ ਬਹੁਤੇ ਵਿਦਿਆਰਥੀ ਪਿੱਛੇ ਵਧੇਰੇ ਸੌਖ ਨਾਲ ਬਹਿੰਦੇ ਹਨ। ਉਨ੍ਹਾਂ ਦੀ ਸਫਲਤਾ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ। ਉਹ ਅੱਵਲ ਨਹੀਂ ਆਉਣਾ ਚਾਹੁੰਦੇ, ਉਹ ਭੀੜ ਤੋਂ ਵੱਖਰੇ ਨਹੀਂ ਹੋਣਾ ਚਾਹੁੰਦੇ। ਉਨ੍ਹਾਂ ਦਾ ਦਿਲ ਉਥੇ ਹੀ ਲੱਗਦਾ ਹੈ, ਜਿੱਥੇ ਭੀੜ ਹੁੰਦੀ ਹੈ। ਉਹ ਨਾਇਕ ਨਹੀਂ ਬਣਨਾ ਚਾਹੁੰਦੇ।

ਧਰਮ ਦੇ ਖੇਤਰ ਵਿਚ ਵੀ ਫ਼ਿਰਕਾਪ੍ਰਸਤੀ ਕਾਰਨ ਭੀੜ ਵੱਧ ਰਹੀ ਹੈ। ਜਿਉਂ-ਜਿਉਂ ਹਿੰਸਾ ਦਾ ਡਰ ਵਧੇਗਾ, ਇਹ ਭੀੜ ਵੱਡੀ ਹੁੰਦੀ ਜਾਵੇਗੀ।

ਨਿਰਸੰਦੇਹ ਡਰ ਵਿਚ ਧਰਮ ਸਾਡੀ ਧਰਵਾਸ ਬਣਦਾ ਹੈ ਪਰ ਧਰਮ ਆਪ ਵੀ ਇਕ ਸਹਿਮ ਬਣ ਕੇ ਸਾਡੀ ਛਾਤੀ ਉਤੇ ਬੈਠ ਗਿਆ ਹੈ।

ਵਪਾਰਕ ਅਦਾਰੇ, ਰਾਜਨੀਤਕ ਪਾਰਟੀਆਂ, ਸੰਚਾਰ ਸਾਧਨ ਆਦਿ ਹਰ ਮਨੁੱਖ ਨੂੰ ਕਿਸੇ ਵੱਡੀ ਭੀੜ ਦਾ ਭਾਗ ਬਣਾਉਣ ਦੇ ਆਹਰ ਵਿਚ ਹਨ। ਮਨੁੱਖ ਲਈ ਵੱਖਰੇ ਢੰਗ ਨਾਲ ਸੋਚਣ ਦੀਆਂ ਸੰਭਾਵਨਾਵਾਂ ਸੁੰਗੜ ਰਹੀਆਂ ਹਨ ਅਤੇ ਨਤੀਜੇਵੱਸ ਹਰ ਇਕ ਵਿਅਕਤੀ ਵੱਖ-ਵੱਖ ਕਾਰਨਾਂ ਕਰ ਕੇ ਜੀਵਨ ਤੋਂ ਅਸੰਤੁਸ਼ਟ ਹੈ। ਇਹ ਅਸੰਤੋਖ ਉਸ ਨੂੰ ਅਸੰਤੁਸ਼ਟ ਲੋਕਾਂ ਦੀ ਭੀੜ ਦਾ ਭਾਗ ਬਣਨ ਲਈ ਪ੍ਰੇਰ ਰਿਹਾ ਹੈ। ਅਜੋਕਾ ਮਨੁੱਖ ਖਿਆਲੀ, ਇਖ਼ਲਾਕੀ ਅਤੇ ਰੂਹਾਨੀ ਸੰਕਟ ਦਾ ਸ਼ਿਕਾਰ ਹੈ।

ਕਈਆਂ ਲਈ ਭੀੜ ਵਿਚ ਗੁਆਚਣਾ ਹੀ ਮਨ-ਪ੍ਰਚਾਵਾ ਹੋ ਗਿਆ ਹੈ।

ਜਿਹੜੇ ਸੋਚ ਸਕਦੇ ਹਨ, ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਸੰਸਾਰ ਦੇ ਨਿਰਾਸ਼ ਅਤੇ ਅਸੰਤੁਸ਼ਟ ਵਿਅਕਤੀਆਂ ਦੀ ਭੀੜ ਨੂੰ ਜ਼ਿੰਦਗੀ ਦੇ ਨਾਚ ਵਿਚ, ਜ਼ਿੰਦਗੀ ਦੇ ਜਸ਼ਨ ਵਿਚ, ਕਿਵੇਂ ਬਦਲਿਆ ਜਾਵੇ ਅਤੇ ਉਨ੍ਹਾਂ ਨੂੰ ਅਨੋਖੇ ਅਤੇ ਇਕੱਲੇ ਮਾਰਗ 'ਤੇ ਕਿਵੇਂ ਪਾਇਆ ਜਾਵੇ ਤਾਂ ਜੁ ਉਹ ਆਪਣੀ ਸੋਚ ਦਾ, ਆਪਣੇ ਵਿਹਾਰ ਦਾ ਘੇਰਾ ਵਿਸ਼ਾਲ ਕਰ ਸਕਣ ਅਤੇ ਮਾਨਵਜਾਤੀ ਲਈ ਨਵੇਂ ਆਦਰਸ਼ ਉਸਾਰ ਸਕਣ।

ਭੀੜ ਵਿਚ ਗੁਆਚ ਗਿਆਂ ਨੂੰ ਇਹ ਅਸੰਭਵ ਜਾਪੇਗਾ ਪਰ ਉਨ੍ਹਾਂ ਨੂੰ ਯਾਦ ਕਰਾਉਣਾ ਪਵੇਗਾ ਕਿ ਹਰ ਚੰਗਾ ਕੰਮ ਪਹਿਲਾਂ ਅਸੰਭਵ ਵਿਖਾਈ ਦਿੰਦਾ ਹੈ। ਅਸੰਭਵ ਨੂੰ ਸੰਭਵ ਬਣਾਉਣ ਵਿਚ ਹੀ ਕਿਸੇ ਦਾ ਅਨੋਖਾਪਣ ਛੁਪਿਆ ਹੁੰਦਾ ਹੈ।

ਜਦੋਂ ਇਕ ਹੱਥ ਅਜਿਹੇ ਵਿਅਕਤੀਆਂ ਦਾ ਅਤੇ ਦੂਜਾ ਹੱਥ ਸਮੁੱਚੇ ਸਮਾਜ ਦਾ ਹੋਵੇਗਾ, ਤਾਂ ਜ਼ਿੰਦਗੀ ਨੂੰ ਹੁਲਾਰਾ ਅਤੇ ਉਤਸ਼ਾਹ ਦੇਣ ਵਾਲੀ ਤਾੜੀ ਖ਼ੂਬ ਵਜੇਗੀ ਅਤੇ ਉਦਾਸੀਨਤਾ, ਜਸ਼ਨ ਵਿਚ ਬਦਲ ਜਾਵੇਗੀ।

ਇਹ ਵਿਅਕਤੀ ਧਿਆਨ ਵਿਚ ਜਿਤਨੇ ਡੂੰਘੇ ਉਤਰਨਗੇ, ਅਮਲ ਦੇ ਪੱਖੋਂ ਸਮਾਜ ਉਤਨਾ ਉੱਚਾ ਹੁੰਦਾ ਜਾਵੇਗਾ।

♣♣♣

ਚਲਦਿਆਂ-ਚਲਦਿਆਂ...

ਸਕੂਲ ਵਿਚ ਜਦੋਂ ਮੈਂ ਚੌਥੀ ਜਮਾਤ ਦਾ ਵਿਦਿਆਰਥੀ ਸਾਂ ਤਾਂ ਇਕ ਦਿਨ ਅਚਾਨਕ ਹੀ ਸਾਡੇ ਧਾਰਮਿਕ ਵਿਸ਼ੇ ਦੇ ਮਾਸਟਰ ਜੀ ਕਲਾਸ ਵਿਚ ਨਜ਼ਰ ਦੀਆਂ ਐਨਕਾਂ ਲਾ ਕੇ ਆ ਗਏ। ਮੈਂ ਰੱਬ ਦੀ ਸਹੁੰ ਖਾ ਕੇ ਕਹਿੰਦਾ ਹਾਂ ਕਿ ਮੈਂ ਕੇਵਲ ਪ੍ਰਸ਼ੰਸਾ-ਭਰੀ ਭਾਵਨਾ ਨਾਲ ਹੀ ਉਨ੍ਹਾਂ ਨੂੰ ਕਿਹਾ ਸੀ, "ਮਾਸਟਰ ਜੀ, ਅੱਜ ਐਨਕਾਂ ਨਾਲ ਤੁਸੀਂ ਪੜ੍ਹੇ-ਲਿਖੇ ਲਗਦੇ ਹੋ, ਐਨਕਾਂ ਰੋਜ਼ ਲਾਇਆ ਕਰੋ" ਪਰ ਉਨ੍ਹਾਂ ਨੇ ਆਪਣੀ ਸਹਿਣਸ਼ੀਲਤਾ ਦਾ ਵਿਸ਼ਾਲ ਸਬੂਤ ਦਿੰਦੇ ਹੋਏ ਮੈਨੂੰ ਖੜ੍ਹਾ ਕਰ ਲਿਆ ਅਤੇ ਮੇਰੇ ਮੋਢੇ ਦੀ ਨਾਜ਼ਕ ਹੱਡੀ ਨਾਲ, ਮੇਰੇ ਨਾਲੋਂ ਲੰਮੇ, ਆਪਣੇ ਹੱਥ ਵਿਚ ਫੜੇ, ਡੰਡੇ ਦੀ ਮਜ਼ਬੂਤੀ ਪਰਖਣ ਲਗ ਪਏ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਆਪਣੇ ਪੜ੍ਹੇ-ਲਿਖੇ ਹੋਣ ਦਾ ਸਬੂਤ ਕਿਉਂ ਕਿਉਂ ਦੇ ਰਹੇ ਸਨ। ਉਨ੍ਹਾਂ ਨੇ ਤਾਂ ਨਹੀਂ ਪਰ ਉਨ੍ਹਾਂ ਦੇ ਡੰਡੇ ਨੇ ਮੇਰੇ ਮੋਢੇ ਦੀ ਹੱਡੀ ਤੋੜ ਦਿੱਤੀ ਅਤੇ ਮੈਨੂੰ ਜੀਵਨ ਭਰ ਲਈ ਕਿਸੇ ਦੇ ਮੋਢੇ ਨਾਲ ਮੋਢਾ ਮਿਲਾ ਕੇ ਚੱਲਣ ਦੇ ਪੱਖੋਂ ਨਕਾਰਾ ਕਰ ਦਿੱਤਾ।

ਉਦੋਂ ਮੈਨੂੰ ਰੱਬ ਤੋਂ ਬਿਲਕੁਲ ਕੋਈ ਡਰ ਨਹੀਂ ਸੀ ਲਗਦਾ ਪਰ ਇਸ ਮਾਸਟਰ ਜੀ ਤੋਂ ਬਹੁਤ ਭੈਅ ਆਉਂਦਾ ਸੀ। ਜਿਹੜੇ ਦੋ ਹੋਰ ਵਿਦਿਆਰਥੀ ਉਨ੍ਹਾਂ ਤੋਂ ਭੈਅ ਖਾਂਦੇ ਸਨ ਉਹੀ ਮੇਰੇ ਮੁੱਢਲੇ ਦੋਸਤ ਬਣੇ। ਇਵੇਂ ਮੈਨੂੰ ਜ਼ਿੰਦਗੀ ਦੇ ਬਹੁਤ ਮਿੱਠੇ ਦੋਸਤ ਇਸ ਕੋੜੇ ਅਨੁਭਵ ਵਿਚੋਂ ਮਿਲੇ। ਕਈ ਵਾਰੀ ਮਾਸਟਰ ਜੀ ਸਾਨੂੰ ਤਿੰਨਾਂ ਨੂੰ ਇਕੋ ਬੈਂਚ ਉਤੇ ਖੜ੍ਹਾ ਕਰ ਕੇ, ਮੱਛਰਦਾਨੀ ਵਾਲੀ ਲੰਮੀ ਸੋਟੀ ਨਾਲ, ਛੇ ਮਾਸੂਮ ਗੋਡਿਆਂ ਉਤੇ, ਇਕੋ ਹੱਬਲੇ ਵਿਚ ਕਰਾਰੀ ਸੱਟ ਮਾਰਦੇ ਸਨ। ਅੰਤਾਂ ਦੀ ਪੀੜ ਹੋਣ ਦੇ ਬਾਵਜੂਦ, ਅਸੀਂ ਉਨ੍ਹਾਂ ਦੇ ਇਸ ਲਾਸਾਨੀ ਹੁਨਰ ਦੀ ਦਾਦ ਦਿੱਤੇ ਬਿਨਾਂ ਨਹੀਂ ਸਾਂ ਰਹਿੰਦੇ।

ਜ਼ਿੰਦਗੀ ਵਿਚ ਖਿੜੇ-ਮੱਥੇ ਕੁੱਟ ਖਾਣ ਦੀ ਯੋਗਤਾ ਮੈਨੂੰ ਉਨ੍ਹਾਂ ਤੋਂ ਹੀ ਮਿਲੀ ਸੀ।

ਭਾਵੇਂ ਮੇਰਾ ਮੋਢਾ ਤਾਂ ਸਦਾ ਹੀ ਕਮਜ਼ੋਰ ਰਿਹਾ ਹੈ ਪਰ ਜ਼ਿੰਮੇਵਾਰੀਆਂ ਮੈਨੂੰ ਕਈ ਚੁੱਕਣੀਆਂ ਪਈਆਂ ਹਨ। ਕਾਲਜ ਪੜ੍ਹਦਿਆਂ ਮੈਂ ਇਕ ਕਵੀ ਦਰਬਾਰ ਕਰਵਾਉਣ ਦੀ ਜ਼ਿੰਮੇਵਾਰੀ ਚੁੱਕ ਲਈ। ਜਿਵੇਂ ਘਰ ਮੁੰਡਾ ਹੋਣ ਉਤੇ ਵਧਾਈ ਦੇਣ ਵਾਲਿਆਂ ਨੂੰ ਕੋਈ ਦੱਸਣ ਨਹੀਂ ਜਾਂਦਾ, ਉਹ ਆਪੇ ਆ ਜਾਂਦੇ ਹਨ, ਉਵੇਂ ਹੀ ਪਤਾ ਨਹੀਂ ਕਿਵੇਂ ਅਨੇਕਾਂ ਕਵੀ ਆ ਜੁੜੇ ਪਰ ਸਰੋਤੇ ਲੱਭਿਆਂ ਨਹੀਂ ਸਨ ਲੱਭ ਸਕੇ। ਜਦੋਂ ਕਵੀ ਦਰਬਾਰ ਮੁਲਤਵੀ ਹੁੰਦਾ-ਹੁੰਦਾ ਆਖਰ ਸ਼ੁਰੂ ਹੋਇਆ ਤਾਂ ਕਵੀਆਂ ਨਾਲੋਂ ਸਰੋਤੇ ਭਾਵੇਂ ਘੱਟ ਸਨ ਪਰ ਕਵੀ ਦਰਬਾਰ ਮੁੱਕਣ ਉਤੇ ਸਰੋਤਿਆਂ ਨੇ ਕਵੀਆਂ ਦਾ ਪੰਜ ਮੀਲ ਤਕ ਪਿੱਛਾ ਕੀਤਾ ਸੀ।

ਜਦੋਂ ਮੈਂ ਵਿਦਿਆਰਥੀ ਸਾਂ ਤਾਂ ਉਦੋਂ ਦਰਬਾਰਾਂ ਦਾ ਬੜਾ ਰਿਵਾਜ ਸੀ। ਕਵੀ

ਦਰਬਾਰ ਤਾਂ ਹੁੰਦੇ ਹੀ ਸਨ, ਚੁਗਲੀ ਦਰਬਾਰ ਅਤੇ ਕਹਾਣੀ ਦਰਬਾਰ ਵੀ ਹੋਣ ਲਗ ਪਏ ਸਨ। ਦਰਬਾਰ ਕੋਈ ਵੀ ਲਗਦਾ ਅੰਤ ਨੂੰ ਸਥਿਤੀ ਇਕ-ਦੂਜੇ ਨੂੰ ਵੰਗਾਰਨ ਵਾਲੀ ਹੋ ਜਾਂਦੀ। ਉਦੋਂ ਜਦੋਂ ਕੋਈ ਵਿਦਿਆਰਥੀ ਹੋਰ ਕੁਝ ਵੀ ਨਹੀਂ ਸੀ ਬਣ ਸਕਦਾ, ਉਹ ਕਵੀ ਜ਼ਰੂਰ ਬਣ ਜਾਂਦਾ ਸੀ ਅਤੇ ਜਦੋਂ ਵੀ ਕੋਈ ਲੜਕੀ ਨਹਾਉਣ ਉਪਰੰਤ ਆਪਣੇ ਵਾਲਾਂ ਨੂੰ ਸਰਦੀਆਂ ਦੀ ਧੁੱਪ ਵਿਚ ਸੁਕਾਉਣ ਲਈ ਕੋਠੇ ਉਤੇ ਵਿਖਾਈ ਦਿੰਦੀ ਤਾਂ ਆਲੇ-ਦੁਆਲੇ ਦੇ ਘਰਾਂ ਵਿਚ ਕਈ ਗ਼ਾਲਿਬ, ਕਲਾਮ ਲਿਖਣ ਲਗ ਪੈਂਦੇ। ਕਾਲਜ ਵਿਚ ਅਸੀਂ ਜਦੋਂ ਵੀ ਕਿਸੇ ਵਿਦਿਆਰਥੀ ਨੂੰ ਇਕੱਲਿਆਂ ਆਪਣੇ ਵੱਲ ਆਉਂਦਿਆਂ ਵੇਖਦੇ ਤਾਂ ਸਮਝ ਜਾਂਦੇ ਕਿ ਇਹ ਆਪਣਾ ਕਲਾਮ ਸੁਣਾਉਣ ਲਈ ਸਰੋਤਿਆਂ ਦੀ ਭਾਲ ਵਿਚ ਨਿਕਲਿਆ ਹੋਇਆ ਹੈ। ਉਦੋਂ ਰੂਬਰੂ ਪ੍ਰੋਗਰਾਮ ਨਹੀਂ ਸਨ ਹੁੰਦੇ।

ਕਾਲਜ ਦੇ ਦੂਜੇ ਸਾਲ ਅਸੀਂ ਇਕ ਕਹਾਣੀ ਦਰਬਾਰ ਕਰਵਾਇਆ। ਉਥੇ ਉਹ ਕਹਾਣੀਆਂ ਪੜ੍ਹੀਆਂ ਗਈਆਂ, ਜਿਹੜੀਆਂ ਆਪ ਨਹੀਂ ਬੋਲਦੀਆਂ ਸਨ ਪਰ ਜਿਨ੍ਹਾਂ ਦੇ ਲਿਖਣ ਵਾਲੇ ਚੁੱਪ ਨਹੀਂ ਸਨ ਕਰਦੇ। ਕਹਾਣੀ ਦਰਬਾਰ ਵਿਚ ਪੜ੍ਹੀਆਂ ਗਈਆਂ ਬਹੁਤੀਆਂ ਕਹਾਣੀਆਂ ਦੇ ਅੰਤ ਸੁਖਦਾਇਕ ਸਨ, ਕਿਉਂਕਿ ਹਰ ਕਹਾਣੀ ਮੁੱਕਣ ਉਤੇ ਸਰੋਤਿਆਂ ਨੂੰ ਸੁੱਖ ਦਾ ਸਾਹ ਆਉਂਦਾ ਸੀ। ਕਈ ਕਹਾਣੀਆਂ ਸਰੋਤਿਆਂ ਦੇ ਮਨ 'ਤੇ ਮਾਤਾ ਦੇ ਦਾਗਾਂ ਵਾਂਗ ਡੂੰਘੀ ਛਾਪ ਵੀ ਲਾ ਗਈਆਂ। ਜਦੋਂ ਇਕ ਕਹਾਣੀਕਾਰਾ ਨੇ ਆਪਣੇ ਇਕ ਪਾਤਰ ਦੇ ਦਿਲ ਦੇ ਫੋੜੇ-ਫਿਨਸੀਆਂ ਬਿਆਨ ਕਰਨੇ ਸ਼ੁਰੂ ਕੀਤੇ ਤਾਂ ਸਰੋਤਿਆਂ ਨੇ ਅੱਖਾਂ ਬੰਦ ਕਰ ਕੇ ਆਨੰਦ ਮਾਣਿਆ। ਸੁਣਨ ਉਪਰੰਤ ਇਕ ਸਰੋਤੇ ਨੇ ਦੂਜੇ ਸਰੋਤਿਆਂ ਵਾਂਗ, ਆਪਣੀ ਵਿਸ਼ੇਸ਼ੱਗ ਰਾਇ ਦਿੰਦਿਆਂ ਕਿਹਾ ਕਿ ਲੇਖਿਕਾ ਨੂੰ ਆਪਣੀ ਕਹਾਣੀ ਦਾ ਅੰਤ ਦੀਵਾ-ਸਿਲਾਈ ਦੀ ਤੀਲੀ ਬਾਲ ਕੇ ਕਰਨਾ ਚਾਹੀਦਾ ਸੀ। ਪ੍ਰਧਾਨ ਜੀ ਨੇ ਕਿਹਾ, ਧਿਆਨ ਦਿਓ, ਲੇਖਿਕਾ ਆਪਣੀ ਕਹਾਣੀ ਵਿਚ ਜਜ਼ਬਿਆਂ ਦੀ ਅੱਗ ਬਾਲ ਰਹੀ ਹੈ। ਇਸ ਦੇ ਉੱਤਰ ਵਿਚ ਇਕ ਹੋਰ ਕਹਾਣੀ ਲੇਖਿਕਾ ਨੇ ਕਿਹਾ ਕਿ ਕਹਾਣੀ ਵਿਚ ਅੱਗ ਬਾਲਣ ਦੀ ਥਾਂ ਚੰਗਾ ਹੁੰਦਾ ਜੇ ਅੱਗ ਵਿਚ ਕਹਾਣੀ ਬਾਲੀ ਜਾਂਦੀ। ਇਸ ਉਤੇ ਇਕ ਪੁਰਸ਼ ਸਰੋਤੇ ਨੇ ਬੜੀ ਇਤਰਾਜ਼ਯੋਗ ਗੱਲ ਕਹੀ ਕਿ ਇਹ ਕਹਾਣੀ ਸੁਣਨ ਉਪਰੰਤ ਉਸ ਨੇ ਫੈਸਲਾ ਕੀਤਾ ਹੈ ਕਿ ਉਹ ਕੇਵਲ ਇਸਤਰੀ ਕਹਾਣੀਕਾਰਾਂ ਦੀਆਂ ਲਿਖੀਆਂ ਕਹਾਣੀਆਂ ਹੀ ਪੜ੍ਹੇਗਾ। ਇਸ ਉਤੇ ਇਕ ਹੋਰ ਸਰੋਤਾ ਬੋਲਿਆ, "ਇਹ ਤਾਂ ਤੁਸੀਂ ਦੱਸਿਆ ਹੀ ਨਹੀਂ ਕਿ ਤੁਸੀਂ ਇਸਤਰੀ ਹੋ ਕਿ ਪੁਰਸ਼?" ਅਤੇ ਦੋਵੇਂ ਸਰੋਤੇ ਇਕ ਦੂਜੇ ਨੂੰ ਵੰਗਾਰਨ ਲੱਗ ਪਏ।

ਇਸੇ ਕਹਾਣੀ ਦਰਬਾਰ ਵਿਚ ਜਦੋਂ ਇਕ ਕਹਾਣੀਕਾਰ ਨੇ ਇਤਰਾਜ਼ ਕੀਤਾ ਕਿ ਉਸ ਨੂੰ ਉਸ ਦੀ ਯੋਗਤਾ ਦੇ ਆਧਾਰ 'ਤੇ ਮਾਣ-ਭੱਤਾ ਕਿਉਂ ਨਹੀਂ ਦਿੱਤਾ ਜਾ ਰਿਹਾ ਤਾਂ ਪ੍ਰਬੰਧਕਾਂ ਨੇ ਬੜੀ ਨਿਮਰਤਾ ਨਾਲ ਕਿਹਾ, "ਸਾਨੂੰ ਤੁਹਾਡੀ ਯੋਗਤਾ ਦਾ ਪੂਰਾ ਗਿਆਨ ਹੈ ਪਰ ਸਾਡੀ ਮਜਬੂਰੀ ਹੈ ਕਿ ਅਸੀਂ ਦਿੱਤੇ ਜਾਣ ਵਾਲੇ ਮਾਣ-ਭੱਤੇ ਤੋਂ ਘੱਟ ਦੇ ਨਹੀਂ ਸਕਦੇ।" ਜਿਵੇਂ ਅਕਸਰ ਹੁੰਦਾ ਹੀ ਹੈ ਪ੍ਰਧਾਨ ਜੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਸਭ ਦੀ ਪ੍ਰਸੰਸਾ ਕਰਦਿਆਂ ਸਭ ਤੋਂ ਲੰਮੀ ਕਹਾਣੀ ਪੜ੍ਹਨ ਵਾਲੇ ਕਹਾਣੀਕਾਰ ਦੀ ਸਰਾਹਣਾ ਕਰਦਿਆਂ ਕਿਹਾ ਕਿ ਲੇਖਕ ਆਪਣੀ ਲੰਮੀ ਅਤੇ ਵਿਸ਼ਾਲ ਜ਼ਿੰਦਗੀ ਦਾ ਸਾਰਾ ਅਨੁਭਵ ਜੇ ਕਿਸੇ ਮਿੰਨੀ ਕਹਾਣੀ ਵਿਚ ਪੇਸ਼ ਕਰੇ ਤਾਂ ਉਹ ਰਚਨਾ ਨਿਸਚੇ ਹੀ ਇਕ ਸ਼ਾਹਕਾਰ ਹੋਵੇਗੀ।

ਜਦੋਂ ਮੈਂ ਵਿਦਿਆਰਥੀ ਤੋਂ ਅਧਿਆਪਕ ਬਣ ਗਿਆ ਤਾਂ ਮੈਨੂੰ ਗਿਆਨ ਹੋਇਆ ਕਿ ਕਿਸੇ ਬੋਲੀ ਦੇ ਜਿਊਂਦੇ ਹੋਣ ਦਾ ਪ੍ਰਮਾਣ ਇਹ ਹੁੰਦਾ ਹੈ ਕਿ ਉਸ ਵਿਚ ਸਾਹਿਤ ਭਾਵੇਂ ਨਾ ਹੋਵੇ ਪਰ ਉਸ ਸਾਹਿਤ ਦਾ ਮੁਲਾਂਕਣ ਕਰਨ ਲਈ ਸੈਮੀਨਾਰ ਹੋਣੇ ਜ਼ਰੂਰੀ ਹਨ। ਅਸੀਂ ਵੀ ਇਕ ਸੈਮੀਨਾਰ ਕੀਤਾ, ਜਿਹੜਾ ਮਹਾਨ ਸੈਮੀਨਾਰ ਬਣਦਾ-ਬਣਦਾ ਇਸ ਕਰ ਕੇ ਰਹਿ ਗਿਆ ਕਿਉਂਕਿ ਸੈਮੀਨਾਰ ਵਿਚ ਭਾਗ ਲੈਣ ਵਾਲੇ ਇਕ ਵਿਦਵਾਨ ਦਾ ਕੰਬਲ ਗੁਆਚ ਗਿਆ ਸੀ। ਉਸ ਨੇ ਆਪਣਾ ਪੇਪਰ ਪੜ੍ਹਨ ਦੀ ਥਾਂ ਕੰਬਲ ਦੀ ਸਮੱਸਿਆ ਨੂੰ ਪੂਰੇ ਵਿਸਥਾਰ ਵਿਚ ਪੇਸ਼ ਕਰਦਿਆਂ ਕਿਹਾ ਕਿ ਬੋਲੀ ਦਾ ਅਗਲੇਰਾ ਵਿਕਾਸ ਤਾਂ ਹੀ ਹੋਵੇਗਾ ਜੇ ਉਸ ਦੇ ਗੁਆਚੇ ਕੰਬਲ ਦੇ ਸਾਰੇ ਪੱਖਾਂ ਨੂੰ ਵਿਸਥਾਰ ਵਿਚ ਵਿਚਾਰਿਆ ਜਾਵੇ। ਪ੍ਰਬੰਧਕਾਂ ਨੇ ਉਸ ਨੂੰ ਕਿਹਾ ਕਿ ਉਸ ਦੇ ਕੰਬਲ ਦਾ ਮੁਆਵਜ਼ਾ ਦੇਣ ਉਤੇ ਲੇਖਾ ਸ਼ਾਖਾ ਇਤਰਾਜ਼ ਕਰੇਗੀ ਤਾਂ ਉਸ ਨੇ ਬਾਹਵਾਂ ਉੱਚੀਆਂ ਕਰ ਕੇ ਇਕ ਮਹੱਤਵਪੂਰਨ ਨੁਕਤਾ ਉਠਾਉਂਦਿਆਂ ਕਿਹਾ ਕਿ ਕੰਬਲ ਦਾ ਪ੍ਰਬੰਧ ਨਹੀਂ ਕਰ ਸਕਦੇ ਤਾਂ ਸੈਮੀਨਾਰ ਹੀ ਕਿਉਂ ਕਰਵਾਉਂਦੇ ਹੋ? ਉਸ ਨੇ ਆਪਣੀ ਆਵਾਜ਼ ਨੂੰ ਹੋਰ ਲੈਅਮਈ ਬਣਾਉਂਦਿਆਂ ਕਿਹਾ ਕਿ ਮੈਂ ਪਿਛਲੇ ਮਹੀਨੇ ਵੀ ਇਕ ਸੈਮੀਨਾਰ 'ਤੇ ਗਿਆ ਸਾਂ। ਉਹ ਸੈਮੀਨਾਰ ਬੜਾ ਸਫ਼ਲ ਸੀ, ਕਿਉਂਕਿ ਉਥੇ ਜਦੋਂ ਮੇਰਾ ਕੰਬਲ ਗੁਆਚ ਗਿਆ ਸੀ ਤਾਂ ਪ੍ਰਬੰਧਕਾਂ ਨੇ ਗੁਆਚੇ ਕੰਬਲ ਦਾ ਮੁਆਵਜ਼ਾ ਦਿੱਤਾ ਸੀ।

ਇਸੇ ਸੈਮੀਨਾਰ ਵਿਚ ਸਲਾਈ-ਕਢਾਈ ਦੀ ਡੂੰਘੀ ਸੂਝ ਰੱਖਣ ਵਾਲੇ ਇਕ ਆਲੋਚਕ ਨੇ ਸ਼ਬਦਾਂ ਦੀ ਫੁਲਕਾਰੀ ਪੇਸ਼ ਕਰਦੇ ਕਿਹਾ ਕਿ ਸਾਹਿਤਕਾਰ ਇਹੋ ਜਿਹੇ ਹੋਣੇ ਚਾਹੀਦੇ ਹਨ, ਜਿਹੜੇ ਚਲਦੀ ਮਸ਼ੀਨ ਦੀ ਸੂਈ ਵਿਚ ਧਾਗਾ ਪਾ ਦੇਣ। ਜਦੋਂ ਸੈਮੀਨਾਰ ਖਤਮ ਹੋਇਆ ਤਾਂ ਇਸੇ ਆਲੋਚਕ ਨੇ ਬਾਜ਼ਾਰ ਜਾਣ ਦੀ ਇੱਛਾ ਪ੍ਰਗਟ ਕੀਤੀ, ਜਿਥੋਂ ਉਸ ਨੇ ਆਪਣੀ ਪੈਂਟ ਲਈ ਨਵੀਂ ਬੈਲਟ ਖਰੀਦਣੀ ਸੀ। ਉਨ੍ਹਾਂ ਦੇ ਸੁਖ-ਆਰਾਮ ਦਾ ਪ੍ਰਬੰਧਕ ਹੋਣ ਕਰ ਕੇ ਮੈਨੂੰ ਨਾਲ ਜਾਣਾ ਪਿਆ। ਉਨ੍ਹਾਂ ਦੇ ਮੇਚ ਦੀ ਬੈਲਟ ਕਿਧਰੋਂ ਨਾ ਮਿਲਣੀ ਸੀ ਨਾ ਮਿਲੀ। ਉਨ੍ਹਾਂ ਦੇ ਗਲੇ ਤੋਂ ਉਤਲਾ ਹਿੱਸਾ ਤਾਂ ਵੀਰਾਨ ਹੀ ਸੀ ਪਰ ਥਲਵਾਂ ਹਿੱਸਾ, ਮੱਧ-ਪ੍ਰਦੇਸ਼ ਵਾਂਗ ਬਹੁਤ ਵਿਸ਼ਾਲ ਸੀ। ਉਨ੍ਹਾਂ ਨੂੰ ਮੈਂ ਨਿਮਰਤਾ ਨਾਲ ਕਿਹਾ ਕਿ ਸੂਟਕੇਸਾਂ ਦੀ ਦੁਕਾਨ ਉਤੇ ਚਲਦੇ ਹਾਂ, ਉਥੋਂ ਬਿਸਤਰੇ ਬੰਨ੍ਹਣ ਦੀ ਬੈਲਟ ਮਿਲ ਜਾਵੇਗੀ। ਅਸੀਂ ਜਾ ਰਹੇ ਸਾਂ ਕਿ ਉਨ੍ਹਾਂ ਨੇ ਇਸ਼ਾਰਾ ਸੱਜੇ ਮੁੜਨ ਦਾ ਕੀਤਾ ਅਤੇ ਮੁੜ ਖੱਬੇ ਗਏ ਅਤੇ ਅੱਗੋਂ ਜੋ ਹੁੰਦਾ ਹੈ, ਬਿਲਕੁਲ ਉਵੇਂ ਹੋਇਆ। ਦੂਜੇ ਐਤਵਾਰ ਮੈਨੂੰ ਉਨ੍ਹਾਂ ਦੇ ਭੋਗ ਉਤੇ ਉਨ੍ਹਾਂ ਨੂੰ ਭਾਵਭਿਨੀ ਸ਼ਰਧਾਂਜਲੀ ਦੇ ਫੁਲ ਭੇਟ ਕਰਦਿਆਂ ਸਾਹਿਤ ਨੂੰ ਪੈਣ ਵਾਲੇ ਘਾਟੇ 'ਤੇ ਵਿਰਲਾਪ ਕਰਨਾ ਪਿਆ।

ਵਿਦਿਆ ਦੇ ਖੇਤਰ ਨਾਲ ਸਬੰਧਤ ਹੋਣ ਕਰ ਕੇ ਮੇਰਾ ਭਾਂਤ-ਭਾਂਤ ਦੇ ਅਨਪੜ੍ਹਾਂ ਨਾਲ ਵਾਹ ਪੈਂਦਾ ਹੈ। ਮੈਂ ਕਈ ਅਜਿਹੇ ਵਿਦਿਅਕ ਮਾਹਿਰਾਂ ਨੂੰ ਜਾਣਦਾ ਹਾਂ ਜਿਹੜੇ ਕੁਰਸੀ ਨਾਲ ਜੁੜ ਕੇ ਕੁਰਸੀ ਜਿਤਨੇ ਹੋ ਗਏ ਹਨ। ਇਨ੍ਹਾਂ ਵਿਚੋਂ ਬਹੁਤੇ ਆਪਣੀ ਜ਼ਿੰਦਗੀ ਪਹਿਲੇ ਗਿਅਰ ਵਿਚ ਹੀ ਜੀਊਂਦੇ ਹਨ। ਇਨ੍ਹਾਂ ਵਿਚੋਂ ਇਕ ਨਾਲ ਮੇਰਾ ਕੁਝ ਵਧੇਰੇ ਹੀ ਮੇਲ-ਗੇਲ ਹੈ। ਉਹ ਪੜ੍ਹਾਉਂਦੇ ਸਰੀਰਕ ਵਿਗਿਆਨ ਹਨ ਪਰ ਰਚਦੇ ਸਾਹਿਤ ਹਨ। ਉਹ ਸੰਕਲਪ ਨੂੰ ਸਕਲੰਪ ਕਹਿੰਦੇ ਹਨ। ਆਪਣੀ ਪਤਨੀ ਨਾਲ ਉਹ ਪਤੀ ਵਾਂਗ ਘੱਟ ਅਤੇ

ਪ੍ਰੇਮੀ ਵਾਂਗ ਵਧੇਰੇ ਪੇਸ਼ ਆਉਂਦੇ ਹਨ। ਉਨ੍ਹਾਂ ਦੀ ਪਤਨੀ ਨੇ ਇਕ ਦਿਨ ਦੱਸਿਆ ਕਿ ਜਦੋਂ ਵਿਆਹ ਦੇ ਪੱਖੋਂ ਉਹ ਪੱਛੜ ਗਈ ਤਾਂ ਉਸ ਨੇ ਸੱਚੀ-ਮੁੱਚੀ ਕਈ ਪਾਪੜ ਵੇਲੇ। ਉਹ ਦੱਸਦੀ ਹੈ ਕਿ ਉਸ ਨੇ ਦੂਜਿਆਂ ਦੀ ਸਿਹਤ ਉਤੇ ਬਹੁਤ ਚੰਗਾ ਅਸਰ ਪਾਇਆ ਹੈ, ਉਹ ਜਦੋਂ ਕਿਸੇ ਜਵਾਨ ਨੂੰ ਪੁੱਛਦੀ, "ਜੇ ਵਿਆਹ ਨਹੀਂ ਹੋਇਆ ਤਾਂ ਮੇਰੇ ਨਾਲ ਕਰਵਾ ਲੈ, ਦੱਸ ਕਰਵਾਏਂਗਾ?" ਤਾਂ ਉਹ ਜਵਾਨ ਲੰਮੀ ਦੌੜ ਲਾਉਣ ਲਗ ਪੈਂਦਾ। ਜਦੋਂ ਉਸ ਦਾ ਵਿਆਹ ਨਹੀਂ ਸੀ ਹੋਇਆ ਤਾਂ ਉਹ ਉਸੇ ਵਿਅਕਤੀ ਵਿਚ ਦਿਲਚਸਪੀ ਲੈਂਦੀ ਸੀ ਜਿਹੜਾ ਉਸ ਨਾਲ ਵਿਆਹ ਦੀਆਂ ਗੱਲਾਂ ਕਰੇ। ਅੰਤ ਨੂੰ ਉਸ ਨੇ ਰੱਬ ਅੱਗੇ ਅਰਦਾਸ ਕੀਤੀ ਸੀ, "ਹੇ ਰੱਬ ਜੀ, ਮੈਂ ਤੁਹਾਡੇ ਤੋਂ ਆਪਣੇ ਵਾਸਤੇ ਕੁਝ ਨਹੀਂ ਮੰਗਦੀ, ਮੇਰੀ ਮਾਂ ਨੂੰ ਇਕ ਜਵਾਈ ਦੀ ਦਾਤ ਦੇ ਕੇ ਨਿਹਾਲ ਕਰੋ।" ਵਿਆਹ ਉਪਰੰਤ ਪਹਿਲੀ ਰਾਤ ਹੀ ਉਸ ਨੇ ਆਪਣੇ ਪਤੀ ਨੂੰ ਕਿਹਾ ਕਿ ਉਹ ਸਾਰੀ ਦੁਨੀਆਂ ਵੇਖਣਾ ਚਾਹੁੰਦੀ ਹੈ ਅਤੇ ਉਸ ਦਾ ਪਤੀ ਅਗਲੇ ਹੀ ਦਿਨ ਬਜ਼ਾਰੋਂ ਦੁਨੀਆਂ ਦਾ ਨਕਸ਼ਾ ਲੈ ਆਇਆ ਸੀ। ਭੋਜਨ ਪਕਾਉਣ ਵਿਚ ਉਸ ਦਾ ਕੋਈ ਜਵਾਬ ਨਹੀਂ। ਇਕ ਵਾਰੀ ਪਤੀ ਨੂੰ ਖਾਣਾ ਖੁਆਉਣ ਉਪਰੰਤ ਜਦੋਂ ਉਸ ਨੇ ਲਾਡ ਨਾਲ ਪੁੱਛਿਆ, "ਜੇ ਮੈਂ ਇਹੋ ਜਿਹਾ ਸਵਾਦੀ ਖਾਣਾ ਕੱਲ੍ਹ ਫਿਰ ਬਣਾਵਾਂ ਤਾਂ ਕੀ ਇਨਾਮ ਮਿਲੇਗਾ?" ਪਤੀ ਨੇ ਗੰਭੀਰ ਹੋ ਕੇ ਕਿਹਾ ਸੀ, "ਮੇਰੇ ਬੀਮੇ ਦੀ ਰਕਮ।" ਜਦੋਂ ਉਹ ਇਕ ਦੂਜੇ ਨੂੰ ਚੁੰਮਦੇ ਹਨ ਤਾਂ ਅਕਸਰ ਇਕ ਨੂੰ ਨਿੱਛ ਆ ਜਾਂਦੀ ਹੈ ਅਤੇ ਦੂਜੇ ਨੂੰ ਉਬਾਸੀ। ਪਤੀ ਜੋ ਵੀ ਰਚਨਾ ਲਿਖਦਾ ਹੈ ਉਹ ਮੈਨੂੰ ਵਿਖਾਉਣ ਤੋਂ ਪਹਿਲਾਂ ਆਪਣੀ ਪਤਨੀ ਨੂੰ ਸੁਣਾਉਂਦਾ ਹੈ ਅਤੇ ਪਤਨੀ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਜਾਂਦਾ ਹੈ, ਉਬਾਸੀਆਂ ਮੂੰਹ ਬੰਦ ਹੀ ਨਹੀਂ ਹੋਣ ਦਿੰਦੀਆਂ। ਉਹ ਆਪਣੇ ਪਤੀ ਨੂੰ ਕਿਹਾ ਕਰਦੀ ਹੈ, "ਭਾਵੇਂ ਤੁਸੀਂ ਮੇਰਾ ਆਤਮਘਾਤ ਕਰ ਦਿਓ ਪਰ ਮੈਨੂੰ ਪਿਆਰ ਕਰਦੇ ਰਹਿਣਾ"।

ਉਹ ਜਿਸ ਸ਼ਹਿਰ ਰਹਿੰਦੇ ਹਨ ਉਥੇ ਰੌਣਕ ਵਾਲੀ ਥਾਂ ਚਿੜੀਆਘਰ ਹੀ ਹੈ। ਉਹ ਜਦੋਂ ਵੀ ਚਿੜੀਆਘਰ ਜਾਂਦੇ ਹਨ ਤਾਂ ਦੋ-ਦੋ ਟਿਕਟਾਂ ਲੈਂਦੇ ਹਨ, ਇਕ ਅੰਦਰ ਜਾਣ ਲਈ ਅਤੇ ਇਕ ਬਾਹਰ ਆਉਣ ਲਈ। ਜੇ ਉਹ ਸਵਾਰੀ ਗੱਡੀ ਉਤੇ ਬਹਿ ਜਾਣ ਤਾਂ ਉਹ ਮਾਲ ਗੱਡੀ ਬਣ ਜਾਂਦੀ ਹੈ। ਪਤਨੀ ਚੁੱਪ ਦਾ ਦਾਨ ਉਦੋਂ ਹੀ ਕਰਦੀ ਹੈ ਜਦੋਂ ਉਸ ਦੀ ਮਾਂ ਬੋਲਣ ਲਗ ਪਵੇ। ਇਸੇ ਕਰ ਕੇ ਜਦੋਂ ਡਾਕਟਰ, ਪਤੀ ਨੂੰ ਆਰਾਮ ਕਰਨ ਦਾ ਮਸ਼ਵਰਾ ਦਿੰਦਾ ਹੈ ਤਾਂ ਪਤਨੀ ਨੂੰ ਨੀਂਦ ਦੀਆਂ ਗੋਲੀਆਂ ਜ਼ਰੂਰ ਦਿੰਦਾ ਹੈ।

ਸਾਹਿਬ ਭਾਸ਼ਾਵਾਂ ਦੇ ਵਿਦਵਾਨ ਵੀ ਹਨ, ਉਨ੍ਹਾਂ ਨੂੰ ਸੰਸਾਰ ਦੀਆਂ ਤੀਹ ਭਾਸ਼ਾਵਾਂ ਦੇ ਨਾਂ ਆਉਂਦੇ ਹਨ। ਉਹ ਅਕਸਰ ਸਫ਼ਰ 'ਤੇ ਰਹਿੰਦੇ ਹਨ। ਜਦੋਂ ਵੀ ਸਫ਼ਰ 'ਤੇ ਨਿਕਲਦੇ ਹਨ ਤਾਂ ਆਪਣੀ ਪੈਂਟ ਦੀ ਪਿਛਲੀ ਜੇਬ ਵਿਚ ਉਹ ਇਕ ਮੋਟਾ ਪੁਰਾਣਾ ਖਾਲੀ ਬਟੂਆ ਪਾ ਕੇ ਜਾਂਦੇ ਹਨ, ਜਿਸ ਵਿਚਲੇ ਕਾਗਜ਼ ਉਤੇ ਲਿਖਿਆ ਹੁੰਦਾ ਹੈ: ਇਹ ਬਟੂਆ, ਜੇਬ-ਕਤਰਿਆਂ ਦੇ ਅਭਿਆਸ ਲਈ ਹੈ। ਉਹ ਜਿਥੇ ਵੀ ਹੋਣ ਉਥੇ ਹੀ ਰੌਣਕ-ਮੇਲਾ ਲਾ ਦਿੰਦੇ ਹਨ। ਇਕ ਵਾਰੀ ਉਨ੍ਹਾਂ ਨੇ ਭਰੀ ਹੋਈ ਬੱਸ ਵਿਚ ਕਿਹਾ, "ਜੇ ਕਿਸੇ ਦੇ ਪੰਜ ਹਜ਼ਾਰ ਰੁਪਏ ਇਕ ਲਿਫ਼ਾਫ਼ੇ ਵਿਚ ਗੁਆਚੇ ਹੋਣ ਤਾਂ ਹੱਥ ਖੜ੍ਹਾ ਕਰੋ।" ਤਿੰਨ ਵਿਅਕਤੀਆਂ ਨੇ ਹੱਥ ਖੜ੍ਹਾ ਕੀਤਾ ਪਰ ਉਨ੍ਹਾਂ ਵਿਚੋਂ ਪੰਜ-ਹਜ਼ਾਰੀ ਇਕ ਹੀ ਲਗਦਾ ਸੀ। ਉਸ ਨੇ ਕਿਹਾ ਕਿ

ਪੂਰੀ ਰਕਮ ਪੰਜ ਹਜ਼ਾਰ ਤਿੰਨ ਰੁਪਏ ਹੈ, ਤੁਹਾਨੂੰ ਗਿਣਨ ਵਿਚ ਗਲਤੀ ਲੱਗੀ ਹੈ ਤਾਂ ਸਾਹਿਬ ਨੇ ਜਵਾਬ ਦਿੱਤਾ, "ਤੁਸੀਂ ਠੀਕ ਕਹਿੰਦੇ ਹੋ ਪਰ ਅਜੇ ਤਾਂ ਲਿਫ਼ਾਫ਼ਾ ਹੀ ਲੱਭਾ ਹੈ। ਹਾਲ ਦੀ ਘੜੀ ਇਸ ਨੂੰ ਰੱਖ ਲਵੋ।" ਇਹ ਗੱਲ ਉਨ੍ਹਾਂ ਨੇ ਆਪਣੀ ਇਕ ਕਹਾਣੀ ਵਿਚ ਵੀ ਪੇਸ਼ ਕੀਤੀ ਹੈ।

ਮੇਰਾ ਦੁਰਭਾਗ ਇਹ ਹੈ ਕਿ ਮੈਂ ਜਿਨ੍ਹਾਂ ਨੂੰ ਵੀ ਜਾਣਦਾ ਹਾਂ ਉਹ ਜਾਂ ਤਾਂ ਆਪਣੀਆਂ ਪਤਨੀਆਂ ਤੋਂ ਤੰਗ ਹਨ ਜਾਂ ਆਪਣੀਆਂ ਪਤਨੀਆਂ ਨੂੰ ਤੰਗ ਕਰਦੇ ਰਹਿੰਦੇ ਹਨ। ਮੇਰੇ ਦੂਜੇ ਪਾਸੇ ਦੇ ਗੁਆਂਢ ਵਿਚ ਵੱਡੇ ਅਹੁਦੇ ਉਤੇ ਲੱਗੀ ਇਕ ਮਹਿਲਾ ਅਫ਼ਸਰ ਰਹਿੰਦੀ ਹੈ ਜਿਸ ਦੀਆਂ ਅੱਖਾਂ ਦਾ ਆਪਸ ਵਿਚ ਬੜਾ ਪਿਆਰ ਹੈ ਕਿਉਂਕਿ ਉਸ ਦੀ ਸੱਜੀ ਅੱਖ ਹਰ ਵੇਲੇ ਉਸ ਦੀ ਖੱਬੀ ਅੱਖ ਨੂੰ ਵੇਖਦੀ ਰਹਿੰਦੀ ਹੈ। ਇਕ ਵਾਰ ਆਪਣੇ ਦੌਰੇ ਦੌਰਾਨ ਉਹ ਸਾਨੂੰ ਪਿੰਡ ਦਾ ਸਭਿਆਚਾਰ ਵਿਖਾਉਣ ਲੈ ਗਈ। ਜਦੋਂ ਅਸੀਂ ਇਕ ਖੇਤ ਵਿਚ ਪਹੁੰਚੇ ਤਾਂ ਉਸ ਨੂੰ ਵੇਖ ਕੇ ਪੰਛੀ ਇੰਨੇ ਡਰ ਗਏ ਕਿ ਖੇਤ ਵਿਚੋਂ ਜਿਹੜੇ ਦਾਣੇ ਉਨ੍ਹਾਂ ਨੇ ਪਿਛਲੇ ਸਾਲ ਦੌਰਾਨ ਚੁਗੇ ਸਨ ਉਹ ਵੀ ਸਾਰੇ ਵਾਪਸ ਲੈ ਕੇ ਆ ਗਏ। ਉਸ ਦੀ ਸੁੰਦਰਤਾ ਬਾਰੇ ਕਿਹਾ ਜਾਂਦਾ ਹੈ ਕਿ ਜਦੋਂ ਉਹ ਜਵਾਨ ਸੀ ਤਾਂ ਦਰਜਨਾਂ ਜਵਾਨ ਉਸ ਦੇ ਕਦਮਾਂ 'ਤੇ ਝੁਕੇ ਰਹਿੰਦੇ ਸਨ ਅਤੇ ਜਦੋਂ ਕੋਈ ਉਸ ਦਾ ਚੇਹਰਾ ਵੇਖਣ ਦੀ ਹਿੰਮਤ ਕਰਦਾ, ਉਹ ਵੇਖ ਕੇ ਬੇਹੋਸ਼ੀ ਕਾਰਨ ਫਿਰ ਝੁਕ ਜਾਂਦਾ ਸੀ। ਕਹਿੰਦੇ ਹਨ ਉਸ ਦੇ ਪਤੀ ਨੇ ਵਿਆਹ ਦੀ ਪਹਿਲੀ ਵਰ੍ਹੇਗੰਢ ਦੇ ਜਸ਼ਨ ਵਿਚ ਦੋ ਮਿੰਟ ਦਾ ਮੌਨ ਧਾਰਿਆ ਸੀ। ਇਕ ਵਾਰੀ ਉਨ੍ਹਾਂ ਦੇ ਘਰ ਚੋਰ ਆ ਗਏ ਸਨ ਤਾਂ ਉਸ ਨੇ ਸੁੱਤੇ ਪਤੀ ਨੂੰ ਹਲੂਣ ਕੇ ਜਗਾ ਕੇ ਕਿਹਾ ਸੀ, "ਵੇਖੋ ਰਸੋਈ ਵਿਚ ਚੋਰ ਹੈ, ਬਚਾਓ," ਤਾਂ ਉਸ ਨੇ ਕਿਹਾ ਸੀ, "ਹੁਣ ਮੈਂ ਚੋਰ ਨੂੰ ਕਿਵੇਂ ਬਚਾ ਸਕਦਾ ਹਾਂ?"

ਮੇਰੇ ਇਕ ਮਿੱਤਰ ਪ੍ਰੋਫੈਸਰ ਹਨ, ਜਿਹੜੇ ਕੋਈ ਕਿਤਾਬ ਪੜ੍ਹਨ ਤੋਂ ਪਹਿਲਾਂ ਉਸ ਦਾ ਰਿਵੀਊ ਲਿਖਦੇ ਹਨ। ਉਨ੍ਹਾਂ ਨੇ ਨਾਵਲ ਲਿਖੇ ਹਨ, ਜਿਹੜੇ ਪਹਿਲੀ ਸ਼੍ਰੇਣੀ ਦੇ ਨਾਵਲਾਂ ਵਜੋਂ ਪ੍ਰਸਿਧ ਹਨ। ਉਨ੍ਹਾਂ ਦੇ ਨਾਵਲਾਂ ਨੂੰ ਉਹੀ ਪਾਠਕ ਪੜ੍ਹਦੇ ਹਨ ਜਿਨ੍ਹਾਂ ਨੇ ਘੱਟ ਘੱਟ ਪਹਿਲੀ ਸ਼੍ਰੇਣੀ ਜ਼ਰੂਰ ਪਾਸ ਕੀਤੀ ਹੁੰਦੀ ਹੈ। ਉਨ੍ਹਾਂ ਦੇ ਨਾਵਲਾਂ ਦਾ ਇਕ ਲਾਭ ਇਹ ਹੈ ਕਿ ਉਨ੍ਹਾਂ ਨੂੰ ਪੜ੍ਹਨ ਨਾਲ ਨੀਂਦ ਚੰਗੀ ਆ ਜਾਂਦੀ ਹੈ। ਉਨ੍ਹਾਂ ਨੇ ਇਕ ਕਾਰ ਵੀ ਰੱਖੀ ਹੋਈ ਹੈ, ਜਿਹੜੀ ਜੇ ਸਟਾਰਟ ਹੋ ਜਾਵੇ ਤਾਂ ਚੱਲ ਵੀ ਪੈਂਦੀ ਹੈ। ਇਹ ਕਾਰ ਖਰੀਦਣ ਉਤੇ ਉਨ੍ਹਾਂ ਦੇ ਇਕ ਸ਼ਰਧਾਲੂ ਨੇ ਕਿਹਾ ਸੀ, "ਪ੍ਰੋਫੈਸਰ ਸਾਹਿਬ, ਇਹ ਕਾਰ ਪੁਰਾਣੀ ਹੈ, ਇਸ ਨੂੰ ਵੇਚਣ ਵੇਲੇ ਮੁਸ਼ਕਿਲ ਹੋਵੇਗੀ।" ਪ੍ਰੋਫੈਸਰ ਸਾਹਿਬ ਨੇ ਪੁੱਛਿਆ, "ਕੀ ਮੁਸ਼ਕਿਲ ਹੋਵੇਗੀ?" ਤਾਂ ਸ਼ਰਧਾਲੂ ਨੇ ਕਿਹਾ, "ਵੇਚਣ ਵੇਲੇ ਤੁਹਾਨੂੰ ਆਪਣੇ ਨਾਲੋਂ ਵੱਡਾ ਮੂਰਖ ਲੱਭਣਾ ਪਵੇਗਾ, ਜਿਹੜਾ ਤੁਹਾਨੂੰ ਸੌਖਿਆਂ ਨਹੀਂ ਲੱਭਣਾ।" ਉਨ੍ਹਾਂ ਨੂੰ ਆਪਣੀਆਂ ਪੁਸਤਕਾਂ ਬਾਰੇ ਹੋਣ ਵਾਲੀ ਚਰਚਾ ਚੰਗੀ ਲਗਦੀ ਹੈ। ਇਕ ਆਲੋਚਕ ਨੇ ਕਿਹਾ ਸੀ ਕਿ ਪਤੰਗ ਸਾਹਿਬ ਦੀਆਂ ਪੁਸਤਕਾਂ ਉਦੋਂ ਹੀ ਪੜ੍ਹੀਆਂ ਜਾਣਗੀਆਂ ਜਦੋਂ ਲੋਕ ਬੁੱਲ੍ਹੇਸ਼ਾਹ ਅਤੇ ਵਾਰਸ ਸ਼ਾਹ ਨੂੰ ਭੁੱਲ ਜਾਣਗੇ, ਕਿਉਂਕਿ ਉਨ੍ਹਾਂ ਦੀਆਂ ਪੁਸਤਕਾਂ ਵਿਚ ਭਾਵਾਂ ਤੇ ਵਿਚਾਰਾਂ ਦਾ ਆਤਮਘਾਤੀ ਟਕਰਾਓ ਅਤੇ ਸ਼ਬਦਾਂ ਦਾ ਵੇਗਮਈ ਹੜ੍ਹ ਹੁੰਦਾ ਹੈ, ਸੋ ਪਾਠਕ ਉਨ੍ਹਾਂ ਦੀਆਂ ਪੁਸਤਕਾਂ ਪੜ੍ਹ ਕੇ ਤਿਲ੍ਹਕਣ ਲਗ ਪੈਂਦੇ ਹਨ।

ਇਕ ਵਾਰੀ ਉਨ੍ਹਾਂ ਨੇ ਸਾਹਿਤ ਰਚਨਾ ਨੂੰ ਕੁਲਵਕਤੀ ਕਿੱਤਾ ਬਣਾ ਲਿਆ ਅਤੇ ਪਹਿਲੇ ਮਹੀਨਿਆਂ ਵਿਚ ਹੀ ਉਨ੍ਹਾਂ ਨੂੰ ਆਪਣਾ ਮਕਾਨ, ਘੜੀ, ਕੋਟ, ਭਾਂਡੇ, ਫਰਨੀਚਰ ਸਭ ਕੁਝ ਵੇਚਣਾ ਪੈ ਗਿਆ ਸੀ।

ਉਹ ਬੜੇ ਅਜੀਬ ਅਧਿਆਪਕ ਹਨ, ਕਿਉਂਕਿ ਜਦੋਂ ਕਦੀ ਖਾਲੀ ਕਲਾਸ ਨੂੰ ਅੱਖਾਂ ਬੰਦ ਕਰਕੇ, ਉਹ ਪੜ੍ਹਾਉਂਦੇ ਹਨ ਤਾਂ ਬੜੇ ਅਜੀਬ ਲਗਦੇ ਹਨ।

ਉਨ੍ਹਾਂ ਦੇ ਵਿਆਹ ਸਬੰਧੀ ਕਈ ਕਿੱਸੇ ਪ੍ਰਸਿੱਧ ਹਨ। ਉਨ੍ਹਾਂ ਦਾ ਵਿਆਹ ਨਾ ਹੁੰਦਾ ਹੁੰਦਾ ਹੋ ਗਿਆ ਸੀ। ਜਦੋਂ ਉਮਰ ਦੇ ਚਾਰ ਦਹਾਕੇ ਲੱਘ ਜਾਣ ਉਤੇ ਉਨਾਂ ਦੀ ਕੁੜਮਾਈ ਹੋਈ ਤਾਂ ਵਿਆਹ ਵਾਲੇ ਦਿਨ ਘੋੜੀ ਨਹੀਂ ਮਿਲ ਰਹੀ ਸੀ। ਉਨ੍ਹਾਂ ਦੇ ਪਿਤਾ ਨੇ ਜਦੋਂ ਵਿਆਹ ਨੂੰ ਮੁਲਤਵੀ ਕਰਨ ਦਾ ਫੈਸਲਾ ਕੀਤਾ ਤਾਂ ਤਰਸ ਖਾਣ ਵਾਲਿਆਂ ਨੇ ਉਨ੍ਹਾਂ ਦੇ ਪਿਤਾ ਨੂੰ ਬੇਨਤੀ ਕੀਤੀ ਕਿ ਵਿਆਹ ਅੱਗੇ ਨਾ ਪਾਓ, ਇਵੇਂ ਕਰਨ ਨਾਲ ਸ਼ਾਇਦ ਮੰਗਣੀ ਹੀ ਟੁੱਟ ਜਾਵੇ, ਜੇ ਘੋੜੀ ਦੀ ਥਾਂ ਘੋੜਾ ਮਿਲ ਰਿਹਾ ਹੈ ਤਾਂ ਉਹ ਵੀ ਠੀਕ ਹੈ, ਉਪਰ ਚਾਦਰ ਜ਼ਰਾ ਲੰਮੀ ਪਾ ਲਵਾਂਗੇ। ਉਨ੍ਹਾਂ ਦੇ ਪਿਤਾ ਨੇ ਲੰਮੀ ਸੋਚ ਦਾ ਪਹਿਲੀ ਵਾਰੀ ਸਬੂਤ ਦਿੰਦਿਆਂ ਇਹ ਬੇਨਤੀ ਮੰਨ ਲਈ ਸੀ। ਕਹਿੰਦੇ ਹਨ ਕਿ ਲਾੜਾ ਰਵਾਨਾ ਤਾਂ ਘੋੜੇ ਉਤੇ ਹੀ ਹੋਇਆ ਸੀ ਪਰ ਡੋਲੀ ਐਂਬੂਲੈਂਸ ਵਿਚ ਆਈ ਸੀ।

ਉਨ੍ਹਾਂ ਨੇ ਸਾਰੀ ਉਮਰ ਵਿਦਿਆਰਥੀਆਂ ਨਾਲ ਖੂਬ ਲੁਕਣਮੀਚੀ ਖੇਡੀ ਹੈ। ਉਹ ਜਦੋਂ ਰਿਟਾਇਰ ਹੋਣ ਦੀਆਂ ਗੱਲਾਂ ਕਰਦੇ ਹਨ ਤਾਂ ਕਹਿੰਦੇ ਹਨ, ਜਿਹੜੀਆਂ ਕਿਤਾਬਾਂ ਪੜ੍ਹਾਉਂਦਾ ਰਿਹਾ ਹਾਂ, ਉਹ ਰਿਟਾਇਰ ਹੋ ਕੇ ਇਕ ਵਾਰੀ ਜ਼ਰੂਰ ਪੜ੍ਹਾਂਗਾ।

ਇਕ ਵਾਰੀ ਜਦੋਂ ਉਹ ਫਿਲਮ ਵੇਖਣ ਲਈ ਸਿਨਮੇ ਗਏ ਤਾਂ ਆਪਣੀ ਕਲਾਸ ਵਿਚਲੀ ਆਦਤ ਅਨੁਸਾਰ ਸੌਂ ਗਏ, ਇਹ ਸਿਨਮਾ ਸੀ, ਕਲਾਸ ਤਾਂ ਹੈ ਨਹੀਂ ਸੀ ਕਿ ਵਿਦਿਆਰਥੀ ਪਿਛਲੇ ਪਾਸਿਓਂ ਆਰਾਮ ਨਾਲ ਚਲੇ ਜਾਂਦੇ ਪਰ ਇਥੇ ਤਾਂ ਲੋਕ ਪੈਸੇ ਖਰਚ ਕੇ ਆਏ ਸਨ, ਸੋ ਉਨ੍ਹਾਂ ਨੇ ਤਿੰਨ ਘੰਟੇ ਬਹਿਣਾ ਹੀ ਬਹਿਣਾ ਸੀ। ਸਿਨਮੇ ਦੇ ਇਕ ਕਰਮਚਾਰੀ ਨੇ ਉਨ੍ਹਾਂ ਨੂੰ ਬੜੀ ਮੁਸ਼ਕਿਲ ਨਾਲ ਜਗਾ ਕੇ ਕਿਹਾ ਕਿ ਘੁਰਾੜੇ ਨਾ ਮਾਰੋ, ਬਾਕੀਆਂ ਦੀ ਨੀਂਦ ਖਰਾਬ ਹੋ ਰਹੀ ਹੈ।

ਮੇਰੇ ਇਕ ਹੋਰ ਮਿੱਤਰ, ਦੇਸ਼ ਦੇ ਵਿਕਾਸ ਵਿਚ ਬੜੀ ਦਿਲਚਸਪੀ ਲੈਂਦੇ ਹਨ। ਉਹ ਕਈ ਯੂਨੀਅਨਾਂ ਦੇ ਮੈਂਬਰ ਹਨ ਅਤੇ ਹਰ ਰੋਜ਼ ਕਿਸੇ ਨਾ ਕਿਸੇ ਯੂਨੀਅਨ ਦੀ ਹੜਤਾਲ ਹੋਣ ਕਾਰਨ ਉਹ ਘਰੋਂ ਜਾਣ ਦੀ ਖੇਚਲ ਹੀ ਨਹੀਂ ਕਰਦੇ। ਉਹ ਇਕ-ਇਕ ਰੁਪਏ ਦੀਆਂ ਲੱਖ-ਲੱਖ ਗੱਲਾਂ ਕਰਦੇ ਹਨ। ਇਕ ਦਿਨ ਕਹਿਣ ਲੱਗੇ, "ਇਹ ਵਿਚਾਰ ਕਿੰਨੇ ਦਿਨਾਂ ਤੋਂ ਮੇਰੇ ਦਿਮਾਗ ਵਿਚ ਚੱਕਰ ਲਾ ਰਿਹਾ ਹੈ।" ਉਨ੍ਹਾਂ ਦੇ ਇਕ ਸਾਥੀ ਨੇ ਕਿਹਾ, "ਨਿਰਸੰਦੇਹ, ਉਹ ਥਾਂ ਖਾਲੀ ਹੋਣ ਕਾਰਨ ਹੀ ਇਹ ਵਿਚਾਰ ਚੱਕਰ ਲਾਈ ਜਾ ਰਿਹਾ ਹੋਵੇਗਾ।"

ਉਨ੍ਹਾਂ ਨੂੰ ਵੇਖ ਕੇ ਮੇਰਾ ਪੁਨਰ-ਜਨਮ ਵਿਚ ਵਿਸ਼ਵਾਸ ਹੋ ਗਿਆ ਹੈ, ਕਿਉਂਕਿ ਇਕ ਜਨਮ ਵਿਚ ਕੋਈ ਇਨਾ ਮੂਰਖ ਨਹੀਂ ਬਣ ਸਕਦਾ।

ਸਾਡੇ ਧਾਰਮਿਕ ਵਿਸ਼ੇ ਦੇ ਮਾਸਟਰ ਜੀ ਨੇ ਬਚਪਨ ਵਿਚ ਹੀ ਸਾਡੇ ਹੱਸਣ ਉਤੇ ਪਾਬੰਦੀ ਲਾ ਦਿੱਤੀ ਸੀ, ਉਦੋਂ ਤੋਂ ਹੀ ਹੱਸਣ 'ਤੇ ਰੋਕ ਲੱਗੀ ਹੋਈ ਹੈ। ਸਾਡੇ ਧਾਰਮਿਕ

ਸਥਾਨਾਂ 'ਤੇ ਤਾਂ ਉਕਾ ਹੀ ਹੱਸਿਆ ਨਹੀਂ ਜਾ ਸਕਦਾ ਅਤੇ ਧਾਰਮਿਕ ਰਸਮਾਂ ਵਾਲੇ ਵਿਆਹ ਉਪਰੰਤ ਤਾਂ ਹੱਸਣ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੋਇਆ।

ਬਾਲ-ਬੱਚੇਦਾਰ ਹੋ ਕੇ ਮਨੁੱਖ ਹੱਸਦਾ ਨਹੀਂ, ਹਾਸੋਹੀਣਾ ਹੋ ਜਾਂਦਾ ਹੈ।

ਜਦੋਂ ਬਾਜ਼ਾਰ ਵਿਚ ਜਾਂਦੇ ਹਾਂ, ਚੀਜ਼ਾਂ ਦੀਆਂ ਕੀਮਤਾਂ ਸਾਡੇ ਉਤੇ ਹੱਸਦੀਆਂ ਹਨ। ਅਜੋਕੇ ਯੁੱਗ ਵਿਚ ਹੱਸਣਾ ਗੱਡੀ ਦੀ ਖਿੜਕੀ ਵਿਚੋਂ ਗਰਦਨ ਬਾਹਰ ਕੱਢਣ ਵਾਂਗ ਖਤਰਨਾਕ ਕਾਰਜ ਹੋ ਗਿਆ ਹੈ। ਪਿੱਛੇ ਜਿਹੇ ਜਦੋਂ ਮੈਨੂੰ ਖੁੱਲੀਆਂ ਅੱਖਾਂ ਨਾਲ ਸੁਪਨੇ ਵੇਖਣ ਦੀ ਬਿਮਾਰੀ ਹੋ ਗਈ ਤਾਂ ਡਾਕਟਰ ਨੇ, ਜਿਸਨੇ ਹੱਸਣ-ਚਕਿਤਸਾ-ਪ੍ਣਾਲੀ ਦੀ ਸਿੱਖਿਆ ਪ੍ਰਾਪਤ ਕੀਤੀ ਹੋਈ ਸੀ, ਸੁਝਾਓ ਦਿੱਤਾ ਕਿ ਜਦੋਂ ਕਦੇ ਉਦਾਸ ਹੋ ਜਾਵੋ ਤਾਂ ਜ਼ਿੰਦਗੀ ਨੂੰ ਥੋੜ੍ਹਾ ਜਿਹਾ ਟੇਢਾ ਹੋ ਕੇ ਵੇਖਣ ਲਗ ਪਵੋ, ਤੁਹਾਨੂੰ ਇੰਜ ਲੱਗੇਗਾ ਜਿਵੇਂ ਤੁਸੀਂ ਵਿਸ਼ਾਲ ਤਮਾਸ਼ਾ ਵੇਖ ਰਹੇ ਹੋ। ਇਵੇਂ ਤੁਹਾਨੂੰ ਆਪਣੇ ਆਪ ਉਤੇ ਹੱਸਣ ਦੀ ਜਾਚ ਆ ਜਾਵੇਗੀ ਅਤੇ ਜ਼ਿੰਦਗੀ ਦਾ ਬੋਝ ਚੁੱਕਣਾ ਸੌਖਾ ਹੋ ਜਾਵੇਗਾ।

ਉਨ੍ਹਾਂ ਨੇ ਇਕ ਮੁੱਲਵਾਨ ਉਪਦੇਸ਼ ਇਹ ਦਿਤਾ ਸੀ ਕਿ ਜੀਵਨ ਨੂੰ ਰੁਕ ਕੇ ਨਾ ਵੇਖੋ, ਜ਼ਿੰਦਗੀ ਨੂੰ ਚਲਦਿਆਂ-ਚਲਦਿਆਂ ਵੇਖਣ ਦੀ ਆਦਤ ਪਾਓ। ਰੁਕ ਕੇ ਜੀਵਨ ਨਾ ਤਿਆਗੋ, ਚਲਦਿਆਂ-ਚਲਦਿਆਂ ਚਲਾਣਾ ਕਰੋ, ਇਵੇਂ ਜਾਣ ਨਾਲ ਨਾ ਤੁਹਾਨੂੰ ਘਾਟਾ ਪਵੇਗਾ, ਨਾ ਹੀ ਸੰਸਾਰ ਨੂੰ।

ਪ੍ਰਸੰਨਤਾ ਦੀ ਸੜਕ ਉਸਾਰੀ ਅਧੀਨ ਹੈ !

ਕਈ ਦਿਨ ਅਜਿਹੇ ਹੁੰਦੇ ਹਨ, ਜਦੋਂ ਅਸੀਂ ਪ੍ਰਸੰਨ-ਚਿੱਤ ਹੋ ਕੇ ਇਹ ਅਰਦਾਸ ਕਰਦੇ ਹਾਂ ਕਿ ਸਾਰਿਆਂ ਲਈ ਸਾਰੇ ਦਿਨ ਅੱਜ ਵਰਗੇ ਹੋ ਜਾਣ।

ਪ੍ਰਸੰਨਤਾ ਦੀ ਅਜਿਹੀ ਹਾਲਤ ਵਿਚ ਸਾਡਾ ਰੱਬ ਨੂੰ ਵੀ ਬੁਲਾਵਾ ਭੇਜਣ ਦਾ ਦਿਲ ਕਰਦਾ ਹੈ ਕਿ ਆ ਜਾ, ਸਾਡੇ ਨਾਲ ਨੱਚ ਲੈ, ਸਾਨੂੰ ਤੇਰਾ ਸਵਰਗ ਨਹੀਂ ਚਾਹੀਦਾ, ਸਾਨੂੰ ਤਾਂ ਤੂੰ ਚਾਹੀਦਾ ਹੈਂ।

ਇਨ੍ਹਾਂ ਘੜੀਆਂ ਵਿਚ ਅਸੀਂ ਆਪਣੇ-ਆਪ ਨਾਲ ਇਕ-ਸੁਰ ਹੁੰਦੇ ਹਾਂ, ਕਿਉਂਕਿ ਕੁਦਰਤ, ਜੀਵਨ ਅਤੇ ਸਾਡੇ ਵਿਚਕਾਰ ਵਿੱਥ ਮਿਟ ਜਾਂਦੀ ਹੈ।

ਪ੍ਰਸੰਨਤਾ ਮਨ ਦੀ ਉਹ ਅਵਸਥਾ ਹੁੰਦੀ ਹੈ, ਜਦੋਂ ਸਭ ਕੁਝ ਬਹੁਤ ਸੋਹਣਾ ਲਗਦਾ ਹੈ, ਜਿਵੇਂ ਕੋਈ ਪ੍ਰੇਮਿਕਾ ਜਦੋਂ ਆਪਣੇ ਪ੍ਰੇਮੀ ਸਨਮੁਖ ਹੁੰਦੀ ਹੈ ਤਾਂ ਉਸ ਨਾਲ ਹੋਣ ਦੀ ਖੁਸ਼ੀ ਪ੍ਰਗਟਾਉਂਦੀ ਹੋਈ ਉਹ ਹੋਰ ਵੀ ਸੋਹਣੀ ਲਗਣ ਲੱਗ ਪੈਂਦੀ ਹੈ।

ਪ੍ਰਸੰਨਤਾ, ਸੁੰਦਰਤਾ ਦਾ ਸਰੋਤ ਹੁੰਦੀ ਹੈ।

ਨਿਰਸੰਦੇਹ ਅਜਿਹੀਆਂ ਪ੍ਰਸੰਨ ਘੜੀਆਂ ਹਰ ਕਿਸੇ ਦੇ ਜੀਵਨ ਵਿਚ ਭਾਵੇਂ ਵਿਰਲੀਆਂ ਹੀ ਹੁੰਦੀਆਂ ਹਨ ਪਰ ਇਹ ਹੁੰਦੀਆਂ ਹਰ ਕਿਸੇ ਦੇ ਜੀਵਨ ਵਿਚ ਹਨ।

ਜਦੋਂ ਅਸੀਂ ਪ੍ਰਸੰਨ ਹੁੰਦੇ ਹਾਂ, ਉਦੋਂ ਅਸੀਂ ਸਾਧਾਰਨ ਵਿਅਕਤੀ ਹੁੰਦੇ ਹਾਂ। ਕੁਦਰਤ ਦੀ ਸੁੰਦਰਤਾ ਉਸ ਦੇ ਸਾਧਾਰਨ ਅਤੇ ਸਰਲ ਹੋਣ ਵਿਚ ਹੈ। ਕੁਦਰਤ ਕਿਸੇ ਕੰਮ ਵਿਚ ਕਾਹਲੀ ਨਹੀਂ ਕਰਦੀ, ਕੁਦਰਤ ਕਿਸੇ ਵਰਤਾਰੇ ਦੇ ਵਿਸ਼ੇਸ਼ ਹੋਣ ਦਾ ਭਰਮ ਨਹੀਂ ਸਿਰਜਦੀ।

ਪ੍ਰਸੰਨਤਾ ਜੀਵਨ ਦੀਆਂ ਆਮ ਹਾਲਤਾਂ ਨੂੰ ਮਾਣਨ ਵਿਚ ਹੁੰਦੀ ਹੈ।

ਜੇ ਅਸੀਂ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਨਹੀਂ ਮਾਣ ਸਕਦੇ ਤਾਂ ਵੱਡੀਆਂ ਖੁਸ਼ੀਆਂ ਤੋਂ ਵੀ ਸਾਡਾ ਫ਼ਾਸਲਾ ਬਣਿਆ ਰਹੇਗਾ।

ਆਪਣੇ-ਆਪ ਨਾਲ ਈਮਾਨਦਾਰ, ਸੁਹਿਰਦ ਅਤੇ ਸੱਚਾ ਹੋਏ ਬਿਨਾਂ ਨਾ ਪ੍ਰਸੰਨ ਹੋਇਆ ਜਾ ਸਕਦਾ ਹੈ, ਨਾ ਹੀ ਸੰਤੁਸ਼ਟ।

ਸਭ ਪ੍ਰਕਾਰ ਦੀ ਬੇਈਮਾਨੀ, ਪ੍ਰਸੰਨਤਾ ਦੀ ਵਿਰੋਧੀ ਸ਼ਕਤੀ ਹੁੰਦੀ ਹੈ। ਬੇਈਮਾਨੀ ਨਾਲ ਅਸੀਂ ਧਨ ਕਮਾ ਸਕਦੇ ਹਾਂ, ਇਸ ਤੋਂ ਅੱਗੇ ਬੇਈਮਾਨੀ ਸਾਡਾ ਸਾਥ ਨਹੀਂ ਦੇ ਸਕਦੀ ਅਤੇ ਅਜਿਹੇ ਧਨ ਦੀ ਵੀ ਕੇਵਲ ਦੁਰਵਰਤੋਂ ਹੀ ਹੋ ਸਕਦੀ ਹੈ।

ਮੇਰੇ ਇਕ ਜਾਣੂ ਹਨ, ਮੇਰਾ ਦੁਰਭਾਗ ਹੈ ਕਿ ਉਹ ਮੇਰੇ ਜਾਣੂ ਹਨ, ਉਹ ਮਸਾਲਿਆਂ ਵਿਚ ਮਿਲਾਵਟ ਕਰਦੇ ਹਨ। ਉਨ੍ਹਾਂ ਨੇ ਧਨ ਕਮਾ ਲਿਆ ਹੈ ਪਰ ਉਹ ਆਪ ਕਹਿੰਦੇ ਹਨ

ਕਿ ਮਨ ਉਚਾਟ ਰਹਿੰਦਾ ਹੈ, ਦਿਲ ਉਪਰਾਮ ਰਹਿੰਦਾ ਹੈ। ਉਨ੍ਹਾਂ ਦਾ ਸ਼ਿਕਵਾ ਹੈ ਕਿ ਜੀਵਨ ਵਿਚ ਕੋਈ ਖਾਲਸ ਪ੍ਰਸੰਨਤਾ ਨਹੀਂ ਮਿਲੀ। ਉਹ ਹਰ ਕਿਸੇ ਨੂੰ, ਆਪਣੀ ਸੰਤਾਨ ਨੂੰ ਵੀ, ਸ਼ੱਕ ਦੀਆਂ ਨਜ਼ਰਾਂ ਨਾਲ ਵੇਖਦੇ ਹਨ। ਉਨ੍ਹਾਂ ਨੂੰ ਹਰ ਕੋਈ ਆਪਣਾ ਦੁਸ਼ਮਣ ਵਿਖਾਈ ਦਿੰਦਾ ਹੈ। ਉਹ ਹਰ ਕਿਸੇ ਨੂੰ ਬੇਈਮਾਨ ਸਿੱਧ ਕਰਦੇ ਹਨ।

ਨਿਰਸੰਦੇਹ ਹਰ ਬੇਈਮਾਨ ਇਸ ਭੁਲੇਖੇ ਦਾ ਸ਼ਿਕਾਰ ਹੁੰਦਾ ਹੈ ਕਿ ਉਹ ਦੂਜਿਆਂ ਨਾਲੋਂ ਘੱਟ ਬੇਈਮਾਨ ਹੈ। ਪ੍ਰਸੰਨਤਾ ਵਿਚ ਮਿਲਾਵਟ ਸੰਭਵ ਨਹੀਂ ਹੁੰਦੀ, ਇਸੇ ਲਈ ਇਹ ਉਨ੍ਹਾਂ ਦੀ ਪਹੁੰਚ ਵਿਚ ਨਹੀਂ ਹੁੰਦੀ।

ਸਾਰੇ ਧਰਮ ਕਹਿੰਦੇ ਹਨ ਕਿ ਦੁਸ਼ਮਣ ਨੂੰ ਪਿਆਰ ਕਰੋ।

ਧਰਮ ਇਹ ਵੀ ਕਹਿੰਦੇ ਹਨ ਕਿ ਗੁਆਂਢੀ ਨੂੰ ਵੀ ਪਿਆਰ ਕਰੋ। ਆਮ ਕਰ ਕੇ ਗੁਆਂਢੀ ਹੀ ਦੁਸ਼ਮਣ ਹੁੰਦੇ ਹਨ, ਇਸੇ ਕਰਕੇ ਇਕੋ ਵੇਲੇ ਗੁਆਂਢੀ ਅਤੇ ਦੁਸ਼ਮਣ ਦੋਹਾਂ ਨੂੰ ਪਿਆਰ ਕਰਨਾ ਅਸੰਭਵ ਹੁੰਦਾ ਹੈ।

ਜਦੋਂ ਮਨੁੱਖ ਨੇ ਦੁੱਖੀ ਅਤੇ ਨਿਰਾਸ਼ ਹੋਣਾ ਹੁੰਦਾ ਹੈ ਤਾਂ ਉਹ ਕਿਸੇ ਨਾ ਕਿਸੇ ਨੂੰ ਆਪਣਾ ਦੁਸ਼ਮਣ ਮਿੱਥ ਲੈਂਦਾ ਹੈ ਅੰਤੇ ਉਸ ਦਾ ਸਭ ਕੁਝ ਡਰ ਦੀ ਭਾਵਨਾ ਨਾਲ ਕੀਤਾ ਹੋਣ ਕਾਰਨ ਹਾਸੋਹੀਣਾ ਹੋ ਨਿਬੜਦਾ ਹੈ। ਇਹ ਨਿਸ਼ਚਿਤ ਹੈ ਕਿ ਜਦੋਂ ਤੁਸੀਂ ਜ਼ਿੰਦਗੀ ਦੇ ਵਿਰੋਧ ਵਿਚ ਵਿਚਰੋਗੇ ਤਾਂ ਕੋਈ ਨਾ ਕੋਈ ਵਰਤਾਰਾ ਉਸ ਵਿਰੋਧ ਦਾ ਵਿਰੋਧ ਕਰਨ ਲਈ ਉੱਭਰ ਪਵੇਗਾ। ਜੇ ਤੁਸੀਂ ਸਰੀਰ ਦੀ ਦੁਰਵਰਤੋਂ ਕਰੋਗੇ ਤਾਂ ਕੋਈ ਨਾ ਕੋਈ ਰੋਗ, ਉਸ ਦੁਰਵਰਤੋਂ ਦਾ ਵਿਰੋਧ ਕਰੇਗਾ।

ਅਜੋਕੇ ਯੁੱਗ ਵਿਚ, ਮਨੁੱਖ ਦੇ ਬਾਹਰੀ ਸੰਸਾਰ ਵਿਚ, ਵੱਡੀਆਂ ਤਬਦੀਲੀਆਂ ਵਾਪਰੀਆਂ ਹਨ ਪਰ ਉਸ ਦਾ ਅੰਦਰਲਾ ਹੋਰ ਸੁੰਗੜ ਗਿਆ ਹੈ।

ਉਸ ਨੇ ਆਪਣੇ ਆਲੇ-ਦੁਆਲੇ ਵਸਤਾਂ ਦੇ ਅੰਬਾਰ ਲਾ ਲਏ ਹਨ ਪਰ ਉਸ ਦਾ ਅੰਦਰਲਾ ਪਹਿਲੇ ਨਾਲੋਂ ਵੀ ਵਧੇਰੇ ਖੋਖਲਾ ਹੋ ਗਿਆ ਹੈ।

ਹਰ ਸੁਖ-ਸੁਆਦ ਇਕ ਸੀਮਾ ਤੋਂ ਅੱਗੇ ਬੀਮਾਰੀ ਦਾ ਰੂਪ ਧਾਰ ਲੈਂਦਾ ਹੈ।

ਹਰ ਬੀਮਾਰੀ ਸਾਡੇ ਭਰੋਸੇ ਨੂੰ ਡੇਗਦੀ ਅਤੇ ਸਾਡੇ ਡਰ ਨੂੰ ਵਧਾਉਂਦੀ ਹੈ।

ਜਦੋਂ ਤੁਸੀਂ ਅਰੋਗ ਹੁੰਦੇ ਹੋ ਤਾਂ ਤੁਸੀਂ ਡਰ ਤੋਂ ਵੀ ਮੁਕਤ ਹੁੰਦੇ ਹੋ। ਇਸੇ ਕਰ ਕੇ ਕਹਿੰਦੇ ਹਨ ਕਿ ਤੁਸੀਂ ਆਪਣੇ ਡਰ ਦੂਰ ਕਰ ਦਿਓ, ਜੋ ਬਾਕੀ ਰਹਿ ਜਾਵੇਗਾ, ਉਹ ਸਵੈ-ਵਿਸ਼ਵਾਸ ਹੋਵੇਗਾ। ਤੁਸੀਂ ਈਰਖਾ ਅਤੇ ਸਾੜਾ ਤਿਆਗ ਦਿਓ, ਜੋ ਬਾਕੀ ਬਚ ਜਾਵੇਗਾ, ਉਹ ਪ੍ਰਸੰਨਤਾ ਹੋਵੇਗੀ।

ਜਦੋਂ ਤੁਸੀਂ ਪ੍ਰਸੰਨ ਹੋਵੋਗੇ, ਉਦੋਂ ਤੁਹਾਨੂੰ ਆਪਣੇ ਗੁਆਂਢੀ, ਦੁਸ਼ਮਣ ਨਹੀਂ, ਸਹਿਯੋਗੀ ਅਤੇ ਸਖੀ ਪ੍ਰਤੀਤ ਹੋਣਗੇ।

ਪੌੜੀ, ਉਤੇ ਚੜ੍ਹਨ ਅਤੇ ਥੱਲੇ ਉਤਰਨ, ਦੋਹਾਂ ਕੰਮਾਂ ਲਈ ਵਰਤੀ ਜਾਂਦੀ ਹੈ।

ਇਵੇਂ ਹੀ ਗਿਆਨ ਅਤੇ ਅਹੁਦੇ ਦੀ ਵਰਤੋਂ ਚੰਗੇ ਅਤੇ ਮਾੜੇ ਦੋਹਾਂ ਉਦੇਸ਼ਾਂ ਲਈ ਕੀਤੀ ਜਾਂਦੀ ਹੈ। ਜਦੋਂ ਅਸੀਂ ਕਿਸੇ ਵੱਡੇ ਅਹੁਦੇ 'ਤੇ ਲਗਦੇ ਹਾਂ ਤਾਂ ਸਾਡੇ ਗੁਣਾਂ ਦੇ ਨਾਲ-ਨਾਲ ਸਾਡੇ ਔਗੁਣ ਵੀ ਵਧੇਰੇ ਪ੍ਰਤੱਖ ਵਿਖਾਈ ਦੇਣ ਲਗ ਪੈਂਦੇ ਹਨ।

ਅਸੀਂ ਯਤਨ ਕਰਦੇ ਹਾਂ ਕਿ ਲੋਕ ਸਾਡੇ ਗੁਣ ਹੀ ਵੇਖਣ ਪਰ ਲੋਕਾਂ ਨੂੰ ਆਦਤ ਹੁੰਦੀ ਹੈ ਕਿ ਉਹ ਕੇਵਲ ਔਗੁਣ ਹੀ ਵੇਖਦੇ ਹਨ। ਇਹੀ ਕਾਰਨ ਹੈ ਕਿ ਆਪਸੀ ਸਤਿਕਾਰ ਦੇ ਰਿਸ਼ਤੇ ਵੀ ਵਿਰੋਧ, ਈਰਖਾ ਅਤੇ ਸਾੜੇ ਦੇ ਰਿਸ਼ਤੇ ਹੋ ਨਿਬੜਦੇ ਹਨ।

ਸਮਝਣ ਵਿਚ ਮੁਸ਼ਕਿਲ ਨਹੀਂ ਹੋਣੀ ਚਾਹੀਦੀ ਕਿ ਸਾਡੇ ਰਿਸ਼ਤਿਆਂ ਵਿਚੋਂ ਆਦਰ ਅਤੇ ਨਿੱਘ ਕਿਉਂ ਲੋਪ ਹੋ ਗਏ ਹਨ। ਹੁਣ ਚਿੰਤਾਵਾਂ ਕਾਰਨ ਕਿਸੇ ਨੂੰ ਵੀ ਪ੍ਰਸੰਨ-ਚਿੱਤ ਹੋ ਕੇ ਮਿਲਣਾ ਬੜਾ ਮੁਸ਼ਕਿਲ ਹੋ ਗਿਆ ਹੈ।

ਜਿਵੇਂ ਗੁਰੂ ਦਾ ਕੋਈ ਧਰਮ ਨਹੀਂ ਹੁੰਦਾ, ਗੁਰੂ ਆਪਣੇ-ਆਪ ਵਿਚ ਧਰਮ ਹੁੰਦਾ ਹੈ, ਉਵੇਂ ਹੀ ਜੀਵਨ ਦੀ ਕੋਈ ਮੰਜ਼ਲ ਨਹੀਂ ਹੁੰਦੀ, ਜੀਵਨ ਆਪਣੇ-ਆਪ ਵਿਚ ਇਕ ਮੰਜ਼ਲ ਹੈ। ਇਹ ਮਨੁੱਖ ਦਾ ਦੁਰਭਾਗ ਹੈ ਕਿ ਉਹ ਜੀਵਨ ਦੇ ਮੁਕਾਬਲੇ ਕਿਸੇ ਉਦੇਸ਼ ਨੂੰ ਵਧੇਰੇ ਮਹੱਤਵ ਪ੍ਰਦਾਨ ਕਰ ਕੇ ਪ੍ਰਸੰਨਤਾ ਵਲ ਪਿੱਠ ਕਰ ਕੇ ਖਲੋ ਜਾਂਦਾ ਹੈ।

ਆਦਰਸ਼ ਭਾਵੇਂ ਕੋਈ ਵੀ ਹੋਣ, ਆਦਰਸ਼ ਜੀਵਨ ਦੇ ਸੇਵਕ ਹਨ, ਮਾਲਕ ਨਹੀਂ। ਆਦਰਸ਼ਾਂ ਨਾਲ ਅਸੀਂ ਆਪਣਾ ਜੀਵਨ ਉਚਿਆਉਣਾ ਹੁੰਦਾ ਹੈ, ਆਦਰਸ਼ਾਂ ਨਾਲ ਜੀਵਨ ਨੂੰ ਟੋਇਆਂ-ਦਾਇਰਿਆਂ ਵਿਚ ਵੰਡਣਾ ਨਹੀਂ ਹੁੰਦਾ। ਆਦਰਸ਼ ਮਨੁੱਖ ਦੀ ਖ਼ੁਸ਼ੀ, ਖ਼ੁਸ਼ਹਾਲੀ ਅਤੇ ਖ਼ੂਬਸੂਰਤੀ ਦੇ ਸਾਧਨ ਹਨ। ਕੋਈ ਵੀ ਆਦਰਸ਼ ਉਤਨਾ ਚਿਰ ਸਤਿਕਾਰਯੋਗ ਨਹੀਂ ਹੁੰਦਾ, ਜਦੋਂ ਤਕ ਉਹ ਹਰ ਮਨੁੱਖ ਲਈ ਜੀਵਨ ਮਾਣਨ ਦਾ ਸਾਧਨ ਨਹੀਂ ਬਣਦਾ। ਸਰਬ-ਸਾਂਝੇ ਆਦਰਸ਼ ਸਾਡੀਆਂ ਦੁਚਿੱਤੀਆਂ ਨੂੰ ਦੂਰ ਕਰਦੇ ਹਨ। ਇਹ ਸਾਨੂੰ ਜੀਵਨ ਦਾ ਮਨੋਰਥ ਦੱਸਦੇ ਹਨ, ਜਿਨ੍ਹਾਂ ਦੀ ਪੂਰਤੀ ਲਈ ਅਸੀਂ ਉੱਦਮ ਕਰਦੇ ਹਾਂ। ਇਸ ਉੱਦਮ ਵਿਚੋਂ ਜੀਵਨ ਦੀ ਤਸੱਲੀ ਅਤੇ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ।

ਗਿਆਨ ਵਾਂਗ, ਉਦੇਸ਼ ਜਾਂ ਆਦਰਸ਼ ਦੀ ਵੀ ਚੰਗੀ ਅਤੇ ਮਾੜੀ ਦੋਵੇਂ ਪ੍ਰਕਾਰ ਦੀ ਵਰਤੋਂ ਕੀਤੀ ਜਾਂਦੀ ਹੈ। ਹਿੰਸਾਵਾਦੀ ਜਥੇਬੰਦੀਆਂ ਕੋਈ ਆਦਰਸ਼ ਮਿਥ ਕੇ ਹੀ ਹਿੰਸਾ ਕਰਦੀਆਂ ਹਨ ਅਤੇ ਆਪਣੇ ਆਦਰਸ਼ ਦੀ ਰੋਸ਼ਨੀ ਵਿਚ ਉਹ ਆਪਣੇ ਵਲੋਂ ਕੀਤੀਆਂ ਜਾਂਦੀਆਂ ਮਰਨ-ਮਾਰਨ ਦੀਆਂ ਕਾਰਵਾਈਆਂ ਨੂੰ ਆਪਣੇ ਆਦਰਸ਼ ਲਈ ਕੀਤੀਆਂ ਜਾਂਦੀਆਂ ਕੁਰਬਾਨੀਆਂ ਅਤੇ ਸ਼ਹੀਦੀਆਂ ਦੱਸਦੀਆਂ ਹਨ। ਪਰਉਪਕਾਰ, ਲੋਕ-ਸੇਵਾ, ਸਮਾਜ-ਸੁਧਾਰ, ਦੇਸ਼-ਭਗਤੀ, ਧਰਮ-ਰੱਖਿਆ ਆਦਿ ਉਨ੍ਹਾਂ ਲੋਕਾਂ ਦੇ ਆਦਰਸ਼ ਹੁੰਦੇ ਹਨ, ਜਿਹੜੇ ਕਹਿਣ ਭਾਵੇਂ ਕੁਝ, ਉਹ ਲੋਕਾਂ ਉਤੇ ਰਾਜ ਕਰਨ ਦੀ ਇੱਛਾ ਤੋਂ ਪ੍ਰੇਰਿਤ ਹੁੰਦੇ ਹਨ। ਅਜਿਹੇ ਲੋਕ ਆਪਣੇ-ਆਪ ਉਤੇ ਜਿੱਤ ਪ੍ਰਾਪਤ ਕਰਨ ਦੀ ਥਾਂ, ਦੂਜਿਆਂ ਨੂੰ ਹਰਾਉਣ ਦਾ ਬੀੜਾ ਚੁੱਕਦੇ ਹਨ। ਅਜਿਹੇ ਵਿਅਕਤੀ ਪ੍ਰਸੰਨਤਾ ਦੇ ਵਿਰੋਧੀ ਹੁੰਦੇ ਹਨ। ਹਰ ਸਮਾਜ ਵਿਚ ਇਵੇਂ ਵਾਪਰ ਰਿਹਾ ਹੈ।

ਹਰ ਸਮਾਜ ਵਿਚ ਦੋਸ਼ ਹਨ। ਕੋਈ ਵੀ ਸਮਾਜ ਦੋਸ਼-ਰਹਿਤ ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਹਰ ਸਮਾਜ ਦੀ ਉਸਾਰੀ ਮਨੁੱਖ ਦੀ ਸੁਤੰਤਰ ਹੋਣ ਦੀ ਬੁਨਿਆਦੀ ਤਾਂਘ ਨੂੰ ਕੁਚਲ ਕੇ ਕੀਤੀ ਗਈ ਹੈ। ਹਰ ਸਮਾਜ ਦਾ ਇਹ ਲੱਛਣ ਹੈ ਕਿ ਪਹਿਲਾਂ ਇਹ ਕੁਰੀਤੀਆਂ ਉਪਜਾਉਂਦਾ ਹੈ ਅਤੇ ਜ਼ਾਤ-ਪਾਤ ਵਾਂਗ ਉਨ੍ਹਾਂ ਦੀਆਂ ਜੜ੍ਹਾਂ ਪੱਕੀਆਂ ਕਰਦਾ ਹੈ ਅਤੇ ਫਿਰ ਉਨ੍ਹਾਂ ਹੀ ਕੁਰੀਤੀਆਂ ਨੂੰ ਦੂਰ ਕਰਨ ਲਈ ਵਿਚਾਰਧਾਰਾਵਾਂ, ਸਿਧਾਂਤ,

ਜਥੇਬੰਦੀਆਂ ਆਦਿ ਉਸਾਰਦਾ ਹੈ। ਕੋਈ ਵੀ ਮਹਾਂਪੁਰਸ਼ ਆਪ ਕੋਈ ਸਿਧਾਂਤ ਨਹੀਂ ਸਿਰਜਦਾ। ਹਰ ਮਹਾਂਪੁਰਸ਼ ਸਾਧਾਰਨ ਵਿਅਕਤੀ ਵਾਂਗ ਵਿਚਰਿਆ ਹੈ ਪਰ ਸੁਆਰਥ ਨਾਲ ਪਰੇਰੇ ਹੋਏ ਉਨ੍ਹਾਂ ਦੇ ਪੈਰੋਕਾਰ, ਉਨ੍ਹਾਂ ਦੇ ਨਾਂ 'ਤੇ ਸਿਧਾਂਤ ਅਤੇ ਧਰਮ ਉਸਾਰਦੇ ਹਨ ਅਤੇ ਸਾਧਾਰਨ ਲੋਕਾਂ ਨੂੰ ਉਨ੍ਹਾਂ ਨਾਲ ਬੰਨ੍ਹਦੇ ਅਤੇ ਕੱਸਦੇ ਹਨ। ਇਵੇਂ ਦੋਸ਼ਪੂਰਣ ਸਮਾਜ ਵਿਚ ਸਾਧਾਰਨ ਵਿਅਕਤੀ ਵੀ ਦੋਸ਼ਪੂਰਣ ਹੋ ਜਾਂਦਾ ਹੈ। ਵੇਖਿਆ ਗਿਆ ਹੈ ਕਿ ਕਿਸੇ ਸਾਧਾਰਨ ਵਿਅਕਤੀ ਦੇ ਦੋਸ਼ ਕਦੇ ਵੀ ਸਮੁੱਚੇ ਸਮਾਜ ਲਈ ਹਾਨੀਕਾਰਕ ਨਹੀਂ ਹੁੰਦੇ ਜਦੋਂ ਕਿ ਸਮਾਜ ਦੇ ਦੋਸ਼ ਉਸ ਸਮਾਜ ਦੇ ਹਰ ਵਿਅਕਤੀ ਲਈ ਮਾਰੂ ਸਿੱਧ ਹੁੰਦੇ ਹਨ। ਅਜਿਹੇ ਸਮਾਜ ਦਾ ਕੋਈ ਵੀ ਵਿਅਕਤੀ ਪ੍ਰਸੰਨ-ਚਿੱਤ ਨਹੀਂ ਹੋ ਸਕਦਾ।

ਜਦੋਂ ਕੋਈ ਵਿਅਕਤੀ ਜਾਂ ਧੜਾ ਸਮਾਜ ਦਾ ਆਦਰਸ਼ ਬਣ ਜਾਂਦਾ ਹੈ, ਤਾਂ ਉਸ ਦੇ ਦੋਸ਼ ਵੀ ਆਦਰਸ਼ ਬਣ ਜਾਂਦੇ ਹਨ। ਉਸ ਵਿਅਕਤੀ ਨਾਲ ਆਪਣੇ-ਆਪ ਨੂੰ ਜੋੜ ਕੇ ਹਰ ਸਮਾਜ ਆਪਣੇ ਇਤਿਹਾਸ ਦਾ ਅਤੇ ਆਪਣੇ ਮਹਾਨ ਹੋਣ ਦਾ ਆਦਰਸ਼ ਉਸਾਰ ਕੇ ਹਿੰਸਾਵਾਦੀ ਹੋ ਨਿਬੜਦਾ ਹੈ। ਜਦੋਂ ਕਿਸੇ ਸਮਾਜ ਜਾਂ ਕੌਮ ਨੂੰ ਆਪਣੇ ਮਹਾਨ ਹੋਣ ਦਾ ਭੁਲੇਖਾ ਪੈ ਜਾਵੇ ਤਾਂ ਉਸ ਸਮਾਜ ਅਤੇ ਕੌਮ ਦੇ ਲੋਕ ਆਪਣੇ-ਆਪ ਨੂੰ ਵਿਸ਼ੇਸ਼ ਅਤੇ ਅਸਾਧਾਰਨ ਸਮਝਣ ਲਗ ਪੈਂਦੇ ਹਨ ਅਤੇ ਉਨ੍ਹਾਂ ਦੀ ਹਉਮੈ ਵੀ ਅਸਾਧਾਰਨ ਹੋ ਨਿਬੜਦੀ ਹੈ। ਇਵੇਂ ਉਨ੍ਹਾਂ ਦੀ ਅਸਾਧਾਰਨ ਹਉਮੈ ਦਾ ਮੁੱਲ ਸਾਧਾਰਨ ਲੋਕਾਂ ਨੂੰ ਤਾਰਨਾ ਪੈਂਦਾ ਹੈ। ਸਮਾਜ ਭਾਵੇਂ ਕੋਈ ਵੀ ਹੋਵੇ, ਹਰ ਯੁੱਗ ਵਿਚ ਹਰ ਅਨਿਆਇ ਦਾ ਸ਼ਿਕਾਰ ਸਾਧਾਰਨ ਲੋਕਾਂ ਨੂੰ ਹੋਣਾ ਪੈਂਦਾ ਹੈ। ਸਾਨੂੰ ਹਰ ਸਮਾਜ ਇਸ ਲਈ ਦੁਖੀ ਅਤੇ ਪੀੜਤ ਨਜ਼ਰ ਆਉਂਦਾ ਹੈ, ਕਿਉਂਕਿ ਹਰ ਸਮਾਜ ਨੂੰ ਆਪਣੇ ਅਸਾਧਾਰਨ ਅਤੇ ਵਿਸ਼ੇਸ਼ ਹੋਣ ਦਾ ਰੋਗ ਚਿਮੜਿਆ ਹੋਇਆ ਹੈ।

ਰੋਗੀ ਸਮਾਜ, ਰੋਗੀ ਵਿਅਕਤੀ ਹੀ ਸਿਰਜਦਾ ਹੈ।

ਹਰ ਅਜੋਕੇ ਸਮਾਜ ਵਿਚ ਸਾਧਾਰਨ ਵਿਅਕਤੀ ਨੂੰ ਸ਼ਰਮਿੰਦਿਆਂ ਕਰਨ ਦਾ ਹਰ ਸੰਭਵ ਢੰਗ ਅਤੇ ਯਤਨ ਅਪਣਾਇਆ ਜਾ ਰਿਹਾ ਹੈ। ਅਸਾਧਾਰਨਤਾ ਦਾ ਰੋਗ ਇਸ ਹੱਦ ਤਕ ਵੱਧ ਗਿਆ ਹੈ ਕਿ ਹਰ ਮਾਂ ਆਪਣੀ ਸੰਤਾਨ ਨੂੰ ਅਸਾਧਾਰਨ ਸਿੱਧ ਕਰਨ ਦਾ ਉਚੇਚਾ ਯਤਨ ਕਰ ਰਹੀ ਹੈ। ਬੱਚਿਆਂ ਸਾਹਮਣੇ ਅਸੰਭਵ ਨਿਸ਼ਾਨੇ ਉਸਾਰ ਕੇ, ਉਨ੍ਹਾਂ ਵਿਚ ਪ੍ਰਸੰਨ ਹੋਣ ਦੀ ਸਮਰੱਥਾ ਅਤੇ ਸੰਭਾਵਨਾ ਹੀ ਮੁਕਾਈ ਜਾ ਰਹੀ ਹੈ।

ਕੀ ਉਦੇਸ਼ ਜਾਂ ਆਦਰਸ਼ ਨਹੀਂ ਹੋਣੇ ਚਾਹੀਦੇ ?

ਹੋਣੇ ਚਾਹੀਦੇ ਹਨ ਪਰ ਇਹ ਕਿਸੇ ਹੋਰ ਮਨੋਰਥ ਲਈ ਸਾਧਨ ਨਹੀਂ ਹੋਣੇ ਚਾਹੀਦੇ। ਚੰਗੀ ਸਿਹਤ ਅਤੇ ਗਿਆਨਵਾਨ ਹੋਣਾ ਆਪਣੇ-ਆਪ ਵਿਚ ਆਦਰਸ਼ ਹਨ ਪਰ ਜਦੋਂ ਚੰਗੀ ਸਿਹਤ ਵਾਲੇ ਵਿਅਕਤੀਆਂ ਨੂੰ ਫੌਜ ਵਿਚ ਅਤੇ ਗਿਆਨਵਾਨ ਵਿਅਕਤੀਆਂ ਨੂੰ ਪੱਖਪਾਤੀ ਸਿਧਾਂਤਾਂ ਦੇ ਪ੍ਰਚਾਰ ਲਈ ਵਰਤਿਆ ਜਾਂਦਾ ਹੈ ਤਾਂ ਇਹ ਆਪਣੇ-ਆਪ ਵਿਚ ਆਦਰਸ਼ ਨਾ ਰਹਿ ਕੇ ਦੁਰਵਰਤੋਂ ਦੇ ਸਾਧਨ ਬਣ ਜਾਂਦੇ ਹਨ।

ਸਾਡਾ ਦੁਖਾਂਤ ਇਹ ਹੈ ਕਿ ਅਸੀਂ ਆਪਣੀ ਯੋਗਤਾ ਅਤੇ ਸਮਰੱਥਾ ਦੀ ਦੁਰਵਰਤੋਂ ਕਰ ਕੇ ਪ੍ਰਸੰਨ ਹੋਣਾ ਚਾਹੁੰਦੇ ਹਾਂ। ਇਹ ਕਦੇ ਵੀ ਸੰਭਵ ਨਹੀਂ ਹੋਵੇਗਾ, ਕਿਉਂਕਿ ਅਸੀਂ ਆਪਣੀ ਮੰਜ਼ਲ ਬਾਰੇ ਹੀ ਸਪਸ਼ਟ ਨਹੀਂ ਹਾਂ।

ਜੇ ਅਸੀਂ ਮੰਜ਼ਲ ਬਾਰੇ ਸਪਸ਼ਟ ਹਾਂ ਤਾਂ ਸਾਨੂੰ ਦੌੜਨ ਦੀ ਲੋੜ ਨਹੀਂ। ਦੌੜਨਾ ਪ੍ਰਸੰਨ ਵਿਅਕਤੀ ਦਾ ਲੱਛਣ ਨਹੀਂ ਹੁੰਦਾ, ਉਹ ਟੁਰਨ ਨਾਲ ਹੀ ਮੰਜ਼ਲ ਤੇ ਅੱਪੜ ਜਾਂਦਾ ਹੈ। ਜੇ ਰਸਤਾ ਠੀਕ ਹੈ ਤਾਂ ਮੰਜ਼ਲ ਦਾ ਸੰਸਾ ਨਹੀਂ ਰਹਿੰਦਾ। ਇਵੇਂ ਹੀ ਜੇ ਨਜ਼ਰ ਮੰਜ਼ਲ ਉਤੇ ਟਿਕੀ ਹੋਈ ਹੈ ਤਾਂ ਰਸਤਾ ਕਦੇ ਗੁਆਚਦਾ ਨਹੀਂ।

ਕਹਿੰਦੇ ਹਨ ਕਿ ਜੇ ਪ੍ਰਬੰਧਕ ਈਮਾਨਦਾਰ ਹੋਣ ਤਾਂ ਉਨ੍ਹਾਂ ਦੀ ਆਗਿਆ ਤੋਂ ਬਿਨਾਂ ਵੀ, ਉਨ੍ਹਾਂ ਦੀ ਗੈਰਹਾਜ਼ਰੀ ਵਿਚ ਵੀ, ਸਭ ਕੁਝ ਠੀਕ ਹੁੰਦਾ ਜਾਵੇਗਾ ਪਰ ਜੇ ਪ੍ਰਬੰਧਕ ਬੇਈਮਾਨ ਹੋਣ ਤਾਂ ਉਨ੍ਹਾਂ ਦੀ ਆਗਿਆ ਦੇ ਬਾਵਜੂਦ, ਕੁਝ ਵੀ ਠੀਕ ਨਹੀਂ ਹੋਵੇਗਾ। ਚੰਗੇ ਪ੍ਰਬੰਧਕ ਆਪਣੇ ਆਲੇ-ਦੁਆਲੇ ਭਰੋਸੇ, ਉਤਸ਼ਾਹ ਅਤੇ ਪ੍ਰਸੰਨਤਾ ਦਾ ਵਾਤਾਵਰਣ ਉਸਾਰਦੇ ਹਨ ਅਤੇ ਉਹ ਸਾਧਾਰਨ ਵਿਅਕਤੀਆਂ ਵਾਂਗ ਵਰਤਦੇ-ਵਰਤਾਂਦੇ ਹਨ।

ਸਰਲ ਅਤੇ ਸਾਧਾਰਨ ਜੀਵਨ ਸੰਤੁਸ਼ਟਤਾ ਦਾ ਜੀਵਨ ਹੁੰਦਾ ਹੈ। ਸਾਧਾਰਨ ਜੀਵਨ ਵਿਚ ਨਿੱਕੀਆਂ-ਨਿੱਕੀਆਂ ਭੁੱਲਾਂ ਹਨ, ਨਿੱਕੀਆਂ-ਨਿੱਕੀਆਂ ਖੁਸ਼ੀਆਂ ਹਨ। ਅਜਿਹੇ ਜੀਵਨ ਵਿਚ ਨਾ ਸਭ ਕੁਝ ਅੱਛਾ ਹੁੰਦਾ ਹੈ ਅਤੇ ਨਾ ਹੀ ਸਭ ਕੁਝ ਬੁਰਾ ਹੁੰਦਾ ਹੈ। ਸਾਧਾਰਨ ਅਤੇ ਸਰਲ ਜੀਵਨ ਵਿਕਾਸ ਦਾ ਜੀਵਨ ਹੈ, ਜਦੋਂ ਕਿ ਉਚੇਚ ਦਾ ਜੀਵਨ ਉਪਰਾਮਤਾ ਅਤੇ ਭਟਕਣ ਦਾ ਜੀਵਨ ਹੈ। ਸਾਧਾਰਨ ਲੋਕਾਂ ਦੇ ਸਾਦ-ਮੁਰਾਦੇ ਸੁਪਨੇ, ਉਨ੍ਹਾਂ ਦੇ ਨਿੱਕੇ-ਨਿੱਕੇ ਸੁਆਰਥਾਂ ਅਤੇ ਸੁੱਖਾਂ ਨਾਲ ਜੁੜੀਆਂ ਉਨਾਂ ਦੀਆਂ ਸਾਧਾਰਨ ਖੁਸ਼ੀਆਂ ਹੀ ਉਨ੍ਹਾਂ ਦਾ ਅਸਲੀ ਧਨ ਹੁੰਦੀਆਂ ਹਨ।

ਉਚੇਚੇ ਤਪ, ਸਿਮਰਨ, ਪਾਠ, ਯੱਗ, ਜਗਰਾਤੇ, ਕੀਰਤਨ, ਭਜਨ ਆਦਿ ਮੁਕਤੀ ਅਤੇ ਪ੍ਰਸੰਨਤਾ ਦੇ ਸਾਧਨ ਨਹੀਂ, ਦਿਖਾਵੇ ਦੀ ਲਾਲਸਾ ਦਾ ਪ੍ਰਗਟਾਵਾ ਹਨ, ਇਸੇ ਕਰ ਕੇ ਇਨ੍ਹਾਂ ਵਿਚੋਂ ਪ੍ਰਸੰਨਤਾ ਨਹੀਂ, ਉਪਰਾਮਤਾ ਉਪਜਦੀ ਹੈ।

ਇਕ ਬਜ਼ੁਰਗ ਮੇਰੇ ਮਿੱਤਰ ਹਨ, ਉਨ੍ਹਾਂ ਨੇ ਆਪਣੇ ਜੀਵਨ ਵਿਚ ਵੱਧ ਤੋਂ ਵੱਧ ਜਾਇਦਾਦ ਬਣਾਉਣ ਨੂੰ ਆਪਣਾ ਆਦਰਸ਼ ਮਿਥ ਰੱਖਿਆ ਹੈ। ਉਹ ਖੋਹਣ ਵਿਚ ਨਿਪੁੰਨ ਹਨ, ਵੰਡਣ ਦਾ ਹੁਨਰ ਉਨ੍ਹਾਂ ਨੇ ਨਹੀਂ ਸਿੱਖਿਆ। ਉਹ ਪਿਛਲੇ ਹਫਤੇ ਕਹਿਣ ਲੱਗੇ, "ਪ੍ਰੋਫੈਸਰ ਸਾਹਿਬ, ਇਤਨੀ ਜਾਇਦਾਦ ਛੱਡ ਕੇ ਮਰਨਾ ਬਹੁਤ ਮੁਸ਼ਕਿਲ ਲੱਗ ਰਿਹਾ ਹੈ। ਮੈਨੂੰ ਤਾਂ ਨੀਂਦ ਨਹੀਂ ਆਉਂਦੀ, ਕਿੱਧਰੇ ਸੁੱਤੇ-ਸੁੱਤੇ ਨੂੰ ਹੀ ਘਰ ਦੇ ਜੀਅ ਮੈਨੂੰ ਮਾਰ ਹੀ ਨਾ ਦੇਣ।"

ਮੇਰੇ ਇਕ ਹੋਰ ਮਿੱਤਰ ਹਨ। ਉਨ੍ਹਾਂ ਦੇ ਘਰ ਦਾ ਬਨੇਰਾ ਬਾਜ਼ਾਰ ਵੱਲ ਹੈ। ਜਦੋਂ ਕਦੇ ਕੋਈ ਰੌਣਕ ਵਾਲਾ ਜਲੂਸ ਬਾਜ਼ਾਰ ਵਿਚੋਂ ਲੰਘਣਾ ਹੁੰਦਾ ਹੈ ਤਾਂ ਆਲੇ-ਦੁਆਲੇ ਦੇ ਘਰਾਂ ਦੇ ਲੋਕ ਉਨ੍ਹਾਂ ਦੇ ਬਨੇਰੇ ਦਾ ਸ਼ਿੰਗਾਰ ਬਣ ਜਾਂਦੇ ਹਨ। ਪਹਿਲਾਂ ਉਨ੍ਹਾਂ ਨੂੰ ਇਸ ਗੱਲ ਤੋਂ ਬੜੀ ਪ੍ਰੇਸ਼ਾਨੀ ਹੁੰਦੀ ਸੀ ਪਰ ਹੁਣ ਉਨ੍ਹਾਂ ਨੇ ਇਸ ਮੁਸੀਬਤ ਨੂੰ ਪ੍ਰਸੰਨਤਾ ਵਿਚ ਬਦਲ ਲਿਆ ਹੈ। ਹੁਣ ਉਹ ਆਲੇ-ਦੁਆਲੇ ਦੇ ਲੋਕਾਂ ਨੂੰ ਆਪ ਸੱਦ ਲਿਆਉਂਦੇ ਹਨ। ਉਨ੍ਹਾਂ ਦਾ ਨਿਗੂਣਾ ਬਨੇਰਾ ਵੀ ਉਨਾਂ ਦੀ ਪ੍ਰਸੰਨਤਾ ਦਾ ਸਾਧਨ ਹੈ।

ਸਾਧਾਰਨ ਬਣਨਾ ਅਜੋਕੇ ਮਨੁੱਖ ਦੀ ਸਭ ਤੋਂ ਵੱਡੀ ਲੋੜ ਅਤੇ ਸਮੱਸਿਆ ਹੈ।

ਜਦੋਂ ਤਕ ਮਨੁੱਖ ਆਪਣੇ-ਆਪ ਨੂੰ ਸਾਧਾਰਨ ਨਹੀਂ ਸਮਝਦਾ, ਨਾ ਉਸ ਨੂੰ ਨੀਂਦ

ਆਵੇਗੀ ਨਾ ਉਹ ਕੋਈ ਹੰਢਣਸਾਰ ਸੁਖਾਵਾਂ ਰਿਸ਼ਤਾ ਉਸਾਰ ਸਕੇਗਾ। ਨੀਂਦ ਵਿਚ ਸੁਪਨੇ ਸਾਡੀ ਅਸਾਧਾਰਨਤਾ ਦਾ ਭਰਮ ਤੋੜ ਕੇ ਸਾਨੂੰ ਸਾਧਾਰਨਤਾ ਦਾ ਸੰਤੁਲਨ ਪ੍ਰਦਾਨ ਕਰਦੇ ਹਨ। ਸੱਚ ਤਾਂ ਇਹ ਹੈ ਕਿ ਸਾਨੂੰ ਨੀਂਦ ਦੀ ਲੋੜ ਨਹੀਂ ਹੁੰਦੀ, ਸਾਨੂੰ ਸੁਪਨਿਆਂ ਦੀ ਲੋੜ ਹੁੰਦੀ ਹੈ। ਕਿਉਂਕਿ ਸੁਪਨੇ ਨੀਂਦ ਤੋਂ ਬਿਨਾਂ ਸੰਭਵ ਨਹੀਂ ਹੁੰਦੇ, ਇਸ ਲਈ ਅਸੀਂ ਨੀਂਦ ਦੀ ਲੋੜ ਅਨੁਭਵ ਕਰਦੇ ਹਾਂ।

ਸਾਧਾਰਨਤਾ ਦਾ ਗੁਣ ਇਸ ਲਈ ਲੋਪ ਹੁੰਦਾ ਜਾ ਰਿਹਾ ਹੈ, ਕਿਉਂਕਿ ਜੀਵਨ ਦੇ ਹਰ ਖੇਤਰ ਵਿਚ ਅਸਾਧਾਰਨਤਾ ਅਤੇ ਵਿਸ਼ੇਸ਼ਤਾ ਸਾਡਾ ਵਧੇਰੇ ਧਿਆਨ ਖਿਚਦੀਆਂ ਹਨ। ਉਦਾਹਰਣ ਵਜੋਂ ਅਸੀਂ ਕਾਤਲਾਂ, ਡਾਕੂਆਂ, ਅਪਰਾਧੀਆਂ, ਰੋਗੀਆਂ, ਹਾਦਸਿਆਂ ਵੱਲ ਜਿਤਨਾ ਵਧੇਰੇ ਧਿਆਨ ਦਿੰਦੇ ਹਾਂ ਉਤਨਾ ਸਾਦੇ, ਸਰਲ ਅਤੇ ਸਾਧਾਰਨ ਲੋਕਾਂ ਵੱਲ ਨਹੀਂ ਦਿੰਦੇ। ਇਵੇਂ ਹੀ ਅਕਾਲਾਂ, ਭੂਚਾਲਾਂ, ਹੜ੍ਹਾਂ, ਜੰਗਾਂ ਆਦਿ ਨੂੰ ਉਨ੍ਹਾਂ ਦੀ ਅਸਾਧਾਰਨਤਾ ਕਰ ਕੇ ਹੀ ਯਾਦ ਰੱਖਿਆ ਜਾਂਦਾ ਹੈ। ਕਿਸੇ ਦੇ ਵਿਆਹ ਜਾਂ ਕਿਸੇ ਸਮਾਗਮ ਦੇ ਅਸਾਧਾਰਨ ਵੇਰਵੇ ਹੀ ਸਾਨੂੰ ਯਾਦ ਰਹਿੰਦੇ ਹਨ।

ਇਕ ਵਾਰੀ ਜਦੋਂ ਮੈਂ ਰਾਜਨੀਤਕ ਕੈਦੀ ਵਜੋਂ ਜੇਲ੍ਹ ਵਿਚ ਸਾਂ ਤਾਂ ਉਥੇ ਮੈਨੂੰ ਵੇਖ ਕੇ ਹੈਰਾਨੀ ਹੁੰਦੀ ਸੀ ਕਿ ਉਮਰ ਕੈਦ ਅਤੇ ਹੋਰ ਕੈਦਾਂ ਭੁਗਤ ਰਹੇ ਵਿਅਕਤੀ ਉਦਾਸ ਜਾਂ ਮਾਯੂਸ ਹੋਣ ਦੀ ਥਾਂ ਆਪਣੇ-ਆਪ ਨੂੰ ਬੜਾ ਮਹੱਤਵਪੂਰਨ ਸਮਝਦੇ ਸਨ ਅਤੇ ਵਧੇਰੇ ਸਾਫ਼-ਸੁਥਰੇ ਅਤੇ ਸੰਤੁਸ਼ਟ ਸਨ। ਇਸ ਦਾ ਉੱਤਰ ਬੜੀ ਦੇਰ ਮਗਰੋਂ ਜਾ ਕੇ ਇਕ ਪੁਸਤਕ ਵਿਚੋਂ ਮਿਲਿਆ। ਇਹ ਵਿਅਕਤੀ ਜੇਲ੍ਹ ਤੋਂ ਬਾਹਰ ਸਾਧਾਰਨ ਵਿਅਕਤੀ ਸਨ, ਉਨ੍ਹਾਂ ਵੱਲ ਕਿਸੇ ਦਾ ਧਿਆਨ ਨਹੀਂ ਸੀ ਜਾਂਦਾ। ਕੈਦ ਹੋ ਜਾਣ ਕਾਰਨ ਉਹ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਲਈ ਅਸਾਧਾਰਨ ਬਣ ਗਏ ਸਨ ਅਤੇ ਰਿਸ਼ਤੇਦਾਰ, ਕੈਦੀਆਂ ਲਈ ਘਿਓ ਅਤੇ ਪਿੰਨੀਆਂ ਦੇ ਕੇ ਜਾਂਦੇ ਸਨ। ਹੁਣ ਕੈਦੀਆਂ ਨੂੰ ਪਰਿਵਾਰ ਦੀ ਚਿੰਤਾ ਨਹੀਂ ਸੀ, ਸਗੋਂ ਪਰਿਵਾਰ ਨੂੰ ਉਨ੍ਹਾਂ ਦੀ ਚਿੰਤਾ ਸੀ।

ਤੁਸੀਂ ਵੇਖਿਆ ਹੋਵੇਗਾ ਕਿ ਜੇ ਬੱਚੇ ਨੂੰ ਕੋਈ ਸੱਟ ਲੱਗਣ ਕਾਰਨ ਪੱਟੀ ਬੰਨ੍ਹ ਦਿੱਤੀ ਜਾਵੇ ਤਾਂ ਉਹ ਆਪਣੇ-ਆਪ ਨੂੰ ਵਿਸ਼ੇਸ਼ ਵਿਅਕਤੀ ਸਮਝਣ ਲਗ ਪੈਂਦਾ ਹੈ।

ਹਰ ਪ੍ਰਕਾਰ ਦੀ ਰਚਨਾ, ਹੁਨਰ ਅਤੇ ਕਲਾ ਵੀ ਸਾਧਾਰਨ ਨੂੰ ਵਿਸ਼ੇਸ਼ ਬਣਾਉਣ ਦਾ ਹੀ ਉਪਰਾਲਾ ਹੁੰਦੀ ਹੈ।

ਸਾਧਾਰਨਤਾ ਨੂੰ ਅਜੋਕਾ ਯੁੱਗ ਔਗੁਣ ਦੇ ਅਰਥਾਂ ਵਿਚ ਲੈਂਦਾ ਹੈ।

ਵਰਦੀਆਂ, ਤਮਗਿਆਂ, ਫੁੰਮਣਾਂ, ਫੀਤੀਆਂ ਅਤੇ ਅਹੁਦਿਆਂ ਨਾਲ ਜਦੋਂ ਕਿਸੇ ਵਿਅਕਤੀ ਨੂੰ ਵੀਰ, ਯੋਧਾ ਜਾਂ ਪਤਵੰਤਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਤਾਂ ਉਸ ਨੂੰ ਵੇਖ ਕੇ ਸਾਧਾਰਨ ਵਿਅਕਤੀ ਨੂੰ ਆਪਣੀ ਸਾਧਾਰਨਤਾ 'ਤੇ ਮਾਣ ਹੋਣ ਦੀ ਥਾਂ ਸ਼ਰਮ ਆਉਣ ਲਗ ਪੈਂਦੀ ਹੈ। ਅਜੋਕੇ ਯੁੱਗ ਵਿਚ ਅਸਾਧਾਰਨ ਅਤੇ ਵਿਸ਼ੇਸ਼ ਦਾ ਬੋਲਬਾਲਾ ਹੈ। ਸਾਰਾ ਸਾਹਿਤ, ਫਿਲਮਾਂ ਆਦਿ ਅਸਾਧਾਰਨ ਨਾਇਕ-ਨਾਇਕਾਵਾਂ ਨੂੰ ਪੇਸ਼ ਕਰਨ ਦੇ ਸਾਧਨ ਹਨ। ਇਹ ਸਾਰੇ ਯਤਨ ਅਸਾਧਾਰਨਤਾ ਦਾ ਭੁਲੇਖਾ ਉਸਾਰਨ ਦੇ ਉਪਰਾਲੇ

ਹਨ। ਇਹ ਉਪਰਾਲੇ ਸਾਧਾਰਨਤਾ ਦਾ ਮੁੱਲ ਘਟਾਉਂਦੇ ਹਨ ਅਤੇ ਸਾਧਾਰਨ ਵਿਅਕਤੀਆਂ ਨੂੰ ਨਿਰਾਸ਼ ਕਰਦੇ ਹਨ।

ਧਿਆਨ ਨਾਲ ਵੇਖਿਆ ਜਾਵੇ ਤਾਂ ਸੰਸਾਰ ਦੇ ਅਸਾਧਾਰਨ ਲੋਕ ਸਾਧਾਰਨ ਲੋਕਾਂ ਉਤੇ ਨਿਰਭਰ ਕਰਦੇ ਹਨ ਅਤੇ ਸਾਧਾਰਨ ਲੋਕਾਂ ਦੇ ਮੁਥਾਜ ਹਨ। ਸੰਸਾਰ ਦੀ ਸਾਰੀ ਦੌਲਤ ਅਤੇ ਸੁੱਖ-ਸਮੱਗਰੀ ਸਾਧਾਰਨ ਲੋਕਾਂ ਦੀ ਮਿਹਨਤ ਨਾਲ ਉਸਰਦੀ ਹੈ ਪਰ ਸਾਧਾਰਨ ਲੋਕਾਂ ਨੂੰ ਆਪਣੀ ਸਾਧਾਰਨਤਾ ਪ੍ਰਤੀ ਸ਼ਰਮਸਾਰ ਕਰ ਕੇ ਇਨ੍ਹਾਂ ਨੂੰ ਅਸਾਧਾਰਨ ਵਿਅਕਤੀਆਂ ਦੇ ਦਾਸ-ਸੇਵਕ-ਗੁਲਾਮ ਬਣਾਇਆ ਜਾਂਦਾ ਹੈ। ਇਸ ਵਰਤਾਰੇ ਨੇ ਸਾਧਾਰਨ ਜੀਵਨ ਨੂੰ ਸਤਿਕਾਰਯੋਗ ਨਹੀਂ ਰਹਿਣ ਦਿੱਤਾ। ਸੰਸਾਰ ਦੀ ਤਿੰਨ-ਚੌਥਾਈ ਨਾਲੋਂ ਵੀ ਵਧੇਰੇ ਵੱਸੋਂ ਸਾਧਾਰਨ ਲੋਕਾਂ ਦੀ ਹੈ ਪਰ ਇਤਨੀ ਵੱਡੀ ਜਨ-ਸੰਖਿਆ ਦਾ ਗੌਰਵਹੀਣ ਹੋਣਾ ਨਿਰਾਸਤਾ ਦਾ ਵਾਤਾਵਰਣ ਹੀ ਸਿਰਜ ਸਕਦਾ ਹੈ।

ਜਿਸ ਸਮਾਜ ਦਾ ਸਾਧਾਰਨ ਵਿਅਕਤੀ ਨਿਰਾਸ਼ ਅਤੇ ਪ੍ਰੇਸ਼ਾਨ ਹੈ, ਉਹ ਸਮਾਜ ਪ੍ਰਸੰਨ ਬਿਰਤੀ ਵਾਲੇ ਵਿਅਕਤੀ ਨਹੀਂ ਸਿਰਜ ਸਕਦਾ।

ਅਜਿਹੇ ਸਮਾਜ ਵਿਚ ਪ੍ਰਸੰਨਤਾ ਹੁੰਦੀ ਨਹੀਂ, ਪ੍ਰਸੰਨਤਾ ਉਡੀਕੀ ਜਾਂਦੀ ਹੈ।

ਤਿੜਕੀ ਹੋਈ ਕੰਧ ਵਿਚ ਉਗਿਆ ਬੂਟਾ

ਤਿਆਰੀ ਤੋਂ ਬਿਨਾਂ ਅਤੇ ਮਿਹਨਤ ਤੋਂ ਬਿਨਾਂ ਕੇਵਲ ਟੱਕਰਾਂ, ਹਾਦਸੇ ਅਤੇ ਦੁਰਘਟਨਾਵਾਂ ਹੀ ਵਾਪਰਦੀਆਂ ਹਨ।

ਹਰ ਦੁਰਘਟਨਾ ਸਾਨੂੰ ਅਚਾਨਕ ਹੀ ਕਿਸੇ ਨਵੇਂ ਅਤੇ ਅਣਪਛਾਤੇ ਯਥਾਰਥ ਸਾਹਮਣੇ ਲਿਆ ਖੜ੍ਹਾ ਕਰਦੀ ਹੈ। ਯਥਾਰਥ ਅਕਸਰ ਕਰੂਪ ਹੁੰਦਾ ਹੈ।

ਜਦੋਂ ਯਥਾਰਥ ਦਾ ਸਾਮ੍ਹਣਾ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਸਾਡਾ ਭੋਲਾਪਣ ਗੁਆਚਦਾ ਹੈ ਅਤੇ ਇਸ ਉਪਰੰਤ ਬਹੁਤ ਕੁਝ ਗੁਆਚਣ ਦਾ ਇਕ ਅਮੁੱਕ ਸਿਲਸਿਲਾ ਚਲ ਪੈਂਦਾ ਹੈ। ਇਸ ਸਥਿਤੀ ਨੂੰ ਸੰਕਟ ਕਹਿੰਦੇ ਹਨ।

ਜਦੋਂ ਕੋਈ ਟੱਕਰ ਹੁੰਦੀ ਹੈ ਜਾਂ ਦੁਰਘਟਨਾ ਵਾਪਰਦੀ ਹੈ ਤਾਂ ਚਾਲ ਤਾਂ ਸਾਡੀ ਆਪਣੀ ਵਿਗੜੀ ਹੁੰਦੀ ਹੈ ਪਰ ਅਸੀਂ ਇਹ ਭਰਮ ਉਪਜਾ ਲੈਂਦੇ ਹਾਂ ਕਿ ਵਕਤ ਹੌਲੀ ਹੋ ਗਿਆ ਹੈ ਜਾਂ ਹੁਣ ਅਸਮਾਨ ਪਹਿਲੇ ਜਿਤਨਾ ਨੀਲਾ ਨਹੀਂ ਦਿਸਦਾ ਜਾਂ ਫੁੱਲਾਂ ਵਿਚ ਪਹਿਲੇ ਵਾਲੀ ਰੌਣਕ ਨਹੀਂ ਰਹੀ।

ਜਦੋਂ ਮਨ ਉਦਾਸ ਹੋਵੇ, ਉਦੋਂ ਸਭ ਕੁਝ ਉਦਾਸਿਆ ਹੋਇਆ ਪ੍ਰਤੀਤ ਹੁੰਦਾ ਹੈ।

ਹਰ ਕਿਸੇ ਨਾਲ ਜੀਵਨ ਵਿਚ ਅਨੇਕਾਂ ਦੁਰਘਟਨਾਵਾਂ ਵਾਪਰਦੀਆਂ ਹਨ।

ਕਹਿੰਦੇ ਹਨ ਵਕਤ ਬੀਤਣ ਨਾਲ ਸਭ ਕੁਝ ਭੁੱਲ ਜਾਂਦਾ ਹੈ ਪਰ ਸਾਨੂੰ ਸਭ ਕੁਝ, ਜੋ ਯਾਦ ਰੱਖਣਯੋਗ ਹੁੰਦਾ ਹੈ, ਉਹ ਵੀ ਵਕਤ ਤੋਂ ਹੀ ਪ੍ਰਾਪਤ ਹੁੰਦਾ ਹੈ।

ਦੁਰਘਟਨਾ ਜਾਂ ਹਾਦਸਾ ਹੋਣ ਦੀ ਸਥਿਤੀ ਵਿਚ ਲੋਕ ਤੁਹਾਡੇ ਕੇਵਲ ਬਾਹਰਲੇ ਰੂਪ ਨੂੰ ਵੇਖਦੇ ਹਨ, ਆਪਣੇ ਅੰਦਰਲੇ ਰੂਪ ਨੂੰ ਕੇਵਲ ਤੁਸੀਂ ਹੀ ਵੇਖਦੇ ਹੋ। ਅੰਦਰਲੀ ਟੁੱਟ-ਭੱਜ ਦੇ ਕੇਵਲ ਤੁਸੀਂ ਗਵਾਹ ਹੁੰਦੇ ਹੋ।

ਹਰ ਹਾਦਸਾ ਸਾਡੇ ਲਈ ਮਰਨ ਦੀ ਇਕ ਰੀਹਰਸਲ ਹੋ ਨਿਬੜਦਾ ਹੈ।

ਦੁਰਘਟਨਾ ਜਾਂ ਟੱਕਰ ਦੀ ਪੀੜ, ਵਿਛੋੜੇ ਦਾ ਦਰਦ ਜਾਂ ਅਸਫਲ ਪਿਆਰ ਦੀ ਚੀਸ, ਇਨ੍ਹਾਂ ਦੇ ਵਾਪਰਨ ਤੋਂ ਮਗਰੋਂ ਹੀ ਪਤਾ ਲਗਦੀ ਹੈ।

ਪੀੜ ਅਤੇ ਦਰਦ ਦਾ ਖੇਤਰ ਬੜਾ ਵਿਸ਼ਾਲ ਹੈ।

ਅਸੀਂ ਸਾਰੇ ਆਪਣੇ ਨਾਲ ਵਾਪਰੇ ਹਾਦਸਿਆਂ ਦੇ ਸਬੂਤ ਹਾਂ।

ਪਿੱਛੇ ਜਿਹੇ ਜਦੋਂ ਮੇਰਾ ਚੌੜੀ ਸੜਕ ਉਤੇ ਇਕ ਟਰੱਕ ਨਾਲ ਆਹਮੋ-ਸਾਹਮਣੇ ਹਾਦਸਾ ਹੋ ਗਿਆ ਤਾਂ ਮੌਤ ਨੂੰ ਖੁੱਲ੍ਹੀ ਅੱਖ ਨਾਲ ਵੇਖਣ ਦਾ ਅਵਸਰ ਮਿਲਿਆ।

ਇਸ ਟੱਕਰ ਦਾ ਸਦਮਾ ਇਤਨਾ ਗਹਿਰਾ ਸੀ ਕਿ ਕਿਤਨਾ ਹੀ ਅਰਸਾ ਆਪਣੇ ਆਪ ਨੂੰ ਜਿਊਂਦਿਆਂ ਵਿਚ ਗਿਣਨ ਦੇ ਪੱਖੋਂ ਬੜੀ ਮੁਸ਼ਕਿਲ ਹੁੰਦੀ ਰਹੀ।

ਦੁਰਘਟਨਾਵਾਂ ਤਾਂ ਪਹਿਲਾਂ ਵੀ ਵਾਪਰੀਆਂ ਸਨ, ਸ਼ਾਇਦ ਅੱਗੋਂ ਵੀ ਵਾਪਰਨਗੀਆਂ, ਪਰ ਜਿਤਨੇ ਜ਼ੋਰ ਨਾਲ, ਸ਼ਿੱਦਤ ਨਾਲ ਅਤੇ ਤੇਜ਼ੀ ਨਾਲ ਇਹ ਵਾਪਰੀ ਸੀ, ਚਾਹਵਾਂਗਾ ਇਹੋ ਜਿਹੀ ਕਿਸੇ ਨਾਲ ਵੀ ਨਾ ਵਾਪਰੇ।

ਮੈਂ ਆਪ ਵੀ ਹੈਰਾਨ ਹਾਂ ਕਿ ਮੈਂ ਬਚ ਕਿਵੇਂ ਗਿਆ ਅਤੇ ਕਿਉਂ ਬਚ ਗਿਆ।

ਲੰਮਾ ਅਰਸਾ ਅਸਮਾਨ ਨੂੰ ਆਪਣੇ ਕਮਰੇ ਦੀ ਬਾਰੀ ਵਿਚੋਂ ਹੀ ਦੇਖ ਸਕਦਾ ਸਾਂ। ਆਪਣੇ ਸੁੰਗੜਨ ਕਾਰਨ ਸਭ ਕੁਝ ਸੁੰਗੜ ਗਿਆ ਲਗਦਾ ਸੀ।

ਕਈ ਹਾਦਸੇ ਪੂਰੀ ਤਰ੍ਹਾਂ ਚੇਤੰਨ ਹੋਣ ਦੇ ਬਾਵਜੂਦ ਵਾਪਰ ਜਾਂਦੇ ਹਨ।

ਹਾਦਸਾ ਹੁੰਦਿਆਂ ਹੀ ਸਭ ਤੋਂ ਪਹਿਲਾਂ ਇਹ ਖਿਆਲ ਆਇਆ ਕਿ ਮੇਰੇ ਤਿਲ ਮੁੱਕ ਗਏ ਸਨ, ਬੁਲਾਵਾ ਆ ਗਿਆ ਸੀ, ਹੁਣ ਜਾਣਾ ਪੈਣਾ ਸੀ।

ਸੰਸਾਰ ਨਾਲੋਂ ਨਾਤਾ ਤੋੜਨ ਦਾ ਵੇਲਾ ਆ ਗਿਆ ਸੀ।

ਮਨੁੱਖ, ਜੀਵਨ ਭਰ ਘੁੰਮ-ਫਿਰ ਕੇ, ਮੌਤ ਵੱਲ ਪਰਤ ਆਉਂਦਾ ਹੈ।

ਹਰ ਕਿਸੇ ਦਾ ਜੀਵਨ ਕੁਝ ਸਾਲਾਂ ਵਿਚ ਫੈਲੀ ਹੋਈ ਘਟਨਾ ਹੁੰਦੀ ਹੈ ਅਤੇ ਮੌਤ ਇਕ ਨੁਕਤੇ ਉਤੇ ਸੁੰਗੜਿਆ ਹੋਇਆ ਫੈਲਾਅ ਹੁੰਦੀ ਹੈ।

ਸੜਕ 'ਤੇ ਲਹੂ-ਲੁਹਾਣ ਹੋਇਆ ਪਿਆ ਸਾਂ, ਆਪਣੇ ਆਪ ਨੂੰ ਮਰਨ ਲਈ ਮਨਾ ਲਿਆ ਸੀ, ਇਹ ਨਿਰਸੰਦੇਹ ਔਖਾ ਹੁੰਦਾ ਹੈ ਪਰ ਹਾਦਸੇ ਵੇਲੇ ਦੀ ਹਾਲਤ ਇਸ ਕੰਮ ਨੂੰ ਸੌਖਾ ਕਰ ਦਿੰਦੀ ਹੈ। ਆਲੇ-ਦੁਆਲੇ ਲੋਕ ਖਲੋਤੇ ਸਨ, ਉਹ ਦਿਸ ਰਹੇ ਸਨ ਪਰ ਧੁੰਦਲੇ ਪਰਛਾਵਿਆਂ ਵਰਗੇ ਲਗ ਰਹੇ ਸਨ।

ਹਾਦਸੇ ਦੀ ਹਾਲਤ ਵਿਚ ਜਿਹੜੇ ਲੋਕ ਰੁਕ ਜਾਂਦੇ ਹਨ, ਉਨ੍ਹਾਂ ਕੋਲ ਸੂਝ ਅਤੇ ਸਾਧਨ ਨਹੀਂ ਹੁੰਦੇ ਅਤੇ ਜਿਨ੍ਹਾਂ ਕੋਲ ਸਾਧਨ ਹੁੰਦੇ ਹਨ, ਉਹ ਰੁਕਦੇ ਨਹੀਂ।

ਇਹ ਵਰਤਾਰਾ ਸੰਸਾਰ ਦਾ ਸੁਭਾਅ ਹੈ।

ਸੜਕ ਉਤੇ ਮਰਨਾ ਕਿਸੇ ਦੀ ਵੀ ਮਰਜ਼ੀ ਨਹੀਂ ਹੁੰਦੀ, ਆਪਣੀ ਮਰਜ਼ੀ ਨਾਲ ਕੋਈ ਵੀ ਨਹੀਂ ਮਰਦਾ। ਸੜਕ ਉਤੇ ਖਲੋਤੇ ਲੋਕਾਂ ਦੀ, ਪਿੱਛੇ ਲਗਣ ਦੀ ਲਗਨ ਤਾਂ ਹੁੰਦੀ ਹੈ ਪਰ ਪਹਿਲ ਕਰਨ ਦੀ ਹਿੰਮਤ ਨਹੀਂ ਹੁੰਦੀ।

ਸਖ਼ਤ ਫ਼ੱਟੜ ਵਿਅਕਤੀ ਦੀ ਸਰੀਰਕ ਪੀੜ ਉਸ ਦੀ ਬੋਲਣ ਦੀ ਸ਼ਕਤੀ, ਉਸ ਤੋਂ ਖੋਹ ਲੈਂਦੀ ਹੈ ਅਤੇ ਜ਼ਿੰਦਗੀ ਦੀ ਲੋਅ ਜਗਣ-ਬੁਝਣ ਲੱਗ ਪੈਂਦੀ ਹੈ।

ਗੰਭੀਰ ਹਾਦਸੇ ਉਪਰੰਤ ਬੇਹੋਸ਼ੀ ਅਤੇ ਦਰਦ ਕੁਦਰਤ ਵਲੋਂ ਸਰੀਰ ਨੂੰ ਹਿਲਾਉਣ ਤੋਂ ਰੋਕਣ ਦੇ ਸਾਧਨ ਹੁੰਦੇ ਹਨ।

ਮੈਨੂੰ ਆਲੇ-ਦੁਆਲੇ ਭਾਂਤ-ਭਾਂਤ ਦੇ ਲੋਕ ਵਿਖਾਈ ਤਾਂ ਦੇ ਰਹੇ ਸਨ, ਉਨ੍ਹਾਂ ਦੀਆਂ ਆਵਾਜ਼ਾਂ ਵੀ ਸੁਣਾਈ ਦੇ ਰਹੀਆਂ ਸਨ, ਸ਼ਾਇਦ ਕੋਈ ਭੈਅ ਸੀ, ਜਿਹੜਾ ਉਨ੍ਹਾਂ ਨੂੰ ਮੇਰੇ ਨੇੜੇ ਆਉਣ ਤੋਂ ਰੋਕ ਰਿਹਾ ਸੀ।

ਜਦੋਂ ਸਰੀਰ ਵਿਚੋਂ ਲਹੂ ਵਗਣ ਲੱਗ ਪਵੇ ਤਾਂ ਸਰੀਰ ਆਪਣੀ ਗਰਮੀ ਗੁਆਉਣ ਕਾਰਨ ਪਹਿਲਾਂ ਕੰਬਣ-ਤੜਪਣ ਅਤੇ ਮਗਰੋਂ ਸੁੰਨ ਹੋਣ ਲਗ ਪੈਂਦਾ ਹੈ, ਜੇ ਕੜਾਕੇ ਦੀ ਠੰਢ ਹੋਵੇ ਤਾਂ ਇਹ ਕਿਰਿਆ ਬੜੀ ਤੇਜ਼ੀ ਨਾਲ ਵਾਪਰਦੀ ਹੈ। ਜਦੋਂ ਇਹ ਕੁਝ ਮੇਰੇ ਨਾਲ ਕੜਾਕੇ ਦੀ ਠੰਡ ਵਿਚ ਵਾਪਰ ਰਿਹਾ ਸੀ ਤਾਂ ਮੈਂ ਇਸ ਨੂੰ ਆਪਣੀ ਹੋਣੀ ਮੰਨ ਕੇ ਮਰਨਾ ਸਵੀਕਾਰ ਕਰ ਲਿਆ ਸੀ। ਉਦੋਂ ਮੈਨੂੰ ਖਿਆਲ ਆਇਆ ਕਿ ਮੇਰੇ ਘਰ ਪਤਾ ਲਗੇਗਾ ਤਾਂ ਪਤਨੀ ਪ੍ਰੇਸ਼ਾਨ ਹੋਵੇਗੀ ਪਰ ਨਾਲ ਹੀ ਖਿਆਲ ਆਇਆ ਕਿ ਮੈਂ ਮਜਬੂਰ ਸਾਂ, ਮੈਂ ਕਰ ਵੀ ਕੀ ਸਕਦਾ ਸਾਂ?

ਜ਼ਿੰਦਗੀ ਨੂੰ ਮੱਥਾ ਟੇਕ ਕੇ ਜਦੋਂ ਮੈਂ ਆਪਣਾ ਸਿਰ, ਮਰਨ ਲਈ, ਸੜਕ ਉਤੇ ਟਿਕਾ ਦਿੱਤਾ ਤਾਂ ਜਿਵੇਂ ਆਖਰੀ ਵਾਰ ਸੰਸਾਰ ਨੂੰ ਵਿਦਾ ਹੋਣ ਵਾਲੀ ਧੁੰਦਲੀ ਨਜ਼ਰ ਨਾਲ ਵੇਖਿਆ ਅਤੇ ਮੌਤ ਦੇ ਬੂਹੇ 'ਤੇ ਆਪਣੀ ਵਾਰੀ ਮਲ ਕੇ ਖਲੋ ਗਿਆ। ਇਹ ਅਨੁਭਵ ਅਜਿਹਾ ਹੈ ਜਿਹੜਾ ਸ਼ਬਦਾਂ ਵਿਚ ਨਹੀਂ ਪ੍ਰਗਟਾਇਆ ਜਾ ਸਕਦਾ।

ਮੌਤ ਨੂੰ ਇਤਨੀ ਨੇੜਿਓਂ ਵੇਖਣ ਤੋਂ ਬਾਅਦ, ਉਸ ਤੋਂ ਅਣਜਾਣ ਹੋਣਾ ਬੜਾ ਮੁਸ਼ਕਿਲ ਲਗ ਰਿਹਾ ਹੈ।

ਹਰ ਕਿਸੇ ਦੇ ਜੀਵਨ ਵਿਚ ਕੁਝ ਚਮਤਕਾਰ ਵਾਪਰਦੇ ਹਨ।

ਪਤਾ ਨਹੀ ਕਿੱਥੋਂ, ਪਤਾ ਨਹੀਂ ਕਿਸ ਨੇ, ਪਤਾ ਨਹੀਂ ਕਿਵੇਂ, ਕਿਸੇ ਨੇ, ਮੈਨੂੰ ਮੇਰਾ ਨਾਉਂ ਲੈ ਕੇ ਬੁਲਾਇਆ। ਜਿਵੇਂ ਬੁਝਿਆ ਹੋਇਆ ਦੀਵਾ ਜੱਗ ਪੈਂਦਾ ਹੈ, ਰੁਕੀ ਹੋਈ ਹਵਾ ਚਲ ਪੈਂਦੀ ਹੈ, ਮੇਰਾ ਰੁਕਿਆ ਹੋਇਆ ਸਾਹ ਚਲ ਪਿਆ।

ਜਿਵੇਂ ਸਿੱਪੀ ਵਿਚੋਂ ਮੋਤੀ ਨਿਕਲ ਆਉਂਦਾ ਹੈ, ਜਿਵੇਂ ਅਚਾਨਕ ਬਿਜਲੀ ਚਮਕ ਪੈਂਦੀ ਹੈ, ਉਵੇਂ ਹੀ ਮੇਰੀ ਸੌਂ ਰਹੀ ਕਿਸਮਤ ਜਾਗ ਪਈ।

ਜਿਸ ਨੇ ਮੈਨੂੰ ਹੱਥ ਪਾਇਆ, ਜਿਸ ਨੇ ਮੈਨੂੰ ਚੁੱਕਣ ਦਾ ਸਾਹਸ ਕੀਤਾ, ਉਸ ਦੇ ਹੱਥਾਂ ਵਿਚ ਮੇਰੀ ਕਿਸਮਤ ਦੀਆਂ ਲਕੀਰਾਂ ਸਨ।

ਅਲਵਿਦਾ ਕਰਦਿਆਂ-ਕਰਦਿਆਂ ਜ਼ਿੰਦਗੀ ਨੇ ਮੈਨੂੰ ਆਪਣੇ ਕੋਲ ਬੁਲਾ ਲਿਆ ਸੀ। ਇਹ ਸਭ ਕੁਝ ਵੀ ਮੈਨੂੰ ਹਾਦਸੇ ਵਾਂਗ ਲੱਗ ਰਿਹਾ ਸੀ।

ਜਿਸ ਨੇ ਮੈਨੂੰ ਬਚਾਇਆ, ਉਹ ਰੱਬ ਵਰਗਾ ਨਹੀਂ ਸੀ, ਰੱਬ ਉਸ ਵਰਗਾ ਹੋਵੇਗਾ।

ਜ਼ਿੰਦਗੀ ਅਤੇ ਮੌਤ ਵਿਚ ਕਿਤਨਾ ਥੋੜ੍ਹਾ ਫਾਸਲਾ ਹੈ, ਇਹ ਮੈਂ ਜਾਣ ਗਿਆ ਸਾਂ। ਇਹ ਅਨੁਭਵ, ਜਿਸ ਕਿਸੇ ਨਾਲ ਵੀ ਗੰਭੀਰ ਹਾਦਸਾ ਵਾਪਰਿਆ ਹੋਵੇਗਾ, ਉਸ ਨੂੰ ਭੁੱਲਣ ਵਾਲਾ ਨਹੀਂ ਹੁੰਦਾ।

ਜਿਸ ਨੇ ਮੈਨੂੰ ਬਚਾਇਆ, ਉਸ ਦੇ ਹੱਥਾਂ ਪਿੱਛੇ ਜ਼ਿੰਦਗੀ ਦੇ ਪੂਰੇ ਸਾਗਰ ਦਾ ਸਮਰਥਨ ਸੀ, ਜਿਵੇਂ ਟੋਏ ਨੂੰ ਭਰਨ ਲਈ ਮੀਂਹ ਦਾ ਪਾਣੀ ਚਾਰੇ ਪਾਸਿਓਂ ਉਸ ਵੱਲ ਦੌੜ ਪੈਂਦਾ ਹੈ, ਇਵੇਂ ਹੀ ਜਿਥੇ ਕਿਧਰੇ ਵੀ ਜ਼ਿੰਦਗੀ ਦੀ ਸੰਭਾਵਨਾ ਹੁੰਦੀ ਹੈ, ਕੁਦਰਤ ਦੀਆਂ ਸ਼ਕਤੀਆਂ ਉਸ ਪਾਸੇ ਵੱਲ ਉੱਲਰ ਪੈਂਦੀਆਂ ਹਨ।

ਜ਼ਿੰਦਗੀ-ਮੌਤ ਦੇ ਚੁਰਾਹੇ ਵਿਚ ਖਲੋਤੀ, ਮੇਰੀ ਮੌਤ ਨੇ ਇਕ ਮੋੜ ਕੱਟਿਆ।

ਦੂਜਿਆਂ ਦੀ ਮੌਤ ਜਾਂ ਦੁਰਘਟਨਾ ਨੂੰ ਵੇਖ ਕੇ ਅਸੀਂ ਆਪਣੇ ਆਪ ਨਾਲ ਹੋਣ ਵਾਲੀ ਦੁਰਘਟਨਾ ਅਤੇ ਵਾਪਰਨ ਵਾਲੀ ਮੌਤ ਨੂੰ ਯਾਦ ਕਰਦੇ ਹਾਂ, ਉਸ ਦਾ ਅਭਿਆਸ ਕਰਦੇ ਹਾਂ। ਮੌਤ ਮੇਰੇ ਸਾਮ੍ਹਣੇ ਮੈਨੂੰ ਦਿੱਸ ਰਹੀ ਸੀ।

ਹਨੇਰਾ ਮਨੁੱਖ ਦਾ ਸੁਭਾਅ ਨਹੀਂ ਹੈ, ਮਨੁੱਖ ਦਾ ਸੁਭਾਅ ਚਾਨਣਾ ਹੈ। ਇਸੇ ਕਰਕੇ ਉਹ ਵਿਰੋਧੀ ਹਾਲਤਾਂ ਦੇ ਬਾਵਜੂਦ ਜਿਊਣਾ ਚਾਹੁੰਦਾ ਹੈ।

ਜਿਊਣ ਦੀ ਤਾਂਘ ਸਾਰੀਆਂ ਤਾਂਘਾਂ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੁੰਦੀ ਹੈ।

ਇਹ ਸਾਡਾ ਭੁਲੇਖਾ ਹੈ ਕਿ ਅਸੀਂ ਜਿਊਂਦੇ ਹਾਂ। ਸੱਚ ਤਾਂ ਇਹ ਹੈ ਕਿ ਜ਼ਿੰਦਗੀ ਸਾਡੇ ਰਾਹੀਂ ਧੜਕਦੀ ਹੈ ਅਤੇ ਜਿਊਂਦੀ ਹੈ।

ਬੱਚੇ ਨੂੰ ਜਨਮ ਕੁਦਰਤ ਦਿੰਦੀ ਹੈ, ਪਰ ਦਿੰਦੀ ਮਾਂ ਰਾਹੀਂ ਹੈ।

ਬੱਚੇ ਨੂੰ ਪਾਲਦੀ ਵੀ ਕੁਦਰਤ ਹੈ, ਪਰ ਪਾਲਦੀ ਮਾਪਿਆਂ ਰਾਹੀਂ ਹੈ।

ਇਵੇਂ ਅਸੀਂ ਸਾਰੇ ਕੁਦਰਤ ਦੀ ਆਗਿਆ ਦਾ ਪਾਲਣ ਕਰ ਰਹੇ ਹੁੰਦੇ ਹਾਂ।

ਆਗਿਆ ਦੇ ਇਸ ਪਾਲਣ ਨੂੰ ਹੀ ਜੀਵਨ ਕਹਿੰਦੇ ਹਨ।

ਮੈਨੂੰ ਬਚਾਉਣ ਵਾਲੇ ਨੇ ਜਦੋਂ ਮੈਨੂੰ ਸਹਾਰਾ ਦਿੱਤਾ ਤਾਂ ਮੈਨੂੰ ਲਗਿਆ ਜਿਵੇਂ ਮੈਂ ਆਪਣੀਆਂ ਲੱਤਾਂ 'ਤੇ ਹੀ ਖਲੋਤਾ ਸਾਂ। ਜ਼ੋਰ ਲਾ ਕੇ ਜਦੋਂ ਮੈਂ ਅੱਖਾਂ ਖੋਲ੍ਹੀਆਂ ਤਾਂ ਆਲਾ-ਦੁਆਲਾ ਮੈਨੂੰ ਦਿਸਣ ਲਗ ਪਿਆ। ਮੈਨੂੰ ਖਿਆਲ ਆਇਆ ਕਿ ਮੈਂ ਖਲੋਤਾ ਹੋਇਆ ਸਾਂ। ਆਪਣੀਆਂ ਦਰਦ ਕਰ ਰਹੀਆਂ ਲੱਤਾਂ ਨੂੰ ਪਰਖਣ ਲਈ ਮੈਂ ਦੋ-ਤਿਨ ਕਦਮ ਇਧਰ-ਉਧਰ ਟੁਰ ਕੇ ਵੇਖਿਆ, ਮੈਨੂੰ ਉਹ ਠੀਕ ਲਗੀਆਂ। ਸੱਜਾ ਹੱਥ ਕੁਚਲਿਆ ਗਿਆ ਸੀ ਪਰ ਮੈਂ ਅੰਗੂਠੇ ਨਾਲ ਦੂਜੇ ਗੁੱਟ 'ਤੇ ਬੰਨ੍ਹੀ ਘੜੀ ਦੇ ਸ਼ੀਸ਼ੇ 'ਤੇ ਹੱਥ ਫੇਰ ਕੇ ਵੇਖਿਆ ਅਤੇ ਮੈਨੂੰ ਅੰਦਾਜ਼ਾ ਹੋ ਗਿਆ ਕਿ ਜੇ ਘੜੀ ਦਾ ਸ਼ੀਸ਼ਾ ਠੀਕ ਸੀ ਤਾਂ ਮੇਰੀ ਬਾਂਹ ਵੀ ਸ਼ਾਇਦ ਠੀਕ ਹੋਵੇ। ਹੌਲੀ-ਹੌਲੀ ਮੈਨੂੰ ਵਿਸ਼ਵਾਸ ਹੋ ਗਿਆ ਕਿ ਗੰਭੀਰ ਸੱਟਾਂ ਤਾਂ ਲਗੀਆਂ ਸਨ ਪਰ ਮਰਨ ਤੋਂ ਬਚਿਆ ਜਾ ਸਕਦਾ ਸੀ।

ਖਲੋਤੇ ਰਹਿਣਾ ਔਖਾ ਸੀ, ਅੰਤਾਂ ਦੀ ਦਰਦ ਸੀ ਅਤੇ ਇਵੇਂ ਲੱਗ ਰਿਹਾ ਸੀ ਜਿਵੇਂ ਆਲੇ-ਦੁਆਲੇ ਕੋਈ ਠੰਢੀ ਹਨੇਰੀ ਚੱਲ ਰਹੀ ਸੀ। ਸਰੀਰ ਵਿਚ ਕੰਬਣੀ ਸ਼ੁਰੂ ਹੋ ਗਈ ਸੀ। ਅਜਿਹੀ ਹਾਲਤ ਨਾਲ ਨਜਿੱਠਣ ਲਈ ਕੋਈ ਸੋਝੀ ਜਾਂ ਸੂਝ ਨਾ ਹੋਣ ਕਾਰਨ ਮੁਸੀਬਤ ਬੜੀ ਵੱਡੀ ਅਤੇ ਆਪਣੀ ਸਮਰੱਥਾ ਬੜੀ ਛੋਟੀ ਪ੍ਰਤੀਤ ਹੋ ਰਹੀ ਸੀ।

ਮੈਨੂੰ ਬਚਾਉਣ ਵਾਲਾ ਇਕੱਲਿਆਂ ਹੀ ਹਰ ਸੰਭਵ ਯਤਨ ਕਰ ਰਿਹਾ ਸੀ ਪਰ ਜ਼ਿੰਦਗੀ ਦੇ ਵਿਹੜੇ ਵਿਚ ਮੈਂ ਨਿਰੰਤਰ ਤਿਲ੍ਹਕ ਰਿਹਾ ਸਾਂ।

ਸਾਂਭਣ ਦੇ ਯਤਨ ਵਿਚ ਸਭ ਕੁਝ ਗੁਆਚਦਾ ਜਾ ਰਿਹਾ ਸੀ।

ਜ਼ਿੰਦਗੀ ਮੌਤ ਨੂੰ ਤੋਲ ਰਹੀ ਸੀ, ਮੌਤ ਜ਼ਿੰਦਗੀ ਨੂੰ ਮਾਪ ਰਹੀ ਸੀ, ਸਮਝ ਨਹੀਂ ਸੀ ਆ ਰਹੀ ਕਿ ਕਿਸ ਦਾ ਬਰ ਵੱਡਾ ਸੀ।

ਜਿਸ ਨੇ ਅਸਮਾਨ ਨਾ ਵੇਖਿਆ ਹੋਵੇ, ਕੇਵਲ ਆਪਣਾ ਵਿਹੜਾ ਹੀ ਵੇਖਿਆ ਹੋਵੇ, ਉਸ ਨੂੰ ਆਪਣਾ ਵਿਹੜਾ ਵੱਡਾ ਲੱਗਦਾ ਹੈ। ਮੈਂ ਅਸਮਾਨ ਵੇਖਿਆ ਤਾਂ ਕਈ ਵਾਰੀ

ਸੀ ਅਤੇ ਮੈਨੂੰ ਪਤਾ ਸੀ ਕਿ ਅਸਮਾਨ ਦੇ ਮੁਕਾਬਲੇ ਵਿਹੜਾ ਬਹੁਤ ਛੋਟਾ ਹੁੰਦਾ ਹੈ ਪਰ ਉਸ ਵੇਲੇ ਹੋਣ ਵਾਲੀ ਦਰਦ ਮੈਨੂੰ ਅਸਮਾਨ ਜਾਂ ਜ਼ਿੰਦਗੀ ਦੇ ਬਨੇਰੇ ਨੂੰ ਹੱਥ ਪਾਉਣ ਲਈ ਹਿੰਮਤ ਦੇਣ ਦੀ ਥਾਂ ਮੈਨੂੰ ਮੌਤ ਦੇ ਵਿਹੜੇ ਨੂੰ ਸਵੀਕਾਰ ਕਰਨ ਲਈ ਪਰੇਰ ਰਹੀ ਸੀ।

ਇਹ ਇਕ ਅਜਿਹੀ ਅਜੀਬ ਹਾਲਤ ਸੀ ਕਿ ਜਦੋਂ ਮੈਂ ਮੌਤ ਬਾਰੇ ਸੋਚਦਾ ਸਾਂ ਤਾਂ ਮੇਰੀਆਂ ਦਰਦਾਂ ਲੋਪ ਹੋ ਜਾਂਦੀਆਂ ਸਨ ਅਤੇ ਅਜੀਬ ਕਿਸਮ ਦੀ ਸ਼ਾਂਤੀ ਪਸਰ ਜਾਂਦੀ ਸੀ ਅਤੇ ਜਦੋਂ ਮੈਂ ਜਿਊਣ ਬਾਰੇ ਸੋਚਦਾ ਸਾਂ ਤਾਂ ਅਨੰਤ ਚੀਸਾਂ ਉਭਰ ਪੈਂਦੀਆਂ ਸਨ।

ਮੈਨੂੰ ਪ੍ਰਤੀਤ ਹੁੰਦਾ ਹੈ ਕਿ ਹਰ ਇਕ ਗੰਭੀਰ ਫੱਟੜ ਨੂੰ ਇਸ ਦੁਚਿੱਤੀ ਵਿਚੋਂ ਲੰਘਣਾ ਪੈਂਦਾ ਹੈ ਅਤੇ ਅਕਸਰ ਅਸੀਂ ਆਪਣੀ ਸਹਿਮਤੀ ਮੌਤ ਦੇ ਪੱਖ ਵਿਚ ਪ੍ਰਗਟਾ ਦਿੰਦੇ ਹਾਂ ਅਤੇ ਮੌਤ ਸਾਨੂੰ ਸਵੀਕਾਰ ਕਰ ਲੈਂਦੀ ਹੈ।

ਇਹ ਸਭ ਕੁਝ ਥੋੜ੍ਹੇ ਮਿੰਟਾਂ ਦੇ ਵਿਚਕਾਰ ਵਾਪਰਦਾ ਹੈ ਪਰ ਜਿਨ੍ਹਾਂ ਨਾਲ ਵਾਪਰਦਾ ਹੈ, ਉਨ੍ਹਾਂ ਨੂੰ ਵਕਤ ਅਤੇ ਦਰਦ ਦੀ ਨਵੀਂ ਸੋਝੀ ਪ੍ਰਾਪਤ ਹੁੰਦੀ ਹੈ।

ਕਈ ਵਾਰੀ ਮਰੀਜ਼ ਨੂੰ ਉਸ ਦੀ ਅੰਦਰਲੀ ਗਵਾਹੀ ਤੋਂ ਪਤਾ ਲਗ ਜਾਂਦਾ ਹੈ ਕਿ ਉਸ ਦੇ ਸਾਹ ਥੋੜ੍ਹੇ ਹੁੰਦੇ ਜਾ ਰਹੇ ਹਨ, ਇਵੇਂ ਉਸ ਦਾ ਜ਼ਿੰਦਗੀ ਤੋਂ ਹੌਲੀ-ਹੌਲੀ ਵਿਸ਼ਵਾਸ ਉਠ ਜਾਂਦਾ ਹੈ। ਇਹ ਜ਼ਿੰਦਗੀ-ਮੌਤ ਦੀ ਵਿਚਕਾਰਲੀ ਅਵਸਥਾ ਹੁੰਦੀ ਹੈ।

ਮੈਂ ਜਾਣਦਾ ਸਾਂ ਕਿ ਮੈਂ ਮਰ ਰਿਹਾ ਸਾਂ। ਸ਼ਾਇਦ ਇਹ ਮੌਤ ਦਾ ਸੁੱਖ ਸੀ ਕਿ ਮੇਰੇ ਅੰਦਰ ਇਹ ਇੱਛਾ ਨਹੀਂ ਸੀ ਜਾਗ ਰਹੀ ਕਿ ਕੋਈ ਮੈਨੂੰ ਬਚਾ ਲਵੇ। ਸਭ ਕੁਝ ਹੌਲੀ-ਹੌਲੀ ਬੁੱਝਦਾ ਜਾ ਰਿਹਾ ਸੀ। ਸ਼ਾਇਦ ਆਲੇ-ਦੁਆਲੇ ਦੇ ਲੋਕ ਇਹ ਸਮਝ ਰਹੇ ਸਨ ਕਿ ਮੈਂ ਮਰ ਗਿਆ ਸਾਂ, ਇਸੇ ਕਾਰਨ ਉਹ ਮੈਨੂੰ ਬਚਾਉਣ ਦਾ ਕੋਈ ਯਤਨ ਨਹੀਂ ਕਰ ਰਹੇ ਸਨ।

ਤੁਸੀਂ ਵੇਖਿਆ ਹੋਵੇਗਾ ਕਿ ਜਦੋਂ ਕੋਈ ਘੜੀ ਖਰਾਬ ਹੁੰਦੀ ਹੈ ਤਾਂ ਉਸ ਦੀਆਂ ਮਿੰਟਾਂ-ਸਕਿੰਟਾਂ ਦੀਆਂ ਸੂਈਆਂ ਬੇਮੁਹਾਰ ਹੋ ਜਾਂਦੀਆਂ ਹਨ। ਨੁਕਸ ਸੂਈਆਂ ਵਿਚ ਨਹੀਂ, ਘੜੀ ਵਿਚ ਹੁੰਦਾ ਹੈ। ਇਵੇਂ ਹੀ ਦੁਰਘਟਨਾ ਵੇਲੇ ਬਾਹਰਲੀਆਂ ਸੱਟਾਂ ਅੰਦਰਲੀ ਗੰਭੀਰ ਟੁੱਟ-ਭੱਜ ਦੇ ਬਾਹਰਲੇ ਪ੍ਰਮਾਣ ਹੁੰਦੀਆਂ ਹਨ।

ਸਭ ਕੁਝ ਬੜਾ ਬੋਝਲ, ਔਖਾ ਅਤੇ ਭਾਰਾ ਪ੍ਰਤੀਤ ਹੋ ਰਿਹਾ ਸੀ।

ਜਦੋਂ ਸਾਡੇ ਆਲੇ-ਦੁਆਲੇ ਸ਼ੁਭਚਿੰਤਕ ਆ ਜੁੜਦੇ ਹਨ ਤਾਂ ਮਰਨਾ ਅਤੇ ਜਿਊਣਾ ਦੋਵੇਂ ਸੌਖੇ ਹੋ ਜਾਂਦੇ ਹਨ। ਉਹ ਤੁਹਾਨੂੰ ਦੋਵੇਂ ਫੈਸਲੇ ਕਰਨ ਵਿਚ ਮਦਦ ਦਿੰਦੇ ਹਨ। ਆਪਣਾ ਨਾਂ ਸੁਣ ਕੇ ਮੈਨੂੰ ਇੰਜ ਲਗਿਆ ਜਿਵੇਂ ਕਿਸੇ ਨੇ ਜ਼ਿੰਦਗੀ ਦੀ ਭਰੀ ਬੱਸ ਵਿਚ ਮੈਨੂੰ ਪਛਾਣ ਲਿਆ ਸੀ ਅਤੇ ਆਪ ਸੁੰਗੜ ਕੇ ਮੈਨੂੰ ਆਪਣੇ ਕੋਲ ਬੈਠਾ ਲਿਆ ਸੀ। ਉਨ੍ਹਾਂ ਦੀਆਂ ਗੱਲਾਂ ਤੋਂ ਮੈਨੂੰ ਲਗ ਰਿਹਾ ਸੀ ਕਿ ਕੋਸ਼ਿਸ਼ ਕੀਤੀ ਜਾਵੇ ਤਾਂ ਮੌਤ ਨੂੰ ਟਾਲਿਆ ਜਾ ਸਕਦਾ ਸੀ। ਕੁਝ ਚਿਰ ਮਗਰੋਂ ਮੈਂ ਮਹਿਸੂਸ ਕੀਤਾ ਕਿ ਮੈਨੂੰ ਡਾਕਟਰੀ ਮਦਦ ਮਿਲ ਰਹੀ ਸੀ।

ਡਾਕਟਰ ਸਾਡਾ ਇਲਾਜ ਨਹੀਂ ਕਰਦੇ, ਉਹ ਸਾਨੂੰ ਠੀਕ ਹੋਣ ਲਈ ਰਾਜ਼ੀ ਕਰਦੇ ਹਨ। ਅਸੀਂ ਉਨ੍ਹਾਂ ਦੀਆਂ ਦਵਾਈਆਂ ਨਾਲ ਠੀਕ ਨਹੀਂ ਹੁੰਦੇ, ਦਵਾਈਆਂ ਸਾਨੂੰ ਠੀਕ ਹੋਣ ਦਾ ਸਾਹਸ ਦਿੰਦੀਆਂ ਹਨ।

ਜਦੋਂ ਮਰੀਜ਼ ਡਾਕਟਰ ਨੂੰ ਆਪਣੇ ਵਲੋਂ ਇਲਾਜ ਨੂੰ ਸਵੀਕਾਰ ਕਰਨ ਦੀ ਸਹਿਮਤੀ ਦੇ ਦੇਵੇ ਤਾਂ ਗੁਆਚੇ ਹੋਏ ਰਾਹ ਮੁੜ ਦਿਸਣ ਲਗ ਪੈਂਦੇ ਹਨ।

ਜਦੋਂ ਕੋਈ ਵੀ ਰਾਹ ਵਿਖਾਈ ਨਾ ਦੇਵੇ ਤਾਂ ਜਿਹੜਾ ਰਸਤਾ ਤੁਹਾਡੇ ਪੈਰਾਂ ਥੱਲੇ ਹੁੰਦਾ ਹੈ, ਉਹੀ ਠੀਕ ਰਾਹ ਹੁੰਦਾ ਹੈ। ਸਭ ਰਾਹ ਇਕ ਦੂਜੇ ਨਾਲ ਜੁੜੇ ਹੋਏ ਹਨ, ਛੋਟੀਆਂ ਸੜਕਾਂ, ਵੱਡੀਆਂ ਸੜਕਾਂ ਨਾਲ ਜੁੜੀਆਂ ਹੋਈਆਂ ਹਨ।

ਨਿੱਕੇ-ਨਿੱਕੇ ਨਾਲੇ ਚਲਦੇ-ਚਲਦੇ ਦਰਿਆ ਬਣ ਜਾਂਦੇ ਹਨ।

ਮੈਨੂੰ ਨਹੀਂ ਸੀ ਪਤਾ ਕਿ ਮੈਂ ਕਿੱਥੇ ਸਾਂ ਪਰ ਇਹ ਪਤਾ ਸੀ ਕਿ ਮੇਰੇ ਸਰੀਰ ਨੂੰ ਟੋਹਿਆ ਜਾ ਰਿਹਾ ਸੀ, ਸ਼ਾਇਦ ਵੇਖਿਆ ਜਾ ਰਿਹਾ ਸੀ ਕਿ ਕੀ ਮੈਂ ਬਚ ਸਕਦਾ ਸਾਂ ਕਿ ਨਹੀਂ। ਅਕਸਰ ਇਸ ਨਿਰਣੇ ਉਪਰੰਤ ਹੀ ਕੋਈ ਢੁੱਕਵਾਂ ਇਲਾਜ ਕੀਤਾ ਜਾਂਦਾ ਹੈ। ਮੈਨੂੰ ਇਸ ਗੱਲ ਦੀ ਤਸੱਲੀ ਸੀ ਕਿ ਜੇ ਬਚਾਉਣ ਦੀ ਸੰਭਾਵਨਾ ਹੋਈ ਤਾਂ ਮੈਨੂੰ ਬਚਾ ਲਿਆ ਜਾਵੇਗਾ, ਜੇ ਨਾ ਹੋਈ ਤਾਂ ਮੈਨੂੰ ਸੌਖ ਨਾਲ ਮਰਨ ਦਿਤਾ ਜਾਵੇਗਾ।

ਮਨੁੱਖ ਦੀ ਕੋਈ ਵੀ ਇੱਛਾ ਪੂਰੀ ਤਰ੍ਹਾਂ ਪੂਰੀ ਨਹੀਂ ਹੁੰਦੀ।

ਕਿਸੇ ਵੀ ਦੁਰਘਟਨਾ ਉਪਰੰਤ ਪੂਰੀ ਤਰ੍ਹਾਂ ਠੀਕ ਹੋਣ ਦੀ ਇੱਛਾ ਵੀ ਪੂਰੀ ਨਹੀਂ ਹੋਵੇਗੀ ਪਰ ਕੁਦਰਤ ਤੁਹਾਨੂੰ ਜੋ ਕੁਝ ਤੁਸੀਂ ਕਰਦੇ ਰਹੇ ਹੋ, ਉਹ ਕੁਝ ਕਰਨ ਲਈ, ਲੋੜੀਂਦੀ ਸ਼ਕਤੀ ਅਕਸਰ ਵਾਪਸ ਕਰ ਦਿੰਦੀ ਹੈ।

ਕਿਸੇ ਦੁਰਘਟਨਾ ਉਪਰੰਤ ਘਰ ਵਾਪਸ ਮੁੜਨ ਦਾ ਅਨੁਭਵ ਵੀ ਬੜਾ ਅਜੀਬ ਹੁੰਦਾ ਹੈ। ਹਾਦਸਾ ਤੁਹਾਡੇ ਨਾਲ ਵਾਪਰਿਆ ਹੁੰਦਾ ਹੈ, ਡਰੇ ਹੋਏ ਘਰ ਵਾਲੇ ਹੁੰਦੇ ਹਨ। ਹਾਦਸੇ ਤੋਂ ਮਗਰੋਂ ਘਰ ਮੁੜਨ ਦਾ ਸਫ਼ਰ, ਬਨਵਾਸ ਤੋਂ ਵਾਪਸ ਘਰ ਮੁੜਨ ਦੇ ਸਫ਼ਰ ਵਾਂਗ ਹੁੰਦਾ ਹੈ। ਪਤਾ ਨਹੀਂ ਸੀ ਲੱਗ ਰਿਹਾ ਕਿ ਘਰ ਮੁੜਨ ਤੇ ਮੇਰੇ ਨਾਲ ਕਿਸ ਕਿਸਮ ਦਾ ਵਿਹਾਰ ਕੀਤਾ ਜਾਵੇਗਾ।

ਸੋਚਦਾ ਹਾਂ, ਜਦੋਂ ਰਾਮ ਚੰਦਰ ਬਨਵਾਸ ਤੋਂ ਮਗਰੋਂ ਅਯੁੱਧਿਆ ਵਾਪਸ ਮੁੜੇ ਸਨ, ਉਹ ਕੋਈ ਹੋਰ ਰਾਮ ਸਨ।

ਮਨੁੱਖ ਦਾ ਸਭ ਤੋਂ ਵੱਧ ਵਫ਼ਾਦਾਰ ਸਾਥੀ ਉਸ ਦਾ ਆਪਣਾ ਹੌਸਲਾ ਹੁੰਦਾ ਹੈ ਪਰ ਹਰ ਸਮੇਂ ਹੌਸਲੇ ਵਾਲੀ ਅਵਸਥਾ ਵਿਚ ਵਿਚਰਨਾ ਕਿਸੇ ਲਈ ਵੀ ਸੰਭਵ ਨਹੀਂ ਹੁੰਦਾ।

ਦੁਰਘਟਨਾ ਉਪਰੰਤ ਕਿਸੇ ਮਿੱਤਰ ਪਿਆਰੇ ਨੂੰ, ਮੁਰੀਦ ਬਣ ਕੇ ਆਪਣਾ ਹਾਲ ਸੁਣਾਉਣ ਦੀ ਰੀਝ ਵੀ ਹੁਲਾਰਾ ਮਾਰਦੀ ਹੈ।

ਜਦੋਂ ਮਨ ਉਖੜਿਆ ਹੋਵੇ ਤਾਂ ਜਿਤਨਾ ਮਰਜ਼ੀ ਯਤਨ ਕਰੋ ਸ਼ਬਦ ਕਾਗਜ਼ ਉਤੇ ਬਹਿੰਦੇ ਹੀ ਨਹੀਂ। ਪੁਰਾਣੇ ਸਾਲ ਦੇ ਅਖੀਰਲੇ ਦਿਨ ਸਨ, ਦਿਲ ਕਰਦਾ ਸੀ ਸਭ ਨੂੰ ਨਵੇਂ ਸਾਲ ਦੀਆਂ ਸ਼ੁਭ-ਇੱਛਾਵਾਂ ਭੇਜਾਂ ਪ੍ਰੰਤੂ ਜਦੋਂ ਤਕ ਮਨੁੱਖ ਆਪਣੇ ਆਪ ਨਾਲ ਇਕ-ਸੁਰ ਅਤੇ ਸ਼ਾਂਤ ਨਾ ਹੋਵੇ, ਉਸ ਕੋਲ ਦੂਜਿਆਂ ਦਾ ਹਾਲ ਪੁੱਛਣ ਦੀ ਹਿੰਮਤ ਨਹੀਂ ਹੁੰਦੀ।

ਮੇਲੇ ਨੂੰ, ਮੇਲੇ ਦਾ ਭਾਗ ਬਣ ਕੇ ਹੀ ਵੇਖਿਆ ਜਾ ਸਕਦਾ ਹੈ।

ਮੈਂ ਵੇਖਿਆ ਹੈ ਕਿ ਡਾਕਟਰ ਜਿਤਨੀਆਂ ਵੱਡੀਆਂ ਪੱਟੀਆਂ ਬੰਨ੍ਹ ਦਿੰਦੇ ਹਨ,

ਜ਼ਖਮ ਉਤਨੇ ਵੱਡੇ ਨਹੀਂ ਹੁੰਦੇ। ਇਹ ਵੀ ਅਨੁਭਵ ਹੋਇਆ ਕਿ ਕੁਦਰਤ ਨੇ ਸਾਰਾ ਸਰੀਰ ਇਕ ਸੰਗਠਨ ਵਿਚ ਬੰਨ੍ਹਿਆ ਹੋਇਆ ਹੈ। ਸੱਟਾਂ ਵੀ ਤਾਲ-ਮੇਲ ਨਾਲ ਲਗਦੀਆਂ ਹਨ। ਜਿਹੜਾ ਹੱਥ ਠੀਕ ਸੀ, ਉਧਰ ਦਾ ਮੋਢਾ ਟੁੱਟਿਆ ਹੋਇਆ ਸੀ, ਜਿਹੜਾ ਮੋਢਾ ਠੀਕ ਸੀ, ਉਸ ਪਾਸੇ ਦਾ ਹੱਥ ਸੁੱਤਾ ਹੋਇਆ ਸੀ।

ਹਸਪਤਾਲਾਂ ਵਿਚ ਦਾਖਲ ਕਈ ਮਰੀਜ਼ ਭੈੜੇ ਡਾਕਟਰਾਂ ਤੋਂ ਖਹਿੜਾ ਛੁਡਾਉਣ ਲਈ ਆਪਣੇ ਠੀਕ ਹੋਣ ਦਾ ਬਹਾਨਾ ਲਾਉਂਦੇ ਸਹਿਜੇ ਹੀ ਵਿਖਾਈ ਦੇ ਜਾਣਗੇ।

ਵੇਖਿਆ ਹੈ ਕਿ ਤਕਨਾਲੋਜੀ ਨੇ, ਮਸ਼ੀਨਾਂ ਨੇ ਸਾਨੂੰ ਅਨੇਕਾਂ ਕੰਮ ਕਰਨ ਤੋਂ ਮੁਕਤ ਕਰ ਦਿੱਤਾ ਹੈ ਅਤੇ ਸਾਡੀ ਵਿਹਲ ਵਧਾ ਦਿੱਤੀ ਹੈ, ਜਿਸ ਨੂੰ ਅਸੀਂ ਆਮ ਕਰਕੇ ਉਦਾਸ ਹੋ ਕੇ, ਵਿਦਰੋਹ ਕਰਕੇ, ਹਿੰਸਾ ਰਾਹੀਂ ਜਾਂ ਵਧੇਰੇ ਦੁਰਘਟਨਾਵਾਂ ਵਿਚ ਖਰਚ ਕਰਦੇ ਹਾਂ। ਇਸ ਦੁਰਘਟਨਾ ਨੇ ਮੈਨੂੰ ਆਪਣੀ ਜੀਵਨ-ਜਾਚ ਬਦਲਣ ਲਈ ਪ੍ਰੇਰਿਆ।

ਹਰ ਦੁਰਘਟਨਾ ਜਾਂ ਨੁਕਸਾਨ ਜਾਂ ਘਾਟਾ ਜਾਂ ਮੁਸੀਬਤ ਜੀਵਨ ਨੂੰ ਪਹਿਲੇ ਨਾਲੋਂ ਵਧੇਰੇ ਬੋਝਲ, ਔਖਾ ਅਤੇ ਗੁੰਝਲਦਾਰ ਬਣਾ ਦਿੰਦੀ ਹੈ। ਇਸੇ ਨੂੰ ਨਵੀਂ ਸੋਝੀ ਜਾਂ ਗੰਭੀਰ ਅਨੁਭਵ ਕਹਿੰਦੇ ਹਨ।

ਕਈ ਦੁਰਘਟਨਾਵਾਂ ਸਾਡੇ ਚੇਤੇ ਵਿਚ ਪੀੜ੍ਹੀ ਡਾਹ ਕੇ ਬਹਿ ਜਾਂਦੀਆਂ ਹਨ।

ਕਹਿੰਦੇ ਤਾਂ ਹਨ ਕਿ ਅਸਮਾਨੀ ਬਿਜਲੀ ਕਿਸੇ ਵੀ ਥਾਂ ਦੋ ਵਾਰੀ ਨਹੀਂ ਡਿਗਦੀ ਪਰ ਜਿਸ ਨਾਲ ਹਾਦਸਾ ਵਾਪਰਿਆ ਹੋਵੇ ਉਹ ਉਸੇ ਪ੍ਰਕਾਰ ਦੇ ਹਾਦਸੇ ਦੇ ਮੁੜ ਵਾਪਰਨ ਦੀ ਚਿੰਤਾ ਤੋਂ ਮੁਕਤ ਨਹੀਂ ਹੋ ਸਕਦਾ।

ਹਰ ਕਿਸੇ ਨੂੰ ਵਿਆਹ ਵਾਂਗ, ਦੁਰਘਟਨਾ ਉਪਰੰਤ ਵੀ, ਆਪਣੀਆਂ ਕਈ ਆਦਤਾਂ ਬਦਲਣੀਆਂ ਪੈਂਦੀਆਂ ਹਨ। ਅਸੀਂ ਸਾਰੇ ਗਲਤੀਆਂ ਕਰਦੇ ਹਾਂ, ਇਹ ਸਾਡੀ ਲੋੜ ਹਨ ਤਾਂ ਜੋ ਸਾਡੇ ਵਿਚ ਲੋੜੀਂਦਾ ਸੁਧਾਰ ਵਾਪਰੇ।

ਦੁਰਘਟਨਾਵਾਂ ਸਾਨੂੰ ਆਪਣੀ ਰਫ਼ਤਾਰ ਹੌਲੀ ਕਰਨ, ਜੀਵਨ ਪ੍ਰਤੀ ਦ੍ਰਿਸ਼ਟੀਕੋਣ ਬਦਲਣ ਦਾ ਸਬਕ ਸਿਖਾਉਂਦੀਆਂ ਹਨ।

ਹਾਦਸੇ ਦੇ ਸ਼ਿਕਾਰ ਵਿਅਕਤੀ ਨੂੰ ਕਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਦਾਹਰਣ ਵਜੋਂ ਮੇਰੀ ਪ੍ਰੇਸ਼ਾਨੀ ਇਹ ਸੀ ਕਿ ਜਿਹੜੇ ਹਾਲ ਪੁੱਛਣ ਆਏ, ਉਨ੍ਹਾਂ ਦੇ ਸਵਾਗਤ ਲਈ ਮੈਂ ਖੜ੍ਹਾ ਨਹੀਂ ਹੋ ਸਕਦਾ ਸਾਂ। ਜਿਹੜੇ ਪੱਛੜ ਕੇ ਹਾਲ ਪੁੱਛਣ ਆਏ, ਉਨ੍ਹਾਂ ਦਾ ਗਿਲਾ-ਸ਼ਿਕਵਾ ਸੀ ਕਿ ਮੈਂ ਉਨ੍ਹਾਂ ਨੂੰ ਦੱਸਿਆ ਕਿਉਂ ਨਹੀਂ ਸੀ, ਸੋ ਉਨ੍ਹਾਂ ਨਾਲ ਵਾਅਦਾ ਕੀਤਾ ਕਿ ਅਗਲੀ ਵਾਰੀ ਜਲਦੀ ਦੱਸਣ ਦਾ ਕੋਈ ਨਾ ਕੋਈ ਪ੍ਰਬੰਧ ਜ਼ਰੂਰ ਕਰਾਂਗਾ। ਜਿਹੜੇ ਪੱਛੜ ਕੇ ਆਏ ਉਨ੍ਹਾਂ ਨੂੰ ਹੋਣ ਵਾਲੀ ਨਿਰਾਸਤਾ ਨੂੰ ਘਟਾਉਣ ਲਈ, ਕਈ ਵਾਰੀ ਖੁੱਲ੍ਹੀਆਂ ਹੋਈਆਂ ਪੱਟੀਆਂ ਮੁੜ ਬੰਨ੍ਹਣੀਆਂ ਪਈਆਂ।

ਕਈਆਂ ਨੂੰ ਇਸ ਗੱਲ ਦਾ ਸਦਮਾ ਵੀ ਲਗਾ ਕਿ ਮੈਂ ਬਚ ਗਿਆ ਸਾਂ।

ਕਈ ਹਾਲ ਪੁੱਛਣ ਇਵੇਂ ਆਏ ਜਿਵੇਂ ਮੇਰੀ ਪੇਸ਼ੀ ਪਾ ਰਹੇ ਹੋਣ, ਉਨ੍ਹਾਂ ਸਾਹਮਣੇ ਮੁਜਰਿਮਾਂ ਵਾਂਗ ਬਹਿਣਾ ਪਿਆ।

ਦੁਰਘਟਨਾ ਉਪਰੰਤ ਸਭ ਤੋਂ ਵੱਡੀ ਸਮੱਸਿਆ ਸਮੇਂ ਨੂੰ ਗੁਜ਼ਾਰਨ ਦੀ ਹੋ ਨਿਬੜਦੀ ਹੈ। ਵਿਹਲੇ ਰਹਿਣਾ, ਹਰ ਵੇਲੇ ਬਿਸਤਰੇ ਵਿਚ ਲੇਟੇ ਰਹਿਣਾ ਅਤੇ ਹਰ ਵੇਲੇ ਹਾਏ, ਹਾਏ ਕਰਨਾ ਬੜਾ ਮੁਸ਼ਕਿਲ ਹੈ ਪਰ ਹਰ ਚੀਜ਼ ਦੀ ਆਦਤ ਪੈ ਜਾਂਦੀ ਹੈ।

ਸਰੀਰ ਦੀ ਖ਼ੂਬੀ ਹੀ ਇਹ ਹੈ ਕਿ ਇਹ ਹਰ ਸਥਿਤੀ ਨੂੰ ਹੌਲੀ-ਹੌਲੀ ਪ੍ਰਵਾਨ ਕਰਕੇ ਉਸ ਅਨੁਸਾਰ ਢਲ ਜਾਂਦਾ ਹੈ। ਕਿਉਂਕਿ ਘਰ ਵਿਚ ਮਰੀਜ਼ ਇਕ ਹੀ ਵਿਅਕਤੀ ਹੁੰਦਾ ਹੈ, ਸੱਟਾਂ ਲਗੀਆਂ ਹੋਣ ਕਾਰਨ ਆਪਣੇ ਆਪ ਨੂੰ ਦੂਜਿਆਂ ਤੋਂ ਨੀਵਾਂ ਸਮਝਣ ਦੀ ਥਾਂ ਉਹ ਆਪਣੇ ਆਪ ਨੂੰ ਵਿਸ਼ੇਸ਼ ਅਤੇ ਪਤਵੰਤਾ ਸਮਝਣ ਲਗ ਪੈਂਦਾ ਹੈ। ਪੁੱਛ-ਪ੍ਰਤੀਤ ਵੱਧਣ ਦੇ ਨਾਲ ਹੀ ਉਸ ਦੀ ਘਰ ਦੀ ਰਸੋਈ ਵਿਚ ਦਿਲਚਸਪੀ ਵੱਧ ਜਾਂਦੀ ਹੈ।

ਇਹ ਵੀ ਵੇਖਿਆ ਹੈ ਕਿ ਸਾਡੇ ਸਮਾਜ ਵਿਚ ਜਦੋਂ ਕੋਈ ਇਕ ਮਰੀਜ਼ ਹੋਵੇ ਤਾਂ ਸਾਰੇ ਡਾਕਟਰ ਬਣ ਜਾਂਦੇ ਹਨ ਪਰ ਜਦੋਂ ਕੋਈ ਇਕ ਡਾਕਟਰ ਹੋਵੇ ਜਾਂ ਵੇਖਣ ਆਵੇ ਤਾਂ ਬਾਕੀ ਸਾਰੇ ਮਰੀਜ਼ ਹੋ ਨਿਬੜਦੇ ਹਨ।

ਜਿਹੜਾ ਵੀ ਮਿਲਿਆ ਜਾਂ ਆਇਆ ਆਪਣੇ ਨਾਲ ਵਾਪਰੇ ਦੋ-ਤਿੰਨ ਹਾਦਸਿਆਂ ਦੇ ਵੇਰਵੇ ਜ਼ਰੂਰ ਦੱਸ ਕੇ ਗਿਆ। ਇਹ ਸਭ ਕੁਝ ਸੁਣ ਕੇ ਆਪਣੇ ਕਮਰੇ ਵਿਚ ਲਗੇ ਘੋੜੇ ਦੇ ਇਕ ਚਿੱਤਰ ਵੱਲ ਇਸ਼ਾਰਾ ਕਰਕੇ ਮੈਂ ਹਰ ਕਿਸੇ ਨੂੰ ਪੁੱਛ ਲੈਂਦਾ ਸਾਂ ਕਿ ਘੋੜੇ ਨੂੰ ਪੂਛਲ ਲੱਗੀ ਹੋਈ ਸੀ ਜਾਂ ਪੂਛਲ ਨੂੰ ਘੋੜਾ ਲੱਗਿਆ ਹੋਇਆ ਸੀ। ਕਈਆਂ ਨੂੰ ਮੈਂ ਇਹ ਵੀ ਪੁੱਛਿਆ ਕਿ ਤੁਹਾਡੇ ਘਰ ਅਖ਼ਬਾਰ ਆਉਂਦਾ ਹੈ ਜਾਂ ਅਖ਼ਬਾਰ ਆਉਂਦੀ ਹੈ ? ਜਦੋਂ ਮੈਂ ਗੱਲਬਾਤ ਵਿਚ ਨਾਂਵ ਅਤੇ ਕਿਰਿਆ ਰਲਗਡ ਕਰਨੇ ਆਰੰਭ ਕਰ ਦਿੱਤੇ ਤਾਂ ਡਾਕਟਰ ਨੂੰ ਤਾਂ ਕੀ ਚਿੰਤਾ ਹੋਣੀ ਸੀ ਪਰ ਮੇਰੀ ਪਤਨੀ ਘਬਰਾ ਗਈ ਅਤੇ ਉਸ ਦੀਆਂ ਅੱਖਾਂ ਵਿਚਲੇ ਹੰਝੂਆਂ ਨੂੰ ਵੇਖ ਕੇ ਮੈਂ ਪਹੁੰਚਿਆ ਹੋਇਆ ਵਿਦਵਾਨ ਬਣਨ ਤੋਂ ਸੰਕੋਚ ਕਰਨ ਲਗ ਪਿਆ ਅਤੇ ਚੁੱਪ ਰਹਿਣ ਲਗ ਪਿਆ ਅਤੇ ਹੌਲੀ-ਹੌਲੀ ਘੋੜੇ ਅਤੇ ਪੂਛਲ ਦਾ ਸਬੰਧ ਸਪਸ਼ਟ ਹੋ ਗਿਆ ਅਤੇ ਸੋਚ ਦਾ ਧੁੰਦਲਾਪਣ ਜਾਂਦਾ ਰਿਹਾ।

ਹਰ ਹਾਦਸੇ ਵਿਚ ਤਮਾਸ਼ੇ ਅਤੇ ਮਨੋਰੰਜਨ ਦੇ ਅੰਸ਼ ਵੀ ਹੁੰਦੇ ਹਨ। ਬਹੁਤੀ ਵੇਰ ਤਮਾਸ਼ੇ ਅਤੇ ਮਨੋਰੰਜਨ ਦੀ ਭਾਵਨਾ ਹੀ ਲੋਕਾਂ ਨੂੰ ਤੁਹਾਡੇ ਵੱਲ ਖਿੱਚ ਲਿਆਉਂਦੀ ਹੈ। ਭਾਂਤ-ਭਾਂਤ ਦੇ ਲੋਕਾਂ ਨਾਲ ਵਾਹ ਪੈਂਦਾ ਹੈ, ਉਨ੍ਹਾਂ ਦੇ ਜੀਵਨ ਅਨੁਭਵ ਸੁਣਨ ਦਾ ਅਵਸਰ ਮਿਲਦਾ ਹੈ, ਮਨੁੱਖੀ ਵਿਹਾਰ ਦੇ ਅਨੋਖੇ ਪੱਖਾਂ ਦਾ ਗਿਆਨ ਹੁੰਦਾ ਹੈ।

ਵੇਖਿਆ ਹੈ ਕਿ ਮਿਲਣ ਵਾਲੇ ਮੁੱਖ ਤੌਰ 'ਤੇ ਤਿੰਨ ਵੰਨਗੀਆਂ ਦੇ ਲੋਕ ਹੁੰਦੇ ਹਨ, ਪ੍ਰਚਾਰਕ, ਕਹਾਣੀਕਾਰ ਅਤੇ ਆਲੋਚਕ। ਪ੍ਰਚਾਰਕ ਤੁਹਾਨੂੰ ਇਹ ਦੱਸਣਗੇ ਕਿ ਸਭ ਕੁਝ ਵਾਹਿਗੁਰੂ ਦੇ ਭਾਣੇ ਅਤੇ ਹੁਕਮ ਅਨੁਸਾਰ ਵਾਪਰਦਾ ਹੈ। ਉਹ ਤੁਹਾਡੇ ਬਚ ਜਾਣ ਨੂੰ ਰੱਬੀ ਵਿਉਂਤ ਦਾ ਇਕ ਪੱਖ ਬਣਾ ਕੇ ਪੇਸ਼ ਕਰਨਗੇ। ਕਹਾਣੀਕਾਰ ਅਜਿਹੀਆਂ ਦੁਰਘਟਨਾਵਾਂ ਦੀਆਂ ਅਨੇਕਾਂ ਹੋਰ ਕਹਾਣੀਆਂ ਸੁਣਾਉਣਗੇ ਅਤੇ ਸਾਬਤ ਕਰਨਗੇ ਕਿ ਵਾਪਰੀ ਦੁਰਘਟਨਾ ਨਾਲੋਂ ਵੀ ਵੱਡੀਆਂ ਦੁਰਘਟਨਾਵਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ, ਇਵੇਂ ਤੁਹਾਡੇ ਡਿਗਦੇ ਜਾਂਦੇ ਹੌਸਲੇ ਨੂੰ ਖੜ੍ਹਾ ਕਰ ਦੇਣਗੇ। ਆਲੋਚਕ ਦੂਜੀ ਧਿਰ ਦੇ ਨੁਕਸ ਕੱਢ ਕੇ ਤੁਹਾਡੇ ਨਾਲ ਆਪਣੀ ਹਮਦਰਦੀ ਪ੍ਰਗਟਾਉਣਗੇ। ਇਨ੍ਹਾਂ ਵਿਚ ਇਕ ਗੱਲ ਸਾਂਝੀ

ਹੁੰਦੀ ਹੈ ਕਿ ਇਨ੍ਹਾਂ ਦੀ ਤੁਹਾਡੇ ਵਿਚ ਡੂੰਘੀ ਦਿਲਚਸਪੀ ਹੁੰਦੀ ਹੈ, ਇਹ ਤਿੰਨੇ ਵੰਨਗੀਆਂ ਆਪਣੇ ਆਪ ਨੂੰ ਤੁਹਾਡੇ ਨਾਲ ਜੋੜਨ ਦਾ ਭਰਪੂਰ ਉਪਰਾਲਾ ਕਰਦੀਆਂ ਹਨ।

ਇਹ ਵੀ ਵੇਖਿਆ ਹੈ ਕਿ ਪੁਰਸ਼ ਅਕਸਰ ਪ੍ਰਾਪਤੀਆਂ ਅਤੇ ਨਫ਼ੇ-ਨੁਕਸਾਨ ਦੀਆਂ, ਗੁਆਉਣ-ਪਾਉਣ ਦੀਆਂ ਗੱਲਾਂ ਕਰਦੇ ਹਨ ਜਦੋਂ ਕਿ ਇਸਤਰੀਆਂ ਆਪਣੇ ਆਪ ਨੂੰ ਰਿਸ਼ਤਿਆਂ ਦੇ ਸੰਦਰਭ ਵਿਚ ਪ੍ਰਗਟਾਉਂਦੀਆਂ ਹਨ।

ਹਮਦਰਦੀ ਪ੍ਰਗਟਾਉਣ ਅਤੇ ਜਤਲਾਉਣ ਦੇ ਪੱਖੋਂ ਇਸਤਰੀਆਂ ਵਧੇਰੇ ਸੁਹਿਰਦ ਹੁੰਦੀਆਂ ਹਨ ਅਤੇ ਵਧੇਰੇ ਨਿਪੁੰਨ ਵੀ ਹੁੰਦੀਆਂ ਹਨ।

ਇਹ ਮਨੁੱਖੀ ਸੁਭਾਅ ਹੈ ਕਿ ਅਸੀਂ ਸਾਰੇ ਆਪਣੇ ਦੁੱਖਾਂ ਅਤੇ ਸੁੱਖਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦੇ ਹਾਂ। ਇਹ ਸ਼ਾਇਦ ਇਸ ਲਈ ਕਿ ਇਵੇਂ ਕਰਨ ਨਾਲ ਅਸੀਂ ਆਪਣੇ ਵਿਸ਼ੇਸ਼ ਹੋਣ ਦਾ ਭਰਮ ਪਾਲਦੇ ਹਾਂ। ਜਿਤਨਾ ਚਿਰ ਕਿਸੇ ਦੇ ਪੱਟੀਆਂ ਬੰਨ੍ਹੀਆਂ ਹੁੰਦੀਆਂ ਹਨ, ਉਸ ਨੂੰ ਵਿਸ਼ੇਸ਼ ਵਿਅਕਤੀ ਸਮਝਿਆ ਜਾਂਦਾ ਹੈ ਪਰ ਪੱਟੀਆਂ ਖੁੱਲ੍ਹਦਿਆਂ ਹੀ ਉਸ ਨਾਲ ਸਾਧਾਰਨ ਮਨੁੱਖ ਵਾਲਾ ਵਿਹਾਰ ਕੀਤਾ ਜਾਂਦਾ ਹੈ।

ਪੱਟੀਆਂ ਖੁੱਲ੍ਹਦਿਆਂ ਹੀ ਮਰੀਜ਼ ਦਾ ਰੁਤਬਾ ਘੱਟ ਜਾਂਦਾ ਹੈ।

ਮਹਿਸੂਸ ਕੀਤਾ ਹੈ ਕਿ ਹਾਰ ਜਾਂ ਅਸਫ਼ਲਤਾ ਜਾਂ ਦੁਰਘਟਨਾ ਜਾਂ ਹਾਦਸੇ ਤੋਂ ਸ਼ਰਮਸਾਰ ਹੋਣ ਦੀ ਲੋੜ ਨਹੀਂ। ਅਸੀਂ ਬਹੁਤ ਕੁਝ ਕੇਵਲ ਇਨ੍ਹਾਂ ਸਾਧਨਾਂ ਰਾਹੀਂ ਹੀ ਸਿੱਖਣਾ ਹੁੰਦਾ ਹੈ। ਕਿਸੇ ਨੇ ਵੀ ਪਹਿਲੀ ਕੋਸ਼ਿਸ਼ ਵਿਚ ਹੀ ਸਾਈਕਲ ਚਲਾਉਣੀ ਨਹੀਂ ਸਿੱਖੀ ਹੁੰਦੀ। ਹਰ ਕੋਈ ਡਿੱਗਿਆ ਹੁੰਦਾ ਹੈ, ਗੋਡੇ, ਕੂਹਣੀਆਂ 'ਤੇ ਸੱਟਾਂ ਲਗੀਆਂ ਹੁੰਦੀਆਂ ਹਨ। ਸਿੱਖਿਆ ਸਾਈਕਲ ਜਾਂ ਪ੍ਰਾਪਤ ਕੀਤੀ ਸਿਖਲਾਈ ਭੁੱਲਦੀ ਨਹੀਂ।

ਭਾਵੇਂ ਕੋਈ ਸਿੱਖਣ ਮਗਰੋਂ ਤੀਹ ਸਾਲ ਸਾਈਕਲ ਨਾ ਚਲਾਵੇ, ਉਹ ਅੱਧੇ ਘੰਟੇ ਦੇ ਅਭਿਆਸ ਨਾਲ ਫਿਰ ਚਲਾਉਣ ਲਗ ਪੈਂਦਾ ਹੈ, ਕਿਉਂਕਿ ਗੋਡੇ ਅਤੇ ਕੂਹਣੀਆਂ ਦੀਆਂ ਸੱਟਾਂ ਰਾਹੀਂ ਉਸ ਨੇ ਅਸਫ਼ਲਤਾ ਹੰਢਾ ਲਈ ਹੁੰਦੀ ਹੈ ਅਤੇ ਉਸ ਕੋਲ ਸਿੱਖਣ ਦਾ ਭਰੋਸਾ ਪੈਦਾ ਹੋ ਚੁੱਕਾ ਹੁੰਦਾ ਹੈ।

ਦੁਰਘਟਨਾ ਦਾ ਸ਼ਿਕਾਰ ਵਿਅਕਤੀ ਸਾਰੀ ਦੁਨੀਆਂ ਨੂੰ ਮਮਤਾ ਅਤੇ ਅਸੀਸ ਭਰੀ ਅੱਖ ਨਾਲ ਵੇਖਦਾ ਹੈ। ਜਦੋਂ ਜ਼ਖ਼ਮੀ ਵਿਅਕਤੀ ਠੀਕ ਹੋ ਜਾਂਦਾ ਹੈ ਤਾਂ ਸਮਾਜ ਉਸ ਨੂੰ ਮੁੜ ਸਵੀਕਾਰ ਕਰ ਲੈਂਦਾ ਹੈ ਅਤੇ ਜੀਵਨ ਦਾ ਪ੍ਰਵਾਹ ਮੁੜ ਬਹਾਲ ਹੋ ਜਾਂਦਾ ਹੈ। ਰਿਸ਼ਤਿਆਂ ਦੇ ਟੁੱਟ ਰਹੇ ਧਾਗੇ, ਜੁੜ ਜਾਂਦੇ ਹਨ ਅਤੇ ਘਰੇ-ਘਰੀਂ ਜਾ ਲੁਕੇ ਜ਼ਿੰਦਗੀ ਦੇ ਰੰਗ ਮੁੜ ਆਉਂਦੇ ਹਨ। ਦੁਰਘਟਨਾ ਦਾ ਸ਼ਿਕਾਰ ਵਿਅਕਤੀ ਆਪਣੇ ਆਪ ਨੂੰ ਦੁਰਘਟਨਾਵਾਂ ਦਾ ਵਿਸ਼ੇਸ਼ੱਗ ਸਮਝਣ ਲੱਗ ਪੈਂਦਾ ਹੈ। ਆਪਣੀ ਪਤਨੀ ਦੇ ਨਿਭਾਏ ਰੋਲ ਕਾਰਨ ਉਸ ਵਿਚ ਆਪਣੀ ਪਤਨੀ ਪ੍ਰਤੀ ਡੂੰਘੀ ਸ਼ਰਧਾ ਉਪਜ ਪੈਂਦੀ ਹੈ। ਸਾਰਿਆਂ ਦੇ ਸਹਿਯੋਗ ਨਾਲ ਜ਼ਿੰਦਗੀ ਦੀ ਬਹਾਰ ਮੁੜ ਆਉਂਦੀ ਹੈ।

ਪੱਤਝੜ ਤੋਂ ਬਾਅਦ ਬਸੰਤ ਰੁੱਤ ਨੇ ਆਉਣਾ ਹੀ ਹੁੰਦਾ ਹੈ।

ਦੁਰਘਟਨਾ ਵੇਲੇ ਮੌਤ ਦੇ ਸਾਹਮਣੇ ਖਲੋਤਾ ਵਿਅਕਤੀ ਜ਼ਿੰਦਗੀ ਦੇ ਪੂਰੇ ਅਕਸ ਨੂੰ, ਮਕਸਦ ਨੂੰ, ਜ਼ਿੰਦਗੀ ਦੀ ਪੂਰੀ ਡੂੰਘਾਈ ਅਤੇ ਉਚਾਈ ਨੂੰ ਪੂਰੀ ਸ਼ਿੱਦਤ ਨਾਲ ਪਕੜ

ਸਕਣ ਦੇ ਯੋਗ ਹੋ ਜਾਂਦਾ ਹੈ। ਉਸ ਦੀ ਦ੍ਰਿਸ਼ਟੀ ਵਿਸ਼ਾਲ, ਹੋਰ ਵਿਸ਼ਾਲ ਹੋ ਜਾਂਦੀ ਹੈ। ਇਹ ਦੁਰਘਟਨਾ ਦੀ ਨੇਕ-ਕਮਾਈ ਹੁੰਦੀ ਹੈ।

ਦੂਜਿਆਂ ਦੀ ਹਮਦਰਦੀ ਸਾਨੂੰ ਜ਼ਿੰਦਗੀ ਵੱਲ ਮੋੜ ਲਿਆਉਂਦੀ ਹੈ।

ਭੋਜਨ ਸਾਡਾ ਵਰਤਮਾਨ ਨਾਲ ਸਬੰਧ ਜੋੜ ਦਿੰਦਾ ਹੈ। ਭੋਜਨ ਸਰੀਰ ਵਿਚ ਜੀਵਨ ਦੀ ਤਾਂਘ ਉਪਜਾਉਂਦਾ ਹੈ। ਭੋਜਨ ਜੀਵਨ ਦੀ ਲੋਰੀ ਹੈ।

ਕਿਸੇ ਨੇ ਪੁੱਛਿਆ ਹੈ, 'ਹੁਣ ਬਚ ਗਏ ਹੋ, ਕੀ ਕਰੋਗੇ ?' ਮੇਰਾ ਉੱਤਰ ਹੈ, 'ਬਾਕੀ ਦਾ ਜੀਵਨ ਜਿਸ ਨੇ ਬਚਾਇਆ ਹੈ, ਉਸ ਦਾ ਅਤੇ ਜਿਸ ਸੰਸਾਰ ਵਿਚ ਉਹ ਰਹਿੰਦਾ ਹੈ, ਉਸ ਸੰਸਾਰ ਦਾ ਧੰਨਵਾਦ ਕਰਨ ਦੇ ਯੋਗ ਹੋਣ ਵਿਚ ਗੁਜ਼ਾਰਾਂਗਾ।'

ਦੁਰਘਟਨਾ ਉਪਰੰਤ ਘਰ ਵਿਚ ਗੁਜ਼ਾਰਿਆ ਲੰਮਾ ਅਰਸਾ ਜਿਸ ਬਾਰੀ ਵਿਚੋਂ ਅਸਮਾਨ ਵੇਖਦਾ ਰਿਹਾ ਸਾਂ, ਉਸੇ ਬਾਰੀ ਵਿਚੋਂ ਦਿਖਾਈ ਦਿੰਦੀ ਤਿੜਕੀ ਹੋਈ ਕੰਧ ਵਿਚ ਇਕ ਬੂਟਾ ਉਗ ਰਿਹਾ ਸੀ, ਉਸ ਵਿਚੋਂ ਨਿਕਲਿਆ ਪਹਿਲਾ ਪੱਤਾ ਮੈਨੂੰ ਜ਼ਿੰਦਗੀ ਦਾ ਇਕ ਵੱਡਾ ਭੇਤ ਸਮਝਾਉਂਦਾ ਰਿਹਾ ਹੈ।

ਤਿੜਕੀ ਹੋਈ ਕੰਧ ਵਿਚ ਉਗਿਆ ਬੂਟਾ, ਮੇਰਾ ਚੋਣ ਨਿਸ਼ਾਨ ਹੈ।

ਸਾਰੇ ਯਤਨਾਂ ਦਾ ਨਿਸ਼ਾਨਾ: ਸਫ਼ਲਤਾ

ਸਵਰਗ ਉਹੀ ਜਾਂਦੇ ਹਨ, ਜਿਨ੍ਹਾਂ ਦੇ ਅੰਦਰ ਸਵਰਗ ਹੁੰਦਾ ਹੈ।

ਸਵਰਗ ਨਾਲ ਇਕਸੁਰ ਹੋਏ ਬਿਨਾ ਸਵਰਗ ਵੀ ਕਿਸੇ ਲੇਖੇ ਨਹੀਂ ਲਗਦਾ।

ਜੇ ਤੁਸੀਂ ਵੱਡੇ-ਵੱਡੇ ਕੰਮ ਨਹੀਂ ਕਰ ਸਕਦੇ ਤਾਂ ਕੰਮ ਭਾਵੇਂ ਛੋਟੇ-ਛੋਟੇ ਹੀ ਕਰੋ ਪਰ ਕਰੋ ਵੱਡੇ ਦਿਲ ਨਾਲ। ਇਵੇਂ ਛੋਟੇ-ਛੋਟੇ ਕੰਮ ਵੀ ਵੱਡੇ-ਵੱਡੇ ਹੋ ਨਿਬੜਨਗੇ।

ਛੋਟੇ ਹੱਥਾਂ ਨੂੰ ਕਿਸੇ ਵੱਡੀ ਸੋਚ ਵਿਚ ਡੁਬੋ ਲੈਣ ਨਾਲ ਹੀ ਅਸੀਂ ਆਲੇ-ਦੁਆਲੇ ਨਾਲ ਇਕਸੁਰ ਹੋ ਸਕਦੇ ਹਾਂ। ਜਦੋਂ ਤੱਕ ਅਸੀਂ ਆਲੇ-ਦੁਆਲੇ ਨੂੰ ਨਹੀਂ ਜਾਣਦੇ ਉਸ ਨਾਲ ਇਕਸੁਰ ਨਹੀਂ ਹੋਇਆ ਜਾ ਸਕਦਾ। ਉਖੜਿਆ ਹੋਇਆ ਹਰੇਕ ਵਿਅਕਤੀ ਇਕਾਗਰਤਾ ਦੀ ਘਾਟ ਦੀ ਸ਼ਿਕਾਇਤ ਕਰਦਾ ਹੈ।

ਅਜੋਕੇ ਜੀਵਨ ਵਿਚ ਇਕਸੁਰਤਾ ਉਤਨੀ ਹੀ ਦੁਰਲੱਭ ਹੈ, ਜਿਤਨੀ ਅਜੋਕੇ ਧਾਰਮਿਕ ਵਿਅਕਤੀਆਂ ਵਿਚ ਧਾਰਮਿਕ ਭਾਵਨਾ।

ਸਫ਼ਲ ਵਿਅਕਤੀ ਆਪ ਹੀ ਸਫ਼ਲ ਨਹੀਂ ਹੁੰਦੇ, ਉਨ੍ਹਾਂ ਦੇ ਆਲੇ-ਦੁਆਲੇ ਸਫ਼ਲਤਾ ਦਾ ਇਕ ਵਾਤਾਵਰਣ ਵੀ ਉਸਰਦਾ ਹੈ। ਸਫ਼ਲ ਵਿਅਕਤੀ ਆਉਣ ਵਾਲੀਆਂ ਪੀੜ੍ਹੀਆਂ ਲਈ ਸਫ਼ਲਤਾ ਦੇ ਮਿਆਰ ਵੀ ਸਥਾਪਿਤ ਕਰਦੇ ਹਨ।

ਤੁਹਾਡੇ ਕੰਮਾਂ ਨਾਲ, ਤੁਹਾਡੇ ਵਲੋਂ ਬੋਲੇ ਜਾਂਦੇ ਸ਼ਬਦਾਂ ਨੂੰ ਅਰਥ ਮਿਲਦੇ ਹਨ, ਜਦੋਂ ਕਿ ਬਿਨਾਂ ਕਮਾਏ ਕੀਤੇ ਆਰਾਮ ਨਾਲ ਅਸਫ਼ਲਤਾ ਹੀ ਮਿਲਦੀ ਹੈ।

ਅਸਹਿਣਸ਼ੀਲਤਾ, ਸਾੜਾ, ਈਰਖਾ, ਬਦਲੇ ਦੀ ਭਾਵਨਾ, ਸ਼ੱਕ, ਹੰਕਾਰ, ਲਾਲਚ ਆਦਿ ਮਾਨਵਜਾਤੀ ਦੇ ਰੋਗ ਹਨ। ਇਹ ਮਨੁੱਖ ਦੇ ਵਿਕਾਸ ਦੇ ਰਾਹ ਉਤੇ ਰੁਕਾਵਟਾਂ ਹਨ, ਜਿਨ੍ਹਾਂ ਨੂੰ ਉਲੰਘੇ ਬਿਨਾਂ ਸਫ਼ਲਤਾ ਦੀ ਸੰਭਾਵਨਾ ਉਜਾਗਰ ਨਹੀਂ ਹੁੰਦੀ।

ਈਰਖਾ ਅਤੇ ਸਾੜੇ ਨਾਲ ਕੋਈ ਵੀ ਮਾਣਯੋਗ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ।

ਅਸੀਂ ਇਸ ਕਰਕੇ ਸਫ਼ਲ ਨਹੀਂ ਹੁੰਦੇ, ਕਿਉਂਕਿ ਅਸੀਂ ਆਪਣੇ ਆਪ ਨਾਲ ਵੀ ਈਮਾਨਦਾਰ ਨਹੀਂ ਹੁੰਦੇ। ਸਾਨੂੰ ਹਰ ਕੰਮ ਦੇ ਪੈਸੇ ਮਿਲਦੇ ਹਨ। ਜਿਤਨੇ ਪੈਸੇ ਤੁਹਾਨੂੰ ਮਿਲਦੇ ਹਨ, ਉਸ ਨਾਲੋਂ ਵੱਧ ਕੰਮ ਕਰਕੇ ਦੇਣ ਨਾਲ, ਤੁਹਾਨੂੰ ਕੰਮ ਦੇ ਪੈਸੇ ਵੱਧ ਮਿਲਣ ਲਗ ਪੈਣਗੇ। ਇਹ ਫਾਰਮੂਲਾ ਸਫ਼ਲਤਾ ਦਾ ਸਿੱਧਾ ਮਾਰਗ ਹੈ।

ਮਾਨਵਜਾਤੀ ਦੇ ਕੁਝ ਬੁਨਿਆਦੀ ਡਰ ਹਨ, ਜਿਵੇਂ: ਹਰ ਵਿਅਕਤੀ ਦੇ ਮਨ ਵਿਚ ਇਹ ਭੈਅ ਹੈ ਕਿ ਉਹ ਕਿਧਰੇ ਗਰੀਬ ਜਾਂ ਕੰਗਾਲ ਨਾ ਹੋ ਜਾਵੇ, ਕਿਧਰੇ ਉਹ ਬੀਮਾਰ ਨਾ ਹੋ ਜਾਵੇ, ਬੁਢਾਪੇ ਵਿਚ ਇਕੱਲਾ ਨਾ ਰਹਿ ਜਾਵੇ, ਦੂਜਿਆਂ ਦੀ ਨਿੰਦਾ ਦਾ ਸ਼ਿਕਾਰ ਨਾ ਹੋ

ਜਾਵੇ, ਆਪਣੇ ਪਿਆਰੇ ਤੋਂ ਵਿਛੜ ਨਾ ਜਾਵੇ ਅਤੇ ਉਹ ਕਿਧਰੇ ਅਚਾਨਕ ਮਰ ਨਾ ਜਾਵੇ। ਮਨੁੱਖ ਦਾ ਸਾਰਾ ਜੀਵਨ ਇਨ੍ਹਾਂ ਡਰਾਂ ਵਿਚ ਘਿਰਿਆ ਰਹਿੰਦਾ ਹੈ। ਮਨੁੱਖ ਵਿਚ ਇਨ੍ਹਾਂ ਭੈਆਂ ਤੋਂ ਬਚਣ ਲਈ ਹੀ ਬੱਚਤ ਦਾ ਸੰਕਲਪ ਉਸਰਦਾ ਹੈ ਅਤੇ ਉਹ ਆਪਣੀ ਆਮਦਨ ਵਿਚੋਂ ਕੁਝ ਬਚਾਉਣ ਦਾ ਉਪਰਾਲਾ ਕਰਦਾ ਹੈ। ਇਵੇਂ ਬੱਚਤ ਸ਼ਕਤੀ ਦਾ ਸੋਮਾ ਹੋ ਨਿਬੜਦੀ ਹੈ।

ਘੁਰਿਆ ਹੋਇਆ ਵਿਅਕਤੀ ਸਫ਼ਲ ਨਹੀਂ ਹੋ ਸਕਦਾ, ਉਹ ਸਫ਼ਲ ਹੋਣਾ ਹੀ ਨਹੀਂ ਚਾਹੁੰਦਾ। ਅਜੋਕੇ ਸੰਸਾਰ ਵਿਚ ਬੱਚਤ ਤੋਂ ਬਿਨਾਂ ਸਫ਼ਲਤਾ ਉਕਾ ਹੀ ਸੰਭਵ ਨਹੀਂ। ਬੱਚਤ ਸ਼ਕਤੀ ਦਾ ਸੋਮਾ ਹੈ, ਇਸ ਬਿਨਾਂ ਪਰਿਵਰਤਨ ਸੰਭਵ ਨਹੀਂ ਹੁੰਦਾ।

ਜਿਤਨੇ ਵੀ ਸਫ਼ਲ ਪੁਰਸ਼ ਅਤੇ ਇਸਤਰੀਆਂ ਹੋਏ ਹਨ, ਉਨ੍ਹਾਂ ਨੂੰ ਆਪਣਾ ਜੀਵਨ ਵਿਉਂਤਣਾ ਪਿਆ ਹੈ।

ਸਭ ਤੋਂ ਔਖਾ ਕੰਮ ਸਮੇਂ ਨੂੰ ਵਿਉਂਤਣਾ ਹੁੰਦਾ ਹੈ। ਸਫ਼ਲ ਵਿਅਕਤੀਆਂ ਨੇ ਕਦੇ ਵੀ ਬੀਜਣ ਤੋਂ ਬਿਨਾਂ ਭਰਪੂਰ ਫਸਲ ਦੀ ਇੱਛਾ ਨਹੀਂ ਕੀਤੀ।

ਬਹੁਤੇ ਵਿਅਕਤੀ ਉਦੇਸ਼ ਪ੍ਰਤੀ ਸਪਸ਼ਟ ਹੋਏ ਬਿਨਾਂ ਹੀ ਵਿਉਂਤਾਂ ਬਣਾਉਂਦੇ ਹਨ। ਅਸੀਂ ਗਿਆਨ ਪ੍ਰਾਪਤੀ ਉਤੇ ਬਲ ਦਿੰਦੇ ਹਾਂ ਅਤੇ ਭੁੱਲ ਜਾਂਦੇ ਹਾਂ ਕਿ ਸ਼ਕਤੀ ਗਿਆਨ ਵਿਚ ਨਹੀਂ ਹੁੰਦੀ, ਉਸ ਗਿਆਨ ਨੂੰ ਅਮਲ ਵਿਚ ਲਿਆਉਣ ਵਿਚ ਹੁੰਦੀ ਹੈ।

ਮਿਲਵਰਤਣ ਦੀ ਭਾਵਨਾ ਤੋਂ ਬਿਨਾਂ ਸਫ਼ਲਤਾ ਦੀ ਕਲਪਨਾ ਕਰਨੀ ਵੀ ਸੰਭਵ ਨਹੀਂ। ਜੇ ਤੁਸੀਂ ਮਿਲਵਰਤਣ ਦਾ ਮਹੱਤਵ ਸਮਝਣਾ ਚਾਹੁੰਦੇ ਹੋ ਤਾਂ ਸੜਕ ਉਤੇ ਕਿਸੇ ਇਕ ਟਾਇਰ ਵਿਚ ਪੰਕਚਰ ਹੋਏ ਟਰੱਕ ਨੂੰ ਵੇਖਣਾ, ਬਾਕੀ ਸਹੀ ਪਹੀਏ ਵੀ ਉਦਾਸ ਖਲੋਤੇ ਪ੍ਰਤੀਤ ਹੋਣਗੇ।

ਰਲ ਕੇ ਕੰਮ ਕਰਨ ਬਾਰੇ ਕੋਈ ਕਾਨੂੰਨ ਨਹੀਂ ਬਣਾਇਆ ਜਾ ਸਕਦਾ।

ਦੂਜਿਆਂ ਨਾਲ ਮਿਲਵਰਤਣ ਨਾਲ ਹੀ ਸਾਨੂੰ ਮਹੱਤਵਪੂਰਨ ਅਤੇ ਨਿਗੂਣੇ ਵਿਚਕਾਰ ਅੰਤਰ ਦਾ ਪਤਾ ਲਗਦਾ ਹੈ।

ਮਿਲਵਰਤਣ ਤੋਂ ਬਿਨਾਂ ਨਾ ਅਸੀਂ ਆਪਣੇ ਉਦੇਸ਼ਾਂ ਪ੍ਰਤੀ ਸਪਸ਼ਟ ਹੁੰਦੇ ਹਾਂ ਨਾ ਹੀ ਆਪਣੇ ਕੰਮ ਵਿਚ ਸਾਡੀ ਦਿਲਚਸਪੀ ਜਾਗਦੀ ਹੈ।

ਮਿਲਵਰਤਣ ਉਹ ਸਤਿਸੰਗ ਹੈ ਜਿਥੇ ਜਗਦੇ ਦੀਵਿਆਂ ਦੇ ਸੰਗ ਬੁਝੇ ਦੀਵੇ ਵੀ ਜਗ ਉਠਦੇ ਹਨ। ਮਿਲਵਰਤਣ ਨਾਲ ਨਿਪੁੰਨਤਾ ਆਉਂਦੀ ਹੈ, ਸਾਡੇ ਸੰਸੇ ਮਿਟਦੇ ਹਨ, ਸਾਡੇ ਕੰਮ ਦੀ ਪੱਧਰ ਉੱਚੀ ਹੁੰਦੀ ਹੈ ਅਤੇ ਅਸੀਂ ਸਵੀਕਾਰੇ ਜਾਂਦੇ ਹਾਂ।

ਸਹਿਣਸ਼ੀਲਤਾ ਤੋਂ ਵਿਰਵੇ ਹੋ ਕੇ ਅਸੀਂ ਅਨੇਕਾਂ ਅਵਸਰ ਗੁਆ ਦਿੰਦੇ ਹਾਂ। ਸਹਿਣਸ਼ੀਲਤਾ ਦੀ ਘਾਟ ਕਾਰਨ ਸਾਨੂੰ ਦੂਜੇ ਦਾ ਧਰਮ ਅੰਧ-ਵਿਸ਼ਵਾਸ਼ ਪ੍ਰਤੀਤ ਹੁੰਦਾ ਹੈ ਅਤੇ ਦੂਜੀ ਜਾਤੀ ਆਪਣੇ ਤੋਂ ਨੀਵੀਂ ਪ੍ਰਤੀਤ ਹੁੰਦੀ ਹੈ। ਅਸਹਿਣਸ਼ੀਲਤਾ ਅਨੇਕਾਂ ਅਵਸਰ ਹੀ ਨਹੀਂ ਖੋਹ ਲੈਂਦੀ, ਇਹ ਸਾਡੇ ਮਨਾਂ ਵਿਚ ਸੰਦੇਹ, ਅਵਿਸ਼ਵਾਸ ਅਤੇ ਪੱਖਪਾਤ ਦੇ ਬੀਜ ਵੀ ਬੀਜਦੀ ਹੈ। ਗਰੀਬੀ, ਅਨਪੜ੍ਹਤਾ ਅਤੇ ਅਸਹਿਣਸ਼ੀਲਤਾ, ਅਸਫ਼ਲਤਾ ਦੀਆਂ ਨਿਸ਼ਾਨੀਆਂ ਹਨ। ਉਦਾਰਤਾ ਤੋਂ ਬਿਨਾਂ ਸਫ਼ਲਤਾ ਸੰਭਵ ਨਹੀਂ ਹੁੰਦੀ ਅਤੇ ਸਫ਼ਲਤਾ ਤੋਂ ਬਿਨਾਂ ਉਦਾਰਤਾ ਨਹੀਂ ਆਉਂਦੀ।

ਸੱਚੇ ਅਰਥਾਂ ਵਿਚ ਕੋਈ ਵੀ ਧਾਰਮਿਕ ਵਿਅਕਤੀ ਕਿਸੇ ਵੀ ਪ੍ਰਕਾਰ ਦੇ ਪੱਖਪਾਤ ਜਾਂ ਕਿਸੇ ਵੀ ਧਰਮ ਨਾਲ ਬੱਝਾ ਨਹੀਂ ਹੁੰਦਾ।

ਦੂਜਿਆਂ ਦੇ ਵਿਕਾਸ ਵਿਚ ਅਤੇ ਉਨ੍ਹਾਂ ਦੇ ਭਵਿੱਖ ਵਿਚ ਦਿਲਚਸਪੀ ਲਏ ਬਿਨਾਂ ਸਾਡੀ ਆਪਣੀ ਸਫ਼ਲਤਾ ਦਾ ਮਾਰਗ ਵੀ ਨਹੀਂ ਉਸਰਦਾ।

ਦੂਜਿਆਂ ਨੂੰ ਅਸਫ਼ਲ ਬਣਾ ਕੇ, ਅਸੀਂ ਆਪ ਸਫ਼ਲ ਨਹੀਂ ਹੋ ਸਕਦੇ।

ਹਰ ਕੌਮ ਜਾਂ ਜਾਤੀ ਆਪਣੇ ਗਿਆਨ ਅਤੇ ਉਸ ਗਿਆਨ ਨੂੰ ਅਮਲ ਵਿਚ ਲਿਆਉਣ ਦੀ ਸ਼ਕਤੀ ਦੇ ਅਨੁਪਾਤ ਵਿਚ ਹੀ ਵਿਕਸਿਤ ਹੁੰਦੀ ਹੈ।

ਅਸੀਂ ਅਗਲੇਰਾ ਵਿਕਾਸ ਤਾਂ ਹੀ ਕਰ ਸਕਾਂਗੇ ਜੇ ਅਸੀਂ ਸੰਸਾਰ ਪ੍ਰਤੀ ਆਪਣੇ ਦ੍ਰਿਸ਼ਟੀਕੋਣ ਵਿਚ ਵਿਸ਼ਾਲਤਾ ਅਤੇ ਉਦਾਰਤਾ ਲਿਆਵਾਂਗੇ।

ਸਾਡਾ ਸੰਸਾਰ ਉਤਨਾ ਕੁ ਹੀ ਵੱਡਾ ਜਾਂ ਛੋਟਾ, ਖੁੱਲ੍ਹਾ ਜਾਂ ਸੌੜਾ ਹੁੰਦਾ ਹੈ, ਜਿਤਨਾ ਅਸੀਂ ਇਸ ਨੂੰ ਜਾਣਦੇ ਅਤੇ ਸਮਝਦੇ ਹੁੰਦੇ ਹਾਂ।

ਜਿਤਨੀ ਵੱਡੀ ਸਾਡੀ ਦ੍ਰਿਸ਼ਟੀ ਹੋਵੇਗੀ, ਉਤਨਾ ਵੱਡਾ ਦ੍ਰਿਸ਼ ਹੋਵੇਗਾ।

ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਲੋਕਾਂ ਦੀ ਸਾਡੇ ਬਾਰੇ ਰਾਇ ਚੰਗੀ ਨਹੀਂ, ਕਿਉਂਕਿ ਉਨ੍ਹਾਂ ਬਾਰੇ ਸਾਡੀ ਰਾਇ ਵੀ ਤਾਂ ਚੰਗੀ ਨਹੀਂ।

ਦੂਜਿਆਂ ਬਾਰੇ ਆਪਣੀ ਰਾਇ ਚੰਗੀ ਬਣਾਏ ਬਿਨਾਂ, ਉਨ੍ਹਾਂ ਤੋਂ ਆਪਣੇ ਬਾਰੇ ਚੰਗੀ ਰਾਇ ਦੀ ਆਸ ਕਰਨੀ ਵਿਅਰਥ ਹੈ।

ਕਈਆਂ ਨੂੰ ਇੰਜ ਲਗਦਾ ਹੈ ਜਿਵੇਂ ਉਨਾਂ ਦੀ ਸਫ਼ਲਤਾ ਦਾ ਦਿਹਾੜਾ ਨਿਰੰਤਰ ਮੁਲਤਵੀ ਹੁੰਦਾ ਜਾ ਰਿਹਾ ਹੈ। ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਸਫ਼ਲਤਾ ਦਾ ਦਿਹਾੜਾ ਕੌਣ ਮੁਲਤਵੀ ਕਰ ਰਿਹਾ ਹੈ ਅਤੇ ਕਿਸ ਨੂੰ ਦਿਲਚਸਪੀ ਹੈ ਕਿ ਉਹ ਜਾਣੇ ਕਿ ਤੁਸੀਂ ਸਫ਼ਲ ਹੋਏ ਹੋ ਕਿ ਨਹੀਂ।

ਹਰ ਮੁਸ਼ਕਿਲ ਦਾ ਬੋਝ ਅੰਤਲੇ ਰੂਪ ਵਿਚ ਸਾਨੂੰ ਆਪ ਹੀ ਚੁੱਕਣਾ ਪੈਂਦਾ ਹੈ। ਇਨ੍ਹਾਂ ਸਥਿਤੀਆਂ ਵਿਚ ਹੀ ਸਾਨੂੰ ਮਿਲਵਰਤਣ ਦੇ ਮਹੱਤਵ ਦਾ ਪਤਾ ਲਗਦਾ ਹੈ। ਮਿਲਵਰਤਣ ਅਤੇ ਦੂਜਿਆਂ ਵਿਚ ਦਿਲਚਸਪੀ ਵਿਚੋਂ ਹੀ ਹਮਦਰਦੀ ਉਪਜਦੀ ਹੈ।

ਜਿਨ੍ਹਾਂ ਵਿਚ ਹਮਦਰਦੀ ਦੀ ਭਾਵਨਾ ਨਹੀਂ ਹੁੰਦੀ, ਉਨ੍ਹਾਂ ਵਿਚ ਕੋਈ ਮਾੜਾ ਕੰਮ ਕਰਕੇ ਪਛਤਾਵੇ ਦੀ ਭਾਵਨਾ ਵੀ ਨਹੀਂ ਹੁੰਦੀ। ਪਛਤਾਵਾ ਹਮਦਰਦੀ ਦੀ ਭਾਵਨਾ ਵਿਚੋਂ ਉਪਜਦਾ ਹੈ ਅਤੇ ਇਨ੍ਹਾਂ ਦੋਹਾਂ ਦਾ ਸਰੋਤ ਧਰਮ ਹੈ। ਕੋਈ ਮਾੜਾ ਕੰਮ ਕਰਨ ਉਪਰੰਤ ਹੋਣ ਵਾਲੇ ਦੁੱਖ ਅਤੇ ਪਛਤਾਵੇ ਦਾ ਕਾਰਨ ਧਰਮ ਹੁੰਦਾ ਹੈ। ਪਛਤਾਵਾ ਇਕ ਧਾਰਮਿਕ ਭਾਵਨਾ ਹੈ।

ਭਰਿਸ਼ਟ ਜਾਂ ਮਾੜੇ ਤੋਂ ਮਾੜਾ ਵਿਅਕਤੀ ਵੀ ਆਪਣੇ ਆਪ ਨੂੰ ਧਰਵਾਸ ਦਿੰਦਾ ਹੈ ਕਿ ਉਹ ਦੂਜਿਆਂ ਨਾਲੋਂ ਘੱਟ ਮਾੜਾ ਹੈ। ਇਸੇ ਧਰਵਾਸ ਸਦਕਾ ਮਾੜਾ ਵਿਅਕਤੀ ਸਮਾਜ ਵਿਚ ਵਿਚਰਦਾ ਹੈ।

ਸਾਨੂੰ ਵਿਰੋਧਤਾ ਤੋਂ ਡਰਨਾ ਨਹੀਂ ਚਾਹੀਦਾ। ਪਤੰਗ ਅਤੇ ਜਹਾਜ਼ ਵਿਰੋਧੀ ਹਵਾ ਵਿਚ ਹੀ ਉੱਡਦੇ ਹਨ। ਦੂਜਿਆਂ ਵਲੋਂ ਵਿਰੋਧਤਾ ਵੀ ਉਨ੍ਹਾਂ ਦੀ ਸਾਡੇ ਵਿਚ ਦਿਲਚਸਪੀ ਦੀ ਇਕ ਵੰਨਗੀ ਹੁੰਦੀ ਹੈ। ਸਾਨੂੰ ਥੋੜ੍ਹੀ ਜਿਹੀ ਬੇਇਜ਼ਤੀ ਵੀ ਬਰਦਾਸ਼ਤ ਕਰਨੀ ਸਿਖਣੀ

ਚਾਹੀਦੀ ਹੈ। ਬੇਇਜ਼ਤੀ ਬਰਦਾਸ਼ਤ ਨਾ ਕਰਨ ਕਰਕੇ ਅਸੀਂ ਕਈ ਨਿਕੰਮੇ ਵਿਅਕਤੀਆਂ ਨੂੰ ਮਹੱਤਵ ਪ੍ਰਦਾਨ ਕਰਨ ਲੱਗ ਪੈਂਦੇ ਹਾਂ।

ਅਪਮਾਨ ਤੋਂ ਬਿਨਾਂ ਕੋਈ ਮਹਾਨ ਵਿਅਕਤੀ ਸਫ਼ਲ ਨਹੀਂ ਹੋਇਆ।

ਹਰ ਚੀਜ਼ ਅਤੇ ਹਰ ਸਥਿਤੀ ਤੋਂ ਲਾਭ ਪ੍ਰਾਪਤ ਕਰਨ ਦੀ ਬਿਰਤੀ ਕਾਰਨ ਅਕਸਰ ਅਸੀਂ ਵੱਡੀਆਂ ਪ੍ਰਾਪਤੀਆਂ ਤੋਂ ਵਾਂਝੇ ਰਹਿ ਜਾਂਦੇ ਹਾਂ।

ਪਹਾੜੇ ਅਸੀਂ ਸਿਖਦੇ ਸਕੂਲ ਵਿਚ ਹਾਂ ਪਰ ਵਰਤਦੇ ਜ਼ਿੰਦਗੀ ਵਿਚ ਹਾਂ।

ਸਕੂਲਾਂ, ਕਾਲਜਾਂ ਵਿਚ ਪ੍ਰਸੰਗ ਸਹਿਤ ਵਿਆਖਿਆ ਦਾ ਅਭਿਆਸ ਕਰਵਾਇਆ ਜਾਂਦਾ ਹੈ। ਇਹ ਅਭਿਆਸ ਬਹੁਤ ਦੇਰ ਮਗਰੋਂ ਜ਼ਿੰਦਗੀ ਵਿਚ ਕੰਮ ਆਉਂਦਾ ਹੈ।

ਝੱਟਪਟ ਪ੍ਰਾਪਤ ਕੀਤਾ ਲਾਭ ਹੰਢਣਸਾਰ ਨਹੀਂ ਹੁੰਦਾ।

ਨੈਤਿਕ ਅਸੂਲਾਂ ਅਤੇ ਨੇਮਾਂ ਨੂੰ ਦਿਮਾਗ ਉੱਤੇ ਠੋਸਿਆ ਨਹੀਂ ਜਾ ਸਕਦਾ। ਇਹ ਦਿਲ ਦੇ ਰਾਹੀਂ ਸਾਡੀ ਬੁੱਧੀ ਵਿਚ ਉਤਰਦੇ ਹਨ।

ਹਰ ਵਿਅਕਤੀ ਦੇ ਕੁਝ ਅਸੂਲ ਹੁੰਦੇ ਹਨ, ਜਿਹੜੇ ਉਸ ਨੂੰ ਸੰਕਟ ਵਿਚ ਸੰਤੁਲਨ ਬਣਾਈ ਰੱਖਣ ਵਿਚ ਸਹਾਈ ਹੁੰਦੇ ਹਨ। ਕਾਨੂੰਨ ਸਾਡੇ ਉੱਤੇ ਠੋਸੇ ਜਾਂਦੇ ਹਨ, ਇਸ ਲਈ ਕਾਨੂੰਨਾਂ ਦੀ ਉਲੰਘਣਾ ਹੁੰਦੀ ਹੈ, ਅਸੂਲਾਂ ਦੀ ਉਲੰਘਣਾ ਨਹੀਂ ਹੁੰਦੀ, ਕਿਉਂਕਿ ਇਹ ਅਸੀਂ ਆਪ ਸਿਰਜੇ ਅਤੇ ਅਪਨਾਏ ਹੋਏ ਹੁੰਦੇ ਹਨ।

ਅਸੂਲਾਂ ਤੋਂ ਬਿਨਾਂ ਵਿਅਕਤੀ ਭਰੋਸੇਯੋਗ ਨਹੀਂ ਹੁੰਦਾ।

ਪ੍ਰਕਿਰਤੀ ਵਿਚ ਹੱਦ ਜਾਂ ਸਰਹੱਦ ਦਾ ਕੋਈ ਸੰਕਲਪ ਨਹੀਂ। ਸਾਡੀ ਬੁੱਧੀ ਵਿਚ ਵੀ ਭੇਦ-ਭਾਵ ਦਾ ਕੋਈ ਸੰਕਲਪ ਨਹੀਂ। ਪ੍ਰਕਿਰਤੀ ਵਾਂਗ ਹੀ ਬੁੱਧੀ ਵੀ ਨਿਰਪੱਖ ਹੈ। ਪ੍ਰਕਿਰਤੀ ਨਾ ਉਦਾਸ ਹੈ, ਨਾ ਪ੍ਰਸੰਨ, ਇਹ ਨਿਰਪੱਖ ਹੈ, ਕੋਈ ਜਨਮ ਲੈ ਰਿਹਾ ਹੈ, ਕੋਈ ਚਲਾਣਾ ਕਰ ਰਿਹਾ ਹੈ। ਨਿਰਪੱਖ ਹੋਏ ਬਿਨਾਂ ਅਸੀਂ ਵਿਸ਼ਾਲ ਨਹੀਂ ਹੋ ਸਕਦੇ।

ਸਾਡੇ ਵਿਚਾਰ ਮੁੱਖ ਤੌਰ 'ਤੇ ਦੋ ਪ੍ਰਕਾਰ ਦੇ ਹੁੰਦੇ ਹਨ। ਇਕ ਉਹ ਜਿਹੜੇ ਅਸੀਂ ਸੋਚਦੇ ਹਾਂ, ਜਿਹੜੇ ਸਾਡੇ ਅੰਦਰੋਂ ਉਪਜਦੇ ਹਨ। ਦੂਜੇ ਉਹ ਜਿਹੜੇ ਸਾਨੂੰ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਵਿਚੋਂ ਪ੍ਰਾਪਤ ਹੁੰਦੇ ਹਨ। ਅਸੀਂ ਬਾਹਰੋਂ ਮਿਲਣ ਵਾਲੇ ਵਿਚਾਰਾਂ ਨੂੰ ਆਪਣੇ ਵਿਚਾਰਾਂ ਨਾਲ ਇਕਸੁਰ ਕਰਨ ਜਾਂ ਰੱਦਣ ਦਾ ਕਾਰਜ ਨਿਰੰਤਰ ਕਰਦੇ ਰਹਿੰਦੇ ਹਾਂ। ਸਾਡੇ ਕੋਲ ਜਿਤਨੇ ਵਧੇਰੇ ਵਿਚਾਰ ਹੋਣਗੇ, ਉਤਨੇ ਹੀ ਵਧੇਰੇ ਨਵੇਂ ਵਿਚਾਰ ਸਵੀਕਾਰ ਕਰਨ ਦੀ ਸਾਡੀ ਸਮਰੱਥਾ ਹੋਵੇਗੀ।

ਸਾਡੇ ਕੋਲ ਵਿਚਾਰਾਂ ਦੇ ਜਦੋਂ ਨਵੇਂ ਮਾਡਲ ਨਹੀਂ ਹੁੰਦੇ ਤਾਂ ਅਸੀਂ ਨਵੇਂ ਵਿਚਾਰਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੰਦੇ ਹਾਂ।

ਪ੍ਰਵਾਹਮਾਨ ਵਿਅਕਤੀ ਨਹੀਂ ਲੜਦਾ, ਰੁਕਿਆ ਹੋਇਆ ਵਿਅਕਤੀ ਹੀ ਲੜਦਾ ਹੈ। ਅਜਿਹੇ ਵਿਅਕਤੀ ਹੀ ਨਹੀਂ, ਕੌਮਾਂ ਵੀ ਮੁੱਕ ਜਾਂਦੀਆਂ ਹਨ।

ਕਈ ਲੋਕ ਨਿੱਕੀ-ਨਿੱਕੀ ਗੱਲ ਤੋਂ ਨਾਰਾਜ਼ ਹੋ ਜਾਂਦੇ ਹਨ। ਰੁੱਸਣਾ ਕਿਸੇ ਪੱਖੋਂ ਵੀ ਉਸਾਰੂ ਪ੍ਰਭਾਵ ਵਾਲਾ ਅਨੁਭਵ ਨਹੀਂ ਹੁੰਦਾ।

ਤਲਾਕ ਦਾ ਮੁਕੱਦਮਾ ਲੜਦਿਆਂ ਦੂਜਿਆਂ ਤੋਂ ਸ਼ਾਬਾਸ਼ ਦੀ ਆਸ ਨਹੀਂ ਕੀਤੀ ਜਾ ਸਕਦੀ, ਗਾਲ੍ਹਾਂ ਕੱਢਦਿਆਂ ਸੋਹਣੇ ਲਗਣ ਦੀ ਉਮੀਦ ਲਾਹ ਦਿਓ।

ਅਸਹਿਮਤੀ ਸਦਾ ਨਿਗੂਣੀਆਂ ਗੱਲਾਂ 'ਤੇ ਹੀ ਹੁੰਦੀ ਹੈ, ਵੱਡੇ ਉਦੇਸ਼ਾਂ ਪ੍ਰਤੀ ਬਹਿਸ ਦੀ ਕੋਈ ਸੰਭਾਵਨਾ ਨਹੀਂ ਹੁੰਦੀ।

ਜੇ ਤੁਸੀਂ ਕਿਸੇ ਨਾਲ ਰੁੱਸੇ ਹੋਏ ਹੋ ਜਾਂ ਕੋਈ ਤੁਹਾਡੇ ਨਾਲ ਰੁੱਸਿਆ ਹੋਇਆ ਹੈ ਤਾਂ ਮੰਨ-ਮਨਾ ਲਵੋ, ਤੁਹਾਨੂੰ ਇਕ ਨਵੀਂ ਸ਼ਕਤੀ ਦਾ ਅਹਿਸਾਸ ਹੋਵੇਗਾ। ਤੁਹਾਨੂੰ ਸਾਹ ਸੌਖਾ ਆਵੇਗਾ।

ਹਰ ਆਗੂ ਆਪਣੇ ਅਧੀਨ ਵਿਅਕਤੀਆਂ ਨੂੰ ਵੱਖਰੇ ਢੰਗ ਨਾਲ ਜਥੇਬੰਦ ਕਰਦਾ ਹੈ। ਕਈ ਜੁਰਮਾਨਾ ਕਰ ਕੇ ਡਸਿਪਲਿਨ ਲਿਆਉਂਦੇ ਹਨ, ਕਈ ਇਨਾਮ ਦੇ ਕੇ।

ਸਫ਼ਲ ਆਗੂਆਂ ਦੀ ਮੁਸਕਰਾਹਟ ਦਾ ਘੇਰਾ ਬਹੁਤ ਵੱਡਾ ਹੁੰਦਾ ਹੈ।

ਉਹ ਦੂਜਿਆਂ ਦੀਆਂ ਗਲਤੀਆਂ ਨੂੰ ਮੁਆਫ਼ ਕਰਦੇ ਹਨ।

ਸੁਤੰਤਰਤਾ ਕੋਈ ਬਾਹਰੀ ਘਟਨਾ ਨਹੀਂ, ਇਹ ਅੰਦਰ ਦਾ ਭਰੋਸਾ ਹੈ। ਅਜਿਹਾ ਭਰੋਸਾ ਚੜ੍ਹਦੀਕਲਾ ਤੋਂ ਬਿਨਾਂ ਸੰਭਵ ਨਹੀਂ। ਚੜ੍ਹਦੀਕਲਾ ਦੇ ਅਹਿਸਾਸ ਬਿਨਾਂ ਕੌਮਾਂ ਅਤੇ ਸਭਿਆਤਾਵਾਂ ਵੀ ਮੁੱਕ ਜਾਂਦੀਆਂ ਹਨ। ਇਹ ਭਰੋਸਾ ਵਿਅਕਤੀ ਨੂੰ ਅਸੀਮ ਬਣਾਉਂਦਾ ਹੈ। ਜੋ ਆਪ ਆਜ਼ਾਦ ਹਨ, ਉਹੀ ਦੂਜਿਆਂ ਨੂੰ ਆਜ਼ਾਦ ਕਰਦੇ ਹਨ।

ਜਦੋਂ ਸਾਨੂੰ ਕਿਸੇ ਵਿਅਕਤੀ ਦੀ ਸੀਮਾ ਦਾ ਗਿਆਨ ਹੋ ਜਾਵੇ ਤਾਂ ਉਸ ਵਿਚ ਸਾਡੀ ਦਿਲਚਸਪੀ ਵੀ ਮੁੱਕ ਜਾਂਦੀ ਹੈ। ਸਾਨੂੰ ਨਹਿਰ ਦੀ ਸੀਮਾ ਦਾ ਗਿਆਨ ਹੁੰਦਾ ਹੈ, ਦਰਿਆ ਜਾਂ ਸਮੁੰਦਰ ਦੀ ਸੀਮਾ ਦਾ ਨਹੀਂ, ਇਸੇ ਕਰਕੇ ਨਹਿਰ ਦੇ ਮੁਕਾਬਲੇ ਦਰਿਆ ਅਤੇ ਸਮੁੰਦਰ ਸਾਨੂੰ ਵਧੇਰੇ ਪ੍ਰਭਾਵਿਤ ਕਰਦੇ ਹਨ।

ਜੋ ਅਸੀਮ ਹੈ, ਉਹੀ ਦਿਲਚਸਪ ਹੈ।

ਆਪਣੀਆਂ ਗਲਤੀਆਂ ਮੰਨਣ ਨਾਲ ਸਾਨੂੰ ਆਤਮਿਕ ਬਲ ਮਿਲਦਾ ਹੈ।

ਜਦੋਂ ਤਕ ਤੁਸੀਂ ਆਪਣੀਆਂ ਗਲਤੀਆਂ ਮੰਨਣ ਦਾ ਹੌਸਲਾ ਨਹੀਂ ਉਪਜਾਉਂਦੇ, ਆਪਣੇ ਸਮਾਜ ਵਿਚ ਸਨਮਾਨ ਦੀ ਆਸ ਨਾ ਕਰੋ।

ਇਹ ਗੁਣ ਤੁਹਾਡੇ ਵਿਚ ਮਹਾਨ ਅਤੇ ਵਿਸ਼ਾਲ ਬਣਨ ਉਪਰੰਤ ਹੀ ਉਪਜੇਗਾ।

ਸਮਰੱਥਾ ਅਤੇ ਸਫ਼ਲਤਾ ਇਕ ਹੀ ਸਿੱਕੇ ਦੇ ਦੋ ਪਾਸੇ ਹਨ, ਇਹ ਇਕ ਦੂਜੇ ਵਿਚੋਂ ਜਨਮਦੇ ਹਨ। ਅਗਿਆਨਤਾ, ਅਨਪੜ੍ਹਤਾ ਅਤੇ ਗਰੀਬੀ ਮਨੁੱਖਤਾ ਦੇ ਸਰੀਰ ਨੂੰ ਲੱਗੀਆਂ ਤਿੰਨ ਮਹਾਂਮਾਰੀਆਂ ਹਨ। ਕੇਵਲ ਗਿਆਨ ਜਾਂ ਕੇਵਲ ਵਿਦਿਆ ਜਾਂ ਕੇਵਲ ਧਨ ਨਾਲ ਸਮੱਸਿਆ ਹੱਲ ਨਹੀਂ ਹੋਵੇਗੀ। ਇਨ੍ਹਾਂ ਤਿੰਨਾਂ ਵੱਲ ਇਕੋ ਵੇਲੇ ਧਿਆਨ ਦੇਣਾ ਪਵੇਗਾ। ਹਰ ਸਫ਼ਲ ਵਿਅਕਤੀ ਨੇ ਇਨ੍ਹਾਂ ਸਮੱਸਿਆਵਾਂ ਵੱਲ ਆਪਣੀ ਸਮਰੱਥਾ ਅਨੁਸਾਰ ਧਿਆਨ ਦਿੱਤਾ ਹੈ ਅਤੇ ਮਾਨਵਜਾਤੀ ਦੀ ਸੇਵਾ ਕੀਤੀ ਹੈ।

ਮਾਨਵਜਾਤੀ ਦੀ ਸੇਵਾ ਕਰਨ ਦੇ ਪੱਖੋਂ ਸੰਸਾਰ ਦੇ ਇਤਿਹਾਸ ਵਿਚ ਜਿਤਨੇ ਅਵਸਰ ਅੱਜ ਹਨ, ਉਤਨੇ ਪਹਿਲਾਂ ਕਦੇ ਵੀ ਨਹੀਂ ਸਨ। ਇਹ ਖੇਤਰ ਇਤਨਾ ਵਿਸ਼ਾਲ ਹੈ ਕਿ ਇਸ ਵਿਚ ਜੋ ਵੀ ਨਿਤਰੇਗਾ, ਉਹ ਸਫ਼ਲ ਹੋਵੇਗਾ।

ਕੇਵਲ ਪ੍ਰਸੰਸਾ ਨਾਲ ਕੋਈ ਵਿਕਾਸ ਨਹੀਂ ਵਾਪਰਦਾ। ਉਸ ਵਿਅਕਤੀ ਕੋਲ ਜਾਣ ਲਈ ਸਦਾ ਤਤਪਰ ਰਹਿਣਾ, ਜਿਹੜਾ ਤੁਹਾਨੂੰ ਤੁਹਾਡੀਆਂ ਘਾਟਾਂ ਤੋਂ ਜਾਣੂ ਕਰਵਾਏ, ਕਿਉਂਕਿ ਉਸ ਦੀ ਤੁਹਾਡੇ ਵਿਕਾਸ ਵਿਚ ਦਿਲਚਸਪੀ ਹੈ।

ਯਾਦ ਰੱਖਣਾ ਕਿ ਪ੍ਰਕਿਰਤੀ ਜਾਂ ਪਰਮਾਤਮਾ ਨੂੰ ਕੋਈ ਕਾਹਲੀ ਨਹੀਂ ਹੈ। ਕਾਹਲ ਨਾਲ ਸਦੀਵੀ ਪ੍ਰਾਪਤੀਆਂ ਸੰਭਵ ਨਹੀਂ ਹੁੰਦੀਆਂ।

ਵਿਸ਼ੇਸ਼ਤਾ ਕੁਦਰਤ ਦਾ ਗੁਣ ਨਹੀਂ, ਇਹ ਮਨੁੱਖ ਦਾ ਔਗੁਣ ਹੈ।

ਕਾਹਲ ਨਾਲ ਕੰਮ ਘਟਦਾ ਨਹੀਂ, ਵਧਦਾ ਹੈ।

ਇਹ ਜਾਣਨਾ ਜ਼ਰੂਰੀ ਹੈ ਕਿ ਬਿਨਾਂ ਫਰਜ਼ ਨਿਭਾਏ ਮਨੁੱਖ ਸੁਖ ਹਾਸਲ ਨਹੀਂ ਕਰ ਸਕਦਾ। ਫਰਜ਼ ਸਮਝਾਏ ਨਹੀਂ ਜਾਂਦੇ, ਇਹ ਸਮਝੇ ਜਾਂਦੇ ਹਨ।

ਫਰਜ਼ ਦੇ ਪੱਖੋਂ ਕੋਈ ਵੀ ਕਾਰਜ ਛੋਟਾ ਨਹੀਂ ਹੁੰਦਾ।

ਛੋਟਾ, ਅਸਲ ਵਿਚ ਸਾਡੀ ਸੋਚ ਵਲੋਂ ਮਿੱਥੀ ਗਈ ਹੱਦ ਹੁੰਦਾ ਹੈ।

ਜਦੋਂ ਮਨੁੱਖ ਹਾਰ ਜਾਂਦਾ ਹੈ ਤਾਂ ਉਹ ਹਾਰ ਦੇ ਅਨੁਸਾਰੀ ਤਰਕ ਦੀ ਉਸਾਰੀ ਕਰਦਾ ਹੈ। ਹਾਰੇ ਹੋਏ ਅਜਿਹੇ ਵਿਅਕਤੀ ਲਈ ਹਾਰ ਸੰਸਾਰ ਦੀ ਕਥਾ ਹੈ, ਉਸ ਅਨੁਸਾਰ ਇਥੇ ਜੋ ਵੀ ਆਇਆ ਹੈ, ਹਾਰ ਕੇ ਗਿਆ ਹੈ, ਜਦੋਂ ਕਿ ਸਫ਼ਲਤਾ ਦੀ ਤਾਂਘ ਵਾਲੇ ਵਿਅਕਤੀ ਨੂੰ ਖਤਰਿਆਂ ਵਿਚੋਂ ਵੀ ਅਵਸਰ ਵਿਖਾਈ ਦਿੰਦੇ ਹਨ।

ਅਸੀਂ ਉਦੇਸ਼ਾਂ ਅਤੇ ਕਾਰਨਾਂ ਨਾਲ ਇਤਨੇ ਬੱਝ ਗਏ ਹਾਂ ਕਿ ਜਿਹੜਾ ਅਕਾਰਨ ਖੁਸ਼ ਹੋਵੇ, ਉਸ ਨੂੰ ਅਸੀਂ ਪਾਗਲ ਕਹਿੰਦੇ ਹਾਂ।

ਅਜੋਕੇ ਯੁਗ ਵਿਚ ਅਸਲੀ ਸ਼ਹੀਦ ਤਾਂ ਉਹ ਹਨ, ਜਿਹੜੇ ਜ਼ਿੰਦਗੀ ਦੇ ਲੰਮੇ ਵਿਸਤਾਰ ਵਿਚ ਜਿਉਂਦੇ ਹਨ। ਸੋਚ-ਸੋਚ ਕੇ ਸਾਹ ਨਹੀਂ ਲਿਆ ਜਾ ਸਕਦਾ।

ਨਿਰਸੰਦੇਹ ਜੀਵਨ ਦੁਚਿੱਤੀਆਂ ਨਾਲ ਘਿਰਿਆ ਪਿਆ ਹੈ ਪਰ ਇਸ ਗੱਲ ਦੀ ਧਰਵਾਸ ਹੋਣੀ ਚਾਹੀਦੀ ਹੈ ਕਿ ਕੋਈ ਵੀ ਦੁਚਿੱਤੀ ਨਵੀਂ ਨਹੀਂ। ਦੁਚਿੱਤੀਆਂ ਉਨ੍ਹਾਂ ਲਈ ਹਨ, ਜਿਹੜੇ ਸੋਚ ਤੋਂ ਸੱਖਣੇ ਹਨ, ਅਮਲ ਤੋਂ ਕੋਰੇ ਹਨ। ਜਿਹੜੇ ਇਹ ਕਹਿੰਦੇ ਹਨ ਕਿ ਅਸੀਂ ਸਭ ਕੁਝ ਦੇਣ ਲਈ ਤਿਆਰ ਹਾਂ, ਉਨ੍ਹਾਂ ਨੂੰ ਪੁੱਛਣਾ, ਉਨ੍ਹਾਂ ਕੋਲ ਦੇਣ ਲਈ ਹੈ ਹੀ ਕੀ। ਮਾਨਤਾ ਅਤੇ ਧੰਨਵਾਦ ਦੀ ਪਰਵਾਹ ਅਤੇ ਆਸ ਕੀਤੇ ਬਿਨਾਂ ਜਿਹੜੇ ਲੰਮੇ ਸਫਰ ਉਤੇ ਨਿਕਲਦੇ ਹਨ, ਉਹੀ ਸਹਿਜ ਆਨੰਦ ਦੀ ਪ੍ਰਾਪਤੀ ਕਰਦੇ ਹਨ।

ਜੀਵਨ ਦਾ ਇਹ ਵਿਅੰਗ ਹੈ ਕਿ ਜੋ ਕਾਹਲੀ ਕਰਦੇ ਹਨ, ਉਹੀ ਖੁੰਝਦੇ ਹਨ।

ਹਰ ਸਫ਼ਲਤਾ ਦਾ ਆਪਣਾ ਇਕ ਭੇਤ ਹੁੰਦਾ ਹੈ ਪਰ ਸਾਰੀਆਂ ਸਫ਼ਲਤਾਵਾਂ ਦਾ ਇਕ ਸਾਂਝਾ ਭੇਤ ਹੈ : ਠਹਿਰ ਤਾਂ ਭਾਵੇਂ ਜਾਓ ਪਰ ਰੁਕੋ ਨਾ।

ਮਨੁੱਖ ਦੇ ਸਾਰੇ ਯਤਨਾਂ ਦਾ ਉਦੇਸ਼ ਸਫ਼ਲਤਾ ਪ੍ਰਾਪਤ ਕਰਨਾ ਹੈ।

ਜਿਹੜੇ ਚੱਲਦੇ ਹਨ ਅਤੇ ਚੱਲਦੇ ਰਹਿੰਦੇ ਹਨ, ਉਹੀ ਪਹੁੰਚਦੇ ਹਨ।

♣♣♣

ਚਿੰਤਾ ਦੇ ਪ੍ਰਸੰਗ ਵਿਚ...

ਤੁਸੀਂ, ਭਾਵੇਂ ਕੁਝ ਵੀ ਹੋਵੋ, ਜਿੱਥੇ ਵੀ ਬੈਠੇ ਹੋਏ ਹੋ, ਉਥੇ ਬੈਠੇ ਰਹਿਣ ਵਾਸਤੇ ਵੀ ਤੁਹਾਨੂੰ ਨਿਰੰਤਰ ਬੜੀ ਤੇਜ਼ ਦੌੜ ਲਾਉਣੀ ਪਵੇਗੀ।

ਇਹ ਚਿੰਤਾ ਦਾ ਯੁੱਗ ਹੈ, ਨਿਸ਼ਚਿੰਤ ਹੋ ਕੇ ਬੈਠਣਾ ਮਨ੍ਹਾ ਹੈ।

ਪਹਿਲਾਂ ਜਦੋਂ ਲੋਕ ਪ੍ਰੇਸ਼ਾਨ ਹੁੰਦੇ ਸਨ ਤਾਂ ਘਰਾਂ ਵੱਲ ਮੁੜਦੇ ਸਨ, ਹੁਣ ਜਦੋਂ ਉਹ ਪ੍ਰੇਸ਼ਾਨ ਹੁੰਦੇ ਹਨ ਤਾਂ ਘਰੋਂ ਬਾਹਰ ਚਲੇ ਜਾਂਦੇ ਹਨ।

ਚਿੰਤਾਵਾਂ ਵਿਚ ਘਿਰਿਆ ਹੋਇਆ ਵਿਅਕਤੀ ਜਦੋਂ ਪ੍ਰੇਸ਼ਾਨੀਆਂ ਦੀ ਭੀੜ ਵਿਚੋਂ ਲੰਘਦਾ ਹੋਇਆ ਘਰ ਦੀ ਦਹਿਲੀਜ਼ ਟੱਪਦਾ ਹੈ ਤਾਂ ਕਿਸੇ ਚੀਜ਼ ਦੇ ਖਰਾਬ ਹੋ ਜਾਣ, ਕਿਸੇ ਰਿਸ਼ਤੇ ਦੇ ਟੁੱਟ ਜਾਣ, ਕਿਸੇ ਵਸਤ ਦੇ ਮੁੱਕ ਜਾਣ, ਕਿਸੇ ਦੇ ਲੜ ਪੈਣ ਆਦਿ ਦੀਆਂ ਸਮੱਸਿਆਵਾਂ ਉਸ ਦਾ ਰਾਹ ਮੱਲ ਲੈਂਦੀਆਂ ਹਨ।

ਪਿਛਲੀ ਸਦੀ ਵਿਚ ਜਿਹੋ-ਜਿਹਾ ਭੀੜ-ਭੜੱਕਾ ਜੰਗ ਦੇ ਮੈਦਾਨ ਵਿਚ ਹੋਇਆ ਕਰਦਾ ਸੀ, ਉਹੋ ਜਿਹਾ ਅਤੇ ਕਈ ਵਾਰੀ ਉਸ ਨਾਲੋਂ ਵੀ ਵੱਧ ਅੱਜ-ਕੱਲ੍ਹ ਹਰ ਸ਼ਹਿਰ ਦੇ ਵੱਡੇ ਬਾਜ਼ਾਰ ਵਿਚ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਕਿਸੇ ਵੀ ਸ਼ਹਿਰ ਦੇ ਅੰਦਰਲੇ ਪਾਸੇ ਚਲੇ ਜਾਓ, ਨਿਰੰਤਰ ਯੁੱਧ ਹੋ ਰਿਹਾ ਪ੍ਰਤੀਤ ਹੋਵੇਗਾ। ਕਿਸੇ ਵੀ ਘਰ ਦੇ ਅੰਦਰ ਝਾਤ ਮਾਰ ਕੇ ਵੇਖੋ, ਖੋਹਾ-ਖੋਹੀ ਅਤੇ ਆਪੋ-ਧਾਪੀ ਦੀ ਕਾਹਲ ਵਿਖਾਈ ਦੇਵੇਗੀ। ਕਿਸੇ ਆਪਣੇ ਜਾਂ ਪਰਾਏ ਨਾਲ ਬੈਠ ਵੇਖੋ, ਹਰ ਕੋਈ ਆਪਣੀਆਂ ਚਿੰਤਾਵਾਂ ਦੀ ਵਰੀ ਅਤੇ ਪ੍ਰੇਸ਼ਾਨੀਆਂ ਦਾ ਦਾਜ ਤੁਹਾਡੇ ਸਾਮ੍ਹਣੇ ਖਿਲਾਰ ਦੇਵੇਗਾ।

ਵਿਦਿਆ ਅਤੇ ਵਿਗਿਆਨ ਨੇ ਸਾਨੂੰ ਗਿਆਨ ਤਾਂ ਦਿੱਤਾ ਹੈ ਪਰ ਸਾਡੇ ਤੋਂ ਮਨ ਦੀ ਸ਼ਾਂਤੀ ਗੁਆਚ ਗਈ ਹੈ, ਇਕੱਠਿਆਂ ਰਹਿਣ ਦੀ ਸਮਰੱਥਾ ਖੋਹ ਲਈ ਹੈ, ਪ੍ਰਸੰਨ ਹੋਣ ਦੀ ਸੰਭਾਵਨਾ ਮੁੱਕ ਗਈ ਹੈ ਰਲ ਕੇ ਚੱਲਣਾ ਸੰਭਵ ਨਹੀਂ ਰਿਹਾ।

ਜਿਉਂ-ਜਿਉਂ ਮਨੁੱਖ ਦਾ ਗਿਆਨ ਵੱਧ ਰਿਹਾ ਹੈ, ਤਿਉਂ-ਤਿਉਂ ਉਸ ਦੀ ਅਗਿਆਨਤਾ ਪ੍ਰਤੀ ਸੋਝੀ ਅਤੇ ਚਿੰਤਾ ਵੀ ਵੱਧ ਰਹੀ ਹੈ। ਗਿਆਨਵਾਨ ਮਨੁੱਖ, ਹੁਣ ਸਾਊ ਅਤੇ ਸਰਲ ਬਣਨ ਦੇ ਤਰਲੇ ਲੈ ਰਿਹਾ ਹੈ ਪਰ ਪਿੱਛੇ ਮੁੜਨਾ ਹੁਣ ਸੰਭਵ ਨਹੀਂ ਹੈ।

ਆਧੁਨਿਕ ਸੰਸਾਰ ਵਿਚ ਅਗਿਆਨੀ ਹੋਣਾ ਅਸੰਭਵ ਹੈ।

ਅਜੋਕੇ ਜੀਵਨ ਵਿਚ ਚਿੰਤਾ ਤੋਂ ਮੁਕਤ ਹੋਣਾ ਵੀ ਅਸੰਭਵ ਹੈ।

ਗਿਆਨ ਅਤੇ ਚਿੰਤਾ ਇਕ ਹੀ ਤਸਵੀਰ ਦਾ ਸਿੱਧ-ਪੁੱਠ ਹਨ।

ਜੇ ਅਸੀਂ ਚਿੰਤਾ ਨਾ ਕਰੀਏ ਤਾਂ ਸਾਨੂੰ ਆਪਣੇ ਜਿਉਂਦੇ ਹੋਣ ਦਾ ਅਹਿਸਾਸ ਨਹੀਂ ਹੁੰਦਾ। ਚਿੰਤਾ ਕਰਨਾ ਮਨ ਦਾ ਹਰਮਨ ਪਿਆਰਾ ਰੁਝੇਵਾਂ ਹੈ। ਜਿਤਨਾ ਚਿਰ ਅਸੀਂ ਜਿਊਂਦੇ ਰਹਿੰਦੇ ਹਾਂ, ਅਸੀਂ ਕਿਸੇ ਨਾ ਕਿਸੇ ਚਿੰਤਾ ਦੀ ਪਕੜ ਵਿਚ ਰਹਿੰਦੇ ਹਾਂ। ਚਿੰਤਾ ਕਾਰਨ ਹੀ ਅਸੀਂ ਸੁਖ ਦੀ ਇੱਛਾ ਕਰਦੇ ਹਾਂ।

ਅਜੋਕੇ ਯੁਗ ਦੇ ਕਿਸੇ ਵੀ ਮਨੁੱਖ ਕੋਲ ਇਤਨਾ ਗਿਆਨ ਅਤੇ ਇਤਨੇ ਸਾਧਨ ਨਹੀਂ ਹਨ ਕਿ ਉਹ ਨਿਸ਼ਚਿੰਤ ਹੋ ਸਕੇ।

ਜੇ ਕਿਸੇ ਚੀਜ਼ ਜਾਂ ਸਥਿਤੀ ਦੀ ਵਿਰੋਧੀ ਧਿਰ ਨਾ ਹੋਵੇ ਤਾਂ ਉਸ ਦਾ ਮਹੱਤਵ ਨਹੀਂ ਬਣਦਾ। ਕਾਲੀ ਤਸਵੀਰ ਸਫ਼ੇਦ ਪਿੱਠ-ਭੂਮੀ ਵਿਚ ਹੀ ਸੰਭਵ ਹੈ। ਸੂਰਜ ਦਾ ਮਹੱਤਵ ਰਾਤ ਦੇ ਹਨੇਰੇ ਕਾਰਨ ਹੈ। ਸੱਚਾਈ ਦਾ ਮਹੱਤਵ ਇਸ ਕਾਰਨ ਹੈ ਕਿ ਇਸ ਦੇ ਆਲੇ-ਦੁਆਲੇ ਝੂਠ ਦਾ ਪਸਾਰਾ ਹੈ। ਈਮਾਨਦਾਰੀ ਇਸ ਲਈ ਦੁਰਲੱਭ ਹੈ, ਕਿਉਂਕਿ ਸਾਡਾ ਯੁੱਗ ਬੇਈਮਾਨੀ ਦਾ ਹੈ।

ਮਨ ਸਦਾ ਪੁਰਾਣੀਆਂ ਲੀਹਾਂ 'ਤੇ ਚੱਲਣਾ ਚਾਹੁੰਦਾ ਹੈ, ਸੱਚ ਸਦਾ ਨਵਾਂ ਹੁੰਦਾ ਹੈ। ਸੱਚ ਚਿੰਤਾ ਉਪਜਾਉਂਦਾ ਹੈ। ਸਾਨੂੰ ਝੂਠ ਸੁਣਨ ਦੀ ਇਤਨੀ ਆਦਤ ਪੈ ਚੁੱਕੀ ਹੁੰਦੀ ਹੈ ਕਿ ਸੱਚ ਸੁਣ ਕੇ ਅਸੀਂ ਘਬਰਾ ਜਾਂਦੇ ਹਾਂ।

ਜਦੋਂ ਕਿਸੇ ਰਿਸ਼ਤੇ ਲਈ ਹਾਂ ਕੀਤੀ ਜਾ ਰਹੀ ਹੁੰਦੀ ਹੈ, ਉਥੇ ਧੁਰ ਅੰਦਰੋਂ ਕਿਧਰੇ ਨਾਂਹ ਵੀ ਕਹੀ ਜਾ ਰਹੀ ਹੁੰਦੀ ਹੈ। ਜਦੋਂ ਕਿਸੇ ਨੂੰ ਵਧਾਈ ਦਿੱਤੀ ਜਾ ਰਹੀ ਹੁੰਦੀ ਹੈ, ਉਥੇ ਮਨ ਦੀ ਕਿਸੇ ਛੁਪੀ ਪਰਤ ਵਿਚੋਂ ਈਰਖਾ ਵੀ ਉਠ ਰਹੀ ਹੁੰਦੀ ਹੈ।

ਮਨ ਦੁਚਿੱਤੀਆਂ ਦਾ ਅਖਾੜਾ ਹੈ, ਜਦੋਂ ਕਿ ਦਿਲ ਸਾਫ਼, ਸਰਲ, ਸਾਦੇ, ਸਾਊ, ਸਹਿਯੋਗੀ ਅਤੇ ਸਪਸ਼ਟ ਵਰਤਾਰੇ ਲਈ ਤਾਂਘਦਾ ਹੈ। ਚਲਾਕ ਲੋਕ ਸਾਊ ਵਿਅਕਤੀਆਂ ਦੇ ਮੁਕਾਬਲੇ ਵਧੇਰੇ ਚਿੰਤਾ ਕਰਦੇ ਹਨ ਅਤੇ ਵਧੇਰੇ ਚਿੰਤਾ ਉਪਜਾਉਂਦੇ ਹਨ। ਪੁਰਸ਼ਾਂ ਦੀਆਂ ਚਿੰਤਾਵਾਂ ਆਮ ਕਰ ਕੇ ਆਰਥਿਕ ਖੇਤਰਾਂ ਨਾਲ ਸਬੰਧਤ ਹੁੰਦੀਆਂ ਹਨ। ਹਰ ਕਿਸੇ ਨੂੰ ਆਪਣੀਆਂ ਚਿੰਤਾਵਾਂ ਨਾਲ ਇਕ ਪ੍ਰਕਾਰ ਦਾ ਮੋਹ ਪੈ ਜਾਂਦਾ ਹੈ, ਆਦਤ ਪੈ ਜਾਂਦੀ ਹੈ ਅਤੇ ਅਸੀਂ ਉਸ ਆਦਤ ਵੱਸ ਹੀ ਚਿੰਤਾ ਕਰਦੇ ਰਹਿੰਦੇ ਹਾਂ। ਚਿੰਤਾ ਕਰਨ ਵਾਂਗ ਚਲਾਕੀ ਕਰਨਾ ਵੀ ਮਨ ਦੀ ਮਜਬੂਰੀ ਹੈ। ਚਲਾਕ ਲੋਕ ਨਹੀਂ ਬਦਲਦੇ, ਬਦਲਦੇ ਕੇਵਲ ਸਰਲ ਸੁਭਾਅ ਵਾਲੇ ਹਨ। ਜੇ ਚਲਾਕ ਵਿਅਕਤੀ ਨੂੰ ਕੁਝ ਭੈੜਾ ਕਰਨ ਤੋਂ ਰੋਕਿਆ ਜਾਵੇ, ਤਾਂ ਉਹੀ ਕੁਝ ਕਰਨ ਲਈ, ਉਹ ਕੋਈ ਹੋਰ ਢੰਗ ਅਪਣਾ ਲਵੇਗਾ।

ਚਿੰਤਾ ਦੀਆਂ ਅਨੇਕਾਂ ਕਿਸਮਾਂ ਅਤੇ ਕਾਰਨ ਹਨ। ਜਿਹੜਾ ਪੁਰਸ਼ ਇਕੋ ਵੇਲੇ ਦੋ ਇਸਤਰੀਆਂ ਨਾਲ ਪਿਆਰ ਕਰਦਾ ਹੈ, ਉਹ ਪਿਆਰ ਘੱਟ ਅਤੇ ਬੇਈਮਾਨੀ ਵਧੇਰੇ ਕਰਦਾ ਹੈ। ਬੇਈਮਾਨ ਵਿਅਕਤੀ ਸਭ ਤੋਂ ਪਹਿਲਾਂ ਆਪਣੀ ਪਤਨੀ ਨਾਲ ਹੀ ਬੇਈਮਾਨੀ ਕਰਦਾ ਹੈ। ਚਲਾਕੀ ਵੀ ਸਭ ਤੋਂ ਪਹਿਲਾਂ ਉਸ ਨਾਲ ਕੀਤੀ ਜਾਂਦੀ ਹੈ, ਜਿਹੜਾ ਸਾਨੂੰ ਨਿਰਛਲ ਸਮਝਦਾ ਹੈ। ਬੇਈਮਾਨੀ, ਚਲਾਕੀ, ਝੂਠ, ਫਰੇਬ ਆਦਿ ਜੀਵਨ ਦੇ ਸੁਰਤਾਲ ਨੂੰ ਵਿਗਾੜ ਦਿੰਦੇ ਹਨ ਅਤੇ ਜੀਵਨ ਦੀ ਵਿਗੜੀ ਹੋਈ ਸੁਰਤਾਲ ਚਿੰਤਾਵਾਂ ਨੂੰ ਜਨਮ ਦਿੰਦੀ ਹੈ। ਜਿਸ ਨੇ ਵੀ ਆਪਣੀ ਜ਼ਿੰਦਗੀ ਚੰਗੀ ਤਰ੍ਹਾਂ ਨਹੀਂ ਜੀਵੀ ਹੁੰਦੀ, ਉਹ ਉਮਰ ਦੇ ਵੱਧਣ ਨਾਲ ਰਿਸ਼ੀ ਹੋਣ

ਦੀ ਥਾਂ ਅਯਾਸ਼ ਹੋ ਜਾਂਦਾ ਹੈ। ਅਯਾਸ਼ ਲੋਕ ਸਮਾਜ ਵਿਚ ਅਸ਼ਾਂਤੀ ਫੈਲਾਉਂਦੇ ਹਨ ਅਤੇ ਅਸ਼ਾਂਤੀ, ਚਿੰਤਾਵਾਂ ਦਾ ਪ੍ਰਮੁੱਖ ਸਰੋਤ ਹੁੰਦੀ ਹੈ।

ਜਿਤਨਾ ਕੋਈ ਵਧੇਰੇ ਬੇਲੋੜਾ ਹੁੰਦਾ ਹੈ, ਉਤਨਾ ਹੀ ਉਹ ਵਧੇਰੇ ਸ਼ੋਰ ਕਰਦਾ ਹੈ। ਜਿਤਨਾ ਕੋਈ ਵਧੇਰੇ ਨਿਕੰਮਾ ਹੁੰਦਾ ਹੈ, ਉਤਨੀਆਂ ਹੀ ਵਧੇਰੇ ਪ੍ਰੇਸ਼ਾਨੀਆਂ ਉਪਜਾਉਂਦਾ ਹੈ। ਅਸੀਂ ਆਪਣੇ ਰਿਸ਼ਤੇਦਾਰਾਂ ਨਾਲ ਸੰਤੁਸ਼ਟ ਨਹੀਂ ਹੁੰਦੇ, ਇਸੇ ਲਈ ਅਸੀਂ ਦੋਸਤ-ਸਹੇਲੀਆਂ ਬਣਾਉਂਦੇ ਹਾਂ। ਅਸੀਂ ਆਪਣੇ ਖ਼ਾਲੀ, ਵੀਰਾਨ ਅਤੇ ਉਦਾਸ ਦਿਲ ਨੂੰ ਆਬਾਦ ਕਰਨ ਲਈ ਹੀ ਕਿਸੇ ਨੂੰ ਪਿਆਰ ਕਰਦੇ ਹਾਂ ਪਰ ਪਿਆਰ ਦੀਆਂ ਆਪਣੀਆਂ ਚਿੰਤਾਵਾਂ ਹਨ। ਸੁਖੀ ਹੋਣ ਵਾਸਤੇ ਸਾਨੂੰ ਦੋਸਤਾਂ ਅਤੇ ਦੁਸ਼ਮਣਾਂ ਦੋਹਾਂ ਦੀ ਲੋੜ ਹੁੰਦੀ ਹੈ। ਜੀਵਨ ਦੀਆਂ ਚਿੰਤਾਵਾਂ ਕਾਰਨ ਅਸੀਂ ਆਪਣੀਆਂ ਅਸਫ਼ਲਤਾਵਾਂ ਦਾ ਦੋਸ਼ ਆਪਣੇ ਵਿਰੋਧੀਆਂ ਜਾਂ ਦੁਸ਼ਮਣਾਂ ਦੇ ਸਿਰ ਮੜ੍ਹਨਾ ਹੁੰਦਾ ਹੈ ਅਤੇ ਆਪਣੀਆਂ ਸਫ਼ਲਤਾਵਾਂ ਦੀ ਪ੍ਰਸ਼ਟੀ ਲਈ ਸਾਨੂੰ ਦੋਸਤਾਂ ਦੀ ਲੋੜ ਪੈਂਦੀ ਹੈ। ਦੁਖੀ ਹੋਣ ਵਾਸਤੇ ਵੀ ਸਾਨੂੰ ਦੁਸ਼ਮਣਾਂ ਅਤੇ ਦੋਸਤਾਂ ਦੀ ਲੋੜ ਪੈਂਦੀ ਹੈ। ਦੁਸ਼ਮਣ ਸਾਡੀ ਨਿੰਦਾ ਕਰਦੇ ਹਨ ਅਤੇ ਦੋਸਤ ਸਾਨੂੰ ਉਸ ਨਿੰਦਾ ਦੀ ਸੂਚਨਾ ਦਿੰਦੇ ਹਨ।

ਸਾਰੇ ਰਿਸ਼ਤੇ ਆਪਣੀ-ਆਪਣੀ ਪ੍ਰਕਾਰ ਦਾ ਸੁੱਖ ਅਤੇ ਦੁੱਖ ਦਿੰਦੇ ਹਨ, ਸਾਰੇ ਰਿਸ਼ਤੇ ਆਪਣੀ-ਆਪਣੀ ਕਿਸਮ ਦੀ ਚਿੰਤਾ ਉਪਜਾਉਂਦੇ ਹਨ ਅਤੇ ਚਿੰਤਾ ਦੂਰ ਵੀ ਕਰਦੇ ਹਨ।

ਜੀਵਨ ਦਾ ਸੱਚ ਇਹ ਹੈ, ਜਿਤਨਾ ਮੰਨਣਾ ਚਾਹੋ ਮੰਨ ਲੈਣਾ, ਚਿੰਤਾ ਜੀਵਨ ਦਾ ਬੁਨਿਆਦੀ ਅੰਗ ਹੈ। ਚਿੰਤਾ ਕਰਨ ਵਿਚ ਕੋਈ ਹਰਜ ਨਹੀਂ ਪਰ ਇਕੋ ਚਿੰਤਾ ਨਾਲ ਚਿਮਟੇ ਰਹਿਣਾ, ਚਿੰਤਾ ਵਾਲੀ ਗੱਲ ਹੈ। ਹਾਰ ਜਾਣ ਵਿਚ ਜਾਂ ਅਸਫ਼ਲ ਹੋਣ ਵਿਚ ਜਾਂ ਭਟਕ ਜਾਣ ਵਿਚ ਵੀ ਕੋਈ ਹਰਜ ਨਹੀਂ ਪਰ ਮੁੜ-ਮੁੜ ਹਾਰਨ ਵਿਚੋਂ ਚਿੰਤਾ ਉਪਜੇਗੀ। ਅਸਫ਼ਲ ਹੋਵੋ ਪਰ ਅਗਲੀ ਅਸਫ਼ਲਤਾ ਦੀ ਪੱਧਰ ਪਹਿਲੀ ਅਸਫ਼ਲਤਾ ਨਾਲੋਂ ਚੰਗੇਰੀ ਅਤੇ ਉਚੇਰੀ ਹੋਣੀ ਚਾਹੀਦੀ ਹੈ। ਭਟਕ ਜਾਵੋਗੇ ਤਾਂ ਤਜਰਬਾ ਤਾਂ ਮਿਲੇਗਾ ਹੀ, ਕਈ ਤਜਰਬੇ ਭਟਕ ਜਾਣ ਨਾਲ ਹੀ ਮਿਲਦੇ ਹਨ ਪਰ ਖਿਆਲ ਰੱਖਣਾ ਕਿ ਇਕ ਹੀ ਰਾਹ ਉਤੇ ਮੁੜ-ਮੁੜ ਨਾ ਭਟਕਣਾ।

ਇਹ ਚਿੰਤਾ ਵਾਲੀ ਗੱਲ ਹੈ ਕਿ ਕਈ ਪ੍ਰੇਮੀਆਂ ਦੇ ਵਿਆਹ ਹੋ ਜਾਂਦੇ ਹਨ। ਜਿਹੜੇ ਪ੍ਰੇਮੀ ਇਕ-ਦੂਜੇ ਦੇ ਸਾਥ ਵਿਚ ਉਡਦੇ-ਫਿਰਦੇ ਸਨ, ਵਿਆਹ ਹੋ ਜਾਣ ਉਪਰੰਤ ਉਹ ਇਕ-ਦੂਜੇ ਨੂੰ ਘਸੀਟਦੇ ਹਨ। ਸਾਨੂੰ ਘਸੀਟਣ ਵਾਲੇ ਸਾਡੀ ਮਰਜ਼ੀ ਨਹੀਂ ਪੁਛਦੇ। ਮੁੱਢ ਵਿਚ ਸਾਡੀ ਇੱਛਾ ਪਿਆਰ ਕਰਨ ਦੀ ਹੁੰਦੀ ਹੈ ਪਰ ਅਸੀਂ ਲਾਲਚ ਵੱਸ ਵਿਆਹ ਲਈ ਤਰਸਣ ਲੱਗ ਪੈਂਦੇ ਹਾਂ। ਲਾਲਚ ਕਿਸੇ ਵੀ ਪ੍ਰਕਾਰ ਦਾ ਹੋਵੇ, ਉਹ ਚਿੰਤਾ ਨੂੰ ਜਨਮ ਦਿੰਦਾ ਹੈ। ਅਸੀਂ ਹੋਰ ਪਿਆਰ ਦੀ ਇੱਛਾ ਕਰਦੇ-ਕਰਦੇ ਪਿਆਰ ਦੇ ਖੇਤਰ ਵਿਚੋਂ ਹੀ ਬਾਹਰ ਹੋ ਜਾਂਦੇ ਹਾਂ ਅਤੇ ਨਵੀਂ ਚਿੰਤਾ ਸਹੇੜ ਲੈਂਦੇ ਹਾਂ।

ਕੋਈ ਮਨੁੱਖ ਮੁਸ਼ਕਿਲ ਵਿਚ, ਚਿੰਤਾ ਅਤੇ ਮੁਸੀਬਤ ਵਿਚ, ਕਿਤਨਾ ਕੁ ਧੱਸ ਸਕਦਾ ਹੈ ? ਕੋਈ ਮਨੁੱਖ ਜੰਗਲ ਵਿਚ ਵੱਧ ਤੋਂ ਵੱਧ ਕਿਤਨੀ ਦੂਰ ਤਕ ਜਾ ਸਕਦਾ ਹੈ ? ਵੱਧ ਤੋਂ ਵੱਧ ਉਹ ਅੱਧ ਤਕ ਜਾ ਸਕਦਾ ਹੈ, ਰਾਤ ਵੱਧ ਤੋਂ ਵੱਧ ਅੱਧ ਤਕ ਵੱਧ ਸਕਦੀ ਹੈ। ਅੱਧ ਉਪਰੰਤ ਜੰਗਲ ਵਾਂਗ, ਰਾਤ ਵੀ ਘਟਣ ਲਗ ਪੈਂਦੀ ਹੈ। ਜੰਗਲ ਵਿਚ ਜੇ ਮਨੁੱਖ ਅੱਧ ਉਪਰੰਤ ਵੀ ਚਲਦਾ ਜਾਵੇ ਤਾਂ ਉਹ ਜੰਗਲ ਤੋਂ ਪਾਰ ਨਿਕਲ ਜਾਵੇਗਾ। ਅਸੀਂ ਆਪ-ਮੁਹਾਰੇ ਮੁਸ਼ਕਿਲਾਂ

ਅਤੇ ਮੁਸੀਬਤਾਂ ਅਤੇ ਚਿੰਤਾਵਾਂ ਵਿਚ ਅੱਧ ਵਿਚ ਪਹੁੰਚਣ ਤੋਂ ਮਗਰੋਂ ਬਾਹਰ ਨਿਕਲਣ ਲਗ ਪੈਂਦੇ ਹਾਂ। ਵੀਰਵਾਰ ਤੋਂ ਅਸੀਂ ਆਉਣ ਵਾਲੇ ਐਤਵਾਰ ਦੇ ਸੰਦਰਭ ਵਿਚ ਸੋਚਣ ਲਗ ਪੈਂਦੇ ਹਾਂ। ਮਹੀਨੇ ਦਾ ਅੱਧ ਲੰਘਣ ਉਤੇ ਅਗਲਾ ਮਹੀਨਾ ਨੇੜੇ ਪ੍ਰਤੀਤ ਹੋਣ ਲਗ ਪੈਂਦਾ ਹੈ।

ਅੱਧ ਦਾ ਇਹ ਨੇਮ ਜੀਵਨ ਦੇ ਹਰ ਵਰਤਾਰੇ ਉਤੇ ਲਾਗੂ ਹੁੰਦਾ ਹੈ।

ਸਾਡੀਆਂ ਲਗਭਗ ਸਾਰੀਆਂ ਚਿੰਤਾਵਾਂ ਦਾ ਇਕ ਕਾਰਨ ਇਹ ਹੁੰਦਾ ਹੈ ਕਿ ਜੋ ਕੁਝ ਸਾਡੇ ਕੋਲ ਹੁੰਦਾ ਹੈ ਉਸ ਨਾਲ ਪ੍ਰਸੰਨ ਹੋਣ ਦੀ ਥਾਂ ਅਸੀਂ ਦੂਰ-ਦੁਰਾਡੀਆਂ ਚੀਜ਼ਾਂ ਲਈ ਤਾਂਘਣ ਲਗ ਪੈਂਦੇ ਹਾਂ। ਅਸੀਂ ਹੱਥ ਵਿਚਲੇ ਅਵਸਰਾਂ ਦੀ ਪਰਵਾਹ ਨਹੀਂ ਕਰਦੇ ਅਤੇ ਉੱਚੇ-ਉੱਚੇ ਅਪਹੁੰਚ ਉਦੇਸ਼ ਮਿੱਥ ਲੈਂਦੇ ਹਾਂ।

ਅਸੀਂ ਜੀਵਨ ਨੂੰ ਮਾਪਦੇ ਸਾਲਾਂ ਵਿਚ ਹਾਂ ਪਰ ਜਿਊਂਦੇ ਦਿਨਾਂ ਵਿਚ ਹਾਂ। ਸੰਸਾਰ ਦੀ ਕੋਈ ਘਟਨਾ ਲੈ ਲਵੋ ਤੁਸੀਂ ਵੇਖੋਗੇ ਕਿ ਉਹ ਕਿਸੇ ਇਕ ਦਿਨ ਵਿਚ ਹੀ ਵਾਪਰੀ ਹੁੰਦੀ ਹੈ। ਬੁੱਧ ਨੇ ਯਤਨ ਕਈ ਵਰ੍ਹੇ ਕੀਤੇ ਪਰ ਜਦੋਂ ਗਿਆਨ ਪ੍ਰਾਪਤ ਹੋਇਆ ਤਾਂ ਇਕ ਦਿਨ ਵਿਚ ਹੀ ਹੋਇਆ। ਆਪਣੇ ਦੇਸ਼ ਦੀਆਂ ਪ੍ਰਮੁੱਖ ਘਟਨਾਵਾਂ ਅਸੀਂ ਕਿਸੇ ਨਾ ਕਿਸੇ ਦਿਨ ਨਾਲ ਜੋੜ ਕੇ ਯਾਦ ਕਰਦੇ ਹਾਂ ਸੋ ਸਪਤਾਹ, ਮਹੀਨਾ ਜਾਂ ਸਾਲ ਮਹੱਤਵਪੂਰਨ ਨਹੀਂ ਮਹੱਤਵਪੂਰਨ ਦਿਨ ਹੈ। ਬੀਤ ਗਏ ਕੱਲ੍ਹ ਅਤੇ ਲੰਘ ਗਈ ਸਦੀ ਵਿਚ ਕੋਈ ਅੰਤਰ ਨਹੀਂ, ਭਵਿੱਖ ਸਾਡੇ ਕੋਲ ਨਹੀਂ, ਸਾਡੇ ਕੋਲ ਕੇਵਲ ਅੱਜ ਦਾ ਦਿਨ ਹੈ।

ਬਾਕੀ ਦੇ ਰਹਿੰਦੇ ਜੀਵਨ ਲਈ ਅੱਜ ਪਹਿਲਾ ਦਿਨ ਹੈ।

ਅੱਜ ਦੇ ਦਿਨ ਦਾ ਪ੍ਰੋਗਰਾਮ ਬਣਾਓ, ਅੱਜ ਦਾ ਦਿਨ ਖਿੜੇ ਮੱਥੇ ਗੁਜ਼ਾਰੋ, ਅੱਜ ਸਫ਼ਲਾ ਕਰੋ ਅਤੇ ਅੱਜ ਦਾ ਕੰਮ ਮੁਕਾ ਕੇ ਨਿਸ਼ਚਿੰਤ ਹੋ ਕੇ ਸੌਂ ਜਾਵੋ। ਜਿਵੇਂ ਰਿਝਦੇ ਪਤੀਲੇ ਕੋਲ ਮੱਖੀਆਂ ਨਹੀਂ ਆਉਂਦੀਆਂ, ਚਿੰਤਾਵਾਂ ਤੁਹਾਡੇ ਨੇੜੇ ਨਹੀਂ ਆਉਣਗੀਆਂ। ਇਕ ਨਿਰਾਸ਼, ਉਦਾਸ, ਮਾਯੂਸ ਵਿਧਵਾ ਨੂੰ ਉਸ ਦੀ ਸਹੇਲੀ ਨੇ ਕਿਹਾ, "ਤੂੰ ਅੱਜ ਦਾ ਦਿਨ ਖਿੜੇ-ਮੱਥੇ ਗੁਜ਼ਾਰ ਲੈ, ਕੱਲ੍ਹ ਤੇਰੀ ਸਮੱਸਿਆ ਹੱਲ ਹੋ ਜਾਵੇਗੀ। ਕੇਵਲ ਅੱਜ ਦੇ ਦਿਨ ਨੂੰ ਸਫ਼ਲ ਕਰਨ ਲਈ ਯਤਨ ਕਰ, ਤੇਰੇ ਯਤਨਾਂ ਵਿਚ ਬਰਕਤ ਪਵੇਗੀ।"

ਅੱਜ ਦੇ ਦਿਨ ਦਾ ਅਸੂਲ ਚਿੰਤਾਵਾਂ ਤੋਂ ਮੁਕਤੀ ਦਾ ਸ਼ਰਤੀਆ ਇਲਾਜ ਹੈ।

ਸਾਰੀ ਮਾਨਵਜਾਤੀ ਦੇ ਸਾਰੇ ਯਤਨਾਂ ਦੇ ਬਾਵਜੂਦ ਲੰਘ ਗਿਆ ਕੱਲ੍ਹ ਵਾਪਸ ਨਹੀਂ ਲਿਆਂਦਾ ਜਾ ਸਕਦਾ। ਬਾਕੀ ਦਾ ਜੀਵਨ ਅਸੀਂ ਭਵਿੱਖ ਵਿਚ ਗੁਜ਼ਾਰਨਾ ਹੈ, ਸੋ ਲੰਘ ਗਏ ਕੱਲ੍ਹ ਨੂੰ ਪੱਕੀ ਤਰ੍ਹਾਂ ਵਿਦਾ ਕਰੋ।

ਜਦੋਂ ਤਕ ਕੱਲ੍ਹ ਬਾਬਤ ਝੂਰਦੇ ਰਹੋਗੇ ਤੁਹਾਡੇ ਅੰਗਾਂ ਵਿਚ ਸ਼ਕਤੀ ਨਹੀਂ ਉਪਜੇਗੀ, ਮਨ ਖੜ੍ਹਾ ਨਹੀਂ ਹੋਵੇਗਾ, ਦ੍ਰਿਸ਼ਟੀ ਸਪਸ਼ਟ ਨਹੀਂ ਹੋਵੇਗੀ।

ਮੇਰੇ ਇਕ ਜਾਣੂ ਹਨ, ਜਿਨ੍ਹਾਂ ਦਾ ਭਾਈਵਾਲ ਉਨ੍ਹਾਂ ਨੂੰ ਧੋਖਾ ਦੇ ਗਿਆ, ਭਰਾ ਨੇ ਬੇਈਮਾਨੀ ਨਾਲ ਪਿਤਾ ਜੀ ਦੀ ਸਾਰੀ ਜਾਇਦਾਦ ਆਪਣੇ ਨਾਂ ਲਿਖਵਾ ਲਈ, ਸਰਕਾਰ ਨੇ ਬੱਸ ਅੱਡਾ ਨਵੀਂ ਥਾਂ ਬਣਾ ਦਿੱਤਾ ਅਤੇ ਉਨ੍ਹਾਂ ਦੇ ਹੋਟਲ ਦੇ ਗਾਹਕ ਹੀ ਮੁੱਕ ਗਏ। ਉਹ ਘਬਰਾ ਗਏ ਅਤੇ ਬਿਸਤਰੇ ਦੇ ਹਵਾਲੇ ਹੋ ਗਏ। ਜਦੋਂ ਇਕ ਹਫ਼ਤਾ ਪਏ ਰਹੇ ਤਾਂ ਗੀਤਾ ਦਾ

ਸ਼ਲੋਕ ਯਾਦ ਆਇਆ ਕਿ 'ਕੀ ਲੈ ਕੇ ਆਇਆ ਸੈਂ, ਜੋ ਇਤਨਾ ਵਿਰਲਾਪ ਕਰ ਰਿਹਾ ਹੈਂ ? ਜੋ ਗੁਆਚਿਆ ਹੈ ਉਹ ਤੇਰਾ ਹੈ ਹੀ ਨਹੀਂ ਸੀ।' ਮਨ ਤੋਂ ਬੋਝ ਉਤਰਿਆ, ਘੂਕ ਸੁੱਤਾ, ਮੰਜੇ ਨਾਲ ਨਫ਼ਰਤ ਹੋ ਗਈ, ਅੰਦਰੋਂ ਆਵਾਜ਼ ਆਈ, ਇਹ ਕੋਈ ਮਰਨ ਵਾਲੀ ਥਾਂ ਹੈ, ਮਰਨ ਦਾ ਇਹ ਕਿਹੜਾ ਢੰਗ ਹੈ, ਮਰਨ ਦੀ ਇਹ ਕੋਈ ਉਮਰ ਹੈ ? ਸੁੱਤੀ ਹੋਈ ਹਿੰਮਤ ਜਾਗ ਪਈ ਤਾਂ ਆਪਣੇ-ਆਪ ਨੂੰ ਸੁਣਾਇਆ: ਜੋ ਬੀਤਿਆ ਸੋ ਬੀਤਿਆ, ਜੋ ਹੋਵੇਗਾ ਸੋ ਵੇਖਿਆ ਜਾਵੇਗਾ।

ਉਸ ਨੇ ਉਜੜੇ ਹੋਏ ਹੋਟਲ ਨੂੰ ਵੱਸਦੀ ਹੋਈ ਵਰਕਸ਼ਾਪ ਬਣਾ ਲਿਆ। ਅੱਜ ਚਾਲ੍ਹੀ ਤੋਂ ਵੱਧ ਪਰਿਵਾਰ ਉਸ ਦੇ ਸ਼ਰਧਾਲੂ ਹਨ।

'ਜੋ ਬੀਤਿਆ ਸੋ ਬੀਤਿਆ, ਜੋ ਹੋਵੇਗਾ ਸੋ ਵੇਖਿਆ ਜਾਵੇਗਾ' ਦਾ ਸਿਧਾਂਤ ਤੁਹਾਨੂੰ ਢੱਠੀ ਹੋਈ ਢੇਰੀ ਨੂੰ ਮੁੜ ਉਸਾਰਨ, ਉਜੜੇ ਹੋਏ ਖੇਤ ਨੂੰ ਮੁੜ ਵਾਹੁਣ, ਹਾਰੀ ਹੋਈ ਬਾਜ਼ੀ ਨੂੰ ਮੁੜ ਜਿੱਤਣ, ਗੁਆਚੀ ਹੋਈ ਪੌੜੀ ਨੂੰ ਮੁੜ ਲੱਭਣ, ਸੁੱਤੀ ਪਈ ਹਿੰਮਤ ਨੂੰ ਵਰਤਣ ਦਾ ਅਮੁੱਕ ਸਾਹਸ ਦੇਵੇਗਾ।

ਚਿੰਤਾ ਅਤੇ ਫ਼ਿਕਰ ਮਨੁੱਖ ਦੀ ਵਿਚਾਰ ਸ਼ਕਤੀ ਦਾ ਨਾਸ ਕਰ ਦਿੰਦੇ ਹਨ।

ਚਿੰਤਾ ਦੇ ਵਾਵਰੋਲੇ ਵਿਚ ਘਿਰਿਆ ਮਨੁੱਖ ਕਿਸੇ ਨਤੀਜੇ ਉਤੇ ਨਿਸ਼ਚੇ ਨਾਲ ਨਹੀਂ ਅੱਪੜ ਸਕਦਾ। ਜਦੋਂ ਮਨੁੱਖ ਵਿਚ ਨਿਸ਼ਚਾ ਨਾ ਹੋਵੇ, ਉਸ ਦੀਆਂ ਬਿਰਤੀਆਂ ਅਤੇ ਸ਼ਕਤੀਆਂ ਲੜਖੜਾ ਜਾਂਦੀਆਂ ਹਨ।

ਧਰਤੀ ਬੜਾ ਵੱਡਾ ਸਹਾਰਾ ਹੈ ਪੈਰਾਂ ਨੂੰ ਟਿਕਾਉਣ ਦਾ ਪਰ ਕੰਬਦੀਆਂ ਲੱਤਾਂ ਨੂੰ ਇਤਨੀ ਵੱਡੀ ਧਰਤੀ ਵੀ ਖੜ੍ਹਾ ਨਹੀਂ ਕਰ ਸਕਦੀ।

ਭਾਣਾ ਮੰਨਣ ਦੀ ਜੁਗਤ ਇਸੇ ਸਥਿਤੀ ਵਿਚ ਹੀ ਕੰਮ ਆਉਂਦੀ ਹੈ।

ਭਾਣਾ ਮੰਨਣ ਦਾ ਇਹ ਅਰਥ ਨਹੀਂ ਕਿ ਕੰਮ ਛੱਡ ਕੇ ਬਹਿ ਜਾਵੋ। ਇਸ ਦੇ ਅਰਥ ਇਹ ਹਨ ਕਿ ਜੋ ਹੋ ਗਿਆ, ਉਹ ਸਵੀਕਾਰ ਕਰੋ, ਮਿਲੇ ਨਾਲ ਸੰਤੁਸ਼ਟ ਹੋਵੋ ਅਤੇ ਅਗਲੇਰਾ ਯਤਨ ਕਰੋ। ਭਾਣਾ ਮੰਨਣਾ ਕੋਈ ਧਾਰਮਿਕ ਸੰਕਲਪ ਹੀ ਨਹੀਂ, ਇਹ ਇਕ ਮਨੋਵਿਗਿਆਨਕ ਜੁਗਤ ਵੀ ਹੈ।

ਵਿਸ਼ਵਾਸ, ਭਰੋਸੇ ਅਤੇ ਯਕੀਨ ਵਿਚ ਸ਼ਕਤੀ ਖਿੰਡਦੀ ਨਹੀਂ, ਯਕੀਨ ਅਤੇ ਯਤਨ ਨਾਲ, ਖਿੰਡੀ ਹੋਈ ਸ਼ਕਤੀ ਇਕਾਗਰ ਹੁੰਦੀ ਹੈ।

ਇਕ ਵਾਰੀ ਇਕ ਜੰਗਲ ਵਿਚ ਦੋ ਮਿੱਤਰਾਂ ਦਾ ਇਕ ਸ਼ੇਰ ਨਾਲ ਸਾਮ੍ਹਣਾ ਹੋ ਗਿਆ। ਇਕ ਨੇ ਕਿਹਾ ਮੈਂ ਤਾਂ ਭਾਣਾ ਮੰਨਾਂਗਾ, ਰੱਬ ਆਪੇ ਬਚਾਵੇਗਾ। ਦੂਜੇ ਨੇ ਕਿਹਾ ਰੱਬ ਨੇ ਲੱਤਾਂ ਦਿੱਤੀਆਂ ਹਨ, ਉਨ੍ਹਾਂ ਨੂੰ ਵਰਤ ਕੇ, ਦੌੜ ਕੇ, ਅਸੀਂ ਬਚ ਸਕਦੇ ਹਾਂ, ਰੱਬ ਤੋਂ ਆਪਾਂ ਕੋਈ ਵੱਡੀ ਮਦਦ ਲਵਾਂਗੇ।

ਫਾਹੂ ਸੋਚਾਂ ਮਨੁੱਖ ਨੂੰ ਖਾ ਜਾਂਦੀਆਂ ਹਨ। ਜੇ ਮਰੀਜ਼ ਚਿੰਤਾ ਉਤੇ ਕਾਬੂ ਪਾਉਣਾ ਸਿੱਖ ਜਾਣ ਤਾਂ ਉਹ ਆਪੇ ਅਰੋਗ ਹੋ ਸਕਦੇ ਹਨ।

ਕਾਲਜ ਵਿਚ ਮੇਰਾ ਇਕ ਜਮਾਤੀ ਸੀ। ਜਦੋਂ ਉਹ ਬੀਮਾਰ ਪੈ ਗਿਆ ਤਾਂ ਮੌਤ ਦੀ ਚਿੰਤਾ ਨੇ ਅਤੇ ਬੀਮਾਰੀ ਦੀਆਂ ਸੋਚਾਂ ਨੇ ਉਸ ਨੂੰ ਨਿਤਾਣਾ ਕਰ ਦਿੱਤਾ, ਭਾਰ ਅੱਧਾ ਰਹਿ

ਗਿਆ, ਸਿਰ ਦੇ ਵਾਲ ਝੜ ਗਏ, ਸ਼ਕਲ ਡਰਾਉਣੀ ਹੋ ਗਈ, ਮਰਨਾ ਨਿਸ਼ਚਿਤ ਸੀ ਪਰ ਉਸ ਦਾ ਮਨ ਮਰਨ ਦੇ ਵਿਰੁੱਧ ਸੀ। ਉਸ ਨੇ ਸੋਚਿਆ: ਵੱਧ ਤੋਂ ਵੱਧ ਮੌਤ ਹੈ, ਮੈਨੂੰ ਮਨਜ਼ੂਰ ਹੈ ਪਰ ਉਪਾਓ ਕਰਨ ਵਿਚ ਕੀ ਹਰਜ ਹੈ। ਆਪਣੇ ਠੀਕ ਹੋਣ ਲਈ ਉਸ ਨੇ ਇਕ ਤਾਰੀਖ ਮਿੱਥ ਲਈ, ਹਰ ਬੀਤਦੇ ਦਿਨ ਨਾਲ ਜ਼ਿੰਦਗੀ ਦੀ ਪਕੜ ਪੀਡੀ ਹੁੰਦੀ ਗਈ। ਅੱਜ ਕੱਲ੍ਹ ਉਹ ਇਕ ਖੁਸ਼ਹਾਲ ਦੇਸ਼ ਵਿਚ ਡਾਕਟਰ ਹੈ।

ਜਦੋਂ ਮੈਂ ਮਕਾਨ ਪਾਉਣਾ ਆਰੰਭ ਕੀਤਾ ਤਾਂ ਮੇਰੇ ਇਕ ਮਿੱਤਰ ਨੇ ਸਲਾਹ ਦਿੱਤੀ ਕਿ ਆਪਣੇ ਫੇਫੜਿਆਂ ਅਤੇ ਜਿਗਰ ਨੂੰ ਚਿੰਤਾ ਤੋਂ ਬਾਹਰ ਰੱਖਣਾ ਅਤੇ ਨਿੱਕੇ-ਮੋਟੇ ਨੁਕਸਾਨ ਖਿੜੇ-ਮੱਥੇ ਸਹਾਰਨਾ। ਜਦੋਂ ਤੁਸੀਂ ਨੁਕਸਾਨ ਸਹਿਣ ਲਈ ਤਿਆਰ ਹੋਵੋ, ਉਦੋਂ ਨੁਕਸਾਨ ਹੁੰਦਾ ਵੀ ਨਹੀਂ। ਲੋਕ ਬੜਾ ਕੁਝ ਭੈੜਾ ਅਤੇ ਅਣਸੁਖਾਵਾਂ ਦੱਸਦੇ ਹਨ ਪਰ ਮਕਾਨ ਪਾਉਣ ਦਾ ਮੇਰਾ ਅਨੁਭਵ ਬੜਾ ਸੁਖਾਵਾਂ ਹੈ।

ਕੰਮਾਂ ਦਾ ਰੁਝੇਵਾਂ ਕਲੇਸ਼ ਦੂਰ ਕਰਦਾ ਹੈ।

ਸਿਆਣੀਆਂ ਗ੍ਰਹਿਣੀਆਂ ਕੰਮਾਂ ਨਾਲ ਵਿਆਹੀਆਂ ਹੁੰਦੀਆਂ ਹਨ, ਉਨ੍ਹਾਂ ਕੋਲ ਚਿੰਤਾ ਕਰਨ ਦਾ ਸਮਾਂ ਹੀ ਨਹੀਂ ਹੁੰਦਾ।

ਫ਼ਿਕਰ ਅਤੇ ਚਿੰਤਾ ਦਾ ਇਲਾਜ, ਕਿਸੇ ਸ਼ੁਭ ਕੰਮ ਵਿਚ ਰੁਝੇਵਾਂ ਹੀ ਹੈ। ਵਿਹਲੇ ਵਿਅਕਤੀ ਭ੍ਰਿਸ਼ਟ ਹੋ ਜਾਂਦੇ ਹਨ, ਭ੍ਰਿਸ਼ਟ ਵਿਅਕਤੀ ਜਲਦੀ ਮਰ ਜਾਂਦੇ ਹਨ।

ਜਿਨ੍ਹਾਂ ਦੁਕਾਨਾਂ 'ਤੇ ਗਾਹਕ ਵਧੇਰੇ ਆਉਂਦੇ ਹਨ, ਜਿਨ੍ਹਾਂ ਨੂੰ ਕੰਮ ਵਧੇਰੇ ਹੁੰਦੇ ਹਨ ਜਾਂ ਜਿਨ੍ਹਾਂ ਦੀਆਂ ਜ਼ਿੰਮੇਵਾਰੀਆਂ ਵਧੇਰੇ ਹੁੰਦੀਆਂ ਹਨ, ਉਹ ਵਧੇਰੇ ਪ੍ਰਸੰਨ ਹੁੰਦੇ ਹਨ, ਵਧੇਰੇ ਅਰੋਗ ਰਹਿੰਦੇ ਹਨ, ਲੰਮੀ ਉਮਰ ਜਿਉਂਦੇ ਹਨ। ਉਨ੍ਹਾਂ ਕੋਲ ਬੀਮਾਰ ਪੈਣ, ਚਿੰਤਾ ਕਰਨ ਜਾਂ ਮਰਨ ਦੀ ਵਿਹਲ ਹੀ ਨਹੀਂ ਹੁੰਦੀ।

ਸਾਡੀ ਚਿੰਤਾ ਦਾ ਕਾਰਨ ਬਿਪਤਾ ਨਹੀਂ ਹੁੰਦੀ, ਚਿੰਤਾ ਦਾ ਅਸਲ ਕਾਰਨ ਸਵੈ-ਵਿਸ਼ਵਾਸ ਅਤੇ ਹੌਸਲੇ ਦੀ ਘਾਟ ਹੁੰਦੀ ਹੈ।

ਗੁਰੂ ਗੋਬਿੰਦ ਸਿੰਘ ਤੋਂ ਵਧੇਰੇ ਬਿਪਤਾਵਾਂ ਤਾਂ ਕਿਸੇ ਨੇ ਨਹੀਂ ਸਹਾਰੀਆਂ, ਉਨ੍ਹਾਂ ਨਾਲੋਂ ਵੱਡੇ ਘਾਟੇ ਤਾਂ ਕਿਸੇ ਨੂੰ ਨਹੀਂ ਪਏ ਪਰ ਗੁਰੂ ਗੋਬਿੰਦ ਸਿੰਘ ਨੂੰ ਅਸੀਂ ਬਿਪਤਾ ਦੇ ਸੰਦਰਭ ਵਿਚ ਨਹੀਂ, ਸਗੋਂ ਜਿਉਂਦੇ-ਜਾਗਦੇ, ਮਘਦੇ ਹੌਸਲੇ ਦੇ ਰੌਸ਼ਨ ਮੀਨਾਰ ਵਜੋਂ ਜਾਣਦੇ ਹਾਂ, ਉਨ੍ਹਾਂ ਦਾ ਖਿਆਲ ਆਉਂਦਿਆਂ ਹੀ ਹਿੰਮਤਾਂ ਜਾਗ ਪੈਂਦੀਆਂ ਹਨ।

ਉਹ ਰੂਹਾਨੀ ਬਿਜਲੀ ਨਾਲ ਲਿਸ਼ਕਦੀ, ਸਿਦਕ ਅਤੇ ਸਿਰੜ, ਸਵੈ-ਭਰੋਸੇ ਅਤੇ ਸਵੈ-ਮਾਣ ਦੀ ਇਕ ਤਲਵਾਰ ਸਨ।

ਜੇ ਹੋਰ ਪਿੱਛੇ ਚਲੇ ਜਾਈਏ ਤਾਂ ਜਿਤਨੀਆਂ ਵਧੀਕੀਆਂ ਰਾਮ ਨਾਲ ਹੋਈਆਂ ਹਨ, ਜਿਤਨੇ ਦੁੱਖ ਹਜ਼ਰਤ ਮੁਹੰਮਦ ਨੇ ਸਹੇ ਹਨ, ਜਿਤਨਾ ਤਿਆਗ ਬੁੱਧ ਨੇ ਕੀਤਾ ਹੈ, ਉਨ੍ਹਾਂ ਦੇ ਸਾਮ੍ਹਣੇ ਸਾਡੀਆਂ ਬਿਪਤਾਵਾਂ ਬੜੀਆਂ ਛੋਟੀਆਂ ਅਤੇ ਬੜੀਆਂ ਨਿਗੂਣੀਆਂ ਹਨ। ਇਨ੍ਹਾਂ ਸਭਨਾਂ ਨੇ ਸਾਨੂੰ ਜੀਵਨ ਦਾ ਚਾਨਣਾ ਪੱਖ ਹੀ ਵਿਖਾਇਆ ਹੈ।

ਜ਼ਿੰਦਗੀ ਦੇ ਚਾਨਣੇ ਪੱਖ ਨੂੰ ਵੇਖਣ ਵਾਲੇ ਵਿਅਕਤੀ ਖੁੱਲ੍ਹੇ ਸੁਭਾਅ ਵਾਲੇ ਅਤੇ

ਵਿਸ਼ਾਲ ਹਿਰਦੇ ਦੇ ਮਾਲਕ ਹੁੰਦੇ ਹਨ। ਇਕ ਵਾਰੀ ਹਸਪਤਾਲ ਦੀ ਇਕ ਲਿਫਟ ਵਿਚ ਜਾਣਾ ਪਿਆ ਤਾਂ ਵੇਖਿਆ ਕਿ ਓਪਰੇਟਰ ਦਾ ਖੱਬਾ ਹੱਥ ਗੁੱਟ ਤਕ ਕੱਟਿਆ ਹੋਇਆ ਸੀ। ਮੈਂ ਉਸ ਨੂੰ ਪੁੱਛਿਆ, "ਕਦੇ ਇਕ ਹੱਥ ਨਾ ਹੋਣ ਕਾਰਨ ਚਿੰਤਾ ਹੋਈ ?" ਉਸ ਨੇ ਕਿਹਾ, "ਮੈਂ ਅਣਵਿਆਹਿਆ ਹਾਂ, ਇਕ ਵਿਧਵਾ ਲੜਕੀ ਨਾਲ ਵਿਆਹ ਦੀ ਗੱਲ ਚੱਲ ਰਹੀ ਹੈ" ਅਤੇ ਮੁਸਕਰਾ ਕੇ ਕਹਿਣ ਲੱਗਾ, "ਸੂਈ ਵਿਚ ਧਾਗਾ ਪਾਉਣ ਵੇਲੇ ਦੂਜੇ ਹੱਥ ਦੀ ਲੋੜ ਪੈਂਦੀ ਹੈ। ਇਹ ਹੱਥ ਕਿਸੇ ਨੂੰ ਬਚਾਉਣ ਦੇ ਯਤਨ ਵਿਚ ਕੱਟ ਗਿਆ ਸੀ। ਤਾਂ ਕੀ ਹੋਇਆ ਜੇ ਮੇਰਾ ਇਕ ਹੱਥ ਕੱਟ ਗਿਆ ਹੈ, ਮੇਰਾ ਦੂਜਾ ਹੱਥ ਤਿੰਨ ਹੱਥਾਂ ਜਿਤਨਾ ਕੰਮ ਕਰ ਸਕਦਾ ਹੈ।" 'ਤਾਂ ਕੀ ਹੋਇਆ' ਉਸ ਓਪਰੇਟਰ ਦਾ ਤਕੀਆ-ਕਲਾਮ ਵੀ ਸੀ ਅਤੇ ਉਸ ਦਾ ਪਿਆ ਹੋਇਆ ਨਾਂ ਵੀ ਸੀ।

'ਤਾਂ ਕੀ ਹੋਇਆ' ਚਿੰਤਾ ਤੋਂ ਮੁਕਤ ਹੋਣ ਦਾ ਇਕ ਸੁਨਹਿਰੀ ਅਸੂਲ ਵੀ ਹੈ।

ਜੀਵਨ ਅੱਗੇ ਹੀ ਬਹੁਤ ਛੋਟਾ ਹੈ, ਇਸ ਨੂੰ ਚਿੰਤਾਵਾਂ ਨਾਲ ਹੋਰ ਛੋਟਾ ਨਹੀਂ ਕਰਨਾ ਚਾਹੀਦਾ। ਜੀਵਨ ਦੁੱਖ, ਸੁੱਖ ਅਤੇ ਚਿੰਤਾਵਾਂ ਦਾ ਚਲਦਾ ਪ੍ਰਵਾਹ ਹੈ।

ਅਸੀਂ ਅਕਸਰ ਉਨ੍ਹਾਂ ਗੱਲਾਂ ਦੀ ਚਿੰਤਾ ਕਰਦੇ ਹਾਂ ਜਿਹੜੀਆਂ ਅਗਲੇ ਮਹੀਨੇ ਯਾਦ ਵੀ ਨਹੀਂ ਰਹਿੰਦੀਆਂ। ਜ਼ਿੰਦਗੀ ਦੇ ਨਿੱਕੇ-ਨਿੱਕੇ ਹਾਦਸਿਆਂ ਉਤੇ ਭਰਵੀਂ ਨਜ਼ਰ ਮਾਰ ਕੇ 'ਤਾਂ ਕੀ ਹੋਇਆ' ਦੇ ਅਸੂਲ ਨਾਲ ਅੱਗੇ ਲੰਘ ਜਾਣਾ ਚਾਹੀਦਾ ਹੈ ਅਤੇ ਆਪਣੀ ਚਿੰਤਾ ਅਤੇ ਆਪਣੇ ਡਰ ਤੋਂ ਮੁਕਤ ਹੋ ਜਾਣਾ ਹੀ ਸਹੀ ਨੀਤੀ ਹੈ।

ਅਸੀਂ ਅਕਸਰ ਭੈੜੇ-ਭੈੜੇ ਖਿਆਲਾਂ ਦਾ ਸ਼ਿਕਾਰ ਹੋ ਜਾਂਦੇ ਹਾਂ।

ਜਦੋਂ ਟੈਲੀਫੋਨ ਬੇਵਕਤ ਵੱਜਦਾ ਹੈ ਤਾਂ ਲਗਦਾ ਹੈ ਕੋਈ ਹਾਦਸਾ ਹੋ ਗਿਆ ਹੋਵੇਗਾ। ਜਦੋਂ ਕਿਸੇ ਦੇ ਆਉਣ ਵਿਚ ਦੇਰ ਹੋ ਜਾਵੇ ਤਾਂ ਖਿਆਲ ਆਉਂਦਾ ਹੈ ਕੋਈ ਦੁਰਘਟਨਾ ਵਾਪਰ ਗਈ ਹੋਵੇਗੀ। ਵਿਹਲਾ ਮਨ ਭੈੜੀਆਂ-ਭੈੜੀਆਂ ਗੱਲਾਂ ਸੋਚਦਾ ਹੈ। ਜਹਾਜ਼, ਗੱਡੀ ਆਦਿ ਦੀ ਦੁਰਘਟਨਾ ਹੋ ਜਾਣ ਦਾ ਡਰ ਆਮ ਚਿੰਤਾ ਦੀ ਵੰਨਗੀ ਹੈ। ਅਜਿਹੀ ਸਥਿਤੀ ਵਿਚ ਔਸਤ ਦਾ ਸਿਧਾਂਤ ਸਹਾਇਕ ਸਿੱਧ ਹੋ ਸਕਦਾ ਹੈ। ਬੀਮਾ ਕੰਪਨੀਆਂ ਜਾਣਦੀਆਂ ਹਨ ਕਿ ਲੋਕਾਂ ਨੂੰ ਮਰਨ ਦਾ ਡਰ ਜਾਂ ਚਿੰਤਾ ਹੁੰਦੀ ਹੈ ਪਰ ਮਰਦੇ ਬਹੁਤ ਘੱਟ ਲੋਕ ਹਨ।

ਇਕ ਇਸਤਰੀ ਜਦੋਂ ਬਾਜ਼ਾਰ ਗਈ ਤਾਂ ਉਸ ਨੂੰ ਚਿੰਤਾ ਲਗ ਗਈ ਕਿ ਉਹ ਸ਼ਾਇਦ ਗੈਸ ਚਲਦੀ ਛੱਡ ਆਈ ਸੀ, ਸੋ ਅੱਗ ਲੱਗ ਗਈ ਹੋਵੇਗੀ, ਮਕਾਨ ਸੜ ਗਿਆ ਹੋਵੇਗਾ, ਬੱਚੇ ਮਰ ਗਏ ਹੋਣਗੇ। ਉਸ ਦੀ ਸਹੇਲੀ ਨੇ ਦੱਸਿਆ ਕਿ ਔਸਤ ਦੇ ਸਿਧਾਂਤ ਅਨੁਸਾਰ ਸਾਰੇ ਦੁੱਖ ਇਕਦਮ ਨਹੀਂ ਵਾਪਰਦੇ। ਪਿਛਲੇ ਦਸਾਂ ਸਾਲਾਂ ਵਿਚ ਹਰ ਸਾਲ ਔਸਤ ਕਿਤਨੇ ਮਕਾਨਾਂ ਨੂੰ ਅੱਗ ਲੱਗੀ ਹੈ ? ਔਸਤ ਦੇ ਸਿਧਾਂਤ ਅਨੁਸਾਰ ਨੁਕਸਾਨ ਉਤਨਾ ਨਹੀਂ ਹੁੰਦਾ, ਜਿਤਨੀ ਅਸੀਂ ਚਿੰਤਾ ਕਰਨ ਲਗ ਪੈਂਦੇ ਹਾਂ।

ਟਰੱਕਾਂ ਦੀ ਇਕ ਕੰਪਨੀ ਦੇ ਮਾਲਕ ਨੂੰ ਇਹ ਚਿੰਤਾ ਲੱਗੀ ਰਹਿੰਦੀ ਸੀ ਕਿ ਉਸ ਦਾ ਟਰੱਕ ਨਹਿਰ ਵਿਚ ਡਿੱਗ ਪਿਆ ਹੋਵੇਗਾ, ਪੁਲ ਤੋਂ ਲੰਘਣ ਵੇਲੇ ਪੁਲ ਬਹਿ ਗਿਆ ਹੋਵੇਗਾ, ਟਰੱਕ ਲੁੱਟ ਲਿਆ ਗਿਆ ਹੋਵੇਗਾ। ਉਸ ਨੂੰ ਕਿਸੇ ਨੇ ਦੱਸਿਆ ਕਿ ਪਿਛਲੇ ਦਸ ਸਾਲਾਂ ਵਿਚ

ਕੇਵਲ ਪੰਜ ਟਰੱਕਾਂ ਦੇ ਮਾਲ ਦਾ ਨੁਕਸਾਨ ਹੋਇਆ ਸੀ। ਔਸਤ ਦੇ ਸਿਧਾਂਤ ਨਾਲ ਦੋ ਸਾਲਾਂ ਵਿਚ ਇਕ ਟਰੱਕ ਦਾ ਨੁਕਸਾਨ ਬਣਦਾ ਹੈ। ਇਹ ਨੁਕਸਾਨ ਚਿੰਤਾ ਦਾ ਕਾਰਨ ਨਹੀਂ ਬਣਨਾ ਚਾਹੀਦਾ। ਹੋਰ ਤਾਂ ਹੋਰ ਇਨ੍ਹਾਂ ਵਿਚੋਂ ਇਕ ਵੀ ਟਰੱਕ ਉਸ ਮਾਲਕ ਦਾ ਨਹੀਂ ਸੀ।

ਕਈ ਲੋਕਾਂ ਨੂੰ ਬੂਰੇ ਉਤੇ ਆਰਾ ਚਲਾਉਣ ਦੀ ਆਦਤ ਹੁੰਦੀ ਹੈ।

ਉਹ ਪੌੜੀ ਨੂੰ ਡਿੱਗ ਪੈਣ ਦੀ ਦ੍ਰਿਸ਼ਟੀ ਨਾਲ ਹੀ ਵੇਖਦੇ ਹਨ। ਕਈ ਹਾਦਸੇ ਉਨ੍ਹਾਂ ਦੀ ਕਲਪਨਾ ਵਿਚ ਹੀ ਵਾਪਰਦੇ ਹਨ।

ਸਾਡੀ ਸੋਚ ਅਤੇ ਸਾਡੀ ਕਲਪਨਾ ਹੀ ਸਾਡਾ ਅਸਲ ਜੀਵਨ ਹਨ। ਕੇਵਲ ਸੋਚਾਂ ਦੀ ਬਦਲੀ ਨਾਲ ਅਸੀਂ ਆਪਣੇ ਜੀਵਨ ਨੂੰ ਨਵੀਂ ਨੁਹਾਰ ਦੇ ਸਕਦੇ ਹਾਂ। ਸਾਡੀ ਸੋਚ ਹੀ ਸਾਨੂੰ ਪ੍ਰੇਸ਼ਾਨ ਕਰਦੀ ਹੈ ਪਰ ਇਹ ਸੋਚ ਹੀ ਸਾਨੂੰ ਸ਼ਕਤੀਸ਼ਾਲੀ ਵੀ ਬਣਾ ਸਕਦੀ ਹੈ। ਜੇ ਤੁਸੀਂ ਸੋਚੋ: ਅੱਜ ਦਾ ਪ੍ਰੋਗਰਾਮ ਅੱਜ ਹੀ ਨੇਪਰੇ ਚਾੜ੍ਹਾਂਗਾ, ਆਪਣੇ ਮਨ 'ਤੇ ਕਾਬੂ ਰੱਖਾਂਗਾ, ਕਿਸੇ ਦੇ ਕੰਮ ਆਉਣ ਦਾ ਯਤਨ ਕਰਾਂਗਾ, ਮੈਂ ਉੱਚਾ ਸੋਚ ਕੇ ਅਤੇ ਮਿੱਠਾ ਬੋਲ ਕੇ ਆਪਣੀ ਸ਼ਕਤੀ ਵਧਾਵਾਂਗਾ ਅਤੇ ਦੂਜੇ ਦੇ ਗੁਣ ਹੀ ਦੇਖਾਂਗਾ ਤਾਂ ਤੁਹਾਡੇ ਵਿਚ ਜੋਸ਼, ਸਦਭਾਵਨਾ, ਸ਼ਕਤੀ ਅਤੇ ਉਤਸ਼ਾਹ ਦੇ ਨਵੇਂ ਫੁਆਰੇ ਫੁੱਟਣਗੇ।

ਜੇਕਰ ਅਸੀਂ ਆਪਣੇ-ਆਪ ਤਕ ਸੁੰਗੜੇ ਰਹਾਂਗੇ ਤਾਂ ਲੋਕਾਂ ਦਾ ਧਿਆਨ ਸਾਡੀਆਂ ਘਾਟਾਂ ਵੱਲ ਹੀ ਜਾਵੇਗਾ, ਜੇ ਅਸੀਂ ਦੂਜਿਆਂ ਦੇ ਸਹਿਯੋਗੀ ਬਣਾਂਗੇ ਤਾਂ ਨਾ ਕੇਵਲ ਸਾਡੀਆਂ ਚਿੰਤਾਵਾਂ ਅਤੇ ਘਾਟਾਂ ਲੋਪ ਹੋ ਜਾਣਗੀਆਂ, ਸਗੋਂ ਸਾਡੀਆਂ ਬਾਹਵਾਂ ਹੋਰ ਲੰਮੀਆਂ ਹੋ ਜਾਣਗੀਆਂ ਅਤੇ ਸੰਭਾਵਨਾਵਾਂ ਦੇ ਬੁਲੰਦ ਦਰਵਾਜ਼ੇ ਖੁੱਲ ਜਾਣਗੇ।

ਸਾਡੇ ਅੰਦਰੋਂ ਆਵਾਜ਼ ਆਵੇਗੀ : ਉਚਾ ਲੰਮਾ ਦਿਆਰ ਦਾ ਦਰੱਖਤ ਨਹੀਂ ਹੋ ਸਕਦਾ ਤਾਂ ਫੱਲਦਾਰ ਬਿਰਖ ਹੋ ਜਾਹ, ਜੇ ਇਹ ਵੀ ਨਹੀਂ ਹੋ ਸਕਦਾ ਤਾਂ ਫੁਲਦਾਰ ਝਾੜੀ ਹੋ ਜਾਹ, ਜੇ ਇਹ ਵੀ ਨਹੀਂ ਹੋ ਸਕਦਾ ਤਾਂ ਕਿੱਕਰ ਦੀ ਦਾਤਨ ਹੀ ਬਣ ਜਾਹ।

ਚਿੰਤਾ ਤੋਂ ਛੁਟਕਾਰਾ ਪਾਉਣ ਲਈ ਕੁਝ ਬਣਨਾ ਪਵੇਗਾ, ਕੁਝ ਕਰਨਾ ਪਵੇਗਾ, ਕਿਸੇ ਲੰਮੀ ਯਾਤਰਾ ਤੇ ਨਿਕਲਣਾ ਪਵੇਗਾ।

ਸਫ਼ਲਤਾ-ਅਸਫ਼ਲਤਾ ਦੀ ਲੁਕਣਮੀਚੀ

ਕਿਸੇ ਨੂੰ ਵੀ ਜੀਵਨ ਦੀ ਹਰ ਸਥਿਤੀ ਵਿਚ ਸਫ਼ਲ ਹੋਣ ਦਾ ਅਵਸਰ ਨਹੀਂ ਮਿਲਦਾ। ਇਹ ਵੀ ਸੰਭਵ ਨਹੀਂ ਕਿ ਕੋਈ ਹਰ ਵਾਰੀ ਕੇਵਲ ਅਸਫ਼ਲ ਹੀ ਹੋਵੇ।

ਅਸਫ਼ਲਤਾ ਉਦੋਂ ਮਾਰੂ ਅਤੇ ਹਾਨੀਕਾਰਕ ਸਾਬਤ ਹੁੰਦੀ ਹੈ ਜਦੋਂ ਅਸਫ਼ਲ ਵਿਅਕਤੀ ਅਗਲੇਰਾ ਯਤਨ ਕਰਨਾ ਤਿਆਗ ਦਿੰਦਾ ਹੈ।

ਅਕਸਰ ਵੇਖਿਆ ਗਿਆ ਹੈ ਕਿ ਜੇ ਸਿਰ 'ਤੇ ਬੋਝ ਬਹੁਤ ਵਧੇਰੇ ਚੁੱਕਿਆ ਹੋਵੇ ਤਾਂ ਟੋਰ ਆਪੇ ਤੇਜ਼ ਹੋ ਜਾਂਦੀ ਹੈ, ਨਹੀਂ ਤਾਂ ਕਦਮ ਪਿੱਛੇ ਵੱਲ ਤਿਲ੍ਹਕਦੇ ਹਨ।

ਜੇ ਮਨੁੱਖ ਵਿਚ ਠੋਕਰ ਖਾਣ ਦਾ ਸਲੀਕਾ ਹੋਵੇ ਤਾਂ ਹਰ ਠੋਕਰ ਉਸ ਨੂੰ ਅੱਗੇ ਲੈ ਕੇ ਜਾਂਦੀ ਹੈ। ਹਰ ਧੱਕਾ ਸਾਨੂੰ ਅੱਗੇ ਵੱਲ ਧਕੇਲਦਾ ਹੈ।

ਅਸਫ਼ਲਤਾ ਮਾਨਵ ਜਾਤੀ ਦਾ ਸਾਂਝਾ ਅਤੇ ਸਰਵਵਿਆਪੀ ਅਨੁਭਵ ਹੈ।

ਅਸਫ਼ਲਤਾਵਾਂ ਰਾਹੀਂ ਕੁਦਰਤ ਅਤੇ ਸਮਾਜ ਸਾਨੂੰ ਠੋਕ ਵਜਾ ਕੇ ਪੱਕਾ ਕਰਦੇ ਹਨ। ਹਰ ਅਸਫ਼ਲਤਾ ਸਾਨੂੰ ਆਪਣੇ ਆਪ ਦਾ ਪੁਨਰ-ਮੁਲਾਂਕਣ ਕਰਨ ਲਈ ਮਜਬੂਰ ਕਰਦੀ ਹੈ, ਕਿਉਂਕਿ ਅਸਫ਼ਲਤਾ ਜਾਂ ਹਾਰ ਸਾਡੇ ਸਾਮ੍ਹਣੇ ਇਕ ਸ਼ੀਸ਼ਾ ਲਿਆ ਧਰਦੀ ਹੈ, ਤਾਂ ਕਿ ਅਸੀਂ ਆਪਣੇ ਆਪ ਨੂੰ ਸਹੀ ਢੰਗ ਨਾਲ ਵੇਖ ਸਕੀਏ।

ਅਸਫ਼ਲਤਾ ਸਾਡੇ ਹੰਕਾਰ ਅਤੇ ਘਮੰਡ ਨੂੰ ਤੋੜਦੀ ਹੈ ਅਤੇ ਸਾਡੇ ਵਿਚ ਨਿਮਰਤਾ ਅਤੇ ਸਹਿਣਸ਼ੀਲਤਾ ਦੇ ਗੁਣ ਭਰਦੀ ਹੈ।

ਇਹ ਸਾਨੂੰ ਦੂਜਿਆਂ ਦੀ ਹੋਂਦ ਸਵੀਕਾਰ ਕਰਨ ਦਾ ਸਲੀਕਾ ਸਿਖਾਉਂਦੀ ਹੈ।, ਇਵੇਂ ਸਫ਼ਲਤਾ ਨਾਲ ਸਾਡੇ ਵਿਹਾਰ ਵਿਚ ਲਚਕ ਆਉਂਦੀ ਹੈ।

ਜਦੋਂ ਤਕ ਕੋਈ ਵਿਅਕਤੀ ਕਿਸੇ ਨਾ ਕਿਸੇ ਪੱਖੋਂ ਜਾਂ ਕਿਸੇ ਨਾ ਕਿਸੇ ਖੇਤਰ ਵਿਚ ਅਸਫਲ ਨਾ ਹੋਵੇ, ਨਾ ਉਹ ਕਲਾਕਾਰ ਬਣਦਾ ਹੈ ਨਾ ਹੀ ਸਾਹਿਤਕਾਰ। ਸੰਸਾਰ ਨੂੰ ਸਫ਼ਲ ਵਿਅਕਤੀਆਂ ਦੇ ਮੁਕਾਬਲੇ ਅਸਫ਼ਲ ਵਿਅਕਤੀਆਂ ਦਾ ਯੋਗਦਾਨ ਵਧੇਰੇ ਹੁੰਦਾ ਹੈ। ਇਸ ਦਾ ਅਰਥ ਇਹ ਨਹੀਂ ਕਿ ਅਸੀਂ ਵਿਉਂਤ ਕੇ ਅਸਫ਼ਲ ਹੋਈਏ, ਸਗੋਂ ਇਹ ਹੈ ਕਿ ਜੇ ਕਿਸੇ ਕਾਰਨ ਅਸੀਂ ਕਿਸੇ ਖੇਤਰ ਵਿਚ ਅਸਫ਼ਲ ਹੋ ਜਾਈਏ ਤਾਂ ਢੇਰੀ ਢਾਹੁਣ ਦੀ ਥਾਂ ਮੁੜ ਢੇਰੀ ਬਣਾਉਣ ਦਾ ਯਤਨ ਕਰਨਾ ਚਾਹੀਦਾ ਹੈ। ਹਰ ਅਸਫ਼ਲਤਾ ਸਾਨੂੰ ਕੋਈ ਮੁੱਲਵਾਨ ਸਬਕ ਸਿਖਾ ਕੇ ਸਾਨੂੰ ਸਿਆਣਾ ਬਣਾਉਂਦੀ ਹੈ।

ਕਈ ਵਾਰੀ ਕੁਦਰਤ ਨੇ ਸਾਨੂੰ ਕਿਸੇ ਰਸਤੇ ਜਾਂ ਖੇਤਰ ਤੋਂ ਮੋੜਨਾ ਹੁੰਦਾ ਹੈ, ਸੋ ਕੁਦਰਤ ਸਾਨੂੰ ਉਸ ਖੇਤਰ ਵਿਚ ਸਫ਼ਲ ਨਹੀਂ ਹੋਣ ਦਿੰਦੀ। ਸਾਨੂੰ, ਕਿਉਂਕਿ ਅਜੇ ਤਕ ਆਪਣੇ

ਤਜਰਬੇ ਦਾ ਵਿਸ਼ਲੇਸ਼ਣ ਕਰਨ ਦੀ ਜਾਚ ਨਹੀਂ ਆਈ ਹੁੰਦੀ, ਇਸੇ ਕਰਕੇ ਅਸੀਂ ਆਪਣੀਆਂ ਅਸਫ਼ਲਤਾਵਾਂ ਤੋਂ ਕੁਝ ਸਿੱਖਣ ਦੀ ਬਜਾਇ ਸ਼ਿਕਾਇਤਾਂ ਕਰਨ ਵਿਚ ਰੁੱਝ ਜਾਂਦੇ ਹਾਂ। ਅਸਫ਼ਲਤਾ ਸਾਨੂੰ ਇਸ ਗੱਲ ਦੀ ਸੋਝੀ ਦਿੰਦੀ ਹੈ ਕਿ ਸਾਡੇ ਯਤਨ ਸਹੀ ਨਹੀਂ ਸਨ ਜਾਂ ਅਸੀਂ ਆਪਣੇ ਨਿਸ਼ਾਨੇ ਨਾਲ ਇਕ-ਸੁਰ ਨਹੀਂ ਸਾਂ ਜਾਂ ਜਿਸ ਸਫ਼ਲਤਾ ਦੀ ਅਸੀਂ ਕਾਮਨਾ ਕੀਤੀ ਸੀ ਅਜੇ ਅਸੀਂ ਉਸ ਦੇ ਯੋਗ ਨਹੀਂ ਹੋਏ।

ਹਰ ਅਸਫ਼ਲਤਾ ਦਾ ਕੋਈ ਨਾ ਕੋਈ ਸਪਸ਼ਟ ਅਤੇ ਨਿਸ਼ਚਿਤ ਕਾਰਨ ਹੁੰਦਾ ਹੈ, ਜਿਸ ਨੂੰ ਜਾਣੇ ਬਿਨਾਂ ਅਗਲੇਰਾ ਵਿਕਾਸ ਸੰਭਵ ਨਹੀਂ ਹੁੰਦਾ।

ਪਰਿਵਰਤਨ ਜਾਂ ਵਿਕਾਸ ਦਾ ਰਾਹ ਅਸਫ਼ਲਤਾਵਾਂ ਵਿਚੋਂ ਲੰਘਦਾ ਹੈ।

ਅਸੀਂ ਗਰੀਬੀ ਨੂੰ ਕੋਸਦੇ ਹਾਂ ਪਰ ਜੀਵਨ ਦਾ ਜਿਤਨਾ ਅਮੀਰ ਅਨੁਭਵ ਗਰੀਬੀ ਤੋਂ ਪ੍ਰਾਪਤ ਹੁੰਦਾ ਹੈ, ਉਸ ਦਾ ਕੋਈ ਹੱਦ-ਬੰਨਾ ਨਹੀਂ।

ਗਰੀਬੀ ਹੀ ਸਾਨੂੰ ਗਰੀਬੀ ਤੋਂ ਪਾਰ ਜਾਣ ਦਾ ਢੰਗ ਸੁਝਾਉਂਦੀ ਹੈ।

ਚਰਿਤਰ ਦਾ ਨਿਰਮਾਣ ਅਸਫ਼ਲਤਾਵਾਂ ਤੋਂ ਬਿਨਾ ਸੰਭਵ ਨਹੀਂ ਹੁੰਦਾ।

ਸ਼ਕਤੀਸ਼ਾਲੀ ਚਰਿਤਰ ਅਸਫ਼ਲਤਾਵਾਂ ਦੀ ਭੱਠੀ ਵਿਚ ਹੀ ਪੱਕਦਾ ਹੈ।

ਦਰਿਆ ਦੇ ਰਸਤੇ ਵਿਚ ਜਿਤਨੀਆਂ ਵੱਡੀਆਂ ਰੁਕਾਵਟਾਂ ਆਉਣਗੀਆਂ, ਉਤਨਾ ਹੀ ਉਸ ਦਾ ਵੇਗ ਸ਼ਕਤੀਸ਼ਾਲੀ ਹੋਵੇਗਾ। ਜਿਤਨੇ ਕਿਸੇ ਨਾਲ ਵੱਧ ਹਾਦਸੇ ਵਾਪਰਦੇ ਹਨ, ਉਹ ਉਤਨਾ ਵਧੇਰੇ ਅਨੁਭਵੀ ਅਤੇ ਗਿਆਨਵਾਨ ਹੁੰਦਾ ਹੈ। ਪਿਆਰ ਦੇ ਖੇਤਰ ਵਿਚ ਸਫ਼ਲਤਾ ਨਾਲੋਂ ਅਸਫ਼ਲਤਾ ਵਧੇਰੇ ਮੁੱਲਵਾਨ ਅਨੁਭਵ ਹੁੰਦਾ ਹੈ।

ਸਫ਼ਲਤਾ ਮਨੁੱਖ ਦਾ ਸੁਪਨਾ ਹੈ, ਅਸਫ਼ਲਤਾ ਉਸ ਸਾਮ੍ਹਣੇ ਉਜਾਗਰ ਹੋਇਆ ਯਥਾਰਥ ਹੈ। ਅਸਫ਼ਲਤਾ ਸਾਡੇ ਲਈ ਵਿਰੋਧੀ ਸਥਿਤੀ ਸਿਰਜਦੀ ਹੈ ਅਤੇ ਵਿਰੋਧੀ ਸਥਿਤੀ ਵਿਚ ਅਸੀਂ ਬਹੁਤ ਤੇਜ਼ੀ ਨਾਲ ਸਿੱਖਦੇ ਹਾਂ। ਸਾਡੇ ਦੁਸ਼ਮਣ ਜਾਂ ਸਾਡੇ ਵਿਰੋਧੀ ਸਾਡੇ ਸਾਮ੍ਹਣੇ ਜ਼ਿੰਦਗੀ ਦੇ ਅਨੇਕਾਂ ਉਹ ਪੱਖ ਉਜਾਗਰ ਕਰ ਦਿੰਦੇ ਹਨ, ਜਿਹੜੇ ਹੋਰ ਕਿਸੇ ਢੰਗ ਨਾਲ ਸੰਭਵ ਨਹੀਂ ਹੁੰਦੇ। ਇਸ ਪੱਖ ਤੋਂ ਸਾਨੂੰ ਆਪਣੇ ਵਿਰੋਧੀਆਂ ਦਾ ਵੀ ਧੰਨਵਾਦੀ ਹੋਣਾ ਚਾਹੀਦਾ ਹੈ।

ਦੁਸ਼ਮਣੀ ਦਾ ਵੀ ਸਲੀਕਾ ਹੋਣਾ ਚਾਹੀਦਾ ਹੈ।

ਦੁਸ਼ਮਣੀ ਦੀ ਪੱਧਰ ਜਿਤਨੀ ਉੱਚੀ ਹੋਵੇਗੀ, ਉਤਨੀ ਹੀ ਜੀਵਨ ਦੀ ਸਮਝ ਵਧੇਰੇ ਹੋਵੇਗੀ। ਤੁਹਾਡਾ ਵਿਰੋਧੀ ਖਿਡਾਰੀ ਆਪਣੀ ਚੰਗੀ ਖੇਡ ਨਾਲ, ਤੁਹਾਡੀ ਕਾਰਗੁਜ਼ਾਰੀ ਵੀ ਸੁਧਾਰ ਦਿੰਦਾ ਹੈ।

ਰਾਮਾਇਣ ਵਿਚ ਰਾਮ ਨੂੰ ਸਤਿਕਾਰਯੋਗ ਬਣਾਉਣ ਦਾ ਕਾਰਜ ਰਾਵਣ ਨੇ ਨਿਭਾਇਆ ਹੈ। ਰਾਮਾਇਣ ਵਿਚੋਂ ਰਾਵਣ ਨੂੰ ਕੱਢ ਦਿਓ, ਬਾਕੀ ਕੁਝ ਬਚਦਾ ਹੀ ਨਹੀਂ। ਜੇ ਰਾਵਣ ਨਾ ਹੁੰਦਾ ਤਾਂ ਅੱਜ ਕਿਸੇ ਨੂੰ ਰਾਮ ਦਾ ਨਾਂ ਵੀ ਨਾ ਪਤਾ ਹੁੰਦਾ।

ਜੇ ਸੁਕਰਾਤ ਦੇ ਵਿਰੋਧੀਆਂ ਨੇ ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਨਾ ਦਿੱਤਾ ਹੁੰਦਾ ਤਾਂ ਸੁਕਰਾਤ ਅਮਰ ਨਾ ਹੋਇਆ ਹੁੰਦਾ। ਜੇ ਬੁੱਧ ਵਿਰੋਧੀ ਪਰਿਸਥਿਤੀਆਂ ਵਿਚ ਨਾ ਵਿਚਰੇ ਹੁੰਦੇ ਤਾਂ ਉਨ੍ਹਾਂ ਨੇ ਬੁੱਧ ਨਹੀਂ ਸੀ ਬਣਨਾ।

ਜੇ ਈਸਾ ਨੂੰ ਸੂਲੀ ਨਾ ਟੰਗਿਆ ਗਿਆ ਹੁੰਦਾ ਤਾਂ ਉਹ ਮਸੀਹ ਨਾ ਬਣਦੇ।

ਮਨੁੱਖੀ ਅਨੁਭਵ ਵਿਚ ਇਕ ਅਜਿਹੀ ਸਥਿਤੀ ਵੀ ਆਉਂਦੀ ਹੈ, ਜਦੋਂ ਸਫਲਤਾ ਅਤੇ ਅਸਫ਼ਲਤਾ ਦਾ ਭੇਦ ਮਿਟ ਜਾਂਦਾ ਹੈ। ਇਹ ਪਰਮ-ਗਿਆਨ, ਅਤਿ ਡੂੰਘੇ ਅਨੁਭਵ ਅਤੇ ਕਾਇਆ-ਕਲਪ ਕਰਨ ਵਾਲੀ ਹਾਲਤ ਹੁੰਦੀ ਹੈ। ਕੁਰੂਕਸ਼ੇਤਰ ਵਿਚ ਅਰਜਨ ਅਤੇ ਕਾਲਿੰਗਾ ਵਿਚ ਅਸ਼ੋਕ ਨਾਲ ਇਹ ਸਥਿਤੀ ਵਾਪਰੀ ਸੀ। ਹਰ ਕਿਸੇ ਦੇ ਜੀਵਨ ਵਿਚ ਅਜਿਹੀ ਸਥਿਤੀ ਆਉਂਦੀ ਹੈ। ਜੇ ਤੁਹਾਡੇ ਜੀਵਨ ਵਿਚ ਨਹੀਂ ਆਈ ਤਾਂ ਉਡੀਕ ਕਰੋ।

ਅਸਫ਼ਲਤਾ ਦੀ ਆਪਣੀ ਭਾਸ਼ਾ ਅਤੇ ਵਿਆਕਰਣ ਹੈ, ਜਿਸ ਦੀ ਸਮਝ ਨਾ ਹੋਣ ਕਾਰਨ ਹੀ ਅਸੀਂ ਮੁੜ-ਮੁੜ ਅਸਫ਼ਲ ਹੁੰਦੇ ਹਾਂ।

ਜੇ ਸਾਨੂੰ ਇਸ ਵਿਆਕਰਣ ਦੀ ਸਮਝ ਪੈ ਜਾਵੇ ਤਾਂ ਅਸੀਂ ਦੂਜਿਆਂ ਦੀਆਂ ਅਸਫ਼ਲਤਾਵਾਂ ਤੋਂ ਵੀ ਸਬਕ ਸਿੱਖਣ ਦੇ ਯੋਗ ਹੋ ਜਾਵਾਂਗੇ।

ਜੀਵਨ ਦੇ ਕਈ ਖੇਤਰ ਅਜਿਹੇ ਹਨ, ਜਿਥੇ ਯਤਨ ਕਈ ਧਿਰਾਂ ਕਰਦੀਆਂ ਹਨ ਪਰ ਸਫ਼ਲ ਕੇਵਲ ਇਕ ਨੇ ਹੋਣਾ ਹੁੰਦਾ ਹੈ। ਖੇਡਾਂ, ਚੋਣਾਂ, ਵਪਾਰ, ਕਲਾ ਆਦਿ ਅਜਿਹੇ ਖੇਤਰ ਹਨ ਜਿਥੇ ਜੇ ਇਕ ਧਿਰ ਅਸਫ਼ਲ ਨਾ ਹੋਵੇ ਤਾਂ ਦੂਜੀ ਧਿਰ ਦੀ ਸਫਲਤਾ ਦਾ ਪ੍ਰਸ਼ਨ ਹੀ ਨਹੀਂ ਉਪਜਦਾ। ਇਸ ਲਈ ਤੁਸੀਂ ਜਦੋਂ ਕਿਸੇ ਖੇਤਰ ਵਿਚ ਸਫ਼ਲ ਹੋਵੋ ਤਾਂ ਇਹ ਨਾ ਭੁੱਲਣਾ ਕਿ ਕਈਆਂ ਦੀ ਅਸਫ਼ਲਤਾ ਤੁਹਾਡੀ ਸਫ਼ਲਤਾ ਦਾ ਕਾਰਨ ਬਣ ਰਹੀ ਹੈ।

ਇਵੇਂ ਹੀ ਜੇ ਤੁਸੀਂ ਅਸਫ਼ਲ ਹੋਵੋ ਤਾਂ ਇਹ ਨਾ ਭੁੱਲਣਾ ਕਿ ਤੁਹਾਡੀ ਅਸਫ਼ਲਤਾ ਕਿਸੇ ਦੀ ਸਫ਼ਲਤਾ ਦਾ ਕਾਰਨ ਬਣ ਰਹੀ ਹੈ।

ਇਹ ਲੈਣ-ਦੇਣ ਜੀਵਨ ਦੇ ਹਰ ਖੇਤਰ ਅਤੇ ਹਰ ਪੱਧਰ 'ਤੇ ਚਲਦਾ ਹੈ।

ਜ਼ਿੰਦਗੀ ਦਾ ਤਜਰਬਾ ਜ਼ਿੰਦਗੀ ਵਿਚੋਂ ਹੀ ਪ੍ਰਾਪਤ ਹੋਵੇਗਾ, ਇਹ ਖੋਹਿਆ ਜਾਂ ਖਰੀਦਿਆ ਨਹੀਂ ਜਾ ਸਕਦਾ। ਆਪਣੇ ਜੀਵਨ ਦੀਆਂ ਕੁਝ ਅਸਫ਼ਲਤਾਵਾਂ ਤੁਹਾਡੇ ਨਾਲ ਮੈਂ ਇਸ ਆਸ ਨਾਲ ਸਾਂਝੀਆਂ ਕਰ ਰਿਹਾ ਹਾਂ ਤਾਂ ਜੋ ਤੁਸੀਂ ਆਪਣੀਆਂ ਅਸਫ਼ਲਤਾਵਾਂ ਦੇ ਅਸਲੀ ਰੰਗ ਪਛਾਣ ਸਕੋ।

ਸਕੂਲ ਦੀ ਪੜ੍ਹਾਈ ਮੁਕਾ ਕੇ, ਫੀਸ ਨਾ ਹੋਣ ਕਾਰਨ ਮੈਂ ਓਵਰਸੀਅਰੀ ਦਾ ਕੋਰਸ ਨਾ ਕਰ ਸਕਿਆ। ਜਿਸ ਬਜਾਜੀ ਦੀ ਦੁਕਾਨ 'ਤੇ ਮੈਂ ਨੌਕਰੀ ਆਰੰਭ ਕੀਤੀ, ਉਥੇ ਮਹੀਨਾ ਮੁੱਕਣ 'ਤੇ ਮਾਲਕ ਨੇ ਮੈਨੂੰ ਤਨਖਾਹ ਦੇਣ ਦੀ ਥਾਂ ਮੇਰੇ ਉਤੇ ਚੋਰੀ ਦਾ ਝੂਠਾ ਦੋਸ਼ ਲਾ ਕੇ ਮੈਨੂੰ ਕੁਟਾਪਾ ਵੀ ਚਾੜ੍ਹਿਆ। ਮੈਂ ਇਸ ਦੋਹਰੇ ਅਪਮਾਨ ਲਈ ਤਿਆਰ ਨਹੀਂ ਸਾਂ। ਕਿਉਂਕਿ ਇਹ ਅਣਕਿਆਸਿਆ ਹਾਦਸਾ ਵਾਪਰਿਆ, ਸੋ ਮੈਨੂੰ ਪਹਿਲੀ ਵਾਰ ਜੀਵਨ ਵਿਚ ਬੇਵੱਸੀ ਦਾ ਅਹਿਸਾਸ ਹੋਇਆ। ਇਸ ਘਟਨਾ ਨੇ ਮੇਰੇ ਤੋਂ ਮੇਰੇ ਬਚਪਨ ਦੇ ਸਾਰੇ ਭੋਲੇ ਅਹਿਸਾਸ ਖੋਹ ਲਏ ਅਤੇ ਮੈਂ ਬੜਾ ਕਠੋਰ-ਚਿੱਤ ਬਣ ਗਿਆ। ਜਿਸ ਕੰਮ ਵਿਚ ਕਿਸੇ ਵੀ ਚੋਰੀ ਦੀ ਸੰਭਾਵਨਾ ਹੋ ਸਕਦੀ ਸੀ, ਮੈਂ ਉਸ ਬਾਰੇ ਸੋਚਣਾ ਹੀ ਬੰਦ ਕਰ ਦਿੱਤਾ ਅਤੇ ਮੈਂ ਕਈ ਵਰ੍ਹੇ ਉਸ ਬਾਜ਼ਾਰ ਵਿਚ ਹੀ ਨਾ ਗਿਆ।

ਕੁਝ ਅਰਸੇ ਮਗਰੋਂ, ਕੰਮ ਲਭਣ ਦੇ ਯਤਨ ਵਿਚ, ਜਦੋਂ ਮੈਂ ਆਪਣੇ ਸ਼ਹਿਰ ਵਿਚ ਨਵੇਂ

ਉਸਾਰੇ ਜਾ ਰਹੇ ਸਿਨੇਮੇ ਨੂੰ ਵੇਖ ਰਿਹਾ ਸਾਂ ਤਾਂ ਉਥੇ ਖਲੋਤੇ ਠੇਕੇਦਾਰ ਨੇ ਪੁੱਛਿਆ, "ਇਥੇ ਕੀ ਕਰ ਰਿਹਾ ਹੈਂ?" ਮੈਂ ਕਿਹਾ, "ਮੈਂ ਕੰਮ ਕਰਨਾ ਚਾਹੁੰਦਾ ਹਾਂ, ਕੋਈ ਵੀ ਕੰਮ, ਜਿਹੜਾ ਤੁਸੀਂ ਕਰਵਾਉਣਾ ਚਾਹੁੰਦੇ ਹੋ ਪਰ ਕੋਈ ਕਰਨ ਲਈ ਨਹੀਂ ਮਿਲ ਰਿਹਾ, ਉਹ ਮੈਂ ਕਰਨ ਲਈ ਤਿਆਰ ਹਾਂ।" ਸ਼ਾਇਦ ਉਸ ਨੇ ਮਖੌਲ ਨਾਲ ਹੀ ਕਿਹਾ ਸੀ, "ਇੱਟਾਂ ਦੀ ਰੋੜੀ ਕੁੱਟਣ ਦਾ ਕੰਮ ਹੈ, ਕਰਨਾ ਹੈ ਤਾਂ ਕਰ ਲੈ।" ਉਥੇ ਮੈਂ ਰੋੜੀ ਇਸ ਅਹਿਸਾਸ ਨਾਲ ਕੁੱਟਣੀ ਸ਼ੁਰੂ ਕੀਤੀ ਜਿਵੇਂ ਉਹ ਸਿਨੇਮਾ ਮੇਰਾ ਸੀ ਅਤੇ ਮੈਂ ਉਸ ਦਾ ਮਾਲਕ ਸਾਂ। ਮੈਂ ਮਾਲਕ ਵਾਂਗ ਰੋੜੀ ਕੁੱਟ ਰਿਹਾ ਸਾਂ, ਨੌਕਰ ਵਾਂਗ ਨਹੀਂ। ਜਦੋਂ ਸਾਰੇ ਮਿਸਤਰੀ, ਮਜ਼ਦੂਰ ਛੁੱਟੀ ਕਰ ਗਏ, ਮੈਂ ਤਾਂ ਵੀ ਰੋੜੀ ਕੁਟਦਾ ਰਿਹਾ। ਹਨੇਰਾ ਪੈਣ ਉਤੇ ਜਦੋਂ ਠੇਕੇਦਾਰ ਆਪਣੇ ਕਮਰੇ ਵਿਚੋਂ ਬਾਹਰ ਨਿਕਲਿਆ ਤਾਂ ਵੀ ਮੈਂ ਦਿਹਾੜੀ ਪੂਰੀ ਕਰਨ ਦੇ ਉਦੇਸ਼ ਨਾਲ ਰੋੜੀ ਕੁੱਟ ਰਿਹਾ ਸਾਂ। ਅਗਲੇ ਹੀ ਦਿਨ ਉਸ ਨੇ ਮੈਨੂੰ ਬਰਾਬਰ ਦੀ ਕੁਰਸੀ 'ਤੇ ਬਿਠਾ ਕੇ ਗੱਲਬਾਤ ਕੀਤੀ, ਚਾਹ ਪਿਲਾਈ ਅਤੇ ਮੈਨੂੰ ਹੋਰ ਮਜ਼ਦੂਰਾਂ ਦੀ ਨਿਗਰਾਨੀ ਕਰਨ ਦੇ ਕੰਮ 'ਤੇ ਲਾ ਦਿੱਤਾ। ਉਸ ਨੇ ਮੈਨੂੰ 'ਓਏ' ਤੋਂ 'ਕਾਕਾ ਜੀ' ਕਹਿ ਕੇ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ। ਹੌਲੀ-ਹੌਲੀ ਮੈਂ ਉਸ ਦੇ ਹਰ ਕੰਮ ਨੂੰ ਆਪਣੀ ਜ਼ਿੰਮੇਵਾਰੀ ਬਣਾ ਲਿਆ। ਪੈਸਿਆਂ ਵਲੋਂ ਉਸ ਨੇ ਮੈਨੂੰ ਸੌਖਾ ਕਰ ਦਿੱਤਾ ਸੀ ਪਰ ਮੈਂ ਵੀ ਇਹ ਨਿਸ਼ਚਾ ਕੀਤਾ ਹੋਇਆ ਸੀ ਕਿ ਮੈਂ ਨੌਕਰ ਵਾਂਗ ਘੜੀ ਵੇਖ ਕੇ ਕੰਮ ਨਹੀਂ ਕਰਾਂਗਾ, ਸਗੋਂ ਮਾਲਕ ਵਾਂਗ ਕੰਮ ਮੁਕਾ ਕੇ ਘੜੀ ਵੇਖਾਂਗਾ ਅਤੇ ਮਿਲਣ ਵਾਲੀ ਉਜਰਤ ਦੇ ਮੁਕਾਬਲੇ ਵੱਧ ਕੰਮ ਕਰਾਂਗਾ। ਮੈਨੂੰ ਉਥੇ ਦਿਨ ਵੇਲੇ ਸੁਪਨੇ ਵੇਖਣ ਦੀ ਆਦਤ ਪੈ ਗਈ ਸੀ ਪਰ ਅਚਾਨਕ ਜ਼ਿੰਦਗੀ ਨੇ ਕੂਹਣੀ ਮਾਰੀ ਅਤੇ ਹਾਦਸੇ ਵਿਚ ਠੇਕੇਦਾਰ ਦੀ ਅਚਾਨਕ ਮੌਤ ਨਾਲ ਮੇਰਾ ਉਸਰਿਆ ਸੰਸਾਰ ਉਜੜ ਗਿਆ।

ਮੇਰੀ ਅਗਲੇਰੀ ਅਸਫ਼ਲਤਾ ਇਕ ਛਾਪੇਖਾਨੇ ਵਿਚ ਵਾਪਰੀ। ਜਿਤਨੀ ਤੰਗ-ਦ੍ਰਿਸ਼ਟੀ ਅਤੇ ਸ਼ੱਕੀ ਸੁਭਾਅ ਵਾਲੇ ਮੇਰੇ ਮਾਲਕ ਸਨ, ਉਨ੍ਹਾਂ ਨੂੰ ਵੇਖ ਕੇ ਮੈਂ ਬਹੁਤ ਉਦਾਸ ਹੋ ਜਾਂਦਾ ਸਾਂ। ਇਥੇ ਨਾ ਕੰਮ ਦਾ ਮੁੱਲ ਸੀ ਨਾ ਬੰਦੇ ਦਾ। ਉਹ ਕੰਮ ਕਰਨ ਵਾਲਿਆਂ ਨਾਲ ਹਰ ਪੱਖੋਂ ਬੜਾ ਭੈੜਾ ਸਲੂਕ ਕਰਦੇ ਸਨ। ਠੇਕੇਦਾਰ ਨੇ ਮੇਰੇ ਵਿਹਾਰ 'ਚ ਦਲੇਰੀ ਲੈ ਆਂਦੀ ਸੀ। ਕੇਵਲ ਮੈਂ ਹੀ ਸਾਂ, ਜਿਹੜਾ ਛਾਪੇਖਾਨੇ ਦੇ ਮਾਲਕਾਂ ਦਾ ਉਨ੍ਹਾਂ ਦੇ ਸਾਮ੍ਹਣੇ ਵਿਰੋਧ ਕਰਦਾ ਸਾਂ। ਮੈਂ ਇਕ ਇਮਤਿਹਾਨ ਵਿਚ ਬੈਠਣਾ ਸੀ ਪਰ ਉਨ੍ਹਾਂ ਨੇ ਇਮਤਿਹਾਨ ਤੋਂ ਪਹਿਲੇ ਦਿਨ, ਆਪਣੀ ਅਖ਼ਬਾਰ ਦੇ ਰਸੂਖ ਨਾਲ ਮੇਰੇ ਉਤੇ ਲੜਾਈ ਕਰਨ ਦਾ ਦੋਸ਼ ਲਾ ਕੇ ਥਾਣੇ ਬੰਦ ਕਰਵਾ ਦਿੱਤਾ।

ਮੇਰੇ ਮਾਪੇ ਆਪ ਉਜੜ ਕੇ ਆਏ ਸਨ। ਉਨ੍ਹਾਂ ਦੀ ਸਥਿਤੀ ਅਜਿਹੀ ਨਹੀਂ ਸੀ ਕਿ ਉਹ ਦਖ਼ਲ ਦੇ ਸਕਦੇ। ਮੇਰੇ ਤੋਂ ਕੁਝ ਸਾਲ ਵੱਡਾ ਮੇਰਾ ਭਰਾ ਵੀ ਅਜਿਹੇ ਹੀ ਤਜਰਬਿਆਂ ਵਿਚੋਂ ਲੰਘ ਰਿਹਾ ਸੀ। ਉਹ ਆਪ ਤਿਲਕ-ਤਿਲਕ ਕੇ ਸੰਭਲ ਰਿਹਾ ਸੀ। ਉਸ ਵਿਚ ਮੇਰੀ ਧਰਵਾਸ ਬਣਨ ਦੀ ਸਮਰੱਥਾ ਨਹੀਂ ਸੀ, ਸਗੋਂ ਮੈਨੂੰ ਇਸ ਗੱਲ ਦੀ ਤਸੱਲੀ ਸੀ ਕਿ ਉਹ ਆਪ ਇਕ ਹਰਨਾਖਸ਼ ਨਾਲ ਇਕੱਲਿਆਂ ਹੀ ਜੂਝ ਰਿਹਾ ਸੀ। ਮੈਨੂੰ ਇਕੱਲਿਆਂ ਜੱਦੋ-ਜਹਿਦ ਕਰਨ ਦਾ ਹੁਨਰ ਉਸੇ ਨੇ ਸਿਖਾਇਆ ਹੈ।

ਕਈ ਅਸਫ਼ਲਤਾਵਾਂ ਤੋਂ ਬਾਅਦ ਮੇਰੀ ਅਗਲੇਰੀ ਵੱਡੀ ਅਸਫ਼ਲਤਾ ਪਿਆਰ ਦੇ ਖੇਤਰ ਵਿਚ ਹੋਈ। ਜਿਸ ਨਾਲ ਮੈਨੂੰ ਪਿਆਰ ਹੋਇਆ, ਉਸ ਨੇ ਮੈਨੂੰ ਪਿਆਰ ਘੱਟ ਕੀਤਾ

ਪਰ ਉਡੀਕ ਵਧੇਰੇ ਕਰਵਾਈ। ਉਸ ਦੀ ਨਜ਼ਰ ਥੱਲੇ ਆਉਣ ਮਗਰੋਂ, ਮੈਂ ਆਪਣੀ ਦੁਨੀਆਂ ਵਿਚੋਂ ਉਸ ਤੋਂ ਇਲਾਵਾ ਹਰ ਕਿਸੇ ਨੂੰ ਬਾਹਰ ਕੱਢ ਦਿੱਤਾ ਸੀ। ਮੇਰੇ ਕਲਪਨਾ-ਸੰਸਾਰ ਵਿਚ ਉਹ ਆਰਪਾਰ ਫੈਲੀ ਹੋਈ ਸੀ। ਚੜ੍ਹਦੇ ਸੂਰਜ ਵਰਗਾ ਉਸ ਦਾ ਰੰਗ ਸੀ। ਉਸ ਦੇ ਖਿਆਲ ਨਾਲ ਹੀ ਮੇਰੇ ਵਿਚ ਅਸੰਭਵ ਨੂੰ ਸੰਭਵ ਬਣਾਉਣ ਦੀ ਦਲੇਰੀ ਹੀ ਨਹੀਂ, ਆਪਣੇ ਆਪ ਤੋਂ ਹੀ ਖੁਸ਼ਬੂ ਵੀ ਆਉਣ ਲੱਗ ਪੈਂਦੀ ਸੀ। ਉਹ ਇਤਨੀ ਸੋਹਣੀ ਸੀ ਕਿ ਉਸ ਨੂੰ ਵੇਖ ਕੇ ਮੱਲੋਮੱਲੀ ਰੱਬ ਦਾ ਧੰਨਵਾਦ ਕਰਨ ਨੂੰ ਮਨ ਕਰ ਆਉਂਦਾ ਸੀ। ਉਸ ਵੇਲੇ ਮੈਂ ਸਮਝਦਾ ਸਾਂ ਕਿ ਦੁਨੀਆਂ ਦੋ ਹਿੱਸਿਆਂ ਵਿਚ ਵੰਡੀ ਹੋਈ ਸੀ। ਇਕ ਹਿੱਸਾ ਉਨ੍ਹਾਂ ਲੋਕਾਂ ਦਾ ਸੀ, ਜਿਨ੍ਹਾਂ ਨੇ ਉਸ ਨੂੰ ਵੇਖਿਆ ਸੀ ਅਤੇ ਦੂਜਾ ਹਿੱਸਾ ਉਨ੍ਹਾਂ ਲੋਕਾਂ ਦਾ ਸੀ, ਜਿਨ੍ਹਾਂ ਦੀ ਕਿਸਮਤ ਇਤਨੀ ਚੰਗੀ ਨਹੀਂ ਸੀ ਕਿ ਉਹ ਉਸ ਨੂੰ ਵੇਖ ਲੈਂਦੇ। ਉਹ ਬੈਠੀ ਵੀ ਨੱਚਦੀ ਪ੍ਰਤੀਤ ਹੁੰਦੀ ਸੀ। ਉਸ ਦੀ ਨਜ਼ਰ ਵਿਚ ਜਿਊਂਦੇ ਨੂੰ ਅਮਰ ਅਤੇ ਮੋਏ ਨੂੰ ਜਿਊਂਦਾ ਕਰਨ ਦੀ ਤਾਕਤ ਸੀ। ਉਸ ਦੀ ਨਜ਼ਰ ਵਿਚ ਪ੍ਰਵਾਨ ਚੜ੍ਹਨ ਵਾਸਤੇ, ਮੈਂ ਦੌੜ ਲਾ ਕੇ ਅਨੇਕਾਂ ਇਮਤਿਹਾਨ ਪਾਸ ਕੀਤੇ।

ਜਿਵੇਂ ਹਰ ਪਿਆਰ ਵਿਚ ਹੁੰਦਾ ਹੈ, ਕੁਝ ਅਰਸੇ ਮਗਰੋਂ ਤੀਜੀ ਧਿਰ ਉਪਜ ਪਈ।

ਸੋਚਦਾ ਸਾਂ, ਉਸ ਦੀਆਂ ਵੀ ਜ਼ਰੂਰ ਕੋਈ ਮਜਬੂਰੀਆਂ ਹੋਣਗੀਆਂ।

ਤੀਜੀ ਧਿਰ ਕੋਲ ਨੋਟ ਹੀ ਨੋਟ ਸਨ, ਮੇਰੇ ਕੋਲ ਗਿਆਨ ਹੀ ਗਿਆਨ ਸੀ। ਸ਼ਾਇਦ ਆਪਣੀ ਮਹਿਬੂਬ ਦੇ ਮੁਕਾਬਲੇ ਮੇਰਾ ਬਰ ਛੋਟਾ ਸੀ। ਉਹ ਮੇਰੀਆਂ ਅੱਖਾਂ ਸਾਮ੍ਹਣੇ, ਕਿਸੇ ਹੋਰ ਦੀਆਂ ਬਾਹਵਾਂ ਵਿਚ ਬਾਹਵਾਂ ਪਾ ਕੇ ਜਾਂਦਿਆਂ, ਪਿੱਛੇ ਮੁੜ ਕੇ ਵੇਖਦੀ ਰਹੀ ਪਰ ਚਲੀ ਗਈ। ਉਸ ਦੇ ਜਾਣ ਨਾਲ ਮੇਰੇ ਦੋਵੇਂ ਜਹਾਨ ਉਦਾਸੇ ਗਏ।

ਉਸ ਨੇ ਮੈਨੂੰ ਖ਼ਤ ਲਿਖਣੇ ਸਿਖਾਏ ਸਨ, ਉਸ ਨੇ ਮੈਨੂੰ ਸੁੰਦਰਤਾ ਦੀ ਪਛਾਣ ਕਰਵਾਈ ਸੀ, ਉਸ ਨੇ ਮੈਨੂੰ ਜ਼ਿੰਦਗੀ ਦੀਆਂ ਉੱਚੀਆਂ ਅਤੇ ਸੁੱਚੀਆਂ ਕਦਰਾਂ-ਕੀਮਤਾਂ ਦੇ ਸਨਮੁਖ ਕੀਤਾ ਸੀ, ਉਸ ਨੇ ਮੈਨੂੰ ਕਲਮ ਫੜਨ ਦੀ ਜਾਚ ਦੱਸੀ ਸੀ। ਉਸ ਦੇ ਜਾਣ ਉਪਰੰਤ ਮੈਂ ਫ਼ਲਸਫ਼ੇ ਦੇ ਡੂੰਘੇ ਪਾਣੀਆਂ ਵਿਚ ਉਤਰਿਆ।

ਇਕ ਅਸਫ਼ਲਤਾ ਮੈਂ ਆਪ ਸਹੇੜੀ। ਇਕ ਵਾਰੀ ਮੈਨੂੰ ਅਜਿਹੀ ਨੌਕਰੀ ਮਿਲੀ ਜਿਸ ਵਿਚ ਕੰਮ ਕੋਈ ਨਹੀਂ ਸੀ। ਵਿਹਲੇ ਰਹਿਣ ਤੋਂ ਮੈਂ ਇਤਨਾ ਤੰਗ ਆ ਗਿਆ ਕਿ ਮੈਂ ਅਸਤੀਫ਼ਾ ਦੇ ਦਿੱਤਾ। ਮੇਰੇ ਮਿੱਤਰ ਮੇਰੇ ਇਸ ਫੈਸਲੇ ਦੀ ਨਿਖੇਧੀ ਕਰਦੇ ਰਹੇ। ਮੈਂ ਜਾਣਦਾ ਸਾਂ ਕਿ ਜਿਹੜਾ ਫਲ ਮਿਹਨਤ ਤੋਂ ਬਿਨਾਂ ਪ੍ਰਾਪਤ ਹੁੰਦਾ ਹੈ, ਉਹ ਸੁੱਖ ਨਹੀਂ ਦਿੰਦਾ, ਉਹ ਹਜ਼ਮ ਨਹੀਂ ਹੁੰਦਾ। ਇਹ ਕੰਮ ਤਿਆਗਣ ਉਪਰੰਤ ਮੈਂ ਅਨੇਕਾਂ ਕੰਮ ਕੀਤੇ ਪਰ ਪੜ੍ਹਾਈ ਜਾਰੀ ਰੱਖੀ। ਕੰਮ ਔਖੇ ਹੁੰਦੇ ਸਨ, ਪੜ੍ਹਾਈ ਕਰਨੀ ਸੌਖੀ ਲਗਦੀ ਸੀ। ਕੰਮਾਂ ਵਿਚ ਮੈਂ ਅਸਫ਼ਲ ਹੀ ਰਿਹਾ ਪਰ ਪੜ੍ਹਨ ਵਿਚ ਮੈਨੂੰ ਨਿਰੰਤਰ ਸਫ਼ਲਤਾ ਮਿਲਦੀ ਰਹੀ।

ਅਨੇਕਾਂ ਅਵਸਰ ਮਿਲਦੇ-ਮਿਲਦੇ ਗੁਆਚ ਜਾਂਦੇ ਹਨ।

ਕਦੇ-ਕਦੇ ਕਿਨਾਰੇ 'ਤੇ ਲੱਗਿਆ ਜਹਾਜ਼ ਵੀ ਡੁੱਬ ਜਾਂਦਾ ਹੈ।

ਮੇਰੇ ਨਾਲ ਅਨੇਕਾਂ ਵਾਰ ਇਵੇਂ ਵਾਪਰਿਆ ਹੈ ਪਰ ਹਰ ਹਾਦਸਾ ਮੈਨੂੰ ਕਿਸੇ ਨਾ ਕਿਸੇ ਪੱਖੋਂ ਅਮੀਰ ਕਰਦਾ ਰਿਹਾ ਹੈ। ਮੈਂ ਅੰਤਾਂ ਦੀ ਥਕਾਵਟ ਖਿੜੇ-ਮੱਥੇ ਬਰਦਾਸ਼ਤ ਕਰ ਸਕਦਾ

ਹਾਂ। ਹਰ ਅਸਫ਼ਲਤਾ ਮਨੁੱਖ ਨੂੰ ਅੱਗੇ ਧਕੇਲਦੀ ਹੈ, ਧੱਕੇ ਖਾਣ ਦੀ ਜਾਚ ਆਉਣੀ ਚਾਹੀਦੀ ਹੈ। ਧਿਆਨ ਨਾਲ ਵੇਖਿਆ ਜਾਵੇ ਤਾਂ ਹਰ ਧੱਕੇ ਨਾਲ ਅਸੀਂ ਜਾਂਦੇ ਅੱਗੇ ਹੀ ਹਾਂ। ਹਰ ਕਿਸੇ ਨਾਲ ਅਨੇਕਾਂ ਘਟਨਾਵਾਂ, ਦੁਰਘਟਨਾਵਾਂ ਆਦਿ ਵਾਪਰੀਆਂ ਹੋਣਗੀਆਂ ਅਤੇ ਵਾਪਰ ਰਹੀਆਂ ਹੋਣਗੀਆਂ ਪਰ ਕਿਸਾਨਾਂ ਨਾਲ ਅਜਿਹੀਆਂ ਘਟਨਾਵਾਂ ਕੁਝ ਵਧੇਰੇ ਹੀ ਵਾਪਰਦੀਆਂ ਹਨ। ਇਸੇ ਲਈ ਉਹ ਅੜਬ, ਅੜੀਅਲ ਅਤੇ ਜ਼ਿੱਦੀ ਹੋ ਜਾਂਦੇ ਹਨ। ਇਹ ਪੈਂਤੜੇ ਅਗਲੇਰੀਆਂ ਅਸਫ਼ਲਤਾਵਾਂ ਨੂੰ ਬਰਦਾਸ਼ਤ ਕਰਨ ਲਈ ਢਾਲਾਂ ਬਣਦੇ ਹਨ। ਅਨੇਕਾਂ ਲੋਕ ਹਨ ਜਿਨ੍ਹਾਂ ਦੀ ਜ਼ਿੰਦਗੀ ਵਿਚ ਚੜ੍ਹਾਅ ਨਹੀਂ ਆਉਂਦਾ, ਕੇਵਲ ਉਤਰਾ ਹੀ ਉਤਰਾ ਆਉਂਦੇ ਹਨ।

ਜ਼ਿੰਦਗੀ ਦਾ ਸਭ ਤੋਂ ਡੂੰਘਾ ਅਨੁਭਵ ਉਦੋਂ ਹੁੰਦਾ ਹੈ, ਜਦੋਂ ਸੰਸਾਰ ਹਰ ਚੀਜ਼ ਨੂੰ ਪੈਸੇ ਨਾਲ ਮਾਪਦਾ ਹੋਵੇ ਅਤੇ ਤੁਹਾਡੀ ਜੇਬ ਵਿਚ ਇਕ ਧੇਲਾ ਵੀ ਨਾ ਹੋਵੇ। ਇਸ ਅਵਸਥਾ ਵਿਚੋਂ ਜਿਹੜੇ ਗੁਜ਼ਰੇ ਹਨ, ਉਹ ਹਰ ਅਵਸਥਾ ਵਿਚੋਂ ਗੁਜ਼ਰ ਸਕਦੇ ਹਨ।

ਜਿਸ ਵਿਅਕਤੀ ਵਿਚ ਤੁਰਨ ਦੀ ਆਦਤ ਹੈ, ਲੰਮੇ ਫ਼ਾਸਲੇ ਤੁਰਨ ਦੀ ਆਦਤ ਅਤੇ ਸਮਰੱਥਾ ਹੈ, ਉਸ ਨੂੰ ਹਰਾਇਆ ਨਹੀਂ ਜਾ ਸਕਦਾ। ਉਸ ਵਿਚ ਭੈੜੇ ਕੰਮਾਂ ਤੋਂ ਬਚਣ ਦੀ ਦਲੇਰੀ ਹੋਵੇਗੀ, ਉਹ ਅਸੂਲ ਵਾਲਾ, ਸਹਿਣਸ਼ੀਲ ਵਿਅਕਤੀ ਹੋਵੇਗਾ ਅਤੇ ਉਸ ਵਿਚ ਦੂਜਿਆਂ ਦੀਆਂ ਘਾਟਾਂ ਨੂੰ ਅਣਡਿੱਠ ਕਰਨ ਦੀ ਸਹਿਜ ਅਮੀਰੀ ਹੋਵੇਗੀ ਅਤੇ ਆਪਣੀ ਹਾਰ ਉਤੇ ਸਬਰ ਕਰਨ ਦਾ ਹੌਸਲਾ ਹੋਵੇਗਾ।

ਨਿਰਸੰਦੇਹ ਹਰ ਮਨੁੱਖ ਆਪਣੇ ਅਨੁਭਵ ਨੂੰ ਆਖਰੀ ਸੱਚ ਸਮਝਣ ਦਾ ਭਰਮ ਪਾਲਦਾ ਹੈ ਅਤੇ ਆਪਣੇ ਅਨੁਭਵ ਦੀਆਂ ਨੀਹਾਂ ਉਤੇ ਕੁਝ ਅਸੂਲਾਂ ਦੀ ਉਸਾਰੀ ਕਰਦਾ ਹੈ। ਮੈਂ ਵੇਖਿਆ ਹੈ ਕਿ ਜੇ ਕਿਸੇ ਵਿਚ, ਮਿਲਣ ਵਾਲੀ ਉਜਰਤ ਨਾਲੋਂ ਵੱਧ ਕੰਮ ਕਰਨ ਦੀ ਯੋਗਤਾ, ਲਗਨ ਅਤੇ ਦਲੇਰੀ ਹੈ ਤਾਂ ਉਸ ਨੂੰ ਸਫ਼ਲਤਾ ਤੋਂ ਦੂਰ ਨਹੀਂ ਕੀਤਾ ਜਾ ਸਕਦਾ।

ਸਾਡੇ ਸਮਾਜ ਨੂੰ ਹਰ ਸਫ਼ਲਤਾ ਪੈਸੇ ਨਾਲ ਮਾਪਣ ਦੀ ਆਦਤ ਹੈ, ਸੋ ਹਰ ਕਿਸੇ ਨੂੰ ਕੁਝ ਨਾ ਕੁਝ ਅਜਿਹਾ ਪ੍ਰਾਪਤ ਕਰਨਾ ਚਾਹੀਦਾ ਹੈ, ਜਿਸ ਦੀ ਮਾਇਕ ਕੀਮਤ ਹੋਵੇ ਤਾਂ ਕਿ ਸਮਾਂ ਆਉਣ ਉਤੇ, ਉਹ ਵਿਅਕਤੀ ਆਪਣੇ ਭਵਿਖ ਦਾ ਆਪ ਨਿਰਣਾ ਕਰ ਸਕੇ।

ਤੁਸੀਂ ਕੁਝ ਵੀ ਹੋਵੋ, ਕਿਸੇ ਵੀ ਸਥਿਤੀ ਵਿਚ ਹੋਵੋ, ਜੋ ਵੀ ਕੰਮ ਤੁਸੀਂ ਕਰ ਰਹੇ ਹੋ, ਉਸ ਵਿਚ ਸੁਧਾਰ ਲਿਆਉਣ ਦੀਆਂ, ਉਸ ਨੂੰ ਚੰਗੇਰਾ ਬਣਾਉਣ ਅਤੇ ਚੰਗੇਰੇ ਢੰਗ ਨਾਲ ਕਰਨ ਦੀਆਂ ਸੰਭਾਵਨਾਵਾਂ ਹਮੇਸ਼ਾ ਹੋਣਗੀਆਂ। ਇਨ੍ਹਾਂ ਸੰਭਾਵਨਾਵਾਂ ਨੂੰ ਪਛਾਣ ਕੇ ਹੀ ਅਸੀਂ ਟੋਟਿਆਂ ਵਿਚੋਂ ਸੰਪੂਰਨ ਹੋ ਕੇ ਉਭਰਾਂਗੇ। ਇਨ੍ਹਾਂ ਸੰਭਾਵਨਾਵਾਂ ਦੀ ਸ਼ਕਤੀ ਨਾਲ ਹੀ ਅਸੀਂ ਗਰੀਬੀ, ਮਜਬੂਰੀ ਅਤੇ ਮਾਯੂਸੀ ਤੋਂ ਪਾਰ ਜਾ ਸਕਾਂਗੇ।

ਚਿੜ ਜਾਣਾ ਹੀ ਕਈ ਲੋਕਾਂ ਦੀ ਯੋਗਤਾ ਬਣਦੀ ਜਾ ਰਹੀ ਹੈ। ਅਜਿਹੇ ਵਿਅਕਤੀ ਕਿਸੇ ਲਈ ਵੀ ਉਦਾਹਰਣ ਨਹੀਂ ਬਣ ਸਕਦੇ। ਕਈ ਕੇਵਲ ਆਪਣੇ ਦੁੱਖ ਦੀਆਂ ਹੀ ਗੱਲਾਂ ਕਰਦੇ ਹਨ। ਨਿਰੋਲ ਦੁੱਖ ਨਾਲ ਕੁਝ ਸਿਰਜਿਆ ਨਹੀਂ ਜਾ ਸਕਦਾ।

ਅਜੋਕਾ ਯੁਗ ਇਸ ਪੱਖੋਂ ਅਜੀਬ ਹੈ ਕਿ ਸਾਡੇ ਸਾਰੇ ਵਿਸ਼ਵਾਸ, ਰਿਸ਼ਤੇ, ਉਪਰਾਲੇ ਅਤੇ ਯਤਨ ਝੂਠੇ ਸਾਬਤ ਹੋ ਰਹੇ ਹਨ।

ਨਿਰਸੰਦੇਹ ਆਪਸੀ ਸਬੰਧਾਂ ਵਿਚ ਅਸਫ਼ਲਤਾ ਦਾ ਵਾਤਾਵਰਣ ਪਸਰ ਰਿਹਾ ਹੈ ਅਤੇ ਤਲਾਕ ਵੱਧ ਰਹੇ ਹਨ।

ਕਿਸੇ ਚੰਗੀ ਸੰਸਥਾ ਵਿਚ ਦਾਖਲਾ ਲੈਣ ਜੋਗੇ ਨੰਬਰ ਨਾ ਆਉਣੇ, ਜਾਂ ਕਿਸੇ ਥਾਂ ਦਾਖਲਾ ਨਾ ਮਿਲਣਾ, ਕਿਸੇ ਯੁਵਕ ਲਈ ਅਜਿਹਾ ਪਹਿਲਾ ਧੱਕਾ ਹੁੰਦਾ ਹੈ, ਜਿਸ ਲਈ ਉਹ ਤਿਆਰ ਨਹੀਂ ਹੁੰਦਾ। ਕੰਡਿਆਂ ਨੂੰ ਸਹਿੰਦਿਆਂ-ਸਹਿੰਦਿਆਂ ਕਈਆਂ ਦਾ ਫੁੱਲਾਂ ਤੋਂ ਵਿਸ਼ਵਾਸ ਉਠ ਗਿਆ ਹੈ।

ਬੱਚੇ ਆਪਣੀਆਂ ਕਈ ਅਸਫ਼ਲਤਾਵਾਂ ਦਾ ਦੋਸ਼ ਮਾਪਿਆਂ ਨੂੰ ਦਿੰਦੇ ਹਨ।

ਇਹ ਹਰ ਪੀੜ੍ਹੀ ਨਾਲ ਵਾਪਰਦਾ ਹੈ।

ਅਸੀਂ ਸਾਰੇ ਨਿਰੰਤਰ ਚਲਣ ਵਾਲੀ ਜ਼ਿੰਦਗੀ ਦੀ ਗੱਡੀ ਦੇ ਯਾਤਰੂ ਹਾਂ, ਸਾਰਿਆਂ ਨੇ ਵੱਖਰੇ-ਵੱਖਰੇ ਸਟੇਸ਼ਨਾਂ 'ਤੇ ਉਤਰਨਾ ਹੈ। ਅਸੀਂ ਆਪਣੀਆਂ ਸਫ਼ਲਤਾਵਾਂ-ਅਸਫ਼ਲਤਾਵਾਂ ਦੇ ਸੰਦਰਭ ਵਿਚ ਹੀ ਵਿਚਰਨਾ ਹੈ।

ਕੋਈ ਵੀ ਰਾਹ ਖ਼ਤਰੇ ਤੋਂ ਖਾਲੀ ਨਹੀਂ ਹੁੰਦਾ।

ਕੋਈ ਵੀ ਖੇਤਰ ਜਾਂ ਵਿਅਕਤੀ ਅਸਫ਼ਲਤਾਵਾਂ ਤੋਂ ਮੁਕਤ ਨਹੀਂ ਹੁੰਦਾ।

ਜੇ ਕੋਈ ਮੇਰੇ ਤੋਂ ਪੁੱਛੇ ਤਾਂ ਇਹੀ ਕਹਾਂਗਾ: ਮੈਂ ਹਰ ਖੇਡ ਵਿਚ ਅਸਫ਼ਲ ਹੋਇਆ ਹਾਂ ਪਰ ਮੈਨੂੰ ਫਿਰ ਵੀ ਖੇਡਣ ਦਾ ਸ਼ੌਕ ਅਤੇ ਚਾਅ ਹੈ। ਮੇਰੀ ਦਿਲਚਸਪੀ ਸਫ਼ਲ-ਅਸਫ਼ਲ ਹੋਣ ਵਿਚ ਨਹੀਂ, ਸਗੋਂ ਖੇਡਣ ਵਿਚ ਹੈ।

ਸਵੈ-ਕਾਬੂ

ਆਪਣੇ ਆਪ ਨੂੰ ਜਾਣਨਾ ਨਾ ਕੇਵਲ ਔਖਾ ਹੁੰਦਾ ਹੈ, ਸਗੋਂ ਅਣਸੁਖਾਵਾਂ ਵੀ ਹੁੰਦਾ ਹੈ। ਸਾਡਾ ਸਾਰਾ ਯਤਨ ਆਪਣੇ ਆਪ ਵੱਲ ਮੁੜਨ ਜਾਂ ਆਪਣੇ ਆਪ ਨੂੰ ਜਾਣਨ ਦਾ ਨਹੀਂ ਹੁੰਦਾ, ਆਪਣੇ ਆਪ ਤੋਂ ਪਰ੍ਹੇ ਦੌੜ ਜਾਣ ਦਾ ਹੁੰਦਾ ਹੈ।

ਵੇਖਿਆ ਗਿਆ ਹੈ ਕਿ ਜਿਹੜੇ ਲੋਕ ਵਧੇਰੇ ਹਿਫਾਜ਼ਤੀ ਪ੍ਰਬੰਧਾਂ ਵਿਚ ਰਹਿੰਦੇ ਹਨ, ਉਹ ਸੋਚ ਦੇ ਪੱਖੋਂ ਕਮਜ਼ੋਰ ਹੁੰਦੇ ਹਨ।

ਜਿਨ੍ਹਾਂ ਦੇ ਘਰ ਵਧੇਰੇ ਨੌਕਰ ਹੁੰਦੇ ਹਨ, ਉਹ ਆਪ ਬੀਮਾਰ ਹੀ ਹੁੰਦੇ ਹਨ।

ਜਿਨ੍ਹਾਂ ਕੋਲ ਰਫ਼ਤਾਰ ਹੁੰਦੀ ਹੈ ਪਰ ਬਰੇਕਾਂ ਨਹੀਂ ਹੁੰਦੀਆਂ, ਉਹ ਨਾ ਕੇਵਲ ਵਧੇਰੇ ਹਾਦਸੇ ਕਰਦੇ ਹਨ ਸਗੋਂ ਆਪ ਵੀ ਵਧੇਰੇ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ।

ਉਹ ਜ਼ਿੰਦਗੀ ਤੋਂ ਲੈਂਦੇ ਵਧੇਰੇ ਹਨ, ਪਰ ਦਿੰਦੇ ਘੱਟ ਹਨ।

ਦੂਜਿਆਂ ਨੂੰ ਧੋਖਾ ਦੇਣ ਦੇ ਮੁਕਾਬਲੇ, ਅਸੀਂ ਆਪਣੇ ਆਪ ਨੂੰ ਧੋਖਾ ਦੇਣ ਵਿਚ ਵਧੇਰੇ ਮਾਹਿਰ ਹੋ ਗਏ ਹਾਂ।

ਅਜੋਕੇ ਯੁੱਗ ਵਿਚ ਜੇ ਅਸੀਂ ਆਪਣੇ ਆਪ ਬਾਰੇ ਗੱਲਾਂ ਨਾ ਕਰੀਏ ਤਾਂ ਅਸੀਂ ਬਹੁਤੀਆਂ ਗੱਲਾਂ ਨਹੀਂ ਕਰ ਸਕਦੇ।

ਦੂਜਿਆਂ ਦੀ ਪ੍ਰਸੰਸਾ ਵਿਚ ਅਸੀਂ ਇਕ-ਦੋ ਵਾਕ ਵੀ ਬੜੀ ਮੁਸ਼ਕਿਲ ਨਾਲ ਬੋਲਦੇ ਹਾਂ, ਜਦੋਂ ਕਿ ਨਿੰਦਾ ਅਤੇ ਭੰਡੀ ਬੜੇ ਵਿਸਥਾਰ ਵਿਚ ਕਰਦੇ ਹਾਂ। ਇਹ ਸਭ ਕੁਝ ਇਸ ਲਈ ਹੁੰਦਾ ਹੈ, ਕਿਉਂਕਿ ਸਾਡੇ ਜੀਵਨ ਵਿਚ ਸੰਤੁਲਨ ਦੀ ਘਾਟ ਹੁੰਦੀ ਹੈ।

ਆਤਮਾ, ਮਨ ਅਤੇ ਤਨ ਦਾ ਸੰਤੁਲਨ ਜਦੋਂ ਸਾਡੀ ਬੋਲ-ਬਾਣੀ ਅਤੇ ਵਿਹਾਰ ਵਿਚ ਪ੍ਰਗਟ ਹੁੰਦਾ ਹੈ ਤਾਂ ਉਸ ਨੂੰ ਸਵੈ-ਕਾਬੂ ਕਹਿੰਦੇ ਹਨ।

ਸਵੈ-ਕਾਬੂ ਵੱਡੀਆਂ ਅਤੇ ਪੱਕੀਆਂ ਪ੍ਰਾਪਤੀਆਂ ਦਾ ਬਾਲ-ਉਪਦੇਸ਼ ਹੈ। ਇਹ ਕਿਸੇ ਯਤਨ ਦੇ ਆਰੰਭ ਵਿਚ ਨਹੀਂ, ਅੰਤ ਵਿਚ ਪ੍ਰਾਪਤ ਹੋਣ ਵਾਲਾ ਫਲ ਹੈ।

ਇਹ ਉਹ ਗਿਆਨ ਹੈ, ਜੋ ਆਪਣੇ ਆਪ ਨੂੰ ਆਪਣੇ ਹੀ ਮਨ ਦੀ ਪਾਠਸ਼ਾਲਾ ਵਿਚ ਦਾਖਲ ਕਰਨ ਅਤੇ ਨਿੱਤ ਨਵੇਂ ਯਤਨਾਂ ਨਾਲ ਪ੍ਰਾਪਤ ਹੁੰਦਾ ਹੈ।

ਸਵੈ-ਕਾਬੂ ਉਚੇਰੇ ਗਿਆਨ ਦੀ ਨੀਂਹ ਹੈ। ਇਹ ਆਪਣੇ ਆਪ ਵਿਰੁੱਧ ਭੁਗਤਣ ਵਾਲੀ ਗਵਾਹੀ ਹੈ। ਇਹ ਆਪਣੇ ਆਪ ਨੂੰ ਗੁੰਨਣ ਦਾ ਅਮਲ ਹੈ।

ਸਵੈ-ਕਾਬੂ ਤੋਂ ਬਿਨਾਂ ਆਤਮ-ਵਿਸ਼ਵਾਸ ਹੈਂਕੜ ਅਤੇ ਹੰਕਾਰ ਹੋ ਨਿਬੜਦਾ ਹੈ।

ਸਵੈ-ਕਾਬੂ ਸਾਨੂੰ ਭੈਅ ਵਿਰੁਧ ਲੜਨ ਦਾ ਹੁਨਰ ਸਿਖਾਉਂਦਾ ਹੈ।

ਮਨੁੱਖ ਵਿਚ ਸੋਚਣ ਦੀ ਹੀ ਸ਼ਕਤੀ ਨਹੀਂ, ਇਸ ਨਾਲੋਂ ਵੀ ਵਧੇਰੇ ਮਹੱਤਵਪੂਰਨ ਗੱਲ ਇਹ ਹੈ ਕਿ ਉਸ ਵਿਚ ਆਪਣੇ ਵਿਚਾਰਾਂ ਨੂੰ ਕਾਬੂ ਕਰਨ ਦੀ ਵੀ ਸ਼ਕਤੀ ਹੈ।

ਸਵੈ-ਕਾਬੂ ਉਪਜਦਾ ਹੀ ਆਪਣੀ ਸੋਚ ਦੇ ਕਾਬੂ ਵਿਚੋਂ ਹੈ। ਤੁਸੀਂ ਉਹੀ ਕੁਝ ਹੁੰਦੇ ਹੋ, ਜੋ ਕੁਝ ਤੁਸੀਂ ਸੋਚਦੇ ਹੋ। ਤੁਹਾਡੀਆਂ ਇੱਛਾਵਾਂ ਵੀ ਤੁਹਾਡੀ ਸੋਚ ਦੀ ਉਪਜ ਹੁੰਦੀਆਂ ਹਨ ਅਤੇ ਤੁਸੀਂ ਆਪਣੀਆਂ ਇੱਛਾਵਾਂ ਦੇ ਘੇਰੇ ਤੋਂ ਬਾਹਰ ਨਹੀਂ ਜਾ ਸਕਦੇ।

ਜੇ ਕੋਈ ਤੁਹਾਨੂੰ ਗਾਲ੍ਹ ਕੱਢਦਾ ਹੈ ਅਤੇ ਤੁਸੀਂ ਭੜਕ ਉਠਦੇ ਹੋ ਤਾਂ ਇਸ ਦਾ ਅਰਥ ਇਹ ਹੈ ਕਿ ਤੁਸੀਂ ਉਸ ਦੇ ਚਲਾਏ ਚਲ ਰਹੇ ਹੋ। ਜਦੋਂ ਸਵੈ-ਕਾਬੂ ਨਾ ਹੋਵੇ ਤਾਂ ਨਿੱਕੀਆਂ ਨਿੱਕੀਆਂ ਗੱਲਾਂ ਵੀ ਵੱਡੇ-ਵੱਡੇ ਝਗੜੇ ਸਿਰਜਦੀਆਂ ਹਨ।

ਇਵੇਂ ਹੀ ਜਦੋਂ ਸਾਡੇ ਵਿਚ ਆਪਸੀ ਸਾਂਝ ਦਾ ਕੋਈ ਆਧਾਰ ਨਾ ਹੋਵੇ ਤਾਂ ਅਸੀਂ ਆਪਸੀ ਨਫ਼ਰਤ ਦੇ ਰਿਸ਼ਤੇ ਉਸਾਰ ਲੈਂਦੇ ਹਾਂ।

ਨਫ਼ਰਤ ਸਵੈ-ਕਾਬੂ ਦੀ ਘਾਟ ਵਿਚੋਂ ਉਪਜਦੀ ਹੈ।

ਕਿਸੇ ਕੌਮ ਦੀ ਸ਼ਕਤੀ ਉਸ ਦੀ ਬਾਹਰਲੀ ਸੁੰਦਰਤਾ ਜਾਂ ਆਕਾਰ ਵਿਚ ਨਹੀਂ ਹੁੰਦੀ, ਉਸ ਦੀ ਅੰਦਰਲੀ ਸੋਚ ਵਿਚ ਹੁੰਦੀ ਹੈ, ਬਾਹਰਲੀ ਹਿਲ-ਜੁਲ ਵਿਚ ਨਹੀਂ ਹੁੰਦੀ, ਅੰਦਰਲੇ ਟਿਕਾਓ ਵਿਚ ਹੁੰਦੀ ਹੈ।

ਤੁਸੀਂ ਮਹਾਂਵੀਰ ਜਾਂ ਮਹਾਤਮਾ ਬੁੱਧ ਦੀ ਮੂਰਤੀ ਵੇਖ ਕੇ ਨਿਰਣਾ ਨਹੀਂ ਕਰ ਸਕਦੇ ਕਿ ਉਹ ਉਦਾਸ ਹਨ ਜਾਂ ਪ੍ਰਸੰਨ, ਉਨ੍ਹਾਂ ਦਾ ਧਿਆਨ ਇਥੇ ਹੈ ਜਾਂ ਉਥੇ, ਉਹ ਨੇੜੇ ਹਨ ਜਾਂ ਦੂਰ, ਉਹ ਜਾਗਦੇ ਹਨ ਜਾਂ ਸੁੱਤੇ ਹੋਏ।

ਅਸੀਂ ਇਸਤਰੀ ਨੂੰ ਉਸ ਦੀ ਬਾਹਰਲੀ ਸੁੰਦਰਤਾ ਦੇ ਆਧਾਰ 'ਤੇ ਹੀ ਜਾਣਨ ਦੇ ਆਦੀ ਹੋ ਗਏ ਹਾਂ, ਇਸੇ ਲਈ ਅਸੀਂ ਉਸ ਦੀ ਅੰਦਰਲੀ ਰੌਸ਼ਨੀ ਤੋਂ ਵਿਰਵੇ ਹਾਂ।

ਉਸ ਦੇ ਧੀਰਜ ਅਤੇ ਸਵੈ-ਕਾਬੂ ਉਤੇ ਅਸੀਂ ਆਪਣੀ ਕਾਹਲ ਲੱਦ ਦਿੰਦੇ ਹਾਂ, ਆਪਣੀ ਥਕਾਵਟ ਡੋਲ੍ਹ ਦਿੰਦੇ ਹਾਂ।

ਸੁਆਰਥ, ਸੱਚੇ ਪਿਆਰ ਦੇ ਰਾਹ ਦੀ ਸਭ ਤੋਂ ਵੱਡੀ ਰੁਕਾਵਟ ਹੁੰਦੀ ਹੈ।

ਸਾਡਾ ਸੁਆਰਥ ਹੀ ਕਿਸੇ ਸਮੱਸਿਆ ਨੂੰ ਹੱਲ ਨਹੀਂ ਹੋਣ ਦਿੰਦਾ।

ਘਰ-ਘਰ ਵਿਚ ਝਗੜੇ ਸੁਆਰਥ ਦੇ ਝਗੜੇ ਹਨ, ਕਿਉਂਕਿ ਸੁਆਰਥ ਨੂੰ ਅਸੀਂ ਆਪਣੇ ਹੱਕ ਬਣਾ ਕੇ ਪੇਸ਼ ਕਰਦੇ ਹਾਂ।

ਸਾਡੇ ਵਿਚਾਰਾਂ, ਵਰਤਾਰਿਆਂ ਅਤੇ ਸਬੰਧਾਂ ਵਿਚ ਸਵੈ-ਕਾਬੂ ਘੱਟ ਰਿਹਾ ਹੈ, ਉਂਜ ਤਾਂ ਇਹ ਅਜੋਕੇ ਯੁੱਗ ਵਿਚ ਕਦੇ ਵੀ ਬਹੁਤਾ ਨਹੀਂ ਸੀ, ਪਰ ਹੁਣ ਤਾਂ ਇਹ ਲਗਭਗ ਲੋਪ ਹੀ ਹੁੰਦਾ ਜਾ ਰਿਹਾ ਹੈ, ਇਸ ਦੇ ਲੋਪ ਹੋਣ ਨਾਲ ਮਨੁੱਖ ਦੀ ਦੁਰਗੱਤ ਵਧੇਗੀ। ਹੁਣ ਤਾਂ ਅਸੀਂ ਘੋਟਕਈ ਯੁੱਗ ਵਿਚ ਵਿਚਰ ਰਹੇ ਹਾਂ।

ਸਵੈ-ਕਾਬੂ ਤੋਂ ਬਿਨਾਂ ਜੀਵਨ ਦੇ ਰੂਹਾਨੀ ਅਰਥ ਨਹੀਂ ਲੱਭਣਗੇ।

ਸਵੈ-ਕਾਬੂ ਦੇ ਇਕ ਅਭਿਲਾਸ਼ੀ ਨੇ ਕਿਹਾ, "ਹੇ ਵਾਹਿਗੁਰੂ, ਮੇਰੀ ਆਪਣੇ ਆਪ ਤੋਂ ਰੱਖਿਆ ਕਰਨੀ, ਕਿਧਰੇ ਮੈਂ ਆਪਣੇ ਆਪ ਵਿਚ ਹੀ ਨਾ ਡਿੱਗ ਪਵਾਂ।"

ਅਬਰਾਹਮ ਲਿੰਕਨ ਨੂੰ ਜਦੋਂ ਇਕ ਸਭਾ ਵਿਚ ਪ੍ਰਧਾਨ ਚੁਣ ਲਿਆ ਗਿਆ ਤਾਂ ਉਸ ਨੇ ਬੜੀ ਨਿਮਰਤਾ ਨਾਲ ਕਿਹਾ, "ਜਿਹੜੀ ਸਭਾ ਮੈਨੂੰ ਆਪਣਾ ਪ੍ਰਧਾਨ ਬਣਾਉਣਾ ਚਾਹੁੰਦੀ ਹੈ, ਮੈਂ ਉਸ ਸਭਾ ਵਿਚ ਸ਼ਾਮਲ ਹੋਣ ਯੋਗ ਵੀ ਨਹੀਂ ਹਾਂ।" ਇਵੇਂ ਉਸ ਨੇ ਦਾਜ ਵਾਂਗ ਮਿਲੀ ਪ੍ਰਧਾਨਗੀ ਤਿਆਗ ਦਿੱਤੀ ਸੀ।

ਗਰੀਬ, ਗਰੀਬੀ ਵਿਚ ਇਕ ਦੂਜੇ ਨੂੰ ਪਛਾੜ ਦੇਣ ਦਾ ਨਾਟਕ ਨਹੀਂ ਕਰਦੇ।

ਭਾਵੇਂ ਹਰ ਗਰੀਬ, ਗਰੀਬੀ ਨੂੰ ਤਿਆਗਣਾ ਚਾਹੁੰਦਾ ਹੈ ਪਰ ਜਦੋਂ ਤਕ ਸਵੈ-ਕਾਬੂ ਦਾ ਗੁਣ ਨਹੀਂ ਉਪਜਦਾ, ਇਸ ਯਤਨ ਵਿਚ ਸਫ਼ਲਤਾ ਸੰਭਵ ਨਹੀਂ ਹੋ ਸਕਦੀ।

ਭਾਵੇਂ ਇਹ ਗੱਲ ਸਭ ਤੋਂ ਵੱਧ ਅਚੰਭੇ ਭਰੀ ਲੱਗੇ ਪਰ ਸੱਚਾਈ ਇਹ ਹੈ ਕਿ ਅਮੀਰਾਂ ਦੇ ਮੁਕਾਬਲੇ ਗਰੀਬਾਂ ਨੂੰ ਬੱਚਤ ਕਰਨ ਦੀ ਵਧੇਰੇ ਲੋੜ ਹੈ।

ਸਭ ਕੁਝ ਖਰਚਣ ਵਾਲਾ ਅਤੇ ਸਭ ਕੁਝ ਬਚਾਉਣ ਵਾਲਾ ਦੋਵੇਂ ਗਰੀਬ ਹੁੰਦੇ ਹਨ, ਲੋੜ ਇਨ੍ਹਾਂ ਦੋਹਾਂ ਵਿਚ ਸੰਤੁਲਨ ਅਤੇ ਸਵੈ-ਕਾਬੂ ਦੀ ਹੈ।

ਭਾਫ਼ ਦੇ ਇੰਜਣ ਵਿਚ ਜੇ ਭਾਫ਼ ਖੁੱਲ੍ਹੀ ਛੱਡ ਦਿੱਤੀ ਜਾਵੇ ਤਾਂ ਇੰਜਣ ਨਹੀਂ ਚਲੇਗਾ, ਸੋ ਵਾਸਤਵ ਵਿਚ ਭਾਫ਼ ਨੂੰ ਬਾਹਰ ਜਾਣ ਤੋਂ ਰੋਕਿਆ ਨਹੀਂ ਗਿਆ ਹੁੰਦਾ, ਸਗੋਂ ਉਸ ਨੂੰ ਸ਼ਕਤੀਸ਼ਾਲੀ ਬਣਾਇਆ ਗਿਆ ਹੁੰਦਾ ਹੈ।

ਅਸਮਾਨੀ ਬਿਜਲੀ ਨੂੰ ਕਿਸੇ ਤਰ੍ਹਾਂ ਕਾਬੂ ਨਹੀਂ ਕੀਤਾ ਜਾ ਸਕਦਾ, ਸੋ ਉਸ ਦਾ ਲਾਭ ਵੀ ਨਹੀਂ ਉਠਾਇਆ ਜਾ ਸਕਦਾ। ਹੜ੍ਹ ਦੇ ਪਾਣੀ ਜਾਂ ਜੰਗਲ ਦੀ ਅੱਗ ਦਾ ਲਾਭ ਨਹੀਂ ਉਠਾਇਆ ਜਾ ਸਕਦਾ। ਅਸੀਂ ਪਾਣੀ ਜਾਂ ਅੱਗ ਦਾ ਲਾਭ ਤਾਂ ਹੀ ਉਠਾ ਸਕਦੇ ਹਾਂ, ਜੇ ਉਹ ਸਾਡੇ ਕਾਬੂ ਵਿਚ ਹੋਣ।

ਲੋੜ ਬੱਚਤ ਦੀ ਨਹੀਂ, ਬੱਚਤ ਦੀ ਆਦਤ ਦੀ ਹੈ, ਕਿਉਂਕਿ ਇਹ ਸਵੈ-ਕਾਬੂ ਵਿਚੋਂ ਉਪਜਦੀ ਹੈ ਅਤੇ ਸਵੈ-ਕਾਬੂ ਨੂੰ ਉਪਜਾਉਂਦੀ ਹੈ।

ਗਰੀਬੀ ਸਾਰੇ ਉਤਸ਼ਾਹ ਅਤੇ ਉੱਦਮ ਨੂੰ ਮਾਰਨ ਲਈ ਕਾਫ਼ੀ ਹੁੰਦੀ ਹੈ ਪਰ ਜੇ ਇਸ ਨਾਲ ਕਰਜ਼ਾ ਵੀ ਜੋੜ ਦਿੱਤਾ ਜਾਵੇ ਤਾਂ ਹਰ ਖੇਤਰ ਵਿਚ ਹਾਰ ਯਕੀਨੀ ਹੈ।

ਬੱਚਤ ਨਵੇਂ ਅਵਸਰ ਸਿਰਜਦੀ ਹੈ, ਨਵੀਆਂ ਸੰਭਾਵਨਾਵਾਂ ਉਜਾਗਰ ਕਰਦੀ ਹੈ, ਇਹ ਸਾਡੀ ਕਲਪਨਾ ਨੂੰ ਸੁਹਾਗਣ ਬਣਾਉਂਦੀ ਹੈ।

ਜਦੋਂ ਤਕ ਮਨ ਦੇ ਜਜ਼ਬੇ ਕਾਬੂ ਵਿਚ ਨਾ ਹੋਣ, ਸਾਡੇ ਵਿਚ ਸਿਦਕ, ਸਿਰੜ ਅਤੇ ਸਹਿਣਸ਼ੀਲਤਾ ਦੇ ਗੁਣ ਉਜਾਗਰ ਨਹੀਂ ਹੁੰਦੇ।

ਬੱਚਤ ਨਿਰਧਨ ਨੂੰ, ਧਨਵਾਨ ਦੇ ਜ਼ੁਲਮ ਅਤੇ ਰਹਿਮ ਤੋਂ ਮੁਕਤ ਕਰਦੀ ਹੈ।

ਪਰਿਵਾਰ ਨਿਯੋਜਨ ਵੀ ਬੱਚਤ ਦੀ ਆਦਤ ਵਿਚੋਂ ਉਪਜਦਾ ਹੈ, ਇਹ ਵੀ ਬੱਚਤ ਦੀ ਇਕ ਵੰਨਗੀ ਹੈ। ਭੀੜ ਕੋਲ ਹਿੰਸਾ ਤਾਂ ਹੁੰਦੀ ਹੈ, ਸ਼ਕਤੀ ਨਹੀਂ ਹੁੰਦੀ।

ਵੱਡਾ ਟੱਬਰ ਭੀੜ ਵਾਂਗ ਹੁੰਦਾ ਹੈ।

ਬੱਚਤ ਦੀ ਕੇਵਲ ਅਜਿਹੀ ਸੂਰਤ ਵਿਚ ਹੀ ਲੋੜ ਨਹੀਂ ਪਵੇਗੀ, ਜੇ ਤੁਹਾਨੂੰ ਵਿਸ਼ਵਾਸ ਹੋਵੇ ਕਿ ਤੁਹਾਡਾ ਜੀਵਨ ਨਿਰਵਿਘਨ ਹੋਵੇਗਾ ਅਤੇ ਤੁਹਾਡੇ ਜੀਵਨ ਵਿਚ ਕੋਈ ਸੰਕਟ ਨਹੀਂ ਉਪਜੇਗਾ ਅਤੇ ਕੋਈ ਜਵਾਰਭਾਟਾ ਨਹੀਂ ਵਾਪਰੇਗਾ।

ਜਿਹੜੇ ਵਿਅਕਤੀ ਇਹ ਕਹਿੰਦੇ ਹਨ ਕਿ ਇਹ ਨਹੀਂ ਹੋ ਸਕਦਾ, ਇਹ ਕੀਤਾ ਨਹੀਂ ਜਾ ਸਕਦਾ, ਜ਼ਰਾ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਤਾਂ ਕਰੋ, ਜਿਨ੍ਹਾਂ ਦੇ ਆਧਾਰ 'ਤੇ ਉਹ ਆਪਣੀ ਇਹ ਵੱਡਮੁੱਲੀ ਰਾਇ ਦੇ ਰਹੇ ਹੁੰਦੇ ਹਨ।

ਬੱਚਤ ਤੋਂ ਬਿਨਾਂ ਕਿਸੇ ਵੀ ਪ੍ਰਕਾਰ ਦੀ ਆਜ਼ਾਦੀ ਜਾਂ ਖੁਸ਼ਹਾਲੀ ਸੰਭਵ ਨਹੀਂ ਹੋ ਸਕਦੀ। ਬੱਚਤ ਨਾਲ ਸਾਨੂੰ ਸਮੱਸਿਆਵਾਂ ਵਿਚੋਂ ਮੌਕੇ ਵੇਖਣ ਦੀ ਜਾਚ ਆ ਜਾਂਦੀ ਹੈ। ਜਿਉਂ-ਜਿਉਂ ਸਾਡੀ ਬੱਚਤ ਵਧਦੀ ਹੈ, ਤਿਉਂ-ਤਿਉਂ ਸਾਡੇ ਵਿਚ ਸਵੈ-ਕਾਬੂ ਵੱਧਦਾ ਹੈ ਅਤੇ ਸਾਡੇ ਵਿਚ ਦੁਰਘਟਨਾਵਾਂ ਨੂੰ ਸਹਿਣ ਦੀ ਸ਼ਕਤੀ ਵਧਦੀ ਹੈ।

ਜ਼ਿੰਦਗੀ ਦੇ ਦੁਖਾਂ-ਦਰਦਾਂ ਸਮੇਂ ਸਾਡਾ ਸਵੈ-ਕਾਬੂ ਪਰਖਿਆ ਜਾਂਦਾ ਹੈ।

ਜੀਵਨ ਵਿਚ ਕਈ ਘਟਨਾਵਾਂ ਅਜਿਹੀਆਂ ਵਾਪਰਦੀਆਂ ਹਨ, ਜਿਨ੍ਹਾਂ ਦੇ ਵਾਪਰਨ 'ਤੇ ਸਾਨੂੰ ਰੋਣਾ ਚਾਹੀਦਾ ਹੁੰਦਾ ਹੈ ਪਰ ਅਸੀਂ ਰੋਂਦੇ ਨਹੀਂ। ਸ਼ਾਇਦ ਜਿਤਨਾ ਰੋਣ ਦੀ ਲੋੜ ਹੁੰਦੀ ਹੈ, ਉਤਨਾ ਰੋਣ ਦੀ ਸਾਡੇ ਵਿਚ ਸਮਰੱਥਾ ਨਹੀਂ ਹੁੰਦੀ। ਰੋਣ ਦਾ ਇਹ ਕਰਜ਼ਾ ਕਦੀ ਨਾ ਕਦੀ ਲਾਹੁਣਾ ਪਵੇਗਾ। ਇਸੇ ਕਰ ਕੇ ਕਈ ਵਾਰੀ ਇੰਜ ਵੀ ਹੁੰਦਾ ਹੈ ਕਿ ਅਸੀਂ ਕਿਸੇ ਨਿੱਕੀ ਜਿਹੀ ਘਟਨਾ 'ਤੇ ਬਹੁਤ ਅਧਿਕ ਰੋਣ ਲਗ ਪੈਂਦੇ ਹਾਂ। ਇਹ ਮੁੱਢਲੀ ਘਟਨਾ ਦੇ ਸੰਬੰਧ ਵਿਚ, ਰੋਣ ਦੀ ਸਾਡੀ ਪੁਰਾਣੀ ਕਿਸ਼ਤ ਦੀ ਇਕ ਅਦਾਇਗੀ ਹੁੰਦੀ ਹੈ।

ਜਦੋਂ ਤਕ ਅਸੀਂ ਲੋੜੀਂਦੀ ਸਮਰੱਥਾ ਅਤੇ ਮਾਤਰਾ ਵਿਚ ਰੋ ਨਹੀਂ ਲੈਂਦੇ, ਸਾਡਾ ਸੰਤੁਲਨ ਵਿਗੜਿਆ ਰਹਿੰਦਾ ਹੈ। ਜਿਨ੍ਹਾਂ ਦੇ ਪੁੱਤਰ ਨਹੀਂ ਹੁੰਦਾ, ਉਹ ਆਪਣੀ ਧੀ ਨੂੰ ਪੁੱਤਰ ਕਹਿ ਕੇ ਆਪਣੇ ਮਨ ਨੂੰ ਧਰਵਾਸ ਦੇ ਲੈਂਦੇ ਹਨ ਅਤੇ ਜਿਨ੍ਹਾਂ ਦੇ ਧੀ ਨਹੀਂ ਹੁੰਦੀ, ਉਨ੍ਹਾਂ ਨੂੰ ਨੂੰਹ ਦੀ ਉਡੀਕ ਕਰਨੀ ਪੈਂਦੀ ਹੈ। ਉਪਰੋਕਤ ਵੇਰਵਿਆਂ ਦਾ ਭਾਵ ਇਹ ਹੈ ਕਿ ਜੀਵਨ ਨੂੰ ਜਿਤਨਾ ਮਰਜ਼ੀ ਵਿਉਂਤ ਲਿਆ ਜਾਵੇ, ਇਸ ਦੇ ਕੁਝ ਕੋਨੇ ਖਾਲੀ ਰਹਿ ਜਾਂਦੇ ਹਨ, ਜਿਨ੍ਹਾਂ ਨੂੰ ਧੀਰਜ ਨਾਲ ਬਰਦਾਸ਼ਤ ਕਰਨਾ ਪੈਂਦਾ ਹੈ ਪਰ ਅਜਿਹੀਆਂ ਸਥਿਤੀਆਂ ਵਿਚ ਜੇ ਸਾਡਾ ਆਪਣੇ ਆਪ 'ਤੇ ਕਾਬੂ ਹੋਵੇ ਤਾਂ ਸੰਕਟ ਸੌਖੇ ਭਾਵੇਂ ਨਾ ਹੋਣ ਪਰ ਉਹ ਸਹਿਣਯੋਗ ਜ਼ਰੂਰ ਹੋ ਜਾਂਦੇ ਹਨ।

ਰੋਣ ਨਾਲ ਦਿਲ 'ਤੇ ਪਏ ਪੱਥਰ ਪਿਘਲ ਜਾਂਦੇ ਹਨ।

ਰੋਣਾ ਇਕ ਉਸਾਰੂ ਅਤੇ ਸ਼ਕਤੀ ਪ੍ਰਦਾਨ ਕਰਨ ਵਾਲਾ ਅਨੁਭਵ ਹੈ। ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਵਿਚ ਰੋਣ ਦੀ ਵਧੇਰੇ ਸਮੱਰਥਾ ਕਾਰਨ ਉਨ੍ਹਾਂ ਵਿਚ ਜੀਵਨ ਦੇ ਦੁੱਖਾਂ ਦਾ ਬੋਝ ਸੌਖ ਨਾਲ ਚੁਕਣ ਦੀ ਸਮਰੱਥਾ ਵੀ ਵਧੇਰੇ ਹੁੰਦੀ ਹੈ। ਇਕ ਸਹੇਲੀ ਨੇ ਦੂਜੀ ਨੂੰ ਲਿਖਿਆ, "ਤੂੰ ਜਦੋਂ ਮਿਲੇਂਗੀ, ਦੋਵੇਂ ਰਲ ਕੇ ਰੋਵਾਂਗੀਆਂ, ਕਿਤਨਾ ਚੰਗਾ ਲੱਗੇਗਾ।"

ਜਿਹੜੇ ਰੋ ਸਕਦੇ ਹਨ, ਉਹ ਨਾ ਕੇਵਲ ਪਿਆਰ ਪ੍ਰਾਪਤ ਕਰਨ ਦੇ ਵਧੇਰੇ ਯੋਗ ਹੁੰਦੇ ਹਨ, ਸਗੋਂ ਉਨ੍ਹਾਂ ਵਿਚ ਦੂਜਿਆਂ ਨੂੰ ਪਿਆਰ ਕਰਨ ਦੀ ਯੋਗਤਾ ਵੀ ਵਧੇਰੇ ਹੁੰਦੀ ਹੈ।

ਇਹ ਦੋਵੇਂ ਕਾਰਜ ਉਤਨੇ ਸੌਖੇ ਨਹੀਂ, ਜਿਤਨੇ ਪ੍ਰਤੀਤ ਹੁੰਦੇ ਹਨ।

ਰੋਣਾ ਵੀ ਤਪੱਸਿਆ ਦੀ ਇਕ ਕਿਸਮ ਹੁੰਦੀ ਹੈ।

ਪਿਆਰ ਵਾਂਗ ਦੋਸਤੀ ਵੀ ਸਾਡੇ ਵਿਚ ਕੱਟੜਤਾ ਨੂੰ ਘਟਾਉਂਦੀ ਹੈ ਅਤੇ ਸਿੱਧੇ ਹੋ ਕੇ ਟੁਰਨ ਦਾ ਸਲੀਕਾ ਸਿਖਾਉਂਦੀ ਅਤੇ ਮਨ ਦੇ ਮੇਲੇ ਦੀਆਂ ਰੌਣਕਾਂ ਵਧਾਉਂਦੀ ਹੈ।

ਜਿਉਂ-ਜਿਉਂ ਤੁਹਾਨੂੰ ਜ਼ਿੰਦਗੀ ਵਿਚ ਵਧੇਰੇ ਸਹੂਲਤਾਂ ਮਿਲਣਗੀਆਂ ਤਿਉਂ-ਤਿਉਂ ਤੁਹਾਡੀਆਂ ਜ਼ਿੰਮੇਵਾਰੀਆਂ ਵਿਚ ਵੀ ਵਾਧਾ ਹੋਵੇਗਾ ਅਤੇ ਤੁਹਾਡੇ ਵਿਚ ਵੱਡੇ ਫੈਸਲੇ ਕਰਨ ਦੀ ਯੋਗਤਾ ਉਪਜੇਗੀ ਅਤੇ ਆਪਣੇ ਆਪ ਉੱਤੇ ਤੁਹਾਡਾ ਕਾਬੂ ਵੀ ਵਧੇਗਾ। ਜੇ ਇਵੇਂ ਨਹੀਂ ਹੋ ਰਿਹਾ ਤਾਂ ਨਿਸ਼ਚੇ ਹੀ ਤੁਸੀਂ ਜ਼ਿੰਦਗੀ ਨਾਲ ਮਨਮਾਨੀ ਕਰ ਰਹੇ ਹੋਵੋਗੇ।

ਸਵੈ-ਕਾਬੂ ਦੇ ਅਰਥ ਆਜ਼ਾਦ ਹੋਣ ਦੇ ਹਨ।

ਆਜ਼ਾਦ ਹੋਣਾ ਮਨੁੱਖ ਦਾ ਫਰਜ਼ ਹੈ।

ਸਹੀ ਅਰਥਾਂ ਵਿਚ ਆਜ਼ਾਦ ਵਿਅਕਤੀ ਮਨਮਾਨੀ ਨਹੀਂ ਕਰੇਗਾ। ਉਹ ਕਦੀ ਵੀ ਭੀੜ ਦਾ ਭਾਗ ਨਹੀਂ ਬਣੇਗਾ। ਉਹ ਦੂਜਿਆਂ ਨੂੰ ਆਜ਼ਾਦੀ ਦੇਵੇਗਾ ਹੀ ਨਹੀਂ, ਉਨ੍ਹਾਂ ਦੀ ਆਜ਼ਾਦੀ ਦੀ ਰੱਖਿਆ ਵੀ ਕਰੇਗਾ।

ਜੇ ਅਜਿਹਾ ਨਹੀਂ ਹੋ ਰਿਹਾ ਤਾਂ ਤੁਸੀਂ ਵੇਸਵਾ ਵਾਂਗ ਸਰੀਰਕ ਪੱਖੋਂ ਹੀ ਨਹੀਂ ਆਤਮਿਕ ਪੱਖੋਂ ਵੀ ਥੱਕੇ ਹੋਏ ਹੋ। ਤੁਹਾਡੀ ਉਮਰ ਅਤੇ ਆਮਦਨ ਦੋਵੇਂ ਵੱਧ ਰਹੇ ਹੋਣਗੇ ਪਰ ਤੁਹਾਡੇ ਵਿਚ ਵਿਕਾਸ ਨਹੀਂ ਵਾਪਰ ਰਿਹਾ ਹੋਵੇਗਾ।

ਸਾਡੇ ਪਿਆਰਿਆਂ ਦੇ ਦੁੱਖ-ਸੁੱਖ ਵੀ ਸਾਡੇ ਅਨੁਭਵ ਦਾ ਭਾਗ ਬਣਦੇ ਹਨ, ਉਨ੍ਹਾਂ ਦੀਆਂ ਖ਼ੁਸ਼ੀਆਂ-ਗ਼ਮੀਆਂ ਨਾਲ ਹੀ ਸਾਡੇ ਮਨ ਦੇ ਮੇਲੇ ਲਗਦੇ ਅਤੇ ਉਜੜਦੇ ਹਨ। ਹਰ ਘਟਨਾ ਸਾਡੀ ਚੇਤਨਾ ਦੇ ਦਰਵਾਜ਼ੇ ਦੀ ਪੌੜੀ ਹੁੰਦੀ ਹੈ।

ਬਲਵਾਨ ਚੇਤਨਾ ਸਾਨੂੰ ਭੈਅ-ਮੁਕਤ ਕਰਦੀ ਹੈ। ਵੇਖਿਆ ਗਿਆ ਹੈ ਕਿ ਭੈਅ ਦੇ ਕਾਰਨ ਹੀ ਹਿੰਸਾ ਹੁੰਦੀ ਹੈ ਅਤੇ ਭੈਅ ਦੇ ਕਾਰਨ ਹੀ ਇਹ ਮੁੱਕਦੀ ਨਹੀਂ।

ਭੈਅ ਦੇ ਵਾਤਾਵਰਣ ਵਿਚ ਅਸੀਂ ਜਦੋਂ ਕਿਸੇ ਦਾ ਹਾਲ-ਚਾਲ ਪੁੱਛਦੇ ਹਾਂ ਤਾਂ ਵਾਸਤਵ ਵਿਚ ਇਹ ਪੁੱਛ ਰਹੇ ਹੁੰਦੇ ਹਾਂ ਕਿ ਤੁਸੀਂ ਕਿਤਨੇ ਡਰੇ ਹੋਏ ਹੋ।

ਭੈਅ ਮੁਕਤ ਹੋਏ ਬਿਨਾਂ ਨਿੱਘੇ ਅਤੇ ਹੰਢਣਸਾਰ ਰਿਸ਼ਤਿਆਂ ਨੂੰ ਉਸਾਰਨਾ ਸੰਭਵ ਨਹੀਂ ਹੁੰਦਾ ਅਤੇ ਨਿੱਘੇ ਰਿਸ਼ਤਿਆਂ ਤੋਂ ਬਿਨਾਂ ਸਾਨੂੰ ਜੀਵਨ ਦੀ ਤਸੱਲੀ ਨਹੀਂ ਮਿਲਦੀ।

ਹਰ ਇਕ ਵਿਅਕਤੀ ਹਰ ਵੇਲੇ ਕਈ ਰਿਸ਼ਤਿਆਂ ਵਿਚ ਬੱਝਾ ਹੁੰਦਾ ਹੈ।

ਰਿਸ਼ਤੇ ਵੀ ਸਾਨੂੰ ਕਾਬੂ ਵਿਚ ਰੱਖਦੇ ਹਨ। ਰਿਸ਼ਤਾ ਕੋਈ ਵੀ ਹੋਵੇ, ਉਹ ਉਦੋਂ ਤਕ ਹੀ ਨਿਭੇਗਾ, ਜਦੋਂ ਤਕ ਅਸੀਂ ਸਵੈ-ਕਾਬੂ ਦੇ ਘੇਰੇ ਵਿਚ ਰਹਾਂਗੇ। ਇਸ ਘੇਰੇ ਤੋਂ ਬਾਹਰ ਨਿਕਲ ਕੇ ਅਸੀਂ ਜੁਆਰੀਏ ਬਣ ਜਾਂਦੇ ਹਾਂ।

ਜੂਆ-ਖੇਡਣਾ, ਕਿਸੇ ਵੀ ਪ੍ਰਕਾਰ ਦਾ ਜੂਆ ਖੇਡਣਾ ਜਾਂ ਕਿਸੇ ਪ੍ਰਕਾਰ ਦਾ ਨਸ਼ਾ ਕਰਨਾ, ਸਵੈ-ਕਾਬੂ ਦੀ ਘਾਟ ਦੀ ਅਲਾਮਤ ਹੁੰਦਾ ਹੈ।

ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਿਹੜੇ ਪੈਸੇ ਅਸੀਂ ਹਾਰ ਨਹੀਂ ਸਕਦੇ, ਉਨ੍ਹਾਂ ਨਾਲ ਜੂਆ ਨਹੀਂ ਖੇਡਣਾ ਚਾਹੀਦਾ।

ਇਕ ਵਾਰੀ ਇਕ ਆਦਮੀ ਦੋ ਸਾਲ ਦੇ ਅਰਸੇ ਤਕ ਹਰ ਰੋਜ਼ ਸ਼ਾਮ ਨੂੰ ਆਪਣੇ ਘਰ ਦੇ ਨੇੜੇ ਇਕ ਜੂਆ-ਘਰ ਵਿਚ ਜੁਆਰੀਆਂ ਨੂੰ ਜੂਆ ਖੇਡਦੇ ਦੇਖ ਕੇ ਮੁੜ ਆਉਂਦਾ ਰਿਹਾ। ਇਕ ਦਿਨ ਉਸ ਨੇ ਜੂਆ-ਘਰ ਦੇ ਮਾਲਕ ਨੂੰ ਕਿਹਾ "ਵੇਖਿਆ ਤੁਸੀਂ ਮੇਰਾ ਸਵੈ-ਕਾਬੂ, ਮੈਂ ਰੋਜ਼ ਆਉਂਦਾ ਸੀ ਪਰ ਮੈਂ ਜੂਆ ਖੇਡਿਆ ਨਹੀਂ।" ਮਾਲਕ ਨੇ ਕਿਹਾ, "ਮੇਰੇ ਸਵੈ-ਕਾਬੂ ਨੂੰ ਤੁਸੀਂ ਨਹੀਂ ਜਾਣਦੇ। ਮੈਂ ਤੁਹਾਡੇ ਵੱਲ ਧਿਆਨ ਹੀ ਨਹੀਂ ਦਿੱਤਾ, ਜੇ ਮੈਂ ਤੁਹਾਨੂੰ ਫਸਾਉਣਾ ਚਾਹੁੰਦਾ ਤਾਂ ਤੁਸੀਂ ਬਚ ਕੇ ਨਹੀਂ ਸੀ ਜਾ ਸਕਦੇ। ਇਥੇ ਜਿਤਨੇ ਆਉਂਦੇ ਹਨ, ਕੇਵਲ ਜਿੱਤਣ ਦੀ ਭਾਵਨਾ ਨਾਲ ਆਉਂਦੇ ਹਨ, ਇਸੇ ਕਰ ਕੇ ਹਾਰ ਜਾਂਦੇ ਹਨ। ਮੈਂ ਤਾਂ ਇਨ੍ਹਾਂ ਨੂੰ ਕਹਿੰਦਾ ਹਾਂ, ਹਾਰਨ ਦੀ ਭਾਵਨਾ ਨਾਲ ਜੂਆ ਖੇਡੋ, ਜੂਆ ਖੇਡਣ ਦੀ ਆਦਤ ਜਾਂਦੀ ਰਹੇਗੀ ਪਰ ਇਤਨਾ ਸਵੈ-ਕਾਬੂ ਇਨ੍ਹਾਂ ਵਿਚ ਹੈ ਨਹੀਂ। ਇਸੇ ਲਈ ਇਹ ਸਾਰੇ ਇਥੇ ਆ ਕੇ ਜੂਏ ਨਾਲ ਅਮੀਰ ਹੋਣ ਦੀ ਇੱਛਾ ਵਿਚ ਬਰਬਾਦ ਹੋ ਰਹੇ ਹਨ ਅਤੇ ਮਰਨ ਤੋਂ ਪਹਿਲਾਂ ਮਰ ਰਹੇ ਹਨ।"

ਅਸੀਂ ਭਾਰਤੀ ਮੌਤ ਤੋਂ ਬਹੁਤ ਡਰਦੇ ਹਾਂ, ਇਸੇ ਕਰ ਕੇ ਅਸੀਂ ਬਹੁਤ ਅਧਿੱਕ ਪੂਜਾ-ਪਾਠ ਅਤੇ ਬੇਨਤੀਆਂ-ਅਰਦਾਸਾਂ ਕਰਦੇ ਹਾਂ।

ਅਧਿਕ ਪੂਜਾ-ਪਾਠ ਕਰਨਾ ਜਾਂ ਅਰਦਾਸਾਂ ਕਰਨੀਆਂ ਸਾਡੇ ਧਾਰਮਿਕ ਹੋਣ ਦਾ ਪ੍ਰਮਾਣ ਨਹੀਂ, ਸਾਡੇ ਵਧੇਰੇ ਡਰੇ ਹੋਣ ਦੀਆਂ ਨਿਸ਼ਾਨੀਆਂ ਹਨ।

ਜਦੋਂ ਮਨੁੱਖ ਵਿਚ ਸਵੈ-ਕਾਬੂ ਉਪਜਦਾ ਹੈ ਤਾਂ ਉਸ ਦਾ ਮੌਤ ਪ੍ਰਤੀ ਦ੍ਰਿਸ਼ਟੀਕੋਣ ਵੀ ਬਦਲ ਜਾਂਦਾ ਹੈ। ਧਰਮ ਦਾ ਪ੍ਰਮੁੱਖ ਵਿਸ਼ਾ ਜੀਵਨ ਨਹੀਂ, ਮੌਤ ਹੈ। ਇਸ ਸੰਸਾਰ ਵਿਚ ਵਿਚਰਨਾ ਨਹੀਂ, ਇਸ ਸੰਸਾਰ ਤੋਂ ਮੁਕਤ ਹੋਣਾ ਹੈ।

ਵਿਦਿਆ ਵਾਂਗ ਧਰਮ ਵੀ ਸਾਡੇ ਵਿਚ ਸਵੈ-ਕਾਬੂ ਉਪਜਾਉਣ ਦਾ ਉਪਰਾਲਾ ਕਰਦਾ ਹੈ ਪਰ ਸਵੈ-ਕਾਬੂ ਤੋਂ ਬਿਨਾਂ ਧਰਮ ਸਾਡੀਆਂ ਸਮੱਸਿਆਵਾਂ ਸੁਲਝਾਉਣ ਦੀ ਥਾਂ ਸਗੋਂ ਹੋਰ ਵੱਧਾਉਂਦਾ ਅਤੇ ਉਲਝਾਉਂਦਾ ਹੈ। ਧਰਮ ਪਖੰਡ-ਵਿਰੋਧੀ ਹੈ ਪਰ ਪੈਰੋਕਾਰਾਂ ਦੇ ਸਵੈ-ਕਾਬੂ ਤੋਂ ਬਿਨਾਂ ਇਹ ਆਪ ਸਭ ਤੋਂ ਵੱਡਾ ਪਖੰਡ ਹੋ ਨਿਬੜਦਾ ਹੈ।

ਇਕ ਉਮਰ ਤੋਂ ਬਾਅਦ ਹਰ ਕੋਈ ਸੁਹਿਰਦ ਹੋਣ ਦਾ ਯਤਨ ਕਰਦਾ ਹੈ, ਇਕ ਉਮਰ ਤੋਂ ਮਗਰੋਂ ਹਰ ਕੋਈ ਨਸ਼ੇ ਤਿਆਗ ਦਿੰਦਾ ਹੈ, ਇਕ ਪੜਾਅ ਉਤੇ ਹਰ ਕੋਈ ਈਮਾਨਦਾਰ ਹੋ ਨਿਬੜਦਾ ਹੈ ਪਰ ਇਹ ਸਭ ਮਜਬੂਰੀ-ਵੱਸ ਵਾਪਰਦਾ ਹੈ। ਇਸ ਸਮੇਂ ਤਕ ਮਨ ਅਤੇ ਦਿਲ ਦੋਹਾਂ ਉਤੇ ਪਛਤਾਵਿਆਂ ਦੀ ਧੂੜ ਜੰਮ ਚੁੱਕੀ ਹੁੰਦੀ ਹੈ। ਦਰਿਆ ਦੇ ਸੁੱਕ ਜਾਣ ਉਪਰੰਤ ਹਰ ਕੋਈ ਆਪਣੇ ਤੈਰਾਕ ਹੋਣ ਦੇ ਕਿੱਸੇ ਸੁਣਾਉਂਦਾ ਹੈ ਪਰ ਇਹ ਬਹਾਦਰੀ ਅਤੇ ਸਵੈ-ਕਾਬੂ ਦੀਆਂ ਉਦਾਹਰਣਾਂ ਨਹੀਂ, ਇਹ ਪਖੰਡ ਦੇ ਨਵੇਂ ਰੂਪ ਹਨ।

ਕਈ ਲੋਕਾਂ ਦਾ ਸਾਰਾ ਜੀਵਨ ਹੀ ਧੋਖੇ ਵਿਚ ਗੁਜ਼ਰਦਾ ਹੈ।

ਧੋਖੇਬਾਜ਼ ਦਾ ਪਛਤਾਵਾ ਵੀ ਧੋਖਾ ਹੁੰਦਾ ਹੈ।

ਤੁਸੀਂ ਵੇਖਿਆ ਹੋਵੇਗਾ ਕਿ ਕੁਝ ਲੋਕਾਂ ਨੇ ਹਰ ਵੇਲੇ ਸ਼ਿਕਾਇਤਾਂ ਦੀ ਪੰਡ ਚੁੱਕੀਆਂ ਹੁੰਦੀਆਂ ਹਨ। ਉਹ ਵੱਡੇ ਹੋ ਕੇ ਵੀ ਬੱਚਪਨ ਦੀ ਫ਼ਰਾਕ ਵਿਚ ਸਮਾਉਣ ਦਾ ਯਤਨ ਕਰਦੇ ਹਨ। ਉਹ ਇਵੇਂ ਘਬਰਾਏ ਹੋਏ ਹੁੰਦੇ ਹਨ, ਜਿਵੇਂ ਕਿਸੇ ਸਵਾਰੀ ਦਾ ਗੱਡੀ ਵਿਚੋਂ ਸੂਟਕੇਸ ਗੁੰਮ ਹੋ ਗਿਆ ਹੋਵੇ, ਜਾਂ ਜਿਵੇਂ ਉਨ੍ਹਾਂ ਦਾ ਕੋਈ ਪਿੱਛਾ ਕਰ ਰਿਹਾ ਹੋਵੇ। ਉਹ ਦੌੜਦੇ ਘੱਟ ਹਨ ਅਤੇ ਤਿਲ੍ਹਕਦੇ ਵਧੇਰੇ ਹਨ।

ਉਹ ਬਿਨਾਂ ਕਾਰਨ ਹੀ ਦੂਜਿਆਂ ਨੂੰ ਆਪਣੇ ਦੁਸ਼ਮਣ ਮਿੱਥ ਲੈਂਦੇ ਹਨ।

ਇਹੀ ਉਹ ਲੋਕ ਹੁੰਦੇ ਹਨ, ਜਿਨ੍ਹਾਂ ਵਿਚ ਸਵੈ-ਕਾਬੂ ਦੀ ਘਾਟ ਹੁੰਦੀ ਹੈ। ਅਜਿਹੇ ਲੋਕਾਂ ਦੀ ਗਿਣਤੀ ਛਾਲਾਂ ਮਾਰਦੀ ਵੱਧ ਰਹੀ ਹੈ ਅਤੇ ਜਿਸ ਅਨੁਪਾਤ ਵਿਚ ਇਹ ਗਿਣਤੀ ਵੱਧ ਰਹੀ ਹੈ, ਉਸੇ ਅਨੁਪਾਤ ਵਿਚ ਸਮਾਜ ਸੂਝ ਦੇ ਪੱਖੋਂ ਗਰੀਬ ਹੋ ਰਿਹਾ ਹੈ।

ਸਮਾਜ ਵਿਚ ਸਵੈ-ਕਾਬੂ ਵਾਲੇ ਨੇਕ ਵਿਅਕਤੀਆਂ ਦੀ ਗਿਣਤੀ ਇਸ ਹੱਦ ਤਕ ਘੱਟ ਗਈ ਹੈ ਕਿ ਉਦਾਹਰਣ ਦੇਣ ਲਈ ਵੀ ਕੋਈ ਨਹੀਂ ਲੱਭਦਾ।

ਸਵੈ-ਕਾਬੂ ਵਾਲੇ ਨੇਕ ਵਿਅਕਤੀਆਂ ਦਾ ਸਮਾਜ ਨਾਲ ਸਬੰਧ ਉਹੋ ਜਿਹਾ ਹੀ ਹੁੰਦਾ ਹੈ, ਜਿਹੋ ਜਿਹਾ ਐਤਵਾਰ ਦਾ ਬਾਕੀ ਦਿਨਾਂ ਨਾਲ ਹੁੰਦਾ ਹੈ। ਸਰੀਰਕ ਆਰਾਮ ਅਤੇ ਮਾਨਸਿਕ ਸ਼ਾਂਤੀ ਪ੍ਰਦਾਨ ਕਰਨ ਵਾਲੇ ਸਾਡੇ ਐਤਵਾਰ ਵੀ ਉਵੇਂ ਗੁਆਚਦੇ ਜਾ ਰਹੇ ਹਨ, ਜਿਵੇਂ ਸਾਡਾ ਸਵੈ-ਕਾਬੂ ਗੁਆਚ ਗਿਆ ਹੈ।

ਮਨ ਦੇ ਮੇਲੇ

ਕਈ ਦਰਿਆ ਅਜਿਹੇ ਵੀ ਹੁੰਦੇ ਹਨ ਕਿ ਜੇ ਘੜਾ ਪੱਕਾ ਹੋਵੇ ਤਾਂ ਵੀ ਉਨ੍ਹਾਂ ਦੇ ਦੂਜੇ ਕਿਨਾਰੇ ਨਹੀਂ ਪਹੁੰਚਿਆ ਜਾ ਸਕਦਾ।

ਅਜਿਹੇ ਦਰਿਆ ਕੇਵਲ ਡੁੱਬਣ ਲਈ ਹੁੰਦੇ ਹਨ।

ਜਿਸ ਕਿਸੇ ਨੇ ਵੀ ਭੰਵਰ ਦੀ ਜੂਨ ਭੋਗੀ ਹੈ, ਉਹ ਕਦੇ ਪਾਰ ਨਹੀਂ ਪਹੁੰਚਿਆ।

ਜਿਹੜੇ ਮੁਹੱਬਤਾਂ ਦੇ ਰਾਹ ਪੈਂਦੇ ਹਨ, ਉਨ੍ਹਾਂ ਨੂੰ ਮੰਜ਼ਲ ਤਾਂ ਲੱਭ ਪੈਂਦੀ ਹੈ ਪਰ ਰਾਹ ਗੁਆਚ ਜਾਂਦੇ ਹਨ।

ਜਦੋਂ ਮਨ ਵਾਵਰੋਲਿਆਂ ਦੀ ਟੋਰ ਟੁਰ ਪਵੇ ਤਾਂ ਮਨੁੱਖ ਆਪਣੇ ਘਰ ਦੇ ਬੂਹੇ 'ਤੇ ਦਸਤਕ ਦੇ ਕੇ ਪੁੱਛਦਾ ਹੈ: ਇਥੇ ਕੌਣ ਰਹਿੰਦਾ ਹੈ ? ਕੀ ਇਹ ਮੇਰਾ ਘਰ ਹੈ ? ਮੈਂ ਕੌਣ ਹਾਂ ?

ਹਿਰਨ ਨੂੰ ਉਸ ਦੀ ਕਸਤੂਰੀ ਹੀ ਸਜ਼ਾ ਹੈ।

ਪਾਣੀ ਕਿਧਰੇ ਵੀ ਹੋਵੇ, ਉਹ ਸਮੁੰਦਰ ਲਈ ਤਾਂਘਦਾ ਹੈ।

ਉਮਰ ਕੋਈ ਵੀ ਹੋਵੇ, ਮਨੁੱਖ ਪਿਆਰ ਲਈ ਵਿਲਕਦਾ ਹੈ।

ਪਿਆਰ ਦੇ ਲੱਖਾਂ ਬੂਹੇ-ਬਾਰੀਆਂ ਅਤੇ ਰਾਹ-ਰਸਤੇ ਹਨ। ਪਿਆਰ ਆਖਰ ਪਿਆਰ ਨੂੰ ਲੱਭ ਹੀ ਲੈਂਦਾ ਹੈ। ਜਦੋਂ ਇਹ ਕਰਾਮਾਤ ਵਾਪਰਦੀ ਹੈ ਤਾਂ ਇਕੋ ਵੇਲੇ ਕੁਝ ਗੁਆਚ ਜਾਣ ਅਤੇ ਕੁਝ ਲੱਭ ਪੈਣ ਦਾ ਤੀਬਰ ਅਹਿਸਾਸ ਹੁੰਦਾ ਹੈ।

ਕਰਾਮਾਤਾਂ ਕੇਵਲ ਪਿਆਰ ਹੀ ਵਿਖਾ ਸਕਦਾ ਹੈ।

ਪਿਆਰ ਦੀ ਤਾਂਘ ਦੌਰਾਨ ਅਤੇ ਪਿਆਰ ਦੀ ਅਵਸਥਾ ਵਿਚ ਜੋ ਕੁਝ ਵੀ ਵਾਪਰਦਾ ਹੈ, ਉਹ ਕਰਾਮਾਤ ਹੀ ਤਾਂ ਹੁੰਦੀ ਹੈ।

ਪਿਆਰ ਆਪ ਇਕ ਕਰਾਮਾਤ ਹੈ।

ਜਦੋਂ ਪਿਆਰ ਦੀ ਕਰਾਮਾਤ ਵਾਪਰਦੀ ਹੈ ਤਾਂ ਸਾਨੂੰ ਪਰ ਲੱਗ ਜਾਂਦੇ ਹਨ। ਜਦੋਂ ਪਰ ਖੁੱਲ੍ਹ ਜਾਣ ਤਾਂ ਸਾਰਾ ਅਸਮਾਨ ਆਪਣਾ ਹੋ ਜਾਂਦਾ ਹੈ।

ਅਸੀਂ ਪਿਆਰ ਇਸ ਲਈ ਕਰਦੇ ਹਾਂ ਤਾਂ ਜੁ ਸਾਨੂੰ ਜਿਊਣ ਦੀ ਜਾਚ ਆ ਜਾਵੇ ਅਤੇ ਜਿਊਂਦੇ ਇਸ ਲਈ ਹਾਂ ਤਾਂ ਜੁ ਸਾਨੂੰ ਪਿਆਰ ਕਰਨ ਦਾ ਸੁਚੱਜ ਆ ਜਾਵੇ।

ਦੁੱਖ-ਸੁੱਖ ਦੀ ਸੋਝੀ ਵੀ ਪਿਆਰ ਦੇ ਰਾਹ ਪੈ ਕੇ ਹੀ ਮਿਲਦੀ ਹੈ।

ਪਿਆਰ ਦੀ ਅਵਸਥਾ ਵਿਚ ਅਸੀਂ ਸੁੱਖ-ਦੁੱਖ ਦੋਵੇਂ ਭੁੱਲ ਜਾਂਦੇ ਹਾਂ।

ਪ੍ਰੇਮ ਦੀ ਅਣਹੋਂਦ ਵਿਚ ਅਸੀਂ ਦੁੱਖੀ ਹੁੰਦੇ ਹਾਂ।

ਪਿਆਰ ਤੋਂ ਉਚੇਰੀ ਸੁੱਖ ਦੀ ਕੋਈ ਅਵਸਥਾ ਨਹੀਂ ਹੁੰਦੀ।

ਪਿਆਰ ਜਦੋਂ ਦੇਣ 'ਤੇ ਆਉਂਦਾ ਹੈ ਤਾਂ ਸਭ ਕੁਝ ਲੁਟਾ ਦਿੰਦਾ ਹੈ ਪਰ ਜਦੋਂ ਇਹ ਲੈਣ 'ਤੇ ਆਉਂਦਾ ਹੈ ਤਾਂ ਇਹ ਕੁਝ ਵੀ ਬਾਕੀ ਨਹੀਂ ਛੱਡਦਾ।

ਪਿਆਰ ਵਿਚ ਕਿਸੇ ਵੀ ਪ੍ਰਕਾਰ ਦੀ ਬਹਿਸ ਸੰਭਵ ਨਹੀਂ ਹੁੰਦੀ, ਇਹ ਇਕ ਦੂਜੇ ਨਾਲੋਂ ਵੱਧ ਚੜ੍ਹ ਕੇ ਸਹਿਮਤ ਹੋਣ ਦੀ ਜੱਦੋ-ਜਹਿਦ ਹੁੰਦੀ ਹੈ।

ਪਿਆਰ ਕਿਸੇ ਨੇਮ, ਧਰਮ ਜਾਂ ਕਾਨੂੰਨ ਨੂੰ ਨਹੀਂ ਮੰਨਦਾ।

ਪਿਆਰ ਵਿਚ ਘੱਟ-ਵੱਧ ਦੀ ਚਰਚਾ ਨਹੀਂ ਹੁੰਦੀ।

ਜਦੋਂ ਘੱਟ-ਵੱਧ ਦੀ ਬਹਿਸ ਆਰੰਭ ਹੋ ਜਾਵੇ ਤਾਂ ਪਿੱਛੇ ਕੌੜੀਆਂ ਯਾਦਾਂ ਹੀ ਰਹਿ ਜਾਂਦੀਆਂ ਹਨ। ਪ੍ਰੇਮੀ ਕਹਿੰਦਾ ਹੈ ਕਿ ਮੈਨੂੰ ਸਮਝਣ ਦਾ ਯਤਨ ਨਹੀਂ ਕੀਤਾ ਗਿਆ ਅਤੇ ਪ੍ਰੇਮਿਕਾ ਕਹਿੰਦੀ ਹੈ ਕਿ ਮੇਰੇ ਪਿਆਰ ਦੀ ਕਦਰ ਨਹੀਂ ਪਈ।

ਇਸੇ ਲਈ ਕਹਿੰਦੇ ਹਨ ਕਿ ਪਿਆਰ ਸਾਰੇ ਵਹੀ-ਖਾਤਿਆਂ ਅਤੇ ਲੇਖਿਆਂ-ਜੋਖਿਆਂ ਤੋਂ ਮੁਕਤ ਹੁੰਦਾ ਹੈ। ਪਿਆਰ ਆਪਣੇ ਆਪ ਤੋਂ ਸਿਵਾਏ ਕਿਸੇ ਹੋਰ ਨੂੰ ਕੋਈ ਹਿਸਾਬ ਨਹੀਂ ਦਿੰਦਾ। ਪ੍ਰੇਮ ਨੂੰ ਅੰਨ੍ਹਾ ਇਸ ਲਈ ਕਿਹਾ ਜਾਂਦਾ ਹੈ, ਕਿਉਂਕਿ ਪ੍ਰੇਮੀ ਅਤੇ ਪ੍ਰੇਮਿਕਾ ਨੂੰ ਆਪਣੇ ਪਿਆਰੇ ਵਿਚ ਕੋਈ ਨੁਕਸ ਨਜ਼ਰ ਨਹੀਂ ਆਉਂਦਾ।

ਜਦੋਂ ਜੀਵਨ ਦੀ ਜਮ੍ਹਾ-ਤਕਸੀਮ ਵਿਚ ਕੇਵਲ ਪ੍ਰੇਮ ਹੀ ਬਾਕੀ ਬਚੇ ਤਾਂ ਉਸ ਵੇਲੇ ਧਰਤੀ ਤੁਹਾਨੂੰ ਆਪਣੇ ਰਿਣ ਤੋਂ ਮੁਕਤ ਕਰ ਦੇਵੇਗੀ। ਅਜਿਹੀ ਅਵਸਥਾ ਵਿਚ ਮਨੁੱਖ ਸਭ ਕੁਝ ਦੇਣ ਵਿਚ ਆਨੰਦ ਪ੍ਰਾਪਤ ਕਰਦਾ ਹੈ ਅਤੇ ਬਦਲੇ ਵਿਚ ਕੁਝ ਵੀ ਪ੍ਰਾਪਤ ਕਰਨ ਦੀ ਮਜਬੂਰੀ ਤੋਂ ਮੁਕਤ ਹੋ ਜਾਂਦਾ ਹੈ। ਉਸ ਵੇਲੇ ਹਰ ਰਾਹ ਹੀ ਮੰਜ਼ਲ ਹੋ ਨਿੱਬੜਦਾ ਹੈ। ਜਿਧਰ ਵੇਖੀਏ ਉਸ ਦੀ ਦਹਿਲੀਜ਼ ਦਿਸਦੀ ਹੈ, ਜਿਥੇ ਵੇਖੀਏ ਉਸ ਦੀ ਸੂਰਤ ਨਜ਼ਰ ਆਉਂਦੀ ਹੈ। ਅਜਿਹੀਆਂ ਘੜੀਆਂ ਵਿਚ ਹੀ ਮਨੁੱਖ ਕਹਿੰਦਾ ਹੈ: ਜੇ ਇਸ ਤਰ੍ਹਾਂ ਨਹੀਂ ਤਾਂ ਫਿਰ ਨਾ ਸਹੀ।

ਆਪਣੇ ਆਪ ਨੂੰ ਜਾਣਨ ਦੇ ਦੋ ਢੰਗ ਹੁੰਦੇ ਹਨ। ਅੰਦਰੋਂ ਜਾਣਨ ਦਾ ਢੰਗ ਸਮਾਧੀ ਹੈ, ਬਾਹਰੋਂ ਜਾਣਨ ਦਾ ਢੰਗ ਪਿਆਰ ਹੈ। ਪ੍ਰੇਮੀ, ਯੋਧਾ ਅਤੇ ਸੰਤ ਸਾਰੇ ਸਮਾਜ ਨੂੰ ਰੱਦ ਕਰਦੇ ਹਨ, ਸਮਾਜ ਵਿਰੁਧ ਬਗਾਵਤ ਕਰਦੇ ਹਨ। ਇਨ੍ਹਾਂ ਸਾਰਿਆਂ ਵਿਚ ਬੇਇਨਸਾਫ਼ੀਆਂ ਤੋਂ ਮੁਕਤ ਇਕ ਸਮਾਜ ਸਿਰਜਣ ਦੀ ਸਿਦਕਵਾਨ ਤਾਂਘ ਹੁੰਦੀ ਹੈ।

ਪਿਆਰ ਸਾਨੂੰ ਉਹ ਸਵੈ-ਵਿਸ਼ਵਾਸ ਦਿੰਦਾ ਹੈ, ਜਿਹੜਾ ਆਪਣੀਆਂ ਲੜਾਈਆਂ ਆਪ ਲੜ ਕੇ ਆਉਂਦਾ ਹੈ। ਜਿਹੜਾ ਦੁੱਖ ਤੋਂ ਡਰਦਾ ਹੈ, ਉਹ ਪਿਆਰ ਨਹੀਂ ਕਰ ਸਕਦਾ, ਕਿਉਂਕਿ ਇਹ ਡੁੱਬ ਕੇ ਉਭਰਨ ਦਾ, ਮਰ ਕੇ ਜਿਊਣ ਦਾ ਅਤੇ ਝੁਕ ਕੇ ਸਿੱਧੇ ਖੜ੍ਹੇ ਹੋਣ ਦਾ ਅਮਲ ਹੈ। ਇਸ ਯੁੱਧ ਵਿਚ ਕੋਈ ਕ੍ਰਿਸ਼ਨ ਕਿਸੇ ਅਰਜਨ ਦੀ ਸਹਾਇਤਾ ਨਹੀਂ ਕਰ ਸਕਦਾ।

ਪਿਆਰ ਸਾਡੇ ਅਨੁਭਵ ਨੂੰ ਡੂੰਘਾਈ ਅਤੇ ਵਿਸ਼ਾਲਤਾ ਦਿੰਦਾ ਹੈ, ਸਾਨੂੰ ਡੂੰਘੀਆਂ ਸਿਖਰਾਂ ਦੇ ਦੀਦਾਰ ਕਰਵਾਉਂਦਾ ਹੈ ਅਤੇ ਆਪਣਾ ਸਿਰ ਸਿਤਾਰ ਵਾਂਗ ਨੀਵਾਂ ਰੱਖਣ ਅਤੇ ਆਪਣੇ ਇਰਾਦੇ ਨੂੰ ਸੂਰਜ ਵਾਂਗ ਉੱਚਾ ਰੱਖਣ ਦਾ ਸਾਹਸ ਸਿਖਾਉਂਦਾ ਹੈ।

ਪਿਆਰ ਉਹ ਖੇਤਰ ਹੈ ਜਿਸ ਵਿਚ ਅਸੀਂ ਵੱਸਣ ਦੇ ਚਾਅ ਵਿਚ ਉਜੜ ਜਾਂਦੇ ਹਾਂ। ਅਸੀਂ ਸ਼ਿਕਾਇਤ ਕਰਨ ਜਾਂਦੇ ਹਾਂ ਪਰ ਧੰਨਵਾਦ ਕਰਕੇ ਮੁੜਦੇ ਹਾਂ। ਅੱਖਾਂ ਆਪਣੀਆਂ ਹੁੰਦੀਆਂ ਹਨ, ਨੀਂਦ ਪਰਾਈ ਹੋ ਜਾਂਦੀ ਹੈ। ਉਸ ਦੇ ਆਉਣ 'ਤੇ ਸੂਰਜ ਚੜ੍ਹਦਾ ਹੈ, ਉਸ ਦੇ ਜਾਣ 'ਤੇ ਮੱਸਿਆ ਹੋ ਜਾਂਦੀ ਹੈ। ਪ੍ਰੇਮੀ ਨੂੰ ਇਉਂ ਲਗਦਾ ਹੈ ਕਿ ਜਿਊਂ ਤਾਂ ਕੇਵਲ ਉਹ ਹੀ ਰਿਹਾ ਹੈ, ਬਾਕੀ ਸਾਰਾ ਸੰਸਾਰ ਤਾਂ ਠੇਡੇ ਹੀ ਖਾ ਰਿਹਾ ਹੈ।

ਪ੍ਰੇਮਿਕਾ ਕਹਿੰਦੀ ਹੈ: ਟਿਕਟਾਂ ਦੋ ਲੈ ਲੈ, ਜਿੱਥੇ ਚੱਲੇਂਗਾ, ਚੱਲਾਂਗੀ ਨਾਲ ਤੇਰੇ।

ਪ੍ਰੇਮੀ ਕਹਿੰਦਾ ਹੈ: ਜੇ ਤੂੰ ਆਉਣਾ ਹੋਵੇ ਤਾਂ ਮੈਂ ਰਾਤ ਜਲਦੀ ਪਾ ਦਿਆਂ, ਅੱਜ ਕੱਲ੍ਹ ਸੂਰਜ ਵੀ ਮੇਰਾ ਕਿਹਾ ਨਹੀਂ ਮੋੜਦਾ।

ਪ੍ਰੇਮਿਕਾ ਕਹਿੰਦੀ ਹੈ: ਉਹ ਜਿੱਤ ਵੀ ਸਕਦਾ ਸੀ ਪਰ ਪਤਾ ਨਹੀਂ ਕਿਉਂ ਹਾਰ ਗਿਆ।

ਪ੍ਰੇਮੀ ਲਿਖਦਾ ਹੈ: ਤੇਰੇ ਰੂਪ ਦਾ ਚਰਚਾ ਰੁਕੇਗਾ ਤਾਂ ਹੀ ਮੇਰੇ ਪਿਆਰ ਦੀ ਗੱਲ ਚਲੇਗੀ, ਤੂੰ ਵਿਛੜਿਆ ਨਾ ਕਰ, ਤੂੰ ਬਸ ਮਿਲਿਆ ਹੀ ਕਰ ਪਰ ਪ੍ਰੇਮੀ ਦੀ ਮੰਗ ਦੇ ਬਾਵਜੂਦ ਪ੍ਰੇਮਿਕਾ ਕੱਲ੍ਹ ਦੇ ਫਿਕਰ ਵਿਚ ਅੱਜ ਨੂੰ ਟਾਲਦੀ ਰਹਿੰਦੀ ਹੈ।

ਹਰ ਸੋਹਣੀ ਸੂਰਤ, ਕਵਿਤਾ ਦਾ ਨਜ਼ਰਾਨਾ ਮੰਗਦੀ ਹੈ।

ਹੁਸਨ, ਪਿਆਰ ਅਤੇ ਕਵਿਤਾ ਇਕ ਹੀ ਅਨੁਭਵ ਦੇ ਵੱਖਰੇ-ਵੱਖਰੇ ਨਾਂ ਹਨ।

ਪ੍ਰੇਮ ਦੀ ਅਵਸਥਾ ਵਿਚ ਹਰ ਵਿਅਕਤੀ ਕਵੀ ਹੁੰਦਾ ਹੈ।

ਸਮਾਜ, ਪਿਆਰ ਦੇ ਵਿਰੁਧ ਹੁੰਦੇ ਹਨ ਪਰ ਪ੍ਰੇਮੀ ਪਿਆਰ ਨੂੰ ਸਤਿਕਾਰਯੋਗ ਬਣਾਉਣ ਲਈ, ਹਰ ਯੁੱਗ ਵਿਚ ਅੰਦੋਲਨ ਕਰਦੇ ਰਹੇ ਹਨ।

ਜਿਹੜਾ ਵਿਅਕਤੀ ਸਾਨੂੰ ਬਿਨਾਂ ਕਿਸੇ ਸੁਆਰਥ ਦੇ ਚੰਗਾ ਲੱਗੇ, ਉਹ ਸਾਡਾ ਪਿਆਰਾ ਹੋ ਨਿਬੜਦਾ ਹੈ। ਸੁੰਦਰ ਰੂਪ ਦੀ ਅਸਲੀ ਤਸਵੀਰ ਸਾਡੇ ਮਨ ਵਿਚ ਹੁੰਦੀ ਹੈ, ਜਿਸ ਦੇ ਨਾਲ ਮਿਲਦੀ-ਜੁਲਦੀ ਸੂਰਤ ਅਸੀਂ ਬਾਹਰ ਲਭਦੇ ਫਿਰਦੇ ਹਾਂ। ਸਾਨੂੰ ਆਪਣਾ ਪ੍ਰੇਮੀ ਸੰਪੂਰਣ ਲਗਦਾ ਹੈ। ਜੇ ਉਸ ਦੇ ਰੂਪ ਵਿਚ ਤਬਦੀਲੀ ਕਰਨੀ ਸਾਡੇ ਵੱਸ ਵਿਚ ਵੀ ਹੋਵੇ ਤਾਂ ਵੀ ਅਸੀਂ ਕੋਈ ਪਰਿਵਰਤਨ ਕਿਆਸ ਨਹੀਂ ਸਕਦੇ।

ਮੈਂ ਪਿਆਰ ਕਰਾਂ ਕਿ ਨਾ ? ਇਹ ਗੱਲ ਪੁਛਣ ਵਾਲੀ ਨਹੀਂ ਹੁੰਦੀ, ਕਿਉਂਕਿ ਇਸ ਦਾ ਕੋਈ ਉੱਤਰ ਨਹੀਂ ਹੁੰਦਾ।

ਪਤਾ ਹੀ ਨਹੀਂ ਲਗਦਾ ਕਿ ਕੋਈ ਕਿਵੇਂ ਮਿਲਦਾ ਹੈ, ਅੱਖ ਕਿਵੇਂ ਝੁਕਦੀ ਹੈ, ਧੜਕਣ ਕਿਵੇਂ ਰੁਕਦੀ ਹੈ, ਗੱਲ ਕਿਵੇਂ ਚਲਦੀ ਹੈ, ਨੀਂਦ ਕਿਵੇਂ ਉੱਡਦੀ ਹੈ।

ਉਸ ਨੂੰ ਭੁਲਾਉਣ ਦੇ ਯਤਨ ਵਿਚ ਕਰਾਮਾਤ ਇਹ ਵਾਪਰਦੀ ਹੈ ਕਿ ਉਸ ਦੀ ਸੂਰਤ ਪਿਘਲ ਕੇ ਹਰ ਚੀਜ਼ ਵਿਚ ਢਲ ਜਾਂਦੀ ਹੈ ਅਤੇ ਹਵਾ ਵਿਚ ਘੁਲ ਜਾਂਦੀ ਹੈ।

ਪਿਆਰ ਵਿਚ ਅਕਸਰ ਇਵੇਂ ਵਾਪਰਦਾ ਹੈ, ਜਿਵੇਂ ਕੋਈ ਸਮੁੰਦਰ ਖੋਹ ਕੇ ਲੈ ਜਾਵੇ ਅਤੇ ਜਾਂਦਾ ਹੋਇਆ ਇਕ ਕਿਸ਼ਤੀ ਦੇ ਜਾਵੇ।

ਹਰ ਇਸਤਰੀ ਨੂੰ ਆਪਣੀ ਕਿਸੇ ਨਾ ਕਿਸੇ ਗੱਲ ਦਾ ਮਾਣ ਹੁੰਦਾ ਹੈ।

ਪਿਆਰ ਦੇ ਰਿਸ਼ਤੇ ਵਿਚ ਇਸਤਰੀ ਨੂੰ ਵਧੇਰੇ ਮਿਹਨਤ ਕਰਨੀ ਪੈਂਦੀ ਹੈ, ਵਧੇਰੇ ਕੁਰਬਾਨੀ ਦੇਣੀ ਪੈਂਦੀ ਹੈ, ਵਧੇਰੇ ਵਿਰਲਾਪ ਕਰਨਾ ਪੈਂਦਾ ਹੈ। ਮਿਲਣੀ ਵਾਲੀ ਥਾਂ ਦਾ ਫ਼ੈਸਲਾ ਕਰਨ ਵਿਚ ਅਤੇ ਪਿਆਰ ਦੇ ਪ੍ਰਬੰਧ ਵਿਚ ਇਸਤਰੀ ਦੀ ਯੋਗਤਾ ਦਾ ਕੋਈ ਹੱਦ-ਬੰਨਾ ਨਹੀਂ ਹੁੰਦਾ। ਪਿਆਰ ਵਾਸਤਵ ਵਿਚ ਇਸਤਰੀ ਦਾ ਖੇਤਰ ਹੈ।

ਇਸਤਰੀ-ਪੁਰਸ਼ ਦੇ ਸਾਥ ਅਤੇ ਸੰਜੋਗ ਨੂੰ ਕੁਦਰਤ ਉਤਸ਼ਾਹ ਦਿੰਦੀ ਹੈ, ਅਸ਼ੀਰਵਾਦ ਦਿੰਦੀ ਹੈ ਅਤੇ ਇਨ੍ਹਾਂ ਦੇ ਮੇਲ ਦੀ ਪ੍ਰਸ਼ੰਸਾ ਕਰਦੀ ਹੈ।

ਪਿਆਰ ਵਿਚੋਂ ਕਾਮ ਨਹੀਂ, ਸਗੋਂ ਕਾਮ ਵਿਚੋਂ ਪਿਆਰ ਉਪਜਦਾ ਹੈ।

ਜੇ ਕੋਈ ਵਿਅਕਤੀ ਕਾਮ ਤੋਂ ਮੁਕਤ ਹੈ, ਉਸ ਨੂੰ ਕੋਈ ਵੀ ਚੀਜ਼ ਖਿੱਚ ਨਹੀਂ ਪਾ ਸਕਦੀ। ਕਾਮ ਦੀ ਲਾਲਸਾ ਸਰੀਰ ਤਕ ਸੀਮਤ ਹੁੰਦੀ ਹੈ ਪਰ ਪਿਆਰ ਦੀ ਪੌੜੀ ਚੜ੍ਹ ਕੇ ਇਹ ਲਾਲਸਾ ਰੂਹਾਨੀ ਅਨੁਭਵ ਦੀਆਂ ਬੁਲੰਦੀਆਂ ਛੂੰਹਦੀ ਹੈ। ਜੋ ਪਿਆਰ ਸੌਖਿਆਂ ਪ੍ਰਾਪਤ ਹੋ ਜਾਂਦਾ ਹੈ, ਉਹ ਆਨੰਦ ਨਹੀਂ ਦਿੰਦਾ, ਨਾ ਹੀਂ ਉਹ ਡੂੰਘਾ ਅਤੇ ਸਦੀਵੀ ਹੁੰਦਾ ਹੈ। ਪ੍ਰੇਮ ਮਾਰਗ ਜਿਤਨਾ ਬਿਖੜਾ ਅਤੇ ਲੰਮਾ ਹੋਵੇ, ਉਤਨਾ ਉਹ ਵਧੇਰੇ ਆਨੰਦਦਾਇਕ ਹੁੰਦਾ ਹੈ।

ਇਸਤਰੀ ਉਤੇ ਸਮਾਜਿਕ ਬੰਧਨ ਅਤੇ ਰੋਕਾਂ ਵਧੇਰੇ ਹਨ, ਇਸੇ ਲਈ ਉਸ ਦਾ ਵਿਹਾਰ ਵਧੇਰੇ ਸੂਖਮ ਅਤੇ ਗੁੰਝਲਦਾਰ ਹੈ।

ਪਿਆਰ ਆਪਣੇ ਪ੍ਰੀਤਮ ਦੇ ਮਨ ਅਤੇ ਸਰੀਰ ਦੀ ਵਾਹ-ਵਾਹ ਉਤੇ ਨਿਰਭਰ ਹੋਣ ਕਰਕੇ ਵਿਸਮਾਦੀ ਅਨੁਭਵ ਹੋ ਨਿਬੜਦਾ ਹੈ। ਹਰ ਪ੍ਰੇਮੀ ਦੇ ਮਨ ਵਿਚ ਇਹ ਪ੍ਰਸ਼ਨ ਉਠਦਾ ਹੈ ਕਿ ਮੈਂ ਕੀ ਕਰਾਂ ਕਿ ਮੇਰਾ ਪਿਆਰਾ ਮੇਰੇ ਨਾਲ ਪ੍ਰੇਮ ਕਰੇ। ਇਸ ਪ੍ਰਸ਼ਨ ਵਿਚੋਂ ਹੀ ਪ੍ਰੇਮ-ਲੀਲ੍ਹਾ ਦਾ ਸੰਕਲਪ ਜਨਮਦਾ ਹੈ। ਪ੍ਰੇਮ-ਲੀਲ੍ਹਾ ਦੀ ਇੱਛਾ ਇਸਤਰੀ ਨੂੰ ਸ਼ਿੰਗਾਰ ਕਰਨ ਲਈ ਪ੍ਰੇਰਦੀ ਹੈ। ਇਸਤਰੀਆਂ ਸਰੀਰਕ ਅੰਗਾਂ ਦੀ ਰੌਣਕ ਤੋਂ ਇਲਾਵਾ, ਵਸਤਰਾਂ ਅਤੇ ਗਹਿਣਿਆਂ ਨਾਲ ਪੁਰਸ਼ ਮਨਾਂ ਨੂੰ ਤਰੰਗਤ ਕਰਦੀਆਂ ਹਨ। ਦਰਜ਼ੀਆਂ, ਸਰਾਫ਼ਾਂ, ਬਜਾਜਾਂ, ਲਲਾਰੀਆਂ ਆਦਿ ਦਾ ਰੁਜ਼ਗਾਰ ਇਸਤਰੀਆਂ ਵਲੋਂ ਪੁਰਸ਼ਾਂ ਦਾ ਧਿਆਨ ਖਿੱਚਣ ਦੀ ਲਗਾਤਾਰ ਲਾਲਸਾ ਉਤੇ ਉਸਰਿਆ ਹੋਇਆ ਹੈ। ਨਰ ਵੀ ਸ਼ਿੰਗਾਰ ਕਰਦੇ ਹਨ। ਮੋਰ ਦੀ ਉਦਾਹਰਣ ਸਾਡੇ ਸਾਮ੍ਹਣੇ ਹੈ। ਪੁਰਸ਼ ਸ਼ਿੰਗਾਰ ਹੀ ਨਹੀਂ ਕਰਦੇ, ਚਾਤਰਤਾ ਵੀ ਵਿਖਾਉਂਦੇ ਹਨ, ਉਹ ਸ਼ਕਤੀ, ਅਕਲ ਅਤੇ ਧਨ ਦੀ ਨੁਮਾਇਸ਼ ਲਾਉਂਦੇ ਹਨ। ਇਸਤਰੀ ਨੂੰ ਤੋਹਫ਼ੇ ਦੇਣਾ, ਘੁਮਾਉਣਾ, ਖੁਆਉਣਾ ਪੁਰਸ਼ ਵੱਲੋਂ ਆਪਣੀ ਸ਼ਕਤੀ ਪ੍ਰਗਟਾਉਣ ਦੇ ਵਿਸ਼ਵ-ਵਿਆਪੀ ਢੰਗ-ਤਰੀਕੇ ਹਨ।

ਸਲਾਹੁਣਾ ਵੀ ਇਕ ਪ੍ਰਕਾਰ ਦਾ ਤੋਹਫ਼ਾ ਹੁੰਦਾ ਹੈ।

ਪ੍ਰੇਮੀਆਂ ਦੀ ਬਹੁਤੀ ਗੱਲਬਾਤ ਆਪਸੀ ਉਸਤਤ ਅਤੇ ਆਪਣੇ ਦੁੱਖਾਂ ਦਾ ਹੀ ਵਿਖਿਆਨ ਹੁੰਦੀ ਹੈ। ਹਰ ਵਿਅਕਤੀ ਨੂੰ ਆਪਣੀ ਕਿਸੇ ਨਾ ਕਿਸੇ ਘਾਟ ਦਾ ਅਹਿਸਾਸ ਹੁੰਦਾ ਹੈ, ਉਸਤਤ ਉਸ ਘਾਟ ਨੂੰ ਢਕਦੀ ਹੈ। ਦੁੱਖ ਦਾ ਪ੍ਰਗਟਾਵਾ, ਦੂਜੇ ਦਾ ਸਾਥ ਪ੍ਰਾਪਤ ਕਰਨ ਲਈ, ਬੇਨਤੀ-ਪੱਤਰ ਹੋ ਨਿੱਬੜਦਾ ਹੈ।

ਇਸਤਰੀ ਦੀ ਵੱਡੀ ਸ਼ਕਤੀ ਉਸ ਦੇ ਸੁੰਦਰ ਹੋਣ ਵਿਚ ਨਹੀਂ, ਉਸ ਦੇ ਅਪਹੁੰਚ ਹੋਣ, ਚਿਰ ਨਾਲ ਮਿਲਣ ਅਤੇ ਗੈਰਹਾਜ਼ਰ ਹੋਣ ਵਿਚ ਹੁੰਦੀ ਹੈ। ਅਜਿਹੀ ਅਵਸਥਾ ਵਿਚ ਉਹ

ਪਰੀ ਲਗਦੀ ਹੈ ਜਦੋਂ ਕਿ ਹਾਜ਼ਰ ਹੋਣ ਦੀ ਅਵਸਥਾ ਵਿਚ ਉਹ ਇਸ ਧਰਤੀ ਦੀ ਇਸਤਰੀ ਲਗਦੀ ਹੈ, ਅਧਿਕ ਹਾਜ਼ਰ ਹੋਣ ਨਾਲ ਉਹ ਇਕ ਸਾਧਾਰਨ ਇਸਤਰੀ ਲਗਦੀ ਹੈ, ਵਿਆਹ ਹੋਣ ਦੀ ਸੂਰਤ ਵਿਚ ਉਸ ਦੇ ਗੁਆਚ ਜਾਣ ਦਾ ਡਰ ਜਾਂਦਾ ਰਹਿੰਦਾ ਹੈ ਅਤੇ ਪੁਰਸ਼ ਉਸ ਪ੍ਰਤੀ ਅਵੇਸਲਾ ਹੋ ਜਾਂਦਾ ਹੈ। ਇਸੇ ਅਵਸਥਾ ਵਿਚ ਪੁਰਸ਼ ਕਹਿੰਦਾ ਹੈ: ਮੇਰੇ ਨਾਲ ਧੋਖਾ ਹੋਇਆ ਹੈ ਅਤੇ ਇਸਤਰੀ ਕਹਿੰਦੀ ਹੈ: ਮੇਰੇ ਪਿਆਰ ਦੀ ਕਦਰ ਨਹੀਂ ਪਈ।

ਜਿਹੜੀ ਚੀਜ਼ ਦੇ ਗੁਆਚਣ ਦਾ ਡਰ ਹੁੰਦਾ ਹੈ, ਉਸੇ ਨੂੰ ਅਸੀਂ ਸੰਭਾਲ ਕੇ ਰਖਦੇ ਹਾਂ। ਪਿਆਰ ਵਿਚ ਇਕ ਦੂਜੇ ਦੇ ਗੁਆਚ ਜਾਣ ਦਾ ਡਰ ਨਿਰੰਤਰ ਬਣਿਆ ਰਹਿੰਦਾ ਹੈ, ਇਸੇ ਲਈ ਪ੍ਰੇਮੀ, ਵਿਆਹ ਲਈ ਤਾਂਘਦੇ ਹਨ। ਜੋ ਵਸਤ ਜਾਂ ਵਿਅਕਤੀ ਸਾਡੀ ਪਹੁੰਚ ਵਿਚ ਆ ਜਾਂਦਾ ਹੈ, ਉਹ ਕਰੂਪ ਅਤੇ ਕੋਝਾ ਹੋਣ ਲਗ ਪੈਂਦਾ ਹੈ।

ਇਹ ਬੜੀ ਚਿੰਤਾ ਦੀ ਗੱਲ ਹੈ ਕਿ ਪ੍ਰੇਮੀ ਵਿਆਹ ਲਈ ਤਾਂਘਦੇ ਹਨ।

ਸਭ ਮੁਸ਼ਕਿਲਾਂ ਦੇ ਬਾਵਜੂਦ ਪ੍ਰੇਮੀ ਬੜੇ ਪ੍ਰਸੰਨ ਹੁੰਦੇ ਹਨ ਪ੍ਰੰਤੂ ਲੋਭ-ਵੱਸ ਆਪਣੀ ਪ੍ਰਸੰਨਤਾ ਨੂੰ ਸਦੀਵੀ ਬਣਾਉਣ ਲਈ ਉਹ ਵਿਆਹ ਕਰਦੇ ਹਨ।

ਪ੍ਰੇਮੀ ਨਾਲ ਵਿਆਹ ਦੀ ਇੱਛਾ ਪਿਆਰ ਨਹੀਂ, ਲੋਭ ਹੁੰਦੀ ਹੈ।

ਵਿਆਹ ਕਰਾਉਣ ਉਪਰੰਤ ਰਿਸ਼ਤਾ ਪਰਸਪਰ ਸ਼ੋਸ਼ਣ ਦਾ ਹੋ ਨਿਬੜਦਾ ਹੈ ਅਤੇ ਪ੍ਰੇਮੀ ਵਪਾਰੀ ਬਣ ਜਾਂਦੇ ਹਨ। ਪਿਆਰ ਅਤੇ ਵਪਾਰ ਵਿਚ ਕੁਝ ਵੀ ਸਾਂਝਾ ਨਹੀਂ। ਵਿਆਹ ਕਰਨ ਨਾਲ ਪ੍ਰੇਮੀਆਂ ਨੂੰ ਇਕ ਦੂਜੇ ਦੇ ਤਨ ਤਾਂ ਮਿਲ ਜਾਂਦੇ ਹਨ ਪਰ ਮਨ ਉਪਰਾਮ ਹੋ ਜਾਂਦੇ ਹਨ ਅਤੇ ਮਨਾਂ ਵਿਚਲੀ ਵਿੱਥ ਵੱਧ ਜਾਂਦੀ ਹੈ।

ਪ੍ਰੇਮੀਆਂ ਲਈ ਇਕ ਦੂਜੇ ਨਾਲ ਰਹਿਣ ਨਾਲੋਂ ਇਕ ਦੂਜੇ ਦੇ ਸਦਕੇ ਮਰਨਾ, ਸੌਖਾ ਹੁੰਦਾ ਹੈ। ਪ੍ਰੇਮੀ ਵਿਆਹ ਕਰ ਕੇ ਪਿਆਰ ਨੂੰ ਤਲਾਕ ਦਿੰਦੇ ਹਨ।

ਵਕਤ ਦੇ ਬੀਤਣ ਨਾਲ ਟੋਰ ਅਤੇ ਸੋਚ ਦੋਵੇਂ ਬਦਲ ਜਾਂਦੀਆਂ ਹਨ। ਪਤਾ ਹੀ ਨਹੀਂ ਲਗਦਾ ਕਦੋਂ ਕੀਰਤਨ ਵਿਚੋਂ ਕੀਰਨੇ ਸੁਣਾਈ ਦੇਣ ਲੱਗ ਪੈਂਦੇ ਹਨ। ਜਦੋਂ ਤਕ ਮਨੁੱਖ ਨੂੰ ਉਸ ਦਾ ਸਾਥ ਨਹੀਂ ਮਿਲਦਾ, ਉਸ ਦੀ ਭਟਕਣ ਨਹੀਂ ਮੁਕਦੀ। ਸਾਥ ਮਿਲਣ ਦੀਆਂ ਅਤੇ ਪਿਆਰ ਪੈਣ ਦੀਆਂ ਸੰਭਾਵਨਾਵਾਂ ਦਿਨੋ-ਦਿਨ ਸੁੰਗੜ ਰਹੀਆਂ ਹਨ। ਮੇਲ-ਮਿਲਾਪ ਨਿਰਸੰਦੇਹ ਵੱਧ ਰਿਹਾ ਹੈ ਪਰ ਮਿਲਣ ਵਾਲੀ ਤਸੱਲੀ ਲੋਪ ਹੁੰਦੀ ਜਾ ਰਹੀ ਹੈ।

ਜਿਨ੍ਹਾਂ ਦਾ ਕੋਈ ਜੀਵਨ ਉਦੇਸ਼ ਨਹੀਂ ਹੁੰਦਾ, ਉਹ ਪਿਆਰ ਵਿਚ ਵੀ ਜਲਦੀ ਅੱਕ ਜਾਂਦੇ ਹਨ, ਸੋ ਪ੍ਰੇਮ ਦੀਆਂ ਬਾਲ-ਮੌਤਾਂ ਦੀ ਗਿਣਤੀ ਵੱਧ ਰਹੀ ਹੈ। ਜੀ ਭਰ ਜਾਣ ਨਾਲ ਹਰ ਰਿਸ਼ਤੇ ਵਿਚ ਕੁੜੱਤਣ ਆ ਜਾਂਦੀ ਹੈ। ਜੇ ਪਿਆਰ ਨੂੰ ਨਵਿਆਉਣ ਦੇ ਨਿੱਤ ਨਵੇਂ ਯਤਨ ਨਾ ਕੀਤੇ ਜਾਣ ਤਾਂ ਰਿਸ਼ਤੇ ਦੇ ਪੁਰਾਣੇ ਹੋਣ ਨਾਲ ਪਰਸਪਰ ਚੁੱਪ ਲੰਮੀ ਹੁੰਦੀ ਜਾਂਦੀ ਹੈ। ਪ੍ਰੇਮੀ ਦੁਖੀ ਹੋਣ ਲਈ ਕੋਈ ਨਾ ਕੋਈ ਢੰਗ ਲੱਭ ਹੀ ਲੈਂਦੇ ਹਨ। ਉਹ ਦੂਜੀ ਧਿਰ ਦੀ ਹਰ ਗੱਲ ਨੂੰ ਪੜਚੋਲਦੇ, ਹਰ ਸੈਨਤ ਨੂੰ ਫਰੋਲਦੇ, ਹਰ ਗੱਲ ਦੇ ਗੁੱਝੇ ਅਰਥ ਲੱਭਦੇ, ਈਰਖਾ ਅਤੇ ਨਫ਼ਰਤ ਦਾ ਕੰਡਾ ਕੱਢਣ ਦਾ ਜਿੰਨਾ ਵਧੇਰੇ ਯਤਨ ਕਰਦੇ ਹਨ, ਉਤਨਾ ਉਹ ਵਧੇਰੇ ਧੱਸਦੇ ਜਾਂਦੇ ਹਨ। ਬੰਧਨ ਜਾਂ ਬੰਦਸ਼ ਕਿਸੇ ਵੀ ਪ੍ਰਕਾਰ ਦਾ ਹੋਵੇ, ਉਸ ਵਿਚ ਪਿਆਰ ਕੁਮਲਾ ਜਾਂਦਾ ਹੈ।

ਠੇਸੇ ਹੋਏ ਰਿਸ਼ਤੇ ਸੁੱਖ ਜਾਂ ਧਰਵਾਸ ਨਹੀਂ ਦਿੰਦੇ। ਇਹ ਬੋਝ ਬਣ ਜਾਂਦੇ ਹਨ ਅਤੇ ਬੋਝ ਕਿਸੇ ਵੀ ਪ੍ਰਕਾਰ ਦਾ ਹੋਵੇ, ਉਹ ਅਸੀਂ ਜਲਦੀ ਤੋਂ ਜਲਦੀ ਤਿਆਗਣਾ ਚਾਹੁੰਦੇ ਹਾਂ।

ਪ੍ਰੇਮੀ ਇਕ ਦੂਜੇ ਦੇ ਦਿਲ ਦੀਆਂ ਬੁੱਝਦੇ ਹਨ। ਜਦੋਂ ਪਿਆਰ ਦਾ ਹੁਲਾਰਾ ਉੱਚਾ ਹੋਵੇ ਤਾਂ ਜਾਨ ਬੜੀ ਛੋਟੀ ਚੀਜ਼ ਵਿਖਾਈ ਦੇਣ ਲੱਗ ਪੈਂਦੀ ਹੈ, ਇਸੇ ਲਈ ਪ੍ਰੇਮੀ ਆਪਣੀ ਜਾਨ ਵਾਰਨ ਦੀ ਗੱਲ ਸਭ ਤੋਂ ਪਹਿਲਾਂ ਕਰਦੇ ਹਨ।

ਪਿਆਰ ਸਦਾ ਪਵਿੱਤਰਤਾ, ਸੰਜਮ, ਸਰਲਤਾ, ਸੱਚਾਈ, ਮਿਠਾਸ ਅਤੇ ਦਾਨ ਵਿਚ ਪੱਲਰਦਾ ਹੈ। ਸਬਰ, ਸਹਿਣਸ਼ੀਲਤਾ ਅਤੇ ਭਰੋਸਾ ਪਿਆਰ ਦੀਆਂ ਬੁਨਿਆਦਾਂ ਹਨ, ਜਦੋਂ ਕਿ ਲਾਲਸਾ, ਲਾਲਚ ਅਤੇ ਕਬਜ਼ੇ ਦੀ ਭਾਵਨਾ ਆਦਿ ਪਿਆਰ ਨੂੰ ਡੇਗਣ, ਮਾਰਨ ਅਤੇ ਤਬਾਹ ਕਰਨ ਵਾਲੇ ਤੇਜ਼ਾਬ ਹਨ।

ਕੀ ਪ੍ਰੇਮੀਆਂ ਨੂੰ ਵਿਆਹ ਕਰਵਾਉਣਾ ਚਾਹੀਦਾ ਹੈ?

ਜੇ ਸੁਭਾਵਿਕ ਰੂਪ ਵਿਚ ਵਿਆਹ ਹੁੰਦਾ ਹੋਵੇ ਤਾਂ ਕਰਵਾ ਲੈਣਾ ਚਾਹੀਦਾ ਹੈ ਪਰ ਵਿਆਹ ਦੀ ਜ਼ਿੱਦ ਨਹੀਂ ਕਰਨੀ ਚਾਹੀਦੀ। ਵਿਆਹ ਤਾਂ ਹੀ ਕਰਵਾਉਣਾ ਚਾਹੀਦਾ ਹੈ ਜੇ ਜੀਵਨ ਦੇ ਯਥਾਰਥ ਦੇ ਆਹਮੋ-ਸਾਹਮਣੇ ਖਲੋਣ ਦੀ ਸਮਰੱਥਾ ਹੋਵੇ।

ਸਮੁੱਚੇ ਰੂਪ ਵਿਚ ਪਿਆਰ ਉਤੇ ਵਿਆਹ ਦਾ ਬੋਝ ਨਹੀਂ ਪਾਉਣਾ ਚਾਹੀਦਾ।

ਪਿਆਰ ਸਾਨੂੰ ਭਾਵਕ, ਸਿਆਣਾ ਅਤੇ ਕੋਮਲ ਬਣਾ ਦਿੰਦਾ ਹੈ। ਇਹ ਸਨੇਹ, ਚੁੱਪ ਅਤੇ ਸਬਰ ਉਪਜਾਉਂਦਾ ਹੈ।

ਸਿਆਣੇ ਪ੍ਰੇਮੀ ਕਦੀ ਖਿਝਦੇ ਨਹੀਂ, ਉਹ ਦੂਜੀ ਧਿਰ ਦਾ ਵਿਕਾਸ ਨਹੀਂ ਰੋਕਦੇ।

ਉਨ੍ਹਾਂ ਵਿਚ ਬਿਨਾਂ ਸੰਗਣ ਜਾਂ ਵਿਖਾਵੇ ਦੇ ਆਪਣੀ ਗੱਲ ਕਹਿਣ ਦੀ ਯੋਗਤਾ ਉਪਜਦੀ ਹੈ। ਆਦਰ ਦੀ ਭਾਵਨਾ ਨਾਲ ਸਭ ਕੁਝ ਕਿਹਾ ਜਾ ਸਕਦਾ ਹੈ।

ਜਿਹੜਾ ਸਾਡੇ ਪਿਆਰ ਅਤੇ ਸਤਿਕਾਰ ਦਾ ਅਧਿਕਾਰੀ ਹੁੰਦਾ ਹੈ, ਉਹ ਸਾਡੇ ਭਰੋਸੇ ਅਤੇ ਵਿਸ਼ਵਾਸ ਦਾ ਵੀ ਅਧਿਕਾਰੀ ਹੋ ਜਾਂਦਾ ਹੈ।

ਇਸਤਰੀ ਪ੍ਰਤੀ ਸਨਮਾਨ ਅਤੇ ਸਤਿਕਾਰ ਦੀ ਭਾਵਨਾ ਤੋਂ ਬਿਨਾਂ ਪੁਰਸ਼ ਨਾ ਪਿਆਰ ਕਰ ਸਕਦਾ ਹੈ ਅਤੇ ਨਾ ਹੀ ਉਸ ਦਾ ਆਚਾਰ ਸ਼ੁੱਧ ਹੋ ਸਕਦਾ ਹੈ। ਜੀਵਨ ਦੀ ਅਨਿਸ਼ਚਿਤਤਾ ਕਾਰਨ ਹੀ ਅਸੀਂ ਇਕ ਦੂਜੇ ਦੇ ਪਿਆਰ ਲਈ ਤਾਂਘਦੇ ਹਾਂ। ਸਿਆਣਾ ਪ੍ਰੇਮੀ ਕਦੀ ਥੱਕਦਾ ਨਹੀਂ। ਤੂਫ਼ਾਨ ਵਿਚ ਇਕ ਸੁਲਝੇ ਹੋਏ ਮਲਾਹ ਵਾਂਗ ਉਹ ਤੂਫ਼ਾਨ ਦੇ ਲੰਘ ਜਾਣ ਦੀ ਉਡੀਕ ਅਤੇ ਆਸ ਵਿਚ ਰਹਿੰਦਾ ਹੈ ਅਤੇ ਤੂਫ਼ਾਨ ਕਾਰਨ ਉਸ ਨੂੰ ਸਮੁੰਦਰ ਚੰਗਾ ਲਗਣੋਂ ਹਟ ਨਹੀਂ ਜਾਂਦਾ।

ਜਿਹੜੇ ਆਪਣੇ ਸੁਭਾਅ ਅਨੁਸਾਰ ਵਿਚਰਦੇ ਹਨ, ਜਿਹੜੇ ਆਪਣੇ ਆਪ ਉਤੇ ਹੱਸ ਸਕਦੇ ਹਨ, ਜਿਹੜੇ ਉਚੇਚ ਅਤੇ ਵਿਸ਼ੇਸ਼ ਪ੍ਰਤੀਤ ਹੋਣ ਦੇ ਰੋਗਾਂ ਤੋਂ ਮੁਕਤ ਹੁੰਦੇ ਹਨ, ਉਨ੍ਹਾਂ ਦਾ ਪਿਆਰ ਸਦੀਵੀ ਹੁੰਦਾ ਹੈ।

ਆਪਣੇ ਕੰਮ ਨੂੰ ਟਾਲ ਕੇ ਪਿਆਰ ਕਰਨ ਵਾਲੇ ਅਤੇ ਦੂਜੇ ਨੂੰ ਕੰਮ ਟਾਲਣ ਦੀ ਜ਼ਿੱਦ ਕਰਨ ਵਾਲੇ ਪ੍ਰੇਮੀ, ਡੂੰਘੇ ਅਨੁਭਵਾਂ ਤੋਂ ਕੋਰੇ ਰਹਿ ਜਾਂਦੇ ਹਨ।

ਨਿੱਤ ਮਿਲਣ ਦੀ ਤਾਂਘ ਅਤੇ ਲਾਲਸਾ ਕਾਰਨ ਦੋਵੇਂ ਧਿਰਾਂ ਗੱਲਬਾਤ ਦੀ ਮਿਠਾਸ ਗੁਆ ਬੈਠਦੀਆਂ ਹਨ ਪਰ ਇਹ ਮਿਠਾਸ ਪ੍ਰੇਮ-ਪੱਤਰਾਂ ਵਿਚ ਮੁੜ ਜਾਗ ਪੈਂਦੀ ਹੈ।

ਮਨੋਹਰ ਥਾਂਵਾਂ ਦੀ ਪਿੱਠ ਭੂਮੀ ਵਿਚ ਮਿਲਣੀਆਂ ਅਮਿੱਟ ਯਾਦਾਂ ਨੂੰ ਜਨਮ ਦਿੰਦੀਆਂ ਹਨ, ਜਿਹੜੀਆਂ ਸਾਨੂੰ ਪੱਤਝੜ ਦੀਆਂ ਧੁੰਦਾਂ ਅਤੇ ਸਿਆਲ ਦੀਆਂ ਉਦਾਸ ਰਾਤਾਂ ਵਿਚ ਜੀਵਨ ਦਾ ਸਾਹਸ ਦਿੰਦੀਆਂ ਹਨ। ਪਿਆਰ ਵਿਚ ਰੰਗੇ ਚਿਹਰੇ ਜੀ ਆਇਆਂ ਨੂੰ ਹੀ ਕਹਿਣਾ ਜਾਣਦੇ ਹਨ, ਅਲਵਿਦਾ ਨਹੀਂ।

ਸੱਚਾ ਪ੍ਰੇਮੀ ਉਹ ਹੁੰਦਾ ਹੈ, ਜੋ ਸੱਸੀ ਵਾਂਗ ਪੁਨੂੰ ਨੂੰ ਲੱਭਦਾ ਰਹਿੰਦਾ ਹੈ।

ਆਤਮਾ ਸੌਖੀਆਂ ਜਿੱਤਾਂ ਨਾਲ ਸੰਤੁਸ਼ਟ ਨਹੀਂ ਹੁੰਦੀ।

ਪਿਆਰ, ਮਿਹਨਤ, ਸਿਦਕ ਅਤੇ ਸਿਰੜ ਤੋਂ ਬਿਨਾਂ ਸਾਡੇ ਡੂੰਘੇ ਅਹਿਸਾਸਾਂ ਵਿਚ ਨਹੀਂ ਉਤਰਦਾ। ਕੱਚੀਆਂ ਤੰਦਾਂ ਨੇ ਟੁੱਟ ਹੀ ਜਾਣਾ ਹੁੰਦਾ ਹੈ ਪਰ ਜੀਵਨ ਦਾ ਜਦੋਂ ਕੋਈ ਉੱਚਾ ਟੀਚਾ ਮਿਥ ਲਈਏ ਤਾਂ ਪਿਆਰ ਉਤਸ਼ਾਹ ਅਤੇ ਸਾਹਸ ਦਾ ਦਰਿਆ ਹੋ ਨਿੱਬੜਦਾ ਹੈ, ਜਿਸ ਵਿਚ, ਜਾਣਦੇ ਹੋਏ ਵੀ ਕਿ ਅਸੀਂ ਸੋਹਣੀ ਵਾਂਗ ਡੁੱਬ ਜਾਣਾ ਹੈ, ਅਸੀਂ ਰੁਕਦੇ ਨਹੀਂ, ਅਸੀਂ ਰੁਕ ਸਕਦੇ ਨਹੀਂ।

ਸਹਿਣਸ਼ੀਲਤਾ

ਬਿੱਲੀਆਂ ਨੂੰ ਸਿਆਣੇ ਚੂਹੇ ਚੰਗੇ ਨਹੀਂ ਲਗਦੇ।

ਜਦੋਂ ਵੀ ਸਮਾਜ ਵਿਚ ਕੋਈ ਰਸਮ, ਗੀਤ, ਫੈਸ਼ਨ ਜਾਂ ਵਿਹਾਰ ਦਾ ਕੋਈ ਢੰਗ-ਤਰੀਕਾ ਬਦਲਦਾ ਹੈ ਤਾਂ ਅਣਗਿਣਤ ਲੋਕਾਂ ਲਈ ਇਹ ਤਬਦੀਲੀ ਸਹਿਣ ਕਰਨੀ ਔਖੀ ਅਤੇ ਮੁਸ਼ਕਿਲ ਹੋ ਜਾਂਦੀ ਹੈ।

ਕੇਲੇ ਦੇ ਛਿਲਕੇ ਤੋਂ ਤਿਲ੍ਹਕਣ ਉਤੇ ਅਸੀਂ ਉਸੇ ਉਤੇ ਹੱਸਦੇ ਹਾਂ, ਜਿਸ ਨੂੰ ਅਸੀਂ ਆਪ ਡੇਗਣਾ ਚਾਹੁੰਦੇ ਸੀ। ਕਿਸੇ ਮੰਗਤੇ ਨੂੰ ਡੇਗਣ ਬਾਰੇ ਅਸੀਂ ਕਦੀ ਸੋਚਿਆ ਨਹੀਂ ਹੁੰਦਾ, ਸੋ ਉਸ ਦੇ ਤਿਲ੍ਹਕਣ ਉਤੇ ਅਸੀਂ ਹੱਸਦੇ ਵੀ ਨਹੀਂ।

ਜੇ ਅੰਦਰ ਆਨੰਦ ਹੋਵੇ ਤਾਂ ਅਸੀਂ ਹੋਰ ਤਰ੍ਹਾਂ ਹੱਸਦੇ ਹਾਂ ਪਰ ਅੰਦਰ ਨਫ਼ਰਤ ਹੋਵੇ ਤਾਂ ਸਾਡਾ ਹਾਸਾ ਹੋਰ ਕਿਸਮ ਦਾ ਹੁੰਦਾ ਹੈ।

ਕਰੋਧੀ ਅਤੇ ਅਸਹਿਣਸ਼ੀਲ ਵਿਅਕਤੀ ਅਕਸਰ ਵਧੇਰੇ ਪੂਜਾ-ਪਾਠ ਕਰਦੇ ਹਨ।

ਕਈ ਵਾਰੀ ਪੁਰਸ਼, ਇਸਤਰੀ ਨੂੰ ਚੁੱਪ ਕਰਾਉਣ ਲਈ ਹੀ ਚੁੰਮਦਾ ਹੈ। ਪਤੀ ਵਲੋਂ ਘਰੋਂ ਬਾਹਰ ਰਹਿਣ ਦਾ ਇਕ ਕਾਰਨ ਪਤਨੀ ਦਾ ਝਗੜਾਲੂ ਹੋਣਾ ਵੀ ਹੁੰਦਾ ਹੈ।

ਘਰ ਇਕੱਲੀਆਂ ਰਹਿਣ ਵਾਲੀਆਂ ਪਤਨੀਆਂ ਨੂੰ ਆਪਣੇ ਨਾਲ ਹੋਈਆਂ ਵਧੀਕੀਆਂ ਬਾਰੇ ਸੋਚਣ ਦਾ ਵਧੇਰੇ ਸਮਾਂ ਮਿਲਣ ਕਾਰਨ, ਉਹ ਕੰਮ ਕਰਨ ਵਾਲੀਆਂ ਇਸਤਰੀਆਂ ਦੇ ਮੁਕਾਬਲੇ ਵਧੇਰੇ ਉਦਾਸ ਰਹਿੰਦੀਆਂ ਹਨ।

ਅਪ੍ਰਵਾਨਗੀ ਅਤੇ ਅਸਹਿਣਸ਼ੀਲਤਾ ਦੀਆਂ ਅਣਗਿਣਤ ਪਰਤਾਂ ਹਨ।

ਹਰ ਕਿਸੇ ਦੇ ਮਨ ਵਿਚ ਸ਼ਿਕਵੇ-ਸ਼ਿਕਾਇਤਾਂ ਦੀ ਭੀੜ ਜੁੜੀ ਹੋਈ ਹੈ, ਜਿਸ ਕਾਰਨ ਸਾਰਿਆਂ ਦੇ ਮਨ ਅਸ਼ਾਂਤ ਹਨ। ਮਨ ਉਦੋਂ ਤਕ ਸ਼ਾਂਤ ਨਹੀਂ ਹੋ ਸਕਦਾ, ਜਦੋਂ ਤਕ ਅਸੀਂ ਆਪਣੇ-ਆਪ ਨਾਲ ਇਕ-ਸੁਰ ਨਹੀਂ ਹੁੰਦੇ।

ਆਪਣੇ ਆਪ ਨੂੰ ਇਕ-ਸੁਰ ਕਰਨ ਤੋਂ ਪਹਿਲਾਂ, ਜਿਨ੍ਹਾਂ ਨਾਲ ਅਸੀਂ ਵਧੀਕੀਆਂ ਕੀਤੀਆਂ ਹਨ, ਉਨ੍ਹਾਂ ਤੋਂ ਖਿਮਾ ਮੰਗਣੀ ਪਵੇਗੀ ਅਤੇ ਜਿਨ੍ਹਾਂ ਨੇ ਸਾਡੇ ਨਾਲ ਬੇਇਨਸਾਫ਼ੀਆਂ ਕੀਤੀਆਂ ਹਨ, ਉਨ੍ਹਾਂ ਨੂੰ ਖਿਮਾ ਕਰਨਾ ਪਵੇਗਾ।

ਖਿਮਾ ਕਰਕੇ ਤੁਸੀਂ ਸ਼ਾਂਤ ਨਹੀਂ ਹੋਵੋਗੇ, ਸਗੋਂ ਤੁਸੀਂ ਸੱਚੀ ਖਿਮਾ ਕਰੋਗੇ ਹੀ ਉਦੋਂ ਜਦੋਂ ਤੁਸੀਂ ਸ਼ਾਂਤ ਹੋਵੋਗੇ। ਇਸ ਸਥਿਤੀ ਵਿਚ ਹੀ ਤੁਹਾਡੀ ਸਹਿਣਸ਼ੀਲਤਾ ਦਾ ਘੇਰਾ ਵਿਸ਼ਾਲ ਹੋਵੇਗਾ। ਖਿਮਾ ਅਤੇ ਸਹਿਣਸ਼ੀਲਤਾ ਇਕ ਦੂਜੇ ਨਾਲ ਬੱਝੀਆਂ ਹੋਈਆਂ ਹਨ, ਜਿਵੇਂ ਸੱਜਾ

ਪੈਰ, ਖੱਬੇ ਪੈਰ ਨਾਲ ਬੱਝਾ ਹੋਇਆ ਹੈ। ਇਹ ਕਦੀ ਵੀ ਨਹੀਂ ਹੋਇਆ ਅਤੇ ਨਾ ਹੀ ਕਦੀ ਹੋਵੇਗਾ ਕਿ ਤੁਸੀਂ ਸੱਜਾ ਪੈਰ ਲਗਾਤਾਰ ਦੋ ਵਾਰੀ ਚਲਿਆ ਹੋਵੇ। ਤੁਹਾਡੇ ਅਗਲੇ ਕਦਮ ਦੀ ਦ੍ਰਿੜਤਾ ਇਸ ਤੋਂ ਪਹਿਲੇ ਕਦਮ ਦੀ ਮਜ਼ਬੂਤੀ ਉਤੇ ਨਿਰਭਰ ਕਰਦੀ ਹੈ।

ਸਵੀਕਾਰਨ ਦੀ ਬਿਰਤੀ ਵਾਲਾ ਸਹਿਣਸ਼ੀਲ ਵਿਅਕਤੀ ਆਪਣੇ ਅਹੁਦੇ ਜਾਂ ਰੁਤਬੇ ਦੇ ਅਨੁਸਾਰ ਉੱਚਾ ਉਠਦਾ ਹੈ ਜਦੋਂ ਕਿ ਅੰਦਰੋਂ ਘਬਰਾਇਆ ਹੋਇਆ ਵਿਅਕਤੀ ਆਪਣੇ ਅਹੁਦੇ ਜਾਂ ਰੁਤਬੇ ਨੂੰ ਅਸਹਿਣਸ਼ੀਲਤਾ ਕਾਰਨ ਆਪਣੀ ਪੱਧਰ ਤਕ ਥੱਲੇ ਡੇਗ ਲੈਂਦਾ ਹੈ। ਭਾਵੇਂ ਉਹ ਖਲੋਤਾ ਉੱਚਾ ਹੁੰਦਾ ਹੈ ਪਰ ਉਹ ਵੇਖਦਾ ਬਹੁਤ ਨੀਵਾਂ ਹੈ।

ਵੇਖਿਆ ਗਿਆ ਹੈ ਕਿ ਜਿਉਂ-ਜਿਉਂ ਮਨੁੱਖ ਧਨਵਾਨ ਅਤੇ ਸ਼ਕਤੀਸ਼ਾਲੀ ਹੁੰਦਾ ਜਾਂਦਾ ਹੈ, ਤਿਉਂ-ਤਿਉਂ ਉਸ ਦੀ ਸਹਿਣਸ਼ੀਲਤਾ ਘਟਦੀ ਜਾਂਦੀ ਹੈ।

ਹੱਸਣ ਵਾਲੇ ਅਮੀਰ ਆਦਮੀ ਵਿਰਲੇ ਹੀ ਮਿਲਦੇ ਹਨ।

ਅਸਲੀਅਤ ਇਹ ਹੁੰਦੀ ਹੈ ਕਿ ਉਹ ਅਮੀਰ ਹੁੰਦੇ ਹੀ ਨਹੀਂ, ਕਿਉਂਕਿ ਅਮੀਰੀ ਉਸ ਅਵਸਥਾ ਨੂੰ ਕਹਿੰਦੇ ਹਨ ਜਦੋਂ ਦਿਮਾਗ ਖੁੱਲ੍ਹਾ ਹੋਵੇ ਅਤੇ ਕਮਰ ਤੰਗ ਹੋਵੇ ਪਰ ਹੁੰਦਾ ਅਕਸਰ ਉਲਟਾ ਹੈ। ਇਹੀ ਕਾਰਨ ਹੈ ਕਿ ਜਿਨ੍ਹਾਂ ਤੋਂ ਸਾਨੂੰ ਸਭ ਤੋਂ ਵੱਧ ਆਸਾਂ ਹੁੰਦੀਆਂ ਹਨ, ਉਹੀ ਸਭ ਤੋਂ ਵੱਧ ਨਿਰਾਸ਼ ਕਰਦੇ ਹਨ।

ਇਹ ਵੀ ਵੇਖਿਆ ਗਿਆ ਹੈ ਕਿ ਇਕ ਥਾਂ ਰਹਿੰਦੇ-ਰਹਿੰਦੇ ਆਪਣਿਆਂ ਨੂੰ ਵੀ ਸਹਿਣ ਕਰਨਾ ਔਖਾ ਹੋ ਜਾਂਦਾ ਹੈ ਅਤੇ ਉਹ ਬੇਗਾਨੇ ਲੱਗਣ ਲਗ ਪੈਂਦੇ ਹਨ, ਜਦੋਂ ਕਿ ਕਿਸੇ ਦੂਰ-ਦੁਰਾਡੀ ਥਾਂ ਜਾਂ ਕਿਸੇ ਯਾਤਰਾ ਦੌਰਾਨ, ਬੇਗਾਨੇ ਵੀ ਆਪਣੇ ਲੱਗਣ ਲਗ ਪੈਂਦੇ ਹਨ। ਜਿਨ੍ਹਾਂ ਨੂੰ ਬੜੇ ਉਚੇਚ ਕਰ ਕੇ ਅਸੀਂ ਆਪਣੇ ਬਣਾਉਂਦੇ ਹਾਂ, ਉਨ੍ਹਾਂ ਨਾਲ ਹੀ ਨਫ਼ਰਤ ਹੋ ਜਾਂਦੀ ਹੈ। ਤਲਾਕ ਅਤੇ ਜਾਇਦਾਦ ਦੇ ਮੁਕੱਦਮੇ ਅਜਿਹੇ ਵਰਤਾਰਿਆਂ ਦਾ ਪ੍ਰਮਾਣ ਹਨ।

ਹਰ ਝਗੜੇ ਅਤੇ ਹਰ ਮੁਕਦਮੇ ਵਿਚ ਦੋ ਹੰਕਾਰ ਲੜਦੇ ਹਨ।

ਆਪਣੇ ਹੰਕਾਰ ਤੋਂ ਬਿਨਾਂ ਨਾ ਅਸੀਂ ਕਿਸੇ ਦੀ ਮੂਰਖਤਾ ਤੇ ਹੱਸ ਸਕਦੇ ਹਾਂ ਅਤੇ ਨਾ ਹੀ ਕਿਸੇ ਨੂੰ ਨਫਰਤ ਕਰ ਸਕਦੇ ਹਾਂ।

ਹੰਕਾਰ ਅਸਹਿਣਸ਼ੀਲਤਾ ਦਾ ਝੰਡਾ ਹੁੰਦਾ ਹੈ।

ਸਾਡੇ ਕੋਲ ਬੀਬੇ ਠਾਣੇਦਾਰ ਜਾਂ ਸਾਊ ਹਾਕਮ ਦਾ ਕੋਈ ਸੰਕਲਪ ਨਹੀਂ। ਚੰਗੇ ਕੰਮ ਕਰਨ ਵਾਲਿਆਂ ਨਾਲੋਂ ਭੈੜੇ ਕੰਮ ਕਰਨ ਵਾਲਿਆਂ ਦੀ ਚਰਚਾ ਵਧੇਰੇ ਹੁੰਦੀ ਹੈ। ਅਸੀਂ ਚੰਗੇ ਕੰਮ ਨੂੰ ਹੀ ਟਾਲਦੇ ਹਾਂ। ਭੈੜੇ ਕੰਮ ਦੀ ਖਿੱਚ ਹੀ ਇਤਨੀ ਹੁੰਦੀ ਹੈ ਕਿ ਉਸ ਨੂੰ ਟਾਲਣ ਦਾ ਪ੍ਰਸ਼ਨ ਹੀ ਨਹੀਂ ਉਠਦਾ। ਅਸੀਂ ਕਿਸੇ ਦੀ ਪ੍ਰਸੰਸਾ ਕਰਨ ਨੂੰ ਹੀ ਮੁਲਤਵੀ ਕਰਦੇ ਹਾਂ, ਉਸ ਦੀ ਨਿੰਦਾ ਕਰਨ ਵੇਲੇ ਅਸੀਂ ਸਬਰ ਨਹੀਂ ਵਿਖਾਉਂਦੇ। ਅਸੀਂ ਖੁਸ਼ੀ ਪ੍ਰਗਟਾਉਣ ਜਾਂ ਪ੍ਰਸੰਨ ਵਿਖਾਈ ਦੇਣ ਵਿਚ ਤਾਂ ਦੇਰੀ ਕਰ ਦਿੰਦੇ ਹਾਂ ਪਰ ਕਿਸੇ ਨਾਲ ਗੁੱਸੇ ਹੋਣ ਵਿਚ ਦੇਰੀ ਨਹੀਂ ਕਰਦੇ। ਕਿਸੇ ਨੂੰ ਸਵੀਕਾਰ ਕਰਨ ਵੇਲੇ ਸਾਨੂੰ ਦੁਚਿੱਤੀ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਕਿਸੇ ਨੂੰ ਰੱਦ ਕਰਨ ਵੇਲੇ ਅਸੀਂ ਪਿੱਛੇ ਨਹੀਂ ਰਹਿੰਦੇ। ਸਾਡਾ ਨਾਂਹਦਰੂ ਵਿਹਾਰ ਸਾਡੇ ਹਾਂਦਰੂ ਵਿਹਾਰ ਨਾਲੋਂ ਤਿੱਖਾ ਹੁੰਦਾ ਹੈ। ਇਸੇ ਨੂੰ ਅਸਹਿਣਸ਼ੀਲਤਾ ਕਹਿੰਦੇ ਹਨ।

ਕਿਸੇ ਸੰਤ, ਗੁਰੂ ਤੋਂ ਕਿਸੇ ਹੋਰ ਸੰਤ ਜਾਂ ਗੁਰੂ ਦੀ ਪ੍ਰਸੰਸਾ ਤੁਸੀਂ ਨਹੀਂ ਸੁਣੋਗੇ। ਕੋਈ ਰਾਗੀ ਜਾਂ ਗਾਇਕ ਕਿਸੇ ਹੋਰ ਰਾਗੀ ਜਾਂ ਗਾਇਕ ਨੂੰ ਧੀਰਜ ਨਾਲ ਨਹੀਂ ਸੁਣ ਸਕਦਾ।

ਸਹਿਣਸ਼ੀਲਤਾ ਦੀ ਘਾਟ ਆਮ ਸਾਧਾਰਣ ਵਿਅਕਤੀਆਂ ਵਿਚ ਉਤਨੀ ਨਹੀਂ ਹੁੰਦੀ, ਜਿਤਨੀ ਵਿਦਵਾਨਾਂ ਅਤੇ ਕਲਾਕਾਰਾਂ ਵਿਚ ਹੁੰਦੀ ਹੈ।

ਹਰ ਦਾਨ ਵਿਚ ਕੁਝ ਪ੍ਰਾਪਤ ਕਰਨ ਦੀ ਇੱਛਾ ਲੁਕੀ ਹੁੰਦੀ ਹੈ।

ਰੇਗਿਸਤਾਨ ਵਿਚੋਂ ਲੰਘਦਾ ਦਰਿਆ, ਰੇਗਿਸਤਾਨ ਉਤੇ ਵਿਅੰਗ ਹੁੰਦਾ ਹੈ। ਰੇਗਿਸਤਾਨ ਇਸ ਵਧੀਕੀ ਨੂੰ ਸਹਿਣ ਨਹੀਂ ਕਰ ਸਕਦਾ।

ਤੁਹਾਡੇ ਅੰਦਰ ਉਤਨੀ ਸਹਿਣ-ਸ਼ਕਤੀ ਹੀ ਉਪਜੇਗੀ, ਜਿਤਨੀ ਸਹਿਣ-ਸ਼ਕਤੀ ਦੀ ਤੁਸੀਂ ਵਰਤੋਂ ਕਰੋਗੇ। ਸੰਸਾਰ ਹੈ ਤਾਂ ਬੜਾ ਵਿਸ਼ਾਲ ਪਰ ਇਸ ਨੂੰ ਅਸੀਂ ਵੇਖਦੇ ਆਪਣੀ ਸਮਰੱਥਾ ਦੀ ਸੀਮਾ ਵਿਚ ਹਾਂ।

ਸ਼ੁਕਰ ਹੈ ਕਿ ਰੱਬ ਨੇ ਸਾਡੇ ਨਾਲ ਸਲਾਹ ਕਰ ਕੇ ਸੰਸਾਰ ਨੂੰ ਨਹੀਂ ਸਿਰਜਿਆ, ਨਹੀਂ ਤਾਂ ਸੰਸਾਰ ਬੜਾ ਛੋਟਾ ਹੋਣਾ ਸੀ। ਸ਼ੁਕਰ ਹੈ ਕਿ ਰੱਬ ਨੇ ਸਾਡੀਆਂ ਸਾਰੀਆਂ ਅਰਦਾਸਾਂ ਨਹੀਂ ਮੰਨੀਆਂ, ਨਹੀਂ ਤਾਂ ਸੰਸਾਰ ਦਾ ਨਕਸ਼ਾ ਹੀ ਹੋਰ ਹੁੰਦਾ।

ਕਈ ਲੋਕ ਦੁੱਖ ਦੀ ਹਾਲਤ ਵਿਚ ਜਾਂ ਜਦੋਂ ਦੁੱਖ ਉਨ੍ਹਾਂ ਦੀ ਸਹਿਣ-ਸ਼ਕਤੀ ਤੋਂ ਬਾਹਰ ਹੋ ਜਾਂਦਾ ਹੈ, ਆਪਣੇ ਸਿਰ ਦੇ ਵਾਲ ਪੁਟਣ ਲੱਗ ਪੈਂਦੇ ਹਨ।

ਉਹ ਭੁੱਲ ਜਾਂਦੇ ਹਨ ਕਿ ਗੰਜੇ ਹੋਣ ਨਾਲ ਦੁੱਖ ਘੱਟ ਨਹੀਂ ਜਾਂਦਾ, ਸਗੋਂ ਗੰਜੇ ਹੋਣ ਦੀ ਨਵੀਂ ਸਮੱਸਿਆ ਉਪਜ ਪੈਂਦੀ ਹੈ।

ਸੰਸਾਰ ਦੇ ਵੱਡੇ ਖੂਨ-ਖਰਾਬਿਆਂ ਅਤੇ ਬਰਬਾਦੀਆਂ ਦੀ ਤਹਿ ਵਿਚ ਕਿਸੇ ਨਾ ਕਿਸੇ ਦੀ ਅਸਹਿਣਸ਼ੀਲਤਾ ਜਾਂ ਹੰਕਾਰ ਛੁਪਿਆ ਹੁੰਦਾ ਹੈ।

ਸਾਰੇ ਵਾਦ-ਵਿਵਾਦ ਵੀ ਸਹਿਣਸ਼ੀਲਤਾ ਦੀ ਘਾਟ ਵਿਚੋਂ ਉਪਜਦੇ ਹਨ।

ਤੁਸੀਂ ਆਪਣੀ ਸਹਿਣਸ਼ੀਲਤਾ ਦਾ ਘੇਰਾ ਜਿਤਨਾ ਸੀਮਤ ਕਰੀ ਜਾਵੋਗੇ, ਉਤਨੇ ਹੀ ਤੁਸੀਂ ਵਧੇਰੇ ਦੁਖੀ ਅਤੇ ਅਸੰਤੁਸ਼ਟ ਹੁੰਦੇ ਜਾਵੋਗੇ।

ਸਹਿਣਸ਼ੀਲਤਾ ਦੀ ਘਾਟ ਕਾਰਨ ਹਥਿਆਰ ਰੱਖਣ ਦੀ ਇੱਛਾ ਜਾਗਦੀ ਹੈ। ਹਥਿਆਰ ਵਿਖਾ ਕੇ ਅਤੇ ਵਰਤ ਕੇ ਅਸੀਂ ਇਤਨੀ ਨਫ਼ਰਤ ਉਪਜਾ ਲੈਂਦੇ ਹਾਂ ਕਿ ਉਸ ਉਪਰੰਤ ਉਸ ਹਥਿਆਰ ਨੂੰ ਆਪਣੀ ਸੁਰੱਖਿਆ ਲਈ ਉਮਰ ਭਰ ਚੁੱਕਣਾ ਪੈਂਦਾ ਹੈ।

ਜਿਨ੍ਹਾਂ ਵਿਚ ਸਹਿਣ ਕਰਨ ਦੀ ਸ਼ਕਤੀ ਬਹੁਤ ਘੱਟ ਜਾਂਦੀ ਹੈ, ਉਹ ਮਰਨ-ਮਾਰਨ ਦੇ ਰਾਹ ਪੈਂਦੇ ਹਨ ਅਤੇ ਜਿਹੜੇ ਬੇਵੱਸ ਹੋ ਜਾਂਦੇ ਹਨ, ਉਹ ਆਤਮਘਾਤ ਕਰਨ ਦਾ ਯਤਨ ਕਰਦੇ ਹਨ। ਸੰਸਾਰ ਦੇ ਹਰ ਸਮਾਜ ਵਿਚ ਆਤਮਘਾਤ ਦਾ ਯਤਨ ਕਰਦੀਆਂ ਵਧੇਰੇ ਇਸਤਰੀਆਂ ਹਨ ਪਰ ਸਫ਼ਲ ਵਧੇਰੇ ਪੁਰਸ਼ ਹੁੰਦੇ ਹਨ।

ਸਹਿਣਸ਼ੀਲਤਾ ਆਜ਼ਾਦ ਮਨ ਦੀ ਇਕ ਸਥਿਤੀ ਹੈ। ਇਹ ਇਕ ਪ੍ਰਕਾਰ ਦਾ ਅਨੁਸ਼ਾਸਨ ਹੈ। ਆਜ਼ਾਦੀ ਉਥੇ ਹੀ ਹੁੰਦੀ ਹੈ, ਜਿਥੇ ਅਨੁਸ਼ਾਸਨ ਨੂੰ ਸਵੈ-ਇੱਛਾ ਨਾਲ ਸਵੀਕਾਰ ਕੀਤਾ ਜਾਂਦਾ ਹੈ। ਇਸੇ ਕਰ ਕੇ ਕਹਿੰਦੇ ਹਨ ਕਿ ਆਜ਼ਾਦੀ ਲਈ ਕੁਝ ਪਾਬੰਦੀਆਂ ਦਾ ਹੋਣਾ ਲਾਜ਼ਮੀ

ਹੈ। ਜਾਨਵਰ ਅਤੇ ਪੰਛੀ ਪ੍ਰਕਿਰਤੀ ਦੇ ਅਨੁਸ਼ਾਸਨ ਅਤੇ ਪਾਬੰਦੀਆਂ ਨੂੰ ਖਿੜੇ-ਮੱਥੇ ਸਹਿਣ ਕਰਦੇ ਹਨ। ਉਹ ਆਪਣੀ ਹੋਂਦ ਨਾਲ, ਆਪਣੀ ਸਥਿਤੀ ਨਾਲ, ਪ੍ਰਸੰਨ ਅਤੇ ਸੰਤੁਸ਼ਟ ਹਨ।

ਚਮੇਲੀ ਦਾ ਫੁੱਲ, ਕਦੇ ਵੀ ਗੁਲਾਬ ਬਣਨ ਦਾ ਯਤਨ ਨਹੀਂ ਕਰਦਾ।

ਮਨੁੱਖ ਤੋਂ ਸਿਵਾਏ ਸਾਰੇ ਜੀਵ-ਜੰਤੂ ਪ੍ਰਕਿਰਤੀ ਨਾਲ ਇਕ-ਸੁਰ ਹਨ। ਇਸੇ ਕਰ ਕੇ ਉਨ੍ਹਾਂ ਵਿਚ ਅਸੀਮ ਸਹਿਣਸ਼ੀਲਤਾ ਹੈ ਅਤੇ ਉਨ੍ਹਾਂ ਦਾ ਜੀਵਨ ਸ਼ਾਂਤ ਹੈ।

ਜੀਵਨ ਦੇ ਹੋਰ ਬੁਨਿਆਦੀ ਸੰਕਲਪਾਂ ਦੀ ਸਿਖਲਾਈ ਵਾਂਗ ਸਹਿਣਸ਼ੀਲਤਾ ਅਤੇ ਅਸਹਿਣਸ਼ੀਲਤਾ ਦੋਹਾਂ ਦੀ ਸਿਖਲਾਈ ਸਾਨੂੰ ਘਰ ਅਤੇ ਸਕੂਲ ਵਿਚੋਂ ਮਿਲਦੀ ਹੈ।

ਹਰ ਵਿਅਕਤੀ ਕਿਸੇ ਨਾ ਕਿਸੇ ਧਰਮ, ਬਰਾਦਰੀ, ਫਿਰਕੇ, ਇਲਾਕੇ ਜਾਂ ਦੇਸ਼ ਵਿਚ ਜਨਮ ਲੈਂਦਾ ਹੈ। ਇਨ੍ਹਾਂ ਸਭਨਾਂ ਦੇ ਗੁਣ-ਔਗੁਣ ਅਤੇ ਪੱਖਪਾਤ ਉਸ ਨੂੰ ਸੁੱਤੇ-ਸਿੱਧ ਪ੍ਰਾਪਤ ਹੋ ਜਾਂਦੇ ਹਨ। ਲਗਭਗ ਪੰਦਰ੍ਹਾਂ ਸਾਲਾਂ ਦੀ ਉਮਰ ਤਕ ਸਾਰੇ ਬੁਨਿਆਦੀ ਸੰਕਲਪ ਅਤੇ ਪੱਖਪਾਤ ਪੱਕ ਜਾਂਦੇ ਹਨ। ਇਸ ਉਮਰ ਤਕ ਮਾਪੇ ਬੱਚਿਆਂ ਨੂੰ ਇਸ ਲਈ ਵਧੇਰੇ ਪਿਆਰ ਅਤੇ ਸੁਰੱਖਿਆ ਪ੍ਰਦਾਨ ਕਰਦੇ ਹਨ ਤਾਂ ਕਿ ਸਾਰੇ ਬੁਨਿਆਦੀ ਸੰਕਲਪ ਅਤੇ ਪੱਖਪਾਤ ਉਨ੍ਹਾਂ ਦੇ ਮਨ ਵਿਚ ਡੂੰਘੇ ਉਤਰ ਜਾਣ। ਇਸ ਉਪਰੰਤ ਕਿਸੇ ਪ੍ਰਕਾਰ ਦੀ ਸਿੱਖਿਆ ਉਨ੍ਹਾਂ ਦੇ ਬੁਨਿਆਦੀ ਸੰਕਲਪਾਂ ਨੂੰ ਬਦਲਣ ਵਿਚ ਸਫ਼ਲ ਨਹੀਂ ਹੁੰਦੀ।

ਮਨੁੱਖ ਬੇਈਮਾਨੀ ਨੂੰ ਜਾਣੇ ਬਿਨਾਂ ਈਮਾਨਦਾਰ ਨਹੀਂ ਹੋ ਸਕਦਾ। ਰਾਤ ਤੋਂ ਬਿਨਾਂ, ਉਸ ਕੋਲ ਦਿਨ ਦਾ ਕੋਈ ਸੰਕਲਪ ਨਹੀਂ ਹੁੰਦਾ। ਜੇ ਕੁਝ ਲੋਕ ਅਮੀਰ ਨਾ ਹੋਣ ਤਾਂ ਗਰੀਬਾਂ ਨੂੰ ਆਪਣੀ ਗਰੀਬੀ, ਗਰੀਬੀ ਪ੍ਰਤੀਤ ਨਹੀਂ ਹੋਵੇਗੀ। ਇਵੇਂ ਸਹਿਣਸ਼ੀਲਤਾ ਅਤੇ ਵਿਰੋਧਤਾ ਦੇ ਦੋਵੇਂ ਸੰਕਲਪ ਸਾਨੂੰ ਬਣੇ-ਬਣਾਏ ਵਿਰਸੇ ਵਿਚ ਹੀ ਮਿਲ ਜਾਂਦੇ ਹਨ। ਬਚਪਨ ਵਿਚ ਹੀ ਧਰਮ ਸਾਡੇ ਮਨ ਅਤੇ ਦਿਲ ਵਿਚ ਪੀੜ੍ਹੀ ਡਾਹ ਕੇ ਬਹਿ ਜਾਂਦਾ ਹੈ।

ਅਸਿਹਣਸ਼ੀਲਤਾ ਦਾ ਪ੍ਰਮੁੱਖ ਸਰੋਤ ਅਤੇ ਆਧਾਰ ਧਰਮ ਹੈ। ਧਾਰਮਿਕ ਵਿਅਕਤੀ ਗੱਲਾਂ ਸਹਿਣਸ਼ੀਲਤਾ ਦੀਆਂ ਕਰਦੇ ਹਨ ਪਰ ਪ੍ਰਗਟਾਉਂਦੇ ਵਿਰੋਧਤਾ ਹਨ। ਅਸਹਿਣਸ਼ੀਲਤਾ ਕਾਰਨ ਹੀ ਨਵੇਂ ਧਰਮ ਜਨਮਦੇ ਹਨ ਅਤੇ ਹਰ ਧਰਮ ਵਿਚ ਨਵੇਂ ਫਿਰਕੇ ਅਤੇ ਸੰਪਰਦਾਵਾਂ ਚਲ ਪੈਂਦੀਆਂ ਹਨ। ਸਾਰੇ ਧਰਮ ਆਪਣੇ ਸ਼ਰਧਾਲੂਆਂ ਨੂੰ ਜੋੜਦੇ ਅਤੇ ਉਨ੍ਹਾਂ ਨੂੰ ਦੂਜੇ ਧਰਮਾਂ ਦੇ ਵਿਰੋਧ ਵਿਚ ਖੜ੍ਹਾ ਕਰਦੇ ਹਨ।

ਜਥੇਬੰਦੀਆਂ, ਸੰਸਥਾਵਾਂ, ਪਾਰਟੀਆਂ, ਸਭਾਵਾਂ, ਯੂਨੀਅਨਾਂ, ਧੜੇਬੰਦੀਆਂ ਆਦਿ ਵਿਰੋਧ ਦੀ ਭਾਵਨਾ ਬਿਨਾਂ ਉਸਰ ਹੀ ਨਹੀਂ ਸਕਦੀਆਂ।

ਹਰ ਧਰਮ ਬਦੀ ਨੂੰ ਖਤਮ ਕਰਦਾ-ਕਰਦਾ ਆਪ ਬਦੀ ਦਾ ਰੂਪ ਧਾਰ ਲੈਂਦਾ ਹੈ। ਇਵੇਂ ਹੀ ਇਨਕਲਾਬ ਲਿਆਉਣ ਵਾਲੇ ਅਗਲੇ ਇਨਕਲਾਬ ਦੇ ਵਿਰੋਧੀ ਹੋ ਨਿਬੜਦੇ ਹਨ। ਜਾਤ-ਪਾਤ ਵੀ ਅਸਹਿਣਸ਼ੀਲਤਾ ਉਤੇ ਉਸਰੀ ਹੋਈ ਹੈ।

ਸਭ ਪ੍ਰਕਾਰ ਦੇ ਪਰਿਵਾਰਕ ਅਤੇ ਆਰਥਿਕ ਖੇਤਰਾਂ ਵਿਚ ਪਸਰ ਰਹੀ ਅਸਹਿਣਸ਼ੀਲਤਾ ਸਭ ਸੰਬੰਧਾਂ ਨੂੰ ਵਿਗਾੜਨ ਦਾ ਯਤਨ ਕਰ ਰਹੀ ਹੈ। ਜਿਤਨਾ ਕੋਈ ਵਿਅਕਤੀ ਵਧੇਰੇ ਧਾਰਮਿਕ ਜਾਂ ਦੇਸ਼-ਭਗਤ ਜਾਂ ਧਨਵਾਨ ਜਾਂ ਸ਼ਕਤੀਸ਼ਾਲੀ ਹੁੰਦਾ ਹੈ, ਉਤਨਾ ਹੀ ਉਹ ਵਧੇਰੇ ਅਸਹਿਣਸ਼ੀਲ ਹੁੰਦਾ ਜਾਂਦਾ ਹੈ।

ਇਹ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਕੀ ਸਾਰੇ ਮਹਾਂਪੁਰਸ਼ ਸਹੀ ਅਰਥਾਂ ਵਿਚ ਮਹਾਂਪੁਰਸ਼ ਸਨ ਜਾਂ ਅਸੀਂ ਆਪਣੇ ਸੁਆਰਥ ਲਈ ਉਨ੍ਹਾਂ ਨੂੰ ਇਤਨੇ ਵੱਡੇ ਮਹਾਂਪੁਰਸ਼ ਬਣਾ ਲਿਆ ਹੈ। ਜੇ ਬੱਚਿਆਂ ਨੂੰ ਬਚਪਨ ਵਿਚ ਹੀ ਮਹਾਂਪੁਰਸ਼ਾਂ ਬਾਰੇ ਨਾ ਦੱਸਿਆ ਜਾਵੇ ਤਾਂ ਉਹ ਵੱਡੇ ਹੋ ਕੇ ਇਨ੍ਹਾਂ ਮਹਾਂਪੁਰਸ਼ਾਂ ਨੂੰ ਸਾਧਾਰਨ ਵਿਅਕਤੀ ਹੀ ਸਮਝਣਗੇ। ਬੱਚਿਆਂ ਦੇ ਮਨ ਦੀ ਕੋਰੀ ਸਲੇਟ ਉਤੇ ਅਸੀਂ ਜੋ ਜੋ ਉਕਰਦੇ ਜਾਵਾਂਗੇ ਉਸੇ ਦੇ ਸੰਦਰਭ ਵਿਚ ਉਹ ਪੱਖਪਾਤ ਉਸਾਰਦੇ ਜਾਣਗੇ। ਉਸ ਸੰਦਰਭ ਵਿਚ ਹੀ ਉਹ ਸਮਰਥਨ ਅਤੇ ਵਿਰੋਧ ਕਰਨਗੇ। ਜਦੋਂ ਉਨ੍ਹਾਂ ਦੀ ਦ੍ਰਿਸ਼ਟੀ ਤੰਗ ਕਰ ਦਿੱਤੀ ਜਾਵੇ ਤਾਂ ਉਹ ਵਿਸ਼ਾਲ ਅਰਥਾਂ ਵਾਲਾ ਕੁਝ ਵੀ ਕਰਨ ਯੋਗ ਨਹੀਂ ਰਹਿੰਦੇ। ਹਿੰਸਾ, ਜੁਰਮ ਅਤੇ ਲੜਾਈ-ਝਗੜਿਆਂ ਦੀ ਜਾਗ ਬੱਚਿਆਂ ਨੂੰ ਬਚਪਨ ਵਿਚ ਹੀ ਲਗਦੀ ਹੈ। ਜਿਹੋ ਜਿਹੇ ਖਿਡੌਣੇ ਅਤੇ ਸੰਕਲਪ ਅਤੇ ਆਦਰਸ਼ ਬਚਪਨ ਵਿਚ ਬੱਚਿਆਂ ਨੂੰ ਦਿੱਤੇ ਜਾਂਦੇ ਹਨ, ਉਹੋ ਜਿਹਾ ਹੀ ਵਰਤਾਰਾ ਉਹ ਵੱਡੇ ਹੋ ਕੇ ਕਰਦੇ ਹਨ।

ਕਈ ਵਿਅਕਤੀਆਂ ਦਾ ਨੱਕ, ਉਨ੍ਹਾਂ ਦੇ ਮੱਥੇ ਨਾਲੋਂ ਵੀ ਉੱਚਾ ਹੁੰਦਾ ਹੈ। ਇਨ੍ਹਾਂ ਨੂੰ ਮਿਲ ਕੇ ਇਕਾਂਤ ਚੰਗਾ ਲਗਣ ਲੱਗ ਪੈਂਦਾ ਹੈ ਜਾਂ ਇਨ੍ਹਾਂ ਨੂੰ ਮਿਲ ਕੇ ਕਿਸੇ ਉਚੀ ਇਮਾਰਤ ਤੋਂ ਛਾਲ ਮਾਰਨ ਦੀ ਰੀਝ ਪੈਦਾ ਹੁੰਦੀ ਹੈ।

ਅਜਿਹੇ ਵਿਅਕਤੀਆਂ ਨੂੰ ਅਸੀਂ ਆਪਣੇ ਜੀਵਨ ਵਿਚੋਂ, ਸੰਗਤਰੇ ਦੇ ਬੀਜਾਂ ਵਾਂਗ, ਬਾਹਰ ਕੱਢ ਕੇ ਸੁੱਟਣ ਬਾਰੇ ਸੋਚਣ ਲੱਗ ਪੈਂਦੇ ਹਾਂ ਪਰ ਸੋਚਦੇ ਹਾਂ ਕਿ ਰੱਬ ਨੇ ਇਨ੍ਹਾਂ ਨੂੰ ਕੁਝ ਸੋਚ ਕੇ ਹੀ ਬਣਾਇਆ ਹੋਵੇਗਾ।

ਸਹਿਣਸ਼ੀਲਤਾ ਦੀ ਘਾਟ ਸਾਡਾ ਵਿਕਾਸ-ਰਾਹ ਰੋਕਦੀ ਹੈ।

ਕਿਸੇ ਸਭਿਅਤਾ ਜਾਂ ਸਭਿਆਚਾਰ ਦੀਆਂ ਜਿਹੜੀਆਂ ਸਮੱਸਿਆਵਾਂ ਹੁੰਦੀਆਂ ਹਨ, ਉਹ ਹਰ ਵਿਅਕਤੀ ਦੀਆਂ ਵੀ ਸਮੱਸਿਆਵਾਂ ਹੁੰਦੀਆਂ ਹਨ।

ਵੇਖਿਆ ਗਿਆ ਹੈ ਕਿ ਸੰਸਾਰ ਦੇ ਅਨੇਕਾਂ ਅਸੰਭਵ ਕਾਰਜਾਂ ਨੂੰ ਸਹਿਣਸ਼ੀਲਤਾ ਦੀ ਸ਼ਕਤੀ ਨਾਲ ਆਮ ਸਾਧਾਰਨ ਲੋਕਾਂ ਨੇ ਸੰਭਵ ਕਰ ਵਿਖਾਇਆ ਹੈ। ਵਾਸਤਵ ਵਿਚ ਉਨ੍ਹਾਂ ਨੂੰ ਇਨ੍ਹਾਂ ਕੰਮਾਂ ਦੇ ਅਸੰਭਵ ਹੋਣ ਦਾ ਗਿਆਨ ਨਹੀਂ ਸੀ। ਉਹ ਰਾਹ ਰੋਕਣ ਵਾਲੇ ਗਿਆਨ ਤੋਂ ਮੁਕਤ ਸਨ। ਉਨ੍ਹਾਂ ਨੇ ਨਿਸ਼ਾਨੇ ਮਿਥ ਕੇ ਜ਼ਿੰਦਗੀ ਨਹੀਂ ਜੀਵੀ, ਉਨ੍ਹਾਂ ਲਈ ਜ਼ਿੰਦਗੀ ਆਪਣੇ ਆਪ ਵਿਚ ਇਕ ਨਿਸ਼ਾਨਾ ਸੀ।

ਜ਼ਿੰਦਗੀ ਦੀ ਖ਼ੂਬਸੂਰਤੀ ਹੀ ਇਹੀ ਹੈ ਕਿ ਮੰਜ਼ਲ ਵੀ ਅਸੀਂ ਆਪ ਮਿਥਦੇ ਹਾਂ ਅਤੇ ਯਾਤਰਾ ਵੀ ਅਸੀਂ ਆਪ ਹੀ ਕਰਨੀ ਹੁੰਦੀ ਹੈ।

ਕਈ ਜੀਵਨ ਦਾ ਨਿਸ਼ਾਨਾ ਤਾਂ ਲਭ ਲੈਂਦੇ ਹਨ ਪਰ ਉਨ੍ਹਾਂ ਵਿਚ ਟੁਰਨ ਦੀ ਹਿੰਮਤ ਨਹੀਂ ਹੁੰਦੀ। ਉਹ ਠੀਕ ਰਾਹ 'ਤੇ ਹੋਣ ਦੇ ਬਾਵਜੂਦ ਕਿਧਰੇ ਨਹੀਂ ਪਹੁੰਚਦੇ। ਸੰਪੂਰਣਤਾ ਦੀ ਤਲਾਸ਼ ਵੀ ਸਹਿਣ-ਸ਼ਕਤੀ ਦੀ ਘਾਟ ਵਿਚੋਂ ਉਪਜਦੀ ਹੈ। ਸੰਪੂਰਣ ਪਤੀ, ਸੰਪੂਰਣ ਪਤਨੀ, ਸੰਪੂਰਣ ਘਰ ਆਦਿ ਸਭ ਸੁਪਨੇ ਹਨ। ਸੰਸਾਰ ਦੀ, ਜੀਵਨ ਦੀ ਸੁੰਦਰਤਾ ਇਨ੍ਹਾਂ ਦੇ ਅਪੂਰਣ ਹੋਣ ਵਿਚ ਹੈ। ਪਿਆਰ ਕਰ ਹੀ ਉਹ ਸਕਦੇ ਹਨ ਅਤੇ ਕਰਦੇ ਵੀ ਉਹੀ ਹਨ, ਜਿਨ੍ਹਾਂ ਵਿਚ ਦੂਜਿਆਂ ਦੀਆਂ ਘਾਟਾਂ ਨੂੰ ਸਹਿਣ ਦੀ ਸਹਿਜ-ਅਮੀਰੀ ਹੁੰਦੀ ਹੈ।

ਇਵੇਂ ਹੀ ਵਿਦਵਾਨ ਹੁੰਦਾ ਹੀ ਉਹ ਹੈ ਜਿਹੜਾ ਆਪਣੀ ਅਗਿਆਨਤਾ ਪ੍ਰਤੀ ਸੁਚੇਤ ਹੋਵੇ ਅਤੇ ਜਿਸ ਵਿਚ ਨਵੇਂ ਅਨੁਭਵ ਪ੍ਰਾਪਤ ਕਰਨ ਦੀ ਤਾਂਘ ਹੋਵੇ।

ਕੁਝ ਅਨੁਭਵ ਅਜਿਹੇ ਹੁੰਦੇ ਹਨ ਜਿਹੜੇ ਸਾਡੇ ਨਾਲ ਵਾਪਰਨ ਉਤੇ ਹੀ ਸਾਨੂੰ ਉਨ੍ਹਾਂ ਬਾਰੇ ਸੋਝੀ ਹੁੰਦੀ ਹੈ। ਕਾਹਲ ਕਾਰਨ, ਨੁਕਸਾਨ ਉਠਾ ਕੇ ਹੀ ਸਾਨੂੰ ਧੀਰਜ ਦਾ ਗਿਆਨ ਹੁੰਦਾ ਹੈ। ਜਿਥੇ ਧੀਰਜ ਨਹੀਂ ਹੁੰਦਾ, ਸਹਿਣਸ਼ੀਲਤਾ ਨਹੀਂ ਹੁੰਦੀ, ਉਥੇ ਡੂੰਘੇ ਅਤੇ ਵਿਸ਼ਾਲ ਅਨੁਭਵ ਵੀ ਨਹੀਂ ਹੁੰਦੇ।

ਕੋਈ ਵਿਅਕਤੀ ਜਿਤਨਾ ਆਪਣੇ ਸ਼ਬਦਾਂ-ਬੋਲਾਂ ਦਾ ਸੱਚਾ-ਝੂਠਾ ਹੁੰਦਾ ਹੈ, ਉਤਨਾ ਹੀ ਉਹ ਚੰਗਾ-ਮਾੜਾ, ਇਤਬਾਰੀ ਜਾਂ ਬੇਇਤਬਾਰੀ ਹੁੰਦਾ ਹੈ।

ਜਿਸ ਵਿਅਕਤੀ ਦਾ ਇਤਬਾਰ ਨਾ ਰਹੇ ਉਸ ਨੂੰ ਸਹਿਣ ਕਰਨਾ ਸਹਿਲ ਨਹੀਂ ਹੁੰਦਾ। ਅਜਿਹੇ ਵਿਅਕਤੀ ਦੇ ਜਿਊਂਦੇ ਜਾਂ ਮਰੇ ਹੋਣ ਦਾ ਕੋਈ ਫਰਕ ਨਹੀਂ ਪੈਂਦਾ।

ਸਹਿਣਸ਼ੀਲਤਾ ਤੋਂ ਕੋਰਾ ਵਿਅਕਤੀ ਇਤਬਾਰੀ ਨਹੀਂ ਬਣਦਾ।

ਸਹਿਣਸ਼ੀਲਤਾ ਅਨੁਸ਼ਾਸਨ ਅਤੇ ਸਵੈ-ਕਾਬੂ ਦੀ ਬੁਨਿਆਦ ਹੁੰਦੀ ਹੈ।

ਇਨ੍ਹਾਂ ਗੁਣਾਂ ਤੋਂ ਬਿਨਾਂ ਕੋਈ ਖੇਡ ਨਹੀਂ ਖੇਡੀ ਜਾ ਸਕਦੀ ਅਤੇ ਕੋਈ ਹੰਢਣਸਾਰ ਰਿਸ਼ਤਾ ਨਹੀਂ ਉਸਾਰਿਆ ਜਾ ਸਕਦਾ।

ਜੇ ਮਨੁੱਖ ਵਿਚ ਸਹਿਣਸ਼ੀਲਤਾ ਨਹੀਂ ਤਾਂ ਸੁਭਾਵਕ ਹੀ ਉਸ ਵਿਚ ਗੁੱਸੇ ਹੋਣ, ਗਾਲ੍ਹਾਂ ਕੱਢਣ, ਨਿੰਦਾ-ਚੁਗਲੀ ਕਰਨ, ਝੂਠੇ ਦੋਸ਼ ਲਾਉਣ, ਬਹਾਨੇ ਲਾਉਣ ਅਤੇ ਵਿਰੋਧ ਉਸਾਰਨ ਦੀ ਬਿਰਤੀ ਬਲਵਾਨ ਹੋਵੇਗੀ।

ਅਜਿਹੇ ਵਿਅਕਤੀਆਂ ਨੂੰ ਅਕਸਰ ਜੀਵਨ ਵਿਚ ਅਜਿਹਾ ਕੰਮ ਨਹੀਂ ਲੱਭਾ ਹੁੰਦਾ, ਜਿਸ ਨਾਲ ਉਹ ਇਕ-ਸੁਰ ਹੋ ਸਕਣ। ਇਨ੍ਹਾਂ ਨੂੰ ਪ੍ਰਵਾਨਿਤ ਕੰਮ ਲਭਦਾ, ਨਹੀਂ ਅਤੇ ਜਿਹੜਾ ਲੱਭਦਾ ਹੈ ਉਹ ਇਨ੍ਹਾਂ ਨੂੰ ਪ੍ਰਵਾਨ ਨਹੀਂ ਹੁੰਦਾ।

ਵੇਖਿਆ ਗਿਆ ਹੈ ਕਿ ਜਦੋਂ ਤਕ ਮਨੁੱਖ ਨੂੰ ਉਸ ਦੀ ਪਸੰਦ ਦਾ ਕੰਮ ਨਹੀਂ ਲੱਭਦਾ ਉਹ ਭਟਕਦਾ ਰਹਿੰਦਾ ਹੈ, ਜਿਸ ਇਸਤਰੀ ਨੂੰ ਮਨ ਭਾਉਂਦਾ ਸਾਥ ਨਹੀਂ ਲੱਭਦਾ ਉਹ ਸੱਜੇ-ਖੱਬੇ ਕਿਸੇ ਨੂੰ ਲੱਭਦੀ ਰਹਿੰਦੀ ਹੈ।

ਅਜਿਹੇ ਵਿਅਕਤੀਆਂ ਵਿਚ ਸਹਿਣਸ਼ੀਲਤਾ ਦੀ ਘਾਟ ਦਾ ਕਾਰਨ ਇਹ ਹੁੰਦਾ ਹੈ ਕਿ ਉਨ੍ਹਾਂ ਨੂੰ ਆਪਣੀ ਸ਼ਕਤੀ ਵਰਤਣ ਦਾ ਅਵਸਰ ਨਹੀਂ ਮਿਲਦਾ।

ਦੂਜੇ ਪਾਸੇ ਕਿਸਾਨਾਂ ਵਾਂਗ, ਲੱਕੜਹਾਰੇ ਬੜੇ ਚੁੱਪ-ਚੁਪੀਤੇ ਸਹਿਣਸ਼ੀਲ ਲੋਕ ਹੁੰਦੇ ਹਨ। ਵਾਹ-ਵਾਹ ਕੇ, ਵੱਢ-ਵੱਢ ਕੇ ਉਨ੍ਹਾਂ ਦਾ ਸਾਰਾ ਗੁੱਸਾ ਨਿਕਲ ਜਾਂਦਾ ਹੈ। ਖਿਡਾਰੀਆਂ ਵਿਚ ਵੀ ਇਹ ਗੁਣ ਹੁੰਦਾ ਹੈ। ਇਹੀ ਸਹੀ ਅਰਥਾਂ ਵਿਚ ਧਾਰਮਿਕ ਵਿਅਕਤੀ ਹੁੰਦੇ ਹਨ। ਇਨ੍ਹਾਂ ਨੂੰ ਕਿਸੇ ਧਰਮ ਦੀ ਲੋੜ ਨਹੀਂ ਹੁੰਦੀ, ਸਗੋਂ ਹਰ ਧਰਮ ਨੂੰ ਇਨ੍ਹਾਂ ਦੀ ਲੋੜ ਹੁੰਦੀ ਹੈ। ਲੰਮੀ ਉਡੀਕ ਉਪਰੰਤ ਮਿਲਣ ਵਾਲੇ ਪ੍ਰੇਮੀਆਂ ਦੇ ਜਿਹੜੇ ਭਾਵ ਹੁੰਦੇ ਹਨ, ਉਹੀ ਭਾਵ ਧਰਮ ਦਾ ਸਾਰ ਹੁੰਦੇ ਹਨ। ਪ੍ਰੇਮੀ ਇਕ ਦੂਜੇ ਲਈ ਮਰਨ ਦੇ ਜਜ਼ਬੇ ਨਾਲ ਜਿਊਂਦੇ ਹਨ।

ਸਹਿਣਸ਼ੀਲ ਵਿਅਕਤੀ ਦਾ ਮੌਤ ਸੰਬੰਧੀ ਦ੍ਰਿਸ਼ਟੀਕੋਣ ਬੜਾ ਉਸਾਰੂ ਹੁੰਦਾ ਹੈ। ਅਸੀਂ

ਸਹਿਣਸ਼ੀਲ ਹਾਂ ਜਾਂ ਨਹੀਂ, ਇਹ ਸਾਡੇ ਮੌਤ ਸੰਬੰਧੀ ਦ੍ਰਿਸ਼ਟੀਕੋਣ ਤੋਂ ਪਤਾ ਲਗਦਾ ਹੈ। ਧਰਮ ਪ੍ਰਤੀ ਦ੍ਰਿਸ਼ਟੀਕੋਣ ਵੀ ਵਾਸਤਵ ਵਿਚ ਮੌਤ ਨਾਲ ਜੁੜਿਆ ਹੋਇਆ ਹੈ।

ਜੇ ਮੌਤ ਨਾ ਹੁੰਦੀ ਤਾਂ ਕੋਈ ਧਰਮ ਵੀ ਨਾ ਹੁੰਦਾ।

ਸਾਰੇ ਧਰਮਾਂ ਦੀ ਹੋਂਦ ਦਾ ਕਾਰਨ ਮੌਤ ਹੈ। ਜੇ ਮੌਤ ਨਾ ਹੁੰਦੀ ਤਾਂ ਨਾ ਕੋਈ ਬੁੱਧ ਹੁੰਦਾ ਨਾ ਹੀ ਕੋਈ ਸੁਕਰਾਤ ਹੁੰਦਾ। ਜੇ ਮੌਤ ਨਾ ਹੁੰਦੀ ਤਾਂ ਅਸੀਂ ਵੀ ਨਾ ਹੁੰਦੇ, ਕਿਉਂਕਿ ਸਾਡੇ ਮਾਪਿਆਂ ਨੇ ਸਾਨੂੰ ਜਨਮ ਇਸੇ ਕਰ ਕੇ ਹੀ ਦਿੱਤਾ ਸੀ ਕਿ ਉਨ੍ਹਾਂ ਨੇ ਮਰ ਜਾਣਾ ਸੀ। ਸਾਡਾ ਸਮੁੱਚਾ ਜੀਵਨ ਮੌਤ ਦੀ ਚੂਲ ਦੁਆਲੇ ਘੁੰਮਦਾ ਹੈ।

ਅਸਹਿਣਸ਼ੀਲਤਾ ਇਕ ਪ੍ਰਕਾਰ ਦਾ ਅਗਿਆਨ ਹੈ।

ਕਿਸੇ ਵੀ ਵਿਅਕਤੀ ਕੋਲ ਇਤਨਾ ਗਿਆਨ ਨਹੀਂ ਹੁੰਦਾ ਕਿ ਉਹ ਅਗਿਆਨਤਾ ਤੋਂ ਪੂਰਨ-ਭਾਂਤ ਮੁਕਤ ਹੋ ਜਾਵੇ।

ਸਹਿਣਸ਼ੀਲਤਾ ਦੀ ਪ੍ਰਾਪਤੀ ਵਿਸ਼ਾਲ ਗਿਆਨ, ਲੰਮੀ ਸੋਚ ਅਤੇ ਡੂੰਘੇ ਅਨੁਭਵ ਤੋਂ ਮਗਰੋਂ ਹੁੰਦੀ ਹੈ। ਇਸੇ ਲਈ ਇਹ ਬਹੁਤ ਘੱਟ ਲੋਕਾਂ ਵਿਚ ਵੇਖਣ ਨੂੰ ਮਿਲਦੀ ਹੈ। ਇਹ ਸੋਚ ਤੋਂ ਪਾਰ ਦੀ ਅਵਸਥਾ ਹੈ, ਨਿਰਵਾਣ ਦੀ ਅਵਸਥਾ।

ਕੇਵਲ ਸੋਚਦੇ ਰਹਿਣ ਨਾਲ ਸ਼ੰਕੇ ਅਤੇ ਪ੍ਰੇਸ਼ਾਨੀਆਂ ਉਪਜਦੀਆਂ ਹਨ। ਜਿਹੜੇ ਸੋਚਣ ਲਗ ਪੈਂਦੇ ਹਨ, ਉਹ ਲੰਮੀ ਛਾਲ ਨਹੀਂ ਮਾਰ ਸਕਦੇ, ਜਦੋਂ ਕਿ ਛਾਲ ਮਾਰੇ ਬਿਨਾਂ ਨਾ ਕੋਈ ਨਿੱਘਾ ਰਿਸ਼ਤਾ ਉਸਰਦਾ ਹੈ ਅਤੇ ਨਾ ਹੀ ਕੋਈ ਹੰਢਣਸਾਰ ਪ੍ਰਾਪਤੀ ਹੁੰਦੀ ਹੈ।

ਕਈ ਲੋਕ ਸੋਹਣੇ ਤਾਂ ਬਹੁਤ ਹੁੰਦੇ ਹਨ ਪਰ ਉਹ ਕਿਸੇ ਨੂੰ ਸੁਹਿਰਦ ਪਿਆਰ ਨਹੀਂ ਕਰ ਸਕਦੇ। ਕਈ ਲੋਕਾਂ ਕੋਲ ਗਿਆਨ ਤਾਂ ਬਹੁਤ ਹੁੰਦਾ ਹੈ ਪਰ ਉਨ੍ਹਾਂ ਦੇ ਵਿਹਾਰ ਵਿਚ ਨਿੱਘ ਅਤੇ ਹਮਦਰਦੀ ਦੀ ਭਾਵਨਾ ਨਹੀਂ ਹੁੰਦੀ। ਅਜਿਹੇ ਲੋਕ ਜਦੋਂ ਵੀ ਮਿਲਦੇ ਹਨ, ਇਵੇਂ ਮਿਲਦੇ ਹਨ ਜਿਵੇਂ ਲੱਕੜ ਨੂੰ ਆਰੀ ਮਿਲਦੀ ਹੈ।

ਆਲੇ-ਦੁਆਲੇ ਵਿਚੋਂ ਸਹਿਣਸ਼ੀਲਤਾ ਦੀ ਉਦਾਹਰਣ ਮਾਂ ਵਿਚ ਸਹਿਜੇ ਹੀ ਵੇਖੀ ਜਾ ਸਕਦੀ ਹੈ। ਮਾਂ ਵਾਂਗ ਦਰਖ਼ਤ ਦੀ ਸਹਿਣਸ਼ੀਲਤਾ ਵੀ ਫੁੱਲਾਂ ਨੂੰ ਫਲਾਂ ਵਿਚ ਬਦਲ ਦਿੰਦੀ ਹੈ। ਧਿਆਨ ਨਾਲ ਵੇਖਣਾ, ਬੱਚਿਆਂ ਵਿਚ ਘਿਰੀ ਹੋਈ ਮਾਂ ਅਤੇ ਫਲਾਂ ਨਾਲ ਲੱਦਿਆਂ ਹੋਇਆਂ ਦਰਖ਼ਤ, ਦੋਵੇਂ ਬੜੇ ਪ੍ਰਸੰਨ ਨਜ਼ਰ ਆਉਣਗੇ।

ਸਹਿਣਸ਼ੀਲਤਾ ਕੁਝ ਦੇਣ ਦਾ, ਕੁਝ ਵੰਡਣ ਦਾ ਗੁਣ ਉਪਜਾਉਂਦੀ ਹੈ।

ਕੋਈ ਵੀ ਵਿਅਕਤੀ ਇਹ ਸ਼ਿਕਾਇਤ ਨਹੀਂ ਕਰ ਸਕਦਾ ਕਿ ਉਸ ਨੂੰ, ਕਦੀ ਕਿਸੇ ਨੂੰ, ਕੁਝ ਦੇਣ ਦਾ ਮੌਕਾ ਨਹੀਂ ਮਿਲਿਆ।

ਜੇ ਤੁਹਾਡੇ ਵਿਚ ਸਹਿਣਸ਼ੀਲਤਾ ਹੋਵੇਗੀ ਤਾਂ ਤੁਹਾਡਾ ਹਰ ਕਦਮ ਇਕ ਮੌਕਾ ਬਣ ਜਾਵੇਗਾ, ਹਰ ਮਿਲਣ ਵਾਲਾ ਵਿਅਕਤੀ ਪਿਆਰਾ ਪ੍ਰਤੀਤ ਹੋਣ ਲਗ ਪਵੇਗਾ ਅਤੇ ਤੁਸੀਂ ਝਰਨੇ ਵਾਂਗ ਝੂਲਣ ਲਗ ਪਵੋਗੇ ਅਤੇ ਤੁਹਾਡੇ ਹਰ ਕੰਮ ਵਿਚ ਬਰਕਤ ਹੋਵੇਗੀ ਅਤੇ ਤੁਹਾਡੀ ਹਰ ਮੈਦਾਨ ਵਿਚ ਫ਼ਤਹਿ ਹੋਵੇਗੀ।

♣♣♣

ਨਿੱਕੀਆਂ-ਨਿੱਕੀਆਂ ਗੱਲਾਂ

ਜ਼ਿੰਦਗੀ ਦੀ ਖੇਡ ਲਈ ਹਰ ਕਿਸੇ ਕੋਲ ਵੱਖਰੇ-ਵੱਖਰੇ ਪੱਤੇ ਹੁੰਦੇ ਹਨ।

ਰੰਗੀਨ ਦੁਨੀਆਂ ਕਿਸੇ ਨੂੰ ਵਿਰਸੇ ਵਿਚ ਨਹੀਂ ਮਿਲਦੀ।

ਹਰ ਕਿਸੇ ਨੇ ਆਪਣੀ ਦੁਨੀਆਂ ਵਿਚ ਰੰਗ ਆਪ ਭਰਨੇ ਹੁੰਦੇ ਹਨ।

ਜ਼ਿੰਦਗੀ ਦੀ ਦੌੜ ਵਿਚ ਸਦਾ ਲਈ ਕੋਈ ਨਹੀਂ ਹਾਰਦਾ।

ਜੋ ਸਾਡੀਆਂ ਅੱਖਾਂ ਦਾ, ਸਾਡੀ ਦ੍ਰਿਸ਼ਟੀ ਦਾ ਰੰਗ ਹੁੰਦਾ ਹੈ, ਉਹੀ ਸਾਡੀ ਜ਼ਿੰਦਗੀ ਦਾ ਅਤੇ ਸਾਡੇ ਸੰਸਾਰ ਦਾ ਰੰਗ ਬਣ ਜਾਂਦਾ ਹੈ।

ਜੋ ਕੁਝ ਅਸੀਂ ਵੇਖਣਾ ਚਾਹੁੰਦੇ ਹਾਂ, ਸਾਨੂੰ ਉਹੀ ਕੁਝ ਵਿਖਾਈ ਦਿੰਦਾ ਹੈ।

ਅਲਜਬਰੇ ਵਾਂਗ ਜ਼ਿੰਦਗੀ ਦੇ ਵੱਡੇ-ਵੱਡੇ ਸਵਾਲਾਂ, ਸਮੱਸਿਆਵਾਂ, ਮੁਸ਼ਕਿਲਾਂ ਅਤੇ ਮੁਸੀਬਤਾਂ ਦੇ ਜਵਾਬ ਅਕਸਰ ਬੜੇ ਨਿੱਕੇ-ਨਿੱਕੇ ਹੁੰਦੇ ਹਨ।

ਕਦਮ ਭਾਵੇਂ ਨਿੱਕੇ-ਨਿੱਕੇ ਹੀ ਹੋਣ ਪਰ ਜੇ ਚੱਲਦੇ ਰਹੀਏ ਤਾਂ ਵਿਸ਼ਾਲ ਦੁਨੀਆਂ ਵੀ ਛੋਟੀ ਪ੍ਰਤੀਤ ਹੋਣ ਲੱਗ ਪਵੇਗੀ।

ਜੇ ਸ਼ੌਕ ਵੱਡੇ ਹੋਣ ਤਾਂ ਜੱਗ ਸੌੜਾ ਪ੍ਰਤੀਤ ਹੋਣ ਲੱਗ ਪੈਂਦਾ ਹੈ। ਇਸੇ ਕਰਕੇ ਕਹਿੰਦੇ ਹਨ ਕਿ ਜਿਤਨੇ ਖੁੱਲ੍ਹਦੇ ਜਾਵੋਗੇ, ਉਤਨੇ ਖਿੜਦੇ ਜਾਵੋਗੇ, ਫੈਲਦੇ ਜਾਵੋਗੇ।

ਨਿੱਕੀਆਂ-ਨਿੱਕੀਆਂ ਬੂੰਦਾਂ ਜੇ ਅਣਗਿਣਤ ਹੋ ਜਾਣ ਤਾਂ ਸਾਗਰ ਬਣ ਜਾਂਦੀਆਂ ਹਨ। ਜੇ ਰੇਤ ਦੇ ਕਿਣਕੇ ਅਸੰਖਾਂ-ਅਸੰਖ ਹੋ ਜਾਣ ਤਾਂ ਉਹ ਵਿਸ਼ਾਲ ਮਾਰੂਥਲ ਬਣ ਜਾਂਦੇ ਹਨ। ਹਰ ਨਿੱਕੀ ਚੀਜ਼ ਵਿਚ ਵੱਡੀਆਂ ਸੰਭਾਵਨਾਵਾਂ ਛੁਪੀਆਂ ਹੁੰਦੀਆਂ ਹਨ, ਜਿਵੇਂ ਹਰ ਬੀਜ ਵਿਚ ਇਕ ਵਿਸ਼ਾਲ ਜੰਗਲ ਲੁਕਿਆ ਹੁੰਦਾ ਹੈ।

ਤੁਹਾਡੀ ਤਨਖਾਹ ਜਾਂ ਆਮਦਨ ਕਿਤਨੀ ਵੀ ਘੱਟ ਕਿਉਂ ਨਾ ਹੋਵੇ, ਤੁਹਾਡਾ ਰੁਤਬਾ ਜਾਂ ਅਹੁਦਾ ਕਿਤਨਾ ਵੀ ਨੀਵਾਂ ਕਿਉਂ ਨਾ ਹੋਵੇ, ਤੁਹਾਡਾ ਜੀਵਨ ਕਿਤਨੀਆਂ ਵੀ ਮੁਸ਼ਕਿਲਾਂ ਵਿਚ ਘਿਰਿਆ ਹੋਵੇ, ਦੂਜਿਆਂ ਦਾ ਧਿਆਨ ਰੱਖਣਾ ਆਰੰਭ ਕਰੋ, ਸੂਰਜ ਛੁਪਣ ਤੋਂ ਪਹਿਲੇ ਤੁਹਾਨੂੰ ਆਪਣੇ ਅੰਦਰ ਇਕ ਨਵੀਂ ਸ਼ਕਤੀ ਮਹਿਸੂਸ ਹੋਵੇਗੀ, ਜਿਸ ਨੂੰ ਕੋਈ ਧਨ ਖਰੀਦ ਨਹੀਂ ਸਕਦਾ, ਜਿਸ ਨੂੰ ਕੋਈ ਚੋਰ ਚੁਰਾ ਨਹੀਂ ਸਕਦਾ।

ਧਨ ਜਾਂ ਪੈਸਾ ਹੋਣਾ ਚੰਗੀ ਗੱਲ ਹੈ। ਪੈਸੇ ਨਾਲ ਅਨੇਕਾਂ ਚੀਜ਼ਾਂ ਖਰੀਦੀਆਂ ਜਾ ਸਕਦੀਆਂ ਹਨ ਪਰ ਜ਼ਿੰਦਗੀ ਵਿੱਚ ਬਹੁਤ ਕੁਝ ਅਜਿਹਾ ਵੀ ਹੈ ਜੋ ਪੈਸੇ ਨਾਲ ਨਹੀਂ ਖਰੀਦਿਆ ਜਾ ਸਕਦਾ। ਪੈਸੇ ਨਾਲ ਸੱਚੀ ਦੋਸਤੀ ਨਹੀਂ ਖਰੀਦੀ ਜਾ ਸਕਦੀ। ਪੈਸੇ ਨਾਲ ਸਵੱਛ ਸੋਚਣੀ

ਨਹੀਂ ਖਰੀਦੀ ਜਾ ਸਕਦੀ। ਪੈਸੇ ਨਾਲ ਚੰਗੀ ਸਿਹਤ, ਪ੍ਰਸੰਨ ਬਿਰਤੀ ਅਤੇ ਉਸਾਰੂ ਦ੍ਰਿਸ਼ਟੀਕੋਣ, ਮਨ ਦੀ ਅਮੀਰੀ, ਗਿਆਨ ਦਾ ਆਨੰਦ, ਅੰਦਰਲੀ ਸ਼ਾਂਤੀ ਆਦਿ ਨਹੀਂ ਖਰੀਦੀ ਜਾ ਸਕਦੀ।

ਜਿਹੜੀਆਂ ਚੀਜ਼ਾਂ ਪੈਸੇ ਨਾਲ ਖਰੀਦੀਆਂ ਜਾ ਸਕਦੀਆਂ ਹਨ, ਉਨ੍ਹਾਂ ਦੀ ਸੂਚੀ ਲੰਮੀ ਨਹੀਂ ਹੁੰਦੀ, ਉਨ੍ਹਾਂ ਵਿਚੋਂ ਮਿਲਣ ਵਾਲੀ ਤਸੱਲੀ ਡੂੰਘੀ ਨਹੀਂ ਹੁੰਦੀ।

ਪੈਸੇ ਨਾਲ ਖਰੀਦੀਆਂ ਚੀਜ਼ਾਂ ਸਾਡੇ ਉਤੇ ਕਾਬਜ਼ ਹੋ ਜਾਂਦੀਆਂ ਹਨ।

ਕਿਸੇ ਨੂੰ ਮਹਿੰਗਾ ਕਾਰਡ ਭੇਜ ਕੇ ਸੁਪਨੇ ਵਿਚ ਨਹੀਂ ਬੁਲਾਇਆ ਜਾ ਸਕਦਾ।

ਕਿਸੇ ਦੇ ਸੁਪਨਿਆਂ ਵਿਚ ਵੱਸ ਜਾਣ ਵਾਸਤੇ ਵੱਡੇ-ਵੱਡੇ ਵਾਅਦਿਆਂ ਦੀ ਲੋੜ ਨਹੀਂ, ਨਿੱਕੀਆਂ-ਨਿੱਕੀਆਂ ਸਿਫ਼ਤਾਂ ਦੀ ਲੋੜ ਹੈ। ਜਿਹੜੇ ਆਪ ਪ੍ਰਸੰਨ ਹੁੰਦੇ ਹਨ, ਉਹੀ ਦੂਜਿਆਂ ਨੂੰ ਪ੍ਰਸੰਨਤਾ ਦੀ ਜਾਗ ਲਾਉਂਦੇ ਹਨ। ਖੁਸ਼-ਰਹਿਣੇ ਲੋਕਾਂ ਨੂੰ ਅਸੀਂ ਵਧੇਰੇ ਚਿਰ ਅਤੇ ਵਧੇਰੇ ਵਾਰੀ ਯਾਦ ਕਰਦੇ ਹਾਂ, ਅਜਿਹੇ ਲੋਕਾਂ ਦੀ ਵਧੇਰੇ ਉਡੀਕ ਕੀਤੀ ਜਾਂਦੀ ਹੈ।

ਮਨੁੱਖ ਪ੍ਰਸੰਨ ਉਦੋਂ ਹੁੰਦਾ ਹੈ, ਜਦੋਂ ਉਹ ਕਿਸੇ ਨੂੰ ਪਿਆਰ ਕਰਦਾ ਹੈ।

ਪਿਆਰ ਦੀ ਸੰਭਾਵਨਾ ਸਾਨੂੰ ਜਵਾਨ ਰੱਖਦੀ ਹੈ ਜਦੋਂ ਕਿ ਡਰ, ਚਿੰਤਾ ਅਤੇ ਭੈਅ ਸਾਨੂੰ ਬੁੱਢਾ ਕਰ ਦਿੰਦੇ ਹਨ। ਜਿਹੜੀਆਂ ਬੀਮਾਰੀਆਂ ਅਮੀਰਾਂ ਨੂੰ ਹੁੰਦੀਆਂ ਹਨ, ਉਹ ਗਰੀਬਾਂ ਨੂੰ ਨਹੀਂ ਹੁੰਦੀਆਂ। ਇਹ ਕੁਦਰਤ ਦਾ ਇਨਸਾਫ਼ ਹੈ।

ਜ਼ਿੰਦਗੀ ਕਦੇ ਵੀ ਅਸਹਿ ਨਹੀਂ ਹੁੰਦੀ।

ਦੁੱਖ ਉਤਨੇ ਨਹੀਂ ਹੁੰਦੇ, ਜਿਤਨੇ ਪ੍ਰਤੀਤ ਹੁੰਦੇ ਹਨ।

ਦੂਜਿਆਂ ਦੇ ਸੁੱਖ ਵੀ ਉਤਨੇ ਨਹੀਂ ਹੁੰਦੇ, ਜਿਤਨੇ ਵਿਖਾਈ ਦਿੰਦੇ ਹਨ।

ਕੋਈ ਇਹ ਸ਼ਿਕਾਇਤ ਨਹੀਂ ਕਰ ਸਕਦਾ ਕਿ ਉਸ ਨੂੰ ਮਿਹਨਤ ਕਰਨ ਦਾ, ਚੰਗਾ ਬਣਨ ਦਾ, ਆਪਣਾ ਰਾਹ ਆਪ ਬਣਾਉਣ ਦਾ ਅਵਸਰ ਨਹੀਂ ਮਿਲਿਆ।

ਸਵੇਰੇ-ਸਵੇਰੇ ਪਿੱਠ-ਦਰਦ ਦੀਆਂ ਗੱਲਾਂ ਕਰਕੇ ਸਵੇਰ ਦੀ ਬੇਇਜ਼ਤੀ ਨਾ ਕਰੋ।

ਸਮੁੱਚੀ ਕੁਦਰਤ ਤੁਹਾਨੂੰ ਉਡੀਕ ਰਹੀ ਹੈ ਪਰ ਤੁਸੀਂ ਜੇ ਆਪਣੀ ਸਵੇਰ ਸ਼ੁਰੂ ਹੀ ਸ਼ਿਕਾਇਤਾਂ ਨਾਲ ਜਾਂ ਨਿੰਦਾ ਨਾਲ ਕਰਦੇ ਹੋ ਤਾਂ ਸ਼ਾਮ ਕਿਵੇਂ ਗੁਜ਼ਾਰੋਗੇ, ਤੁਹਾਡੀ ਸਵੇਰ ਦੱਸਦੀ ਹੈ ਕਿ ਤੁਹਾਡੀ ਸ਼ਾਮ ਕਿਹੋ ਜਿਹੀ ਹੋਵੇਗੀ।

ਸਵੇਰੇ ਸੈਰ ਕਰਨ ਨਾਲ ਦ੍ਰਿਸ਼ਟੀਕੋਣ ਉਸਾਰੂ ਨਹੀਂ ਹੋ ਜਾਂਦਾ, ਸੈਰ ਕਰਦੇ ਹੀ ਉਹ ਹਨ, ਜਿਨ੍ਹਾਂ ਦਾ ਦ੍ਰਿਸ਼ਟੀਕੋਣ ਉਸਾਰੂ ਹੁੰਦਾ ਹੈ।

ਮੇਰੇ ਇਕ ਮਿੱਤਰ ਹਨ, ਉਹ ਜਦੋਂ ਵੀ ਸਵੇਰੇ ਸੈਰ ਲਈ ਨਿਕਲਦੇ ਹਨ ਤਾਂ ਉਨ੍ਹਾਂ ਦੇ ਕਦਮਾਂ ਵਿਚ ਅਨੋਖੀ ਲਚਕ ਆ ਜਾਂਦੀ ਹੈ, ਉਹ ਉਤਸ਼ਾਹ ਨਾਲ ਕਿਹਾ ਕਰਦੇ ਹਨ: ਅੱਜ ਕਈ ਨਵੇਂ ਬੰਦੇ ਮਿਲਣਗੇ, ਨਵਾਂ ਸੂਰਜ ਮਿਲੇਗਾ, ਨਵੀਂ ਸਵੇਰ ਹੋਵੇਗੀ, ਅੱਜ ਦਾ ਸੁਭਾਅ ਸਾਨੂੰ ਨਹੀਂ ਪਤਾ, ਅੱਜ ਕੁਝ ਚੰਗਾ-ਚੰਗਾ ਵਾਪਰੇਗਾ।

ਉਨ੍ਹਾਂ ਨਾਲ ਸੈਰ ਲਈ ਜਾਣਾ ਇਕ ਹੋਰ ਜਿਹੀ ਗੱਲ ਹੈ।

ਮੇਰੇ ਇਕ ਹੋਰ ਜਾਣੂ ਹਨ, ਬਹੁਤ ਅਰਸਾ ਪਹਿਲਾਂ ਉਨ੍ਹਾਂ ਨੂੰ ਸੈਰ ਦੇ ਪਹਿਲੇ ਹੀ ਦਿਨ ਦਸਾਂ ਦਾ ਨੋਟ ਲੱਭ ਪਿਆ ਸੀ। ਉਸ ਦਿਨ ਤੋਂ ਹੀ ਉਨ੍ਹਾਂ ਦੀ ਨਜ਼ਰ ਝੁਕੀ ਹੋਈ ਹੈ। ਪਿਛਲੇ

ਵੀਹ ਵਰ੍ਹਿਆਂ ਵਿਚ ਉਨ੍ਹਾਂ ਨੂੰ ਹੋਰ ਵੀ ਬੜਾ ਕੁਝ ਲੱਭਿਆ ਹੈ, ਜਿਵੇਂ ਇਕ ਹਜ਼ਾਰ ਬਟਨ ਲੱਭੇ ਹਨ, ਤਿੰਨ ਹਜ਼ਾਰ ਮੇਖਾਂ ਲੱਭੀਆਂ ਹਨ, ਪਰ ਉਨ੍ਹਾਂ ਨੂੰ ਕੋਈ ਚੜ੍ਹਦਾ ਸੂਰਜ ਨਹੀਂ ਲੱਭਿਆ, ਫੁੱਲਾਂ ਦੇ ਰੰਗ ਨਹੀਂ ਲੱਭੇ।

ਥੱਲੇ ਵੇਖਦੇ ਰਹਿਣ ਕਾਰਨ ਉਨ੍ਹਾਂ ਨੂੰ ਕਦੇ ਠੇਡਾ ਨਹੀਂ ਲੱਗਿਆ, ਉਹ ਕਦੇ ਡਿੱਗੇ ਨਹੀਂ ਪਰ ਉਨ੍ਹਾਂ ਦੀ ਸ਼ਖਸੀਅਤ ਅਜਿਹੀ ਹੋ ਗਈ ਕਿ ਉਨ੍ਹਾਂ ਨੂੰ ਖਲੋਤਾ ਵੇਖ ਕੇ ਲੋਕ ਬਹਿ ਜਾਂਦੇ ਹਨ। ਉਹ ਜ਼ਿੰਦਗੀ ਦਾ ਕੇਵਲ ਹਨੇਰਾ ਪੱਖ ਵੇਖਦੇ ਹਨ।

ਚਾਨਣਾ ਪੱਖ ਵੇਖਣਾ ਉਨ੍ਹਾਂ ਦੀ ਸਮਰੱਥਾ ਤੋਂ ਬਾਹਰ ਹੋ ਗਿਆ ਹੈ।

ਤਜਰਬਾ ਕਰ ਵੇਖੋ, ਇਕ ਗਮਲਾ ਆਪਣੇ ਕਮਰੇ ਦੀ ਬਾਰੀ ਵਿਚ ਰੱਖ ਵੇਖੋ, ਫੁੱਲ ਨੂੰ ਅੰਦਰਲੇ ਪਾਸੇ ਘੁਮਾ ਵੇਖੋ, ਅਗਲੀ ਸਵੇਰ ਨੂੰ ਜਦੋਂ ਸੂਰਜ ਨਿਕਲੇਗਾ ਤਾਂ ਫੁੱਲ ਬਾਹਰ ਵਲ ਝੁਕਿਆ ਹੋਵੇਗਾ। ਫੁੱਲ ਨੂੰ, ਬਨਸਪਤੀ ਨੂੰ, ਚਾਨਣ ਨਾਲ ਮੋਹ ਹੈ।

ਇਸੇ ਲਈ ਫੁਲ-ਬੂਟੇ ਜ਼ਿੰਦਗੀ ਦੇ ਚਾਨਣੇ ਪੱਖ ਦਾ ਪ੍ਰਤੀਕ ਮੰਨੇ ਗਏ ਹਨ।

ਪਿੱਛੇ ਜਿਹੇ ਮੇਰੇ ਘਰ ਦੇ ਵਰਾਂਡੇ ਵਿਚ ਇਕ ਬਿੱਲੀ ਇਕ ਘੁੱਗੀ ਉਤੇ ਝਪਟ ਪਈ ਅਤੇ ਉਸ ਦੀ ਇਕ ਲੱਤ ਤੋੜ ਗਈ। ਸਾਰੀ ਰਾਤ ਮੈਂ ਉਸ ਘੁੱਗੀ ਬਾਰੇ ਚਿੰਤਾ ਕਰਦਾ ਰਿਹਾ ਪਰ ਜਦੋਂ ਸਵੇਰ ਹੋਈ ਤਾਂ ਉਸ ਨਿੱਕੇ ਜਿਹੇ ਪੰਛੀ ਨੇ ਆਪਣੀ ਇਕ ਲੱਤ ਨਾਲ ਹੀ ਆਪਣੇ ਆਪ ਨੂੰ ਸੰਭਾਲਣਾ ਸਿੱਖ ਲਿਆ ਸੀ ਅਤੇ ਉਹ ਰੋਜ਼ ਵਾਂਗ ਚਹਿਕ ਰਹੀ ਸੀ। ਉਸ ਦੀ ਇਸ ਅਦਾ ਤੇ ਮੇਰਾ ਸਾਰਾ ਪਰਿਵਾਰ ਉਸ ਨੂੰ ਸਲਾਮ ਕਹਿ ਰਿਹਾ ਸੀ।

ਇਹ ਪੰਛੀ ਸਾਨੂੰ ਜੀਵਨ ਦੇ ਅਰਥ ਸਮਝਾ ਗਿਆ ਸੀ।

ਪੈਰਿਸ ਵਿਚ ਇਕ ਸੰਗੀਤ ਘਰ ਵਿਚ ਬੈਠਾ ਸਾਂ। ਜਵਾਨੀ ਦੀ ਦਹਿਲੀਜ਼ ਉਤੇ ਕਦਮ ਰੱਖ ਰਹੀ ਇਕ ਮੁਟਿਆਰ ਵਾਇਲਨ ਵਜਾਉਣ ਲਈ ਉਠੀ ਅਤੇ ਅਚਾਨਕ ਉਸ ਦੀ ਵਾਇਲਨ ਦੀ ਇਕ ਤਾਰ ਟੁੱਟ ਗਈ। ਉਹ ਘਬਰਾਈ ਨਹੀਂ, ਥਿੜ੍ਹਕੀ ਨਹੀਂ, ਰੁਕੀ ਨਹੀਂ, ਝਿਜਕੀ ਨਹੀਂ, ਉਸ ਨੇ ਰਾਗ ਬਦਲ ਲਿਆ ਪਰ ਵਾਇਲਨ ਵਜਾਉਂਦੀ ਰਹੀ। ਸੁਣਨ ਵਾਲੇ ਸੰਗੀਤ ਹੀ ਨਹੀਂ ਸਨ ਸੁਣ ਰਹੇ, ਉਹ ਸਵੈ-ਵਿਸ਼ਵਾਸ ਦਾ ਜਲਵਾ ਵੀ ਵੇਖ ਰਹੇ ਸਨ, ਉਨ੍ਹਾਂ ਦੀਆਂ ਅੱਖਾਂ ਦੇ ਸਾਮ੍ਹਣੇ ਜਿੱਤ ਦਾ ਜਲੂਸ ਲੰਘ ਰਿਹਾ ਸੀ। ਇਹ ਦ੍ਰਿਸ਼ ਭਾਵੇਂ ਸਾਧਾਰਣ ਜਿਹੀ ਗੱਲ ਸੀ ਪਰ ਇਹ ਮਹਾਨਤਾ ਦਾ ਬਾਲ-ਉਪਦੇਸ਼ ਸੀ।

ਕਿਸੇ ਦੇ ਘਰ ਠਹਿਰਿਆ ਹੋਇਆ ਸਾਂ। ਘਰ ਦੀ ਸੁਆਣੀ ਨੇ ਕੱਪੜਿਆਂ ਦੀ ਪੰਡ ਧੋਤੀ ਅਤੇ ਜਿਸ ਰੱਸੀ ਉਤੇ ਕੱਪੜੇ ਪਾਏ, ਉਹ ਰੱਸੀ ਟੁੱਟ ਗਈ ਅਤੇ ਕੱਪੜਿਆਂ ਨੂੰ ਮਿੱਟੀ ਲਗ ਗਈ। ਉਸ ਨੇ ਸਾਰੇ ਕੱਪੜੇ ਫਿਰ ਪਾਣੀ ਵਿਚੋਂ ਕੱਢੇ, ਨਿਚੋੜੇ ਅਤੇ ਘਾਹ ਉਤੇ ਸੁਕਣੇ ਪਾ ਦਿੱਤੇ। ਸਵੇਰੇ ਜਦੋਂ ਜਾਗੀ ਤਾਂ ਵੇਖਿਆ ਕਿ ਉਨ੍ਹਾਂ ਦਾ ਕੁੱਤਾ ਆਪਣੇ ਲਿਬੜੇ ਪੈਰਾਂ ਨਾਲ ਉਨ੍ਹਾਂ ਉਤੋਂ ਲੰਘ ਗਿਆ ਸੀ। ਉਸ ਨੇ ਇਨਾ ਹੀ ਕਿਹਾ, "ਕੁੱਤੇ ਨੂੰ ਤਾਂ ਚਿੱਤਰਕਾਰ ਹੋਣਾ ਚਾਹੀਦਾ ਸੀ" ਅਤੇ ਫਿਰ ਉਸ ਨੇ ਬਿਨਾਂ ਗੁੱਸਾ ਕੀਤਿਆਂ ਸਾਰੇ ਕੱਪੜੇ ਮੁੜ ਧੋਤੇ। ਜਿਨ੍ਹਾਂ ਨੇ ਕਦੇ ਸਰਦੀਆਂ ਵਿਚ ਪੰਡ ਕਪੜਿਆਂ ਦੀ ਧੋਤੀ ਹੈ, ਉਹ ਇਸਤਰੀਆਂ ਜਾਣਦੀਆਂ ਹਨ ਕਿ ਇਹ ਸਭ ਕੁਝ ਸਹਿਣਾ ਕਿਤਨਾ ਕਠਿਨ ਹੁੰਦਾ ਹੈ।

ਉਹ ਇਸਤਰੀ ਅਛੋਪਲੇ ਹੀ ਮਹਾਨਤਾ ਵਿਚ ਛੁਪੇ ਸਬਰ, ਸੰਤੋਖ, ਧੀਰਜ ਅਤੇ ਸਹਿਣਸ਼ੀਲਤਾ ਦੇ ਅਰਥ ਸਮਝਾ ਗਈ।

ਬਹੁਤ ਅਰਸਾ ਪਹਿਲਾਂ ਇਕ ਬੱਸ ਅੱਡੇ ਉਤੇ ਮੈਂ ਦੋਵੇਂ ਲੱਤਾਂ ਤੋਂ ਅਪੰਗ ਇਕ ਵਿਅਕਤੀ ਵੇਖਿਆ ਸੀ, ਜਿਹੜਾ ਪੱਖੀਆਂ ਵੇਚ ਰਿਹਾ ਸੀ। ਕਿਸੇ ਨੇ ਉਸ ਨੂੰ ਵੇਖ ਕੇ 'ਵਿਚਾਰਾ' ਕਿਹਾ ਪਰ ਉਸ ਨੇ ਚਮਕਦੀਆਂ ਅੱਖਾਂ ਨਾਲ ਅਤੇ ਉੱਚੇ ਭਰੋਸੇ ਨਾਲ ਕਿਹਾ ਸੀ: ਵਿਚਾਰਾ! ਮੈਂ ਵਿਚਾਰਾ ਨਹੀਂ ਹਾਂ, ਮੈਂ ਕਿਸਮਤ ਵਾਲਾ ਹਾਂ, ਕਿਉਂਕਿ ਮੇਰੇ ਸੰਪਰਕ ਵਿਚ ਕੇਵਲ ਮਿਹਰਬਾਨ ਮਨੁੱਖ ਹੀ ਆਉਂਦੇ ਹਨ।

ਉਹ ਮਨੁੱਖ ਨਹੀਂ ਸੀ, ਉਹ ਸਵੈ-ਭਰੋਸੇ ਦਾ ਚੜ੍ਹਦਾ ਸੂਰਜ ਸੀ।

ਕਾਲਜ ਅਧਿਆਪਕ ਵਜੋਂ ਆਪਣੀ ਨੌਕਰੀ ਦੇ ਮੁੱਢਲੇ ਸਾਲਾਂ ਵਿਚ ਮੈਨੂੰ ਇਕ ਛੋਟੇ ਜਿਹੇ ਪਰ ਵੱਡੇ ਦਿਲ ਵਾਲੇ ਸ਼ਹਿਰ ਵਿਚ ਰਹਿਣ ਦਾ ਅਵਸਰ ਮਿਲਿਆ। ਇਸੇ ਸ਼ਹਿਰ ਨੇ ਮੇਰੀਆਂ ਅੱਖਾਂ ਵਿਚ ਸੁਪਨੇ ਲਟਕਾਏ ਸਨ। ਉਥੇ ਰਾਤ ਵੇਲੇ ਕਿਸੇ ਦੇ ਬੰਸਰੀ ਵਜਾਉਣ ਦੀ ਆਵਾਜ਼ ਆਇਆ ਕਰਦੀ ਸੀ। ਉਸ ਬੰਸਰੀ ਵਿਚ ਕਿਸੇ ਕੋਇਲ ਦੀ ਰੂਹ ਵਸਦੀ ਸੀ। ਰਾਤ ਦੇ ਸੱਨਾਟੇ ਵਿਚ, ਉਸ ਆਵਾਜ਼ ਵਿਚ, ਉਥਲਦਿਆਂ ਨੂੰ ਠਾਰਨ ਦੀ, ਰਵਾਨਾ ਹੋ ਚੁੱਕਿਆਂ ਨੂੰ ਵਾਪਸ ਲਿਆਉਣ ਦੀ, ਗੁਆਚਿਆਂ ਨੂੰ ਲੱਭ ਲਿਆਉਣ ਦੀ ਤਾਕਤ ਸੀ। ਆਸ-ਪਾਸ ਤੋਂ ਪੁੱਛਣ 'ਤੇ ਪਤਾ ਲੱਗਾ ਕਿ ਬੰਸਰੀ ਵਜਾਉਣ ਵਾਲਾ ਉਸ ਮੁਹੱਲੇ ਦਾ ਚੌਕੀਦਾਰ ਸੀ। ਜਦੋਂ ਮਹੀਨੇ ਮਗਰੋਂ ਉਹ ਚੌਕੀਦਾਰ ਮਹੀਨਾ ਉਗਰਾਹੁਣ ਆਇਆ ਤਾਂ ਉਸ ਦੇ ਦਰਸ਼ਨ ਕਰਨ ਦਾ ਸੁਭਾਗ ਮਿਲਿਆ। ਉਸ ਦੇ ਚਿਹਰੇ ਉਤੇ ਸੰਤੁਸ਼ਟਤਾ ਦਾ ਸੌਹਜ ਸੀ, ਉਸ ਦੇ ਵਿਹਾਰ ਵਿਚ ਇਕ ਨਿਰਛਲ ਅਤੇ ਨਿਰਮਲ ਅਮੀਰੀ ਸੀ। ਉਸ ਤੋਂ ਪਹਿਲਾਂ ਮੈਂ ਕਦੇ ਇਤਨਾ ਟਿਕਿਆ ਹੋਇਆ ਮਨ ਨਹੀਂ ਸੀ ਵੇਖਿਆ। ਕੁਝ ਲੋਕਾਂ ਦੇ ਚਿਹਰਿਆਂ ਉਤੇ ਮੈਂ ਰੋਸ਼ਨੀ ਵੇਖੀ ਸੀ ਪਰ ਉਸ ਦੇ ਚਿਹਰੇ ਉਤੇ ਨੂਰ ਸੀ। ਉਸ ਨੂੰ ਸਾਰਾ ਮੁਹੱਲਾ ਪਿਆਰ ਕਰਦਾ ਸੀ। ਉਸ ਦਾ ਜਾਦੂ-ਪ੍ਰਭਾਵ ਇਤਨਾ ਸੀ ਕਿ ਅਸੀਂ ਸ਼ਾਮ ਪੈਂਦਿਆਂ ਹੀ ਰਾਤ ਉਡੀਕਣ ਲੱਗ ਪੈਂਦੇ ਸਾਂ। ਉਥੇ ਮੈਂ ਚਾਰ ਵਰ੍ਹੇ ਰਿਹਾ ਅਤੇ ਉਥੋਂ ਆਇਆਂ ਨੂੰ ਵੀ ਭਾਵੇਂ ਅਨੇਕਾਂ ਵਰ੍ਹੇ ਹੋ ਗਏ ਹਨ ਪਰ ਉਸ ਦੀ ਬੰਸਰੀ ਦੀ ਆਵਾਜ਼ ਆਪਣੇ ਚੇਤਿਆਂ ਦੀਆਂ ਗਲੀਆਂ ਵਿਚ ਅਜੇ ਵੀ ਗੂੰਜਦੀ ਸੁਣਾਈ ਦਿੰਦੀ ਹੈ।

ਕਈ ਲੋਕ ਇਤਨੇ ਅਮੀਰ ਹੁੰਦੇ ਹਨ ਕਿ ਉਹ ਆਪਣੇ ਨਿੱਕੇ ਜਿਹੇ ਵਸੀਲਿਆਂ ਨਾਲ ਵੀ ਕਿਤਨਾ ਕਮਾਲ ਕਰ ਜਾਂਦੇ ਹਨ। ਮੈਨੂੰ ਇੰਜ ਲਗਦਾ ਹੈ, ਜਿਵੇਂ ਮਹਾਰਾਜ ਕ੍ਰਿਸ਼ਨ ਨੇ ਉਸ ਨੂੰ ਆਪਣੀ ਬੰਸਰੀ ਦਿੱਤੀ ਹੋਈ ਸੀ, ਕਈ ਵਾਰੀ ਇਹ ਖਿਆਲ ਵੀ ਆਉਂਦਾ ਹੈ ਕਿ ਸ਼ਾਇਦ ਉਹ ਮਹਾਰਾਜ ਕ੍ਰਿਸ਼ਨ ਹੀ ਸੀ।

ਜਿਹੜੇ ਮਹਾਨ ਹੁੰਦੇ ਹਨ, ਉਹ ਸਾਧਾਰਣ, ਸਾਦ-ਮੁਰਾਦੇ, ਸਾਊ ਅਤੇ ਸਰਲ ਸੁਭਾ ਦੇ ਮਾਲਕ ਹੁੰਦੇ ਹਨ। ਸੁਕਰਾਤ ਨਿਰਸੰਦੇਹ ਸਾਧਾਰਣ ਮਨੁੱਖ ਦਾ ਉੱਚਤਮ ਨਮੂਨਾ ਸੀ। ਈਸਾ ਮਸੀਹ ਨੇ ਸੂਲੀ ਜਿਹੀ ਕੋਝੀ ਚੀਜ਼ ਨੂੰ ਇਤਨਾ ਪਵਿੱਤਰ ਬਣਾ ਦਿੱਤਾ ਕਿ ਇਸ ਚਿੰਨ੍ਹ ਦੀ ਅੱਜ ਸੰਸਾਰ ਭਰ ਵਿਚ ਪੂਜਾ ਹੁੰਦੀ ਹੈ।

ਸੰਸਾਰ ਵਿਚ ਜਿਤਨੇ ਵੀ ਮਹਾਨ ਵਿਅਕਤੀ ਹੋਏ ਹਨ, ਉਨ੍ਹਾਂ ਵਿਚ ਇਹ ਗੱਲ ਸਾਂਝੀ ਹੈ ਕਿ ਉਨ੍ਹਾਂ ਦੇ ਅੰਦਰ ਸੋਹਜ ਸੀ, ਭਾਵੇਂ ਉਨ੍ਹਾਂ ਦੇ ਰਾਹ ਵਿਚ ਅਣਗਿਣਤ ਔਕੜਾਂ ਸਨ ਪਰ ਉਨ੍ਹਾਂ ਦਾ ਆਪਣੇ ਆਪ ਵਿਚ ਭਰੋਸਾ ਸੀ।

ਜਿਨ੍ਹਾਂ ਦਾ ਆਪਣੇ ਆਪ ਵਿਚ ਭਰੋਸਾ ਹੁੰਦਾ ਹੈ, ਉਹ ਆਪਣੀਆਂ ਅਸਫ਼ਲਤਾਵਾਂ ਦੀ ਢੇਰੀ ਉਤੇ ਉੱਚੇ ਹੋ ਕੇ ਖਲੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਦਿੱਸਣ ਵਾਲਾ ਅੰਬਰ ਹੋਰ ਵਿਸ਼ਾਲ ਹੋ ਜਾਂਦਾ ਹੈ। ਉਹ ਆਸ਼ਾਵਾਦੀ ਹੁੰਦੇ ਹਨ।

ਆਸ਼ਾਵਾਦੀ ਉਸ ਵਿਅਕਤੀ ਨੂੰ ਕਹਿੰਦੇ ਹਨ, ਜਿਹੜਾ ਆਲੇ-ਦੁਆਲੇ ਨੂੰ ਭਰਵੀਂ ਨਜ਼ਰ ਨਾਲ ਵੇਖਕੇ, ਆਪਣੇ ਨਿਗੂਣੇਪਣ ਦੇ ਬਾਵਜੂਦ, ਅੰਤਾਂ ਦੇ ਵਿਸ਼ਵਾਸ ਦਾ ਪ੍ਰਗਟਾਵਾ ਕਰੇ। ਇਹ ਪ੍ਰਗਟਾਵਾ ਕੁਝ ਕਰਨ ਨਾਲ ਹੀ ਆਉਂਦਾ ਹੈ।

ਸਫ਼ਲ ਹੋਣ ਲਈ ਜਿਤਨੇ ਗਿਆਨ ਦੀ ਸਾਨੂੰ ਲੋੜ ਹੁੰਦੀ ਹੈ, ਉਤਨਾ ਗਿਆਨ ਸਾਡੇ ਸਾਰਿਆਂ ਕੋਲ ਹੁੰਦਾ ਹੈ ਪਰ ਕਿਉਂਕਿ ਅਸੀਂ ਉਸ ਗਿਆਨ ਨੂੰ ਅਮਲ ਵਿਚ ਨਹੀਂ ਲਿਆਉਂਦੇ, ਇਸ ਲਈ ਸਾਨੂੰ ਗਿਆਨ ਦੀ ਘਾਟ ਮਹਿਸੂਸ ਹੁੰਦੀ ਰਹਿੰਦੀ ਹੈ।

ਘਾਟ ਗਿਆਨ ਦੀ ਨਹੀਂ ਹੁੰਦੀ, ਘਾਟ ਅਮਲ ਦੀ ਹੁੰਦੀ ਹੈ।

ਇਕ ਵਾਰੀ ਬੈਂਕ ਵਾਸਤੇ ਅਫਸਰਾਂ ਦੀ ਭਰਤੀ ਲਈ ਇੰਟਰਵਿਊ ਹੋ ਰਹੀ ਸੀ। ਇਕ ਉਮੀਦਵਾਰ ਨੂੰ ਜਦੋਂ ਉਸ ਦੀਆਂ ਪ੍ਰਾਪਤੀਆਂ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਉਸ ਨੇ ਕਦੇ ਬੇਈਮਾਨੀ ਨਹੀਂ ਕੀਤੀ, ਕਦੇ ਛੱਲ ਨਹੀਂ ਕੀਤਾ, ਕਦੇ ਝੂਠ ਨਹੀਂ ਬੋਲਿਆ, ਕਿਸੇ ਨਾਲ ਝਗੜਾ ਨਹੀਂ ਕੀਤਾ, ਇੰਟਰਵਿਊ ਲੈਣ ਵਾਲਿਆਂ ਨੇ ਕਿਹਾ ਸਾਨੂੰ ਇਹ ਨਾ ਦਸੋ ਕਿ ਤੁਸੀਂ ਕੀ ਕੀ ਨਹੀਂ ਕੀਤਾ। ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਤੁਸੀਂ ਕੀਤਾ ਕੀ ਕੀ ਹੈ? ਇਵੇਂ ਹੀ ਇਕ ਹੋਰ ਉਮੀਦਵਾਰ ਨੂੰ ਉਸ ਦੀ ਵਾਧੂ ਯੋਗਤਾ ਜਾਣਨ ਲਈ ਪੁੱਛਿਆ ਗਿਆ: ਕੀ ਤੁਹਾਨੂੰ ਗਾਉਣਾ ਆਉਂਦੇ? ਉੱਤਰ ਮਿਲਿਆ: ਮੈਨੂੰ ਨੱਚਣਾ ਵੀ ਆਉਂਦੇ।

ਵੱਡੀਆਂ-ਵੱਡੀਆਂ ਗੱਲਾਂ ਸਾਨੂੰ ਨੇੜਿਉਂ ਪ੍ਰਭਾਵਿਤ ਨਹੀਂ ਕਰਦੀਆਂ। ਜਿਹੜੀਆਂ ਗੱਲਾਂ ਸਾਨੂੰ ਪ੍ਰਸੰਨ ਕਰਦੀਆਂ ਹਨ, ਉਨ੍ਹਾਂ ਗੱਲਾਂ ਬਾਰੇ ਅਕਸਰ ਸਹਿਮਤੀ ਹੁੰਦੀ ਹੈ, ਵਾਦ-ਵਿਵਾਦ ਸਦਾ ਨਿਗੂਣੀਆਂ ਗੱਲਾਂ ਬਾਰੇ ਹੁੰਦੇ ਹਨ। ਜੇ ਅਸੀਂ ਨਿੱਕੀਆਂ-ਨਿੱਕੀਆਂ ਗੱਲਾਂ ਵੱਲ ਧਿਆਨ ਦੇਈਏ ਤਾਂ ਵੱਡੀਆਂ ਗੱਲਾਂ ਆਪੇ ਹੱਲ ਹੋ ਜਾਣਗੀਆਂ।

ਸੰਸਾਰ ਬਹੁਤ ਵੱਡਾ ਹੈ, ਇਸ ਦੀ ਚਿੰਤਾ ਕਰਨ ਦੀ ਲੋੜ ਨਹੀਂ, ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੀ ਚਿੰਤਾ ਕਰੀਏ ਕਿ ਕੀ ਸਾਡੇ ਵਿਚ ਸੁਧਾਰ ਅਤੇ ਵਿਕਾਸ ਵਾਪਰ ਰਹੇ ਹਨ ਕਿ ਨਹੀਂ, ਕੀ ਸਾਡੇ ਘਰ ਦੇ ਆਲੇ-ਦੁਆਲੇ ਸਫ਼ਾਈ ਹੈ ਕਿ ਨਹੀਂ। ਸੰਸਾਰ ਆਪਣੀ ਚਿੰਤਾ ਆਪ ਕਰ ਲਵੇਗਾ, ਤੁਸੀਂ ਆਪਣੀ ਚਿੰਤਾ ਹੀ ਕਰ ਲਵੋ।

ਕਿਸੇ ਨੇ ਪੁੱਛਿਆ: ਮੈਂ ਕੀ ਕਰਾਂ, ਮੈਂ ਸਾਰੇ ਸੰਸਾਰ ਨੂੰ ਬਦਲ ਦੇਣਾ ਚਾਹੁੰਦਾ ਹਾਂ। ਉੱਤਰ ਮਿਲਿਆ: ਜੋ ਕੰਮ ਤੁਹਾਡੇ ਹੱਥ ਵਿਚ ਹੈ ਅਤੇ ਜਿਸ ਨੂੰ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੈ, ਪਹਿਲਾਂ ਉਹ ਚੰਗੀ ਤਰ੍ਹਾਂ ਕਰ ਲਵੋ।

ਲੋੜ ਜ਼ਿੰਦਗੀ ਨੂੰ ਆਹਮੋ-ਸਾਮ੍ਹਣੇ ਹੋ ਕੇ ਮਿਲਣ ਦੀ ਹੈ ਪਰ ਜਿਸ ਨੂੰ ਵੀ ਵੇਖੋ ਉਹ

ਆਪਣੇ ਹੀ ਪਿੱਛੇ ਛੁਪਿਆ ਹੋਇਆ ਹੈ। ਕਿਸੇ ਨੇ ਕਿਹਾ: ਮੈਂ ਆਜ਼ਾਦ ਹੋਣਾ ਚਾਹੁੰਦਾ ਹਾਂ। ਉੱਤਰ ਮਿਲਿਆ: ਆਜ਼ਾਦੀ ਇਕ ਭਰਮ ਹੈ, ਜ਼ਿੰਮੇਵਾਰੀ ਇਕ ਹਕੀਕਤ ਹੈ।

ਜਿਤਨੇ ਜ਼ਿੰਮੇਵਾਰ ਹੁੰਦੇ ਜਾਵੋਗੇ, ਉਤਨੇ ਆਜ਼ਾਦ ਅਤੇ ਖੁਸ਼ਹਾਲ ਹੁੰਦੇ ਜਾਵੋਗੇ।

ਸੰਸਾਰ ਵਿਚ ਕੋਈ ਕੌਮ, ਕੋਈ ਸਮਾਜ, ਕੋਈ ਵਿਅਕਤੀ ਆਦਿ ਅਜਿਹਾ ਨਹੀਂ ਜਿਹੜਾ ਖੁਸ਼ਹਾਲ ਹੋਵੇ ਪਰ ਜ਼ਿੰਮੇਵਾਰ ਨਾ ਹੋਵੇ ਅਤੇ ਜ਼ਿੰਮੇਵਾਰ ਹੋਵੇ ਪਰ ਆਜ਼ਾਦ ਨਾ ਹੋਵੇ।

ਜ਼ਿੰਮੇਵਾਰੀ, ਆਜ਼ਾਦੀ ਦਾ ਪਹਿਲਾ ਨੇਮ ਹੁੰਦੀ ਹੈ।

ਜੀਵਨ ਦੀ ਹਰ ਖੇਡ ਨੇਮਾਂ ਵਿਚ ਬੱਝੀ ਹੋਈ ਹੈ। ਇਨ੍ਹਾਂ ਨੇਮਾਂ ਤੋਂ ਬਿਨਾਂ ਉਸ ਖੇਡ ਨੂੰ ਖੇਡਿਆ ਨਹੀਂ ਜਾ ਸਕਦਾ। ਨੇਮਾਂ ਦਾ ਪਾਲਣ ਕਰਨ ਵਾਲੀ ਟੀਮ ਨੂੰ ਹੀ ਜੇਤੂ ਕਰਾਰ ਦਿੱਤਾ ਜਾਂਦਾ ਹੈ। ਦੰਪਤੀ ਜੀਵਨ ਦੇ ਵੀ ਨੇਮ ਹਨ।

ਇਨ੍ਹਾਂ ਨੇਮਾਂ ਨੂੰ ਪਾਲਣ ਨਾਲ ਸਾਡੇ ਵਿਚ ਨਾ ਕੇਵਲ ਸਵੈ-ਭਰੋਸਾ ਉਪਜਦਾ ਹੈ, ਸਗੋਂ ਅਸੀਂ ਦੂਜਿਆਂ ਵਿਚ ਉਤਸ਼ਾਹ ਉਪਜਾਉਣ ਦੇ ਯੋਗ ਵੀ ਹੋ ਜਾਂਦੇ ਹਾਂ।

ਜਿਹੜੇ ਇਨ੍ਹਾਂ ਨੇਮਾਂ ਦੀ ਉਲੰਘਣਾ ਕਰਦੇ ਹਨ, ਉਹ ਅਕਸਰ ਆਪਣੀਆਂ ਸ਼ਰਤਾਂ ਦੀ ਦੁਹਾਈ ਦਿੰਦੇ ਹਨ। ਜੇਕਰ ਕੋਈ ਕਹੇ ਕਿ ਮੈਂ ਨੇਮਾਂ ਦੀ ਪਾਲਣਾ ਕਰਨ ਦੀ ਬਜਾਇ ਆਪਣੀਆਂ ਸ਼ਰਤਾਂ 'ਤੇ ਜ਼ਿੰਦਗੀ ਜੀਵਾਂਗਾ, ਆਪਣੀਆਂ ਸ਼ਰਤਾਂ 'ਤੇ ਪਿਆਰ ਕਰਾਂਗਾ, ਮੈਂ ਆਪਣੀਆ ਸ਼ਰਤਾਂ 'ਤੇ ਹੀ ਰਿਸ਼ਤਾ ਉਸਾਰਾਂਗਾ, ਇਹ ਸਭ ਕੁਝ ਕਹਿਣਾ ਇਵੇਂ ਹੀ ਹੈ ਜਿਵੇਂ ਕੋਈ ਕਹੇ ਕਿ ਮੈਂ ਆਪਣੀਆਂ ਸ਼ਰਤਾਂ 'ਤੇ ਮੀਂਹ ਪੈਣ ਦੇਵਾਂਗਾ, ਰਾਤ ਮੇਰੀਆਂ ਸ਼ਰਤਾਂ 'ਤੇ ਪਵੇਗੀ। ਇਹ ਸ਼ਰਤਾਂ ਦਾ ਭੁਲੇਖਾ ਹੀ ਤਲਾਕਾਂ, ਵਿਵਾਦਾਂ, ਝਗੜਿਆਂ ਅਤੇ ਤੋੜ-ਵਿਛੋੜਿਆਂ ਵਿਚ ਪ੍ਰਗਟ ਹੋ ਰਿਹਾ ਹੈ।

ਇਹ ਸ਼ਰਤਾਂ ਹੀ ਘਰਾਂ ਨੂੰ ਅਖਾੜਿਆਂ ਵਿਚ ਬਦਲ ਰਹੀਆਂ ਹਨ।

ਜੀਵਨ ਇਤਨਾ ਗੁੰਝਲਦਾਰ ਹੋ ਗਿਆ ਹੈ ਕਿ ਕੋਈ ਵਿਅਕਤੀ ਇਕੱਲਿਆਂ ਜੀਵਨ ਦਾ ਬੋਝ ਨਹੀਂ ਚੁੱਕ ਸਕਦਾ।

ਹਰੇਕ ਨੂੰ ਦੂਜਿਆਂ ਦੇ ਸਾਥ ਦੀ, ਸਹਿਯੋਗ ਅਤੇ ਸਹਾਰੇ ਦੀ ਲੋੜ ਹੈ।

ਸਾਨੂੰ ਉਨ੍ਹਾਂ ਦੀ ਲੋੜ ਹੈ, ਜਿਹੜੇ ਸਾਡੀਆਂ ਗਲਤੀਆਂ ਮੁਆਫ਼ ਕਰ ਸਕਣ, ਭਟਕ ਜਾਣ ਉਤੇ ਜਿਹੜੇ ਸਾਨੂੰ ਵਾਪਸ ਸਵੀਕਾਰ ਕਰ ਸਕਣ ਅਤੇ ਜਿਹੜੇ ਸਾਡਾ ਗੁਆਚਿਆ ਸਵੈ-ਵਿਸ਼ਵਾਸ ਸਾਨੂੰ ਪਰਤਾ ਸਕਣ।

ਵੇਖਿਆ ਗਿਆ ਹੈ ਕਿ ਕੇਵਲ ਅਸੀਂ ਹੀ ਆਪਣੀ ਮੈਂ ਦੇ ਪੱਖ ਵਿਚ ਹੁੰਦੇ ਹਾਂ, ਜਦੋਂ ਕਿ ਸਾਰਾ ਸੰਸਾਰ ਸਾਡੀ ਮੈਂ ਦੇ ਵਿਰੁਧ ਹੁੰਦਾ ਹੈ। ਆਪਣੀ ਮੈਂ ਕਾਰਨ ਹੀ ਅਸੀਂ ਆਪਣੇ ਆਪ ਨੂੰ ਸੰਸਾਰ ਦਾ ਕੇਂਦਰ ਮਿਥ ਲੈਂਦੇ ਹਾਂ ਅਤੇ ਅਸੀਂ ਭੁੱਲ ਜਾਂਦੇ ਹਾਂ ਕਿ ਜਦੋਂ ਅਸੀਂ ਨਹੀਂ ਸੀ, ਸੰਸਾਰ ਉਦੋਂ ਵੀ ਸੀ, ਜਦੋਂ ਅਸੀਂ ਨਹੀਂ ਹੋਵਾਂਗੇ, ਸੰਸਾਰ ਉਦੋਂ ਵੀ ਹੋਵੇਗਾ ਅਤੇ ਹੁਣ ਨਾਲੋਂ ਚੰਗੇਰਾ ਹੀ ਹੋਵੇਗਾ। ਲੋੜ ਇਸ ਗੱਲ ਦੀ ਹੈ ਕਿ ਅਸੀਂ ਦੂਜਿਆਂ ਦੇ ਅਧੂਰੇਪਣ ਨੂੰ ਖਿੜੇ-ਮੱਥੇ ਸਵੀਕਾਰ ਕਰੀਏ।

ਜੇ ਤੁਸੀਂ ਸੰਪੂਰਣਤਾ ਦੀ ਅਭਿਲਾਸ਼ਾ ਤਿਆਗ ਦੇਵੋਗੇ ਤਾਂ ਤੁਹਾਨੂੰ ਦੂਜਿਆਂ ਦਾ ਅਧੂਰਾਪਣ ਵੀ ਦਿਸਣਾ ਬੰਦ ਹੋ ਜਾਵੇਗਾ।

ਸਾਡੀ ਸਭ ਦੀ ਸੋਚ ਵੱਖਰੀ-ਵੱਖਰੀ ਹੈ। ਇਸ ਵੱਖਰੇਵੇਂ ਕਾਰਨ ਹੀ ਸੰਸਾਰ ਵਿਚ ਰੌਣਕ ਹੈ। ਸੰਸਾਰ ਵਿਚ ਵੰਨ-ਸੁਵੰਨਤਾ ਦਾ ਕਾਰਨ ਇਹੋ ਵੱਖਰੇਵਾਂ ਹੀ ਹੈ।

ਅਸੀਂ ਇਹ ਸੋਚ ਕੇ ਦੁੱਖੀ ਹੁੰਦੇ ਹਾਂ ਕਿ ਦੂਜੇ ਸਾਡੇ ਵਾਂਗ ਕਿਉਂ ਨਹੀਂ ਸੋਚਦੇ ਪਰ ਇਹ ਵੀ ਤਾਂ ਅਸਲੀਅਤ ਹੈ ਕਿ ਅਸੀਂ ਵੀ ਤਾਂ ਦੂਜਿਆਂ ਵਾਂਗ ਨਹੀਂ ਸੋਚਦੇ।

ਸਾਡੀ ਸੋਚ ਵੱਖਰੀ-ਵੱਖਰੀ ਹੋਣ ਕਰਕੇ ਹੀ ਇਕ ਹੀ ਘਟਨਾ ਨੂੰ ਅਸੀਂ ਵੱਖਰੇ-ਵੱਖਰੇ ਵੇਰਵਿਆਂ ਨਾਲ ਯਾਦ ਕਰਦੇ ਹਾਂ।

ਕਈ ਪਤੀ ਇਹ ਕਹਿੰਦੇ ਹਨ ਕਿ ਉਨ੍ਹਾਂ ਨੇ ਗਲਤ ਇਸਤਰੀ ਨਾਲ ਵਿਆਹ ਕਰਵਾ ਲਿਆ ਹੈ, ਕੋਈ ਇਹ ਕਹਿਣ ਦੀ ਦਲੇਰੀ ਕਿਉਂ ਨਹੀਂ ਕਰਦਾ ਕਿ ਉਸ ਦੀ ਪਤਨੀ ਦਾ ਵਿਆਹ, ਗਲਤ ਪੁਰਸ਼ ਨਾਲ ਹੋ ਗਿਆ ਹੈ।

ਆਪਣੇ ਵਿਚ ਕੋਈ ਔਗੁਣ ਲੱਭਣਾ ਬੜਾ ਮੁਸ਼ਕਿਲ ਹੁੰਦਾ ਹੈ।

ਗੁਣ ਅਤੇ ਔਗੁਣ ਦੋਵੇਂ ਪਰਿਸਥਿਤੀਆਂ ਦੀ ਦੇਣ ਹੁੰਦੇ ਹਨ।

ਉਦਾਹਰਣ ਵਜੋਂ ਅਸੀਂ ਗਹਿਣਾ ਖਰੀਦਦੇ ਉਸ ਦੇ ਡੀਜ਼ਾਈਨ ਜਾਂ ਨਮੂਨੇ ਕਰਕੇ ਹਾਂ ਪਰ ਜਦੋਂ ਵੇਚਣ ਜਾਂਦੇ ਹਾਂ ਤਾਂ ਉਹ ਡੀਜ਼ਾਈਨ ਹੀ ਉਸ ਦਾ ਔਗੁਣ ਬਣ ਜਾਂਦਾ ਹੈ। ਇਵੇਂ ਇਕ ਸਮੇਂ ਦੀ ਸਫ਼ਲਤਾ ਵੀ ਸਮਾਂ ਬੀਤਣ ਉਤੇ ਅਸਫ਼ਲਤਾ ਹੋ ਨਿਬੜਦੀ ਹੈ।

ਜੇ ਵਿਸ਼ਾਲ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਸਫ਼ਲਤਾ, ਅਸਫ਼ਲਤਾ ਨਾਲੋਂ ਵਧੇਰੇ ਦੁੱਖਦਾਈ ਹੁੰਦੀ ਹੈ। ਅਸਫ਼ਲਤਾ ਸਾਨੂੰ ਦੂਜਿਆਂ ਦੀ ਹਮਦਰਦੀ ਦਿੰਦੀ ਹੈ ਜਦੋਂ ਕਿ ਸਫ਼ਲਤਾ ਕਈ ਦੋਖੀ ਉਪਜਾਉਂਦੀ ਹੈ। ਵੇਖਿਆ ਗਿਆ ਹੈ ਕਿ ਜੇ ਤੁਹਾਡੇ ਗੁਆਂਢੀ ਅਮੀਰ ਨਹੀਂ ਹੋ ਰਹੇ ਤਾਂ ਤੁਹਾਨੂੰ ਵੀ ਅਮੀਰ ਹੋਣ ਦੀ ਕਾਹਲੀ ਨਹੀਂ ਹੋਵੇਗੀ।

ਇਹ ਵੀ ਵੇਖਿਆ ਗਿਆ ਹੈ ਕਿ ਮਹਾਨ ਪਰਿਵਰਤਨ ਸੰਜੋਗਾਂ ਨਾਲ ਨਹੀਂ ਵਾਪਰਦੇ, ਇਹ ਸਖਤ ਮਿਹਨਤ ਦਾ ਸਿੱਟਾ ਹੁੰਦੇ ਹਨ।

ਅਸੀਂ ਅਸੀਮ ਅਤੇ ਅਨੰਤ ਪਿਆਰ ਦੀ ਤਾਂਘ ਕਰਦੇ ਹਾਂ ਪਰ ਭੁੱਲ ਜਾਂਦੇ ਹਾਂ ਕਿ ਪਿਆਰ ਪ੍ਰਾਪਤ ਕਰਨ ਦੀ ਸਾਡੀ ਸਮਰੱਥਾ ਬੜੀ ਸੀਮਤ ਹੁੰਦੀ ਹੈ।

ਅਸੀਂ ਸਾਗਰ ਲਈ ਤਾਂਘਦੇ ਹਾਂ ਪਰ ਸਾਡੀ ਪਿਆਸ ਇਕ ਗੜਵੀ ਤੋਂ ਵੱਧ ਨਹੀਂ ਹੁੰਦੀ। ਅਸੀਂ ਚੰਗੀਆਂ ਲਿਖਤਾਂ ਦਾ ਪ੍ਰਭਾਵ ਤਾਂ ਗ੍ਰਹਿਣ ਕਰਦੇ ਹਾਂ ਪਰ ਉਸ ਨੂੰ ਯਤਨ ਅਤੇ ਅਮਲ ਵਿਚ ਨਹੀਂ ਢਾਲਦੇ। ਇਹੀ ਕਾਰਨ ਹੈ ਕਿ ਜੀਵਨ ਦੇ ਠੀਕ ਰਸਤੇ ਦਾ ਗਿਆਨ ਹੁੰਦਿਆਂ ਵੀ ਅਸੀਂ ਜਾਣ-ਬੁੱਝ ਕੇ ਕੁਰਾਹੇ ਪੈ ਜਾਂਦੇ ਹਾਂ।

ਸਾਡੇ ਕੋਲ ਜੀਵਨ ਉਦੇਸ਼ ਤਾਂ ਹੁੰਦਾ ਹੈ ਪਰ ਇਹ ਸਪਸ਼ਟ ਨਹੀਂ ਹੁੰਦਾ, ਇਸੇ ਕਰਕੇ ਅਸੀਂ ਵਧੇਰੇ ਵਾਰ ਉਦਾਸ ਹੁੰਦੇ ਹਾਂ ਅਤੇ ਵਧੇਰੇ ਬੀਮਾਰ ਪੈਂਦੇ ਹਾਂ। ਅਸੀਂ ਦੂਜਿਆਂ ਦੀ ਨਕਲ ਕਰਕੇ ਪ੍ਰਸੰਨ ਹੋਣਾ ਚਾਹੁੰਦੇ ਹਾਂ ਪਰ ਭੁੱਲ ਜਾਂਦੇ ਹਾਂ ਕਿ ਨਕਲ ਵਿਚੋਂ ਦੁਹਰਾਓ ਹੀ ਉਪਜਦਾ ਹੈ, ਪ੍ਰਸੰਨਤਾ ਮੌਲਿਕਤਾ ਵਿਚੋਂ ਹੀ ਉਪਜਦੀ ਹੈ।

ਤੁਹਾਡੇ ਵਾਂਗ ਮੈਂ ਵੀ ਬਹੁਤ ਸਾਰੇ ਅਜਿਹੇ ਜਵਾਨ ਲੜਕੇ, ਲੜਕੀਆਂ ਨੂੰ ਜਾਣਦਾ ਹਾਂ, ਜਿਨ੍ਹਾਂ ਨੇ ਆਂਪਣੀ ਪੜ੍ਹਾਈ ਮੁਕਾਉਣ ਤੋਂ ਪਹਿਲਾਂ ਹੀ ਆਪਣੇ ਮਾਪਿਆਂ ਤੋਂ ਬਾਹਰੇ ਹੋ

ਕੇ, ਆਪ-ਹੁਦਰੇਪਣ ਨਾਲ ਵਿਆਹ ਕਰਵਾ ਲਿਆ ਸੀ। ਉਨ੍ਹਾਂ ਨੂੰ ਪਛਤਾਉਣ ਲਈ ਜ਼ਿੰਦਗੀ ਖੁੱਲ੍ਹਾ ਵਕਤ ਦੇ ਰਹੀ ਹੈ। ਕੋਈ ਪਲਾਟ ਲੈਣ ਸਮੇਂ, ਕਪੜੇ ਖਰੀਦਣ ਸਮੇਂ, ਕਿਸੇ ਕੋਰਸ ਵਿਚ ਦਾਖਲਾ ਲੈਣ ਲਈ ਜਾਂ ਕੁਝ ਵੀ ਮਹੱਤਵਪੂਰਨ ਕਰਨ ਸਮੇਂ ਅਸੀਂ ਆਪਣੇ ਮਾਪਿਆਂ, ਸਬੰਧੀਆਂ, ਦੋਸਤਾਂ-ਮਿੱਤਰਾਂ ਦੀ ਸਲਾਹ ਲੈਂਦੇ ਹੀ ਨਹੀਂ, ਉਨ੍ਹਾਂ ਦੇ ਸੁਝਾਏ ਰਾਹ ਉੱਤੇ ਚਲਦੇ ਵੀ ਹਾਂ ਪਰ ਆਪਣੀ ਮਰਜ਼ੀ ਦਾ ਵਿਆਹ ਕਰਨ ਵੇਲੇ, ਅਸੀਂ ਕਿਸੇ ਨਾਲ ਸਲਾਹ ਕਰਨ ਦੀ ਲੋੜ ਨਹੀਂ ਸਮਝਦੇ। ਅਜਿਹੀ ਅਵਸਥਾ ਵਿਚ ਅਸੀਂ ਆਪਣੇ ਹਰ ਕੰਮ ਵਿਚ ਸਹਿਯੋਗੀ ਅਤੇ ਸ਼ੁਭਚਿੰਤਕ ਹੋਣ ਵਾਲੇ ਮਾਪਿਆਂ ਨੂੰ ਆਪਣੇ ਵਿਰੋਧੀ ਜਾਂ ਦੁਸ਼ਮਣ ਸਮਝਣ ਦਾ ਭੁਲੇਖਾ ਕਿਉਂ ਸਿਰਜ ਲੈਂਦੇ ਹਾਂ?

ਸਾਡੇ ਮਾਪੇ ਅਤੇ ਸਾਡੇ ਸਬੰਧੀ, ਸਾਡੇ ਵਿਰੋਧੀ ਨਹੀਂ ਬਣੇ ਹੁੰਦੇ, ਸਗੋਂ ਅਸੀਂ ਉਨ੍ਹਾਂ ਦਾ ਵਿਰੋਧ ਕਰ ਰਹੇ ਹੁੰਦੇ ਹਾਂ।

ਹਰ ਕਾਹਲ, ਅੰਤ ਵਿਚ ਪਛਤਾਵੇ, ਉਪਰਾਮਤਾ ਅਤੇ ਨਿਰਾਸਤਾ ਨੂੰ ਜਨਮ ਦਿੰਦੀ ਹੈ ਅਤੇ ਸਾਡੀਆਂ ਸ਼ਿਕਾਇਤਾਂ ਸੰਘਣੀਆਂ ਹੋ ਜਾਂਦੀਆਂ ਹਨ।

ਬਹੁਤ ਕੁਝ ਹੋ ਜਾਣ ਦੇ ਬਾਵਜੂਦ, ਸੰਸਾਰ ਵਿਚ ਅਜੇ ਬਹੁਤ ਕੁਝ ਕਰਨ ਵਾਲਾ ਬਾਕੀ ਹੈ, ਜਿਹੜਾ ਅਸੀਂ ਕਰਨਾ ਹੈ। ਸੰਸਾਰ ਦੀ ਸਭ ਤੋਂ ਤੇਜ਼ ਦੌੜ ਅਤੇ ਸਭ ਤੋਂ ਉੱਚੀ ਛਾਲ ਅਜੇ ਲਾਈ ਜਾਣੀ ਹੈ। ਸੰਸਾਰ ਦਾ ਸਭ ਤੋਂ ਮਧੁਰ ਗੀਤ ਅਜੇ ਗਾਇਆ ਜਾਣਾ ਹੈ। ਵਿਸ਼ਵ ਦੀ ਸਭ ਤੋਂ ਚੰਗੀ ਪੁਸਤਕ ਅਜੇ ਲਿਖੀ ਜਾਣੀ ਹੈ। ਸੰਸਾਰ ਦੇ ਸਭ ਤੋਂ ਵਧੀਆ ਮਕਾਨ ਜਾਂ ਇਮਾਰਤ ਦੀ ਉਸਾਰੀ ਅਜੇ ਕੀਤੀ ਜਾਣੀ ਹੈ। ਦੁਨੀਆ ਦਾ ਸਭ ਤੋਂ ਚੰਗਾ ਕੰਮ, ਸੰਸਾਰ ਵਿਚੋਂ ਕੋਝ ਖਤਮ ਕਰਨ ਦਾ ਯਤਨ, ਅਜੇ ਕੀਤਾ ਜਾਣਾ ਹੈ।

ਮੌਕੇ ਅਥਾਹ ਹਨ, ਨਿੱਕੇ ਬੰਦਿਆਂ ਦੇ ਵੱਡੇ ਹੋਣ ਦੇ ਅਵਸਰ ਅਮੁੱਕ ਹਨ।

ਇਕ ਵਾਰੀ ਇਕ ਵਿਅਕਤੀ ਨੇ ਅਰਦਾਸ ਕੀਤੀ: ਹੇ ਪਰਮਾਤਮਾ, ਇਸ ਨਿਘਰਦੇ ਜਾਂਦੇ ਸੰਸਾਰ ਦਾ ਸੁਧਾਰ ਕਰਨ ਲਈ ਕਿਸੇ ਨੂੰ ਭੇਜ।

ਉੱਤਰ ਮਿਲਿਆ: ਤੁਹਾਨੂੰ ਭੇਜਿਆ ਤਾਂ ਸੀ!

ਉਦਾਰ ਦ੍ਰਿਸ਼ਟੀ ਅਪਣਾ ਕੇ, ਵੱਡੇ ਦਿਲਾਂ ਨਾਲ, ਵਿਸ਼ਾਲ ਸੋਚਾਂ ਨਾਲ ਅਤੇ ਸੁੱਚੇ ਉਦੇਸ਼ਾਂ ਅਧੀਨ ਕੀਤੇ ਗਏ ਨਿੱਕੇ-ਨਿੱਕੇ ਕੰਮਾਂ ਅਤੇ ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਵੀ ਮਹਾਨ ਵਰਤਾਰੇ ਬਣਨ ਦੀ ਸੰਭਾਵਨਾ ਹੁੰਦੀ ਹੈ।

ਹਰ ਬੂੰਦ ਵਿਚ ਸਮੁੱਚੇ ਸਾਗਰ ਦਾ ਸੁਨੇਹਾ ਹੁੰਦਾ ਹੈ।

ਮੁੱਕ ਗਈ ਕੁੱਲ ਪਛਾਣ...

ਮਾਨਵਜਾਤੀ ਤੋਂ ਇਲਾਵਾ ਸਮੁੱਚੇ ਜੀਵ-ਜੰਤੂ ਜਗਤ ਵਿੱਚ ਮਾਪਿਆਂ ਤੋਂ ਇਕ ਵਾਰੀ ਵਿਛੜੀ ਸੰਤਾਨ ਵਾਪਸ ਨਹੀਂ ਪਰਤਦੀ।

ਇਹੀ ਕਾਰਨ ਹੈ ਕਿ ਮਨੁੱਖ ਤੋਂ ਇਲਾਵਾ ਕਿਸੇ ਹੋਰ ਨਸਲ ਵਿਚ ਬੇਗਾਨਗੀ ਦਾ ਸੰਕਲਪ, ਅਹਿਸਾਸ ਜਾਂ ਭਾਵ ਆਦਿ ਵੀ ਨਹੀਂ ਹੈ।

ਬੇਗਾਨਗੀ ਦਾ ਅਹਿਸਾਸ ਕਿਸੇ ਨੂੰ ਆਪਣਾ ਬਣਾਉਣ ਜਾਂ ਸਮਝਣ ਦੀ ਤਾਂਘ ਜਾਂ ਇੱਛਾ ਦੇ ਅਸਫ਼ਲ ਜਾਂ ਝੂਠੀ ਸਾਬਤ ਹੋ ਜਾਣ ਨਾਲ ਜਾਗਦਾ ਹੈ।

ਬੇਗਾਨਗੀ ਦਾ ਅਹਿਸਾਸ ਕਿਸੇ ਇਕ ਇਲਾਕੇ, ਸਮੇਂ, ਧਰਮ, ਜਾਤ, ਗੋਤ ਦਾ ਨਹੀਂ, ਸਗੋਂ ਸਮੁੱਚੀ ਮਾਨਵਜਾਤੀ ਦਾ ਸਾਂਝਾ ਅਤੇ ਸੰਘਣਾ ਅਹਿਸਾਸ ਹੈ।

ਕੁਝ ਖੋਹੇ ਜਾਣ ਦਾ ਭੈਅ, ਕੁਝ ਗੁਆਚ ਜਾਣ ਦਾ ਡਰ, ਕਿਸੇ ਦੇ ਵਿਛੜ ਜਾਣ ਦਾ ਦੁੱਖ, ਕਿਸੇ ਦੇ ਪਰਾਏ ਹੋ ਜਾਣ ਦੀ ਚਿੰਤਾ, ਆਪਣੇ ਨਾ ਰਹਿਣ ਦਾ ਸੰਤਾਪ, ਜਾਇਦਾਦ, ਅਧਿਕਾਰ, ਪਦਵੀ ਆਦਿ ਤੋਂ ਵਿਹੂਣੇ ਜਾਣ ਦਾ ਸੰਸਾ ਆਦਿ ਮਨੁੱਖ ਨੂੰ ਉਦਾਸ ਅਤੇ ਉਪਰਾਮ ਕਰਦੇ ਹਨ।

ਇਹ ਉਪਰਾਮਤਾ ਮਨੁੱਖ ਨੂੰ ਮੇਲੇ ਵਿਚ ਵੀ ਇਕੱਲਾ ਕਰ ਦਿੰਦੀ ਹੈ। ਜਦੋਂ ਅਜਿਹੀ ਉਦਾਸੀ ਜਾਂ ਉਪਰਾਮਤਾ ਜਾਗ ਪਵੇ ਤਾਂ ਮਨੁੱਖ ਵਿਚ ਬੇਗਾਨਗੀ, ਵਿਜੋਗੇਪਣ, ਅਜਨਬੀਪਣ, ਓਪਰੇਪਣ ਆਦਿ ਕਾਰਨ ਉਸ ਦਾ ਮਨ ਪਰਦੇਸੀ ਹੋ ਨਿਬੜਦਾ ਹੈ।

ਅਜਿਹੀ ਸਥਿਤੀ ਵਿਚ ਤੀਆਂ ਵਿਚੋਂ ਵੀ ਕੁਰਲਾਹਟ ਸੁਣਾਈ ਦਿੰਦੀ ਹੈ।

ਯਾਤਰਾ ਤੋਂ ਮੁੜਨ 'ਤੇ ਆਪਣੇ ਘਰ 'ਤੇ ਕਿਸੇ ਹੋਰ ਨੂੰ ਕਾਬਜ਼ ਹੋਇਆ ਵੇਖਣਾ, ਆਪਣੀ ਮੰਗੇਤਰ ਦੇ ਕਿਸੇ ਹੋਰ ਨਾਲ ਵਿਆਹ ਹੋਣ ਬਾਰੇ ਸੁਣਨਾ, ਆਪਣੇ ਪਤੀ ਦੇ ਕਿਸੇ ਹੋਰ ਇਸਤਰੀ ਨਾਲ ਸਬੰਧਾਂ ਬਾਰੇ ਜਾਣਨਾ, ਕਿਸੇ ਦੀ ਵਫ਼ਾਦਾਰੀ ਦੇ ਝੂਠੇ ਹੋਣ ਬਾਰੇ ਜਾਣਨ ਨਾਲ ਮਨੁੱਖ ਵਿਚ ਗੁੱਸੇ, ਨਫ਼ਰਤ ਅਤੇ ਇਕੱਲਤਾ ਦੇ ਭਾਵ ਤਾਂ ਜਾਗਦੇ ਹੀ ਹਨ, ਆਪਣੇ ਜੜ੍ਹੋਂ ਪੁੱਟੇ ਜਾਣ ਵਾਲੇ ਅਹਿਸਾਸ ਵੀ ਉਪਜਦੇ ਹਨ।

ਬੇਗਾਨਗੀ ਦਾ ਅਹਿਸਾਸ, ਉਪਰਾਮਤਾ ਕਾਰਨ, ਅਕਸਰ ਮਨੁੱਖ ਨੂੰ ਢੇਰ ਚਿਰ ਪਹਿਲਾਂ ਹੀ ਬੁੱਢਾ ਕਰ ਦਿੰਦਾ ਹੈ।

ਬੇਗਾਨਗੀ ਦਾ ਅਹਿਸਾਸ ਉਹੀ ਸਿਰਜਦੇ ਹਨ, ਜਿਨ੍ਹਾਂ ਨੂੰ ਅਸੀਂ ਆਪਣਾ ਸਮਝਦੇ ਹੁੰਦੇ ਹਾਂ ਅਤੇ ਜਿਨ੍ਹਾਂ ਦੇ ਵਿਕਾਸ ਵਿਚ ਅਸੀਂ ਆਪਣਾ ਸਮਾਂ, ਧਨ, ਸਭ ਪ੍ਰਕਾਰ ਦੇ ਵਸੀਲੇ, ਯਤਨ ਅਤੇ ਮਿਹਨਤ ਲਾਈ ਹੁੰਦੀ ਹੈ।

ਉਂਜ ਤਾਂ ਪਵਿੱਤਰ ਪ੍ਰੇਮ ਤੋਂ ਹੀ ਸੰਸਾਰ-ਪ੍ਰੇਮ ਦੀ ਜਾਗ ਲਗਦੀ ਹੈ ਪਰ ਜਦੋਂ ਪਿਆਰ ਦੇ ਸਹਿਜ-ਮੁਬਾਰਿਕ ਰਿਸ਼ਤੇ ਜ਼ੋਰ-ਜ਼ਬਰਦਸਤੀ ਦੇ ਰਿਸ਼ਤੇ ਬਣ ਜਾਣ ਤਾਂ ਸਾਡੇ ਵਿਚੋਂ ਆਪਣੇ ਸਬੂਤੇ ਅਤੇ ਭਰੇ ਹੋਏ ਹੋਣ ਦਾ ਅਹਿਸਾਸ ਲੋਪ ਹੋ ਜਾਂਦਾ ਹੈ ਅਤੇ ਜਿਊਣ ਦੀ ਇੱਛਾ ਫਿੱਕੀ ਪੈਣ ਲੱਗ ਪੈਂਦੀ ਹੈ।

ਘਰ ਉਸ ਥਾਂ ਨੂੰ ਨਹੀਂ ਕਹਿੰਦੇ ਜਿਥੇ ਅਸੀਂ ਖਾਂਦੇ-ਪੀਂਦੇ-ਜਾਗਦੇ ਹਾਂ ਸਗੋਂ ਘਰ ਉਹ ਥਾਂ ਹੁੰਦੀ ਹੈ, ਜਿਥੇ ਸਾਨੂੰ ਉਵੇਂ ਸਮਝਿਆ ਜਾਂਦਾ ਹੈ, ਜਿਵੇਂ ਅਸੀਂ ਸਮਝੇ ਜਾਣਾ ਚਾਹੁੰਦੇ ਹੁੰਦੇ ਹਾਂ। ਅਰਥਾਤ ਜਿਥੇ ਸਾਡੀ ਕਦਰ ਹੁੰਦੀ ਹੈ ਅਤੇ ਜਿਥੇ ਸਾਡਾ ਅਪਮਾਨ ਹੋਣ ਦਾ ਕੋਈ ਡਰ ਨਹੀਂ ਹੁੰਦਾ ਪਰ ਜਦੋਂ ਬੇਗਾਨਾਪਣ ਜਾਂ ਓਪਰਾਪਣ ਘਰ ਅੰਦਰ ਵੀ ਦਾਖਲ ਹੋ ਜਾਵੇ ਤਾਂ ਘਰ ਇਕ ਕਚਹਿਰੀ ਵਾਂਗ ਹੀ ਨਿਬੜਦਾ ਹੈ, ਜਿਥੇ ਸਾਡੀ ਪੇਸ਼ੀ ਪੈਂਦੀ ਹੈ ਅਤੇ ਦੂਜੇ ਸਾਰੇ ਸਾਡੀਆਂ ਵਿਰੋਧੀ ਗਵਾਹੀਆਂ ਹੋ ਨਿਬੜਦੇ ਹਨ।

ਇਵੇਂ ਅਸੀਂ ਆਪਣੇ ਹੀ ਘਰ ਵਿਚ ਘਿਰ ਗਏ ਮਹਿਸੂਸ ਕਰਦੇ ਹਾਂ।

ਕਈ ਵਾਰੀ ਅਚਾਨਕ ਹੀ ਜੀਵਨ ਦੇ ਉਤਰਾ-ਚੜ੍ਹਾਅ ਕਈ ਵਾਰੀ ਸਾਨੂੰ ਆਪਣੇ ਹੀ ਦੇਸ਼ ਵਿਚ ਸ਼ਰਨਾਰਥੀ ਬਣਾ ਦਿੰਦੇ ਹਨ।

ਅਨੇਕ ਵਾਰ ਅਸੀਂ ਪਿਆਰ, ਸਨੇਹ ਅਤੇ ਸਤਿਕਾਰ ਲਈ ਤਾਂਘਦੇ, ਦੂਜਿਆਂ ਦੀ ਨਫ਼ਰਤ ਦਾ ਨਿਸ਼ਾਨਾ ਹੋ ਨਿਬੜਦੇ ਹਾਂ।

ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਵਿਚ ਇਕ-ਦੂਜੇ ਪ੍ਰਤੀ ਨਫ਼ਰਤ ਵਧੇਰੇ ਹੁੰਦੀ ਹੈ, ਕਿਉਂਕਿ ਉਹ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹੁੰਦੇ ਹਨ ਅਤੇ ਦੂਜਿਆਂ ਨਾਲੋਂ ਆਪਣੇ ਆਪ ਨੂੰ ਉਚੇਰਾ ਸਾਬਤ ਕਰਨ ਲਈ, ਉਨ੍ਹਾਂ ਕੋਲ ਨਫ਼ਰਤ ਤੋਂ ਸਿਵਾਇ ਹੋਰ ਕੋਈ ਢੰਗ ਨਹੀਂ ਹੁੰਦਾ।

ਇਸੇ ਕਰਕੇ ਕਹਿੰਦੇ ਹਨ ਕਿ ਪਿੰਡ ਦਾ ਕੋਈ ਬੰਦਾ ਪਿੰਡ ਵਿਚ ਛੁਪ ਨਹੀਂ ਸਕਦਾ, ਕਿਉਂਕਿ ਉਸ ਨੂੰ ਨਫ਼ਰਤ ਕਰਨ ਵਾਲਾ ਉਸ ਨੂੰ ਵੇਖ ਰਿਹਾ ਹੁੰਦਾ ਹੈ।

ਸ਼ਹਿਰਾਂ ਵਿਚ ਨਫ਼ਰਤ ਦੀ ਥਾਂ ਸਾੜਾ ਪ੍ਰਧਾਨ ਹੁੰਦਾ ਹੈ।

ਜਦੋਂ ਸਾਡੇ ਨਾਲ ਕੁਝ ਅਣਸੁਖਾਵਾਂ ਜਾਂ ਕੁਝ ਸੁਖਾਵਾਂ ਵਾਪਰਦਾ ਹੈ ਤਾਂ ਸਾਡੇ ਜਾਣੂਆਂ ਦੀ ਦਿਲਚਸਪੀ ਸਾਡੇ ਵਿਚ ਇਕਦੱਮ ਵੱਧ ਜਾਂਦੀ ਹੈ। ਉਹ ਦਿੰਦੇ ਤਾਂ ਵਧਾਈ ਹਨ ਪਰ ਦਿਲ ਉਨ੍ਹਾਂ ਦਾ ਸਾਨੂੰ ਡੇਗ ਕੇ ਅੱਗੇ ਲੰਘ ਜਾਣ ਦਾ ਕਰ ਰਿਹਾ ਹੁੰਦਾ ਹੈ। ਉਹ ਦੁਰਘਟਨਾ ਦੀ ਸੂਰਤ ਵਿਚ ਜਤਲਾਉਂਦੇ ਤਾਂ ਹਮਦਰਦੀ ਹੀ ਹਨ ਪਰ ਅੰਦਰੋਂ ਉਨ੍ਹਾਂ ਨੂੰ ਅਪਾਰ ਪ੍ਰਸੰਨਤਾ ਅਨੁਭਵ ਹੋ ਰਹੀ ਹੁੰਦੀ ਹੈ।

ਅਜਿਹੇ ਵਾਤਾਵਰਣ ਵਿਚ ਸਾਡੀ ਉਪਰਾਮਤਾ ਹੋਰ ਸੰਘਣੀ ਹੋ ਜਾਂਦੀ ਹੈ।

ਜਦੋਂ ਤੁਸੀਂ ਕਦੇ ਨਵਾਂ ਮਕਾਨ ਪਾਓਗੇ ਤਾਂ ਤੁਹਾਡੇ ਰਿਸ਼ਤੇਦਾਰ ਜਾਂ ਜਾਣੂ ਤੁਹਾਡੀ ਪ੍ਰਾਪਤੀ 'ਤੇ ਸਾੜੇ ਭਰੀ ਪ੍ਰਸੰਨਤਾ ਪ੍ਰਗਟਾਉਣਗੇ।

ਤੁਸੀਂ ਪਤੰਗ ਉਡਾਓ, ਕਾਟੀ-ਮਾਰਾਂ ਦੀ ਭੀੜ ਆਪੇ ਉਮੜ੍ਹ ਪਵੇਗੀ।

ਦੁਸ਼ਮਣਾਂ ਨਾਲ ਲੜਨ ਦੇ ਮੁਕਾਬਲੇ ਆਪਣੇ ਘਰ ਦੇ ਜੀਆਂ, ਰਿਸ਼ਤੇਦਾਰਾਂ, ਜਾਣੂਆਂ ਅਤੇ ਸਹਿਕਰਮੀਆਂ ਨਾਲ ਲੜਨਾ ਵਧੇਰੇ ਮਹਿੰਗਾ ਅਤੇ ਦੁੱਖਦਾਈ ਹੁੰਦਾ ਹੈ।

ਇਹ ਇਕ ਅਜਿਹੀ ਲੜਾਈ ਹੁੰਦੀ ਹੈ, ਜਿਸ ਵਿਚ ਨਾ ਤੁਸੀਂ ਜਿੱਤ ਸਕਦੇ ਹੋ, ਨਾ ਦੂਜੇ ਤੁਹਾਨੂੰ ਹਾਰਨ ਦਿੰਦੇ ਹਨ।

ਬਾਈਬਲ ਵਾਂਗ ਸਾਰੇ ਧਾਰਮਿਕ ਗ੍ਰੰਥਾਂ ਵਿਚ ਲਿਖਿਆ ਹੋਇਆ ਹੈ ਕਿ ਆਪਣੇ ਦੁਸ਼ਮਣ ਨੂੰ ਵੀ ਪਿਆਰ ਕਰੋ ਪਰ ਜਿਸ ਯੁੱਗ ਵਿਚ ਇਹ ਗ੍ਰੰਥ ਲਿਖੇ ਗਏ ਸਨ, ਉਸ ਯੁੱਗ ਵਿਚ ਦੁਸ਼ਮਣ ਦੀ ਪਛਾਣ ਕਰਨੀ ਸੌਖੀ ਸੀ, ਜਦੋਂ ਕਿ ਅਜੋਕੇ ਯੁੱਗ ਵਿਚ ਤਾਂ ਲੋਕ ਕਹਿੰਦੇ ਸੁਣੇ ਗਏ ਹਨ, ਮੈਂ ਤੁਹਾਡੀ ਦੋਸਤੀ ਤੋਂ ਅੱਕ ਗਿਆ ਹਾਂ, ਦੋਸਤੀ ਦਾ ਵਾਸਤਾ ਜੇ ਕੁਝ ਚਿਰ ਲਈ ਤੁਸੀਂ ਮੇਰੇ ਦੁਸ਼ਮਣ ਬਣ ਜਾਵੋ!

ਸ਼ਾਹ ਜਹਾਨ ਵਾਂਗ ਹਰ ਵਿਅਕਤੀ ਨੇ ਪੁੱਤਰ ਤਾਂ ਕਈ ਪੈਦਾ ਕੀਤੇ ਹੁੰਦੇ ਹਨ ਪਰ ਵਾਰਸ ਬਣਨ ਦੀ ਕਿਸੇ ਵਿਚ ਵੀ ਯੋਗਤਾ ਨਹੀਂ ਹੁੰਦੀ। ਇਸੇ ਕਰਕੇ ਪਿਓ ਨੂੰ ਪੁੱਤਰ ਦੀ ਕੈਦ ਭੁਗਤਣੀ ਪੈ ਰਹੀ ਹੈ। ਇਹੀ ਬੇਗਾਨਾਪਣ ਹੈ।

ਪਹਿਲਾਂ ਲੋਕ ਵਿਦੇਸ਼ ਜਾਂਦੇ ਸਨ ਤਾਂ ਕਿ ਉੱਚੀ ਵਿਦਿਆ ਪ੍ਰਾਪਤ ਕਰਕੇ ਵਾਪਸ ਆ ਕੇ ਦੇਸ਼ ਦੀ, ਸਮਾਜ ਦੀ ਸੇਵਾ ਕਰ ਸਕਣ ਪਰ ਅੱਜ-ਕੱਲ੍ਹ ਵਿਦੇਸ਼ ਜਾਣਾ ਆਪਣਾ ਦੇਸ਼ ਛੱਡਣ ਅਤੇ ਛੱਡ ਕੇ ਉਸ ਨੂੰ ਭੰਡਣ ਦਾ ਇਕ ਵਸੀਲਾ ਹੈ। ਜਿਉਂ-ਜਿਉਂ ਜੀਵਨ ਵਿਚ ਉਪਰਾਮਤਾ ਵਧੇਗੀ, ਤਿਉਂ-ਤਿਉਂ ਸਾਰੇ ਰਿਸ਼ਤੇ ਬੋਝਲ ਹੁੰਦੇ ਜਾਣਗੇ ਅਤੇ ਮਜਬੂਰੀਆਂ ਵਿਚ ਵਾਧਾ ਹੋਵੇਗਾ ਅਤੇ ਉਪਰਾਮਤਾ ਹੋਰ ਵਧੇਗੀ।

ਕੋਈ ਸਮਾਂ ਸੀ ਜਦੋਂ ਮਾਲਕ-ਮਕਾਨ, ਜੀਵਨ ਵਿਚ, ਕਿਰਾਏਦਾਰ ਨਾਲੋਂ, ਆਪਣੇ ਆਪ ਨੂੰ ਵਧੇਰੇ ਸਫ਼ਲ ਸਮਝਦਾ ਸੀ ਪਰ ਹੁਣ ਕਿਰਾਏਦਾਰ ਦੇ ਜਾਗਣ ਤੋਂ ਪਹਿਲਾਂ ਹੀ ਮਾਲਕ-ਮਕਾਨ, ਉਸ ਨੂੰ ਆਖਦਾ ਹੈ : ਪੰਜ ਸੌ ਰੁਪਿਆ ਦੇਣਾ, ਕਿਰਾਏ ਵਿਚੋਂ ਕੱਟ ਲੈਣਾ।

ਅਜੋਕੇ ਯੁੱਗ ਵਿਚ ਲਗਭਗ ਸਾਡੇ ਸਾਰੇ ਸਮਾਜਿਕ ਅਤੇ ਪਰਿਵਾਰਕ ਰਿਸ਼ਤੇ, ਮਾਲਕ-ਮਕਾਨ ਅਤੇ ਕਿਰਾਏਦਾਰ ਵਾਲੇ ਹੁੰਦੇ ਜਾ ਰਹੇ ਹਨ।

ਨਿੰਦਾ ਅਤੇ ਅਪ੍ਰਵਾਨਗੀ ਕੁੜੱਤਣ ਦੇ ਪ੍ਰਮੁੱਖ ਸਰੋਤ ਹੁੰਦੇ ਹਨ।

ਜਿਵੇਂ ਇੱਲ ਉਡਦੀ ਬਹੁਤ ਉੱਚੀ ਹੈ ਪਰ ਉਸ ਦੀ ਨਜ਼ਰ ਮਰੇ ਹੋਏ ਚੂਹੇ ਉੱਤੇ ਹੀ ਪੈਂਦੀ ਹੈ, ਇਵੇਂ ਹੀ ਅਜੋਕੇ ਯੁੱਗ ਵਿਚ ਉੱਚੀਆਂ ਪਦਵੀਆਂ, ਆਪ ਉੱਚੇ ਉਭਰਨ ਲਈ ਨਹੀਂ, ਦੂਜਿਆਂ ਨੂੰ ਨੀਵਾਂ ਵਿਖਾਉਣ ਲਈ ਵਰਤੀਆਂ ਜਾ ਰਹੀਆਂ ਹਨ।

ਹਰ ਹੀਲੇ ਦੂਜਿਆਂ ਨਾਲੋਂ ਨਿਵੇਕਲਾ ਅਤੇ ਵਿਸ਼ੇਸ਼ ਪ੍ਰਤੀਤ ਹੋਣ ਦੀ ਲਾਲਸਾ ਅਧੀਨ ਕਿਸੇ ਹੰਢਣਸਾਰ ਸਾਂਝ ਦੀ ਸੰਭਾਵਨਾ ਨਹੀਂ ਰਹੀ।

ਨਿੱਘ ਵਾਲੇ ਰਿਸ਼ਤੇ ਵੀ ਹੁਣ ਕੋਈ ਤਸੱਲੀ ਨਹੀਂ ਦਿੰਦੇ।

ਜਿਨ੍ਹਾਂ ਨੂੰ ਅਸੀਂ ਆਪਣਾ ਸਮਝਦੇ ਹਾਂ ਉਹੀ ਸਾਡੇ ਉਪਰੋਂ ਲੰਘਣਾ ਚਾਹੁੰਦੇ ਹਨ।

ਹਰ ਕੋਈ ਸੋਚ ਰਿਹਾ ਹੈ ਕਿ ਜੇ ਦੂਜਾ ਉਮੀਦਵਾਰ ਨਾ ਹੁੰਦਾ ਤਾਂ ਮੈਂ ਨਿਯੁਕਤ ਹੋ ਜਾਣਾ ਸੀ, ਜੇ ਉਹ ਨਾ ਹੁੰਦਾ ਤਾਂ ਮੈਂ ਕਿਧਰੇ ਦਾ ਕਿਧਰੇ ਪਹੁੰਚ ਜਾਣਾ ਸੀ।

ਮਾਨਵਜਾਤੀ ਦੇ ਅਵਚੇਤਨ ਵਿਚ ਅਪਰਾਧ ਅਤੇ ਬੇਗਾਨਗੀ ਦੀਆਂ ਭਾਵਨਾਵਾਂ ਦਾ ਸੰਘਣਾ ਵਾਸਾ ਹੈ। ਮਨੁੱਖ ਵਲੋਂ ਵਰਜਿਤ ਫ਼ਲ ਖਾਣਾ, ਪਾਪਾਂ ਦੇ ਕਾਰਨ ਆਤਮਾ ਦਾ ਪਰਮਾਤਮਾ ਤੋਂ ਨਿਖੜਨਾ, ਸਰੀਰ ਨੂੰ ਆਤਮਾ ਤੋਂ, ਇਸਤਰੀ ਨੂੰ ਪੁਰਸ਼ ਤੋਂ, ਮਨੁੱਖ ਨੂੰ ਕੁਦਰਤ ਤੋਂ ਵੱਖ ਕਰਕੇ ਵੇਖਣਾ ਆਦਿ ਬੇਗਾਨਗੀ ਦਾ ਅਹਿਸਾਸ ਜਗਾਉਣ ਵਾਲੇ ਵਰਤਾਰੇ ਹਨ। ਹਰ ਧਰਮ ਨੇ ਬੇਗਾਨਗੀ ਦੇ ਅਹਿਸਾਸ ਨੂੰ ਮਨੁੱਖੀ ਚੇਤਨਾ ਵਿਚ ਡੂੰਘਾ ਕੀਤਾ ਹੈ। ਜਨਮ ਸਮੇਂ ਬੱਚੇ ਦਾ ਮਾਂ ਦੇ ਗਰਭ ਵਿਚੋਂ ਬਾਹਰ ਆਉਣਾ ਦੋਹਾਂ ਲਈ ਇਕ ਬੜਾ ਦੁੱਖਦਾਈ ਅਤੇ ਚਿਰਸਥਾਈ ਪ੍ਰਭਾਵ ਵਾਲਾ ਅਨੁਭਵ ਹੁੰਦਾ ਹੈ। ਜਨਮ ਲੈਣ ਉਪਰੰਤ ਬੱਚੇ ਦਾ ਮਾਂ ਦੇ ਦੁੱਧ ਨਾਲੋਂ ਵਿਛੋੜੇ ਜਾਣਾ, ਉਸ ਦੀ ਉਪਰਾਮਤਾ ਅਤੇ ਭਟਕਣ ਵਿਚ ਵਾਧਾ ਕਰਦਾ ਹੈ।

ਪਰਿਵਾਰ ਵਿਚ ਦੂਜੇ ਬੱਚੇ ਦੀ ਆਮਦ ਪਹਿਲੇ ਬੱਚੇ ਵਿਚ ਸਾੜੇ ਅਤੇ ਈਰਖਾ ਦੇ ਭਾਵ ਜਗਾਉਂਦੀ ਹੈ। ਇਹ ਸਾੜਾ ਅਤੇ ਈਰਖਾ ਉਸ ਦੇ ਸੁਭਾਅ ਵਿਚ ਸਦੀਵੀ ਤਬਦੀਲੀ ਲਿਆਉਂਦੇ ਹਨ ਅਤੇ ਉਸ ਵਿਚ ਬੇਭਰੋਸਗੀ ਦਾ ਅਹਿਸਾਸ ਸਿਰਜਦੇ ਹਨ।

ਮਨੁੱਖੀ ਕਿਰਤ ਨੇ ਸਮਾਜ ਦੀ ਉਸਾਰੀ ਕੀਤੀ ਹੈ। ਜਦੋਂ ਕਿਰਤ ਸਾਦੀ ਸੀ, ਰਿਸ਼ਤੇ ਸਰਲ ਅਤੇ ਸਿੱਧੇ ਸਨ, ਵੰਡ ਸਾਵੀਂ ਸੀ, ਉਦੋਂ ਸਬੰਧ ਬੇਗਾਨਗੀ ਵਾਲੇ ਨਹੀਂ ਸਨ ਪਰ ਅਜੋਕੇ ਯੁੱਗ ਵਿਚ ਕਿਰਤੀ ਨੂੰ ਉਸ ਦੀ ਕਿਰਤ ਦੇ ਫਲ ਨਾਲੋਂ ਵਿਛੋੜ ਦਿੱਤੇ ਜਾਣ ਕਾਰਨ ਕਿਰਤੀ ਦਾ ਆਪਣੀ ਕਿਰਤ ਨਾਲ ਸਬੰਧ ਨਫ਼ਰਤ ਵਾਲਾ ਹੋ ਗਿਆ ਹੈ। ਉਸ ਨੂੰ ਆਪਣੀ ਕਿਰਤ ਵਿਚੋਂ ਤਸੱਲੀ ਨਹੀਂ ਮਿਲਦੀ, ਥਕਾਵਟ ਅਤੇ ਉਪਰਾਮਤਾ ਮਿਲਦੀ ਹੈ। ਨਿਜੀ ਮੁਨਾਫ਼ੇ ਨੇ ਅਤੇ ਕੰਮ ਦੀ ਵੰਡ ਨੇ ਸਾਂਝੀ ਕਿਰਤ ਦਾ ਸੰਕਲਪ ਵਿਗਾੜ ਦਿੱਤਾ ਹੈ।

ਜਿਉਂ-ਜਿਉਂ ਮਨੁੱਖ ਦੀਆਂ ਲੋੜਾਂ ਵੱਧਦੀਆਂ ਗਈਆਂ ਹਨ, ਤਿਉਂ-ਤਿਉਂ ਉਹ ਸਮਾਜਿਕ ਬੰਧਨਾਂ ਨੂੰ ਸਵੀਕਾਰ ਕਰਦਾ ਗਿਆ ਹੈ।

ਲੋੜਾਂ ਅਤੇ ਇੱਛਾਵਾਂ ਨੇ ਹੀ ਮਨੁੱਖ ਨੂੰ ਸਮਾਜ ਦਾ ਗੁਲਾਮ ਬਣਾਇਆ ਹੈ।

ਸਮਾਜ ਦਾ ਵਿਰੋਧ ਕਰਨ ਵਾਲੇ ਕਵੀ ਜਾਂ ਲੇਖਕ ਵੀ ਅਸਲ ਵਿਚ ਵਧੇਰੇ ਲੋੜਾਂ ਤੇ ਇੱਛਾਵਾਂ ਦੀ ਪੂਰਤੀ ਲਈ ਤਾਂਘਵਾਨ ਹੁੰਦੇ ਹਨ।

ਨਿਜੀ ਮੁਨਾਫ਼ੇ ਨੇ ਨਿਜੀ ਕਿਰਤ ਅਤੇ ਨਿਜੀ ਜਾਇਦਾਦ ਦੇ ਸੰਕਲਪ ਉਸਾਰ ਕੇ ਗੁਲਾਮਦਾਰੀ ਦਾ ਯੁੱਗ ਅਤੇ ਜਮਾਤੀ ਵੰਡਾਂ ਦਾ ਦੌਰ-ਦੌਰਾ ਆਰੰਭ ਕੀਤਾ ਹੈ।

ਇੱਛਾਵਾਂ ਅਤੇ ਪ੍ਰਾਪਤੀਆਂ ਵਿਚਲੇ ਨਿੱਤ-ਦਿਨ ਵੱਧਦੇ ਪਾੜੇ ਨੇ ਮਨੁੱਖ ਨੂੰ ਉਪਰਾਮ, ਉਦਾਸ ਅਤੇ ਮਾਯੂਸ ਕੀਤਾ ਹੈ।

ਪਾਪ ਅਤੇ ਪੁੰਨ ਵਿਚਕਾਰ ਵੰਡਿਆ ਅਜੋਕਾ ਮਨੁੱਖ, ਹੋਰਾਂ ਤੋਂ ਚਾਹੁੰਦਾ ਤਾਂ ਪੁੰਨ ਹੈ ਪਰ ਆਪ ਪਾਪ ਕਰ ਰਿਹਾ ਹੁੰਦਾ ਹੈ। ਇਸੇ ਕਰਕੇ ਉਸ ਦੀਆਂ ਬੌਧਿਕ ਅਤੇ ਨੈਤਿਕ ਸ਼ਕਤੀਆਂ ਖੀਣ ਹੋ ਰਹੀਆਂ ਹਨ। ਉਹ ਸਿਰ ਭਾਰ ਖਲੋ ਕੇ ਸ਼ਿਕਾਇਤ ਕਰ ਰਿਹਾ ਹੈ ਕਿ ਸਭ ਕੁਝ ਉਲਟ ਗਿਆ ਹੈ। ਇਨਾਮਾਂ-ਸਨਮਾਨਾਂ ਦੀ ਰਾਜਨੀਤੀ ਨੇ ਕਲਾ ਅਤੇ ਸਾਹਿਤ ਜਿਹੇ ਖੇਤਰਾਂ ਨੂੰ ਵੀ ਭ੍ਰਿਸ਼ਟ ਕਰ ਦਿੱਤਾ ਹੈ।

ਪਰਮਾਤਮਾ ਅਤੇ ਸਵਰਗ ਤੋਂ ਵਿਛੜੇ ਹੋਣ ਦਾ ਅਹਿਸਾਸ ਮੱਧਕਾਲ ਵਿਚ ਮਨੁੱਖ ਨੂੰ ਗਿਆਨ, ਕਰਮ ਅਤੇ ਭਗਤੀ ਰਾਹੀਂ ਵਾਪਸ ਮੁੜਨ ਅਤੇ ਮੁੜ ਸਵੀਕਾਰੇ ਜਾਣ ਦੀ ਧਰਵਾਸ

ਦਿੰਦਾ ਸੀ ਪਰ ਅਜੋਕੇ ਮਨੁੱਖ ਨੂੰ ਇਹ ਯਕੀਨ ਹੀ ਨਹੀਂ ਕਿ ਰੱਬ ਬਹੁੜੇਗਾ, ਸਗੋਂ ਉਸ ਨੂੰ ਰੱਬ ਦੀ ਹੋਂਦ ਵੀ ਛਲਾਵਾ ਪ੍ਰਤੀਤ ਹੋਣ ਲੱਗ ਪਈ ਹੈ।

ਜਦੋਂ ਕਿਸੇ ਕਿਸਾਨ ਦੀ ਫਸਲ 'ਤੇ ਗੜੇ ਪੈ ਰਹੇ ਹੋਣ ਜਾ ਹੜ੍ਹ ਆਇਆ ਹੋਵੇ, ਉਸ ਸਮੇਂ ਭਾਣਾ ਮੰਨਣਾ ਸੌਖਾ ਨਹੀਂ ਹੁੰਦਾ।

ਕੁਦਰਤ ਤੋਂ ਦੂਰ ਜਾ ਚੁੱਕੇ ਮਨੁੱਖ ਦੀ ਮਜਬੂਰੀ ਹੈ ਕਿ ਉਹ ਸਮਾਜ ਵਿਚ ਰਹੇ ਪਰ ਜਿਉਂ-ਜਿਉਂ ਉਸ ਦੀ ਸਮਾਜ ਉਤੇ ਨਿਰਭਰਤਾ ਵੱਧ ਰਹੀ ਹੈ, ਤਿਉਂ-ਤਿਉਂ ਉਸ ਨੂੰ ਜੀਵਨ ਵਿਚੋਂ ਮਿਲਣ ਵਾਲੀ ਤਸੱਲੀ ਘਟਦੀ ਜਾ ਰਹੀ ਹੈ। ਆਪਣੀਆਂ ਲੋੜਾਂ-ਇੱਛਾਵਾਂ ਦੀ ਪੂਰਤੀ ਲਈ ਦੂਜਿਆਂ ਦੇ ਹੱਕਾਂ 'ਤੇ ਛਾਪਾ, ਦੂਜਿਆਂ ਤੋਂ ਅੱਗੇ ਲੰਘ ਜਾਣ ਦੇ ਉਦੇਸ਼ ਨਾਲ ਪੜ੍ਹਾਈ, ਵਪਾਰ, ਅਹੁਦੇ, ਜਾਇਦਾਦ, ਖੇਡਾਂ ਆਦਿ ਦੇ ਖੇਤਰਾਂ ਵਿਚ ਮਨੁੱਖ ਨੇ ਦੂਜਿਆਂ ਨਾਲ ਵਿਰੋਧ ਵਾਲੇ ਰਿਸ਼ਤੇ ਉਸਾਰ ਲਏ ਹਨ ਅਤੇ ਨਿਰੰਤਰ ਮੁਕਾਬਲੇ ਵਾਲੀ ਸਥਿਤੀ ਵਿਚ ਜਿਊਂਦੇ ਰਹਿਣਾ ਦੁੱਖਦਾਈ ਹੁੰਦਾ ਜਾ ਰਿਹਾ ਹੈ।

ਸਭਿਅਤਾ ਅਤੇ ਸਮਾਜ ਦਾ ਵੱਧਦਾ ਦਬਾਓ ਅਤੇ ਤਣਾਓ ਮਨੁੱਖ ਦੇ ਸਹਿਜ ਸੁਭਾਓ ਨੂੰ ਮਾਰਦਾ ਜਾ ਰਿਹਾ ਹੈ।

ਇੱਛਾ ਅਤੇ ਪ੍ਰਾਪਤੀ ਵਿਚਕਾਰ ਵਿੱਥ ਵੱਧ ਜਾਣ ਕਾਰਨ, ਜਿਹੜੇ ਜੀਵਨ ਦੀ ਦੌੜ ਵਿਚ ਸਫ਼ਲ ਵੀ ਹੋ ਰਹੇ ਹਨ, ਉਹ ਵੀ ਉਪਰਾਮ ਹਨ।

ਕੀਮਤਾਂ ਵਿਚ ਵਾਧਾ ਅਤੇ ਚਮਕਦਾਰ ਚੀਜ਼ਾਂ ਦਾ ਹੜ੍ਹ, ਸਭ ਪ੍ਰਕਾਰ ਦੇ ਰਿਸ਼ਤਿਆਂ ਅਤੇ ਸਬੰਧਾਂ ਨੂੰ ਰੁੱਖਾ ਅਤੇ ਠੰਡਾ ਕਰ ਰਿਹਾ ਹੈ।

ਮਨੁੱਖ ਅਤੇ ਸਮਾਜ ਇਕ ਦੂਜੇ ਨੂੰ ਕੱਟ ਰਹੇ ਹਨ।

ਮਨੁੱਖ ਦੀ ਸੋਚ ਅਤੇ ਬਾਹਰਲੀ ਸਥਿਤੀ ਵਿਚ ਵਿਰੋਧ ਹੈ, ਸੋ ਬੇਗਾਨਗੀ ਨੇ ਹਰ ਹਾਲਤ ਵਿਚ ਵਾਪਰਨਾ ਹੈ।

ਪਿਆਰ ਦੇ ਖੇਤਰ ਵਿਚ ਜਿਸ ਦੇ ਸਾਥ ਲਈ ਪਹਿਲਾਂ ਵਿਅਕਤੀ ਤੜਪਦਾ ਹੈ, ਫਿਰ ਉਸੇ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਲੱਭਦਾ ਹੈ।

ਜਿਵੇਂ ਗੱਡੀਆਂ ਨੇ ਯਾਤਰਾ ਦਾ ਮੁਹਾਂਦਰਾ ਬਦਲ ਦਿੱਤਾ ਹੈ, ਉਵੇਂ ਹੀ ਕਾਹਲ ਨੇ ਪਿਆਰ ਦੀ ਤਾਸੀਰ ਬਦਲ ਦਿੱਤੀ ਹੈ। ਹੁਣ ਰਿਸ਼ਤੇ ਜਿਸ ਰਫ਼ਤਾਰ ਨਾਲ ਉਸਰਦੇ ਹਨ, ਉਸ ਨਾਲੋਂ ਵੀ ਤੇਜ਼ ਰਫ਼ਤਾਰ ਨਾਲ ਟੁੱਟਦੇ ਹਨ। ਹੁਣ ਵਿਆਹ ਦੇ ਮੁਕਾਬਲੇ ਤਲਾਕ ਲੈਣ ਲਈ ਵਧੇਰੇ ਉਤਸ਼ਾਹ ਵਿਖਾਇਆ ਜਾਂਦਾ ਹੈ। ਹੁਣ ਮਾਪਿਆਂ ਵਿਚ ਹਿੰਮਤ ਨਹੀਂ ਕਿ ਵਿਆਹ ਉਪਰੰਤ ਆਪਣੇ ਪੁੱਤਰ ਨਾਲ ਰਹਿ ਸਕਣ, ਜਦੋਂ ਕਿ ਸੰਤਾਨ ਕੋਲ ਸਮਰੱਥਾ ਨਹੀਂ ਕਿ ਵਿਆਹ ਤੋਂ ਮਗਰੋਂ, ਉਹ ਮਾਪਿਆਂ ਨੂੰ ਆਪਣੇ ਕੋਲ ਰੱਖ ਸਕੇ।

ਅਜੋਕੇ ਯੁੱਗ ਵਿਚ ਕੰਮ ਦਿਲਚਸਪੀ ਨਾਲ ਨਹੀਂ ਮਜਬੂਰੀ ਵੱਸ ਕੀਤਾ ਜਾਂਦਾ ਹੈ। ਹੁਣ ਮਨੁੱਖ ਨੂੰ ਖਾਣ-ਪੀਣ, ਅਤੇ ਸੰਭੋਗ ਸਮੇਂ ਹੀ ਆਪਣੇ ਮਨੁੱਖ ਹੋਣ ਦਾ ਅਹਿਸਾਸ ਹੁੰਦਾ ਹੈ, ਜਦੋਂ ਕਿ ਕੰਮ ਕਰਦਿਆਂ ਉਹ ਆਪਣੇ ਆਪ ਨੂੰ ਪਸ਼ੂ ਜਾਂ ਮਸ਼ੀਨ ਹੀ ਸਮਝਦਾ ਹੈ। ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਖਾਣ-ਪੀਣ ਅਤੇ ਸੰਭੋਗ ਆਦਿ ਪਸ਼ੂਆਂ ਵਾਲੇ ਕੰਮਾਂ ਵਿਚ

ਉਸ ਨੂੰ ਆਪਣੇ ਮਨੁੱਖ ਹੋਣ ਦਾ ਅਹਿਸਾਸ ਹੁੰਦਾ ਹੈ, ਜਦੋਂ ਕਿ ਮਨੁੱਖੀ ਕਿਰਤ ਕਰਦਿਆਂ ਉਹ ਆਪਣੇ ਆਪ ਨੂੰ ਪਸ਼ੂ ਸਮਝਦਾ ਹੈ।

ਬੇਗਾਨਗੀ ਵਾਲੀ ਕਿਰਤ, ਮਨੁੱਖ ਨੂੰ ਸਰੀਰ ਤੋਂ ਅੱਗੇ ਸੋਚਣ ਹੀ ਨਹੀਂ ਦਿੰਦੀ।

ਧਨ ਪ੍ਰਾਪਤੀ ਲਈ ਅੰਨ੍ਹੀ ਦੌੜ ਨਾ ਮਨੁੱਖ ਨੂੰ ਜੀਣ ਦਿੰਦੀ ਹੈ ਨਾ ਉਸ ਨੂੰ ਮਰਨ ਦਿੰਦੀ ਹੈ। ਇਸੇ ਕਰਕੇ ਰਿਸ਼ਤਿਆਂ ਤੋਂ ਉਪਰਾਮ ਲੋਕਾਂ ਵਿਚ ਆਤਮਘਾਤ, ਮਰਨ ਦਾ ਹਰਮਨ ਪਿਆਰਾ ਢੰਗ ਬਣਦਾ ਜਾ ਰਿਹਾ ਹੈ।

ਵਧਦੀ ਹਿੰਸਾ, ਲੁੱਟਾਂ-ਖੋਹਾਂ, ਅੰਦੋਲਨ, ਲਾਟਰੀਆਂ, ਨਸ਼ੇ, ਲੜਾਈਆਂ-ਝਗੜੇ, ਮੁਕੱਦਮੇ, ਵਧਦੀ ਬੇਗਾਨਗੀ ਅਤੇ ਉਪਰਾਮਤਾ ਦੀਆਂ ਅਲਾਮਤਾਂ ਹਨ। ਲੋਕਾਂ ਦੀ ਆਮਦਨ ਵੱਧ ਰਹੀ ਹੈ ਪਰ ਵਿਹਾਰ ਦੇ ਪੱਖੋਂ ਉਹ ਗਰੀਬ ਹੁੰਦੇ ਜਾ ਰਹੇ ਹਨ, ਸੈਰ-ਸਪਾਟਾ ਵੱਧ ਰਿਹਾ ਹੈ ਪਰ ਤਸੱਲੀ ਗੁਆਚਦੀ ਜਾ ਰਹੀ ਹੈ।

ਨਵੀਆਂ ਚੀਜ਼ਾਂ, ਵਸਤਾਂ, ਸੁੰਦਰਤਾ-ਮੁਕਾਬਲੇ ਅਤੇ ਫੈਸ਼ਨ ਆਦਿ ਇਸਤਰੀਆਂ ਵਿਚ ਸਾੜੇ ਅਤੇ ਈਰਖਾ ਦੀ ਭਾਵਨਾ ਨੂੰ ਵਧਾ ਰਹੇ ਹਨ।

ਮਨੁੱਖੀ ਯਤਨ ਦੀਆਂ ਸਿਰਜੀਆਂ ਵਸਤਾਂ ਮਨੁੱਖੀ ਦਿਮਾਗ ਉਤੇ ਹਾਵੀ ਹੋ ਗਈਆਂ ਹਨ। ਮਨੁੱਖ ਵਿਚ ਆਪਣੇ ਆਪ ਨੂੰ ਦੂਜਿਆਂ ਦੀਆਂ ਨਜ਼ਰਾਂ ਵਿਚ ਤਲਾਸ਼ਣ ਦੀ ਇੱਛਾ, ਉਸ ਨੂੰ ਭਟਕਣ ਦੇ ਰਾਹ ਪਾ ਰਹੀ ਹੈ। ਮਨੁੱਖ ਜਿਨ੍ਹਾਂ ਲੋਕਾਂ ਦੀ ਨਿੰਦਾ ਕਰਦਾ ਹੈ ਉਹ, ਉਨ੍ਹਾਂ ਤੋਂ ਹੀ ਮਾਨਤਾ ਪ੍ਰਾਪਤ ਵੀ ਕਰਨਾ ਚਾਹੁੰਦਾ ਹੈ। ਸਾਹਿਤਕਾਰ ਵੀ ਜਿਸ ਸਮਾਜ ਨੂੰ ਭੰਡਦੇ ਹਨ, ਉਸੇ ਸਮਾਜ ਵਿਚ ਪ੍ਰਵਾਨਗੀ ਲਈ ਤਰਲੇ ਲੈਂਦੇ ਹਨ। ਅਜੋਕੇ ਮਨੁੱਖ ਦੀ ਆਜ਼ਾਦੀ ਜੇਲ੍ਹ ਦੇ ਡਰ ਨਾਲ ਗ੍ਰਸੀ ਹੋਈ ਹੈ। ਜੋ ਉਹ ਸੋਚਦਾ ਹੈ, ਉਹ ਪ੍ਰਗਟਾ ਨਹੀਂ ਸਕਦਾ ਅਤੇ ਜੋ ਉਹ ਕਰਦਾ ਹੈ, ਉਹ ਦੱਸਣਾ ਨਹੀਂ ਚਾਹੁੰਦਾ।

ਆਪਣੇ ਬੇਗਾਨੇ ਹੋਣ ਦੇ ਅਹਿਸਾਸ ਵਿਚੋਂ ਅਤੇ ਦੂਜਿਆਂ ਵਲੋਂ ਤਿਆਗੇ ਜਾਣ ਦੇ ਡਰ ਵਿਚੋਂ ਹੀ ਜਾਇਦਾਦ ਪ੍ਰਤੀ ਮੋਹ ਜਾਗਦਾ ਹੈ।

ਜਦੋਂ ਸਾਡੀ ਮਨੁੱਖਾਂ ਵਿਚ ਦਿਲਚਸਪੀ ਘੱਟ ਜਾਂਦੀ ਹੈ ਤਾਂ ਅਸੀਂ ਵਸਤਾਂ ਵਿਚੋਂ ਤਸੱਲੀ ਭਾਲਦੇ ਹਾਂ, ਜਦੋਂ ਸਾਡੇ ਜਜ਼ਬੇ ਠੰਡੇ ਪੈ ਜਾਂਦੇ ਹਨ ਤਾਂ ਅਸੀਂ ਰਿਸ਼ਤਿਆਂ ਵਿਚਲੇ ਨਫ਼ੇ ਨੁਕਸਾਨ ਦੀਆਂ ਜਮ੍ਹਾਂ-ਤਕਸੀਮਾਂ ਵਿਚ ਰੁੱਝ ਜਾਂਦੇ ਹਾਂ।

ਬੇਗਾਨਗੀ ਦੇ ਅਹਿਸਾਸ ਕਾਰਨ ਦੂਜਿਆਂ ਦੀਆਂ ਘਾਟਾਂ ਸਹਿਣ ਦੀ ਅਮੀਰੀ ਦਾ ਲੋਪ ਹੋਣਾ ਸੁਭਾਵਿਕ ਹੁੰਦਾ ਹੈ। ਹੁਣ ਅਸੀਂ ਸੰਸਾਰ ਦਾ ਭਲਾ ਸੋਚਣ ਦੀ ਥਾਂ ਆਪਣਾ ਢੋਲ ਵਜਾਉਣ ਵਿਚ ਮਗਨ ਹਾਂ।

ਸਾਡੇ ਸਾਰਿਆਂ ਅੰਦਰ ਇਕ ਕਾਹਲ ਪਸਰ ਗਈ ਹੈ।

ਹੁਣ ਤਾਂ ਜੀਵਨ ਵਿਚ ਕਾਹਲ ਇਤਨੀ ਵੱਧ ਗਈ ਹੈ ਕਿ ਲਾੜੇ ਸਿਹਰਾ ਵੀ ਚਲਦਿਆਂ-ਚਲਦਿਆਂ ਬੰਨ੍ਹਦੇ ਹਨ।

ਅਜੋਕੇ ਮਨੁੱਖ ਦੀ ਹਉਮੈ ਵੀ ਸੁੰਗੜੀ ਹੋਈ ਹੈ। ਉਸ ਦਾ ਕੁਝ ਵੀ ਖੁੱਲ੍ਹਾ-ਖੁਲਾਸਾ ਨਹੀਂ। ਉਹ ਜ਼ਿੰਦਗੀ ਵੱਲ ਦਰਵਾਜ਼ਾ ਢੋਅ ਕੇ ਬੈਠਾ ਹੋਇਆ ਹੈ। ਉਂਜ ਤਾਂ ਇਸ਼ਕ ਦੀ ਖੇਡ

ਲਾਪ੍ਰਵਾਹੀ ਨਾਲ ਨਹੀਂ ਖੇਡੀ ਜਾ ਸਕਦੀ ਪਰ ਇਸ ਖੇਤਰ ਵਿਚ ਵਾਪਰ ਰਹੀ ਲਾਪ੍ਰਵਾਹੀ ਮਨੁੱਖ ਨੂੰ ਭਾਵਕ ਪੱਖੋਂ ਗਰੀਬ ਹੀ ਨਹੀਂ, ਕੰਗਾਲ ਵੀ ਕਰ ਰਹੀ ਹੈ।

ਬੇਗਾਨਗੀ ਦਾ ਅਹਿਸਾਸ ਸਾਡੇ ਘਰਾਂ ਵਿਚ, ਸਾਡੇ ਰਿਸ਼ਤਿਆਂ ਵਿਚ, ਸਾਡੇ ਬੋਲ-ਬੁਲਾਰੇ ਅਤੇ ਸਾਡੇ ਸਮੁੱਚੇ ਵਿਹਾਰ ਵਿਚ ਪ੍ਰਵੇਸ਼ ਕਰ ਜਾਣ ਕਾਰਨ, ਸਾਡੇ ਵਿਚ ਕੋਈ ਵੀ ਸੁਖਾਵਾਂ ਰਿਸ਼ਤਾ ਉਸਾਰਨ ਦੀ ਸੰਭਾਵਨਾ ਸੁੰਗੜਦੀ ਜਾ ਰਹੀ ਹੈ।

ਜਦੋਂ ਤਕ ਮਨੁੱਖ ਨੂੰ ਆਪਣੇ ਅਧੂਰੇਪਣ ਦੀ ਸੋਝੀ ਨਾ ਹੋਵੇ, ਉਦੋਂ ਤਕ ਮਨੁੱਖ ਵਿਚ ਨਾ ਗਿਆਨ-ਪ੍ਰਾਪਤੀ ਦੀ ਇੱਛਾ ਜਾਗਦੀ ਹੈ, ਨਾ ਦੂਜਿਆਂ ਪ੍ਰਤੀ ਸਤਿਕਾਰ ਉਪਜਦਾ ਹੈ ਅਤੇ ਨਾ ਦੂਜਿਆਂ ਦੇ ਸਹਿਯੋਗ ਪ੍ਰਤੀ ਧੰਨਵਾਦ ਪ੍ਰਗਟਾਇਆ ਜਾਂਦਾ ਹੈ।

ਉਪਰਾਮਤਾ ਦਾ ਵਿਅੰਗ ਇਹ ਹੈ ਕਿ ਹਰ ਕਿਸੇ ਨੂੰ ਕੇਵਲ ਆਪਣਾ ਆਪ ਪੂਰਾ ਅਤੇ ਦੂਜਾ ਹਰ ਕੋਈ ਅਧੂਰਾ ਪ੍ਰਤੀਤ ਹੁੰਦਾ ਹੈ। ਹਰ ਕੋਈ ਇਹ ਪ੍ਰਭਾਵ ਦੇਣਾ ਚਾਹੁੰਦਾ ਹੈ ਕਿ ਜੋ ਕੁਝ ਵੀ ਜਾਣਨਯੋਗ ਹੈ, ਉਹ ਉਸ ਨੇ ਜਾਣ ਲਿਆ ਹੈ।

ਮਨੁੱਖ ਹਰ ਖੇਤਰ ਵਿਚ ਆਪਹੁਦਰਾ ਹੋਣ ਦਾ ਯਤਨ ਕਰ ਰਿਹਾ ਹੈ।

ਇਸ ਯਤਨ ਵਿਚ ਉਹ ਹੋਰ ਇਕੱਲਾ ਹੋ ਜਾਵੇਗਾ।

ਵੇਖਿਆ ਗਿਆ ਹੈ ਕਿ ਕਿਸੇ ਨੂੰ ਜੋ ਕੁਝ ਵੀ ਮਿਲਦਾ ਹੈ, ਉਹ ਉਸ ਦੀ ਯੋਗਤਾ-ਸਮੱਰਥਾ ਨਾਲੋਂ ਸਦਾ ਵਧੇਰੇ ਹੁੰਦਾ ਹੈ ਪਰ ਅਸੀਂ ਨਿਰੰਤਰ ਮੁਕਾਬਲੇ ਦੀ ਸਥਿਤੀ ਵਿਚ ਵਿਚਰਨ ਕਾਰਨ, ਜਿਉਂ-ਜਿਉਂ ਉਪਰ ਉਠਦੇ ਹਾਂ ਤਿਉਂ-ਤਿਉਂ ਵਧੇਰੇ ਉਪਰਾਮ, ਉਦਾਸ, ਮਾਯੂਸ ਅਤੇ ਅਸੰਤੁਸ਼ਟ ਹੁੰਦੇ ਜਾਂਦੇ ਹਾਂ।

ਜਿਵੇਂ ਮਿਰਗੀ ਦੇ ਮਰੀਜ਼, ਕੁੰਡਲੀ ਮਿਲਣ 'ਤੇ ਵੀ ਵਿਆਹ ਤੋਂ ਡਰਦੇ ਰਹਿੰਦੇ ਹਨ, ਉਵੇਂ ਹੀ ਅਸੀਂ, ਬੇਗਾਨਗੀ ਦੇ ਅਹਿਸਾਸ ਕਾਰਨ, ਆਪਣੀਆਂ ਸਫ਼ਲਤਾਵਾਂ ਤੋਂ ਆਤਮ-ਵਿਸ਼ਵਾਸ਼ ਪ੍ਰਾਪਤ ਕਰਨ ਦੀ ਥਾਂ ਧੜੇਬੰਦੀਆਂ ਪਾਲਣ ਕਾਰਨ, ਆਪਣੀ ਅਯੋਗਤਾ ਦੇ ਵਧੇਰੇ ਪ੍ਰਮਾਣ ਦੇਣ ਲੱਗ ਪੈਂਦੇ ਹਾਂ ਅਤੇ ਇਕੱਲੇ ਰਹਿ ਜਾਂਦੇ ਹਾਂ।

ਸਫ਼ਲਤਾ ਦੀਆਂ ਆਪਣੀਆਂ ਸਜ਼ਾਵਾਂ ਹੁੰਦੀਆਂ ਹਨ। ਸਫ਼ਲ ਹੋ ਕੇ ਸਾਨੂੰ ਵਧੇਰੇ ਮਿਹਨਤ ਕਰਨ ਦੀ ਲੋੜ ਪਵੇਗੀ, ਇਕੱਲਿਆਂ ਵਿਚਰਨਾ ਪਵੇਗਾ।

ਕੀ ਬੇਗਾਨਗੀ ਦੇ ਸੰਤਾਪ ਤੋਂ ਬਚਣ ਦਾ ਕੋਈ ਢੰਗ-ਰਾਹ ਹੈ?

ਨਿਰਸੰਦੇਹ ਸਥਿਤੀ ਬੜੀ ਚਿੰਤਾਜਨਕ ਅਤੇ ਕਠਿਨ ਹੈ, ਕਿਉਂਕਿ ਬੇਗਾਨਗੀ ਦਾ ਵਾਤਾਵਰਣ ਨਿੱਤ-ਦਿਨ ਸੰਘਣਾ ਹੁੰਦਾ ਜਾ ਰਿਹਾ ਹੈ।

ਸਾਡੇ ਸਾਰਿਆਂ ਅੰਦਰ ਇਕ ਹੋਰ ਮਨੁੱਖ ਹਾਜ਼ਰ ਹੈ, ਜਿਹੜਾ ਸਾਡੇ ਨਾਲ ਨਾਰਾਜ਼ ਹੈ।

ਵੇਖਿਆ ਗਿਆ ਹੈ ਕਿ ਅਕਸਰ ਹਰ ਮਨੁੱਖ ਦੁੱਖ ਅਤੇ ਨੁਕਸਾਨ ਸਹਿਣ ਮਗਰੋਂ, ਗਿਆਨਵਾਨ ਅਤੇ ਨਿਮਰ ਹੋ ਜਾਂਦਾ ਹੈ।

ਆਪਣੇ ਕੰਮ ਵਿਚ ਜੁੱਟ ਜਾਣ ਨਾਲ ਅਤੇ ਆਪਣੇ ਆਪ ਪ੍ਰਤੀ ਸੁਹਿਰਦ ਅਤੇ ਈਮਾਨਦਾਰ ਹੋਣ ਨਾਲ ਅਸੀਂ ਬੇਗਾਨਗੀ ਦੇ ਅਹਿਸਾਸ ਨੂੰ ਮੋੜਾ ਦੇ ਸਕਦੇ ਹਾਂ।

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਅੰਤਰ ਝਾਤ



ਨਰਿੰਦਰ ਸਿੰਘ ਕਪੂਰ

ਸੰਗੀਤ ਸਾਡੇ ਦੁੱਖਾਂ ਨੂੰ ਜਗਾ ਕੇ ਉਨ੍ਹਾਂ ਨੂੰ ਸ਼ਾਂਤ ਕਰਦਾ ਹੈ।

ਕਹਿੰਦੇ ਹਨ ਹਰ ਦੁੱਖ ਬਰਦਾਸ਼ਤ ਕਰਨਯੋਗ ਹੁੰਦਾ ਹੈ ਪਰ ਜੇ ਉਸ ਨੂੰ ਸੰਗੀਤ ਵਿਚ ਢਾਲਿਆ ਜਾ ਸਕੇ। ਸਫ਼ਰ ਜਾਂ ਯਾਤਰਾ ਦੁੱਖ ਤੋਂ ਮੁਕਤ ਹੋਣ ਦਾ ਇਕ ਹੋਰ ਢੰਗ ਹੈ। ਯਾਤਰਾ ਸਾਨੂੰ ਚਲਦੇ ਸੰਸਾਰ ਨਾਲ ਜੋੜਦੀ ਹੈ। ਸਫ਼ਰ ਮਾਨਸਿਕ ਕਲੇਸ਼ਾਂ ਦਾ ਸ਼ਰਤੀਆ ਇਲਾਜ ਮੰਨਿਆ ਗਿਆ ਹੈ।

ਪੁਸਤਕਾਂ, ਦੀ ਦੁਨੀਆਂ ਦੁੱਖਾਂ ਤੋਂ ਪਾਰ ਜਾਣ ਲਈ ਇਕ ਬੁਲਾਵਾ ਹੈ।

ਮਹਾਨ ਪੁਸਤਕਾਂ ਵਿਚ ਪ੍ਰਵੇਸ਼ ਕਰਨ ਦੇ ਲੱਖਾਂ ਦਰਵਾਜ਼ੇ ਹਨ। ਪੁਸਤਕਾਂ ਸਾਡੇ ਅੰਦਰਲੇ ਨੂੰ ਰੋਸ਼ਨ ਕਰਦੀਆਂ ਹਨ ਅਤੇ ਚੁੱਪ ਰਹਿਣ ਦਾ ਹੁਨਰ ਸਿਖਾਉਂਦੀਆਂ ਹਨ।

ਪੁਸਤਕਾਂ ਜੀਵਨ ਉਤੇ ਸਾਡੀ ਪਕੜ ਨੂੰ ਪੀਡਾ ਕਰਦੀਆਂ ਹਨ।

ਕੰਮ ਜਾਂ ਕਰਮ ਦੁੱਖ ਦਾ ਸਰਬ-ਸ਼੍ਰੋਮਣੀ ਇਲਾਜ ਹੈ। ਮੈਂ ਕਦੀ ਕਿਸੇ ਸੱਚੇ ਕਾਮੇ ਨੂੰ ਕਰਮ ਦੇ ਰੁਝੇਵੇਂ ਵਿਚ ਦੁੱਖੀ ਨਹੀਂ ਵੇਖਿਆ। ਕਿਰਤ, ਸੰਸਿਆਂ ਤੋਂ ਮੁਕਤੀ ਦਾ ਬੁਲੰਦ-ਦਰਵਾਜ਼ਾ ਖੋਲ੍ਹ ਦਿੰਦੀ ਹੈ। ਜਿਹੜਾ ਕਰਦਾ ਕੁਝ ਨਹੀਂ ਅਤੇ ਕੇਵਲ ਸੋਚਦਾ ਹੈ, ਉਹ ਭ੍ਰਿਸ਼ਟਾਚਾਰ ਅਤੇ ਵਿਭਚਾਰ ਫੈਲਾਉਂਦਾ ਹੈ।

ਕਰਮ ਆਪਣੇ ਆਪ ਵਿਚ ਕੋਈ ਅਰਥ ਨਹੀਂ ਰੱਖਦਾ, ਇਸ ਦਾ ਸਮਾਜ ਦੀਆਂ ਲੋੜਾਂ ਅਨੁਸਾਰ ਅਤੇ ਸਮਾਜ ਨਾਲ ਇਕਸੁਰ ਹੋਣਾ ਜ਼ਰੂਰੀ ਹੈ।

ਭੁੱਲਣ ਦੀ ਯੋਗਤਾ, ਵੇਖ ਕੇ ਅਣਡਿੱਠ ਕਰਨ ਦਾ ਹੌਸਲਾ, ਮੁਆਫ਼ ਕਰਨ ਦੀ ਦਲੇਰੀ, ਸੁਹਿਰਦਤਾ ਵਿਚੋਂ ਕਮਾਈ ਹੋਈ ਸਿਆਣਪ, ਦੂਜਿਆਂ ਦੀ ਭਲਾਈ ਬਾਰੇ ਸੋਚਣ ਦਾ ਸਲੀਕਾ, ਦੂਜਿਆਂ ਦੇ ਕੰਮ ਆਉਣ ਦੀ ਬਿਹਬਲਤਾ, ਸੁੱਖ ਦੇ ਆਜ਼ਮਾਏ ਹੋਏ ਨੁਸਖੇ ਹਨ ਅਤੇ ਇਹ ਸਾਰੇ ਇਕ ਸੁੱਖੀ-ਸੰਤੁਲਤ ਪਰਿਵਾਰ ਦੇ ਆਲੇ-ਦੁਆਲੇ ਫੈਲੇ ਹੁੰਦੇ ਹਨ।

ਵਿਆਹ, ਸੁੱਖ ਵਾਲਾ ਰਿਸ਼ਤਾ ਨਹੀ, ਇਹ ਰਲ ਕੇ ਮੁਸੀਬਤਾਂ ਸਹਾਰਨ ਅਤੇ ਦੁੱਖ ਬਰਦਾਸ਼ਤ ਕਰਨ ਦੀ ਸੌਖੀ ਵਿਧੀ ਹੈ।

ਪਰਿਵਾਰ ਸਾਨੂੰ ਜ਼ਿੰਮੇਵਾਰੀ ਨੂੰ ਅਪਨਾਉਣ ਦੀ ਆਜ਼ਾਦੀ ਦਿੰਦਾ ਹੈ।

ਵਰਤਮਾਨ ਪ੍ਰਤੀ ਦੁੱਖੀ ਹੋਣਾ ਸੰਭਵ ਨਹੀਂ। ਸਾਡੀ ਹਰ ਨਿਰਾਸਤਾ ਅਤੀਤ ਨਾਲ ਜੁੜੀ ਹੁੰਦੀ ਹੈ ਅਤੇ ਸਾਡੀ ਹਰ ਆਸ ਭਵਿੱਖ ਨਾਲ ਬੱਝੀ ਹੁੰਦੀ ਹੈ।

ਵਰਤਮਾਨ, ਸੁੱਖ ਅਤੇ ਦੁੱਖ ਦੋਹਾਂ ਤੋਂ ਮੁਕਤ ਹੈ। ਕਸ਼ਟ, ਸਹੂਲਤਾਂ ਦੀ ਅਣਹੋਂਦ ਵਿਚੋਂ ਉਪਜਦੇ ਹਨ, ਦੁੱਖ ਸੁਤੰਤਰਤਾ ਦੀ ਅਣਹੋਂਦ ਵਿਚੋਂ ਉਪਜਦਾ ਹੈ ਅਤੇ ਪ੍ਰਸੰਨਤਾ ਅਤੇ ਆਨੰਦ, ਸੁੱਖ ਅਤੇ ਦੁੱਖ ਦੋਹਾਂ ਦੇ ਤਿਆਗ ਦੀ ਅਵਸਥਾ ਹੁੰਦੀ ਹੈ।

ਦੁੱਖ ਨੂੰ ਲੱਖਾਂ ਢੰਗਾਂ ਨਾਲ ਬਿਆਨ ਕੀਤਾ ਗਿਆ ਹੈ।

ਇਹ ਬਿਆਨ ਅਜੇ ਮੁੱਕਿਆ ਨਹੀਂ, ਇਹ ਬਿਆਨ ਮੁੱਕ ਸਕਦਾ ਨਹੀਂ, ਇਹ ਬਿਆਨ ਜਾਰੀ ਰਹੇਗਾ, ਇਹ ਉਦੋਂ ਤਕ ਨਿਰੰਤਰ ਜਾਰੀ ਰਹੇਗਾ, ਜਦੋਂ ਤਕ ਮਨੁੱਖ ਪ੍ਰਸੰਨ-ਚਿੱਤ ਹੋ ਕੇ ਦੁੱਖੀ ਹੋਣ ਦਾ ਕਮਾਲ-ਹੁਨਰ ਨਹੀਂ ਸਿੱਖ ਲੈਂਦਾ।

♣♣♣

ਜਦੋਂ ਮਨ ਇਕਾਗਰ ਹੋ ਜਾਵੇ----

ਜੇ ਬੀਜ ਵਿਚ ਇਕਾਗਰਤਾ, ਸਿਦਕ ਅਤੇ ਸਿਰੜ ਹੋਵੇ ਤਾਂ ਉਹ ਦਰਖਤ ਬਣ ਜਾਂਦਾ ਹੈ। ਜੇ ਤੁਸੀਂ ਇਕਾਗਰ ਮਨ ਨਾਲ ਯਾਤਰਾ ਸ਼ੁਰੂ ਕਰੋ ਤਾਂ ਮੰਜ਼ਲ ਤੁਹਾਨੂੰ ਆਪੇ ਖਿੱਚ ਲਵੇਗੀ, ਜਿਵੇਂ ਭਰਿਆ ਹੋਇਆ ਖੂਹ ਲਮਕਦੇ ਡੋਲ ਨੂੰ ਆਪੇ ਖਿੱਚ ਲੈਂਦਾ ਹੈ।

ਬੀਜ ਬੀਜਣ ਅਤੇ ਫਸਲ ਕੱਟਣ ਦੇ ਵਿਚਕਾਰਲਾ ਸਮਾਂ ਦੋ ਢੰਗਾਂ ਨਾਲ ਗੁਜ਼ਾਰਿਆ ਜਾ ਸਕਦਾ ਹੈ : ਸੰਸਿਆਂ ਨਾਲ ਜਾਂ ਡੂੰਘੇ ਵਿਸ਼ਵਾਸ ਨਾਲ। ਜਦੋਂ ਵਿਚਾਰਾਂ ਪ੍ਰਤੀ ਅਸੀਂ ਇਕਾਗਰ ਹੋ ਜਾਂਦੇ ਹਾਂ ਤਾਂ ਉਹ ਵਸਤੂਆਂ ਬਣ ਜਾਂਦੇ ਹਨ।

ਜਿਵੇਂ ਨਦੀਆਂ ਅਤੇ ਦਰਿਆ ਲੱਭਦੇ-ਲੱਭਦੇ ਸਾਗਰ ਨੂੰ ਲੱਭ ਲੈਂਦੇ ਹਨ, ਉਵੇਂ ਹੀ ਇਕਾਗਰਤਾ ਉਸਰਦੀ-ਉਸਰਦੀ ਨਵੇਂ ਵਿਸ਼ਵਾਸ ਅਤੇ ਸ਼ਕਤੀਆਂ ਸਿਰਜ ਲੈਂਦੀ ਹੈ ਅਤੇ ਨਵੀਆਂ ਸੰਭਾਵਨਾਵਾਂ ਜਾਗ ਪੈਂਦੀਆਂ ਹਨ।

ਇਹ ਸੱਚ ਹੈ ਕਿ ਅਸੀਂ ਆਪਣੇ ਯੁੱਗ ਦੇ ਗਿਆਨ ਅਤੇ ਅਗਿਆਨਤਾ ਦੇ ਘੇਰੇ ਤੋਂ ਬਾਹਰ ਨਹੀਂ ਜਾ ਸਕਦੇ ਪਰ ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਇਸ ਘੇਰੇ ਦੇ ਅੰਦਰ-ਅੰਦਰ ਵੀ ਸੰਭਾਵਨਾਵਾਂ ਦਾ ਕੋਈ ਅੰਤ ਨਹੀਂ ਹੁੰਦਾ।

ਵੇਖਿਆ ਗਿਆ ਹੈ ਕਿ ਜਿਹੋ ਜਿਹੇ ਵਿਚਾਰ ਤੁਹਾਡੇ ਮਨ ਵਿਚ ਹੁੰਦੇ ਹਨ, ਉਹੋ ਜਿਹੇ ਹੋਰ ਵਿਚਾਰ, ਆਪ-ਮੁਹਾਰੇ ਝੁਰਮਟ ਪਾ ਲੈਂਦੇ ਹਨ। ਇਸ ਵਰਤਾਰੇ ਨੂੰ ਆਪਣੇ ਲਾਭ ਲਈ ਜਾਂ ਨੁਕਸਾਨ ਲਈ, ਜਿਵੇਂ ਤੁਸੀਂ ਚਾਹੋ ਵਰਤ ਸਕਦੇ ਹੋ।

ਇਕਾਗਰਤਾ ਤੋਂ ਬਿਨਾਂ ਤਾਂ ਸੂਈ ਵਿਚ ਧਾਗਾ ਵੀ ਨਹੀਂ ਪਾਇਆ ਜਾ ਸਕਦਾ।

ਕੋਈ ਵੀ ਹੰਢਣਸਾਰ ਤਬਦੀਲੀ ਲਾਪ੍ਰਵਾਹੀ ਨਾਲ ਨਹੀਂ ਲਿਆਂਦੀ ਜਾ ਸਕਦੀ।

ਜਿਤਨੇ ਸੰਘਣੇ ਸਾਡੇ ਯਤਨ ਹੋਣਗੇ, ਉਤਨੀ ਸ਼ਕਤੀਸ਼ਾਲੀ ਸਾਡੀ ਪ੍ਰਾਪਤੀ ਹੋਵੇਗੀ। ਪਿਆਰ ਦਾ ਅਨੁਭਵ ਸਾਨੂੰ ਧਿਆਨ ਕੇਂਦਰਿਤ ਕਰਨ ਦੀ ਵਿਧੀ ਸਿਖਾਉਂਦਾ ਹੈ। ਪਿਆਰ ਦੀ ਘਾਟ ਹੀ ਸਾਨੂੰ ਦੂਜਿਆਂ ਦੀ ਨਿੰਦਾ ਕਰਨ ਲਈ ਬੇਵੱਸ ਕਰਦੀ ਹੈ।

ਜਿਹੜੇ ਖਿੰਡੇ ਹੋਏ ਮਨ ਨਾਲ ਪਿਆਰ ਕਰਨ ਦਾ ਯਤਨ ਕਰਦੇ ਹਨ, ਉਹ ਟੁੱਟੇ ਹੋਏ ਤਾਰੇ ਵਾਂਗ ਕਿਧਰੇ ਦੇ ਨਹੀਂ ਰਹਿੰਦੇ।

ਸਿਆਲੇ ਦੀਆਂ ਉਦਾਸ ਤਰਕਾਲਾਂ ਵਾਂਗ ਉਹ ਇਕ ਸੋਗੀ ਵਾਤਾਵਰਣ ਉਪਜਾਉਂਦੇ ਹਨ, ਜਿਸ ਵਿਚ ਜ਼ਿੰਦਗੀ ਦੇ ਲਿਸ਼ਕਦੇ ਉਤਸ਼ਾਹ ਫਿੱਕੇ ਪੈ ਜਾਂਦੇ ਹਨ।

ਕੋਈ ਵੀ ਵਿਅਕਤੀ ਆਪਣੀ ਸੋਚ ਤੋਂ ਦੂਰ ਵਿਚਰ ਨਹੀਂ ਸਕਦਾ, ਆਪਣੀ ਕਲਪਨਾ ਤੋਂ ਦੂਰ ਪਹੁੰਚ ਨਹੀਂ ਸਕਦਾ, ਆਪਣੇ ਯਤਨ ਤੋਂ ਵਧੇਰੇ ਕੁਝ ਵੀ ਪ੍ਰਾਪਤ ਨਹੀਂ ਕਰ ਸਕਦਾ।

ਸੋਚ, ਕਲਪਨਾ ਅਤੇ ਯਤਨ ਇਕਾਗਰਤਾ ਦੇ ਆਧਾਰ ਹੁੰਦੇ ਹਨ।

ਇਕਾਗਰਤਾ ਲਈ ਜ਼ਰੂਰੀ ਹੈ ਕਿ ਸਾਡਾ ਮਨ ਸ਼ਾਂਤ ਹੋਵੇ।

ਮਨ ਦੀ ਸ਼ਾਂਤੀ ਲਈ ਜ਼ਰੂਰੀ ਹੈ ਕਿ ਅਸੀਂ ਗਿਲੇ-ਸ਼ਿਕਵਿਆਂ ਤੋਂ ਮੁਕਤ ਹੋਈਏ।

ਇਨ੍ਹਾਂ ਤੋਂ ਮੁਕਤ ਹੋਣ ਲਈ ਜ਼ਰੂਰੀ ਹੈ ਕਿ ਅਸੀਂ ਕਿਸੇ ਤੋਂ ਬਦਲਾ ਲੈਣ ਦੀਆਂ ਜ਼ੰਜੀਰਾਂ, ਹੱਥਕੜੀਆਂ ਅਤੇ ਬੇੜੀਆਂ ਤੋਂ ਖਹਿੜਾ ਛੁਡਾਈਏ।

ਬਦਲਾ ਲੈਣ ਵਾਸਤੇ ਉਤਨੀ ਹਿੰਮਤ ਨਹੀਂ ਚਾਹੀਦੀ ਹੁੰਦੀ, ਜਿਤਨੀ ਹਿੰਮਤ ਕਿਸੇ ਨੂੰ ਮੁਆਫ਼ ਕਰਨ ਵਾਸਤੇ ਲੋੜੀਂਦੀ ਹੈ।

ਮੁਆਫ਼ ਕਰਨਾ, ਸਾਡੇ ਆਤਮਿਕ ਪੱਖੋਂ ਜਿਊਂਦੇ ਹੋਣ ਦੀ ਨਿਸ਼ਾਨੀ ਹੁੰਦਾ ਹੈ।

ਕਮਜ਼ੋਰ ਆਦਮੀ ਸੋਚਦੇ ਹਨ ਕਿ ਮੁਆਫ਼ ਕਰਨਾ ਕਮਜ਼ੋਰੀ ਹੈ ਜਦੋਂ ਕਿ ਸ਼ਕਤੀਸ਼ਾਲੀ ਵਿਅਕਤੀ ਸੋਚਦੇ ਹਨ ਕਿ ਇਖ਼ਲਾਕੀ ਤਾਕਤ ਤੋਂ ਬਿਨਾਂ, ਮੁਆਫ਼ ਕਰਨ ਦਾ ਵਿਚਾਰ ਹੀ ਨਹੀਂ ਉਪਜਦਾ। ਮੁਆਫ਼ ਕਰਨ ਨਾਲ ਸਾਨੂੰ ਆਪਣੇ ਵਿਕਾਸ ਦਾ ਅਗਲੇਰਾ ਪੜਾਅ ਚੁਣਨ ਦੀ ਖੁੱਲ੍ਹ ਮਿਲਦੀ ਹੈ, ਨਹੀਂ ਤਾਂ ਅਸੀਂ ਬਦਲੇ ਦੀ ਘੁੰਮਣ-ਘੇਰੀ ਵਿਚ ਫਸੇ ਰਹਿੰਦੇ ਹਾਂ। ਜਦੋਂ ਤੁਸੀਂ ਪੂਰੀ ਤਰ੍ਹਾਂ ਇਕਾਗਰ ਹੋ ਜਾਂਦੇ ਹੋ ਤਾਂ ਗੁੱਸਾ, ਨਫ਼ਰਤ, ਲਾਲਸਾ, ਲਾਲਚ, ਆਦਿ ਸਾਰੇ ਭਾਵ ਆਪੇ ਝੜ ਜਾਂਦੇ ਹਨ।

ਮੁਆਫ਼ ਕਰਨਾ ਅਤੇ ਆਪਣੀ ਗਲਤੀ ਦੀ ਮੁਆਫ਼ੀ ਮੰਗਣਾ, ਸਾਡੇ ਅੰਦਰਲੇ ਨੂੰ ਰੋਸ਼ਨ ਕਰਦਾ ਅਤੇ ਸ਼ਕਤੀਸ਼ਾਲੀ ਬਣਾਉਂਦਾ ਹੈ।

ਇਕਾਗਰਤਾ ਲਈ ਆਪਣੇ ਮਨ ਨੂੰ ਵਿਰੋਧਾਂ ਤੋਂ ਮੁਕਤ ਕਰਨਾ ਪਵੇਗਾ।

ਸਾਡੀਆਂ ਬਹੁਤੀਆਂ ਸਮੱਸਿਆਵਾਂ, ਸਾਡੇ ਗਿਆਨ ਦੀ ਸੀਮਾ ਕਾਰਨ ਉਪਜਦੀਆਂ ਹਨ। ਕੋਈ ਕਿਤਨਾ ਵੀ ਗਿਆਨਵਾਨ ਹੋ ਜਾਵੇ, ਉਸ ਦਾ ਗਿਆਨ ਇਕ ਸੀਮਾ ਵਿਚ ਰਹਿੰਦਾ ਹੈ। ਸੰਸਾਰ ਵਿਚ ਅਸੀਮ ਗਿਆਨ ਦਾ ਕੋਈ ਸੰਕਲਪ ਨਹੀਂ। ਕੀ ਗਿਆਨ ਨਾਲ ਕਿਸੇ ਨੂੰ ਪਿਆਰ ਕੀਤਾ ਜਾ ਸਕਦਾ ਹੈ? ਗਿਆਨ ਨਾਲ ਨਫ਼ਰਤ ਤਾਂ ਕੀਤੀ ਜਾ ਸਕਦੀ ਹੈ ਪਰ ਪਿਆਰ ਨਹੀਂ ਕੀਤਾ ਜਾ ਸਕਦਾ। ਕਾਰਨ ਇਹ ਹੈ ਕਿ ਗਿਆਨ ਸਾਨੂੰ ਨਿੱਖੜਨ-ਨਿੱਖੇੜਨ ਅਤੇ ਵਿਸ਼ਲੇਸ਼ਣ ਦੀ ਵਿਧੀ ਸਿਖਾਉਂਦਾ ਹੈ, ਜਦੋਂ ਕਿ ਪਿਆਰ ਜੁੜਨ ਅਤੇ ਜੋੜਨ ਦਾ ਢੰਗ ਅਪਣਾਉਂਦਾ ਹੈ।

ਜਿਹੜਾ ਗਿਆਨ ਤੁਹਾਨੂੰ ਬਦਲਦਾ ਨਹੀਂ, ਉਹ ਗਿਆਨ ਨਹੀਂ।

ਜਿਹੜਾ ਗਿਆਨ ਤੁਹਾਡੀਆਂ ਬਿਰਤੀਆਂ ਨੂੰ ਇਕਾਗਰ ਨਹੀਂ ਕਰਦਾ, ਉਹ ਹੋਰ ਕੁਝ ਵੀ ਹੋਵੇ, ਉਸ ਨੂੰ ਗਿਆਨ ਨਹੀਂ ਕਿਹਾ ਜਾ ਸਕਦਾ।

ਕਈ ਵਾਰੀ ਕੋਈ ਚੀਜ਼ ਧਿਆਨ ਨਾਲ, ਧੀਰਜ ਨਾਲ, ਇਕਾਗਰਤਾ ਨਾਲ ਪ੍ਰਾਪਤ ਹੋਣੀ ਹੁੰਦੀ ਹੈ ਪਰ ਅਸੀਂ ਗਿਆਨ-ਭਰੇ ਯਤਨ ਕਰਨ ਲੱਗ ਪੈਂਦੇ ਹਾਂ।

ਇਹ ਯਤਨ ਅਤੇ ਉਪਰਾਲੇ ਹੀ ਵਿਘਨ ਬਣ ਜਾਂਦੇ ਹਨ।

ਵੇਖਿਆ ਗਿਆ ਹੈ ਕਿ ਕਈ ਵਾਰੀ ਮਦਦ ਕਰਨ ਵਾਲੇ ਹੀ ਮੁਸੀਬਤ ਬਣ ਜਾਂਦੇ ਹਨ। ਕਈ ਵਾਰੀ ਹਾਲ ਪੁੱਛਣ ਵਾਲੇ ਹੀ ਦਰਦ ਵਧਾ ਦਿੰਦੇ ਹਨ।

ਕਈ ਵਾਰੀ ਲੱਭਣ ਵਾਲੇ ਹੀ ਗੁਆਚ ਜਾਂਦੇ ਹਨ ਅਤੇ ਕਈ ਵਾਰੀ ਪੜ੍ਹਾਉਣ ਵਾਲੇ, ਸੇਧ ਦੇਣ ਵਾਲੇ ਹੀ ਭਟਕ ਜਾਂਦੇ ਹਨ।

ਜਦੋਂ ਘਰ ਨੂੰ ਅੱਗ ਲੱਗੀ ਹੋਵੇ ਤਾਂ ਸਾਰਾ ਧਿਆਨ ਉਸ ਅੱਗ ਉਤੇ ਕੇਂਦਰਿਤ ਹੋ ਜਾਂਦਾ ਹੈ। ਭਾਵੇਂ ਜੁੱਤੀ ਲਗਦੀ ਹੋਵੇ, ਉਂਗਲੀ ਦੁਖਦੀ ਹੋਵੇ, ਸਿਰ ਨੰਗਾ ਹੋਵੇ, ਠੰਢ ਲਗਦੀ ਹੋਵੇ, ਸਾਡਾ ਸਮੁੱਚਾ ਧਿਆਨ ਉਸ ਅੱਗ ਉਤੇ ਕੇਂਦਰਿਤ ਹੁੰਦਾ ਹੈ।

ਜੇ ਹੱਥ ਸੜ ਵੀ ਜਾਵੇ ਤਾਂ ਉਸ ਦਾ ਵੀ ਕੁਝ ਚਿਰ ਪਿੱਛੋਂ ਪਤਾ ਲਗੇਗਾ।

ਮਨ ਜਦੋਂ ਬਹੁਤ ਇਕਾਗਰ ਹੋ ਜਾਂਦਾ ਹੈ ਤਾਂ ਉਸਾਰੂ ਸੰਕੀਰਣਤਾ ਪੈਦਾ ਹੋ ਜਾਂਦੀ ਹੈ ਅਤੇ ਚਿੱਤ ਦਾ ਆਕਾਸ਼ ਛੋਟਾ ਹੋ ਜਾਂਦਾ ਹੈ।

ਸਮੁੱਚਾ ਮਨ ਲੇਜ਼ਰ ਦੀ ਤਰ੍ਹਾਂ ਇਕ ਨੁਕਤੇ ਉਤੇ ਕੇਂਦਰਿਤ ਹੋ ਜਾਂਦਾ ਹੈ।

ਇਸ ਅਵਸਥਾ ਵਿਚ ਜੇਕਰ ਕਿਸੇ ਬੀਮਾਰੀ ਤੋਂ ਤੁਸੀਂ ਪੂਰੇ ਭਰੋਸੇ ਨਾਲ ਠੀਕ ਹੋਣਾ ਚਾਹੋ ਤਾਂ ਅਵੱਸ਼ ਠੀਕ ਹੋ ਜਾਵੋਗੇ।

ਜਦੋਂ ਮਨ ਬੀਮਾਰੀ ਤੋਂ ਇਨਕਾਰ ਕਰ ਦੇਵੇ ਤਾਂ ਸਰੀਰ ਦੀ ਨਹੀਂ ਚੱਲਦੀ, ਕਿਉਂਕਿ ਸਾਡਾ ਸਰੀਰ ਮਨ ਦਾ ਚਲਾਇਆ ਚਲਦਾ ਹੈ।

ਸਾਡਾ ਸਾਰਾ ਜੀਵਨ ਘਾਟਿਆਂ ਦੇ ਲੇਖੇ ਇਸ ਲਈ ਲੱਗ ਜਾਂਦਾ ਹੈ, ਕਿਉਂਕਿ ਸਾਡੇ ਆਲੇ-ਦੁਆਲੇ ਜਿਤਨੇ ਲੋਕ ਹਨ, ਉਹ ਅਸਲ ਵਿਚ ਸਹਿਯੋਗੀ ਹਨ ਪਰ ਆਪਣੇ ਸੁਆਰਥਾਂ ਕਾਰਨ ਅਸੀਂ ਉਨ੍ਹਾਂ ਨੂੰ ਆਪਣੇ ਦੁਸ਼ਮਣ ਬਣਾਇਆ ਹੋਇਆ ਹੈ।

ਜਦੋਂ ਮਨ ਸ਼ਕਤੀ ਲਈ ਤਾਂਘੇਗਾ, ਉਹ ਸ਼ਾਂਤੀ ਲਈ ਵੀ ਤਾਂਘੇਗਾ।

ਇਕਾਗਰਤਾ ਦਾ ਅਰਥ ਆਪਣੇ ਸਾਰੇ ਧਿਆਨ ਨੂੰ ਕਿਸੇ ਚੰਗੀ ਇੱਛਾ, ਵਸਤੂ ਜਾਂ ਵਿਅਕਤੀ ਉਤੇ, ਉਦੋਂ ਤਕ ਕੇਂਦਰਿਤ ਕਰਨਾ ਹੁੰਦਾ ਹੈ, ਜਦੋਂ ਤਕ ਉਸ ਦੀ ਪੂਰਤੀ ਅਤੇ ਪ੍ਰਾਪਤੀ ਲਈ ਢੰਗ ਅਤੇ ਸਾਧਨ ਪ੍ਰਾਪਤ ਨਹੀਂ ਹੋ ਜਾਂਦੇ।

ਸਾਡੇ ਝੁਕਾਅ ਅਤੇ ਸਾਡੇ ਪੱਖਪਾਤ ਸਾਡੇ ਮਨ ਨੂੰ ਸੇਧ ਦਿੰਦੇ ਹਨ। ਇਹ ਝੁਕਾਅ ਸਾਡੀਆਂ ਆਦਤਾਂ ਨੂੰ ਨਿਰਧਾਰਿਤ ਕਰਦੇ ਹਨ।

ਦੁਹਰਾਓ ਆਦਤ ਦੀ ਬੁਨਿਆਦ ਹੁੰਦਾ ਹੈ। ਆਦਤ ਕਿਸੇ ਅਮਲ ਨੂੰ ਮੁੜ-ਮੁੜ ਦੁਹਰਾਉਣ ਵਿਚੋਂ ਉਪਜਦੀ ਹੈ। ਹਰ ਵਾਰੀ ਇਕ ਇਕ ਧਾਗਾ ਜੋੜਨ ਨਾਲ ਜਿਵੇਂ ਇਕ ਰੱਸੀ ਬਣ ਜਾਂਦੀ ਹੈ, ਇਵੇਂ ਹੀ ਹਰ ਦੁਹਰਾਓ ਨਾਲ ਆਦਤ ਪੱਕੀ ਹੁੰਦੀ ਜਾਂਦੀ ਹੈ। ਤਹਿ ਹੋਇਆ ਕਾਗਜ਼, ਖੋਲ੍ਹਣ ਉਪਰੰਤ ਫਿਰ ਉਵੇਂ ਹੀ ਤਹਿ ਕੀਤਾ ਜਾਂਦਾ ਹੈ, ਕਿਉਂਕਿ ਇਹ ਸੌਖਾ ਹੁੰਦਾ ਹੈ। ਕਿਸੇ ਪਗਡੰਡੀ ਉਤੇ ਬਹੁਤ ਸਾਰੇ ਲੋਕ ਮੁੜ-ਮੁੜ ਚਲਣ ਤਾਂ ਉਹ ਵਕਤ ਦੇ ਬੀਤਣ ਨਾਲ ਜਰਨੈਲੀ ਸੜਕ ਬਣ ਜਾਂਦੀ ਹੈ। ਕਿਸੇ ਸਾਜ਼, ਕਲਮ, ਮੰਜੇ, ਕੁਰਸੀ, ਸਰਹਾਣੇ, ਜੁੱਤੀ ਆਦਿ ਨੂੰ ਅਸੀਂ ਮੁੜ-ਮੁੜ ਇਕੋ ਢੰਗ ਨਾਲ ਵਰਤਦੇ ਹਾਂ ਅਤੇ ਇਹ ਚੀਜ਼ਾਂ ਸਾਡੇ ਹੱਥਾਂ, ਪੈਰਾਂ ਅਤੇ ਸਰੀਰ ਅਨੁਸਾਰ ਢਲ ਜਾਂਦੀਆਂ ਹਨ ਅਤੇ ਸਾਡੇ ਸਰੀਰ ਵਿਚ ਇਨ੍ਹਾਂ ਨੂੰ ਖਾਸ ਢੰਗ ਨਾਲ ਵਰਤਣ ਦੀ ਆਦਤ ਪੈ ਜਾਂਦੀ ਹੈ। ਇਵੇਂ ਹੀ ਨਦੀਆਂ ਅਤੇ ਦਰਿਆ ਜਿਉਂ-ਜਿਉਂ ਰਾਹ ਬਣਾਉਂਦੇ ਹਨ, ਪਾਣੀ ਨੂੰ ਉਨ੍ਹਾਂ ਅਨੁਸਾਰ ਉਨ੍ਹਾਂ ਵਿਚ ਵਹਿਣ ਦੀ ਆਦਤ ਬਣ ਜਾਂਦੀ ਹੈ।

ਮਨ ਨੂੰ ਵੀ ਆਦਤ ਪਾਉਣ ਦੀ ਲੋੜ ਪੈਂਦੀ ਹੈ।

ਅਜੋਕੇ ਯੁੱਗ ਵਿਚ ਮਨ ਨੂੰ ਭਟਕਾਉਣ ਅਤੇ ਖਿੰਡਾਉਣ ਵਾਲੇ ਕਰੋੜਾਂ ਸਾਧਨ ਹਨ ਪਰ ਮਨ ਨੂੰ ਟਿਕਾਉਣ ਵਾਲੇ ਸਾਧਨਾਂ ਦੀ ਗਿਣਤੀ ਨਿਰੰਤਰ ਘੱਟ ਰਹੀ ਹੈ ਅਤੇ ਨਤੀਜੇ ਵੱਸ ਸਾਡੇ ਜੀਵਨ ਵਿਚ ਆਵਾਰਗੀ ਵਧਦੀ ਜਾ ਰਹੀ ਅਤੇ ਨਤੀਜਾ ਇਹ ਹੋਇਆ ਹੈ ਕਿ ਹੁਣ ਪੁੱਤਰ, ਪਿਓ ਤੋਂ ਨਹੀਂ ਡਰਦੇ, ਪਿਓ ਪੁੱਤਰਾਂ ਤੋਂ ਡਰਦੇ ਹਨ।

ਮੋੜ-ਘੋੜ ਵਾਲੇ ਰਾਹ ਉਤੇ ਸਿੱਧਾ ਨਹੀਂ ਟੁਰਿਆ ਜਾ ਸਕਦਾ।

ਜਦੋਂ ਰਾਹ ਸਿੱਧੇ ਹੋ ਜਾਣ ਤਾਂ ਮੋੜ-ਘੋੜ ਆਪ-ਮੁਹਾਰੇ ਤਿਆਗੇ ਜਾਂਦੇ ਹਨ। ਕਿਸੇ ਵਿਸ਼ੇਸ਼ ਦਿਸ਼ਾ ਵਿਚ ਅਸੀਂ ਵਧੇਰੇ ਸੌਖ ਨਾਲ ਸਫ਼ਰ ਕਰਦੇ ਹਾਂ, ਜਦੋਂ ਕਿ ਕਿਸੇ ਹੋਰ ਪਾਸੇ ਜਾਣਾ ਕਠਿਨ ਪ੍ਰਤੀਤ ਹੁੰਦਾ ਹੈ। ਦੂਜਿਆਂ ਦੇ ਬਣਾਏ ਰਾਹ 'ਤੇ ਚਲ ਕੇ, ਢੰਗ ਅਪਣਾ ਕੇ, ਤੁਸੀਂ ਦੂਜਿਆਂ ਦੇ ਨਿਸ਼ਾਨੇ 'ਤੇ ਪਹੁੰਚੋਗੇ, ਆਪਣੇ ਨਿਸ਼ਾਨੇ 'ਤੇ ਨਹੀਂ।

ਜਦੋਂ ਤੁਸੀਂ ਨਵਾਂ ਰਾਹ ਅਪਣਾਓਗੇ ਤਾਂ ਮਨ ਖਿੰਡੇਗਾ, ਜਾਣੀਆਂ ਪਛਾਣੀਆਂ ਦਿਸ਼ਾਵਾਂ ਵੱਲ ਦੌੜੇਗਾ, ਸੌਖੇ ਢੰਗਾਂ ਵੱਲ ਪਸੀਜੇਗਾ, ਤੁਹਾਡਾ ਆਪਣਾ ਮਨ ਹੀ ਤੁਹਾਡਾ ਵਿਰੋਧ ਕਰੇਗਾ, ਤੁਹਾਡਾ ਸਾਰਾ ਸਰੀਰ ਬਗਾਵਤ ਕਰੇਗਾ, ਤੁਹਾਡੇ ਆਪਣੇ ਸੱਕੇ-ਸਬੰਧੀ ਹੀ ਤੁਹਾਡੀ ਵਿਰੋਧਤਾ ਕਰਨਗੇ। ਇਨ੍ਹਾਂ ਸਾਰੇ ਵਿਰੋਧਾਂ ਦਾ ਟਾਕਰਾ ਕਰਨ ਲਈ ਮਨ ਦੀ ਇਕਾਗਰਤਾ ਦੀ ਲੋੜ ਪਵੇਗੀ। ਇਕਾਗਰ ਮਨ ਸਭ ਵਿਰੋਧਾਂ ਨੂੰ ਸਹਿ ਲੈਂਦਾ ਹੈ।

ਸਾਡਾ ਆਲਾ-ਦੁਆਲਾ ਸਾਡੀ ਸੋਚ ਅਤੇ ਸਾਡੇ ਵਿਹਾਰ ਨੂੰ ਪ੍ਰਭਾਵਿਤ ਕਰਦਾ ਹੈ। ਤੁਹਾਨੂੰ ਕਿਧਰੇ ਵੀ ਆਪਣੀ ਇੱਛਾ ਦੇ ਅਨੁਸਾਰੀ ਆਲਾ-ਦੁਆਲਾ ਨਹੀਂ ਮਿਲੇਗਾ। ਆਪਣਾ ਆਲਾ-ਦੁਆਲਾ ਅਸੀਂ ਆਪ ਨਿਰਧਾਰਤ ਕਰਦੇ ਹਾਂ। ਲੋੜ ਪੈਣ ਉਤੇ ਉਸ ਨੂੰ ਬਦਲਣਾ ਵੀ ਹੈ, ਲੋੜ ਪੈਣ ਉਤੇ ਆਪ ਵੀ ਬਦਲਣਾ ਪਵੇਗਾ। ਸਾਡਾ ਘਰ ਕਿਹੋ ਜਿਹਾ ਵੀ ਕਿਉਂ ਨਾ ਹੋਵੇ, ਕੋਈ ਕੋਨਾ ਆਪਣੀ ਲੋੜ ਅਨੁਸਾਰ ਅਸੀਂ ਸਿਰਜ ਸਕਦੇ ਹਾਂ। ਇਸ ਕੋਨੇ ਵਿਚ ਸਾਨੂੰ ਸਾਹ ਹੀ ਸੌਖਾ ਨਹੀਂ ਆਵੇਗਾ, ਇਥੇ ਅਸੀਂ ਟਿਕ ਕੇ ਬੈਠ ਵੀ ਸਕਾਂਗੇ। ਕੋਈ ਵੀ ਕੰਮ ਸ਼ੁਰੂ ਕਰਨ ਲਈ ਸਾਨੂੰ ਅੱਧਾ-ਘੰਟਾ ਚਾਹੀਦਾ ਹੁੰਦਾ ਹੈ। ਅੱਧੇ ਘੰਟੇ ਉਪਰੰਤ ਹੀ ਅਸੀਂ ਉਸ ਕੰਮ ਨਾਲ ਇਕ-ਸੁਰ ਹੁੰਦੇ ਹਾਂ। ਅਜੋਕੇ ਯੁੱਗ ਵਿਚ ਧਿਆਨ ਖਿੰਡਾਉਣ ਦੇ ਸਾਧਨ ਇਤਨੇ ਹਨ ਕਿ ਅਸੀਂ ਇਮਤਿਹਾਨ ਤਾਂ ਪਾਸ ਕਰ ਲੈਂਦੇ ਹਾਂ ਪਰ ਯਥਾਰਥ ਇਹ ਹੁੰਦਾ ਹੈ ਕਿ ਅਸੀਂ ਪੜ੍ਹਨਾ ਸ਼ੁਰੂ ਵੀ ਨਹੀਂ ਕੀਤਾ ਹੁੰਦਾ।

ਜਿਨ੍ਹਾਂ ਲੋਕਾਂ ਨੂੰ ਤੁਸੀਂ ਰੋਜ਼ ਮਿਲਦੇ ਹੋ ਉਹ ਜਾਂ ਤਾਂ ਤੁਹਾਡੇ ਵਿਕਾਸ ਵਿਚ ਦਿਲਚਸਪੀ ਰੱਖਣ ਵਾਲੇ ਹੋਣਗੇ ਜਾਂ ਤੁਹਾਨੂੰ ਡੇਗ ਕੇ ਆਪਣੇ ਬਰਾਬਰ ਲਿਆਉਣ ਦਾ ਯਤਨ ਕਰਨ ਵਾਲੇ ਹੋਣਗੇ। ਇਹ ਚੋਣ ਵੀ ਤੁਸੀਂ ਆਪਣੇ ਉਦੇਸ਼ਾਂ ਅਧੀਨ ਕਰਨੀ ਹੈ।

ਕਈ ਵਿਅਕਤੀ ਬੜੇ ਉਤਸ਼ਾਹੀ ਹੁੰਦੇ ਹਨ, ਉਹ ਜਿੱਥੇ ਜਾਂਦੇ ਹਨ, ਜ਼ਿੰਦਗੀ ਦੀ ਰੌਣਕ ਉਨ੍ਹਾਂ ਦੇ ਨਾਲ ਚੱਲਦੀ ਹੈ।

ਕਈ ਅਜਿਹੇ ਹੁੰਦੇ ਹਨ, ਜਿਨ੍ਹਾਂ ਦੇ ਗੋਡੇ ਅਤੇ ਮੋਢੇ ਦੋਵੇਂ ਬੈਠੇ ਹੁੰਦੇ ਹਨ, ਉਹ ਜਿੱਥੇ ਜਾਂਦੇ ਹਨ ਉਥੇ ਹੀ ਸੋਗ ਵਰਤ ਜਾਂਦਾ ਹੈ। ਅੰਤਿਮ ਰੂਪ ਵਿਚ ਜਿਹੋ ਜਿਹੇ ਤੁਸੀਂ ਹੋਵੋਗੇ, ਉਹੋ ਜਿਹੇ ਹੋਰ ਲੋਕ ਤੁਹਾਡੇ ਵੱਲ ਖਿੱਚੇ ਜਾਣਗੇ।

ਮਨ ਨੂੰ ਇਕਾਗਰ ਕਰਨ ਵਿਚ ਪੁਸਤਕਾਂ ਬਹੁਤ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ। ਆਪਣੇ ਉਦੇਸ਼ਾਂ ਨਾਲ ਸਬੰਧਤ ਪੁਸਤਕਾਂ ਪੜ੍ਹ ਕੇ ਨਾ ਕੇਵਲ ਸਾਡੇ ਉਦੇਸ਼ ਨਿੱਖਰਦੇ ਹਨ, ਸਗੋਂ ਸਾਨੂੰ ਸ਼ਕਤੀ ਵੀ ਮਿਲਦੀ ਹੈ।

ਜ਼ਿੰਦਗੀ ਪ੍ਰਤੀ ਆਸ਼ਾਵਾਦੀ ਦ੍ਰਿਸ਼ਟੀਕੋਣ ਅਤੇ ਘਰ ਵਿਚਲਾ ਹਾਂ-ਪੱਖੀ ਵਾਤਾਵਰਣ ਤੁਹਾਡੇ ਪੈਰਾਂ ਨੂੰ ਪਰ ਲਾ ਦੇਵੇਗਾ।

ਕਹਿੰਦੇ ਹਨ ਗੁਣ, ਦੁਸ਼ਮਣ ਦੇ ਵੀ ਹੋਣ, ਅਪਣਾ ਲਵੋ ਅਤੇ ਔਗੁਣ ਭਾਵੇਂ ਆਪਣੇ ਗੁਰੂ ਦੇ ਵੀ ਹੋਣ, ਤਿਆਗ ਦਿਓ।

ਵੇਖਿਆ ਗਿਆ ਹੈ ਕਿ ਸੰਸਾਰ ਵਿਚ ਕਿਸੇ ਵੀ ਥਾਂ ਉਥੋਂ ਦੇ ਆਦਿਵਾਸੀਆਂ ਨੇ ਕੁਝ ਨਹੀਂ ਕੀਤਾ। ਜਿਹੜੀਆਂ ਤਬਦੀਲੀਆਂ ਉਥੇ ਵਾਪਰੀਆਂ, ਉਹ ਉਥੋਂ ਬਾਹਰੋਂ ਆਉਣ ਵਾਲਿਆਂ ਨੇ ਹੀ ਲਿਆਂਦੀਆਂ। ਸਾਡੇ ਵਿਚ ਤਬਦੀਲੀਆਂ ਨਵੇਂ ਵਿਚਾਰਾਂ ਨਾਲ ਹੀ ਵਾਪਰਨਗੀਆਂ। ਸੰਸਾਰ ਦੇ ਇਤਿਹਾਸ ਵਿਚ ਉਨ੍ਹਾਂ ਸਮਿਆਂ ਵਿਚ ਹੀ ਵਿਕਾਸ ਵਾਪਰਿਆ ਹੈ, ਜਦੋਂ ਨਵੇਂ ਵਿਚਾਰਾਂ ਨੂੰ ਪ੍ਰਗਟਾਉਣ ਅਤੇ ਅਪਨਾਉਣ ਦੀ ਖੁਲ੍ਹ ਮਿਲੀ ਹੈ।

ਸਮੁੰਦਰ ਵਿਚ ਸਾਰੇ ਦਰਿਆਵਾਂ ਨੂੰ ਅਪਨਾਉਣ ਦੀ ਅਮੀਰੀ ਹੁੰਦੀ ਹੈ।

ਇਕਾਗਰਤਾ ਅਸਲ ਵਿਚ ਸੋਚਣ ਅਤੇ ਅਮਲ ਕਰਨ ਦੀ ਉਹ ਵਿਧੀ ਹੈ, ਜਿਹੜੀ ਤੁਹਾਡੀ ਸਮੁੱਚੀ ਸ਼ਖਸੀਅਤ ਨਾਲ ਇਕ-ਸੁਰ ਹੋਵੇ।

ਨਵੇਂ ਵਿਚਾਰਾਂ ਵੱਲ ਪਿੱਠ ਕਰ ਕੇ ਅਸੀਂ ਆਪਣਾ ਹੀ ਨੁਕਸਾਨ ਕਰਦੇ ਹਾਂ।

ਇਕਾਗਰਤਾ ਦਾ ਉਦੇਸ਼ ਸ਼ੁਭ ਹੋਣਾ ਚਾਹੀਦਾ ਹੈ ਤਾਂ ਹੀ ਇਹ ਸੰਭਵ ਅਤੇ ਸ਼ਕਤੀਸ਼ਾਲੀ ਹੋਵੇਗੀ। ਉੱਚਾ ਆਦਰਸ਼ ਸਾਡੇ ਨਿਸ਼ਾਨੇ ਵਿਚੋਂ ਖੋਟ ਦੂਰ ਕਰਦਾ ਹੈ।

ਮਨੁੱਖ ਨੇ ਜੋ ਕੁਝ ਸਿਰਜਿਆ ਹੈ, ਉਹ ਪਹਿਲਾਂ ਉਸ ਦੀ ਕਲਪਨਾ ਵਿਚ ਸਿਰਜਿਆ ਗਿਆ ਹੈ, ਫਿਰ ਇਕਾਗਰ ਯਤਨਾਂ ਨਾਲ ਉਸ ਨੂੰ ਅਸਲੀਅਤ ਵਿਚ ਬਦਲਿਆ ਗਿਆ ਹੈ ਅਤੇ ਉਸ ਤੋਂ ਸਮੁੱਚੀ ਮਾਨਵਜਾਤੀ ਨੇ ਲਾਭ ਉਠਾਇਆ ਹੈ।

ਤੁਸੀਂ ਆਪਣਾ ਵਿਕਾਸ ਕਰੋ, ਤੁਹਾਡੇ ਵਿਕਾਸ ਵਿਚ ਹੀ ਪਰਿਵਾਰ, ਸਮਾਜ ਅਤੇ ਦੇਸ਼ ਦਾ ਵਿਕਾਸ ਲੁਕਿਆ ਹੋਇਆ ਹੈ।

ਅੰਤਲੇ ਰੂਪ ਵਿਚ ਤੁਸੀਂ ਹੀ ਸਫ਼ਲ ਜਾਂ ਅਸਫ਼ਲ ਹੋਵੋਗੇ।

ਕਿਸੇ ਦੂਜੇ ਨੂੰ ਆਪਣੀ ਅਸਫ਼ਲਤਾ ਦਾ ਦੋਸ਼ ਦੇਣਾ ਆਪਣੇ ਸਵੈ-ਵਿਸ਼ਵਾਸ ਦੀ ਘਾਟ ਦਾ ਪ੍ਰਗਟਾਵਾ ਹੁੰਦਾ ਹੈ। ਸਿਰ-ਦਰਦ ਵਾਂਗ ਹਾਰ ਵੀ ਇਸ ਗੱਲ ਦਾ ਸੰਕੇਤ ਹੁੰਦੀ ਹੈ ਕਿ ਕੋਈ ਅਣਗਹਿਲੀ ਜਾਂ ਗਲਤੀ ਹੋਈ ਹੈ।

ਜਦੋਂ ਕਿਸੇ ਸਮੱਸਿਆ ਉਤੇ ਮਨ ਦੀ ਸਾਰੀ ਸ਼ਕਤੀ ਕੇਂਦਰਿਤ ਹੋ ਜਾਵੇ ਤਾਂ ਉਹ ਸਮੱਸਿਆ ਢਿੱਲੀ ਪੈ ਜਾਂਦੀ ਹੈ। ਜੇ ਕੋਈ ਸਮੱਸਿਆ ਹੱਲ ਨਹੀਂ ਹੋ ਰਹੀ, ਕੋਈ ਪ੍ਰੀਖਿਆ ਪਾਸ ਨਹੀਂ ਕੀਤੀ ਜਾ ਰਹੀ ਤਾਂ ਕਾਰਨ ਇਹ ਹੁੰਦਾ ਹੈ ਕਿ ਅਸੀਂ ਉਸ ਸਮੱਸਿਆ ਜਾਂ ਵਿਸ਼ੇ ਵੱਲ ਯੋਗ ਧਿਆਨ ਨਹੀਂ ਦੇ ਰਹੇ।

ਸਾਡੀਆਂ ਉਹੀ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ, ਜਿਨ੍ਹਾਂ ਦੇ ਹੱਲ ਦੂਜਿਆਂ ਉਤੇ ਨਿਰਭਰ ਕਰਦੇ ਹਨ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕੇਵਲ ਇਕਾਗਰਤਾ ਜਾਂ ਇੱਕਲੀ ਤਾਕਤ ਕਿਸੇ ਲੇਖੇ ਨਹੀਂ ਲਗਦੀ, ਦਿਸ਼ਾ ਅਤੇ ਉਦੇਸ਼ ਵੀ, ਉਸ ਨੂੰ ਸਫ਼ਲਤਾ ਜਾਂ ਅਸਫ਼ਲਤਾ ਦੇ ਰਾਹ ਪਾਉਂਦੇ ਹਨ।

ਲਾਪ੍ਰਵਾਹੀ ਨਾਲ ਸੁੱਟੇ ਹੋਏ ਬੀਜ ਭਰਵੀਂ ਫ਼ਸਲ ਨਹੀਂ ਦਿੰਦੇ, ਲਾਪ੍ਰਵਾਹੀ ਨਾਲ ਕੀਤੇ ਯਤਨ ਸਫ਼ਲਤਾ ਨਹੀਂ ਸਿਰਜਦੇ।

ਵੇਖਿਆ ਗਿਆ ਹੈ ਕਿ ਜਿਨ੍ਹਾਂ ਕੋਲ ਕੁਝ ਵੀ ਮੁੱਲਵਾਨ ਜਾਂ ਮਹੱਤਵਪੂਰਨ ਨਹੀਂ ਹੁੰਦਾ, ਉਹ ਸਭ ਤੋਂ ਵੱਧ ਅੜਦੇ ਅਤੇ ਆਕੜਦੇ ਹਨ।

ਹਰ ਕੰਮ ਵਿਚ ਦੂਜਿਆਂ ਦਾ ਸਹਾਰਾ, ਸਹਿਯੋਗ ਅਤੇ ਆਸਰਾ ਲੱਭਣ ਦੀ ਬਿਰਤੀ ਵੀ ਸਾਨੂੰ ਇਕਾਗਰ- ਚਿੱਤ ਨਹੀਂ ਹੋਣ ਦਿੰਦੀ।

ਤੁਹਾਡੇ ਯਤਨਾਂ ਦੀ ਪੱਧਰ ਹੀ ਤੁਹਾਡੇ ਨਿਸ਼ਾਨੇ ਦੇ ਮਹੱਤਵ ਨੂੰ ਵਧਾਏ-ਘਟਾਏਗੀ। ਸਾਰੀਆਂ ਵਿਰੋਧਤਾਵਾਂ ਦੇ ਬਾਵਜੂਦ ਸਰਬਸੰਮਤੀ ਨੂੰ ਉਸਾਰਨਾ ਇਕਾਗਰ ਮਨ ਦੀ ਪਛਾਣ ਹੁੰਦੀ ਹੈ। ਵੇਖਿਆ ਗਿਆ ਹੈ ਕਿ ਬੇਇਜ਼ਤੀ ਅਕਸਰ ਸਾਡੀ ਇਕਾਗਰਤਾ ਨੂੰ ਤੋੜ ਦਿੰਦੀ ਹੈ। ਅਜਿਹੀ ਇਕਾਗਰਤਾ, ਇਕਾਗਰਤਾ ਨਹੀਂ ਹੁੰਦੀ, ਇਕਾਗਰਤਾ ਦਾ ਭਰਮ ਹੁੰਦੀ ਹੈ। ਜਿਹੜਾ ਆਦਮੀ ਤੁਹਾਨੂੰ ਗਾਲ੍ਹ ਕੱਢਦਾ ਹੈ, ਉਸ ਦੀ ਆਪਣੀ ਕੋਈ ਮਜਬੂਰੀ ਹੋਵੇਗੀ। ਅਜਿਹੀ ਅਵਸਥਾ ਵਿਚ ਇਕਾਗਰ-ਚਿੱਤ ਵਿਅਕਤੀ ਇਹ ਹੀ ਉੱਤਰ ਦੇਵੇਗਾ: ਇਸ ਵੇਲੇ ਤਾਂ ਮੈਂ ਰੁੱਝਿਆ ਹੋਇਆ ਹਾਂ, ਜਦੋਂ ਵਿਹਲ ਮਿਲੀ, ਉਦੋਂ ਆ ਕੇ ਗੁੱਸਾ ਕਰ ਲਵਾਂਗਾ।

ਅਸੀਂ ਸੋਚਦੇ ਤਾਂ ਚੰਗਾ ਹਾਂ ਪਰ ਉਸ ਸੋਚ ਨੂੰ ਅਮਲ ਵਿਚ ਲਿਆਉਣ ਵੇਲੇ ਹੀ ਗੜਬੜ ਹੋ ਜਾਂਦੀ ਹੈ।

ਹਰੇਕ ਚੋਰ ਵੀ ਅਨੇਕਾਂ ਵਾਰ ਦਾਨ ਕਰਨ ਬਾਰੇ ਸੋਚਦਾ ਹੈ।

ਨਿਰਸੰਦੇਹ ਸੋਚ ਦੀ ਇਕਾਗਰਤਾ ਨਾਲੋਂ ਅਮਲ ਦੀ ਇਕਾਗਰਤਾ ਵਧੇਰੇ ਦ੍ਰਿੜ੍ਹਤਾ ਦੀ ਮੰਗ ਕਰਦੀ ਹੈ।

ਸੁੱਖ, ਸਦਾ ਹੀ ਇਕਾਗਰ ਸੋਚ ਤੋਂ ਉਪਜੇ, ਉਸਾਰੂ ਕਾਰਜ ਦਾ ਫਲ ਹੁੰਦਾ ਹੈ।

ਮਾੜੇ ਕੰਮਾਂ ਨਾਲ ਆਰਾਮ ਦੇ ਸਾਧਨ ਤਾਂ ਜੁਟਾਏ ਜਾ ਸਕਦੇ ਹਨ ਪਰ ਸੁੱਖ ਦੇ ਸਾਧਨ ਚੰਗੇ ਕਾਰਜਾਂ ਨਾਲ ਹੀ ਸੰਭਵ ਹੋਣਗੇ।

ਇਕਾਗਰਤਾ ਤੋਂ ਸੱਖਣੇ ਮਨੁੱਖ ਦਾ ਵਿਹਾਰ ਉਸ ਬੰਦੇ ਵਾਲਾ ਹੁੰਦਾ ਹੈ, ਜਿਹੜਾ ਸਾਰੀਆਂ ਦਿਸ਼ਾਵਾਂ ਵਿਚ ਦੌੜ ਰਿਹਾ ਹੋਵੇ। ਜੇ ਤੁਸੀਂ ਭਟਕਣਾ ਚਾਹੋ ਤਾਂ ਭਟਕਣ ਦਾ ਕੋਈ ਅੰਤ ਨਹੀਂ ਹੈ, ਜਨਮਾਂ-ਜਨਮਾਂਤਰਾਂ ਤਕ ਭਟਕ ਸਕਦੇ ਹੋ।

ਇਕਾਗਰਤਾ ਸਾਨੂੰ ਅੰਦਰੋਂ ਡੂੰਘਾ ਅਤੇ ਵਿਸ਼ਾਲ ਕਰਦੀ ਹੈ।

ਕੁਦਰਤ ਕੁਝ ਵੀ ਲਾਪ੍ਰਵਾਹੀ ਨਾਲ ਨਹੀਂ ਕਰਦੀ।

ਹਰ ਪੱਤੀ ਜਾਂ ਫੁੱਲ ਉਤੇ ਕੁਦਰਤ ਦਾ ਸਾਰਾ ਧਿਆਨ ਕੇਂਦਰਿਤ ਹੁੰਦਾ ਹੈ।

ਭਟਕਣ ਤੋਂ ਮੁਕਤੀ, ਇਕਾਗਰ ਮਨ ਦਾ ਲੱਛਣ ਹੁੰਦੀ ਹੈ।

ਵੇਖਿਆ ਗਿਆ ਹੈ ਕਿ ਬਹਿਸ ਨਾਲੋਂ ਸਹਿਮਤੀ ਦੇ ਨਤੀਜੇ ਚੰਗੇ ਹੁੰਦੇ ਹਨ। ਉਦਾਹਰਣ ਵਜੋਂ, ਪਿਆਰ ਵਿਚ ਪ੍ਰੇਮੀ ਅਤੇ ਪ੍ਰੇਮਿਕਾ ਇਕ ਦੂਜੇ ਨੂੰ ਸਵਾਲ ਹੀ ਉਹ ਪੁੱਛਦੇ ਹਨ, ਜਿਨ੍ਹਾਂ ਦੇ ਜਵਾਬ ਹਾਂ ਵਿਚ ਹੋਣ।

ਪਿਆਰ ਦਾ ਅਨੁਭਵ ਸਾਡੇ ਮਨ ਨੂੰ ਇਕਾਗਰ ਕਰ ਦਿੰਦਾ ਹੈ।

ਮੇਰੇ ਇਕ ਮਿੱਤਰ ਹਨ, ਉਨ੍ਹਾਂ ਨੂੰ ਹੁਣੇ-ਹੁਣੇ ਪ੍ਰੇਮ ਦਾ ਪਹਿਲਾ ਅਨੁਭਵ ਹੋਇਆ ਹੈ। ਉਹ ਕਹਿੰਦੇ ਹਨ ਕਿ ਹੁਣ ਅਸਮਾਨ ਵਧੇਰੇ ਨੀਲਾ ਹੁੰਦਾ ਹੈ, ਉਹ ਸੰਗੀਤ ਸਿੱਖਣ ਲੱਗ ਪਏ ਹਨ। ਉਨ੍ਹਾਂ ਦੀਆਂ ਅੱਡੀਆਂ ਵਿਚ ਨਾਚ ਪੈਦਾ ਹੋ ਗਿਆ ਹੈ, ਉਨ੍ਹਾਂ ਦੇ ਹੱਥ ਹੁਣ ਤਾਲ ਵਿਚ ਹਿਲਦੇ ਹਨ। ਜੇ ਮੈਂ ਪੁੱਛਾਂ ਤਾਂ ਆਪਣਾ ਤਾਂ ਸ਼ਾਇਦ ਉਹ ਨਾਂ ਵੀ ਨਾ ਦੱਸ ਸਕਣ, ਉਹ ਹਰ ਵੇਲੇ ਉਸੇ ਦੀਆਂ ਗੱਲਾਂ ਕਰਦੇ ਰਹਿੰਦੇ ਹਨ। ਉਹ ਪੁੱਛਦੇ ਹਨ: ਮੇਰਾ ਇਹ ਪਿਆਰ ਇਵੇਂ ਹੀ ਰਹੇਗਾ ਨਾ! ਉਨ੍ਹਾਂ ਨੂੰ ਮੈਂ ਦੱਸਦਾ ਹਾਂ: ਜੇ ਹੁਣ ਵਾਲੀ ਤੁਹਾਡੀ ਹਾਲਤ ਨਿਰੰਤਰ ਬਣੀ ਰਹੀ ਤਾਂ ਨਾ ਇਹ ਕੇਵਲ ਇਵੇਂ ਹੀ ਰਹੇਗਾ, ਸਗੋਂ ਹੋਰ ਡੂੰਘਾ ਅਤੇ ਵਿਸ਼ਾਲ ਵੀ ਹੋਵੇਗਾ। ਉਹ ਪੁੱਛਦੇ ਹਨ : ਮੇਰੀ ਹੁਣ ਵਾਲੀ ਹਾਲਤ ਵਿਚ ਕੀ ਅਜੀਬ ਹੈ ? ਮੇਰਾ ਉੱਤਰ ਹੁੰਦਾ ਹੈ : ਇਸ ਵੇਲੇ ਤੁਸੀਂ ਆਪਣੇ ਆਪ ਨੂੰ ਭੁੱਲੇ ਹੋਏ ਹੋ, ਤੁਹਾਡੇ ਵਿਚ ਕੇਵਲ ਉਸ ਨੂੰ ਹੀ ਵੇਖਣ ਦੀ ਚਾਹ ਹੈ। ਸੱਜੇ-ਖੱਬੇ ਤੁਹਾਡਾ ਧਿਆਨ ਨਹੀਂ ਜਾਂਦਾ। ਤੁਸੀਂ ਸਭ ਪ੍ਰਕਾਰ ਦੇ ਸੁਆਰਥ ਤੋਂ ਮੁਕਤ ਹੋ, ਤੁਹਾਡੇ ਵਿਚ ਤਿਆਗ ਦਾ ਉਤਸ਼ਾਹ ਹੈ, ਉਸ ਦੇ ਹਰ ਕੰਮ ਆਉਣ ਦੀ ਬਿਹਬਲਤਾ ਹੈ, ਉਸ ਦੀ ਹਰ ਚੀਜ਼ ਨੂੰ ਅਪਨਾਉਣ ਅਤੇ ਉਸ ਦੀ ਹਰ ਗਲਤੀ ਨੂੰ ਭੁੱਲ ਜਾਣ ਦੀ ਅਮੀਰੀ ਹੈ। ਇਸ ਵੇਲੇ ਤੁਹਾਡਾ ਮਨ ਇਕਾਗਰ ਹੈ। ਰੱਬ ਦੇ ਦੀਦਾਰ ਇਨ੍ਹਾਂ ਘੜੀਆਂ ਵਿਚ ਹੀ ਹੁੰਦੇ ਹਨ। ਇਨ੍ਹਾਂ ਘੜੀਆਂ ਵਿਚ ਹੀ ਅਸੀਂ ਡੂੰਘੀਆਂ ਤੋਂ ਡੂੰਘੀਆਂ ਸਿਖਰਾਂ ਦੇ ਸਨਮੁਖ ਹੁੰਦੇ ਹਾਂ। ਇਨ੍ਹਾਂ ਘੜੀਆਂ ਵਿਚ ਹੀ ਅਸੀਂ ਅਸੰਭਵ ਨੂੰ ਸੰਭਵ ਕਰ ਵਿਖਾਉਂਦੇ ਹਾਂ।

ਇਨ੍ਹਾਂ ਘੜੀਆਂ ਵਿਚ ਹੀ ਅਸੀਂ ਬੀਜ ਤੋਂ ਦਰਖਤ ਹੋ ਨਿੱਬੜਦੇ ਹਾਂ।

ਇਹ ਇਕਾਗਰਤਾ ਦੀਆਂ ਘੜੀਆਂ ਹੁੰਦੀਆਂ ਹਨ।

ਯੋਗਤਾ ਦੇ ਪ੍ਰਸੰਗ ਵਿਚ ...

ਜ਼ਰੂਰੀ ਨਹੀਂ ਕਿ ਜਿਸ ਕੋਲ ਦੌਲਤ ਹੋਵੇ, ਉਹ ਅਮੀਰ ਵੀ ਹੋਵੇ।

ਦੌਲਤ ਕਈ ਢੰਗਾਂ ਨਾਲ ਇਕੱਠੀ ਕੀਤੀ ਜਾ ਸਕਦੀ ਹੈ। ਦੌਲਤ ਨਾਲ ਅਮੀਰੀ ਦਾ ਭੁਲੇਖਾ ਹੀ ਸਿਰਜਿਆ ਜਾ ਸਕਦਾ ਹੈ ਪਰ ਸੱਚੀ ਅਮੀਰੀ ਉਦੋਂ ਤਕ ਨਹੀਂ ਵਾਪਰਦੀ ਜਦੋਂ ਤਕ ਜ਼ਿੰਦਗੀ ਦੀਆਂ ਨੀਵੀਆਂ ਚੀਜ਼ਾਂ ਨੂੰ ਵਡੇਰੀਆਂ ਕਮਾਈਆਂ ਅਤੇ ਕੀਮਤਾਂ ਲਈ ਵਾਰ ਦੇਣ ਦੀ ਸਹਿਜ ਯੋਗਤਾ ਨਹੀਂ ਉਪਜਦੀ।

ਯੋਗਤਾ ਤੋਂ ਬਿਨਾਂ ਦੌਲਤ, ਈਰਖਾ ਅਤੇ ਸਾੜਾ ਉਪਜਾਉਂਦੀ ਹੈ।

ਈਰਖਾ ਅਤੇ ਸਾੜਾ ਸਾਡਾ ਦ੍ਰਿਸ਼ਟੀਕੋਣ ਹੀ ਨਹੀਂ, ਸੰਸਾਰ ਅਤੇ ਸਮਾਜ ਵਿਚ ਵਿਕਾਸ ਕਰਨ ਦਾ ਸਾਡਾ ਰਸਤਾ ਵੀ ਤੰਗ ਕਰ ਦਿੰਦੇ ਹਨ।

ਜਿਸ ਅਮੀਰੀ ਦਾ ਨਤੀਜਾ ਖੁਸ਼ਹਾਲੀ ਅਤੇ ਜਿਸ ਖੁਸ਼ਹਾਲੀ ਦਾ ਨਤੀਜਾ ਪ੍ਰਸੰਨਤਾ ਨਹੀਂ, ਉਹ ਕੁਝ ਵੀ ਹੋ ਸਕਦੀ ਹੈ, ਉਹ ਅਮੀਰੀ ਜਾਂ ਖੁਸ਼ਹਾਲੀ ਨਹੀਂ ਹੋਵੇਗੀ।

ਯੋਗਤਾ ਤੋਂ ਬਿਨਾਂ ਪ੍ਰਗਟਾਇਆ ਮਾਣ, ਹੰਕਾਰ ਅਤੇ ਘਮੰਡ ਹੋ ਨਿੱਬੜਦਾ ਹੈ।

ਲੰਘ ਚੁੱਕੇ ਦਰਿਆਵਾਂ ਦੀ ਸੁੱਕੀ ਰੇਤ 'ਤੇ ਬਹਿ ਕੇ ਕੀਤੀ ਬਹਿਸ ਨਾਲ, ਡੂੰਘੇ ਪਾਣੀਆਂ ਵਿਚ ਤਾਰੀਆਂ ਲਾਉਣ ਦੀ ਯੋਗਤਾ ਨਹੀਂ ਉਸਰ ਸਕਦੀ।

ਅਕਸਰ ਵੇਖਿਆ ਗਿਆ ਹੈ ਕਿ ਢੋਲ ਜਿਤਨਾ ਵਧੇਰੇ ਖੋਖਲਾ ਹੋਵੇਗਾ, ਉਤਨਾ ਹੀ ਉਸ ਦਾ ਸ਼ੋਰ ਵਧੇਰੇ ਹੋਵੇਗਾ। ਜੀਵਨ ਦੇ ਸਾਰੇ ਖੇਤਰਾਂ ਵਿਚ ਸ਼ੋਰ ਵੱਧ ਰਿਹਾ ਹੈ।

ਲੋਕਾਂ ਦੀ ਬਹੁਗਿਣਤੀ ਜ਼ਿੰਦਗੀ ਦੇ ਹਾਸ਼ੀਏ ਤੋਂ ਬਾਹਰ ਹੁੰਦੀ ਜਾ ਰਹੀ ਹੈ।

ਜੋ ਸੱਚ ਬੋਲਦੇ ਹਨ, ਉਹ ਘੱਟ ਬੋਲਦੇ ਹਨ।

ਸਹੀ ਅਰਥਾਂ ਵਿਚ ਉੱਚਾ, ਸਦਾ ਨੀਵਾਂ ਅਤੇ ਨਿਮਰ ਹੁੰਦਾ ਹੈ।

ਕਾਹਲ ਹਮੇਸ਼ਾਂ ਸੁਸਤੀ ਵਿਚੋਂ ਉਪਜਦੀ ਹੈ। ਹਰ ਚੀਜ਼ ਜਿਸ ਨੂੰ ਮਨੁੱਖ ਜੱਫਾ ਮਾਰਦਾ ਹੈ, ਉਹ ਚੀਜ਼ ਉਸ ਨੂੰ ਜੱਫਾ ਮਾਰ ਲੈਂਦੀ ਹੈ। ਇਸੇ ਕਰ ਕੇ ਕਹਿੰਦੇ ਹਨ ਕਿ ਸਭ ਕੁਝ ਉਸੇ ਕੋਲ ਹੁੰਦਾ ਹੈ, ਜੋ ਸਭ ਕੁਝ ਲੁਟਾ ਦੇਵੇ।

ਦੂਜਿਆਂ ਨੂੰ ਤ੍ਰਿਪਤ ਕਰਨ ਲਈ, ਤੁਹਾਡਾ ਤ੍ਰਿਪਤ ਹੋਣਾ ਪਹਿਲੀ ਸ਼ਰਤ ਹੈ।

ਕਮਜ਼ੋਰ, ਕਮਜ਼ੋਰਾਂ ਲਈ ਬੋਝ ਹੁੰਦੇ ਹਨ ਪਰ ਤਾਕਤਵਰਾਂ ਲਈ ਉਹ ਸੁਖਾਵੀਂ ਜ਼ਿੰਮੇਵਾਰੀ ਬਣ ਜਾਂਦੇ ਹਨ।

ਕਮਜ਼ੋਰਾਂ ਦਾ ਸਹਾਰਾ ਬਣਨ ਦੀ ਯੋਗਤਾ ਵਾਲੇ ਹੀ ਤਾਕਤਵਰ ਹੁੰਦੇ ਹਨ।

ਸ਼ਰਧਾਲੂਆਂ ਦੀ ਕਮਜ਼ੋਰੀ ਹੀ, ਉਨ੍ਹਾਂ ਦੇ ਧਰਮ ਦੀ ਤਾਕਤ ਹੁੰਦੀ ਹੈ।

ਜਿਹੜਾ ਧਰਮ ਖਿਮਾ ਮੰਗਣ ਅਤੇ ਖਿਮਾ ਕਰਨ ਦੀ ਯੋਗਤਾ ਨਹੀਂ ਉਪਜਾਉਂਦਾ, ਉਹ ਕੁਝ ਵੀ ਹੋ ਸਕਦਾ ਹੈ, ਉਹ ਧਰਮ ਨਹੀਂ ਹੋ ਸਕਦਾ।

ਆਤਮਕ ਅਤੇ ਪਦਾਰਥਕ ਵਿਚਕਾਰ ਸਬੰਧ ਜੋੜਨ ਦੀ ਯੋਗਤਾ ਕੇਵਲ ਮਨੁੱਖ ਵਿਚ ਹੈ। ਮਨੁੱਖ ਦੇ ਇਕ ਹੱਥ ਵਿਚ ਪਾਰਸ ਹੈ, ਦੂਜੇ ਹੱਥ ਵਿਚ ਲੋਹਾ ਹੈ ਪਰ ਉਸ ਨੂੰ ਦੋਵੇਂ ਹੱਥ ਜੋੜਨ ਦੀ ਜਾਚ ਭੁੱਲ ਗਈ ਹੈ।

ਇਹ ਬੜੇ ਦੁੱਖ ਦੀ ਗੱਲ ਹੈ ਕਿ ਮਨੁੱਖ ਨੇ ਹਰ ਚੀਜ਼ ਨੂੰ ਸੋਨੇ ਜਿੰਨੀ ਸਸਤੀ ਕਰ ਦਿੱਤਾ ਹੈ। ਮਨੁੱਖ ਦੀ ਦ੍ਰਿਸ਼ਟੀ ਹੁਣ ਇਤਨੀ ਤੰਗ ਹੋ ਗਈ ਹੈ ਕਿ ਉਹ ਇਕ ਮੋਰੀ ਵਿਚੋਂ ਦੋਵੇਂ ਅੱਖਾਂ ਨਾਲ ਵੇਖ ਸਕਦਾ ਹੈ।

ਤੰਗ ਦ੍ਰਿਸ਼ਟੀ ਨਾਲ ਵਿਸ਼ਾਲ ਨਜ਼ਾਰੇ ਨਹੀਂ ਮਾਣੇ ਜਾ ਸਕਦੇ।

ਤੰਗ ਦ੍ਰਿਸ਼ਟੀ ਅਗਿਆਨਤਾ ਵਿਚੋਂ ਉਪਜਦੀ ਹੈ ਅਤੇ ਅਗਿਆਨਤਾ ਇਕ ਅਜਿਹਾ ਹਨੇਰਾ ਹੈ, ਜਿਸ ਵਿਚ ਨਾ ਚੰਨ ਹੁੰਦਾ ਹੈ ਤੇ ਨਾ ਤਾਰੇ ਹੁੰਦੇ ਹਨ।

ਅਗਿਆਨਤਾ ਅਤੇ ਹਨੇਰਾ ਭਟਕਣ ਦਾ ਸੰਸਾਰ ਹਨ।

ਵਿਸ਼ਾਲ ਦ੍ਰਿਸ਼ਟੀ ਨਾਲ ਵੇਖਿਆਂ ਖੰਡਰ ਵੀ ਰੌਣਕ ਬਣ ਜਾਂਦੇ ਹਨ।

ਹਰ ਮਨੁੱਖ ਵਿਚ ਸਫ਼ਲ ਹੋਣ ਦੀ, ਪ੍ਰਸੰਨ ਹੋਣ ਦੀ ਅਤੇ ਖੁਸ਼ਹਾਲ ਹੋਣ ਦੀ ਯੋਗਤਾ ਹੁੰਦੀ ਹੈ ਪਰ ਆਪਣੀ ਯੋਗਤਾ ਤੋਂ ਅਣਜਾਣ ਹੋਣ ਕਾਰਨ, ਉਹ ਉਨ੍ਹਾਂ ਖੇਤਰਾਂ ਵਿਚ ਵਿਚਰਨ ਲਈ ਤਾਂਘਦਾ ਹੈ, ਜਿਹੜੇ ਉਸ ਦੇ ਖੇਤਰ ਨਹੀਂ ਹੁੰਦੇ। ਨਤੀਜਾ ਇਹ ਹੁੰਦਾ ਹੈ ਕਿ ਉਹ ਕੰਮ ਨੂੰ ਇਕ ਵਰਦਾਨ ਸਮਝਣ ਦੀ ਥਾਂ ਪੈਰਾਂ ਵਿਚ ਪਈ ਬੇੜੀ ਸਮਝਣ ਲਗ ਪੈਂਦਾ ਹੈ ਅਤੇ ਉਸ ਨੂੰ ਆਪਣੇ ਕੰਮ ਨਾਲ ਹੀ ਨਫ਼ਰਤ ਹੋ ਜਾਂਦੀ ਹੈ।

ਪਿਆਰ ਕਰਨਾ ਹੀ ਮੁਸ਼ਕਿਲ ਹੈ, ਨਫ਼ਰਤ ਤਾਂ ਸਾਰੇ ਕਰ ਰਹੇ ਹਨ।

ਆਪਣੇ ਕੰਮ ਨੂੰ ਨਫ਼ਰਤ ਕਰ ਕੇ ਕੋਈ ਵੀ ਚੰਗਾ ਕਾਮਾ ਨਹੀਂ ਬਣ ਸਕਦਾ।

ਜੇ ਤੁਸੀਂ ਸਭ ਤੋਂ ਵਧੀਆ ਕਾਮਾ ਬਣੋਗੇ ਤਾਂ ਤੁਹਾਨੂੰ ਆਪ-ਮੁਹਾਰੇ ਸਭ ਤੋਂ ਵਧੀਆ ਮਾਲਕ ਮਿਲਣਗੇ।

ਆਪ ਚੰਗਾ ਬਣੇ ਬਿਨਾਂ ਜ਼ਿੰਦਗੀ ਦੇ ਭਰਪੂਰ ਨਜ਼ਾਰੇ ਨਹੀਂ ਮਾਣੇ ਜਾ ਸਕਦੇ।

ਦੁਨੀਆਂ ਕੀ ਕਹੇਗੀ, ਇਹ ਸੋਚਣਾ ਹੀ ਕਮਜ਼ੋਰੀ ਹੈ, ਜੋ ਤੁਹਾਨੂੰ ਚੰਗਾ ਲਗਦਾ ਹੈ ਅਤੇ ਜਿਸ ਦੇ ਤੁਸੀਂ ਆਪਣੇ ਆਪ ਨੂੰ ਯੋਗ ਸਮਝਦੇ ਹੋ, ਉਹ ਕਰੋ।

ਟੁਰਨ ਵਾਲੇ ਹੀ ਕਿਧਰੇ ਪੁੱਜਦੇ ਹਨ।

ਮੰਜ਼ਲ ਪਾਂਧੂਆਂ ਦੇ ਦੀਦਾਰ ਨੂੰ ਆਪ ਤਰਸਦੀ ਰਹਿੰਦੀ ਹੈ।

ਹਵਾਈ ਕਿਲ੍ਹੇ ਬਣਾਉਣ ਵਾਲੇ ਦੇ ਪੱਲੇ, ਹਵਾ ਤੋਂ ਸਿਵਾਏ ਕੁਝ ਨਹੀਂ ਹੁੰਦਾ।

ਅਰਜਨ ਨੇ ਰਿਸ਼ਤਿਆਂ ਦਾ ਮੋਹ ਤਿਆਗ ਕੇ, ਜਦੋਂ ਰੱਥਵਾਨ ਦੀ ਅੱਖ ਦਾ ਸੰਕੇਤ ਵੇਖਿਆ ਸੀ ਤਾਂ ਉਸ ਨੂੰ ਕਰਮ ਦੇ ਗੁਆਚੇ ਹੋਏ ਅਰਥ ਲੱਭ ਪਏ ਸਨ।

ਗਰਦਸ਼ ਵਿਚ ਘੁੰਮਦਿਆਂ ਨੂੰ ਕਦੇ ਨਾ ਕਦੇ ਗ੍ਰਹਿਣ ਜ਼ਰੂਰ ਲਗਦਾ ਹੈ। ਗ੍ਰਹਿਣ ਇਕ ਪੜਾਅ ਦਾ ਸੰਕੇਤ ਹੈ, ਇਹ ਜ਼ਿੰਦਗੀ ਦਾ ਸਦੀਵੀ ਹਨੇਰ ਨਹੀਂ ਹੁੰਦਾ।

ਤੁਹਾਡੀਆਂ ਗਲਤੀਆਂ ਤੁਹਾਡੀਆਂ ਗਲਤੀਆਂ ਨਹੀਂ, ਇਹ ਸਫਲ ਹੋਣ ਦੀ ਯੋਗਤਾ ਰੱਖਣ ਵਾਲੇ ਵਿਅਕਤੀ ਦੀਆਂ ਗਲਤੀਆਂ ਹਨ। ਗਲਤੀਆਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਜ਼ਿੰਦਗੀ ਸਾਨੂੰ ਕੀ ਸਬਕ ਸਿਖਾਉਣਾ ਚਾਹੁੰਦੀ ਹੈ। ਹਰ ਗਲਤੀ ਅਤੇ ਹਰ ਅਸਫਲਤਾ ਵਿਚ ਇਕ ਸਬਕ ਛੁਪਿਆ ਹੁੰਦਾ ਹੈ। ਗਲਤੀਆਂ ਸਿਆਣੇ ਵੀ ਕਰਦੇ ਹਨ, ਪਰ ਗਲਤੀਆਂ ਨੂੰ ਦੁਹਰਾਉਣ ਦਾ ਕਾਰਜ ਮੂਰਖ ਹੀ ਕਰਦੇ ਹਨ।

ਅਗਲੀ ਵਾਰੀ ਤੁਸੀਂ ਚੰਗੇਰੀ ਕਾਰਗੁਜ਼ਾਰੀ ਦਾ ਭਰੋਸਾ ਸਿਰਜੋ, ਤੁਹਾਡੀ ਯੋਗਤਾ ਵਿਚ ਵਾਧਾ ਹੋਵੇਗਾ।

ਕੰਮ ਪ੍ਰਤੀ ਹਾਂ-ਪੱਖੀ ਸੋਚ ਨਾਲ ਸਾਡੀ ਯੋਗਤਾ ਵੱਧ ਜਾਂਦੀ ਹੈ।

ਸਹੀ ਅਰਥਾਂ ਵਿਚ ਅਸੀਂ ਪ੍ਰੇਸ਼ਾਨ ਉਦੋਂ ਹੁੰਦੇ ਹਾਂ, ਜਦੋਂ ਅਸੀਂ ਕਿਸੇ ਨੂੰ ਉਹ ਕੰਮ ਕਰਦਿਆਂ ਵੇਖਦੇ ਹਾਂ, ਜਿਸ ਨੂੰ ਅਸੀਂ ਅਸੰਭਵ ਸਮਝਦੇ ਰਹੇ ਹੁੰਦੇ ਹਾਂ।

ਜ਼ਿੰਦਗੀ ਵਿਚ ਪ੍ਰੇਸ਼ਾਨੀਆਂ ਅਤੇ ਹਾਦਸਿਆਂ ਦਾ ਦਖਲ ਵੱਧ ਗਿਆ ਹੈ। ਜੀਵਨ ਨੂੰ ਚੰਗੇਰੇ ਤੋਂ ਚੰਗੇਰੇ ਢੰਗ ਨਾਲ ਵਿਉਂਤਣ ਦੇ ਬਾਵਜੂਦ ਹਾਦਸੇ ਵਾਪਰਨਗੇ ਤੇ ਪ੍ਰੇਸ਼ਾਨੀਆਂ ਉਪਜਣਗੀਆਂ। ਜੀਵਨ ਨੂੰ ਨਿਰਵਿਘਨ ਨਹੀਂ ਬਣਾਇਆ ਜਾ ਸਕਦਾ, ਇਸ ਨੂੰ ਹਾਦਸਿਆਂ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਜ਼ਿੰਦਗੀ ਦੇ ਹਾਦਸੇ ਸਾਡੀ ਯੋਗਤਾ ਨੂੰ ਨਾਪਦੇ, ਤੋਲਦੇ ਅਤੇ ਪਰਖਦੇ ਹਨ। ਜਿਹੜਾ ਗਲਤੀਆਂ ਨਹੀਂ ਕਰਦਾ, ਉਹ ਕੁਝ ਕਰਦਾ-ਸਿੱਖਦਾ ਵੀ ਨਹੀਂ। ਜਿਸ ਨਾਲ ਹਾਦਸੇ ਨਹੀਂ ਵਾਪਰਦੇ, ਉਸ ਨੂੰ ਅਹਿਸਾਸ ਦੀ ਡੂੰਘਾਈ ਅਤੇ ਦ੍ਰਿਸ਼ਟੀ ਦੀ ਵਿਸ਼ਾਲਤਾ ਨਹੀਂ ਮਿਲਦੀ।

ਪਰਿਸਥਿਤੀਆਂ ਆਮ ਕਰ ਕੇ ਨਿਰਪੱਖ ਹੁੰਦੀਆਂ ਹਨ, ਜਦੋਂ ਕਿ ਸਾਡੀ ਦ੍ਰਿਸ਼ਟੀ ਅਤੇ ਸਾਡਾ ਅਨੁਭਵ ਉਨ੍ਹਾਂ ਨੂੰ ਮੌਕਿਆਂ ਜਾਂ ਰੁਕਾਵਟਾਂ ਦੇ ਰੂਪ ਵਿਚ ਵੇਖਦਾ ਹੈ। ਪਾਣੀ ਦਾ ਅੱਧਾ ਗਲਾਸ ਆਸ਼ਾਵਾਦੀਆਂ ਲਈ ਅੱਧਾ ਭਰਿਆ ਹੋਇਆ ਹੁੰਦਾ ਹੈ ਅਤੇ ਨਿਰਾਸ਼ਾਵਾਦੀਆਂ ਲਈ ਅੱਧਾ ਖਾਲੀ ਹੁੰਦਾ ਹੈ ਪਰ ਜਿਸ ਨੇ ਉਸ ਗਲਾਸ ਨੂੰ ਭਰਨਾ ਹੈ, ਉਸ ਲਈ ਅੱਧਾ ਖਾਲੀ ਜਾਂ ਅੱਧਾ ਭਰਿਆ ਹੋਇਆ ਇਕ ਹੀ ਅਰਥ ਰੱਖਦਾ ਹੈ।

ਇਵੇਂ ਹੀ ਪ੍ਰਸੰਸਾ ਤਾਂ ਅਸੀਂ ਸ਼ੇਰ ਦੀ ਬਹਾਦਰੀ ਦੀ ਕਰਦੇ ਹਾਂ ਪਰ ਘਰ ਦੀ ਰਾਖੀ ਲਈ ਅਸੀਂ ਕੁੱਤਾ ਪਾਲਦੇ ਹਾਂ। ਭੌਂਕਣਾ ਕੁੱਤੇ ਦੀ ਯੋਗਤਾ ਹੈ। ਉਹ ਭੌਂਕ ਕੇ ਮਾਲਕ ਨੂੰ ਸੁਚੇਤ ਕਰਦਾ ਹੈ ਪਰ ਨਿਰੰਤਰ ਭੌਂਕਣ ਵਾਲੇ ਕੁੱਤੇ ਨੂੰ ਕੋਈ ਵੀ ਪਸੰਦ ਨਹੀਂ ਕਰਦਾ।

ਕਿਸੇ ਵੀ ਪੱਖੋਂ ਬੇਮੁਹਾਰ ਹੋਣਾ, ਯੋਗਤਾ ਦੀ ਉਲੰਘਣਾ ਹੈ।

ਕਿਨਾਰਿਆਂ ਬਿਨਾਂ ਪਾਣੀ ਦਾ ਕੋਈ ਆਕਾਰ ਨਹੀਂ ਹੁੰਦਾ।

ਸਵੈਕਾਬੂ ਤੋਂ ਬਿਨਾਂ ਯੋਗਤਾ ਵਿਭਚਾਰ ਦੇ ਰਾਹ ਪੈ ਜਾਂਦੀ ਹੈ।

ਸਵੈਕਾਬੂ, ਹਮੇਸ਼ਾ ਚਿੰਤਨ ਅਤੇ ਚੇਤਨਾ ਵਿਚੋਂ ਉਪਜਦਾ ਹੈ, ਜਦੋਂ ਕਿ ਅਨੁਸ਼ਾਸਨ ਡਰ ਵਿਚੋਂ ਉਪਜਦਾ ਹੈ ਅਤੇ ਇਹ ਬਾਹਰੋਂ ਠੋਸਿਆ ਜਾਂਦਾ ਹੈ।

ਸਵੈਕਾਬੂ ਕਿਸੇ ਵੀ ਵਿਅਕਤੀ ਦੀ ਯੋਗਤਾ ਦਾ ਪਹਿਲਾ ਲੱਛਣ ਹੁੰਦਾ ਹੈ।

ਉਦਾਸ ਹੋਣ ਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ, ਪ੍ਰਸੰਨ ਬਿਨਾ ਕਾਰਨ ਦੇ ਵੀ ਹੋਇਆ ਜਾ ਸਕਦਾ ਹੈ। ਸਾਰੇ ਧਰਮਾਂ ਦਾ ਉਦੇਸ਼ ਮਨੁੱਖ ਨੂੰ ਪ੍ਰਸੰਨ ਕਰਨਾ ਹੈ ਪਰ ਧਰਮ ਦੀ ਸ਼ਰਨ ਵਿਚ ਅਸੀਂ ਅਕਸਰ ਉਦੋਂ ਆਉਂਦੇ ਹਾਂ, ਜਦੋਂ ਅਸੀਂ ਆਪਣੀ ਸਿਰਜੀ ਉਦਾਸੀ ਵਿਚ ਗੋਤੇ ਖਾਣ ਲਗ ਪੈਂਦੇ ਹਾਂ।

ਜਦੋਂ ਧਰਮ ਪਰਿਵਰਤਨ ਦੇ ਵਿਰੋਧੀ ਹੋ ਜਾਂਦੇ ਹਨ ਤਾਂ ਉਹ ਸਹਿਯੋਗੀ ਧਰਵਾਸ ਬਣਨ ਦੀ ਥਾਂ ਜੰਜਾਲ ਅਤੇ ਰੁਕਾਵਟ ਹੋ ਨਿੱਬੜਦੇ ਹਨ।

ਕਿਸੇ ਧਰਮ ਨੂੰ ਬਦਨਾਮ, ਉਸ ਧਰਮ ਦੇ ਕੱਟੜ ਸ਼ਰਧਾਲੂ ਹੀ ਕਰਦੇ ਹਨ।

ਜਿਸ ਸਮਾਜ ਜਾਂ ਧਰਮ ਵਿਚ ਸਮੇਂ ਦੇ ਹਾਣੀ ਹੋਣ ਦੀ ਸਮਰੱਥਾ ਨਹੀਂ ਰਹਿੰਦੀ, ਉਸ ਸਮਾਜ ਅਤੇ ਧਰਮ ਵਿਚੋਂ ਰੌਣਕ ਮੁੱਕ ਜਾਂਦੀ ਹੈ।

ਅਜਿਹੇ ਧਰਮਾਂ ਅਤੇ ਸਮਾਜਾਂ ਵਿਚ ਜੀਣਾ ਅਤੇ ਮਰਨਾ ਦੋਵੇਂ ਅਸੰਭਵ ਹੋ ਜਾਂਦੇ ਹਨ, ਕਿਉਂਕਿ ਮਨੁੱਖ ਤੋਂ ਜੀਣ ਦਾ ਸਲੀਕਾ ਹੀ ਗੁਆਚ ਜਾਂਦਾ ਹੈ।

ਆਪਣੇ ਹੱਕਾਂ ਪ੍ਰਤੀ ਇਤਨੇ ਸੁਚੇਤ ਨਾ ਹੋਵੋ ਕਿ ਜੀਣ ਦੀ ਜਾਚ ਹੀ ਭੁੱਲ ਜਾਵੇ।

ਆਪਣੇ ਫਰਜ਼ਾਂ ਅਤੇ ਦੂਜਿਆਂ ਦੇ ਹੱਕਾਂ ਪ੍ਰਤੀ ਸੁਚੇਤ ਰਹਿਣ ਵਾਲਾ ਮਨੁੱਖ ਜੀਵਨ ਵਿਚ ਕਦੇ ਨਿਰਾਸ਼ ਨਹੀਂ ਹੁੰਦਾ।

ਇਕ ਯੋਗ ਵਿਅਕਤੀ ਨੂੰ ਇਕ ਯੋਗ ਵਿਅਕਤੀ ਵਾਲਾ ਵਿਹਾਰ ਕਰਨਾ ਚਾਹੀਦਾ ਹੈ, ਜਿਵੇਂ ਇਕ ਯੋਧੇ ਨੂੰ ਇਕ ਯੋਧੇ ਵਾਂਗ ਜਿੱਤਣਾ-ਹਾਰਨਾ ਚਾਹੀਦਾ ਹੈ।

ਮਨ ਦੀ ਲੂਣਕੀ ਵਿਚ ਜੇ ਵਫ਼ਾ ਦਾ ਨਮਕ ਨਹੀਂ ਤਾਂ ਜ਼ਿੰਦਗੀ ਬੇਸੁਆਦੀ ਹੀ ਰਹੇਗੀ, ਦਿਨ ਬੇਚੈਨੀ ਵਿਚ ਹੀ ਗੁਜ਼ਰਨਗੇ, ਰਿਸ਼ਤਿਆਂ ਵਿਚੋਂ ਸੁੱਖ ਅਤੇ ਸੰਤੋਖ ਦੀ ਥਾਂ ਉਪਰਾਮਤਾ, ਥਕਾਵਟ ਅਤੇ ਪ੍ਰੇਸ਼ਾਨੀ ਹੀ ਮਿਲੇਗੀ।

ਜਿਥੇ ਕਿਧਰੇ ਆਦਰਸ਼ ਗਲਤ ਹੋਣਗੇ, ਉਥੇ ਯੋਗਤਾ ਨਹੀਂ, ਸਿਫਾਰਸ਼ ਅਤੇ ਰਿਸ਼ਵਤ ਦਾ ਬੋਲਬਾਲਾ ਹੋਵੇਗਾ, ਉਥੇ ਤਣਾਓ ਅਤੇ ਬੇਚੈਨੀ ਹੋਵੇਗੀ। ਉਥੇ ਰਿਸ਼ਤੇ ਨਹੀਂ ਉਸਰਨਗੇ ਸਗੋਂ ਰਿਸ਼ਤੇ ਟੁੱਟਣਗੇ।

ਬੇਚੈਨੀ ਗਲਤ ਆਦਰਸ਼ ਦਾ ਫਲ ਹੁੰਦੀ ਹੈ।

ਨਿੱਘਾ ਰਿਸ਼ਤਾ ਉਹ ਹੁੰਦਾ ਹੈ, ਜਿਥੇ ਗੱਲ ਟੁਰਦੀ ਰਹੇ।

ਦੂਜਿਆਂ ਦੇ ਅਪਮਾਨ ਦੀਆਂ ਇੱਟਾਂ ਨਾਲ ਆਪਣੀ ਸ਼ਾਨ ਅਤੇ ਇੱਜ਼ਤ ਦਾ ਗੁੰਬਦ ਨਹੀਂ ਉਸਾਰਿਆ ਜਾ ਸਕਦਾ।

ਭੱਠੀ ਵਿਚ ਪੈ ਕੇ ਹੀ ਸੋਨਾ ਖੋਟ ਦੀ ਜੱਫੀ ਵਿਚੋਂ ਬਾਹਰ ਨਿਕਲਦਾ ਹੈ।

ਅਨੰਦਪੁਰ ਸਾਹਿਬ ਦੇ ਮੈਦਾਨ ਵਿਚ ਗੁਰੂ ਗੋਬਿੰਦ ਸਿੰਘ ਨੇ ਅਸਮਾਨੀ ਬਿਜਲੀ ਵਾਂਗ ਚਮਕਦੀ ਤਲਵਾਰ ਨਾਲ ਜਦੋਂ ਸਿਰ ਮੰਗੇ ਸਨ ਤਾਂ ਉਸ ਵਿਸ਼ਾਲ ਇਕੱਠ ਵਿਚ ਮੋਢੇ ਹਜ਼ਾਰਾਂ ਕੋਲ ਸਨ ਪਰ ਸਿਰ ਕੇਵਲ ਪੰਜਾਂ ਕੋਲ ਹੀ ਸਨ ਅਤੇ ਉਹ ਆਪਣੀ ਮੌਤ ਵਿਚੋਂ ਸਦੀਵੀ ਜੀਵਨ ਵੇਖਣ ਦੀ ਯੋਗਤਾ ਰੱਖਦੇ ਸਨ।

ਉਦੋਂ ਸਿੱਖ, ਅੰਮ੍ਰਿਤ ਛਕ ਕੇ ਬਹਾਦਰ ਨਹੀਂ ਸਨ ਹੋ ਜਾਂਦੇ, ਉਦੋਂ ਅੰਮ੍ਰਿਤ ਛੱਕਦੇ ਹੀ ਬਹਾਦਰ ਸਨ।

ਜਦੋਂ ਕੁਰੂਕਸ਼ੇਤਰ ਦੇ ਮੈਦਾਨ ਵਿਚ ਅਰਜਨ ਸੰਸਿਆਂ ਵਿਚ ਘਿਰ ਗਿਆ ਤਾਂ ਕ੍ਰਿਸ਼ਨ ਨੇ ਉਸ ਦੀ ਨਿਰਭੈਅ-ਯੋਗਤਾ ਜਗਾਉਣ ਲਈ ਗੀਤਾ ਉਚਾਰੀ। ਕ੍ਰਿਸ਼ਨ ਨੇ ਗੀਤਾ ਆਖੀ ਨਹੀਂ ਸੀ, ਅਰਜਨ ਨੇ ਅਖਵਾਈ ਸੀ। ਗੀਤਾ ਕੇਵਲ ਅਰਜਨ ਨੂੰ ਹੀ ਆਖੀ ਜਾ ਸਕਦੀ ਸੀ। ਕੇਵਲ ਉਹੀ ਇਸ ਦੇ ਯੋਗ ਸੀ।

ਯੂਨਾਨ ਨੇ ਜ਼ਹਿਰ ਵਾਲਾ ਪਿਆਲਾ ਪਿਲਾ ਕੇ, ਸੁਕਰਾਤ ਨੂੰ ਨਹੀਂ ਸੀ ਮਾਰਿਆ, ਸਗੋਂ ਯੂਨਾਨ ਨੇ ਉਹ ਸੁਕਰਾਤ ਪੈਦਾ ਕੀਤਾ ਸੀ, ਜਿਸ ਵਿਚ ਸੱਚ ਦੀ ਖ਼ਾਤਰ, ਜ਼ਹਿਰ ਦਾ ਪਿਆਲਾ ਪੀਣ ਦੀ ਯੋਗਤਾ ਅਤੇ ਦਲੇਰੀ ਸੀ।

ਸੁਕਰਾਤ, ਮਾਨਵ ਜਾਤੀ ਦਾ ਅਧਿਆਪਕ ਸੀ।

ਉਸ ਵਿਚ ਸੱਚ ਨੂੰ ਅੰਦਰ ਵਸਾਉਣ ਦੀ ਯੋਗਤਾ ਸੀ।

ਜਿਸ ਅਧਿਆਪਕ ਵਿਚ ਸੰਜਮ ਅਤੇ ਸੰਤੋਖ ਨਹੀਂ ਅਤੇ ਜਿਸ ਨੂੰ ਇਕੱਲ ਪਸੰਦ ਨਹੀਂ, ਉਸ ਦੀ ਸਿੱਖਿਆ ਵਿਚ ਅਸਰ ਨਹੀਂ ਹੋਵੇਗਾ।

ਇਸਤਰੀਆਂ ਵਿਚ ਹਵਾਈ ਕਿਲ੍ਹੇ ਬਣਾਉਣ ਦੀ ਯੋਗਤਾ ਪੁਰਸ਼ਾਂ ਦੇ ਮੁਕਾਬਲੇ ਘੱਟ ਹੁੰਦੀ ਹੈ। ਕਿਉਂਕਿ ਉਨ੍ਹਾਂ ਦੀ ਦਿਲਚਸਪੀ ਵਰਤਮਾਨ ਵਿਚ ਹੁੰਦੀ ਹੈ, ਸੋ ਭਵਿੱਖ ਦੀ ਉਹ ਪੁਰਸ਼ਾਂ ਵਾਂਗ ਚਿੰਤਾ ਨਹੀਂ ਕਰਦੀਆਂ।

ਨਿਰਸੰਦੇਹ ਉਹ ਸੋਚਦੀਆਂ ਭਾਵੇਂ ਘੱਟ ਹਨ ਪਰ ਉਹ ਮਹਿਸੂਸ ਵਧੇਰੇ ਕਰਦੀਆਂ ਹਨ। ਵਧੇਰੇ ਸੋਚਣ ਕਾਰਨ ਪੁਰਸ਼ਾਂ ਵਿਚ ਮਹਿਸੂਸ ਕਰਨ ਦੀ ਯੋਗਤਾ ਘਟਦੀ ਜਾ ਰਹੀ ਹੈ। ਇਸਤਰੀ ਆਪਣੇ ਕਿਸੇ ਸਬੰਧੀ ਦੇ ਮਰਨ ਕਾਰਨ ਮਹਿਸੂਸ ਕਰਨ 'ਤੇ ਰੋਂਦੀ ਹੈ। ਪੁਰਸ਼ ਸੋਚਣ ਲੱਗ ਪੈਂਦਾ ਹੈ, ਮਹਿਸੂਸ ਕਰਨ ਦੀ ਸ਼ਕਤੀ ਉਸ ਵਿਚ ਬਹੁਤੀ ਨਹੀਂ ਹੁੰਦੀ।

ਯੋਗਤਾ, ਕੁਝ ਕਰਨ, ਕੁਝ ਸਮਝਣ, ਕੁਝ ਸਮਝਾਉਣ, ਕੁਝ ਕਹਿਣ, ਕੁਝ ਸੁਣਨ, ਕੁਝ ਵਿਉਂਤਣ, ਕੁਝ ਦੂਜਿਆਂ ਦੇ ਸੰਦਰਭ ਵਿਚ ਸੋਚਣ ਆਦਿ ਦੀ ਸਮਰੱਥਾ ਦਾ ਨਾਂ ਹੈ। ਇਸ ਦੇ ਅਨੇਕਾਂ ਖੇਤਰ ਹਨ : ਸਰੀਰਕ, ਭਾਵਕ, ਬੌਧਿਕ, ਆਰਥਿਕ ਅਤੇ ਸਮਾਜਿਕ ਆਦਿ। ਹਰ ਵਿਅਕਤੀ, ਹਰ ਪਰਿਵਾਰ, ਹਰ ਸਮਾਜ ਅਤੇ ਹਰ ਕੌਮ ਜਾਂ ਦੇਸ਼ ਦੀ ਇਕ ਔਸਤ ਯੋਗਤਾ ਹੁੰਦੀ ਹੈ। ਕੋਈ ਵੀ ਕੰਪਨੀ, ਸੰਸਥਾ, ਪਰਿਵਾਰ ਜਾਂ ਸਮਾਜ ਨਿਰੋਲ ਅਯੋਗ ਲੋਕਾਂ ਨਾਲ ਨਹੀਂ ਚਲ ਸਕਦਾ। ਸਾਡੀ ਯੋਗਤਾ ਉਪਜਾਉਣ ਅਤੇ ਵਿਕਸਤ ਕਰਨ ਵਿਚ ਸਾਡੇ ਮਾਪੇ, ਅਧਿਆਪਕ, ਅਨੁਭਵ, ਪੁਸਤਕਾਂ, ਆਲਾ-ਦੁਆਲਾ, ਸਮਾਜਿਕ ਅਤੇ ਆਰਥਿਕ ਪਰਿਸਥਿਤੀਆਂ ਆਦਿ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ।

ਯੋਗਤਾ ਸਾਡੇ ਅੰਦਰ ਹੁੰਦੀ ਹੈ, ਪਰਿਸਥਿਤੀਆਂ ਅਤੇ ਵਾਤਾਵਰਣ ਉਸ ਨੂੰ ਜਗਾਉਣ ਦਾ ਕਾਰਜ ਕਰਦੇ ਹਨ। ਕਿਸੇ ਵੀ ਜਿੰਦੇ ਨੂੰ ਖੋਲ੍ਹਣ ਵਾਸਤੇ ਕੁੰਜੀ ਦੀ ਹੀ ਲੋੜ ਨਹੀਂ ਹੁੰਦੀ, ਉਸ ਕੁੰਜੀ ਨੂੰ ਮਰੋੜਨ ਦੀ ਵੀ ਲੋੜ ਹੁੰਦੀ ਹੈ।

ਅਸੀਂ ਜੋ ਕੁਝ ਵੀ ਕਰਦੇ ਹਾਂ ਅਤੇ ਜਿਸ ਕਿਸੇ ਨੂੰ ਵੀ ਮਿਲਦੇ ਹਾਂ, ਉਹ ਸਾਡੀ ਯੋਗਤਾ ਨੂੰ ਚੰਗੇ ਜਾਂ ਮਾੜੇ ਪੱਖ ਤੋਂ ਪ੍ਰਭਾਵਿਤ ਕਰਦਾ ਹੈ।

ਤੁਹਾਡੀ ਯੋਗਤਾ ਕਿਹੋ ਜਿਹੀ ਵੀ ਹੋਵੇ, ਕਿਤਨੀ ਵੀ ਘੱਟ ਕਿਉਂ ਨਾ ਹੋਵੇ, ਤੁਹਾਡੇ ਨਾਲੋਂ ਨੀਵੀਂ ਪੌੜੀ 'ਤੇ ਖਲੋਤਾ ਹੋਇਆ ਕੋਈ ਨਾ ਕੋਈ ਅਜਿਹਾ ਹੋਵੇਗਾ, ਜੋ ਤੁਹਾਨੂੰ ਸਿਆਣਾ, ਮਾਹਿਰ ਅਤੇ ਨਿਪੁੰਨ ਸਮਝਦਾ ਹੈ।

ਇਵੇਂ ਕੋਈ ਵੀ ਵਿਅਕਤੀ ਪੂਰਨ ਭਾਂਤ ਅਯੋਗ ਨਹੀਂ ਹੁੰਦਾ।

ਕਿਸੇ ਇਕ ਖੇਤਰ ਦਾ ਅਨਾੜੀ ਕਿਸੇ ਹੋਰ ਖੇਤਰ ਦਾ ਮਾਹਿਰ ਸਿੱਧ ਹੋ ਜਾਂਦਾ ਹੈ।

ਕੁਝ ਕੰਮ ਅਜਿਹੇ ਹੁੰਦੇ ਹਨ ਜੋ ਤੁਸੀਂ ਹੀ ਕਰਨੇ ਹਨ, ਜੋ ਤੁਸੀਂ ਹੀ ਕਰ ਸਕਦੇ ਹੋ, ਜੇ ਤੁਸੀਂ ਨਹੀਂ ਕਰੋਗੇ ਤਾਂ ਕੋਈ ਨਹੀਂ ਕਰੇਗਾ। ਕੋਈ ਨਾ ਕੋਈ ਹਮੇਸ਼ਾ ਅਜਿਹਾ ਹੁੰਦਾ ਹੈ ਜੋ ਤੁਹਾਡੇ ਚਲੇ ਜਾਣ 'ਤੇ ਤੁਹਾਨੂੰ ਯਾਦ ਕਰੇਗਾ। ਅਸੀਂ ਆਪਣੀ ਯੋਗਤਾ ਇਸੇ ਕਰ ਕੇ ਵਧਾਉਂਦੇ ਰਹਿੰਦੇ ਹਾਂ ਤਾਂ ਜੋ ਅਸੀਂ ਕਿਸੇ ਦੀ ਯਾਦ ਬਣ ਜਾਈਏ।

ਕਿਸੇ ਵੀ ਵਿਅਕਤੀ ਨੂੰ ਆਪਣੇ ਜੀਵਨ ਵਿਚ ਪ੍ਰਾਪਤ ਕੀਤਾ ਸਾਰਾ ਗਿਆਨ ਅਤੇ ਵਿਕਸਿਤ ਕੀਤੀ ਸਾਰੀ ਯੋਗਤਾ ਵਰਤਣ ਦੀ ਲੋੜ ਨਹੀਂ ਪੈਂਦੀ ਪਰ ਇਹ ਵੀ ਸੱਚ ਹੈ ਕਿ ਸਾਡੇ ਹਰ ਕਾਰਜ ਅਤੇ ਸਾਡੀ ਹਰ ਗੱਲ ਵਿਚ ਸਾਡਾ ਸਮੁੱਚਾ ਗਿਆਨ ਅਤੇ ਸਾਡੀ ਸਮੁੱਚੀ ਯੋਗਤਾ ਝਲਕਦੀ ਹੈ।

ਕਲਪਨਾ ਵਾਂਗ ਗਿਆਨ ਸਾਨੂੰ ਖੰਭ ਦਿੰਦਾ ਹੈ ਉਡਣ ਲਈ, ਤਜਰਬਾ ਜਾਂ ਅਨੁਭਵ ਸਾਨੂੰ ਜੜ੍ਹਾਂ ਦਿੰਦਾ ਹੈ ਧਰਤੀ ਵਿਚ ਖੁੱਭਣ ਲਈ।

ਬਚਪਨ ਵਿਚ ਮੈਂ ਸਮਝਦਾ ਸਾਂ ਕਿ ਮੇਰੇ ਪਿਤਾ ਜੀ ਸਭ ਕੁਝ ਜਾਣਦੇ ਸਨ। ਜਵਾਨੀ ਵਿਚ ਪ੍ਰਤੀਤ ਹੋਇਆ ਕਿ ਉਹ ਬਹੁਤ ਪਛੜੇ ਹੋਏ ਸਨ, ਉਨ੍ਹਾਂ ਦਾ ਗਿਆਨ ਬਹੁਤ ਪੁਰਾਣਾ ਸੀ। ਜਦੋਂ ਮੈਂ ਆਪ ਪਿਤਾ ਬਣਿਆ ਤਾਂ ਮੈਨੂੰ ਆਪਣੀ ਅਯੋਗਤਾ ਦਾ ਤੀਬਰ ਅਹਿਸਾਸ ਹੋਇਆ। ਹੁਣ ਜਦੋਂ ਮੈਂ ਆਪ ਬੁਢਾਪੇ ਵਿਚ ਦਾਖਲ ਹੋ ਰਿਹਾ ਹਾਂ ਤਾਂ ਮੈਂ ਇਹ ਸੋਚ ਕੇ ਅਕਸਰ ਪ੍ਰੇਸ਼ਾਨ ਹੋ ਜਾਂਦਾ ਹਾਂ ਕਿ ਮੈਂ ਆਪਣੇ ਪਿਤਾ ਜੀ ਵਰਗਾ ਸਰਲ, ਨਿਰਛਲ, ਸੁਹਿਰਦ ਸਿਆਣਾ ਅਤੇ ਈਮਾਨਦਾਰ ਕਿਉਂ ਨਹੀਂ ਬਣ ਸਕਿਆ।

ਯੋਗਤਾ ਦਾ ਮਾਰਗ ਪਤਾ ਤਾਂ ਹਰ ਕਿਸੇ ਨੂੰ ਹੁੰਦਾ ਹੈ ਪਰ ਇਸ ਰਾਹ ਉਤੇ ਹਰ ਕਿਸੇ ਵਿਚ ਤੁਰਨ ਦੀ ਹਿੰਮਤ ਨਹੀਂ ਹੁੰਦੀ।

ਕਹਿੰਦੇ ਹਨ ਵਿਚਾਰਾਂ ਨੂੰ ਕਾਰਜਾਂ ਦਾ ਰੂਪ ਦਿਓ, ਕਾਰਜਾਂ ਨੂੰ ਆਦਤਾਂ ਬਣਾਓ, ਆਦਤਾਂ ਚਰਿੱਤਰ ਦਾ ਨਿਰਮਾਣ ਕਰਨਗੀਆਂ ਅਤੇ ਚਰਿੱਤਰ ਕਿਸਮਤ ਬਣ ਜਾਵੇਗਾ।

ਕਿਸੇ ਨੂੰ ਪਿਆਰ ਕਰਨ ਦੀ ਯੋਗਤਾ ਉਪਜਾਉਣੀ ਅਜੋਕੇ ਯੁੱਗ ਦੀ ਸਭ ਤੋਂ ਵੱਡੀ ਚੁਣੌਤੀ ਹੈ। ਪਿਆਰ ਸਦਾ ਦੂਜੇ ਬਾਰੇ ਸੋਚਦਾ ਹੈ, ਹੰਕਾਰ ਅਤੇ ਨਫ਼ਰਤ ਸਦਾ ਆਪਣੇ ਆਪ ਨੂੰ ਹੀ ਪਛਾਣਦੇ ਹਨ। ਪਿਆਰ ਕੁਰਬਾਨ ਹੋਣ ਦਾ ਜਜ਼ਬਾ ਹੈ, ਹੰਕਾਰ ਖੋਹਣ ਦਾ ਖੇਤਰ ਹੈ। ਪਿਆਰ ਹਰ ਸੇਵਾ ਲਈ ਹਾਜ਼ਰ ਹੈ, ਹੰਕਾਰ ਹਰ ਕਿਸੇ ਨੂੰ ਆਪਣੀ ਸੇਵਾ ਲਈ ਵਰਤਦਾ ਹੈ। ਪਿਆਰ ਉਚਾਈਆਂ ਨੂੰ ਛੂੰਹਦਾ ਹੈ, ਹੰਕਾਰ ਸਦਾ ਨੀਵਾਂ ਵੇਖਦਾ ਹੈ।

ਜਦੋਂ ਕੋਈ ਉੱਚਾ ਟੀਚਾ ਮਿੱਥ ਲਈਏ ਤਾਂ ਲਿੰਗ-ਭੁੱਖ ਉਸ ਵਿਚ ਹੀ ਰਚ ਜਾਂਦੀ ਹੈ। ਜਦੋਂ ਉਚੇਰੇ ਸਵਾਦ ਪੈਦਾ ਹੋ ਜਾਣ ਤਾਂ ਕਾਮ ਦਾ ਸੁਆਦ ਬੜਾ ਨੀਵਾਂ ਅਤੇ ਨਿਗੂਣਾ ਜਿਹਾ

ਬਣ ਕੇ ਰਹਿ ਜਾਂਦਾ ਹੈ। ਭਗਤੀ ਅਤੇ ਸੇਵਾ ਨਾਲ, ਸੁਹਿਰਦਤਾ ਅਤੇ ਸਨੇਹ ਨਾਲ, ਮਨ ਦਾ ਛੋਟਾਪਣ ਘਟਦਾ ਹੈ, ਆਪਣੀ ਪ੍ਰਵਾਨਗੀ ਵੱਧਦੀ ਹੈ, ਆਪਣੇ ਹੀ ਅੰਦਰੋਂ ਸਫ਼ਲ ਹੋਣ ਦੀ ਖ਼ੁਸ਼ਬੂ ਆਉਣ ਲਗ ਪੈਂਦੀ ਹੈ।

ਜਦੋਂ ਅਸੀਂ ਸੇਵਾ ਕਰ ਰਹੇ ਹੁੰਦੇ ਹਾਂ, ਉਦੋਂ ਸਾਡੀ ਵੀ ਸੇਵਾ ਹੋ ਰਹੀ ਹੁੰਦੀ ਹੈ।

ਤਾਕਤ ਰੂਹਾਨੀ ਨਹੀਂ ਹੁੰਦੀ, ਤਾਕਤ ਤੋਂ ਮੁਕਤ ਹੋਣਾ ਰੂਹਾਨੀ ਹੁੰਦਾ ਹੈ।

ਯੋਗਤਾ ਹਮੇਸ਼ਾ ਵਿਗੋਚੇ ਹੋਏ, ਵਿਛੜੇ ਹੋਏ, ਭਟਕੇ ਹੋਏ, ਗੁਆਚੇ ਹੋਏ ਵਿਅਕਤੀ ਵਿਚ ਹੀ ਉਪਜਦੀ ਹੈ। ਇਹ ਉਨ੍ਹਾਂ ਨੂੰ ਹੀ ਮਿਲਦੀ ਹੈ, ਜਿਨ੍ਹਾਂ ਦਾ ਕੁਝ ਕੀਮਤੀ ਗੁਆਚ ਜਾਂਦਾ ਹੈ। ਸੱਚਾ ਪ੍ਰੇਮੀ, ਸ਼ਰਧਾਲੂ, ਵਿਦਿਆਰਥੀ ਅਤੇ ਅਧਿਆਪਕ ਉਹ ਹੁੰਦਾ ਹੈ, ਜੋ ਗੁਆਚੇ ਦੀ ਖੋਜ ਵਿਚ ਹੋਵੇ। ਚਿੰਤਾ ਅਤੇ ਦੁੱਖ ਖੋਜ ਦੇ ਮੁੱਢਲੇ ਆਧਾਰ ਹਨ।

ਭੁੱਖ ਅਤੇ ਪਿਆਰ, ਯੋਗਤਾ ਦੇ ਮੁੱਢਲੇ ਪ੍ਰੇਰਕ ਹਨ।

ਸਮੇਂ ਦੇ ਮਹੱਤਵ ਦੀ ਸੋਝੀ ਤੋਂ ਬਿਨਾਂ ਕੋਈ ਯੋਗਤਾ ਸੰਭਵ ਨਹੀਂ ਹੁੰਦੀ।

ਵਕਤ ਦੇ ਬੀਤਣ ਨਾਲ ਸਾਡੇ ਕੋਲੋਂ ਸਮਾਂ ਹੀ ਨਹੀਂ ਗੁਆਚਦਾ, ਸਾਡੇ ਕੋਲੋਂ ਸਮੇਂ ਨੂੰ ਠੀਕ ਢੰਗ ਨਾਲ ਵਰਤਣ ਦੀ ਯੋਗਤਾ ਵੀ ਗੁਆਚ ਜਾਂਦੀ ਹੈ।

ਜਿਹੜੇ ਦੁੱਖਾਂ ਅਤੇ ਪ੍ਰੇਸ਼ਾਨੀਆਂ ਨੂੰ ਸ਼ਰਾਬ ਵਿਚ ਡੋਬਣ ਦਾ ਯਤਨ ਕਰਦੇ ਹਨ, ਉਨ੍ਹਾਂ ਨੂੰ ਪਤਾ ਲੱਗ ਗਿਆ ਹੋਣਾ ਚਾਹੀਦਾ ਹੈ ਕਿ ਦੁੱਖ ਅਤੇ ਪ੍ਰੇਸ਼ਾਨੀਆਂ ਡੁੱਬਣ ਵਾਲੀਆਂ ਚੀਜ਼ਾਂ ਨਹੀਂ, ਇਹ ਤਰਦੀਆਂ ਰਹਿੰਦੀਆਂ ਹਨ।

ਮਿਹਨਤ ਸਭ ਮੁਸ਼ਕਿਲਾਂ ਅਤੇ ਮੁਸੀਬਤਾਂ ਨੂੰ ਜਿੱਤ ਲੈਂਦੀ ਹੈ।

ਬੋਤਲ ਉਤੇ ਕੀਤੀ ਮਿਹਨਤ ਕਿਸੇ ਲੇਖੇ ਨਹੀਂ ਲਗਦੀ।

ਮੈਨੂੰ ਉਹ ਲੋਕ ਬਹੁਤ ਚੰਗੇ ਲਗਦੇ ਹਨ, ਜਿਨ੍ਹਾਂ ਕੋਲ ਇਕ ਹੀ ਥੈਲੇ ਨਾਲ ਸਫ਼ਰ ਕਰਨ ਦੀ ਯੋਗਤਾ ਹੁੰਦੀ ਹੈ। ਮੈਨੂੰ ਉਹ ਜਵਾਨ ਚੰਗੇ ਲਗਦੇ ਹਨ, ਜਿਨ੍ਹਾਂ ਕੋਲ ਬਜ਼ੁਰਗਾਂ ਦੀ ਗੱਲ ਧੀਰਜ ਨਾਲ ਸੁਣਨ ਦੀ ਯੋਗਤਾ ਹੁੰਦੀ ਹੈ। ਮੈਨੂੰ ਉਹ ਕਰਮਚਾਰੀ ਚੰਗੇ ਲਗਦੇ ਹਨ, ਜਿਹੜੇ ਕੰਮ ਨੂੰ ਕਰਨ ਦੀ ਦ੍ਰਿਸ਼ਟੀ ਨਾਲ ਵੇਖਦੇ ਹਨ। ਮੈਨੂੰ ਉਹ ਅਧਿਆਪਕ ਬਹੁਤ ਚੰਗੇ ਲਗਦੇ ਹਨ, ਜਿਹੜੇ ਪੜ੍ਹਾਉਂਦੇ ਵੀ ਹਨ ਅਤੇ ਪੜ੍ਹਦੇ ਵੀ ਹਨ। ਮੈਨੂੰ ਸਭ ਤੋਂ ਚੰਗੇ ਉਹ ਲਗਦੇ ਹਨ, ਜਿਨ੍ਹਾਂ ਵਿਚ ਸੰਗੀਤ ਦਾ ਕੋਈ ਸਾਜ਼ ਵਜਾਉਣ ਦੀ ਯੋਗਤਾ ਹੁੰਦੀ ਹੈ। ਮੈਨੂੰ ਉਹ ਇਸਤਰੀਆਂ ਚੰਗੀਆਂ ਲਗਦੀਆਂ ਹਨ, ਜਿਨ੍ਹਾਂ ਦੇ ਚਿਹਰੇ 'ਤੇ ਉਨ੍ਹਾਂ ਦੇ ਅੰਦਰਲੇ ਚਾਨਣੇ ਦਾ ਜਲੌਅ ਹੁੰਦਾ ਹੈ। ਮੈਨੂੰ ਉਹ ਸਾਰੇ ਲੋਕ ਚੰਗੇ ਲਗਦੇ ਹਨ, ਜਿਨ੍ਹਾਂ ਦੀਆਂ ਅੱਖਾਂ ਵਿਚ ਭਵਿੱਖ ਦੇ ਸੁਪਨੇ ਹੁੰਦੇ ਹਨ।

ਸੁਪਨੇ ਹਕੀਕਤ ਤੋਂ ਅੱਗੇ ਹੀ ਨਹੀਂ ਹੁੰਦੇ, ਉੱਚੇ ਵੀ ਹੁੰਦੇ ਹਨ। ਸੁਪਨਿਆਂ ਨੂੰ ਹਕੀਕਤ ਦੇ ਸੰਗਲ ਬੰਨ੍ਹ ਕੇ ਥੱਲੇ ਨਹੀਂ ਪਟਕਾਉਣਾ ਚਾਹੀਦਾ, ਸਗੋਂ ਹਕੀਕਤ ਨੂੰ ਉਛਾਲ ਕੇ ਸੁਪਨਿਆਂ ਦੇ ਬਰਾਬਰ ਹੋਣ ਦੀ ਯੋਗਤਾ ਉਪਜਾਉਣੀ ਚਾਹੀਦੀ ਹੈ।

ਜੰਗ ਜਿੱਤਣ ਲਈ, ਲੜਾਈ ਹਾਰਨ ਦੀ ਯੋਗਤਾ ਹੋਣੀ ਚਾਹੀਦੀ ਹੈ। ਜ਼ਿੰਦਗੀ ਦੇ ਘਾਟੇ ਬਰਦਾਸ਼ਤ ਕਰਨ ਲਈ, ਸਾਡਾ ਈਮਾਨਦਾਰ ਹੋਣਾ ਜ਼ਰੂਰੀ ਹੁੰਦਾ ਹੈ।

ਬੇਈਮਾਨੀ ਕਦੀ ਵੀ ਲੋੜ ਨਹੀਂ ਹੁੰਦੀ, ਇਹ ਇਕ ਆਦਤ ਹੁੰਦੀ ਹੈ।

ਈਮਾਨਦਾਰੀ ਕਿਸੇ-ਕਿਸੇ ਦੀ ਮਜਬੂਰੀ ਹੁੰਦੀ ਹੈ ਪਰ ਹਰ ਕੋਈ ਇਤਨਾ ਮਜਬੂਰ ਨਹੀਂ ਹੁੰਦਾ ਕਿ ਉਹ ਈਮਾਨਦਾਰ ਹੋ ਨਿਬੜੇ।

ਸਾਧਾਰਣ ਹੋਏ ਬਿਨਾਂ, ਈਮਾਨਦਾਰ ਨਹੀਂ ਹੋਇਆ ਜਾ ਸਕਦਾ।

ਆਸ ਰੱਖ ਕੇ ਕੀਤੀ ਹੋਈ ਨੇਕੀ, ਨੇਕੀ ਨਹੀਂ ਹੁੰਦੀ, ਅਹਿਸਾਨ ਹੁੰਦੀ ਹੈ। ਕਿਸੇ 'ਤੇ ਤਰਸ-ਭਾਵਨਾ ਅਧੀਨ ਅਹਿਸਾਨ ਕਰਨਾ ਬੜਾ ਵੱਡਾ ਜੁਲਮ ਹੁੰਦਾ ਹੈ।

ਛੁਪਾਉਣ ਦੀ ਚਿੰਤਾ ਜਾਂ ਲੁਕਣ-ਲੁਕਾਉਣ ਦੀ ਲੋੜ ਬੇਈਮਾਨੀ ਨੂੰ ਹੁੰਦੀ ਹੈ, ਈਮਾਨਦਾਰੀ ਨੂੰ ਘੁੰਡ ਕੱਢਣ ਦੀ ਲੋੜ ਨਹੀਂ ਪੈਂਦੀ।

ਕੁਦਰਤੀ ਨਜ਼ਾਰੇ ਇਸ ਲਈ ਸੋਹਣੇ ਹੁੰਦੇ ਹਨ, ਕਿਉਂਕਿ ਉਨ੍ਹਾਂ ਦਾ ਕੋਈ ਵੀ ਭਾਗ ਲੁਕਿਆ ਹੋਇਆ ਨਹੀਂ ਹੁੰਦਾ।

ਕੋਇਲ ਨੂੰ ਗਾਉਣ ਲਈ.ਕਿਸੇ ਸਾਜ਼ ਦੀ ਲੋੜ ਨਹੀਂ ਹੁੰਦੀ।

ਯੋਗਤਾ ਨੂੰ ਪ੍ਰਗਟਾਉਣ ਦੀ ਲੋੜ ਨਹੀਂ ਪੈਂਦੀ, ਲੋਕ ਆਪੇ ਪਛਾਣ ਲੈਂਦੇ ਹਨ।

ਰੱਬ ਆਪਣੇ ਸ਼ਰਧਾਲੂਆਂ ਨੂੰ ਆਪੇ ਲੱਭ ਲੈਂਦਾ ਹੈ।

ਚਿੱਟੇ ਵਾਲਾਂ ਨਾਲ ਯੋਗਤਾ ਘਟਦੀ ਨਹੀਂ, ਸਗੋਂ ਪੱਕੀ ਹੁੰਦੀ ਹੈ।

ਜੇ ਛੱਤ ਉਤੇ ਬਰਫ਼ ਪੈ ਰਹੀ ਹੋਵੇ ਜਾਂ ਪਈ ਹੋਵੇ ਤਾਂ ਇਸ ਦਾ ਇਹ ਅਰਥ ਨਹੀਂ ਕਿ ਹੇਠਾਂ ਚੁੱਲ੍ਹੇ ਵਿਚ ਅੱਗ ਨਹੀਂ ਹੈ।

ਹਰ ਮਨੁੱਖ ਵਿਚ ਲਾਸਾਨੀ ਹੋਣ ਦੀ ਰੀਝ ਸੁਭਾਵਿਕ ਹੁੰਦੀ ਹੈ।

ਹਰ ਕੋਈ ਯੋਗ ਬਣਨਾ ਚਾਹੁੰਦਾ ਹੈ: ਕੋਈ ਤਾਕਤ ਵਿਚ, ਕੋਈ ਨਜ਼ਾਕਤ ਵਿਚ, ਕੋਈ ਲਿਆਕਤ ਵਿਚ, ਕੋਈ ਸ਼ਹਾਦਤ ਵਿਚ, ਕੋਈ ਜਬਰ ਵਿਚ, ਕੋਈ ਜੁਲਮ ਵਿਚ, ਕੋਈ ਕੋਮਲਤਾ ਵਿਚ ਅਤੇ ਕੋਈ ਕਲਾ ਵਿਚ।

ਜਦੋਂ ਕਿਸੇ ਰੀਝ, ਉਦੇਸ਼ ਜਾਂ ਆਦਰਸ਼ ਨਾਲ ਯਤਨ ਜੋੜ ਦਿੱਤਾ ਜਾਵੇ ਤਾਂ ਯੋਗਤਾ ਦੇ ਪੱਖੋਂ ਲਾਸਾਨੀ ਕਰਾਮਾਤਾਂ ਵਾਪਰਦੀਆਂ ਹਨ।

♣♣♣

ਬਹਿਸ ਜਾਰੀ ਹੈ...

ਰੁੱਝੇ ਹੋਏ ਅਤੇ ਸਿਆਣੇ ਲੋਕ ਬਹਿਸ ਨਹੀਂ ਕਰਦੇ, ਕਿਉਂਕਿ ਉਨ੍ਹਾਂ ਨੇ ਆਪਣਾ ਕੰਮ ਮੁਕਾਉਣਾ ਹੁੰਦਾ ਹੈ। ਕੰਮ ਅਤੇ ਬਹਿਸ ਦੋਵੇਂ ਨਾਲ-ਨਾਲ ਨਹੀਂ ਚੱਲ ਸਕਦੇ।

ਕਸਬਿਆਂ ਜਾਂ ਛੋਟੇ ਸ਼ਹਿਰਾਂ ਦੇ ਲੋਕ ਘੱਟ ਬਹਿਸ ਕਰਦੇ ਹਨ, ਕਿਉਂਕਿ ਉਨ੍ਹਾਂ ਨੇ ਸਾਰੇ ਕੰਮ ਆਪ ਕਰਨੇ ਹੁੰਦੇ ਹਨ।

ਨੌਕਰ ਨਾ ਹੋਣ ਕਾਰਨ, ਉਨ੍ਹਾਂ ਕੋਲ ਬਹਿਸ ਕਰਨ ਦਾ ਸਮਾਂ ਨਹੀਂ ਹੁੰਦਾ।

ਗਰੀਬ ਅਤੇ ਘੱਟ ਵਸੀਲਿਆਂ ਵਾਲੇ ਲੋਕ ਵੀ ਬਹਿਸ ਨਹੀਂ ਕਰਦੇ, ਕਿਉਂਕਿ ਉਨ੍ਹਾਂ ਨੂੰ ਸਭ ਕੁਝ ਖਰੀਦਣ ਲਈ ਨਕਦ ਭੁਗਤਾਨ ਕਰਨਾ ਪੈਂਦਾ ਹੈ।

ਉਨ੍ਹਾਂ ਨੂੰ ਪੈਸੇ ਵਾਲੇ ਲੋਕਾਂ ਵਾਂਗ ਉਧਾਰ ਦੀਆਂ ਸਹੂਲਤਾਂ ਨਹੀਂ ਮਿਲਦੀਆਂ।

ਇਸਤਰੀਆਂ ਦੀ ਬਹਿਸ ਵਿਚ ਦਿਲਚਸਪੀ ਨਹੀਂ ਹੁੰਦੀ, ਕਿਉਂਕਿ ਉਨ੍ਹਾਂ ਨੇ ਘਰ ਸਾਂਭਣਾ ਹੁੰਦਾ ਹੈ। ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਨਾ ਕੇਵਲ ਆਪਣੀ ਜ਼ਿੰਮੇਵਾਰੀ ਨੂੰ ਵਧੇਰੇ ਗੰਭੀਰਤਾ ਨਾਲ ਨਿਭਾਉਂਦੀਆਂ ਹਨ, ਸਗੋਂ ਉਨ੍ਹਾਂ ਨੂੰ ਕੰਮ ਵੀ ਵਧੇਰੇ ਕਰਨਾ ਪੈਂਦਾ ਹੈ।

ਜਿਸ ਦਿਨ ਪੁਰਸ਼ਾਂ ਅਤੇ ਬੱਚਿਆਂ ਦੀ ਛੁੱਟੀ ਹੋਵੇ, ਉਸ ਦਿਨ ਇਸਤਰੀਆਂ ਦਾ ਕੰਮ ਵੱਧ ਜਾਂਦਾ ਹੈ।

ਕਿਸਾਨ ਦੇ ਕੰਮ ਤਾਂ ਕਦੀ ਮੁਕਦੇ ਹੀ ਨਹੀਂ। ਉਸ ਨੂੰ ਕੰਮਾਂ ਪਿੱਛੇ ਇਤਨਾ ਦੌੜਨਾ ਪੈਂਦਾ ਹੈ ਕਿ ਉਸ ਨੂੰ ਪਤਾ ਹੀ ਨਹੀਂ ਲਗਦਾ ਕਿ ਬਹਿਸ ਕੀ ਹੁੰਦੀ ਹੈ।

ਜਿੱਥੇ ਸ਼ਰਧਾ, ਭਰੋਸਾ, ਸਨੇਹ ਅਤੇ ਵਿਸ਼ਵਾਸ ਹੋਵੇ, ਉਥੇ ਬਹਿਸ ਲਈ ਕੋਈ ਥਾਂ ਨਹੀਂ ਹੁੰਦੀ। ਪਿਆਰ ਵਿਚ ਬਹਿਸ ਦੀ ਕੋਈ ਸੰਭਾਵਨਾ ਨਹੀਂ ਹੁੰਦੀ। ਧਰਮ ਦੇ ਖੇਤਰ ਵਿਚ ਵਿਸ਼ਵਾਸ ਦਾ ਬੋਲਬਾਲਾ ਹੋਣ ਕਾਰਨ, ਕਿੰਤੂ ਜਾਂ ਪਰੰਤੂ ਕਰਨ ਦੀ ਆਗਿਆ ਨਹੀਂ ਹੁੰਦੀ। ਜਦੋਂ ਕੋਈ ਵਿਅਕਤੀ ਪਿਆਰ ਕਰਦਾ ਹੈ ਤਾਂ ਉਨ੍ਹਾਂ ਘੜੀਆਂ ਵਿਚ ਉਹ ਪੂਰਨਭਾਂਤ ਧਾਰਮਿਕ ਹੁੰਦਾ ਹੈ। ਸੱਚੇ ਧਾਰਮਿਕ ਵਿਅਕਤੀ ਵਾਲੇ ਸਾਰੇ ਗੁਣ, ਪ੍ਰੇਮੀ ਵਿਚ ਸਹਿਜੇ ਹੀ ਆ ਜਾਂਦੇ ਹਨ। ਪ੍ਰੇਮੀ ਅਤੇ ਪ੍ਰੇਮਿਕਾ ਇਕ-ਦੂਜੇ ਨਾਲ ਗੱਲਾਂ ਕਰਦੇ-ਕਰਦੇ ਆਪਣੇ-ਆਪ ਨਾਲ ਗੱਲਾਂ ਕਰਨ ਲਗ ਪੈਂਦੇ ਹਨ। ਜਿਵੇਂ ਨਾਨਕ ਵਾਹਿਗੁਰੂ-ਵਾਹਿਗੁਰੂ ਕਰਦੇ-ਕਰਦੇ ਆਪ ਵਾਹਿਗੁਰੂ ਹੋ ਗਏ ਸਨ, ਉਵੇਂ ਹੀ ਰਾਂਝਾ-ਰਾਂਝਾ ਕਰਦਿਆਂ ਹੀਰ ਆਪ ਰਾਂਝਾ ਹੋ ਗਈ ਸੀ। ਇਹ ਇਸ ਕਰ ਕੇ ਸੰਭਵ ਹੁੰਦਾ ਹੈ, ਕਿਉਂਕਿ ਦੂਜੀ ਧਿਰ ਸਾਡੇ ਅੰਦਰ ਵੱਸਣ ਲਗ ਪੈਂਦੀ ਹੈ।

ਜਦੋਂ ਪਿਆਰ ਵਿਚ ਬਹਿਸ ਆਰੰਭ ਹੋ ਜਾਵੇ ਤਾਂ ਮਿਲਾਪ ਵੀ ਸੂਲੀ ਚੜ੍ਹਨ ਵਾਲਾ ਦੁਖਦਾਈ ਅਤੇ ਅਕਾਊ ਕਾਰਜ ਹੋ ਨਿੱਬੜਦਾ ਹੈ

ਪਹਿਲਾਂ ਮਨੁੱਖ ਕੋਲ ਕੇਵਲ ਪਰਿਵਾਰ ਆਧਾਰਿਤ ਸਮੱਸਿਆਵਾਂ ਸਨ, ਜਦੋਂ ਕਿ ਅਜੋਕਾ ਮਨੁੱਖ ਸਾਰੇ ਸੰਸਾਰ ਨਾਲ ਬੱਝਾ ਹੋਇਆ ਹੈ। ਸੰਸਾਰ ਛੋਟਾ ਅਤੇ ਵਧੇਰੇ ਅੰਤਰ-ਸਬੰਧਤ ਹੁੰਦਾ ਜਾ ਰਿਹਾ ਹੈ। ਜ਼ਿੰਦਗੀ ਦੀਆਂ ਸਹੂਲਤਾਂ ਵਾਂਗ ਖਤਰੇ ਅਤੇ ਸਮੱਸਿਆਵਾਂ ਵੀ ਵੱਧ ਗਈਆਂ ਹਨ। ਸਾਡੀਆਂ ਲੋੜਾਂ ਵੀ ਵੱਧ ਗਈਆਂ ਹਨ। ਹੁਣ ਸਾਨੂੰ ਵਧੇਰੇ ਵਿਅਕਤੀਆਂ ਦੇ ਸੰਪਰਕ ਵਿਚ ਆਉਣਾ ਪੈਂਦਾ ਹੈ, ਸਾਨੂੰ ਵਧੇਰੇ ਸੁਚੇਤ ਰਹਿਣਾ ਪੈਂਦਾ ਹੈ, ਸਾਡੇ ਹਿੱਤ ਵਧੇਰੇ ਵਾਰ, ਵਧੇਰੇ ਥਾਂਵਾਂ 'ਤੇ, ਵਧੇਰੇ ਵਿਅਕਤੀਆਂ ਨਾਲ ਟਕਰਾਉਂਦੇ ਹਨ, ਸੋ ਬਹਿਸ ਆਪਣੇ ਹਿਤਾਂ ਦੀ ਰੱਖਿਆ ਕਰਨ ਦਾ ਇਕ ਪੈਂਤੜਾ ਹੋ ਨਿਬੜਦੀ ਹੈ।

ਪਹਿਲਾਂ ਮਨੁੱਖ ਆਪਣਾ ਵਿਰੋਧ ਹਥਿਆਰਾਂ ਨਾਲ ਪ੍ਰਗਟਾਉਂਦਾ ਸੀ, ਫਿਰ ਉਸ ਨੇ ਗਾਲ੍ਹਾਂ ਅਤੇ ਗੁੱਸੇ ਨੂੰ ਵਰਤਿਆ ਅਤੇ ਅੱਜ-ਕੱਲ੍ਹ ਉਹ ਬਹਿਸ ਦੇ ਪੜਾਅ 'ਤੇ ਹੈ।

ਵਿਗਿਆਨ ਨੇ ਮਨੁੱਖ ਨੂੰ ਨਿਖੇੜਨ ਅਤੇ ਵਿਸ਼ਲੇਸ਼ਣ ਦੀ ਵਿਧੀ ਦਿੱਤੀ ਹੈ, ਜਿਸ ਕਾਰਨ ਮਨੁੱਖ ਹਰ ਵਰਤਾਰੇ ਨੂੰ ਪ੍ਰਸ਼ਨ ਦੀ ਦ੍ਰਿਸ਼ਟੀ ਨਾਲ ਵੇਖਦਾ ਹੈ। ਵਿਗਿਆਨ ਨੇ ਹੀ ਸਾਨੂੰ ਨਵੇਂ ਵਾਦ, ਵਿਚਾਰ-ਪ੍ਰਣਾਲੀਆਂ ਅਤੇ ਸਿਧਾਂਤ ਦਿੱਤੇ ਹਨ। ਸਮੇਂ ਦੇ ਬੀਤਣ ਨਾਲ ਵਾਦ ਅਤੇ ਸਿਧਾਂਤ ਵਧੇਰੇ ਸ਼ਕਤੀਸ਼ਾਲੀ ਹੋ ਗਏ ਹਨ, ਜਦੋਂ ਕਿ ਮਨੁੱਖ ਦਿਨੋ-ਦਿਨ ਨਿਤਾਣਾ ਹੁੰਦਾ ਜਾ ਰਿਹਾ ਹੈ। ਸਿਧਾਂਤ, ਜੰਗਾਂ ਅਤੇ ਵਿਰੋਧਾਂ ਨੂੰ ਜਨਮ ਦਿੰਦੇ ਹਨ, ਜਦੋਂ ਕਿ ਹਿੱਤਾਂ ਦਾ ਟਕਰਾਓ ਮੁਕੱਦਮਿਆਂ ਦਾ ਰੂਪ ਧਾਰਦਾ ਜਾ ਰਿਹਾ ਹੈ।

ਬਹਿਸ, ਦਲੀਲ, ਗੱਲਬਾਤ, ਮੁਲਾਕਾਤ, ਵਾਰਤਾਲਾਪ, ਵਿਚਾਰ-ਵਟਾਂਦਰੇ ਆਦਿ ਸਭ ਦਾ ਉਦੇਸ਼ ਸਮਝੌਤਾ, ਸਰਬਸੰਮਤੀ ਅਤੇ ਸਹਿਮਤੀ ਉਸਾਰਨਾ ਹੁੰਦਾ ਹੈ। ਪਰੰਤੂ ਸਾੜੇ ਅਤੇ ਈਰਖਾ ਕਾਰਨ ਇਨ੍ਹਾਂ ਸਾਰੀਆਂ ਵਿਧੀਆਂ ਨੇ ਮਨੁੱਖ ਦੀਆਂ ਸਮੱਸਿਆਵਾਂ ਸੁਲਝਾਉਣ ਦੀ ਥਾਂ ਉਸ ਲਈ ਪ੍ਰੇਸ਼ਾਨੀਆਂ ਉਪਜਾਈਆਂ ਹਨ।

ਸੁਆਰਥ ਅਤੇ ਲਾਲਚ ਚੰਗੇ ਵਰਤਾਰਿਆਂ ਨੂੰ ਵੀ ਤਸੀਹਿਆਂ ਵਿਚ ਬਦਲ ਦਿੰਦੇ ਹਨ। ਉਦਾਹਰਣ ਵਜੋਂ ਅੱਜ ਤਕ ਅਸੀਂ ਵਿਦਿਆ ਦੇ ਗੁਣ ਹੀ ਗਾਉਂਦੇ ਰਹੇ ਹਾਂ ਪਰ ਸੁਆਰਥ ਅਤੇ ਲਾਲਚ ਵੱਸ ਮਨੁੱਖ ਨੇ ਵਿਦਿਆ ਨੂੰ ਬਿਲਕੁਲ ਉਲਟੇ ਉਦੇਸ਼ਾਂ ਲਈ ਵਰਤਿਆ ਹੈ। ਵਿਦਿਆ ਦੀ ਵਰਤੋਂ ਨਜਾਇਜ਼ ਨੂੰ ਜਾਇਜ਼ ਅਤੇ ਗਲਤ ਨੂੰ ਸਹੀ ਸਿੱਧ ਕਰਨ ਲਈ ਕੀਤੀ ਜਾ ਰਹੀ ਹੈ। ਬਹਿਸ ਵਿਚ ਵਿਦਿਆ ਦੀ ਵਰਤੋਂ ਵਿਰੋਧੀਆਂ ਨੂੰ ਗਲਤ ਸਾਬਤ ਕਰਨ ਲਈ ਹੀ ਕੀਤੀ ਜਾਂਦੀ ਹੈ। ਅਕਸਰ ਇਸ ਦੀ ਵਰਤੋਂ, ਝੂਠ ਨੂੰ ਸੱਚ ਸਾਬਤ ਕਰਨ ਲਈ ਅਤੇ ਸੱਚੇ ਵਿਅਕਤੀ ਨੂੰ ਮੂਰਖ ਸਿੱਧ ਕਰਨ ਲਈ ਅਤੇ ਨਫ਼ਰਤ ਦੇ ਨਵੇਂ ਢੰਗ ਸਿਰਜਣ ਲਈ ਕੀਤੀ ਜਾ ਰਹੀ ਹੈ। ਵਿਦਿਆ ਨੇ ਮਨੁੱਖ ਨੂੰ ਸ਼ਕਤੀ ਅਤੇ ਸੋਚ ਦਿੱਤੀ ਹੈ ਪਰ ਮਨੁੱਖ ਨੇ ਕੁਦਰਤ ਦਾ ਜੋ ਹਾਲ ਕੀਤਾ ਹੈ, ਉਹ ਸਾਡੇ ਸਭ ਦੇ ਸਾਮ੍ਹਣੇ ਹੈ।

ਵਿਦਿਆ ਨਾਲ ਝਗੜੇ ਵਧੇ ਹਨ ਕਿ ਘਟੇ ਹਨ ? ਪੜ੍ਹਿਆ-ਲਿਖਿਆ ਵਿਅਕਤੀ ਜਦੋਂ ਕੋਈ ਭੈੜਾ ਕੰਮ ਕਰਦਾ ਹੈ ਤਾਂ ਉਹ ਆਪਣੇ ਪੱਖ ਵਿਚ ਆਪਣੀ ਹੀ ਪ੍ਰਕਾਰ ਦੀ ਸੋਚ ਦਾ ਇਕ ਤਰਕਸੰਗਤ ਸਿਲਸਿਲਾ ਉਸਾਰ ਲੈਂਦਾ ਹੈ।

ਅਜੋਕੇ ਯੁੱਗ ਵਿਚ ਕੀਤੀ ਜਾਣ ਜਾਂ ਹੋਣ ਵਾਲੀ ਈਮਾਨਦਾਰੀ ਅਤੇ ਬੇਈਮਾਨੀ ਦੀ ਹਰ ਬਹਿਸ ਵਿਚ ਅਕਸਰ ਈਮਾਨਦਾਰੀ ਹਾਰਦੀ ਹੈ।

ਅਜੋਕੇ ਯੁੱਗ ਵਿਚ ਬਹਿਸ ਦੀ ਕੇਵਲ ਦੁਰਵਰਤੋਂ ਹੀ ਹੋ ਰਹੀ ਹੈ ਅਤੇ ਬਹਿਸ ਦੀ ਆਦਤ ਇਕ ਰੋਗ ਬਣ ਗਈ ਹੈ।

ਮਨੁੱਖੀ ਰਿਸ਼ਤਿਆਂ ਵਿਚ ਇਸ ਦਾ ਜ਼ਹਿਰ ਘੁਲਣ ਲਗ ਪਿਆ ਹੈ।

ਬਹਿਸ, ਜ਼ਿੰਦਗੀ ਦੇ ਪ੍ਰਵਾਹ ਵਿਚ, ਰਿਸ਼ਤਿਆਂ ਦੀ ਬਣਤਰ ਵਿਚ, ਸੱਚ ਲੱਭਣ ਦੀ ਜੱਦੋ-ਜਹਿਦ ਵਿਚ, ਇਕ ਰੁਕਾਵਟ ਬਣਦੀ ਜਾ ਰਹੀ ਹੈ।

ਬਹਿਸ ਨੂੰ ਹੁਣ ਫ਼ਲਸਫ਼ੇ ਦਾ ਨਾਂ ਦਿੱਤਾ ਜਾ ਰਿਹਾ ਹੈ।

ਬੰਦ ਬੰਦੇ ਹੀ ਬਹਿਸ ਕਰਦੇ ਹਨ ਅਤੇ ਬਹਿਸ ਨਾਲ ਸੰਸਾਰ ਬੰਦ ਹੁੰਦਾ ਜਾਂਦਾ ਹੈ। ਹੰਕਾਰ ਅਤੇ ਹਉਮੈ ਤੋਂ ਬਿਨਾਂ, ਅਗਿਆਨਤਾ ਅਤੇ ਅਵਿਸ਼ਵਾਸ ਤੋਂ ਬਿਨਾਂ, ਬਹਿਸ ਸੰਭਵ ਨਹੀਂ ਹੁੰਦੀ। ਬਹਿਸ ਕਰਨ ਵਾਲੀਆਂ ਧਿਰਾਂ ਵਾਸਤਵ ਵਿਚ ਆਪਣੀਆਂ ਦੁਚਿੱਤੀਆਂ, ਸੰਸਿਆਂ ਅਤੇ ਭੁਲੇਖਿਆਂ ਆਦਿ ਦੀ ਹੀ ਨੁਮਾਇਸ਼ ਲਾਉਂਦੀਆਂ ਹਨ।

ਈਰਖਾ, ਸਾੜਾ, ਨਫ਼ਰਤ ਆਦਿ ਬਹਿਸ ਦੀਆਂ ਆਧਾਰ ਭਾਵਨਾਵਾਂ ਹਨ।

ਹੁਣ ਮਨੁੱਖ ਵਿਚ ਛੁਪੇ ਰਹਿਣ ਦੀ ਚਾਹ ਨਹੀਂ, ਸਗੋਂ ਵੱਧ ਤੋਂ ਵੱਧ ਥਾਵਾਂ 'ਤੇ ਪ੍ਰਗਟ ਹੋਣ ਦੀ ਇੱਛਾ ਹੈ ਅਤੇ ਬਹਿਸ ਆਪਣੇ ਹਾਜ਼ਰ ਹੋਣ ਦਾ ਸਬੂਤ ਦੇਣ ਦਾ ਇਕ ਢੰਗ ਹੈ। ਅਜੋਕੇ ਯੁੱਗ ਵਿਚ ਬਹਿਸ ਦੀ ਪ੍ਰਵਿਰਤੀ ਇਤਨੀ ਵਿਆਪਕ ਹੋ ਗਈ ਹੈ ਕਿ ਜੋ ਵਿਸ਼ਾ ਬਹਿਸ ਦੇ ਯੋਗ ਨਹੀਂ ਰਹਿੰਦਾ, ਉਹ ਮਨੁੱਖੀ ਦਿਲਚਸਪੀ ਦੇ ਯੋਗ ਵੀ ਨਹੀਂ ਰਹਿੰਦਾ।

ਸਾਡੀਆਂ ਕਈ ਸੰਸਥਾਵਾਂ, ਸੰਗਠਨਾਂ, ਪਾਰਟੀਆਂ, ਅਦਾਰਿਆਂ ਅਤੇ ਕਮੇਟੀਆਂ ਦਾ ਕੰਮ ਹੀ ਬਹਿਸ ਕਰਨਾ ਹੈ।

ਹਰੇਕ ਅਜੋਕੇ ਮਨੁੱਖ ਦੀ ਸੋਚ ਵਿਚ ਸਵੈ-ਵਿਰੋਧੀ ਵਿਚਾਰਾਂ, ਸੰਸਿਆਂ ਅਤੇ ਤੌਖਲਿਆਂ ਦਾ ਇਕ ਭਾਰੀ ਜਲੂਸ ਚਲ ਰਿਹਾ ਹੈ।

ਬਹਿਸ ਨਾਲ ਦੂਜੀ ਧਿਰ ਦੀ ਕਹੀ ਗੱਲ ਦੇ ਗਲਤ ਅਰਥ ਕੱਢਣ ਦੀ ਪ੍ਰਵਿਰਤੀ ਤਾਂ ਬਲਵਾਨ ਹੋ ਹੀ ਰਹੀ ਹੈ, ਇਸ ਨਾਲ ਵੱਖਰੇਵੇਂ ਵੱਧ ਰਹੇ ਹਨ, ਵਿੱਥਾਂ ਵੱਧ ਰਹੀਆਂ ਹਨ, ਵਿਰੋਧ ਪੱਕੇ ਅਤੇ ਪੀਡੇ ਹੋ ਰਹੇ ਹਨ ਅਤੇ ਹਥਿਆਰਾਂ ਪ੍ਰਤੀ ਮੋਹ ਵੱਧ ਰਿਹਾ ਹੈ। ਹੁਣ ਆਪਣੇ ਵਿਰੋਧੀ ਨੂੰ ਮਾਰ-ਮੁਕਾਉਣ ਬਾਰੇ ਸੋਚਣਾ ਵਿਸ਼ਵ-ਵਿਆਪਕ ਵਰਤਾਰਾ ਹੋ ਗਿਆ ਹੈ।

ਕਿਸੇ ਭੀੜ ਜਾਂ ਹਥਿਆਰਬੰਦ ਵਿਅਕਤੀ ਜਾਂ ਪੁਲੀਸ ਨਾਲ ਬਹਿਸ ਸੰਭਵ ਨਹੀਂ ਹੁੰਦੀ, ਕਿਉਂਕਿ ਇਹ ਸਾਰੇ ਤਰਕ ਦੀ ਦੁਰਵਰਤੋਂ ਕਰਦੇ ਹਨ। ਇਹ ਜਾਣਨਾ ਬੜਾ ਜ਼ਰੂਰੀ ਹੈ ਕਿ ਸ਼ਾਂਤੀ, ਖੁਸ਼ਹਾਲੀ ਅਤੇ ਸਹਿਮਤੀ ਆਦਿ ਬੰਦੂਕ, ਜ਼ੋਰ ਜਾਂ ਸ਼ਕਤੀ ਨਾਲ ਨਹੀਂ, ਅਸੂਲ, ਸਮਝ ਅਤੇ ਸਿਆਣਪ ਨਾਲ ਹੀ ਆਉਂਦੀ ਹੈ ਅਤੇ ਇਸੇ ਨਾਲ ਹੀ ਆਏਗੀ।

ਅਣਜਾਣੇ, ਅਣਟੁਰੇ ਰਾਹਾਂ ਦੀ ਅੱਖਾਂ ਬੰਨ੍ਹ ਕੇ ਲਾਈ ਦੌੜ, ਕਿਸੇ ਮੰਜ਼ਲ 'ਤੇ ਨਹੀਂ ਪਹੁੰਚਦੀ। ਬਿਨਾਂ ਉਦੇਸ਼ ਦੇ ਬਹਿਸ, ਕੋਈ ਨਿਰਣਾ ਨਹੀਂ ਸਿਰਜਦੀ। ਕੇਵਲ ਬਹਿਸ ਲਈ ਕੀਤੀ ਬਹਿਸ ਜਾਂ ਪਹਿਲੇ ਹੀ ਨਿਰਣਾ ਲੈ ਕੇ ਕੀਤੀ ਬਹਿਸ ਜਾਂ ਪੱਖਪਾਤੀ ਹੋ ਕੇ ਕੀਤੀ

ਬਹਿਸ ਜਾਂ ਵਿਰੋਧੀ ਨੂੰ ਹਰਾਉਣ ਜਾਂ ਨੀਵਾਂ ਵਿਖਾਉਣ ਦੇ ਇਰਾਦੇ ਨਾਲ ਕੀਤੀ ਬਹਿਸ, ਸੰਵਾਰਦੀ ਕੁਝ ਨਹੀਂ ਪਰ ਵਿਗਾੜਦੀ ਸਭ ਕੁਝ ਹੈ।

ਬਹਿਸ ਦੀ ਵਿਧੀ ਮਾਨਵਜਾਤੀ ਦੀ ਇਕ ਮਹਾਨ ਪ੍ਰਾਪਤੀ ਹੈ, ਜਿਸ ਵਿਚ ਤਰਕ-ਵਿਤਰਕ ਉਪਰੰਤ ਸਰਬਸੰਮਤੀ ਨਾਲ ਨਿਰਣਾ ਕੀਤਾ ਜਾਂਦਾ ਹੈ ਪਰ ਅਜਿਹਾ ਹੋ ਨਹੀਂ ਰਿਹਾ, ਇਸੇ ਕਰ ਕੇ ਬਹਿਸ ਬਦਨਾਮ ਹੈ। ਜਿਵੇਂ ਅਸੀਂ ਕੀਰਤਨੀਏ, ਪੁਜਾਰੀ, ਅਰਜ਼ੀ-ਨਵੀਸ ਆਦਿ ਸਿਰਜ ਲਏ ਹਨ ਉਵੇਂ ਹੀ ਬਹਿਸੀਏ ਵੀ ਅਜੋਕੇ ਯੁੱਗ ਦਾ ਇਕ ਵਰਤਾਰਾ ਹਨ। ਅਦਾਲਤਾਂ ਵਿਚ ਅਸੀਂ ਵਕੀਲਾਂ ਨੂੰ ਇਸੇ ਉਦੇਸ਼ ਲਈ ਵਰਤਦੇ ਹਾਂ।

ਇਕ ਵਾਰੀ ਇਕ ਬਹਿਸ ਵਿਚ ਭਾਗ ਲੈਣ ਲਈ ਇਕ ਧਿਰ ਨੇ ਇਕ ਬਹਿਸੀਏ ਨੂੰ ਇਤਲਾਹ ਦਿੱਤੀ ਅਤੇ ਕਿਹਾ ਕਿ ਤਿਆਰੀ ਕਰ ਕੇ ਰੱਖਿਓ, ਤਾਂ ਉਸ ਨੇ ਕਿਹਾ, ਮੈਂ ਹੁਣੇ ਤਿਆਰ ਹਾਂ, ਮੈਂ ਕੀ ਤਿਆਰੀ ਕਰਨੀ ਹੈ, ਮੈਂ ਤਾਂ ਉਨ੍ਹਾਂ ਦਾ ਵਿਰੋਧ ਕਰਨਾ ਹੈ, ਤਿਆਰੀ ਤਾਂ ਉਹ ਕਰਨਗੇ, ਮੈਨੂੰ ਕਿਸੇ ਤਿਆਰੀ ਦੀ ਲੋੜ ਨਹੀਂ।

ਜਿਵੇਂ ਆਲਸ ਜਿਊਂਦੇ ਬੰਦੇ ਨੂੰ ਦਫ਼ਨਾ ਦਿੰਦਾ ਹੈ ਉਵੇਂ ਹੀ ਬਹਿਸ ਸਭ ਪ੍ਰਕਾਰ ਦੇ ਸਬੰਧਾਂ ਅਤੇ ਰਿਸ਼ਤਿਆਂ ਵਿਚ ਵਿਗਾੜ ਪਾਉਂਦੀ ਹੈ। ਇਸ ਦਾ ਇਹ ਅਰਥ ਨਹੀਂ ਕਿ ਬਹਿਸ ਨਾ ਕੀਤੀ ਜਾਵੇ, ਸਗੋਂ ਇਹ ਹੈ ਕਿ ਬਹਿਸ ਸਹਿਮਤੀ ਦੀ ਭਾਵਨਾ ਅਤੇ ਮਿਲਵਰਤਣ ਦੇ ਉਦੇਸ਼ ਨਾਲ ਕੀਤੀ ਜਾਵੇ ਪਰ ਵਾਸਤਵ ਵਿਚ ਹੁੰਦਾ ਇਹ ਹੈ ਕਿ ਆਪਣਾ ਤਰਕ ਪੇਸ਼ ਕਰਨ ਦੀ ਕਾਹਲ ਵਿਚ ਅਸੀਂ ਦੂਜੀ ਧਿਰ ਨੂੰ ਸੁਣਦੇ ਹੀ ਨਹੀਂ।

ਕਾਨੂੰਨ, ਥਾਣੇ, ਅਦਾਲਤਾਂ, ਜੇਲ੍ਹਾਂ ਆਦਿ ਮਨੁੱਖ ਦੀ ਜਹਾਲਤ ਅਤੇ ਮੂਰਖਤਾ ਵਿਚੋਂ ਉਪਜੀਆਂ ਸੰਸਥਾਵਾਂ ਹਨ। ਸਹੀ ਅਰਥਾਂ ਵਿਚ ਸਮਾਜ ਉਦੋਂ ਉੱਨਤੀ ਕਰੇਗਾ ਜਦੋਂ ਸਾਡੀਆਂ ਅਦਾਲਤਾਂ, ਥਾਣਿਆਂ ਅਤੇ ਜੇਲ੍ਹਾਂ ਨਾਲੋਂ ਸਾਡੀਆਂ ਲਾਇਬਰੇਰੀਆਂ ਵੱਡੀਆਂ ਅਤੇ ਵਧੇਰੇ ਹੋਣਗੀਆਂ, ਜਿੱਥੇ ਹਿਮਾਲਾ ਦੀਆਂ ਸਿਖਰਾਂ ਜਿਹੇ ਮੱਥੇ, ਹਵਾਵਾਂ ਜਿਹੇ ਸੂਖਮ ਵਿਚਾਰ, ਲੰਮੀ ਬੌਧਿਕ ਉਡਾਣ, ਸਮੁੰਦਰਾਂ ਜਿਹੇ ਵਿਸ਼ਾਲ ਹਿਰਦੇ ਅਤੇ ਸੂਰਜ ਜਿਹੀ ਉਦਾਰ ਤੱਕਣੀ ਵਾਲੇ ਮਨੁੱਖ ਉਸਰਨਗੇ।

ਧਰਮ ਵਿਚ ਬਹਿਸ ਦਾ ਕੋਈ ਸਥਾਨ ਨਹੀਂ, ਇਸੇ ਕਰ ਕੇ ਧਰਮਾਂ ਨੂੰ ਉਸਾਰਨ ਦਾ ਕੰਮ ਪੈਗੰਬਰਾਂ ਦੇ ਜ਼ਿੰਮੇ ਲੱਗਾ ਹੈ, ਬਾਦਸ਼ਾਹਾਂ ਜਾਂ ਜਰਨੈਲਾਂ ਦੇ ਨਹੀਂ।

ਧਰਮ ਨੂੰ ਫੈਲਾਉਣ ਦਾ ਕੰਮ ਇਸਤਰੀਆਂ ਨੇ ਕੀਤਾ ਹੈ, ਜਦੋਂ ਕਿ ਪੁਰਸ਼ਾਂ ਨੇ ਧਾਰਮਿਕ ਨਫ਼ਰਤਾਂ ਹੀ ਫੈਲਾਈਆਂ ਹਨ। ਪੁਰਸ਼ ਕੰਮ-ਧੰਦੇ ਸਿਰਜਦੇ ਹਨ, ਇਸਤਰੀ ਸਭਿਆਚਾਰ ਨੂੰ ਉਸਾਰਦੀ ਹੈ।

ਪੈਗੰਬਰ ਮਾਨਵਜਾਤੀ ਦਾ ਸਾਂਝਾ ਸਰਮਾਇਆ ਹੁੰਦੇ ਹਨ।

ਪੈਗੰਬਰਾਂ ਨਾਲ ਬਹਿਸਿਆ ਨਹੀਂ ਜਾ ਸਕਦਾ, ਉਨ੍ਹਾਂ ਦੀ ਸ਼ਰਨ ਵਿਚ ਆ ਜਾਣ ਨਾਲ ਸਭ ਪ੍ਰਸ਼ਨ ਪਿੱਛੇ ਰਹਿ ਜਾਂਦੇ ਹਨ। ਸਿਆਣਪ ਵਿਰੁਧ ਨਾ ਕੋਈ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ ਨਾ ਹੀ ਇਸ ਨਾਲ ਕੋਈ ਬਹਿਸ ਸੰਭਵ ਹੁੰਦੀ ਹੈ। ਸਿਆਣਪ ਉਸ ਅਵਸਥਾ ਨੂੰ ਕਹਿੰਦੇ ਹਨ, ਜਿਸ ਵਿਚ ਸਭ ਪ੍ਰਸ਼ਨ ਅਤੇ ਸਾਰੀਆਂ ਬਹਿਸਾਂ ਸ਼ਾਂਤ ਹੋ ਜਾਂਦੀਆਂ ਹਨ।

ਪ੍ਰਸ਼ਨ, ਅਕਸਰ ਅਗਿਆਨਤਾ ਵਿਚੋਂ ਹੀ ਉਪਜਦੇ ਹਨ।

ਜੋ ਜਾਣਦਾ ਹੈ, ਉਹ ਕੋਈ ਪ੍ਰਸ਼ਨ ਨਹੀਂ ਪੁੱਛੇਗਾ।

ਹਰ ਸੰਤ ਦੁਆਲੇ ਪਾਪੀਆਂ ਦੀ ਭੀੜ ਜ਼ਰੂਰੀ ਹੈ। ਜਿਉਂ-ਜਿਉਂ ਸ਼ਰਧਾਲੂਆਂ ਦੀ ਗਿਣਤੀ ਫੈਲਦੀ ਜਾਂਦੀ ਹੈ, ਤਿਉਂ-ਤਿਉਂ ਸੰਤ ਸੁੰਗੜਦਾ ਜਾਂਦਾ ਹੈ। ਇਕ ਵਾਰੀ ਇਕ ਸੰਤ ਦੇ ਦੁਆਲੇ ਜਦੋਂ ਭੀੜ ਜੁੜ ਗਈ ਤਾਂ ਉਸ ਨੇ ਕਿਹਾ: ਹੁਣ ਤਕ ਮੈਂ ਪ੍ਰਮਾਤਮਾ ਨਾਲ ਸਾਂ, ਤੁਸੀਂ ਆ ਕੇ ਮੈਨੂੰ ਇਕੱਲਿਆਂ ਕਰ ਦਿੱਤਾ ਹੈ।

ਬਹਿਸ ਮਨੁੱਖ ਨੂੰ ਇਕੱਲਿਆਂ ਕਰ ਕੇ ਉਸ ਨੂੰ ਨਿਤਾਣਾ ਕਰ ਦਿੰਦੀ ਹੈ। ਅਜੋਕੇ ਯੁੱਗ ਵਿਚ ਮਨੁੱਖ ਉਦੋਂ ਸਾਊ ਪ੍ਰਤੀਤ ਹੁੰਦਾ ਹੈ ਜਦੋਂ ਉਹ ਆਪਣੀਆਂ ਸਾਰੀਆਂ ਚਾਲਾਂ ਚਲ ਚੁੱਕਿਆ ਹੁੰਦਾ ਹੈ ਅਤੇ ਆਪਣੇ ਸਾਰੇ ਤਰਕ-ਵਿਤਰਕ ਵਰਤ ਚੁੱਕਿਆ ਹੁੰਦਾ ਹੈ।

ਨੁਕਸ ਕੱਢਣ ਦੀ ਆਦਤ ਅਭਿਮਾਨ ਵਿਚੋਂ ਉਪਜਦੀ ਹੈ।

ਦੂਜਿਆਂ ਨੂੰ ਸਵੀਕਾਰ ਕਰਨਾ ਨਿਮਰਤਾ ਦਾ ਪ੍ਰਗਟਾਵਾ ਹੁੰਦਾ ਹੈ। ਆਪਣੇ ਗੁਆਂਢੀ ਨਾਲ ਚੰਗੇ ਵਿਹਾਰ ਅਤੇ ਸੁਖਾਵੇਂ ਸਬੰਧਾਂ ਤੋਂ ਬਿਨਾਂ ਅਸੀਂ ਸੁਖੀ ਨਹੀਂ ਹੋ ਸਕਦੇ।

ਜਿਹੜੇ ਦਰਖਤ ਹਨੇਰੀ ਨਾਲ ਸਹਿਮਤ ਹੋ ਕੇ ਝੂਲਦੇ ਹਨ, ਉਹ ਬਚੇ ਰਹਿੰਦੇ ਹਨ। ਉਖੜਦੇ ਉਹੀ ਹਨ, ਜਿਹੜੇ ਹਨੇਰੀ ਨਾਲ ਬਹਿਸਦੇ ਹਨ।

ਹਰ ਕਿਸੇ ਕੋਲ ਬੋਲਣ-ਬਹਿਸਣ ਲਈ ਵਕਤ ਹੈ ਪਰ ਚੁੱਪ ਰਹਿਣ ਲਈ ਕੋਈ ਸਮਾਂ ਨਹੀਂ ਹੈ। ਅਸੀਂ ਇਸ ਕਰ ਕੇ ਬੋਲੀ ਜਾਂਦੇ ਹਾਂ ਤਾਂ ਜੁ ਸੋਚਣ ਤੋਂ ਬਚੇ ਰਹੀਏ। ਆਪਣੇ ਵਿਰੋਧੀ ਨਾਲ ਬਹਿਸਣ ਵਾਲੇ ਮੂਰਖ ਅਤੇ ਡਰਪੋਕ ਤਾਂ ਤੁਹਾਨੂੰ ਕਈ ਮਿਲ ਜਾਣਗੇ ਪਰ ਉਸ ਨਾਲ ਸਹਿਮਤ ਹੋਣ ਵਾਲੇ ਸਿਆਣੇ ਅਤੇ ਬਹਾਦਰ ਵਿਰਲੇ ਹੀ ਮਿਲਣਗੇ।

ਬਹਿਸ ਅਕਸਰ ਘਿਰਣਾ ਦੀ ਭਾਵਨਾ ਤੋਂ ਪ੍ਰੇਰਿਤ ਹੁੰਦੀ ਹੈ। ਘਿਰਣਾ ਉਹ ਜੰਗ ਹੈ, ਜਿਸ ਵਿਚ ਮੌਤ ਦੇ ਸ਼ੈਤਾਨੀ ਧਮਾਕੇ ਗੂੰਜਦੇ ਹਨ।

ਜੇ ਘਿਰਣਾ ਜਾਂ ਵਿਰੋਧਤਾ ਹੀ ਨਹੀਂ ਤਾਂ ਬਹਿਸ ਕਿਵੇਂ ਸੰਭਵ ਹੋਵੇਗੀ ?

ਬਹਿਸ, ਬੰਨ੍ਹੀ ਹੋਈ ਬੇੜੀ ਅਤੇ ਸਹਿਮਤੀ, ਚਲਦੀ ਬੇੜੀ ਦੇ ਪ੍ਰਤੀਕ ਹਨ।

ਵੇਖਿਆ ਗਿਆ ਹੈ ਕਿ ਸੱਚ ਨੇ ਅਜੇ ਤਸਮੇਂ ਵੀ ਨਹੀਂ ਬੰਨ੍ਹੇ ਹੁੰਦੇ ਕਿ ਬਹਿਸ ਦਾ ਝੂਠ ਸਾਰੇ ਸੰਸਾਰ ਦਾ ਚੱਕਰ ਲਾ ਕੇ ਮੁੜ ਵੀ ਆਉਂਦਾ ਹੈ। ਦਲੇਰੀ ਸਹਿਮਤ ਹੋਣ ਲਈ ਚਾਹੀਦੀ ਹੈ, ਬਹਿਸ ਕਰਨ ਲਈ ਨਹੀਂ। ਜੰਗ ਤਾਂ ਕੋਈ ਵੀ ਆਰੰਭ ਕਰ ਸਕਦਾ ਹੈ। ਔਖਾ ਕੰਮ ਤਾਂ ਬਹਿਸ ਜਾਂ ਜੰਗ ਵਿਚੋਂ ਕੋਈ ਉਸਾਰੂ ਨਤੀਜਾ ਉਪਜਾਉਣਾ ਹੁੰਦਾ ਹੈ।

ਕਿਸੇ ਮੁੱਲਵਾਨ, ਲਾਭਦਾਇਕ ਜਾਂ ਮਹੱਤਵਪੂਰਨ ਵਸਤ ਜਾਂ ਵਰਤਾਰੇ ਸਬੰਧੀ ਬਹਿਸ ਸੰਭਵ ਨਹੀਂ ਹੁੰਦੀ। ਬਹਿਸ ਸਦਾ ਨਿਗੁਣੀਆਂ ਵਸਤਾਂ ਅਤੇ ਨਿਰਰਥਕ ਵਰਤਾਰਿਆਂ ਸਬੰਧੀ ਹੀ ਹੁੰਦੀ ਹੈ। ਕਈਆਂ ਦੀ ਯੋਗਤਾ ਵਿਰੋਧਤਾ ਵਿਚ ਹੀ ਚਮਕਦੀ ਹੈ।

ਮੇਰੇ ਇਕ ਮਿੱਤਰ ਹਨ, ਉਹ ਜਿਸ ਦੇ ਪੱਖ ਵਿਚ ਬਹਿਸਦੇ ਹਨ, ਉਹ ਥੱਕ ਜਾਂਦਾ ਹੈ ਪਰ ਉਹ ਅੜੇ ਰਹਿੰਦੇ ਹਨ। ਇਕ ਵਾਰੀ ਉਨ੍ਹਾਂ ਨੇ ਮੈਨੂੰ ਦੱਸਿਆ: ਅਗਲੇ ਹਫਤੇ ਕੋਈ ਝਗੜਾ ਨਹੀਂ ਹੋ ਸਕਦਾ, ਕਿਉਂਕਿ ਮੈਂ ਬਾਹਰ ਜਾ ਰਿਹਾ ਹਾਂ।

ਅਸੀਂ ਪਿਆਰ ਨਾਲ ਉਨ੍ਹਾਂ ਨੂੰ ਝਗੜਾ ਸਿੰਘ ਸਿਧਾਂਤੀ ਕਹਿੰਦੇ ਹਾਂ।

ਸਾਰੇ ਸੰਸਾਰ ਦੀ ਇਕ ਹੀ ਸਮੱਸਿਆ ਹੈ, ਉਸ ਦਾ ਨਾਂ ਮਨੁੱਖ ਹੈ। ਜਦੋਂ ਮਨੁੱਖ ਦਾ ਇਖਲਾਕੀ ਪੱਖ ਕਮਜ਼ੋਰ ਹੋ ਜਾਂਦਾ ਹੈ ਤਾਂ ਉਸ ਦੀ ਭਾਸ਼ਾ ਕੌੜੀ ਅਤੇ ਸਖਤ ਹੋ ਜਾਂਦੀ ਹੈ। ਕੋਈ ਵੀ ਵਿਅਕਤੀ ਆਪਣੀਆਂ ਘਾਟਾਂ ਦਾ ਜ਼ਿਕਰ ਨਹੀਂ ਸੁਣ ਸਕਦਾ। ਜਦੋਂ ਬਹਿਸ ਹੁੰਦੀ ਹੈ ਤਾਂ ਹਰ ਧਿਰ ਆਪਣੇ ਪੱਖ ਵਿਚ ਦਲੀਲ ਉਸਾਰ ਲੈਂਦੀ ਹੈ।

ਦਲੀਲ, ਦਲੀਲ ਹੁੰਦੀ ਹੈ, ਜ਼ਰੂਰੀ ਨਹੀਂ ਕਿ ਇਹ ਸੱਚ ਵੀ ਹੋਵੇ।

ਇਕ ਵਾਰੀ ਦੋ ਵਿਅਕਤੀ ਇਹ ਬਹਿਸ ਕਰ ਰਹੇ ਸਨ ਕਿ ਘਰਾਟ ਨਾਲ ਦਰਿਆ ਚਲਦਾ ਹੈ ਜਾਂ ਦਰਿਆ ਨਾਲ ਘਰਾਟ ਚਲਦਾ ਹੈ। ਇਕ ਆਮ ਵਿਅਕਤੀ ਕਹੇਗਾ : ਮੈਂ ਸਮੁੰਦਰ ਨੂੰ ਵੇਖਿਆ ਪਰ ਦਲੀਲਬਾਜ਼ ਸਿੱਧ ਕਰੇਗਾ ਕਿ ਸਮੁੰਦਰ ਨੇ ਮੈਨੂੰ ਵੇਖਿਆ।

ਬਹਿਸ ਕਰਨ ਵਾਲੇ, ਪਠਾਣਾਂ ਵਾਂਗ, ਹਰ ਵੇਲੇ ਖਹਿਬੜਦੇ ਹੀ ਰਹਿੰਦੇ ਹਨ।

ਮੇਰੀ ਧਾਰਨਾ ਹੈ ਕਿ ਪੰਜਾਬੀ ਬੋਲੀ ਕੋਲ ਬਹਿਸ ਵਾਲੀ ਸ਼ਬਦਾਵਲੀ ਨਹੀਂ ਹੈ। ਸਾਡੇ ਕੋਲ ਸ਼ਰਧਾਤਮਿਕ ਸ਼ਬਦਾਵਲੀ ਹੈ, ਲੜਨ-ਭਿੜਨ ਵਾਲੀ ਸ਼ਬਦਾਵਲੀ ਹੈ ਪਰ ਬਹਿਸ ਵਾਲੀ ਤਰਕ-ਵਿਤਰਕ ਵਾਲੀ ਸ਼ਬਦਾਵਲੀ ਨਹੀਂ ਹੈ। ਸਾਡੀਆਂ ਸਾਰੀਆਂ ਭਾਰਤੀ ਭਾਸ਼ਾਵਾਂ ਦੀ ਅਜਿਹੀ ਹੀ ਸਥਿਤੀ ਹੈ।

ਸਾਡੇ ਯੁੱਗ ਵਿਚ ਕਿਸੇ ਵੀ ਖੇਤਰ ਵਿਚ ਦੋ ਵਿਅਕਤੀਆਂ ਦਾ ਰਲ ਕੇ ਰਹਿਣਾ ਜਾਂ ਸਹਿਮਤ ਹੋਣਾ ਸੰਭਵ ਨਹੀਂ ਰਿਹਾ। ਹੁਣ ਤਾਂ ਇਹ ਵੀ ਕਿਹਾ ਜਾਂਦਾ ਹੈ ਕਿ ਜੇ ਕਿਸੇ ਥਾਂ ਦੋ ਵਿਅਕਤੀ ਇਕੋ ਤਰ੍ਹਾਂ ਨਾਲ ਸੋਚਦੇ ਹਨ ਤਾਂ ਇਸ ਦਾ ਅਰਥ ਇਹ ਹੈ ਕਿ ਇਕ ਫਾਲਤੂ ਹੈ।

ਜਿਹੜੀਆਂ ਇਸਤਰੀਆਂ ਪੁਰਸ਼-ਖੇਤਰਾਂ ਵਿਚ ਪ੍ਰਵੇਸ਼ ਕਰ ਰਹੀਆਂ ਹਨ, ਉਨ੍ਹਾਂ ਵਿਚ ਵੀ ਬਹਿਸਣ ਦੀ ਆਦਤ ਬਲਵਾਨ ਹੋ ਰਹੀ ਹੈ।

ਜੇ ਬਹਿਸ ਦਾ ਆਧਾਰ ਤਰਕ ਹੋਵੇ ਤਾਂ ਗੱਲ ਨਿੱਬੜ ਜਾਂਦੀ ਹੈ ਪਰ ਬਹਿਸ ਦੇ ਆਧਾਰ ਅਕਸਰ ਗਿਲੇ-ਸ਼ਿਕਵੇ ਅਤੇ ਪੱਖਪਾਤ ਹੁੰਦੇ ਹਨ, ਜਿਹੜੇ ਕਿਸੇ ਤਰਕ ਨੂੰ ਨਹੀਂ ਮੰਨਦੇ ਅਤੇ ਬਹਿਸ ਨਿਰੰਤਰ ਜਾਰੀ ਰਹਿੰਦੀ ਹੈ।

ਫੌਜ ਜਦੋਂ ਕੋਈ ਫੈਸਲਾ ਕਰ ਲੈਂਦੀ ਹੈ ਤਾਂ ਉਹ ਬਹਿਸ ਜਾਂ ਪ੍ਰਸ਼ਨਾਂ ਜਾਂ ਸੰਸਿਆਂ ਜਾਂ ਤੌਖਲਿਆਂ ਤੋਂ ਮੁਕਤ ਹੋ ਜਾਂਦੀ ਹੈ। ਉਸ ਦਾ ਸਾਰਾ ਬਲ ਉਸ ਫੈਸਲੇ ਨੂੰ ਅਮਲ ਵਿਚ ਲਿਆਉਣ ਉਤੇ ਲਗਦਾ ਹੈ।

ਫੈਸਲੇ ਉਪਰੰਤ ਸਾਰੀ ਫੌਜ ਪੂਰਨ ਪਰਸਪਰ ਸਹਿਮਤੀ ਨਾਲ ਜੂਝਦੀ ਹੈ।

ਸਹਿਮਤੀ, ਸਵੈ-ਵਿਸ਼ਵਾਸ, ਸ਼ਕਤੀ ਅਤੇ ਸਹਿਣਸ਼ੀਲਤਾ ਰਲ ਕੇ ਸੁੰਦਰਤਾ ਅਤੇ ਸੁਹਜ ਸਿਰਜਦੇ ਹਨ। ਸੁੰਦਰ ਚਿਹਰੇ ਦੀ, ਰੋਸ਼ਨ ਦਿਮਾਗ ਦੀ, ਬਹਿਸ ਲਾਜਵਾਬ ਹੁੰਦੀ ਹੈ।

ਕਿਸੇ ਨੂੰ ਉਪਦੇਸ਼ ਦੇਣ ਤੋਂ ਪਹਿਲਾਂ ਜ਼ਿੰਦਗੀ ਵਿਚ ਵੱਡੇ ਘਾਟੇ ਬਰਦਾਸ਼ਤ ਕੀਤੇ ਹੋਣੇ ਚਾਹੀਦੇ ਹਨ। ਸ਼ਾਂਤੀ ਅਤੇ ਤਸੱਲੀ ਜ਼ੋਰ ਨਾਲ ਨਹੀਂ, ਧੀਰਜ ਨਾਲ ਮਿਲਦੀ ਹੈ।

ਜਦੋਂ ਤੁਸੀਂ ਸਹਿਮਤ ਹੋਵੋਗੇ ਤਾਂ ਤੁਹਾਨੂੰ ਆਪਣੇ ਹਲਕੇ-ਫੁਲਕੇ ਹੋਣ ਦਾ ਅਹਿਸਾਸ ਹੋਵੇਗਾ ਜਦੋਂ ਕਿ ਬਹਿਸ ਕਰਦਿਆਂ, ਦੋਸ਼ ਥੱਪਦਿਆਂ, ਤੋਹਮਤਾਂ ਲਾਉਂਦਿਆਂ, ਸਭ ਕੁਝ

ਭਾਰਾ ਅਤੇ ਬੋਝਲ ਲਗੇਗਾ। ਵੇਖਿਆ ਗਿਆ ਹੈ ਕਿ ਜਿਨ੍ਹਾਂ ਤੋਂ ਅਸੀਂ ਡਰਦੇ ਹਾਂ ਉਨ੍ਹਾਂ ਨਾਲ ਅਸੀਂ ਬਹਿਸ ਘੱਟ ਕਰਦੇ ਹਾਂ ਕਿਉਂਕਿ ਜਿਨ੍ਹਾਂ ਤੋਂ ਅਸੀਂ ਡਰਦੇ ਹਾਂ ਉਹ ਆਪਣੇ ਅਸਲੀ ਆਕਾਰ ਤੋਂ ਵੱਡੇ ਪ੍ਰਤੀਤ ਹੁੰਦੇ ਹਨ। ਪਿੰਜਰੇ ਦੇ ਸ਼ੇਰ ਨਾਲੋਂ ਜੰਗਲ ਵਿਚ ਘੁੰਮਦਾ ਸ਼ੇਰ ਵੱਡਾ ਪ੍ਰਤੀਤ ਹੁੰਦਾ ਹੈ। ਅਸੀਂ ਪਿੰਜਰੇ ਦੇ ਸ਼ੇਰ ਤੋਂ ਨਹੀਂ ਡਰਦੇ ਕਿਉਂਕਿ ਸਾਨੂੰ ਉਸ ਤੋਂ ਕੋਈ ਖਤਰਾ ਨਹੀਂ ਹੁੰਦਾ। ਇਵੇਂ ਹੀ ਸੇਵਾ-ਮੁਕਤ ਵਿਅਕਤੀ, ਪਦਵੀ ਉਤੇ ਲੱਗੇ ਵਿਅਕਤੀ ਨਾਲੋਂ ਸੁੰਗੜਿਆ ਪ੍ਰਤੀਤ ਹੁੰਦਾ ਹੈ। ਆਪਣੇ ਤੋਂ ਨੀਵਿਆਂ ਨਾਲ ਵੀ ਅਸੀਂ ਬਹਿਸ ਨਹੀਂ ਕਰਦੇ।

ਬਹਿਸਦੇ ਅਸੀਂ ਉਥੇ ਅਤੇ ਉਨ੍ਹਾਂ ਨਾਲ ਹੀ ਹਾਂ ਜਿੱਥੇ ਸਾਡੇ ਹਿੱਤ ਭਿੜਦੇ ਹਨ।

ਜਿਹੜੇ ਸਾਡਾ ਨੁਕਸਾਨ ਕਰ ਸਕਦੇ ਹੋਣ, ਉਨ੍ਹਾਂ ਨਾਲ ਅਸੀਂ ਨਹੀਂ ਬਹਿਸਦੇ।

ਜਦੋਂ ਦਰਦ ਅਸਹਿ ਹੋ ਜਾਵੇ ਤਾਂ ਮਨੁੱਖ ਬੇਹੋਸ਼ ਹੋ ਜਾਂਦਾ ਹੈ। ਇਵੇਂ ਹੀ ਜਦੋਂ ਬਹਿਸ ਅਸਹਿ ਹੋ ਜਾਵੇ ਤਾਂ ਸਾਡੇ ਉਤੇ ਉਦਾਸੀ ਅਤੇ ਨਿਰਾਸਤਾ ਪਸਰ ਜਾਂਦੀ ਹੈ ਅਤੇ ਅੰਦਰ ਵਿਰੋਧ, ਸਾੜੇ ਅਤੇ ਬਦਲੇ ਦੀ ਭਾਵਨਾ ਧੁਖਦੀ ਰਹਿੰਦੀ ਹੈ। ਜਿਸ ਨੂੰ ਬਹਿਸ ਦਾ ਰੋਗ ਲਗ ਜਾਵੇ, ਉਹ ਆਪਣੇ ਘਰ ਦੇ ਜੀਆਂ ਨਾਲ ਹੀ ਮੋਰਚਾ ਲਾ ਲੈਂਦਾ ਹੈ।

ਮੁਸੀਬਤ ਉਦੋਂ ਦੁੱਖ ਬਣ ਜਾਂਦੀ ਹੈ, ਜਦੋਂ ਅਸੀਂ ਉਸ ਵਿਚੋਂ ਕੁਝ ਸਿਖਦੇ ਨਹੀਂ।

ਕਈ ਕਹਿੰਦੇ ਹਨ ਕਿ ਜੀਵਨ ਇਕ ਬੁਝਾਰਤ ਹੈ ਅਤੇ ਬਹਿਸ ਉਸ ਨੂੰ ਸਮਝਣ ਦਾ ਇਕ ਉਪਰਾਲਾ ਹੁੰਦੀ ਹੈ ਪਰ ਵਿਚਾਰਾਂ ਦੀ ਪੰਡ ਚੁੱਕਣ ਨਾਲ ਅਸੀਂ ਚਲਾਕ ਤਾਂ ਹੋ ਜਾਂਦੇ ਹਾਂ, ਸਿਆਣੇ ਨਹੀਂ ਹੁੰਦੇ।

ਕਹਿੰਦੇ ਹਨ ਜੇ ਤੁਸੀਂ ਬਹਿਸੋਗੇ ਨਹੀਂ ਤਾਂ ਲੋਕ ਤੁਹਾਨੂੰ ਭੁੱਲ ਜਾਣਗੇ। ਮੀਟਿੰਗਾਂ, ਸੈਮੀਨਾਰਾਂ ਆਦਿ ਵਿਚ ਕਈ ਕੇਵਲ ਇਸ ਲਈ ਬਹਿਸਦੇ ਹਨ ਤਾਂ ਕਿ ਉਹ ਲੋਕਾਂ ਦੇ ਧਿਆਨ ਵਿਚ ਰਹਿਣ। ਇਹ ਵੀ ਕਬਜ਼ੇ ਦੀ ਇਕ ਭਾਵਨਾ ਹੀ ਹੈ ਜਿਹੜੀ ਸੁਆਰਥ ਅਤੇ ਲਾਲਚ ਤੋਂ ਪ੍ਰੇਰਿਤ ਹੁੰਦੀ ਹੈ।

ਜਿੱਥੇ ਕਿਧਰੇ ਵੀ ਕਬਜ਼ੇ ਦੀ ਭਾਵਨਾ ਹੋਵੇਗੀ ਉਥੇ ਬਹਿਸ, ਹਿੰਸਾ, ਮਾਰ-ਧਾੜ, ਲੜਾਈ ਅਤੇ ਮੁੱਕਦਮੇ ਵੀ ਹੋਣਗੇ। ਕਬਜ਼ੇ ਦੀ ਭਾਵਨਾ ਜੀਵਨ ਪ੍ਰਤੀ ਸਾਡੇ ਸਮੁੱਚੇ ਦ੍ਰਿਸ਼ਟੀਕੋਣ ਨੂੰ ਵਿਗਾੜ ਦਿੰਦੀ ਹੈ।

ਇਕ ਵਾਰੀ ਰਸਤਾ ਭੁੱਲ ਗਏ ਇਕ ਕਾਰ ਵਾਲੇ ਨੇ ਰਸਤੇ 'ਤੇ ਇਕ ਆਜੜੀ ਤੋਂ ਪੁੱਛਿਆ: ਇਸ ਰਸਤੇ 'ਤੇ ਦਿੱਲੀ ਆਵੇਗੀ ? ਉਤਰ ਮਿਲਿਆ: ਪਤਾ ਨਹੀਂ। ਕਾਰ ਵਾਲੇ ਨੇ ਕਿਹਾ: ਤੂੰ ਤਾਂ ਮੂਰਖ ਹੈਂ, ਤੈਨੂੰ ਕੁਝ ਵੀ ਨਹੀਂ ਪਤਾ। ਆਜੜੀ ਨੇ ਕਿਹਾ: ਪਰ ਮੈਂ ਰਸਤਾ ਨਹੀਂ ਭੁੱਲਿਆ ਹੋਇਆ।

ਜਿਹੜੇ ਸਹੀ ਰਸਤੇ 'ਤੇ ਹੁੰਦੇ ਹਨ, ਉਨ੍ਹਾਂ ਨੂੰ ਕਿਸਾਨਾਂ, ਆਜੜੀਆਂ ਜਾਂ ਕਾਰੀਗਰਾਂ ਵਾਂਗ, ਬਹੁਤਾ ਕੁਝ ਜਾਣਨ ਜਾਂ ਬਹਿਸਣ ਦੀ ਲੋੜ ਨਹੀਂ ਹੁੰਦੀ।

ਬਹਿਸਣ ਦਾ ਬਹੁਤਾ ਕੰਮ ਅਕਸਰ ਤਨਖਾਹ ਦੇ ਸ਼ਰਧਾਲੂ ਜਾਂ ਵਿਹਲੇ ਰਾਜਸੀ ਆਗੂ ਜਾਂ ਯੂਨੀਅਨਾਂ ਦੇ ਲੀਡਰ ਹੀ ਕਰਦੇ ਹਨ।

ਸੰਸਾਰ ਵਿਚ ਕੋਈ ਵੀ ਵਿਅਕਤੀ ਅਜਿਹਾ ਨਹੀਂ, ਜਿਸ ਨੇ ਆਪਣੇ ਜੀਵਨ ਵਿਚ ਪ੍ਰਾਪਤ ਕੀਤੇ ਸਾਰੇ ਗਿਆਨ ਨੂੰ ਵਰਤਿਆ ਹੋਵੇ।

ਬਹਿਸ ਕਰਨ ਵਾਲੇ ਲੋਕ ਅਕਸਰ ਗੰਭੀਰ ਹੋ ਕੇ ਆਪਣੇ ਸਿਆਣੇ ਅਤੇ ਵਿਸ਼ੇਸ਼ ਹੋਣ ਦਾ ਭਰਮ ਸਿਰਜਦੇ ਹਨ। ਗੰਭੀਰਤਾ ਅਜੋਕੇ ਯੁੱਗ ਦਾ ਇਕ ਰੋਗ ਹੈ। ਸਾਡੇ ਧਰਮ ਵੀ ਇਸ ਰੋਗ ਤੋਂ ਪੀੜਤ ਹਨ। ਕੋਈ ਧਰਮ ਸਾਨੂੰ ਹੱਸਣ ਦੀ ਆਗਿਆ ਨਹੀਂ ਦਿੰਦਾ।

ਬਹਿਸ ਕਰਨ ਵਾਲੇ ਗੰਭੀਰਤਾ ਉਤੇ ਜ਼ੋਰ ਦਿੰਦੇ ਹਨ, ਜਦੋਂ ਕਿ ਗੱਲਾਂ ਉਹ ਸਾਰੀਆਂ ਹਾਸੋ-ਹੀਣੀਆਂ ਕਰਦੇ ਹਨ।

ਜੇ ਗੰਭੀਰ ਵਿਅਕਤੀ ਹੱਸਣ ਲਗ ਪਵੇ ਤਾਂ ਉਸ ਦੇ ਵਿਸ਼ੇਸ਼ ਹੋਣ ਦਾ ਭਰਮ ਟੁੱਟ ਜਾਂਦਾ ਹੈ ਅਤੇ ਉਹ ਇਕ ਸਾਧਾਰਨ ਵਿਅਕਤੀ ਪ੍ਰਤੀਤ ਹੋਣ ਲਗ ਪੈਂਦਾ ਹੈ।

ਸਾਧਾਰਨ ਵਿਅਕਤੀ ਬਹਿਸ ਨਹੀਂ ਕਰਦੇ।

ਤੁਹਾਡੇ ਜਾਂ ਮੇਰੇ ਚਾਹੁਣ ਨਾਲ ਕੋਈ ਬਹਿਸ ਮੁੱਕਣ ਨਹੀਂ ਲੱਗੀ ਪਰ ਬਹਿਸ ਪ੍ਰਤੀ ਅਸੀਂ ਆਪਣਾ ਦ੍ਰਿਸ਼ਟੀਕੋਣ ਉਸਾਰੂ ਬਣਾ ਕੇ ਇਸ ਨੂੰ ਸ਼ਕਤੀ ਅਤੇ ਸਹਿਮਤੀ ਦਾ ਸੋਮਾ ਬਣਾ ਸਕਦੇ ਹਾਂ।

ਰਿਸ਼ਤਿਆਂ ਦੇ ਪੁਲ ਤੂਫ਼ਾਨ ਦੇ ਆਉਣ ਨਾਲ ਨਹੀਂ ਟੁੱਟਦੇ ਪਰ ਬਹਿਸਣ ਨਾਲ ਇਹ ਸਹਿਜੇ ਹੀ ਟੁੱਟ ਜਾਂਦੇ ਹਨ। ਟੁੱਟੇ ਹੋਏ ਪੁਲਾਂ ਤੋਂ ਕੋਈ ਆਵਾਜਾਈ ਨਹੀਂ ਲੰਘਦੀ।

ਟੁੱਟੇ ਹੋਏ ਪੁਲਾਂ ਤੋਂ ਆਵਾਜਾਈ ਨਹੀਂ ਲੰਘਦੀ

ਜਿਹੜੀਆਂ ਚੀਜ਼ਾਂ ਜ਼ਿੰਦਗੀ ਦਾ ਆਨੰਦ ਦਿੰਦੀਆਂ ਹਨ, ਉਹ ਚੀਜ਼ਾਂ ਨਹੀਂ ਹੁੰਦੀਆਂ। ਆਨੰਦ, ਦੁੱਖ ਅਤੇ ਸੁੱਖ ਦੀ ਸੋਝੀ ਅਤੇ ਸੁੱਖ ਦੀ ਪ੍ਰਾਪਤੀ ਚੀਜ਼ਾਂ ਵਿਚ ਘਿਰ ਕੇ ਨਹੀਂ, ਰਿਸ਼ਤਿਆਂ ਵਿਚ ਰਚ-ਮਿਚ ਕੇ ਮਿਲਦੀ ਹੈ।

ਸਾਰਾ ਸੰਸਾਰ ਮਨੁੱਖ ਨੂੰ ਦੁੱਖੀ ਅਤੇ ਪ੍ਰੇਸ਼ਾਨ ਕਰਨ ਵਿਚ ਰੁੱਝਿਆ ਹੋਇਆ ਹੈ। ਰਿਸ਼ਤੇ ਉਹ ਢਾਲਾਂ ਹਨ, ਜਿਨ੍ਹਾਂ ਨਾਲ ਅਸੀਂ ਸਾਰੇ ਜਗਤ ਦੇ ਵਾਰ ਸਹਿੰਦੇ ਹਾਂ।

ਸੰਸਾਰ ਦਾ ਕੰਮ ਸਾਨੂੰ ਉਦਾਸ, ਉਪਰਾਮ ਅਤੇ ਨਿਰਾਸ਼ ਕਰਨਾ ਹੈ, ਜਦੋਂ ਕਿ ਰਿਸ਼ਤਿਆਂ ਰਾਹੀਂ ਅਸੀਂ ਇਨ੍ਹਾਂ ਮਾਰੂ ਸ਼ਕਤੀਆਂ ਦੇ ਸਨਮੁਖ ਹੁੰਦੇ ਹੋਏ ਵੀ ਵਿਰੋਧੀ ਵਾਤਾਵਰਣ ਦੇ ਬਾਵਜੂਦ, ਜਿਊਂਦੇ ਰਹਿਣ ਦਾ ਉਪਰਾਲਾ ਕਰਦੇ ਹਾਂ।

ਨਿਰਸੰਦੇਹ ਕਈ ਰਿਸ਼ਤੇ ਮੌਤ ਨਾਲੋਂ ਵੀ ਵਧੇਰੇ ਬੋਝਲ ਅਤੇ ਭਿਆਨਕ ਹੋ ਨਿਬੜਦੇ ਹਨ। ਦੁੱਖ ਨੂੰ ਸਮਝੇ ਬਿਨਾਂ ਨਾ ਸੁੱਖ ਦੀ ਸਮਝ ਆਉਂਦੀ ਹੈ ਨਾ ਹੀ ਪ੍ਰਾਪਤੀ ਹੁੰਦੀ ਹੈ।

ਦੁੱਖਾਂ ਤੋਂ ਬਚਣ ਲਈ ਅਤੇ ਸੁੱਖ ਦੀ ਪ੍ਰਾਪਤੀ ਲਈ ਮਨੁੱਖ ਪਿਆਰ ਕਰਦਾ ਹੈ ਅਤੇ ਪਿਆਰ ਦੇ ਰਿਸ਼ਤੇ ਅਤੇ ਵਾਤਾਵਰਣ ਨੂੰ ਸਦੀਵੀ ਬਣਾਉਣ ਲਈ ਉਹ ਵਿਆਹ ਕਰਦਾ ਹੈ। ਵਿਆਹ ਉਪਰੰਤ ਦੁੱਖ ਲੱਭਣ ਦੀ ਲੋੜ ਨਹੀਂ ਪੈਂਦੀ ਪਰ ਇੱਛਾ ਅਤੇ ਯਤਨ ਸਦਾ ਸੁੱਖ ਪ੍ਰਾਪਤੀ ਦਾ ਹੁੰਦਾ ਹੈ।

ਇਕੱਲੇ ਜਾਂ ਛੜੇ ਆਦਮੀ ਜਾਂ ਇਕੱਲੀ ਇਸਤਰੀ ਦੀ ਸੁਤੰਤਰਤਾ ਸਮਾਜ ਲਈ ਹਨੇਰਗਰਦੀ ਹੁੰਦੀ ਹੈ। ਇਕੱਲਾ ਵਿਅਕਤੀ ਇਤਬਾਰੀ ਨਹੀਂ ਹੁੰਦਾ। ਉਸ ਨੂੰ ਸਾਰੇ ਹੋਰ-ਹੋਰ ਨਜ਼ਰਾਂ ਨਾਲ ਵੇਖਦੇ ਹਨ। ਅਜਿਹੇ ਵਿਅਕਤੀ ਨਾਲ ਬਹੁਤੀ ਗੱਲਬਾਤ ਨਹੀਂ ਕੀਤੀ ਜਾ ਸਕਦੀ। ਅਜਿਹਾ ਵਿਅਕਤੀ ਬਹੁਤੀਆਂ ਗੱਲਾਂ ਕਰ ਵੀ ਨਹੀਂ ਸਕਦਾ। ਅਜਿਹਾ ਵਿਅਕਤੀ ਪ੍ਰਚੰਡ ਉਦਾਸੀ ਅਤੇ ਤੀਬਰ ਅਕੇਵੇਂ ਵਿਚ ਵਿਚਰਦਾ ਹੈ। ਅਜਿਹਾ ਵਿਅਕਤੀ ਨਾ ਸੰਤੁਲਤ ਸੋਚ ਦਾ ਧਾਰਨੀ ਹੁੰਦਾ ਹੈ ਨਾ ਹੀ ਉਸਦੇ ਵਿਹਾਰ ਵਿਚ ਇਕਸੁਰਤਾ ਜਾਂ ਇਕਸਾਰਤਾ ਦੇ ਗੁਣ ਹੁੰਦੇ ਹਨ। ਅਜਿਹੇ ਵਿਅਕਤੀ ਲਈ ਟੁਰੀ ਆਉਂਦੀ ਮੌਤ ਵਧੇਰੇ ਭੈਅਦਾਇਕ ਅਤੇ ਵਿਭਚਾਰ ਦਾ ਫਲ ਪ੍ਰਤੀਤ ਹੁੰਦੀ ਹੈ।

ਮਨੁੱਖ ਇੱਕਲੇ ਰਹਿਣ ਲਈ ਨਹੀਂ ਬਣਿਆ।

ਆਮ ਸਾਧਾਰਣ ਮਨੁੱਖ ਇਕੱਲ ਤੋਂ ਡਰਦਾ ਹੈ ਜਦੋਂ ਕਿ ਕਵੀਆਂ ਲਈ ਅਤੇ ਕਲਾਕਾਰਾਂ ਲਈ ਇਕੱਲਿਆਂ ਹੋਣਾ ਇਕ ਲੋੜ ਹੈ। ਕਵੀ ਅਤੇ ਕਲਾਕਾਰ ਦਿਸਦੀ ਦੁਨੀਆਂ ਦੇ ਨਹੀਂ, ਕਲਪਿਤ ਸੰਸਾਰ ਦੇ ਵਾਸੀ ਹੁੰਦੇ ਹਨ।

ਰਿਸ਼ਤੇ ਅਨੇਕਾਂ ਪ੍ਰਕਾਰ ਦੇ ਹਨ ਪਰ ਜਿਹੜੇ ਰਿਸ਼ਤੇ ਮਹੱਤਵਪੂਰਨ ਹਨ ਅਤੇ ਜਿਹੜੇ ਸਾਡਾ ਵਧੇਰੇ ਧਿਆਨ ਖਿਚਦੇ ਹਨ ਅਤੇ ਜਿਹੜੇ ਸਾਨੂੰ ਵਧੇਰੇ ਖਿੱਚ ਪਾਉਂਦੇ ਹਨ, ਉਨ੍ਹਾਂ ਵਿਚ ਇਕ ਧਿਰ ਪੁਰਸ਼ ਅਤੇ ਦੂਜੀ ਧਿਰ ਇਸਤਰੀ ਹੁੰਦੀ ਹੈ।

ਨਰ ਅਤੇ ਮਾਦਾ ਦਾ ਰਿਸ਼ਤਾ ਕੁਦਰਤ ਨੇ ਨਿਰਧਾਰਤ ਕੀਤਾ ਹੋਇਆ ਹੈ ਜਦੋਂ ਕਿ ਸਮਾਜ ਨੇ ਇਸ ਰਿਸ਼ਤੇ ਨੂੰ ਅਨੇਕਾਂ ਰੂਪ ਦੇ ਕੇ ਇਸ ਰਿਸ਼ਤੇ ਨੂੰ ਨੇਮਬੱਧ ਕੀਤਾ ਹੋਇਆ ਹੈ। ਅਨੇਕਾਂ-ਅਨੇਕ ਰਿਸ਼ਤਿਆਂ ਵਿਚੋਂ ਪ੍ਰੇਮੀ-ਪ੍ਰੇਮਿਕਾ ਦਾ ਆਪਸੀ ਰਿਸ਼ਤਾ ਅਤੇ ਪਤੀ-ਪਤਨੀ ਦਾ ਪਰਸਪਰ ਰਿਸ਼ਤਾ ਸਮਾਜ, ਧਰਮ, ਸਭਿਆਚਾਰ ਅਤੇ ਸਾਹਿਤ ਵਿਚ ਵਧੇਰੇ ਚਰਚਾ ਦਾ ਕਾਰਨ ਬਣਿਆ ਹੈ। ਇਹ ਰਿਸ਼ਤਾ ਸਾਹਿਤ ਦਾ ਮੁੱਖ ਵਿਸ਼ਾ ਹੈ। ਸਭ ਪ੍ਰਕਾਰ ਦੇ ਰਿਸ਼ਤਿਆਂ ਦਾ ਆਧਾਰ ਅਤੇ ਉਸਾਰ, ਇਸਤਰੀ ਹੁੰਦੀ ਹੈ।

ਇਸਤਰੀ ਨਾਲ ਸਬੰਧਤ ਹਰ ਰਿਸ਼ਤੇ ਵਿਚ, ਰਿਸ਼ਤੇ ਨੂੰ ਬਣਾਈ ਰੱਖਣ ਲਈ, ਪੁਰਸ਼ ਦੇ ਮੁਕਾਬਲੇ, ਇਸਤਰੀ ਨੂੰ ਵਧੇਰੇ ਤਿਆਗ, ਕੁਰਬਾਨੀ, ਯਤਨ ਅਤੇ ਮਿਹਨਤ ਕਰਨੀ ਪੈਂਦੀ ਹੈ। ਹਰ ਇਸਤਰੀ ਦੋ ਘਰਾਂ ਵਿਚ ਜਨਮ ਲੈਂਦੀ ਹੈ, ਪਿਤਾ ਦੇ ਘਰ ਅਤੇ ਪਤੀ ਦੇ ਘਰ। ਹਰ ਇਸਤਰੀ ਦੋ ਘਰਾਂ ਦੇ ਆਸਰੇ ਨਾਲ ਪਲਦੀ ਹੈ ਅਤੇ ਦੋ ਘਰਾਂ ਦਾ ਸਹਾਰਾ ਬਣਦੀ ਹੈ। ਉਸ ਦੀਆਂ ਦੋ ਜਾਨਾਂ ਹੁੰਦੀਆਂ ਹਨ, ਦੋ ਦਿਲ ਹੁੰਦੇ ਹਨ।

ਚੰਬੇ ਵਿਚੋਂ ਵਿਛੜੀ ਕੂੰਜ, ਬਾਬਲ ਦੇ ਮਹਿਲਾਂ ਵਿਚੋਂ ਪ੍ਰਦੇਸਣ ਹੋ, ਗੁੱਡੀਆਂ-ਪਟੋਲਿਆਂ ਤੋਂ ਮਨ ਪੁੱਟ ਕੇ, ਸਖੀਆਂ-ਸਹੇਲੀਆਂ, ਵੀਰਾਂ-ਭੈਣਾਂ ਤੋਂ ਵਿਛੜ ਕੇ ਰੋਂਦੀ-ਕੁਰਲਾਉਂਦੀ, ਡੋਲੀ ਵਿਚ ਬਹਿ, ਆਸ-ਨਿਰਾਸ ਵਿਚ ਵੰਡੀ ਹੋਈ, ਰਿਸ਼ਤਿਆਂ ਦਾ ਇਕ ਨਵਾਂ ਸੰਸਾਰ ਉਸਾਰਨ ਲਈ, ਸੁੱਖ ਦੀ ਆਸ ਵਿਚ ਦੁੱਖ ਪੱਲੇ ਬੰਨ੍ਹਦੀ, ਲੰਮੀ ਮੰਜ਼ਲ ਉਤੇ ਨਿੱਕੇ-ਨਿੱਕੇ ਥਿੜ੍ਹਕਦੇ ਕਦਮਾਂ ਨਾਲ ਹੌਲੀ-ਹੌਲੀ ਚਲਦੀ, ਪੁਰਸ਼ ਦੇ ਨਾਂ, ਅਣਖ ਅਤੇ ਖਾਨਦਾਨ ਨੂੰ ਜਿਊਂਦੇ ਅਤੇ ਚਲਦੇ ਰੱਖਣ ਲਈ, ਰਿਸ਼ਤਿਆਂ ਵਿਚ ਉਲਝਦੀ ਗੁਆਚ ਜਾਂਦੀ ਹੈ। ਹਰ ਇਸਤਰੀ ਦੀ ਇਹੀ ਹੋਣੀ ਹੈ।

ਪੁਰਸ਼ ਕੀ ਜਾਣੇ ਕਿ ਉਸ ਨਾਲ ਰਿਸ਼ਤਾ ਗੰਢਣ ਲਈ ਇਸਤਰੀ ਨੂੰ ਸੰਸਿਆਂ, ਤੌਖਲਿਆਂ, ਤਾਂਘਾਂ ਅਤੇ ਉਮੀਦਾਂ ਦੀਆਂ ਕਿਹੜੀਆਂ ਭੀੜੀਆਂ ਗਲੀਆਂ ਵਿਚੋਂ ਲੰਘਣਾ ਪੈਂਦਾ ਹੈ। ਕੁਦਰਤ ਨੇ ਮਨੁੱਖੀ ਨਸਲ ਨੂੰ ਚਲਦੇ ਰਖਣ ਲਈ ਇਸਤਰੀ ਨੂੰ ਪੁਰਸ਼ ਦੇ ਮੁਕਾਬਲੇ ਵਡੇਰੀ ਜ਼ਿੰਮੇਵਾਰੀ ਦਿੱਤੀ ਹੈ, ਇਸੇ ਕਰਕੇ ਉਹ ਹਰ ਰਿਸ਼ਤੇ ਨੂੰ ਜਨਮ ਹੀ ਨਹੀਂ ਦਿੰਦੀ, ਉਸ ਨੂੰ ਪਾਲਦੀ ਵੀ ਹੈ।

ਜਿਸ ਸਮਾਜ ਵਿਚ ਬਹੁ-ਪਤਨੀ ਪ੍ਰਥਾ ਹੈ, ਉਹ ਸਮਾਜ ਨਾ ਕੇਵਲ ਨਿਰਬਲ ਹੁੰਦਾ ਹੈ ਸਗੋਂ ਪਿਛਾਂਹ-ਖਿਚੂ ਵੀ ਹੁੰਦਾ ਹੈ। ਅਜਿਹੇ ਸਮਾਜ ਵਿਚ ਕੋਈ ਵੱਡੀ ਪ੍ਰਾਪਤੀ ਵੀ ਸੰਭਵ ਨਹੀਂ ਹੁੰਦੀ। ਅਜਿਹੇ ਸਮਾਜ ਕੁਝ ਵੀ ਨਵਾਂ ਨਹੀਂ ਸਿਰਜ ਸਕਦੇ, ਕੁਝ ਵੀ ਨਵਾਂ ਅਜਿਹੇ ਸਮਾਜ ਵਿਚ ਨਹੀਂ ਵਾਪਰਦਾ। ਜਿਨ੍ਹਾਂ ਸਮਾਜਾਂ ਵਿਚ ਇਸਤਰੀ ਦਾ ਸਤਿਕਾਰ ਨਹੀਂ, ਉਹ ਸਮਾਜ ਪਰੰਪਰਾ ਵਿਚ ਧਸੇ, ਸਦਾਂ ਪਿਛਾਂਹ ਵੱਲ ਵੇਖਦੇ ਹਨ।

ਇਸਤਰੀ ਨੂੰ ਗੁਲਾਮ ਬਣਾ ਕੇ ਪੁਰਸ਼ ਆਜ਼ਾਦ ਨਹੀਂ ਹੋ ਸਕਦਾ।

ਜਦੋਂ ਮਨੁੱਖ ਵਿਚ ਸਰੀਰਕ ਲਾਲਸਾ ਪ੍ਰਬਲ ਹੁੰਦੀ ਹੈ, ਉਦੋਂ ਹੀ ਸਮਾਜ ਮਨੁੱਖ ਨੂੰ ਵਿਆਹ ਦੀਆਂ ਸਹੁੰਆਂ ਖਾਣ ਲਈ ਕਹਿੰਦਾ ਹੈ। ਸਰੀਰਕ ਲਾਲਸਾ ਨੂੰ ਰੋਕਣ ਨਾਲੋਂ, ਸਹੁੰ ਖਾਣਾ ਸੌਖਾ ਹੁੰਦਾ ਹੈ ਅਤੇ ਸਮਾਜ ਸਹੁੰ ਖਾਣ ਵਾਲੇ ਦੀ ਪ੍ਰਸੰਸਾ ਵੀ ਕਰਦਾ ਹੈ, ਸੋ ਮਨੁੱਖ ਵਿਆਹ ਦੇ ਰਿਸ਼ਤੇ ਵਿਚ ਬੰਨ੍ਹੇ ਜਾਣ ਲਈ ਸਹਿਜੇ ਹੀ ਤਿਆਰ ਹੋ ਜਾਂਦਾ ਹੈ।

ਪ੍ਰੇਮੀ-ਪ੍ਰੇਮਿਕਾ ਆਪਣੇ ਆਪ ਨੂੰ, ਪਤੀ-ਪਤਨੀ ਨਾਲੋਂ ਵੀ ਵਧੇਰੇ ਕੱਸ ਕੇ ਬੱਝੇ ਹੋਏ ਮਹਿਸੂਸ ਕਰਦੇ ਹਨ। ਸਾਹ ਸੌਖਾ ਲੈਣ ਲਈ, ਉਹ ਵਿਆਹ ਲਈ ਤਾਂਘਦੇ ਹਨ।

ਇਕ-ਦੂਜੇ ਦੀ ਜ਼ਿੰਮੇਵਾਰੀ ਚੁੱਕਣਾ ਸਦਾ ਸੁਖਾਵਾਂ ਅਨੁਭਵ ਹੁੰਦਾ ਹੈ

ਪ੍ਰੇਮੀਆਂ ਨੂੰ ਪਤੀ-ਪਤਨੀ ਦੇ ਮੁਕਾਬਲੇ ਖਤਰੇ ਵਧੇਰੇ ਹੁੰਦੇ ਹਨ। ਇਕ-ਦੂਜੇ ਤੋਂ ਅਕੇਵੇਂ ਦਾ ਡਰ ਵੀ ਵਧੇਰੇ ਹੁੰਦਾ ਹੈ। ਉਨ੍ਹਾਂ ਦੇ ਮਨਾਂ ਵਿਚ ਇਕ-ਦੂਜੇ ਦੇ ਗੁਆਚ ਜਾਣ ਦਾ ਭੈਅ ਵੀ ਵਧੇਰੇ ਹੁੰਦਾ ਹੈ, ਉਨ੍ਹਾਂ ਦੀਆਂ ਚਿੰਤਾਵਾਂ ਵੀ ਵਧੇਰੇ ਹੁੰਦੀਆਂ ਹਨ।

ਪ੍ਰੇਮੀਆਂ ਨੂੰ ਪ੍ਰਤੀਤ ਹੁੰਦਾ ਹੈ, ਜਿਵੇਂ ਸਮਾਜ ਨੂੰ ਉਨ੍ਹਾਂ ਵੱਲ ਧਿਆਨ ਦੇਣ ਤੋਂ ਸਿਵਾਏ ਹੋਰ ਕੋਈ ਕੰਮ ਹੀ ਨਹੀਂ। ਜਦੋਂ ਪ੍ਰੇਮੀ-ਪ੍ਰੇਮਿਕਾ ਵਿਆਹ ਦੇ ਰਿਸ਼ਤੇ ਵਿਚ ਬੱਝ ਜਾਂਦੇ ਹਨ ਤਾਂ ਸਮਾਜ ਉਨ੍ਹਾਂ ਪ੍ਰਤੀ ਅਵੇਸਲਾ ਹੋ ਜਾਂਦਾ ਹੈ।

ਵਿਆਹ ਨਾਲ ਪ੍ਰੇਮ ਘੱਟਦਾ-ਵੱਧਦਾ ਨਹੀਂ, ਪ੍ਰੇਮ ਦੀ ਕਿਸਮ ਬਦਲ ਜਾਂਦੀ ਹੈ।

ਕਿਸੇ ਨੂੰ ਸਦਾ ਲਈ ਸਵੀਕਾਰ ਕਰਨਾ ਮੁਸ਼ਕਿਲ ਹੀ ਨਹੀਂ, ਅਸੰਭਵ ਵੀ ਹੁੰਦਾ ਹੈ। ਵਿਆਹ ਹੀ ਇਸ ਮੁਸ਼ਕਿਲ ਨੂੰ ਹੱਲ ਕਰਦਾ ਹੈ ਅਤੇ ਮਨੁੱਖੀ ਰਿਸ਼ਤਿਆਂ ਦੇ ਪੱਖੋਂ ਅਸੰਭਵ ਨੂੰ ਸੰਭਵ ਕਰ ਵਿਖਾਉਂਦਾ ਹੈ।

ਵਿਆਹ ਨਾਲ ਦੋਵੇਂ ਧਿਰਾਂ ਇਹ ਸਮਝਣ ਲੱਗ ਪੈਂਦੀਆਂ ਹਨ ਕਿ ਬਾਜ਼ੀ ਜਿੱਤੀ ਗਈ ਹੈ ਪਰ ਕੋਈ ਵੀ ਬਾਜ਼ੀ ਸਦਾ ਲਈ ਜਿੱਤੀ ਨਹੀਂ ਰਹਿੰਦੀ।

ਵਿਆਹ ਅਜਿਹਾ ਰਿਸ਼ਤਾ ਨਹੀਂ ਜਿਹੜਾ ਇਕ ਵਾਰੀ ਜਿੱਤ ਕੇ ਅਵੇਸਲੇ ਹੋਇਆ ਜਾਵੇ, ਇਹ ਨਿੱਤ ਨੇਪਰੇ ਚਾੜ੍ਹਨਾ ਪੈਂਦਾ ਹੈ। ਨਿੱਤ-ਨਿੱਤ ਦੇ ਵਾਕਫ਼ ਹੋ ਜਾਣ ਕਾਰਨ ਪਤੀ-ਪਤਨੀ, ਇਕ-ਦੂਜੇ ਪ੍ਰਤੀ ਅਵੇਸਲੇ ਹੋ ਜਾਂਦੇ ਹਨ। ਕੋਈ ਸੰਕਟ, ਕੋਈ ਦੁਰਘਟਨਾ, ਕੋਈ ਬੀਮਾਰੀ ਆਦਿ ਉਨ੍ਹਾਂ ਨੂੰ ਆਪਸੀ ਰਿਸ਼ਤੇ ਪ੍ਰਤੀ ਮੁੜ ਸੁਚੇਤ ਕਰ ਦਿੰਦੀ ਹੈ।

ਮੰਜੇ ਦੀ ਚੂਲ ਢਿੱਲੀ ਹੋ ਜਾਂਦੀ ਹੈ, ਛੱਤ ਚੋਣ ਲੱਗ ਪੈਂਦੀ ਹੈ, ਭਾਂਡੇ ਪੁਰਾਣੇ ਪ੍ਰਤੀਤ ਹੋਣ ਲੱਗ ਪੈਂਦੇ ਹਨ, ਕੱਪੜਿਆਂ ਦਾ ਫੈਸ਼ਨ ਬਦਲ ਜਾਂਦਾ ਹੈ।

ਰਿਸ਼ਤਿਆਂ ਨਾਲ ਵੀ ਇਵੇਂ ਹੀ ਵਾਪਰਦਾ ਹੈ।

ਰਿਸ਼ਤੇ ਦੀਆਂ ਦੋਹਾਂ ਧਿਰਾਂ ਦੀਆਂ ਰੁਚੀਆਂ ਦਾ ਇਕੋ ਜਿਹਾ ਹੋਣਾ ਨਾ ਕੇਵਲ ਅਸੰਭਵ ਹੁੰਦਾ ਹੈ, ਸਗੋਂ ਇਹ ਚੰਗਾ ਵੀ ਨਹੀਂ ਹੁੰਦਾ। ਭਿੰਨਤਾ ਨੂੰ ਸਤਿਕਾਰ ਨਾਲ ਪ੍ਰਵਾਨ ਕਰਨ ਨਾਲ ਹਰ ਰਿਸ਼ਤਾ ਮਜ਼ਬੂਤ ਹੁੰਦਾ ਹੈ। ਵਿਆਹ, ਪ੍ਰੇਮ ਅਤੇ ਮਿੱਤਰਤਾ ਦਾ ਸੁਮੇਲ ਹੈ। ਇਹ ਗਰਮੀ ਅਤੇ ਸਰਦੀ ਦਾ, ਬਸੰਤ ਅਤੇ ਪੱਤਝੜ ਦਾ ਵਿਚਕਾਰਲਾ ਮੌਸਮ ਹੈ।

ਵਿਆਹ ਯਥਾਰਥ ਅਤੇ ਸੁਪਨੇ ਦੀ ਵਿਚਕਾਰਲੀ ਸਥਿਤੀ ਹੁੰਦੀ ਹੈ।

ਜੋਬਨ ਦਾ ਲੰਘ ਜਾਣਾ ਕੋਈ ਦੁਰਘਟਨਾ ਨਹੀਂ ਹੁੰਦੀ। ਇੱਕਠਿਆਂ ਬੁੱਢੇ ਹੋਣ ਦਾ ਅਨੁਭਵ ਬੁਢਾਪੇ ਵਿਚ ਆਪਸੀ ਰਿਸ਼ਤੇ ਦੇ ਨਿੱਘ ਨੂੰ ਵੱਧਾ ਦਿੰਦਾ ਹੈ।

ਜਿਥੇ ਰਿਸ਼ਤਾ ਨਿੱਘਾ ਹੋਵੇ ਉਥੇ ਔਕੜਾਂ ਉਪਜਦੀਆਂ ਹੀ ਨਹੀਂ। ਰਿਸ਼ਤੇ ਦਾ ਨਿੱਘ ਮੁਸ਼ਕਿਲਾਂ ਦੀਆਂ ਗੰਢਾਂ ਖੋਲ੍ਹ ਦਿੰਦਾ ਹੈ।

ਸਾਰੇ ਰਿਸ਼ਤਿਆਂ ਦਾ ਉਦੇਸ਼ ਮੁਸ਼ਕਿਲਾਂ ਵਿਰੁੱਧ ਸਾਂਝਾ ਮੋਰਚਾ ਉਸਾਰਨਾ ਹੁੰਦਾ ਹੈ।

ਵਿਆਹ ਸੁਖੀ ਹੋਣ ਦਾ ਰਿਸ਼ਤਾ ਜਾਂ ਰਾਹ ਭਾਵੇਂ ਨਹੀਂ ਪਰ ਇਸ ਰਿਸ਼ਤੇ ਵਿਚ ਦੁੱਖ ਘੱਟ ਦੁੱਖਦਾਈ ਹੋ ਜਾਂਦੇ ਹਨ। ਪ੍ਰੇਮ ਵਿਚ ਡੁੱਬੇ ਵਿਅਕਤੀ, ਵਿਆਹ ਤੋਂ ਅਸਾਧਾਰਣ ਸੁੱਖਾਂ ਦੀ ਆਸ ਕਰਦੇ ਹਨ, ਜਦੋਂ ਕਿ ਅਜਿਹੇ ਸੁੱਖਾਂ ਦੀ ਕੋਈ ਹੋਂਦ ਹੀ ਨਹੀਂ ਹੁੰਦੀ।

ਫਿਲਮਾਂ ਵਿਚ ਪ੍ਰੇਮੀਆਂ ਦੇ ਝਗੜੇ ਚੁੰਮਣਾਂ ਨਾਲ ਮੁੱਕ ਜਾਂਦੇ ਹਨ, ਨਾਵਲਾਂ ਵਿਚ ਪ੍ਰੇਮੀ ਅਤੇ ਪ੍ਰੇਮਿਕਾ ਸਦਾ ਜਵਾਨ ਅਤੇ ਸੁੰਦਰ ਹੁੰਦੇ ਹਨ ਪਰ ਫਿਲਮਾਂ ਵਾਲੀਆਂ ਸੈਰਗਾਹਾਂ ਜੀਵਨ ਵਿਚ ਕਿਧਰੇ ਵਿਖਾਈ ਨਹੀ ਦਿੰਦੀਆਂ।

ਇਸਤਰੀ ਜੀਵਨ ਦੀ ਵਿਆਹ ਹੋਣ ਤਕ ਚਿੰਤਾ ਕਰਦੀ ਹੈ, ਜਦੋਂ ਕਿ ਪੁਰਸ਼ ਜੀਵਨ ਦੀ ਵਿਆਹ ਉਪਰੰਤ ਚਿੰਤਾ ਕਰਦਾ ਹੈ। ਭਾਵੇਂ ਇਨ੍ਹਾਂ ਦੋਹਾਂ ਦੀ ਚਾਲ ਵੱਖਰੀ ਹੁੰਦੀ ਹੈ ਪਰ ਰਾਹ ਇਕੋ ਹੁੰਦਾ ਹੈ। ਇਕੱਲਾ ਵਿਅਕਤੀ ਭ੍ਰਿਸ਼ਟ ਅਤੇ ਵਿਭਚਾਰੀ ਹੋ ਜਾਂਦਾ ਹੈ। ਉਹ ਕੇਵਲ ਸਰੀਰਕ ਪੱਧਰ 'ਤੇ ਹੀ ਜਿਊਂਦਾ ਹੈ। ਉਹ ਕੋਈ ਡੂੰਘਾ, ਸਦੀਵੀ ਅਤੇ ਨਿੱਘਾ ਰਿਸ਼ਤਾ ਨਹੀਂ ਉਸਾਰ ਸਕਦਾ।

ਵਿਆਹ ਉਪਰੰਤ ਇਸਤਰੀ ਨਵੇਂ ਰਿਸ਼ਤੇ ਪ੍ਰਤੀ ਹੁੰਗਾਰਾ ਭਰਦੀ ਹੋਈ ਆਪਣੇ ਵਿਹਾਰ ਨਾਲ ਕਹਿੰਦੀ ਹੈ: ਤੇਰਾ ਵਧੇਰੇ ਅਤੇ ਥੋੜ੍ਹਾ ਜਿਹਾ ਆਪਣਾ ਸੁੱਖ ਚਾਹੁੰਦੀ ਹਾਂ। ਤੇਰੇ ਬਿਨਾਂ ਪੈਂਦਾ ਨਹੀਂ ਹੌਸਲਾ ਜਿਊਣ ਦਾ। ਚੱਲ ਸਾਰੇ ਦੁੱਖ ਮੇਰੀ ਝੋਲੀ ਪਾ ਦੇ ਅਤੇ ਆਪ ਹੌਲਾ ਹੋ ਜਾ। ਜਦੋਂ ਕਦੇ ਉਦਾਸ ਹੋਵਾਂਗੀ, ਤੇਰੇ ਮੋਢੇ 'ਤੇ ਸਿਰ ਰੱਖ ਰੋ ਲਵਾਂਗੀ। ਆਪਣੀ ਜਾਨ ਦੀ ਕੁੰਜੀ ਅੱਜ ਮੈਂ ਤੈਨੂੰ ਸੌਂਪਦੀ ਹਾਂ। ਬਾਦਸ਼ਾਹਤ ਕੀ ਹੁੰਦੀ ਹੈ ? ਕਹਿਣ ਨੂੰ ਜੋ ਵੀ ਆਪਣਾ ਹੈ, ਦੋਵੇਂ ਹੱਥੀਂ ਤੇਰੇ ਤੋਂ ਲੁਟਾ ਦਿੱਤਾ ਹੈ।

ਹਰ ਰਿਸ਼ਤੇ ਦਾ ਹਸ਼ਰ ਟੁੱਟਣਾ ਹੁੰਦਾ ਹੈ। ਜਿਹੜੇ ਰਿਸ਼ਤੇ ਬਹੁਤ ਪੱਕੇ ਹੁੰਦੇ ਹਨ, ਉਨ੍ਹਾਂ ਨੂੰ ਮੌਤ ਨਿਖੇੜ ਦਿੰਦੀ ਹੈ। ਰਿਸ਼ਤਾ ਕੋਈ ਵੀ ਹੋਵੇ, ਉਸ ਦਾ ਟੁੱਟਣਾ ਦੁੱਖਦਾਈ ਹੁੰਦਾ ਹੈ।

ਬਾਕੀ ਸਾਰੇ ਰਿਸ਼ਤੇ ਸਾਨੂੰ ਸਮਾਜ ਤੋਂ ਮਿਲਦੇ ਹਨ, ਜਦੋਂ ਕਿ ਮੁਹੱਬਤ ਦਾ ਰਿਸ਼ਤਾ ਅਸੀਂ ਆਪ ਉਸਾਰਦੇ ਹਾਂ।

ਇਸ ਰਿਸ਼ਤੇ ਦੀ ਦਹਿਲੀਜ਼ ਉਤੇ ਅੱਖਰ ਕੰਬ ਜਾਂਦੇ ਹਨ, ਬੋਲ ਸੰਗ ਜਾਂਦੇ ਹਨ, ਕਦਮ ਰੁਕ ਜਾਂਦੇ ਹਨ, ਨਜ਼ਰ ਝੁਕ ਜਾਂਦੀ ਹੈ, ਸਾਹ ਉਖੜ ਜਾਂਦਾ ਹੈ, ਚੁੰਨੀ ਢਿਲਕ ਜਾਂਦੀ ਹੈ, ਡੋਰੀ ਖੁੱਲ ਜਾਂਦੀ ਹੈ, ਆਪਣੇ ਨਿੱਕੇ ਜਿਹੇ ਘਰ ਦਾ ਸੁਪਨਾ ਜਾਗ ਪੈਂਦਾ ਹੈ, ਪਿਆਰ ਕਰਨ ਵਾਲਾ ਜੀਅ ਲੱਭ ਪੈਂਦਾ ਹੈ, ਨਿੱਕੇ-ਨਿੱਕੇ ਇਕ-ਦੋ ਚਲਦੇ-ਫਿਰਦੇ ਸੁਪਨੇ ਕਲਪਨਾ ਵਿਚ ਥਮਕਣ ਲੱਗ ਪੈਂਦੇ ਹਨ ਪਰ ਇਸ ਰਿਸ਼ਤੇ ਵਿਚ ਜੋ ਆਪਣਾ ਕਹਿੰਦਾ ਹੈ, ਉਹੀ ਸਭ ਤੋਂ ਵੱਧ ਸਤਾਉਂਦਾ ਹੈ। ਕਿਸੇ ਦਾ ਬੁੱਲ੍ਹੀਆਂ ਵਿਚ ਮੁਸਕਰਾਉਣਾ, ਅੱਖੀਆਂ ਨਾਲ ਭਰਮਾਉਣਾ, ਸੁਪਨਿਆਂ ਵਿਚ ਗੇੜੇ ਲਾਉਣਾ, ਕਿਸੇ ਲਈ ਤੜਪਣਾ,

ਕਿਸੇ ਨਾਲ ਅਸਮਾਨੀ ਪੀਂਘ ਪਾਉਣਾ ਅਤੇ ਹੁਲਾਰਾ ਅੰਬਰ ਤਕ ਲੈਣਾ ਆਦਿ ਪਿਆਰ ਦੇ ਰਿਸ਼ਤੇ ਦੇ ਸਾਂਝੇ ਅਨੁਭਵ ਹੁੰਦੇ ਹਨ।

ਖੁਸ਼ੀ ਨੂੰ ਲਭਣ ਨਿਕਲ ਪਓ ਤਾਂ ਖੁਸ਼ੀ ਕਿਧਰੇ ਵੀ ਨਹੀਂ ਲੱਭਦੀ।

ਮੁਹੱਬਤ ਵਿਚ ਵੀ ਨਹੀਂ ਲਭਦੀ।

ਲਾਉਣੀਆਂ ਮੁਹਬੱਤਾਂ ਅਤੇ ਸੌਣਾ ਗੂੜ੍ਹੀਆਂ ਨੀਂਦਾਂ, ਪਿਆਰ ਦੀ ਦੁਨੀਆਂ ਵਿਚ ਇਹ ਕਦਾਚਿਤ ਸੰਭਵ ਨਹੀਂ ਹੁੰਦਾ।

ਜਿਹੜੇ ਸਮੁੰਦਰਾਂ ਨੂੰ ਡੀਕ ਕੇ ਤਿਹਾਏ ਰਹਿ ਜਾਣ, ਉਹ ਆਸ਼ਕ ਹੁੰਦੇ ਹਨ।

ਜਿਹੜੇ ਚਸ਼ਮਿਆਂ ਦੇ ਕਿਨਾਰੇ ਸੇਕ ਨਾਲ ਭੁੱਜ ਜਾਣ, ਜਿਨ੍ਹਾਂ ਨੇ ਬੂੰਦ ਵਿਚ ਸਮੁੰਦਰ ਡਿਗਦਾ ਵੇਖਿਆ ਹੋਵੇ, ਉਹ ਮੁਹੱਬਤ ਨੂੰ ਹੱਸ ਕੇ ਯਾਦ ਨਹੀਂ ਕਰ ਸਕਦੇ।

ਜਿਹੜੇ ਇਸ਼ਕ ਦੇ ਰਿਸ਼ਤੇ ਨੂੰ ਖੱਟੀ ਸਮਝਦੇ ਹਨ, ਉਹੋ ਦੋ ਟਕਿਆਂ ਦੇ ਆਦਮੀ, ਅੱਧੇ-ਅੱਧੇ ਟਕੇ 'ਤੇ ਵਿਕ ਜਾਂਦੇ ਹਨ।

ਉਹ ਕੀ ਜਾਣਨ ਸੁਰਮਈ ਨੈਣਾਂ ਦਾ ਜਾਦੂ!

ਹਰ ਮੌਜ ਨੂੰ ਬੇਸ਼ੁਮਾਰ ਪੀੜਾਂ ਦੇ ਹਜੂਮ ਵਿਚੋਂ ਗੁਜ਼ਰਨਾ ਪੈਂਦਾ ਹੈ।

ਮੁਹੱਬਤ ਦਾ ਰਿਸ਼ਤਾ ਜਿਤਨੇ ਇਮਤਿਹਾਨ ਲੈਂਦਾ ਹੈ, ਹੋਰ ਕੋਈ ਰਿਸ਼ਤਾ ਇਤਨੀ ਅਜਮਾਇਸ਼ ਨਹੀਂ ਕਰਦਾ। ਆਸ਼ਕੀ ਜਿੱਤ ਦਾ ਰਿਸ਼ਤਾ ਨਹੀਂ, ਇਹ ਹਾਰ ਦਾ ਰਿਸ਼ਤਾ ਹੈ, ਆਸ਼ਕ ਤਾਂ ਨਿੱਤ ਹਾਰਾਂ ਹੰਢਾਉਂਦੇ ਹਨ।

ਜਦੋਂ ਕਿਸੇ ਆਸ਼ਕ ਦੀ ਅਰਥੀ ਨਿਕਲਦੀ ਹੈ ਤਾਂ ਸੁਣਨ ਵਾਲਿਆਂ ਨੂੰ ਸੁਣਾਈ ਦਿੰਦਾ ਹੈ: ਮੇਰੀ ਖਾਤਿਰ ਏਨਾ ਹੀ ਕਰਿਓ, ਮੇਰੀ ਖਾਤਰ ਕੁਝ ਨਾ ਕਰਿਓ। ਹੋਰ ਕਿਸੇ ਜਨਮ ਮੈਂ ਨਹੀਂ ਪੈਣਾ, ਭੁਗਤ ਲਿਆ ਇਕ ਵਾਰ ਵਿਚ ਸਾਰਾ ਦੇਣਾ-ਲੈਣਾ। ਤਕਦੀਰ ਤਾਂ ਸਾਡੀ ਸੌਕਣ ਸੀ, ਤਦਬੀਰਾਂ ਸਾਥੋਂ ਨਾ ਹੋਈਆਂ। ਅਸੀਂ ਵੀ ਪਿਆਰ ਦੀ ਤਲਵਾਰ ਦੀ ਧਾਰ 'ਤੇ ਗੁਆਚੀਆਂ ਖੁਸ਼ੀਆਂ ਦੇ ਟਿਕਾਣੇ ਲੱਭਦੇ ਰਹੇ। ਕਿਸੇ ਨੂੰ ਦੋਸ਼ ਕਿਉਂ ਦੇਈਏ, ਅਸੀਂ ਆਪ ਵੀ ਇਕ-ਦੂਜੇ ਨਾਲ ਨਿਆਂ ਨਹੀਂ ਕੀਤਾ।

ਪਿਆਰ ਦਾ, ਮੁਹਬੱਤ ਅਤੇ ਇਸ਼ਕ ਦਾ ਰਿਸ਼ਤਾ ਅਤਿਅੰਤ ਤੀਬਰ ਹੋਣ ਕਾਰਨ ਸਤਾਉਂਦਾ ਵੱਧ ਹੈ ਅਤੇ ਸੁੱਖ ਘੱਟ ਦਿੰਦਾ ਹੈ। ਪ੍ਰੇਮੀ ਆਮ ਕਰ ਕੇ ਦੂਰੀ ਦਾ ਸ਼ਿਕਵਾ ਕਰਦੇ ਹਨ ਪਰ ਕੀ ਉਨ੍ਹਾਂ ਨੂੰ ਨੇੜਤਾ ਵਿਚੋਂ ਸੁੱਖ ਮਿਲਦਾ ਹੈ?

ਪਿਆਰ ਦੀ ਨਿੱਘੀ ਘੜੀ ਅਛੋਪਲੇ ਹੀ ਲੰਘ ਜਾਂਦੀ ਹੈ।

ਭਰੇ ਹੋਏ ਰਿਸ਼ਤਿਆਂ ਵਿਚ ਕੁਝ ਅਜਿਹਾ ਵਾਪਰ ਜਾਂਦਾ ਹੈ ਕਿ ਵਿਛੜਨ ਵੇਲੇ ਖਾਲੀ ਅਤੇ ਖਾਮੋਸ਼ ਹੋ ਕੇ ਅਤੇ ਪਰਬਤਾਂ ਜਿੱਡਾ ਜਿਗਰਾ ਕਰ ਕੇ ਵਿਛੜ ਜਾਈਦਾ ਹੈ। ਮੁਹਬੱਤ ਦੇ ਰੰਗ ਲੱਭਦੇ-ਲੱਭਦੇ ਆਪ ਗੁਆਚ ਜਾਈਦਾ ਹੈ। ਮੁੜਨ ਵਾਲੇ ਦੀ ਪਿੱਠ ਦੂਰ ਤਕ ਦਿਸਦੀ ਰਹਿੰਦੀ ਹੈ। ਵਕਤ ਦੇ ਬੀਤਣ ਨਾਲ, ਮੜ੍ਹਕ ਨਾਲ ਟੁਰਨ ਦੀ ਗੱਲ ਅਤੇ ਸਭ ਕੁਝ ਲੁਟਾ ਦੇਣ ਦੇ ਦਮਗਜੇ ਫਿੱਕੇ ਪੈ ਜਾਂਦੇ ਹਨ। ਆਪੋ-ਆਪਣੇ ਹਿੱਸੇ ਦੀਆਂ ਬੇਬਸੀਆਂ ਅਤੇ ਮਜਬੂਰੀਆਂ ਮਨੁੱਖ ਨੂੰ ਦਬੋਚ ਲੈਂਦੀਆਂ ਹਨ।

ਮੌਸਮ ਵਾਂਗ ਕੋਈ ਵੀ ਰਿਸ਼ਤਾ ਇਕਸਾਰ ਨਹੀਂ ਰਹਿੰਦਾ। ਜਦੋਂ ਮਨੁੱਖ ਬੀਤੇ ਹੋਏ ਜੀਵਨ 'ਤੇ ਦਾਰਸ਼ਨਿਕ ਅੱਖ ਨਾਲ ਪਿਛਲਝਾਤ ਮਾਰਦਾ ਹੈ ਤਾਂ ਉਹ ਉਦਾਸ ਹੋ ਜਾਂਦਾ ਹੈ, ਕਿਉਂਕਿ ਮਨੁੱਖ ਅਤੇ ਸਮਾਜ ਦਾ ਰਿਸ਼ਤਾ ਉਸ ਨੂੰ ਸੁਖਾਵਾਂ ਪ੍ਰਤੀਤ ਨਹੀਂ ਹੁੰਦਾ।

ਹਰ ਸਮਾਜ ਪ੍ਰੇਮੀਆਂ ਨੂੰ ਵੱਖਰੇ ਢੰਗ ਨਾਲ ਸਤਾਉਂਦਾ ਹੈ।

ਸਮਾਜ ਇਤਨੇ ਸ਼ਕਤੀਸ਼ਾਲੀ ਹੋ ਗਏ ਹਨ ਕਿ ਇਨ੍ਹਾਂ ਨਾਲ ਕੋਈ ਵੀ ਮਨੁੱਖ ਸੁਖਾਵਾਂ ਰਿਸ਼ਤਾ ਨਹੀਂ ਉਸਾਰ ਸਕਦਾ। ਸਮਾਜ ਸਦਾ ਸਥਿਰਤਾ ਉਤੇ ਬਲ ਦਿੰਦਾ ਹੈ, ਜਦੋਂ ਕਿ ਮਨੁੱਖ ਪਰਿਵਰਤਨ ਲਈ ਤਾਂਘਦਾ ਹੈ। ਵਿਦਿਆ ਦਾ ਉਦੇਸ਼ ਮਨੁੱਖ ਨੂੰ ਜਗਾਉਣਾ ਹੈ ਪਰ ਸਮਾਜ ਜਾਗੇ ਹੋਏ ਮਨੁੱਖ ਨੂੰ ਪ੍ਰਵਾਨ ਨਹੀਂ ਕਰਦਾ, ਸੋ ਸਥਿਰ ਸਮਾਜ ਅਤੇ ਪਰਿਵਰਤਨਸ਼ੀਲ ਵਿਅਕਤੀ ਇਕ-ਦੂਜੇ ਨੂੰ ਪ੍ਰਵਾਨ ਨਹੀਂ ਹੁੰਦੇ। ਇਹ ਸਥਿਤੀ ਹਿੰਸਾ ਅਤੇ ਗੜਬੜ ਨੂੰ ਜਨਮ ਦਿੰਦੀ ਹੈ। ਜਿਹੋ-ਜਿਹੇ ਅਸੀਂ ਅੰਦਰੋਂ ਹੁੰਦੇ ਹਾਂ, ਉਹੋ ਜਿਹਾ ਰੂਪ ਸਮਾਜ ਧਾਰ ਲੈਂਦਾ ਹੈ। ਹਿੰਸਾ, ਨਫ਼ਰਤ, ਸਾੜਾ, ਈਰਖਾ, ਵਿਰੋਧ ਆਦਿ ਸਾਡੇ ਅੰਦਰਲੇ ਦਾ ਬਾਹਰਲਾ ਪ੍ਰਗਟਾਵਾ ਹੁੰਦੇ ਹਨ। ਸਾਡੇ ਆਪਸੀ ਰਿਸ਼ਤੇ ਲਾਲਚ ਅਤੇ ਸੁਆਰਥ ਦੇ ਰਿਸ਼ਤੇ ਹੁੰਦੇ ਹਨ। ਜੇਕਰ ਇਹ ਰਿਸ਼ਤੇ ਪਿਆਰ ਉਤੇ ਆਧਾਰਤ ਹੁੰਦੇ ਤਾਂ ਸਮਾਜ ਵਿਚ ਸਦਭਾਵਨਾ, ਹਮਦਰਦੀ, ਸਨੇਹ, ਸਹਿਯੋਗ ਅਤੇ ਸ਼ਾਂਤੀ ਦਾ ਵਾਤਾਵਰਣ ਹੁੰਦਾ। ਲਾਲਚ ਅਤੇ ਸੁਆਰਥ ਦੂਜੇ ਨੂੰ ਨੀਵਾਂ ਵਿਖਾਉਣ ਦੀ ਬਿਰਤੀ ਸਿਰਜਦੇ ਹਨ, ਇਸ ਬਿਰਤੀ ਨਾਲ ਨਫ਼ਰਤ ਫੈਲਦੀ ਹੈ। ਨਫ਼ਰਤ ਦੀ ਇਹ ਭਾਵਨਾ ਸਾਨੂੰ ਆਪਣੇ ਘਰ ਦੀ ਉੱਚੀ ਚਾਰਦੀਵਾਰੀ ਉਸਾਰਨ, ਗਰਿਲਾਂ ਅਤੇ ਭਾਰੇ ਗੇਟ ਲਾਉਣ ਅਤੇ ਘਰਾਂ ਨੂੰ ਮੋਰਚਿਆਂ ਵਿਚ ਬਦਲਣ ਲਈ ਪ੍ਰੇਰਦੀ ਹੈ। ਅਸੀਂ ਰਿਸ਼ਤੇ ਇਸ ਲਈ ਉਸਾਰਦੇ ਹਾਂ ਤਾਂ ਜੋ ਦੂਜਿਆਂ ਦੀ ਨਫ਼ਰਤ ਦਾ ਮੁਕਾਬਲਾ ਕਰ ਸਕੀਏ ਅਤੇ ਜਿਹੜੇ ਸਾਡੇ ਲਾਲਚ ਅਤੇ ਸੁਆਰਥ-ਪੂਰਤੀ ਵਿਚ ਰੁਕਾਵਟ ਹੋਣ, ਉਨ੍ਹਾਂ ਨੂੰ ਭਰਪੂਰ ਨਫ਼ਰਤ ਕਰ ਸਕੀਏ।

ਜਿਸ ਦੇ ਦਿਲ ਵਿਚ ਪਿਆਰ ਹੈ, ਉਸ ਨੂੰ ਕੋਈ ਰਿਸ਼ਤਾ ਉਸਾਰਨ ਦਾ ਉਚੇਚ ਕਰਨ ਦੀ ਲੋੜ ਨਹੀਂ। ਜਿਸ ਸੰਸਾਰ, ਸਮਾਜ ਜਾਂ ਵਿਅਕਤੀ ਨੂੰ ਅਸੀਂ ਨਫ਼ਰਤ ਕਰਦੇ ਹਾਂ, ਉਸੇ ਤੋਂ ਸਾਨੂੰ ਭੈਅ ਅਤੇ ਖਤਰਾ ਮਹਿਸੂਸ ਹੁੰਦਾ ਹੈ। ਇਹੀ ਭਾਵਨਾ ਸਾਨੂੰ ਦੂਜਿਆਂ ਨਾਲ ਰਿਸ਼ਤਾ ਉਸਾਰ ਕੇ ਆਪਣੀ ਸ਼ਕਤੀ ਵਧਾਉਣ ਦੇ ਰਾਹ ਪਾਉਂਦੀ ਹੈ। ਸੰਸਾਰ ਸਾਡੀ ਹੋਂਦ ਨੂੰ ਮਿਟਾਉਣ 'ਤੇ ਤੁਲਿਆ ਹੋਇਆ ਹੈ ਪਰ ਅਸੀਂ ਵਿਆਹ ਰਾਹੀਂ, ਬੱਚੇ ਪੈਦਾ ਕਰਕੇ, ਉਨ੍ਹਾਂ ਰਾਹੀਂ ਆਪਣੇ ਅਮਰ ਹੋਣ ਦਾ ਉਪਰਾਲਾ ਕਰਦੇ ਹਾਂ।

ਸਮਾਜ ਨਾਲ ਵਿਅਕਤੀ ਦਾ ਰਿਸ਼ਤਾ ਸੁਖਾਵਾਂ ਨਹੀਂ ਹੋ ਸਕਦਾ।

ਸਮਾਜ ਨਿਘਰ ਰਿਹਾ ਹੈ। ਇਹ ਕੇਵਲ ਨਿਘਰ ਹੀ ਸਕਦਾ ਹੈ। ਇਹ ਹਜ਼ਾਰਾਂ ਸਾਲਾਂ ਤੋਂ ਨਿਘਰ ਰਿਹਾ ਹੈ। ਸੰਸਾਰ ਦੇ ਕਿਸੇ ਵੀ ਸਮਾਜ ਵਿਚ ਪਿਛਲੇ ਹਜ਼ਾਰਾਂ ਸਾਲਾਂ ਵਿਚ ਇਕ ਵਾਰ ਵੀ ਕਿਧਰੇ ਜ਼ਿਕਰ ਨਹੀਂ ਹੋਇਆ ਕਿ ਸਮਾਜ ਵਿਚ ਵਿਕਾਸ ਵਾਪਰ ਰਿਹਾ ਹੈ, ਚਰਚਾ ਸਮਾਜ ਦੇ ਸਦਾ ਨਿਘਰਨ ਦੀ ਹੀ ਹੋਈ ਹੈ। ਈਸਾ ਜਾਂ ਬੁੱਧ ਜਾਂ ਹਜ਼ਰਤ ਮੁਹੰਮਦ ਜਾਂ ਨਾਨਕ ਸਮਾਜ ਦੇ ਵਿਰੋਧ ਵਿਚ ਉਭਰ ਕੇ ਹੀ ਸਥਾਪਤ ਹੋਏ ਹਨ। ਵਿਅਕਤੀ ਵਿਚ ਸੁਧਰਨ ਦੀਆਂ ਸੰਭਾਵਨਾਵਾਂ ਹਨ, ਜਦੋਂ ਵੀ ਸੁਧਰਨਗੇ, ਵਿਅਕਤੀ ਹੀ ਸੁਧਰਨਗੇ, ਸਮਾਜ ਦੇ ਸੁਧਰਨ ਦੀ

ਨਾ ਕਦੇ ਸੰਭਾਵਨਾ ਸੀ ਅਤੇ ਨਾ ਕਦੇ ਹੋਵੇਗੀ। ਸਮਾਜ ਵਾਂਗ ਹੀ ਫਲਸਫ਼ੇ, ਵਿਚਾਧਾਰਾਵਾਂ, ਸਿਧਾਂਤ, ਧਰਮ ਆਦਿ ਵੇਖਣ ਨੂੰ ਭਾਵੇਂ ਇਹ ਲੋਕਾਂ ਨੂੰ ਜੋੜਦੇ ਹਨ ਪਰ ਵਾਸਤਵ ਵਿਚ ਇਹ ਨਫ਼ਰਤ ਫੈਲਾਉਂਦੇ ਹਨ। ਇਨ੍ਹਾਂ ਦੇ ਆਧਾਰ 'ਤੇ ਉਸਰੇ ਰਿਸ਼ਤੇ ਨਫ਼ਰਤ ਦੇ ਵਾਤਾਵਰਣ ਨੂੰ ਗੂੜ੍ਹਾ ਕਰਦੇ ਹਨ।

ਨਿਰਾਸ਼ਾ ਦੇ ਇਸ ਵਾਤਾਵਰਣ ਵਿਚ ਵਿਆਹ ਦਾ, ਪਤੀ-ਪਤਨੀ ਦਾ ਰਿਸ਼ਤਾ ਹੀ ਆਸ ਦੀ ਇਕ ਕਿਰਨ ਵਿਖਾਈ ਦਿੰਦਾ ਹੈ। ਇਹ ਰਿਸ਼ਤਾ ਸਭ ਪ੍ਰਕਾਰ ਦੀ ਉਥਲ-ਪੁਥਲ, ਜੁੱਗਗਰਦੀ, ਹਨੇਰਗਰਦੀ ਤੇ ਬੇਈਮਾਨੀ ਨੂੰ ਸਹਿੰਦਾ ਹੋਇਆ ਸਭ ਪ੍ਰਕਾਰ ਦੀਆਂ ਜੰਗਾਂ-ਯੁੱਧਾਂ ਅਤੇ ਘੱਲੂਘਾਰਿਆਂ ਵਿਚੋਂ ਸਬੂਤਾ ਲੰਘਿਆ ਹੈ।

ਇਸ ਰਿਸ਼ਤੇ ਨੂੰ ਇਸਤਰੀ ਦਾ ਹੁੰਗਾਰਾ ਪ੍ਰਾਪਤ ਹੈ, ਇਸੇ ਲਈ ਇਹ ਜੀਵਤ ਹੈ।

ਉਹ ਕਿਹੜਾ ਭੈੜਾ ਕੰਮ ਹੈ, ਜਿਹੜਾ ਪੁਰਸ਼ ਨੇ ਨਹੀਂ ਕੀਤਾ? ਉਹ ਕਿਹੜਾ ਤਸੀਹਾ ਹੈ, ਜਿਹੜਾ ਇਸਤਰੀ ਨੂੰ ਨਹੀਂ ਸਹਿਣਾ ਪਿਆ? ਰਾਤ ਦੇ ਹਨੇਰੇ ਵਿਚ ਸਿਧਾਰਥ ਦਾ ਨੱਸ ਕੇ ਜਾਣਾ ਵੀ ਉਸ ਦੀ ਇਕ ਨਿਰਬਲਤਾ ਸੀ। ਉਹ ਆਪ ਕਮਜ਼ੋਰ ਸੀ ਪਰ ਆਪਣੀ ਕਮਜ਼ੋਰੀ ਮੰਨਣ ਦੀ ਥਾਂ ਉਸ ਨੇ ਪਤਨੀ ਅਤੇ ਬੱਚੇ ਨੂੰ ਰੁਕਾਵਟਾਂ ਦੀ ਦ੍ਰਿਸ਼ਟੀ ਨਾਲ ਹੀ ਵੇਖਿਆ।

ਨਰ-ਸਭਿਅਤਾ ਹਿੰਸਾ, ਜੰਗ, ਹੰਕਾਰ ਅਤੇ ਰਾਜਨੀਤੀ ਵਿਚ ਗਰਕ ਰਹੀ ਹੈ।

ਅਜੋਕਾ ਪੁਰਸ਼ ਵਿਆਹ ਅਤੇ ਪਰਿਵਾਰ ਦੇ ਵਿਰੋਧ ਵਿਚ ਵਿਚਰ ਰਿਹਾ ਹੈ।

ਇਸਤਰੀਆਂ ਉਤੇ ਜੀਵਨ ਦਾ ਬੋਝ ਵੱਧ ਰਿਹਾ ਹੈ।

ਵਿਆਹ ਅਤੇ ਪਰਿਵਾਰਕ ਰਿਸ਼ਤਿਆਂ ਸੰਬੰਧੀ ਇਹ ਜਾਣਨਾ ਬੜਾ ਜ਼ਰੂਰੀ ਹੈ ਕਿ ਪੂਰਨਤਾ ਕਦੇ ਨਾ ਪ੍ਰਾਪਤ ਹੋਈ ਹੈ, ਨਾ ਹੀ ਕਦੇ ਹੋ ਸਕਦੀ ਹੈ।

ਇਸ ਸੋਝੀ ਵਿਚੋਂ ਹੀ ਸਮਝੌਤੇ ਦੀ ਬਿਰਤੀ ਉਪਜਦੀ ਹੈ।

ਇਸਤਰੀ ਅਤੇ ਪੁਰਸ਼ ਵੱਖਰੀਆਂ ਸੋਚਾਂ, ਦ੍ਰਿਸ਼ਟੀਕੋਣਾਂ ਅਤੇ ਭਾਵਨਾਵਾਂ ਦੇ ਆਹਮੋ-ਸਾਹਮਣੇ ਕਿਨਾਰਿਆਂ 'ਤੇ ਖਲੋਤੇ ਹੋਏ ਹਨ ਅਤੇ ਤੈਰਨਾ ਕਿਸੇ ਨੂੰ ਵੀ ਨਹੀਂ ਆਉਂਦਾ।

ਇਸਤਰੀ ਦਾ ਸੁਭਾਅ ਪ੍ਰੇਮ-ਮੁਖ ਹੈ, ਜਦੋਂ ਕਿ ਪੁਰਸ਼ ਆਰਥਿਕ ਦੁਨੀਆਂ ਨਾਲ ਬੱਝਾ ਹੋਇਆ ਹੈ। ਜੇ ਦੋਵੇਂ ਵੱਖਰੇ-ਵੱਖਰੇ ਸਿਧਾਂਤਾਂ ਨਾਲ ਜੁੜੇ ਹੋਏ ਹੋਣ ਤਾਂ ਪੁਰਸ਼ ਅਕਸਰ ਘਰ ਤਿਆਗ ਦੇਵੇਗਾ, ਸਿਧਾਂਤ ਨਹੀਂ ਛੱਡੇਗਾ, ਜਦੋਂ ਕਿ ਇਸਤਰੀ ਪਰਿਵਾਰ ਅਤੇ ਵਿਆਹ ਬਣਾਈ ਰੱਖਣ ਲਈ ਸਿਧਾਂਤ ਤਿਆਗ ਦੇਵੇਗੀ, ਘਰ ਨਹੀਂ ਛੱਡੇਗੀ।

ਇਸਤਰੀ-ਪੁਰਸ਼ ਦੋਹਾਂ ਦੀ ਪਹਿਲ-ਦੂਜ ਵੱਖਰੀ-ਵੱਖਰੀ ਹੁੰਦੀ ਹੈ।

ਵਿਆਹ ਭਾਵੇਂ ਕਿਤਨੇ ਹੀ ਚਾਵਾਂ ਅਤੇ ਉਮੀਦਾਂ ਨਾਲ ਕੀਤਾ ਜਾਵੇ, ਇਸਤਰੀ ਪੁਰਸ਼ ਦੇ ਸੁਭਾਅ ਵਿਚ ਵੱਖਰੇਵਾਂ ਬਣਿਆ ਰਹਿੰਦਾ ਹੈ।

ਉਹ ਇਕ-ਦੂਜੇ ਦੇ ਪੂਰੀ ਤਰ੍ਹਾਂ ਮੁਸ਼ਕਿਲ ਨਾਲ ਹੀ ਮੇਚ ਆਉਂਦੇ ਹਨ।

ਪਹਿਲੀਆਂ ਰਾਤਾਂ ਦੀ ਖੁਮਾਰੀ ਵਿਚ ਇਸਤਰੀ ਅਤੇ ਪੁਰਸ਼ ਦੋਵੇਂ ਆਪਣੀਆਂ ਸਾਰੀਆਂ ਮੁਸ਼ਕਿਲਾਂ ਭੁੱਲ ਜਾਂਦੇ ਹਨ। ਪੁਰਸ਼ ਆਪਣੇ ਮਿੱਤਰਾਂ ਨੂੰ, ਕੰਮ-ਧੰਦੇ ਨੂੰ ਭੁੱਲ ਜਾਂਦਾ ਹੈ, ਇਸਤਰੀ ਆਪਣੀਆਂ ਨਿੱਜੀ ਰੁਚੀਆਂ ਨੂੰ ਭੁੱਲ ਜਾਂਦੀ ਹੈ। ਦੋਹਾਂ ਨੂੰ ਲਗਦਾ ਹੈ, ਪ੍ਰੇਮ ਨੇ ਉਨ੍ਹਾਂ ਨੂੰ ਖੰਭ

ਲਾ ਦਿੱਤੇ ਹਨ। ਹੌਲ-ਹੌਲੀ ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਹੋਰ ਲੋਕ ਵਿਖਾਈ ਦੇਣ ਲੱਗ ਪੈਂਦੇ ਹਨ, ਪੁਰਸ਼ ਨੂੰ ਆਪਣੇ ਕੰਮ ਯਾਦ ਆਉਣ ਲੱਗ ਪੈਂਦੇ ਹਨ, ਕਈ ਇਨ੍ਹਾਂ ਮੁੱਢਲੇ ਦਿਨਾਂ ਵਿਚ ਹੀ ਥੱਕ ਜਾਂਦੇ ਹਨ। ਕਈ ਵਾਪਸ ਹੀ ਮੁੜ ਜਾਂਦੇ ਹਨ। ਕਈ ਓਪਰੇ-ਓਪਰੇ ਸਨੇਹ ਨਾਲ ਡੰਗ ਲੰਘਾਈ ਜਾਂਦੇ ਹਨ। ਦੋਵੇਂ ਨਫ਼ੇ-ਨੁਕਸਾਨ ਦਾ ਹਿਸਾਬ ਲਾਉਣ ਲੱਗ ਪੈਂਦੇ ਹਨ।

ਜਿਨ੍ਹਾਂ ਸਮਾਜਾਂ ਵਿਚ ਤਲਾਕ ਸੌਖੇ ਹਨ ਉਥੇ ਸਹਿਣਸ਼ੀਲਤਾ ਦੀ ਘਾਟ ਹੈ। ਅਜਿਹੇ ਸਮਾਜਾਂ ਵਿਚ ਵਿਆਹ ਨੂੰ ਸੁੱਖ-ਦੁੱਖ ਵੰਡਾਉਣ ਦੇ ਅਵਸਰ ਵਜੋਂ ਨਹੀਂ ਲਿਆ ਜਾਂਦਾ। ਅਜਿਹੇ ਸਮਾਜਾਂ ਵਿਚ ਪਤੀ-ਪਤਨੀ ਪਹਿਲੇ ਹੀ ਮਤਭੇਦ ਨਾਲ ਵੱਖ ਹੋ ਜਾਂਦੇ ਹਨ

ਵਿਆਹ ਹੀ ਇਕ ਅਜਿਹਾ ਰਿਸ਼ਤਾ ਹੈ ਜੋ ਸਮੇਂ ਦੇ ਬੀਤਣ ਨਾਲ ਪੱਕਾ ਹੁੰਦਾ ਜਾਂਦਾ ਹੈ, ਬਾਕੀ ਸਾਰੇ ਰਿਸ਼ਤੇ ਸਮੇਂ ਨਾਲ ਆਪਣੀ ਚਮਕ ਗੁਆ ਦਿੰਦੇ ਹਨ ਪਰ ਹੁਣ ਵਿਆਹ ਦੇ ਰਿਸ਼ਤੇ ਵੀ ਤਿੜ੍ਹਕਣ ਲੱਗ ਪਏ ਹਨ।

ਅਜੋਕੇ ਸਮਾਜ ਵਿਚ, ਕਿਸੇ ਵੀ ਪੱਧਰ ਉੱਤੇ, ਕਿਸੇ ਵੀ ਦੋ ਵਿਅਕਤੀਆਂ ਦਾ, ਕਿਸੇ ਪ੍ਰਕਾਰ ਦੇ ਸੁਖਾਵੇਂ ਰਿਸ਼ਤੇ ਵਿਚ ਵਿਚਰਨਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਰਿਸ਼ਤਿਆਂ ਦੇ ਸਾਰੇ ਪੁਲ ਟੁੱਟਦੇ ਜਾ ਰਹੇ ਹਨ ਅਤੇ ਮਨੁੱਖਾਂ ਵਿਚ ਸਾਂਝ ਮੁੱਕਦੀ ਜਾ ਰਹੀ ਹੈ।

ਵਿਜੋਗੇ ਹੋਏ ਅਜੋਕੇ ਮਨੁੱਖ ਦੀ ਭਟਕਣ ਨਿਰੰਤਰ ਵੱਧ ਰਹੀ ਹੈ।

ਸੁਖਾਵੇਂ ਅਤੇ ਮਿਲਵਰਤਣ ਵਾਲੇ ਰਿਸ਼ਤਿਆਂ ਤੋਂ ਬਿਨਾਂ ਮਨੁੱਖ ਦੀ ਹਰ ਪ੍ਰਾਪਤੀ ਉਸ ਨੂੰ ਨਿਰਾਸ਼, ਉਦਾਸ ਅਤੇ ਪ੍ਰੇਸ਼ਾਨ ਕਰੇਗੀ।

ਟੁੱਟੇ ਹੋਏ ਪੁਲਾਂ ਤੋਂ ਆਵਾਜਾਈ ਨਹੀਂ ਲੰਘਦੀ।

ਨਿਰਾਸ਼ ਮਨੁੱਖ, ਸੁਖਾਵੇਂ ਸਮਾਜ ਦਾ ਨਿਰਮਾਣ ਨਹੀਂ ਕਰ ਸਕਦੇ।

ਧੰਨਵਾਦ ਦੇ ਹੁਲਾਰੇ ਵਿਚ...

ਸਮਾਜ ਤੋਂ ਸਾਨੂੰ ਜੋ ਕੁਝ ਮਿਲਦਾ ਹੈ, ਉਹ ਸਾਡੀ ਯੋਗਤਾ ਤੋਂ ਹਮੇਸ਼ਾ ਵਧੇਰੇ ਹੁੰਦਾ ਹੈ ਪਰ ਧੰਨਵਾਦ ਕਰਨ ਦੀ ਸਮਰੱਥਾ ਨਾ ਹੋਣ ਕਾਰਨ ਅਸੀਂ ਆਪਣੇ ਜੀਵਨ-ਕਾਲ ਦੌਰਾਨ ਆਪਣੀਆਂ ਪ੍ਰਾਪਤੀਆਂ ਤੋਂ ਸੰਤੁਸ਼ਟ ਨਹੀਂ ਹੁੰਦੇ।

ਜੋ ਕੁਝ ਸਮਾਜ ਤੋਂ ਪ੍ਰਾਪਤ ਹੋਇਆ ਹੈ, ਜੇ ਉਸ ਦੇ ਯੋਗ ਬਣਨ ਦਾ ਯਤਨ ਕਰਾਂਗੇ ਤਾਂ ਅਸੀਂ ਕਦੇ ਵੀ ਥੱਕਾਂਗੇ ਨਹੀਂ।

ਜੇ ਤੁਸੀਂ ਆਪਣੇ ਆਲੇ-ਦੁਆਲੇ ਨੂੰ, ਸਮਾਜ ਅਤੇ ਕੁਦਰਤ ਨੂੰ, ਧੰਨਵਾਦ ਦੀ ਨਜ਼ਰ ਨਾਲ ਵੇਖੋਗੇ ਤਾਂ ਕਦੇ ਨਿਰਾਸ਼ ਨਹੀਂ ਹੋਵੋਗੇ।

ਧੰਨਵਾਦ ਕੁਝ ਮੁੱਲਵਾਨ ਜਾਂ ਮਹੱਤਵਪੂਰਨ ਪ੍ਰਾਪਤ ਕਰ ਲੈਣ ਦਾ ਪ੍ਰਮਾਣ ਹੁੰਦਾ ਹੈ, ਜਿਵੇਂ ਮੁਸਕਰਾਹਟ ਕਿਸੇ ਨੂੰ ਪਛਾਣ ਲੈਣ ਦਾ ਸਬੂਤ ਹੁੰਦੀ ਹੈ, ਜਿਵੇਂ ਹਾਸਾ ਕਿਸੇ ਗੱਲ ਦੇ ਸਮਝ ਆ ਜਾਣ ਦਾ ਐਲਾਨ ਹੁੰਦਾ ਹੈ।

ਧੰਨਵਾਦ ਦੀ ਭਾਵਨਾ ਹਰ ਚੀਜ਼ ਨੂੰ ਸੁੰਦਰ ਬਣਾ ਦਿੰਦੀ ਹੈ, ਜਦੋਂ ਕਿ ਲਾਪ੍ਰਵਾਹੀ ਦਾ ਭਾਵ, ਹਰ ਮਹੱਤਵਪੂਰਨ ਚੀਜ਼ ਜਾਂ ਵਰਤਾਰੇ ਨੂੰ ਅਰਥਹੀਣ ਕਰ ਦਿੰਦਾ ਹੈ।

ਰੱਬ ਸੰਸਾਰ ਪ੍ਰਤੀ ਲਾਪ੍ਰਵਾਹ ਹੋ ਹੀ ਨਹੀਂ ਸਕਦਾ।

ਸਾਰੇ ਧਰਮ, ਰੱਬ ਪ੍ਰਤੀ ਧੰਨਵਾਦ ਦੀ ਭਾਵਨਾ ਦਾ ਪ੍ਰਗਟਾਵਾ ਹਨ।

ਕਿਸੇ ਨੇ ਕਿਹਾ ਸੀ ਕਿ ਤੁਸੀਂ ਹੀ ਰੱਬ ਨੂੰ ਪਿਆਰ ਨਾ ਕਰੋ, ਤੁਸੀਂ ਹੀ ਰੱਬ ਦਾ ਧੰਨਵਾਦ ਨਾ ਕਰੋ, ਸਗੋਂ ਅਜਿਹੇ ਬਣੋ ਕਿ ਰੱਬ ਤੁਹਾਨੂੰ ਪਿਆਰ ਕਰਨ ਲਗ ਪਵੇ, ਰੱਬ ਤੁਹਾਨੂੰ ਅਪਣਾ ਲਵੇ, ਰੱਬ ਤੁਹਾਡਾ ਧੰਨਵਾਦ ਕਰੇ।

ਜੇ ਵਿਸ਼ਾਲ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਨਾਨਕ ਨੇ, ਰੱਬ ਨੂੰ ਉਤਨਾ ਪਿਆਰ ਨਹੀਂ ਕੀਤਾ, ਜਿਤਨਾ ਰੱਬ ਨੇ ਨਾਨਕ ਨੂੰ ਕੀਤਾ ਹੈ।

ਜਿਸ ਨੂੰ ਨਾਨਕ ਪਿਆਰ ਕਰਦੇ ਹਨ, ਉਹ ਰੱਬ ਹੋ ਜਾਂਦਾ ਹੈ, ਜਿਸ ਨੂੰ ਰੱਬ ਪਿਆਰ ਕਰਦਾ ਹੈ, ਉਹ ਨਾਨਕ ਹੋ ਜਾਂਦੇ ਹਨ।

ਹਰ ਅਰਦਾਸ ਧੰਨਵਾਦ ਦੀ ਭਾਵਨਾ ਵਿਚੋਂ ਉਪਜਦੀ ਹੈ।

ਅਰਦਾਸ ਵਿਚ ਸਿਰ ਝੁਕਦਾ ਹੀ ਤਾਂ ਹੈ, ਜਦੋਂ ਰੱਬ ਦੀ ਦਹਿਲੀਜ਼ ਦਿਸਦੀ ਹੈ। ਜਦੋਂ ਉਸ ਦੀ ਦਹਿਲੀਜ਼ ਦਿਸ ਪਵੇ ਤਾਂ ਹਰ ਅਦਾ ਹੀ ਅਰਦਾਸ ਬਣ ਜਾਂਦੀ ਹੈ। ਅਜਿਹੀ ਅਵਸਥਾਂ ਵਿਚ ਹਰ ਦਰਖਤ ਵਿਚੋਂ, ਹਰ ਝਾੜੀ ਵਿਚੋਂ, ਹਰ ਬੱਦਲ ਵਿਚੋਂ, ਹਵਾਵਾਂ ਵਿਚੋਂ, ਹਰ ਕਿਸੇ ਵਿਚੋਂ ਉਹ ਵਿਖਾਈ ਦੇਣ ਲੱਗ ਪੈਂਦਾ ਹੈ।

ਜੀਵਨ ਸਮੁੱਚੀ ਮਾਨਵਜਾਤੀ ਦਾ ਸਾਂਝਾ ਸੁਪਨਾ ਹੈ। ਮਨੁੱਖ, ਇਨਸਾਨ ਉਦੋਂ ਬਣਦਾ

ਹੈ, ਜਦੋਂ ਉਹ ਪਹਾੜਾਂ, ਖੇਤਾਂ, ਮੈਦਾਨਾਂ, ਦਰਿਆਵਾਂ, ਸੂਰਜ ਅਤੇ ਤਾਰਿਆਂ ਨੂੰ ਵਿਸ਼ਵਾਸ ਅਤੇ ਧੰਨਵਾਦ ਦੀ ਭਾਵਨਾ ਨਾਲ ਵੇਖਦਾ ਹੈ।

ਅਸੀਂ ਜੋ ਕੁਝ ਹਾਂ, ਉਹ ਜੋ ਕੁਝ ਅਸੀਂ ਸੋਚ ਚੁੱਕੇ ਹਾਂ, ਉਸ ਦਾ ਨਤੀਜਾ ਹਾਂ। ਜੇ ਤੁਸੀਂ ਸਭ ਕੁਝ ਜਾਣਦੇ ਹੋ ਤਾਂ ਹੈਰਾਨ ਹੋਣ ਦੀ ਪ੍ਰਸੰਨਤਾ ਨਹੀਂ ਮਾਣ ਸਕੋਗੇ, ਤੁਹਾਡੇ ਵਿਚ ਧੰਨਵਾਦ ਕਰਨ ਦੀ ਬਿਰਤੀ ਨਹੀਂ ਹੋਵੇਗੀ।

ਧੰਨਵਾਦ ਦੀ ਭਾਵਨਾ ਤੋਂ ਬਿਨਾਂ ਜੀਵਨ ਦੇ ਕਿਸੇ ਵੀ ਖੇਤਰ ਵਿਚ ਜਿੱਤ ਅਤੇ ਹਾਰ ਦੋਵੇਂ ਨਿਰਾਸ਼ ਕਰਦੀਆਂ ਹਨ।

ਉਦਾਸ ਅਤੇ ਨਿਰਾਸ਼ ਵਿਅਕਤੀ ਬੀਮਾਰੀਆਂ ਨੂੰ ਜਲਦੀ ਗ੍ਰਹਿਣ ਕਰਦਾ ਹੈ।

ਬੀਮਾਰੀ ਕੋਈ ਵੀ ਹੋਵੇ ਅਸੀਂ ਉਦੋਂ ਤਕ ਅਰੋਗ ਨਹੀਂ ਹੋ ਸਕਦੇ ਜਦੋਂ ਤਕ ਅਸੀਂ ਆਪਣੇ ਆਪ ਨਾਲ ਇਕਸੁਰ ਹੋਣ ਲਈ ਗੁੱਸੇ ਨੂੰ ਮੁਆਫ਼ੀ ਨਾਲ, ਹੰਕਾਰ ਨੂੰ ਸੰਜਮ ਨਾਲ, ਪਖੰਡ ਨੂੰ ਸਾਦਗੀ ਨਾਲ ਅਤੇ ਲਾਲਚ ਨੂੰ ਸੰਤੋਖ ਨਾਲ ਜਿੱਤ ਨਾ ਲਈਏ। ਜਿੱਤਣ ਦਾ ਗੁਣ ਅਤੇ ਹੌਸਲਾ ਉਦੋਂ ਤਕ ਨਹੀਂ ਉਪਜੇਗਾ ਜਦੋਂ ਤਕ ਸਾਡੇ ਵਿਚ ਕੁਦਰਤ ਪ੍ਰਤੀ ਧੰਨਵਾਦ ਦੀ ਭਾਵਨਾ ਨਹੀਂ ਉਪਜਦੀ।

ਵੇਖਿਆ ਗਿਆ ਹੈ ਕਿ ਅਸੀਂ ਅਸ਼ਾਂਤ ਹੋਣ ਕਾਰਨ ਹੀ ਇੱਛਾਵਾਂ ਕਰਦੇ ਹਾਂ ਅਤੇ ਇੱਛਾਵਾਂ ਕਾਰਨ ਹੀ ਅਸ਼ਾਂਤ ਹੁੰਦੇ ਹਾਂ।

ਸਾਡੀਆਂ ਸਾਰੀਆਂ ਇੱਛਾਵਾਂ ਸਰੀਰ ਨਾਲ ਸੰਬੰਧ ਰੱਖਦੀਆਂ ਹਨ, ਜਦੋਂ ਕਿ ਆਤਮਾ ਦੀ ਕੋਈ ਇੱਛਾ ਨਹੀਂ ਹੁੰਦੀ।

ਸਰੀਰ ਅਤੇ ਮਨ ਪ੍ਰੇਸ਼ਾਨ ਅਤੇ ਅਸ਼ਾਂਤ ਉਦੋਂ ਹੁੰਦਾ ਹੈ, ਜਦੋਂ ਇਹ ਪ੍ਰੇਮ ਕਰਨ ਦੀ ਥਾਂ ਪ੍ਰੇਮ ਦੀ ਪ੍ਰਾਪਤੀ ਲਈ ਤਾਂਘਦਾ ਹੈ।

ਪ੍ਰੇਮ ਦੀ ਵਿਆਕਰਣ ਦਾ ਪਹਿਲਾ ਨੇਮ ਇਹ ਹੈ ਕਿ ਦੂਜਿਆਂ ਨੂੰ ਪਿਆਰ ਕੀਤਿਆਂ ਹੀ, ਉਨ੍ਹਾਂ ਤੋਂ ਪਿਆਰ ਮਿਲਦਾ ਹੈ।

ਪ੍ਰੇਮ ਦੀ ਘੜੀ ਵਿਚ ਭੁੱਖ ਮਿਟ ਜਾਂਦੀ ਹੈ। ਪ੍ਰੇਮ ਦੀ ਅਣਹੋਂਦ ਕਾਰਨ ਹੀ ਮਨੁੱਖ ਜ਼ਿੰਦਗੀ ਭਰ ਭੋਜਨ ਤਬਾਹ ਕਰਦੇ ਰਹਿੰਦੇ ਹਨ। ਜਿਹੜੀ ਮਾਂ ਬੱਚੇ ਨੂੰ ਬਹੁਤ ਪ੍ਰੇਮ ਕਰਦੀ ਹੈ, ਉਹ ਬੱਚਾ ਘੱਟ ਦੁੱਧ ਪੀਂਦਾ ਹੈ। ਉਸ ਨੂੰ ਪਤਾ ਹੈ ਕਿ ਦੁੱਧ ਕਦੇ ਵੀ ਪੀਤਾ ਜਾ ਸਕਦਾ ਹੈ, ਅਜਿਹੇ ਬੱਚੇ ਨੂੰ ਭਵਿੱਖ ਦਾ ਕੋਈ ਭੈਅ ਨਹੀਂ ਹੁੰਦਾ।

ਜਿਸ ਬੱਚੇ ਨੂੰ ਮਾਂ ਪ੍ਰੇਮ ਨਹੀਂ ਕਰਦੀ, ਉਹ ਰੱਜ ਕੇ ਵੀ ਰੋਂਦਾ ਰਹੇਗਾ, ਉਹ ਵੱਧ ਦੁੱਧ ਪੀਵੇਗਾ। ਉਸ ਨੂੰ ਭਵਿੱਖ ਦਾ ਭਰੋਸਾ ਨਹੀਂ ਹੁੰਦਾ।

ਪ੍ਰੇਮ ਅਤੇ ਦੁੱਧ ਨਾਲ ਰੱਜੇ ਬੱਚੇ ਦੇ ਸਮੁੱਚੇ ਮਨ ਅਤੇ ਸਰੀਰ ਵਿਚੋਂ, ਮੁਸਕਰਾਹਟ ਦੇ ਰੂਪ ਵਿਚ ਧੰਨਵਾਦ ਦਾ ਪ੍ਰਗਟਾਵਾ ਹੁੰਦਾ ਹੈ।

ਸ਼ਿਕਾਇਤੀ ਬਿਰਤੀ ਧੰਨਵਾਦ ਦੀ ਵਿਰੋਧੀ ਬਿਰਤੀ ਹੈ।

ਸ਼ਿਕਾਇਤ ਲਾਉਣ ਵਾਲਿਆਂ ਨੇ ਨਾ ਈਸਾ ਨੂੰ ਛੱਡਿਆ, ਨਾ ਸੁਕਰਾਤ ਨੂੰ ਬਖਸ਼ਿਆ, ਨਾ ਮਨਸੂਰ ਨੂੰ ਰਹਿਣ ਦਿੱਤਾ। ਸ਼ਿਕਾਇਤ ਲਾਉਣ ਵਾਲੇ ਤਾਂ ਭਾਈ ਘਨਈਏ ਦੀ ਵੀ ਸ਼ਿਕਾਇਤ ਲਾ ਗਏ ਪਰ ਭਾਈ ਘਨਈਏ ਨੇ ਇਨ੍ਹਾਂ ਸ਼ਿਕਾਇਤੀਆਂ ਪ੍ਰਤੀ ਵੀ ਧੰਨਵਾਦ ਭਰੇ ਅੰਦਾਜ਼ ਵਿਚ ਕਿਹਾ ਸੀ: ਮੇਰੇ ਪਾਤਸ਼ਾਹ! ਸਾਰੇ ਮੈਦਾਨ ਅੰਦਰ ਤੇਥੋਂ ਇਲਾਵਾ ਕੋਈ ਨਜ਼ਰ

ਆਇਆ ਹੀ ਨਹੀਂ। ਜਿਥੇ ਚੋਇਆ ਪਾਣੀ, ਤੇਰਾ ਮੂੰਹ ਦਿੱਸਿਆ, ਕਿਸੇ ਗੈਰ ਦੇ ਮੂੰਹ ਵਿਚ ਪਾਣੀ ਪਾਇਆ ਹੀ ਨਹੀਂ। ਤੁਹਾਡਾ ਦੱਸਿਆ ਤੁਹਾਨੂੰ ਕੀ ਦੱਸਾਂ, ਤੁਸੀਂ ਦੂਈ ਦਾ ਪਾਠ ਪੜ੍ਹਾਇਆ ਹੀ ਨਹੀਂ।

ਜਿਤਨੇ ਕਿਸੇ ਦੇ ਵਧੇਰੇ ਦੋਸਤ ਹੋਣਗੇ, ਜਾਣੂ ਅਤੇ ਸ਼ੁਭ-ਚਿੰਤਕ ਹੋਣਗੇ, ਉਤਨਾ ਹੀ ਉਸ ਲਈ ਸੰਕੀਰਣ, ਹੋਛਾ ਅਤੇ ਕਮੀਨਾ ਬਣਨਾ ਔਖਾ ਹੋ ਜਾਵੇਗਾ।

ਜੇ ਨੀਅਤ ਠੀਕ ਹੋਵੇ ਤਾਂ ਪਹੁੰਚਣ ਵਾਲੇ ਮੰਜ਼ਲ ਵੱਲ ਪਿੱਠ ਕਰ ਕੇ ਵੀ ਪਹੁੰਚ ਜਾਂਦੇ ਹਨ। ਜੇ ਤੁਹਾਡੇ ਵਿਚ ਧੰਨਵਾਦ ਕਰਨ ਦੀ ਬਿਰਤੀ ਹੈ ਤਾਂ ਤੁਹਾਨੂੰ ਧੰਨਵਾਦ ਕਰਨ ਦੇ ਅਵਸਰਾਂ ਦੀ ਥੁੜ੍ਹ ਨਹੀਂ ਹੋਵੇਗੀ, ਕਿਉਂਕਿ ਇਹ ਕੁਦਰਤ ਦਾ ਅਸੂਲ ਹੈ ਕਿ ਜੇ ਲੰਗਰ ਛਕਣ ਵਾਲੀ ਸੰਗਤ ਅਤੁੱਟ ਹੋ ਹੋਵੇਗੀ ਤਾਂ ਲੰਗਰ ਵੀ ਅਤੁੱਟ ਹੋ ਜਾਵੇਗਾ।

ਸੰਸਾਰ ਦੀ ਹਰ ਚੀਜ਼ ਅਧੂਰੀ ਹੈ।

ਸੰਸਾਰ ਸੁੰਦਰ ਹੀ ਤਾਂ ਹੈ ਕਿਉਂਕਿ ਇਹ ਸੰਪੂਰਣ ਨਹੀਂ। ਜਗਤ-ਤਮਾਸ਼ਾ ਦਿਲਚਸਪ ਹੀ ਤਾਂ ਹੈ, ਕਿਉਂਕਿ ਇਹ ਅਧੂਰੇ ਬੰਦਿਆਂ ਦਾ ਨਾਟਕ ਹੈ। ਧਰਤੀ ਨੂੰ ਸੂਰਜ ਦੀ ਲੋੜ ਹੈ, ਪਰ ਧਰਤੀ ਨੂੰ ਸੂਰਜ ਦੀ ਧਰਤੀ ਤੋਂ ਦੂਰੀ ਦੀ ਵੀ ਲੋੜ ਹੈ। ਸੰਸਾਰ ਦੀ ਹਰ ਚੀਜ਼ ਵਿਚ ਤਰੇੜ ਹੈ ਪਰ ਰੋਸ਼ਨੀ ਇਸ ਤਰੇੜ ਰਾਹੀਂ ਹੀ ਆਉਂਦੀ ਹੈ। ਬੂਹੇ, ਬਾਰੀਆਂ, ਰੋਸ਼ਨਦਾਨ ਆਦਿ ਕੰਧਾਂ ਵਿਚ ਵਿਉਂਤੀਆਂ ਹੋਈਆਂ ਤਰੇੜਾਂ ਹਨ।

ਧੰਨਵਾਦ ਕਰਨ ਦੀ ਬਿਰਤੀ ਹੋਵੇ ਸਹੀ, ਕੁਦਰਤ ਤੁਹਾਨੂੰ ਥੱਕਣ ਨਹੀਂ ਦੇਵੇਗੀ।

ਤੁਹਾਨੂੰ ਕਦਮ-ਕਦਮ 'ਤੇ ਦੌਲਤਾਂ ਵਿਛੀਆਂ ਨਜ਼ਰ ਆਉਣਗੀਆਂ।

ਮੇਰੇ ਇਕ ਮਿੱਤਰ ਹਨ, ਜਿਨ੍ਹਾਂ ਦੀ ਸ਼ਿਕਾਇਤਾਂ-ਗਿੱਲੇ-ਸ਼ਿਕਵਿਆਂ ਦੀ ਸੂਚੀ ਕੁਝ ਵਧੇਰੇ ਹੀ ਲੰਮੀ ਹੈ। ਇਕ ਵਾਰੀ ਉਹ ਕਹਿਣ ਲੱਗੇ : ਬਹੁਤ ਉਦਾਸ ਹਾਂ, ਮੇਰੇ ਕੋਲ ਕੋਈ ਪੂੰਜੀ ਨਹੀਂ, ਮਰ ਜਾਣ ਬਾਰੇ ਸੋਚਦਾ ਹਾਂ। ਇਕ ਹੋਰ ਮਿੱਤਰ ਨੇ ਕਿਹਾ ਕਿ ਤੁਸੀਂ ਚੰਗੇ-ਭਲੇ ਹੋ, ਆਪਣਾ ਇਕ ਗੁਰਦਾ ਵੇਚ ਦਿਓ, ਜਿਤਨੀ ਪੂੰਜੀ ਤੁਹਾਨੂੰ ਚਾਹੀਦੀ ਹੈ, ਉਸ ਨਾਲੋਂ ਦੁੱਗਣੀ ਮਿਲ ਜਾਵੇਗੀ, ਤੁਹਾਡਾ ਇਕ ਗੁਰਦੇ ਨਾਲ ਸਰੀਰ ਠੀਕ ਚਲਦਾ ਰਹੇਗਾ, ਜੇ ਹੋਰ ਪੂੰਜੀ ਚਾਹੀਦੀ ਹੈ ਤਾਂ ਆਪਣੀ ਇਕ ਅੱਖ ਵੇਚ ਦਿਓ।

ਧਿਆਨ ਨਾਲ ਦੇਖੋ ਤਾਂ ਕੁਦਰਤ ਨੇ ਤੁਹਾਨੂੰ ਕਿਤਨੀਆਂ ਮਹਿੰਗੀਆਂ ਚੀਜ਼ਾਂ ਮੁਫ਼ਤ ਵਿਚ ਦਿੱਤੀਆਂ ਹੋਈਆਂ ਹਨ ਪਰ ਕਿਉਂਕਿ ਤੁਹਾਡੇ ਵਿਚ ਸ਼ਿਕਾਇਤਾਂ ਕਰਨ ਦੀ ਬਿਰਤੀ ਹੈ, ਧੰਨਵਾਦ ਦੀ ਭਾਵਨਾ ਨਹੀਂ, ਸੋ ਤੁਸੀਂ ਸਫ਼ਲ ਨਹੀਂ ਹੋ ਰਹੇ।

ਤੁਸੀਂ ਉਤਨੇ ਦੁਖੀ ਨਹੀਂ ਜਿਤਨਾ ਤੁਸੀਂ ਆਪਣੇ ਆਪ ਨੂੰ ਦੁਖੀ ਦੱਸਦੇ ਹੋ।

ਧੰਨਵਾਦ ਦੀ ਬਿਰਤੀ ਵਿਚੋਂ ਸ਼ਕਤੀ ਪ੍ਰਾਪਤ ਕਰੋ।

ਕਈ ਵਿਅਕਤੀ ਕਹਿੰਦੇ ਹਨ: ਜੇ ਮੇਰੀ ਆਮਦਨ ਦੁੱਗਣੀ ਹੋ ਜਾਵੇ ਤਾਂ ਮੈਂ ਧੰਨਵਾਦੀ ਹੋਵਾਂਗਾ। ਅਜਿਹੇ ਵਿਅਕਤੀਆਂ ਨੂੰ ਮੇਰਾ ਸੁਝਾਓ ਹੈ ਕਿ ਜਿਨ੍ਹਾਂ ਦੀ ਆਮਦਨ ਉਨ੍ਹਾਂ ਨਾਲੋਂ ਦੁੱਗਣੀ ਹੈ, ਉਨ੍ਹਾਂ ਨੂੰ ਮਿਲ ਕੇ ਵੇਖ ਲੈਣ, ਕੀ ਉਹ ਪ੍ਰਸੰਨ ਹਨ।

ਅਸੀਂ ਇਸ ਲਈ ਪ੍ਰਸੰਨ ਨਹੀਂ, ਕਿਉਂਕਿ ਅਸੀਂ ਦੂਜਿਆਂ ਨਾਲੋਂ ਵਧੇਰੇ ਪ੍ਰਸੰਨ ਹੋਣਾ ਚਾਹੁੰਦੇ ਹਾਂ। ਕਈ ਵਿਅਕਤੀ ਕਹਿੰਦੇ ਹਨ ਕਿ ਮੈਂ ਉਦੋਂ ਪ੍ਰਸੰਨ ਹੋਵਾਂਗਾ ਜਦੋਂ ਮੇਰੀ ਤਰੱਕੀ ਹੋ ਗਈ, ਜਦੋਂ ਮੈਂ ਮਕਾਨ ਪਾ ਲਿਆ, ਜਦੋਂ ਮੈਂ ਬੱਚੇ ਵਿਆਹ ਦਿੱਤੇ ਆਦਿ।

ਅਜਿਹੇ ਵਿਅਕਤੀ ਕਦੇ ਵੀ ਪ੍ਰਸੰਨ ਨਹੀਂ ਹੋਣਗੇ, ਕਿਉਂਕਿ ਉਨ੍ਹਾਂ ਕੋਲ ਜੋ ਕੁਝ ਪਹਿਲਾਂ ਹੀ ਹੈ ਉਹ ਵੀ ਕਿਸੇ ਪੱਖੋਂ ਘੱਟ ਨਹੀਂ ਹੁੰਦਾ।

ਜਦੋਂ ਧੰਨਵਾਦੀ ਹੋਣ ਦੀ ਭਾਵਨਾ ਨਾ ਹੋਵੇ ਤਾਂ ਜੀਵਨ ਦੀ ਕੋਈ ਵੀ ਪ੍ਰਾਪਤੀ ਸੰਤੁਸ਼ਟ ਜਾਂ ਪ੍ਰਸੰਨ ਨਹੀਂ ਕਰਦੀ।

ਬਚਪਨ ਵਿਚ ਮੈਂ ਇਕ ਸੰਤ ਜੀ ਕੋਲ ਜਾਇਆ ਕਰਦਾ ਸਾਂ। ਬੜੇ ਅਰਸੇ ਪਿੱਛੋਂ ਉਨ੍ਹਾਂ ਨਾਲ ਪਿਛਲੇ ਮਹੀਨੇ ਫਿਰ ਮੇਲ ਹੋਇਆ ਪਰ ਉਹ ਉਦਾਸ ਸਨ। ਮੈਂ ਉਨ੍ਹਾਂ ਨੂੰ ਪੁਛਿਆ : ਤੁਹਾਡੇ ਇਤਨੇ ਸ਼ਰਧਾਲੂ ਹਨ ਫਿਰ ਵੀ ਤੁਸੀਂ ਉਦਾਸ ਕਿਉਂ ਹੋ ? ਉਨ੍ਹਾਂ ਦਾ ਉੱਤਰ ਬੜਾ ਅਰਥਪੂਰਨ ਸੀ। ਉਨ੍ਹਾਂ ਕਿਹਾ ਸ਼ਰਧਾਲੂ ਬੇਸ਼ੁਮਾਰ ਮਿਲੇ ਹਨ, ਜਗਿਆਸੂ ਕੋਈ ਨਹੀਂ ਮਿਲਿਆ। ਇਵੇਂ ਹੀ ਅਧਿਆਪਕ ਨਿਰਾਸ਼ ਹਨ। ਉਹ ਕਹਿੰਦੇ ਹਨ: ਇਮਤਿਹਾਨ ਪਾਸ ਕਰਨ ਵਾਲੇ ਕਈ ਆਏ ਪਰ ਕੋਈ ਵਿਦਿਆਰਥੀ ਨਹੀਂ ਆਇਆ। ਦੁਕਾਨਦਾਰ ਵੀ ਮਾਯੂਸ ਹੋ ਕੇ ਕਹਿੰਦੇ ਹਨ : ਚੀਜ਼ਾਂ ਵੇਚਣ-ਖਰੀਦਣ ਵਾਲੇ ਬੜੇ ਆਏ ਪਰ ਕੋਈ ਅਜਿਹਾ ਗਾਹਕ ਨਹੀਂ ਆਇਆ, ਜਿਸ ਨਾਲ ਬਿਨਾਂ ਸੌਦਾ ਕੀਤੇ, ਬਿਨਾਂ ਤੋਲੇ, ਲੈਣ-ਦੇਣ ਕੀਤਾ ਹੋਵੇ। ਇਸਤਰੀ ਵੀ ਪ੍ਰੇਸ਼ਾਨ ਹੋ ਕੇ ਕਹਿੰਦੀ ਹੈ: ਸਰੀਰ ਨੂੰ ਭੋਗਣ ਵਾਲੇ ਕਈ ਮਿਲੇ ਪਰ ਪਿਆਰ ਕਰਨ ਵਾਲਾ ਕੋਈ ਨਹੀਂ ਬਹੁੜਿਆ।

ਉਦਾਸੀ, ਨਿਰਾਸਤਾ, ਮਾਯੂਸੀ ਅਤੇ ਉਪਰਾਮਤਾ ਆਦਿ ਮਨ ਦੀਆਂ ਸਥਿਤੀਆਂ, ਧੰਨਵਾਦ ਦੀ ਭਾਵਨਾ ਦੀ ਅਣਹੋਂਦ ਕਾਰਨ ਜਨਮਦੀਆਂ ਹਨ।

ਮੈਂ ਇਕ ਇਸਤਰੀ ਨੂੰ ਜਾਣਦਾ ਹਾਂ, ਜਿਸ ਦੇ ਚਾਰ ਪੁੱਤਰ ਹਨ ਪਰ ਕੋਈ ਵੀ ਉਸ ਨੂੰ ਆਪਣੇ ਕੋਲ ਰੱਖਣ ਲਈ ਤਿਆਰ ਨਹੀਂ। ਉਹ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਬਚਪਨ ਵਿਚ ਕਿਹਾ ਕਰਦੀ ਸੀ: ਤੁਹਾਡਾ ਪਿਓ ਲਿਆਉਂਦਾ ਹੀ ਕੀ ਹੈ ? ਉਸ ਨੇ ਤਾਂ ਤੁਹਾਨੂੰ ਤੇ ਮੈਨੂੰ ਮੰਗਤੇ ਬਣਾ ਦਿੱਤਾ ਹੈ। ਇਵੇਂ ਉਸ ਨੇ ਆਪਣੇ ਬੱਚਿਆਂ ਵਿਚ ਧੰਨਵਾਦ ਦੀ ਭਾਵਨਾ ਉਪਜਣ ਹੀ ਨਾ ਦਿੱਤੀ।

ਇਵੇਂ ਹੀ ਇਕ ਹੋਰ ਦ੍ਰਿਸ਼ ਹੈ, ਜਿਥੇ ਮਾਂ ਆਪਣੇ ਬੱਚਿਆਂ ਨੂੰ ਖਾਣਾ ਪਰੋਸਣ ਸਮੇਂ ਕਹਿੰਦੀ ਹੈ: ਆਪਣੇ ਰਾਜੇ ਪਿਤਾ ਦਾ ਧੰਨਵਾਦ ਕਰੋ ਜਿਸ ਦੀ ਮਿਹਨਤ ਸਦਕਾ ਤੁਸੀਂ ਸੁਖ-ਆਰਾਮ ਤੇ ਖੁਸ਼ਹਾਲੀ ਦਾ ਜੀਵਨ ਜਿਉਂ ਰਹੇ ਹੋ। ਪਰਮਾਤਮਾ ਦਾ ਧੰਨਵਾਦ ਕਰੋ, ਜਿਸ ਨੇ ਤੁਹਾਨੂੰ ਅਜਿਹਾ ਪਿਤਾ ਦਿੱਤਾ ਹੈ।

ਨਿਰਸੰਦੇਹ ਧੰਨਵਾਦ ਦੀ ਭਾਵਨਾ ਤੋਂ ਬਿਨਾਂ, ਪਤੀ-ਪਤਨੀ ਦੇ ਰਿਸ਼ਤੇ ਵਿਚ ਟਿਕਾਓ ਅਤੇ ਭਰੋਸਾ ਉਪਜ ਹੀ ਨਹੀਂ ਸਕਦਾ।

ਜੇ ਤੁਸੀਂ ਕਿਸੇ ਨੂੰ ਕਹੋ ਕਿ ਤੂੰ ਜੋ ਆਖੇਂਗਾ, ਮੈਂ ਉਵੇਂ ਕਰਾਂਗਾ ਤਾਂ ਉਸ ਦੇ ਆਖਣ ਦਾ ਅੰਦਾਜ਼ ਹੀ ਬਦਲ ਜਾਵੇਗਾ। ਉਹ ਇਸ ਭਰੋਸੇ ਕਾਰਨ ਹੀ ਇਕ ਜ਼ਿੰਮੇਵਾਰ ਵਿਅਕਤੀ ਹੋ ਨਿਬੜੇਗਾ। ਵਿਆਹ ਵਿਚ ਵੀ ਇਵੇਂ ਹੀ ਹੁੰਦਾ ਹੈ।

ਵਿਆਹ ਨਾਲ, ਸਾਨੂੰ ਜੀਵਨ-ਭਰ ਗੱਲਾਂ ਕਰਨ ਲਈ ਇਕ ਵਿਸ਼ਵਾਸਯੋਗ ਸਾਥੀ ਮਿਲ ਜਾਂਦਾ ਹੈ। ਜੇ ਪਤਨੀ ਦਾ ਭਰੋਸਾ ਬਣਿਆ ਰਹੇ ਤਾਂ ਪਤੀ ਸਾਰੇ ਸੰਸਾਰ ਦੀ ਵਿਰੋਧਤਾ ਖਿੜੇ-ਮੱਥੇ ਸਹਾਰ ਲੈਂਦਾ ਹੈ।

ਕੁਝ ਪ੍ਰਾਪਤ ਕਰ ਲੈਣਾ, ਭਾਵੇਂ ਪਤਨੀ ਦਾ ਭਰੋਸਾ ਹੀ ਕਿਉਂ ਨਾ ਪ੍ਰਾਪਤ ਕਰਨਾ ਹੋਵੇ, ਉਤਨਾ ਮਹੱਤਵਪੂਰਨ ਨਹੀਂ, ਜਿਤਨਾ ਮਹੱਤਵਪੂਰਨ ਉਸ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿਚੋਂ ਲੰਘਣਾ ਹੁੰਦਾ ਹੈ।

ਇਹ ਯਾਦ ਰੱਖਣਾ ਵੀ ਬੜਾ ਜ਼ਰੂਰੀ ਹੈ ਕਿ ਅਸੀਂ ਜੋ ਕੁਝ ਵੀ ਪ੍ਰਾਪਤ ਕਰਦੇ ਹਾਂ ਉਸ ਵਿਚ ਸਾਡੇ ਨਾਲ ਜੁੜੇ ਅਨੇਕਾਂ ਵਿਅਕਤੀਆਂ ਦਾ ਉਲੇਖਯੋਗ ਯੋਗਦਾਨ ਹੁੰਦਾ ਹੈ, ਸੋ ਉਨ੍ਹਾਂ ਦਾ ਧੰਨਵਾਦ ਕਰਨਾ ਕਦੇ ਵੀ ਨਹੀਂ ਭੁੱਲਣਾ ਚਾਹੀਦਾ।

ਧੰਨਵਾਦ ਤਾਂ ਆਪਣੇ ਵਿਰੋਧੀਆਂ ਦਾ ਵੀ ਕਰਨਾ ਚਾਹੀਦਾ ਹੈ, ਕਿਉਂਕਿ ਸਾਡੇ ਵਿਚ ਮਹੱਤਵਪੂਰਨ ਵਿਕਾਸ ਉਨ੍ਹਾਂ ਦੇ ਵਿਰੋਧ ਕਾਰਨ ਹੀ ਵਾਪਰਦਾ ਹੈ।

ਜੇ ਸੰਸਾਰ ਵਿਚ ਦੁਸ਼ਮਣ ਨਾ ਹੁੰਦੇ ਤਾਂ ਦੋਸਤਾਂ ਦੀ ਲੋੜ ਹੀ ਨਾ ਪੈਂਦੀ।

ਜੇ ਨਿਰਪੱਖ ਹੋ ਕੇ ਸੋਚਿਆ ਜਾਵੇ ਤਾਂ ਸਾਡੇ ਦੁਸ਼ਮਣ, ਸਾਡੇ ਨਾਲ ਸੰਬੰਧ ਬਣਾਈ ਰੱਖਣ ਵਾਸਤੇ, ਸਾਡੇ ਦੋਸਤਾਂ ਨਾਲੋਂ ਵੀ ਸਾਡੇ ਬਾਰੇ ਵਧੇਰੇ ਸੋਚਦੇ ਹਨ।

ਦੁਸ਼ਮਣੀ ਵੀ ਇਕ ਗੂੜ੍ਹਾ ਰਿਸ਼ਤਾ ਹੁੰਦੀ ਹੈ।

ਰਿਸ਼ਤਾ ਕੋਈ ਵੀ ਹੋਵੇ, ਉਸ ਪ੍ਰਤੀ ਧੰਨਵਾਦੀ ਹੋ ਕੇ ਅਸੀਂ ਉਸ ਨੂੰ ਆਪਣੇ ਪੱਖ ਵਿਚ ਅਤੇ ਆਪਣੇ ਲਾਭ ਲਈ ਵਰਤ ਸਕਦੇ ਹਾਂ।

ਇਕ ਵਾਰੀ ਸਾਡੇ ਭੂਗੋਲ ਦੇ ਪ੍ਰੋਫੈਸਰ ਸਾਹਿਬ ਨੂੰ ਇਕ ਵਿਦਿਆਰਥੀ ਨੇ ਪੁੱਛਿਆ ਕਿ ਤੁਸੀਂ ਕਹਿੰਦੇ ਹੋ ਕਿ ਸੰਸਾਰ ਦੀ ਸਾਰੀ ਆਬਾਦੀ ਭਾਰਤ ਵਿਚ ਸਮਾ ਸਕਦੀ ਹੈ, ਇਹ ਕਿਵੇਂ ਸੰਭਵ ਹੋ ਸਕਦਾ ਹੈ ? ਉੱਤਰ ਮਿਲਿਆ ਕਿ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਅਤੇ ਸਹਿਜੇ ਹੀ ਸੰਭਵ ਹੋ ਸਕਦਾ ਹੈ, ਜੇ ਸੰਸਾਰ ਦੀ ਕੁੱਲ ਆਬਾਦੀ ਵਿਚ ਸਹਿਹੋਂਦ, ਮਿਲਵਰਤਣ, ਦੋਸਤੀ ਅਤੇ ਧੰਨਵਾਦ ਦੀ ਭਾਵਨਾ ਹੋਵੇ।

ਧੰਨਵਾਦ ਦੀ ਭਾਵਨਾ ਦੀ ਘਾਟ ਕਾਰਨ ਹੀ ਅਸੀਂ ਜਲਦੀ ਥੱਕਦੇ ਹਾਂ, ਵਧੇਰੇ ਚੀਜ਼ਾਂ ਖਰੀਦਦੇ ਹਾਂ ਅਤੇ ਵਧੇਰੇ ਖਰਚ ਕਰਦੇ ਹਾਂ।

ਮੇਰੇ ਇਕ ਡਾਕਟਰ ਮਿੱਤਰ ਹਨ। ਉਹ ਇਕ ਹੱਥ ਨਾਲ ਵੀ ਤਾੜੀ ਮਾਰ ਸਕਦੇ ਹਨ। ਉਨ੍ਹਾਂ ਨੂੰ ਤਾੜੀ ਮਾਰਨ ਲਈ ਕਦੀ ਵੀ ਆਪਣਾ ਦੂਜਾ ਹੱਥ ਵਰਤਣ ਦੀ ਲੋੜ ਨਹੀਂ ਪਈ। ਉਹ ਅਜਿਹੇ ਡਾਕਟਰ ਹਨ, ਜਿਨ੍ਹਾਂ ਦਾ ਹਰ ਮਰੀਜ਼ ਉਨ੍ਹਾਂ ਦਾ ਦੋਸਤ ਬਣ ਜਾਂਦਾ ਹੈ। ਉਹ ਖਾਲ੍ਹੀ ਹੱਥਾਂ ਨਾਲ ਹੀ ਦੂਜਿਆਂ ਦੀ ਝੋਲੀ ਭਰ ਦਿੰਦੇ ਹਨ। ਉਹ ਹਰ ਮਰੀਜ਼ ਨੂੰ ਉਸ ਨਾਲ ਨਵਾਂ ਰਿਸ਼ਤਾ ਉਸਾਰਨ ਦੀ ਦ੍ਰਿਸ਼ਟੀ ਨਾਲ ਵੇਖਦੇ ਹਨ।

ਉਹ ਦਵਾਈ ਨਾਲੋਂ ਵਧੇਰੇ ਹਿੰਮਤ ਦਿੰਦੇ ਹਨ। ਕਈ ਵਿਅਕਤੀ ਉਨ੍ਹਾਂ ਪ੍ਰਤੀ ਧੰਨਵਾਦ ਦਾ ਪ੍ਰਗਟਾਵਾ ਕਰਨ ਲਈ ਹੀ ਜਿਊਂ ਰਹੇ ਹਨ।

ਜਾਪਾਨ ਵਿਚ ਹਰ ਵਪਾਰ ਦਾ ਉਦੇਸ਼ ਗਾਹਕ ਨੂੰ ਪ੍ਰਸੰਨ ਕਰਨਾ ਅਤੇ ਉਸ ਦੇ ਧੰਨਵਾਦ ਦੇ ਯੋਗ ਹੋਣਾ ਹੈ। ਜਾਪਾਨੀ ਕੰਪਨੀਆਂ ਨੂੰ ਆਪਣੇ ਮਾਲ ਦੀ ਪੱਧਰ ਉਤੇ ਇਤਨਾ ਵਧੇਰੇ ਭਰੋਸਾ ਹੈ ਕਿ ਕੋਈ ਗਾਹਕ ਕਿਸੇ ਖਰੀਦੀ ਚੀਜ਼ ਦਾ ਕੋਈ ਦੋਸ਼ ਦੱਸੇ ਤਾਂ ਉਹ ਚੀਜ਼ ਵਾਪਸ ਮੰਗੇ ਬਿਨਾਂ ਹੀ, ਨਵੀਂ ਚੀਜ਼ ਮੁਫ਼ਤ ਦੇ ਦਿੱਤੀ ਜਾਂਦੀ ਹੈ। ਇਕ ਜਾਪਾਨੀ ਵਪਾਰੀ ਨੇ ਦੱਸਿਆ ਕਿ ਮਹੀਨੇ ਬੀਤ ਜਾਂਦੇ ਹਨ ਕੋਈ ਸ਼ਿਕਾਇਤ ਕਰਨ ਵਾਲਾ ਗਾਹਕ ਆਉਂਦਿਆਂ-ਆਉਂਦਿਆਂ। ਜਾਪਾਨੀ ਵਪਾਰੀ ਕਹਿੰਦੇ ਹਨ : ਗਾਹਕ ਆਉਣਾ ਚਾਹੀਦਾ ਹੈ, ਮੁਨਾਫ਼ਾ ਉਸ

ਦੇ ਪਿੱਛੇ-ਪਿੱਛੇ ਆ ਰਿਹਾ ਹੁੰਦਾ ਹੈ। ਇਵੇਂ ਹੀ ਉਨ੍ਹਾਂ ਦਾ ਅਸੂਲ ਹੈ ਕਿ ਗਾਹਕ ਨੂੰ ਪ੍ਰਸੰਨ ਕੀਤੇ ਬਿਨਾਂ, ਉਸ ਦੇ ਧੰਨਵਾਦ ਦੇ ਜੋਗ ਹੋਏ ਬਿਨਾਂ, ਵਪਾਰ ਵਿਚ ਵਿਕਾਸ ਨਹੀਂ ਕੀਤਾ ਜਾ ਸਕਦਾ। ਇਹ ਅਸੂਲ ਜੀਵਨ ਦੇ ਹਰ ਵਟਾਂਦਰੇ 'ਤੇ ਲਾਗੂ ਕੀਤਾ ਜਾ ਸਕਦਾ ਹੈ।

ਧੰਨਵਾਦ ਦੀ ਮੁੱਢਲੀ ਬਿਰਤੀ ਅਤੇ ਭਾਵਨਾ ਕੁਦਰਤ ਪ੍ਰਤੀ ਧੰਨਵਾਦ ਦੇ ਹੁਲਾਰੇ ਵਿਚੋਂ ਉਪਜਦੀ ਹੈ। ਕੁਦਰਤ ਸਿਆਣਪਾਂ ਵਾਲੇ ਭੋਲੇਪਣ ਦਾ ਕ੍ਰਿਸ਼ਮਾ ਹੈ। ਇਹੀ ਭਾਵਨਾ ਮਾਪਿਆਂ ਪ੍ਰਤੀ ਧੰਨਵਾਦ ਵਿਚ ਪ੍ਰਗਟ ਹੁੰਦੀ ਹੈ, ਜਿਹੜੀ ਵਿਕਾਸ ਕਰਦੀ ਹੋਈ ਗੁਰੂ ਅਤੇ ਅਧਿਆਪਕ ਪ੍ਰਤੀ ਧੰਨਵਾਦ ਦਾ ਰੂਪ ਧਾਰ ਲੈਂਦੀ ਹੈ।

ਗੁਰੂ ਸਾਨੂੰ ਰੱਬ ਦਾ ਦੀਦਾਰ ਨਹੀਂ ਕਰਵਾਉਂਦੇ, ਉਹ ਤਾਂ ਸਾਡੇ ਰਸਤੇ ਦੀਆਂ ਰੁਕਾਵਟਾਂ ਦੂਰ ਕਰਦੇ ਹਨ। ਅਧਿਆਪਕ ਸਾਨੂੰ ਗਿਆਨ ਨਹੀਂ ਦਿੰਦਾ ਉਹ ਸਾਨੂੰ ਆਪਣੀ ਅਗਿਆਨਤਾ ਤੋਂ ਜਾਣੂ ਕਰਵਾ ਦਿੰਦਾ ਹੈ।

ਗੁਰੂ ਸਾਨੂੰ ਆਪਣੇ ਅੰਦਰਲੇ ਨੂਰ ਨਾਲ ਪ੍ਰਭਾਵਿਤ ਕਰਦਾ ਹੈ, ਜਦੋਂ ਕਿ ਅਧਿਆਪਕ ਸਾਨੂੰ ਬਾਹਰਲੇ ਸੰਸਾਰ ਬਾਰੇ ਗਿਆਨ ਦੇ ਪ੍ਰਕਾਸ਼ ਨਾਲ ਮਾਲੋਮਾਲ ਕਰਦਾ ਹੈ।

ਗੁਰੂ ਅਤੇ ਅਧਿਆਪਕ ਵਿਚਕਾਰ ਅੰਤਰ ਨੂਰ ਅਤੇ ਪ੍ਰਕਾਸ਼ ਦਾ ਅੰਤਰ ਹੈ।

ਗੁਰੂ ਸਾਨੂੰ ਸਾਰੇ ਅਨੁਸ਼ਾਸਨਾਂ ਤੋਂ ਪਾਰ ਲੈ ਜਾਂਦਾ ਹੈ ਜਦੋਂ ਕਿ ਅਧਿਆਪਕ ਸਾਨੂੰ ਸਵੈ-ਕਾਬੂ ਦੇ ਮੰਡਲ ਵਿਚ ਪ੍ਰਵੇਸ਼ ਕਰਵਾਉਂਦਾ ਹੈ।

ਗੁਰੂ ਸਾਨੂੰ ਆਪਣੇ ਗਿਆਨ ਨਾਲ ਨਿਵਾਜਦਾ ਹੈ। ਜੇ ਅਧਿਆਪਕ ਆਪਣੇ ਗਿਆਨ ਦੀ ਹਉਮੈ ਤੋਂ ਮੁਕਤ ਹੋ ਜਾਵੇ ਤਾਂ ਉਹ ਗੁਰੂ ਹੋ ਨਿਬੜਦਾ ਹੈ।

ਅਧਿਆਪਕ ਦੀ ਉਚਤਮ ਅਵਸਥਾ, ਗੁਰੂ ਹੋਣ ਦੀ ਪਹਿਲੀ ਅਵਸਥਾ ਹੁੰਦੀ ਹੈ।

ਵਿਦਿਆਰਥੀ ਕਈ ਢੰਗਾਂ ਨਾਲ ਆਪਣੇ ਅਧਿਆਪਕਾਂ ਤੋਂ ਲਾਭ ਉਠਾ ਸਕਦੇ ਹਨ ਪਰ ਇਸ ਲਈ ਇਹ ਜ਼ਰੂਰੀ ਹੈ ਕਿ ਵਿਦਿਆਰਥੀ, ਵਿਦਿਆਰਥੀ ਹੋਵੇ ਅਤੇ ਅਧਿਆਪਕ, ਅਧਿਆਪਕ ਹੋਵੇ। ਵਿਦਿਆਰਥੀ ਵਲੋਂ ਲਾਭ ਉਠਾਉਣ ਦੇ ਕਈ ਢੰਗ ਹਨ, ਜਿਵੇਂ ਨਮਸਕਾਰ ਕਰ ਕੇ, ਆਦੇਸ਼ ਦੀ ਉਡੀਕ ਕਰ ਕੇ, ਜਗਿਆਸਾ ਪ੍ਰਗਟਾ ਕੇ, ਸੇਵਾ ਕਰ ਕੇ, ਧਿਆਨ ਨਾਲ ਸੁਣ ਕੇ ਅਤੇ ਧੰਨਵਾਦੀ ਹੋ ਕੇ।

ਅਧਿਆਪਕ ਪਾਰਸ ਹੈ, ਚੁੰਬਕ ਹੈ ਜਦੋਂ ਕਿ ਵਿਦਿਆਰਥੀ ਦੀ ਸਥਿਤੀ ਲੋਹੇ ਵਾਲੀ ਹੈ। ਧੰਨਵਾਦ ਦਾ ਜਜ਼ਬਾ ਇਤਨਾ ਤੀਬਰ ਹੋਣਾ ਚਾਹੀਦਾ ਹੈ ਕਿ ਲੋਹਾ ਪੁਕਾਰ ਉਠੇ ਕਿ ਹੁਣ ਮੈਂ ਪਾਰਸ ਬਿਨਾਂ ਰਹਿ ਨਹੀਂ ਸਕਦਾ, ਹੁਣ ਮੈਂ ਚੁੰਬਕ ਬਿਨਾਂ ਜੀ ਨਹੀਂ ਸਕਦਾ। ਜਦੋਂ ਤਕ ਇਵੇਂ ਨਹੀਂ ਵਾਪਰਦਾ, ਵਿਦਿਆ ਪ੍ਰਾਪਤੀ ਤੋਂ ਸਾਨੂੰ ਤਸੱਲੀ ਨਹੀਂ ਮਿਲੇਗੀ, ਡਿਗਰੀਆਂ ਸਾਨੂੰ ਸੰਤੁਸ਼ਟ ਨਹੀਂ ਕਰਨਗੀਆਂ।

ਜਿਸ ਅਨੁਪਾਤ ਵਿਚ ਧੰਨਵਾਦ ਦੀ ਭਾਵਨਾ ਸੁੰਗੜਦੀ ਜਾ ਰਹੀ ਹੈ, ਉਸੇ ਅਨੁਪਾਤ ਵਿਚ ਨਾਸਤਕਤਾ, ਅਸੰਤੁਸ਼ਟਤਾ, ਸਾੜਾ, ਮੁਕਾਬਲੇ ਦੀ ਬਿਰਤੀ ਅਤੇ ਈਰਖਾ ਵੱਧ ਰਹੀ ਹੈ। ਪ੍ਰਾਪਤੀ ਦੀ ਨਿਰੰਤਰ ਦੌੜ ਸਾਨੂੰ ਧੰਨਵਾਦ ਕਰਨ ਦੀ ਵਿਹਲ ਨਹੀਂ ਦੇ ਰਹੀ। ਧੰਨਵਾਦ ਦੀ ਭਾਵਨਾ ਇਸ ਕਰ ਕੇ ਵੀ ਘੱਟ ਰਹੀ ਹੈ, ਕਿਉਂਕਿ ਇਹ ਭਾਵਨਾ ਹਮੇਸ਼ਾ ਸੱਚੀ ਲਗਨ ਅਤੇ ਸੁੱਚੀ ਮਿਹਨਤ ਵਿਚੋਂ ਉਪਜਦੀ ਹੈ।

ਧੰਨਵਾਦ ਉਦੋਂ ਹੀ ਸੰਭਵ ਹੁੰਦਾ ਹੈ, ਜਦੋਂ ਮਨੁੱਖ ਪ੍ਰਸੰਨ-ਚਿੱਤ ਹੋਵੇ। ਚਿੰਤਾ ਵਿਚ ਘਿਰਿਆ ਹੋਇਆ ਵਿਅਕਤੀ ਧੰਨਵਾਦ ਨਹੀਂ ਕਰ ਸਕਦਾ। ਵੇਖਿਆ ਗਿਆ ਹੈ ਕਿ ਜਦੋਂ ਅਸੀਂ ਚਿੰਤਿਤ ਹੁੰਦੇ ਹਾਂ ਤਾਂ ਅਸੀਂ ਆਪਣੀ ਸਾਧਾਰਨ ਮਿਹਨਤ ਦਾ ਵੀ ਤਿਆਗ ਕਰ ਦਿੰਦੇ ਹਾਂ ਅਤੇ ਇਵੇਂ ਚਿੰਤਾ ਕਰਨ ਲਈ ਸਮਾਂ ਵਧਾ ਲੈਂਦੇ ਹਾਂ।

ਚਿੰਤਾ ਦਾ ਇਲਾਜ ਕੰਮ ਦਾ ਤਿਆਗ ਨਹੀਂ, ਵਧੇਰੇ ਕੰਮ ਹੈ।

ਦੁੱਖ ਅਤੇ ਚਿੰਤਾ ਕਾਰਨ ਅਕਸਰ ਜੋ ਕੁਝ ਸਾਡੇ ਕੋਲ ਹੁੰਦਾ ਹੈ, ਉਸ ਨੂੰ ਭੁੱਲ ਕੇ ਜੋ ਕੁਝ ਸਾਡੇ ਕੋਲ ਨਹੀਂ ਹੁੰਦਾ, ਅਸੀਂ ਉਸ ਲਈ ਵਿਰਲਾਪ ਕਰਦੇ ਹਾਂ।

ਅਜੋਕੇ ਮਨੁੱਖ ਕੋਲ ਆਪਣੇ ਲਈ ਚਿੰਤਾਵਾਂ, ਮੁਸੀਬਤਾਂ ਅਤੇ ਮੁਸ਼ਕਿਲਾਂ ਉਪਜਾਉਣ ਲਈ ਵਧੇਰੇ ਸਮਾਂ ਹੈ। ਹਰ ਮਨੁੱਖ ਜਿੱਥੇ ਉਹ ਹੈ, ਉਥੋਂ ਨੱਸਣ ਦਾ ਯਤਨ ਕਰ ਰਿਹਾ ਹੈ।

ਮਨੁੱਖ, ਮਨੁੱਖ ਵਾਂਗ ਵਿਹਾਰ ਨਾ ਕਰਨ ਕਰ ਕੇ ਬੇਚੈਨ ਹੈ। ਮੈਨੂੰ ਹੈਰਾਨੀ ਹੁੰਦੀ ਹੈ ਕਿ ਜਿਹੜੇ ਅਤੇ ਜਦੋਂ ਮਨੁੱਖ ਜਾਨਵਰਾਂ ਨਾਲ ਆਪਣਾ ਮੁਕਾਬਲਾ ਕਰਦੇ ਹਨ ਤਾਂ ਉਨ੍ਹਾਂ ਮਨੁੱਖਾਂ ਨੂੰ ਸ਼ਰਮ ਕਿਉਂ ਨਹੀਂ ਆਉਂਦੀ।

ਸਾਰੇ ਜੀਵ-ਜੰਤੂ, ਸਿਵਾਇ ਮਨੁੱਖ ਦੇ, ਆਪਣੀ ਸਥਿਤੀ ਨਾਲ ਸੰਤੁਸ਼ਟ ਹਨ।

ਧੰਨਵਾਦ ਦੀ ਭਾਵਨਾ ਅਤੇ ਜੀਵਨ ਦੇ ਅਰਥ, ਇਸਤਰੀ ਅਤੇ ਪੁਰਸ਼ ਦੋਵਾਂ ਦੇ ਸੰਜੋਗ ਅਤੇ ਸਾਂਝੇ ਯਤਨਾਂ ਨਾਲ ਉਪਜਦੇ ਹਨ ਪਰ ਪੁਰਸ਼ ਇਕੱਲਾ ਹੀ ਇਨ੍ਹਾਂ ਅਰਥਾਂ ਨੂੰ ਸਿਰਜਣ ਦੀ ਜ਼ਿੱਦ ਕਰ ਰਿਹਾ ਹੈ।

ਜ਼ਿੱਦ ਕੋਈ ਵੀ ਹੋਵੇ ਹਾਨੀਕਾਰਕ ਹੁੰਦੀ ਹੈ। ਜ਼ਿੱਦੀ ਵਿਅਕਤੀ ਹਿੰਸਕ ਹੁੰਦਾ ਹੈ।

ਫੌਜੀਆਂ ਨੂੰ ਪੱਖਪਾਤੀ ਸੋਚ ਨਾਲ ਜ਼ਿੱਦੀ ਬਣਾਇਆ ਜਾਂਦਾ ਹੈ। ਜੇ ਫੌਜੀਆਂ ਨੂੰ ਆਪਣੇ ਪਰਿਵਾਰਾਂ ਨਾਲੋਂ ਵਿਛੋੜਿਆ ਨਾ ਜਾਵੇ ਤਾਂ ਉਹ ਲੜਨਗੇ ਨਹੀਂ। ਉਨ੍ਹਾਂ ਨੂੰ ਜੀਵਨ ਦੀਆਂ ਸਾਧਾਰਨ ਖੁਸ਼ੀਆਂ ਤੋਂ ਵਿਰਵਾ ਕਰ ਕੇ ਹੀ ਲੜਾਇਆ ਜਾ ਸਕਦਾ ਹੈ।

ਲੜਾਈ ਵਿਚ ਸਭ ਤੋਂ ਪਹਿਲਾਂ ਧੰਨਵਾਦ ਦੀ ਭਾਵਨਾ ਨੂੰ ਕਤਲ ਕੀਤਾ ਜਾਂਦਾ ਹੈ, ਬਾਕੀ ਤਬਾਹੀ ਇਸ ਕਤਲ ਦੇ ਪਿੱਛੇ-ਪਿੱਛੇ ਟੁਰਦੀ ਹੈ। ਤੁਰਕ ਫੌਜਾਂ ਨੇ ਸੰਸਾਰ ਵਿਚ ਤਬਾਹੀ ਦੀਆਂ ਨਿਵੇਕਲੀਆਂ ਉਦਾਹਰਣਾਂ ਸਥਾਪਤ ਕੀਤੀਆਂ ਹਨ ਅਤੇ ਕਈ ਸਭਿਆਤਾਵਾਂ ਜਿਵੇਂ ਮਿਸਰੀ, ਯੂਨਾਨੀ ਅਤੇ ਰੋਮਨ ਸਭਿਅਤਾ ਦਾ ਘਾਣ ਕੀਤਾ ਹੈ।

ਤੁਰਕਾਂ ਬਾਰੇ ਪ੍ਰਸਿੱਧ ਹੈ ਕਿ ਇਨ੍ਹਾਂ ਫੌਜਾਂ ਦਾ ਉਦੇਸ਼ ਜਿੱਤਣਾ-ਹਾਰਨਾ ਨਹੀਂ ਹੁੰਦਾ, ਬਸ ਲੜਦੇ-ਲੜਦੇ ਮਰਨਾ ਹੁੰਦਾ ਹੈ। ਇਹ ਸਿਰ ਨਾਲ ਵੀ ਲੜਦੇ ਹਨ ਪਰ ਸਿਰ ਤੋਂ ਬਿਨਾਂ ਇਹ ਵਧੇਰੇ ਯੋਗਤਾ ਨਾਲ ਲੜਦੇ ਹਨ। ਇਹ ਸਿਰ ਕੱਟ ਜਾਣ ਦੇ ਬਾਵਜੂਦ ਲੜਦੇ ਰਹਿੰਦੇ ਹਨ। ਇਨ੍ਹਾਂ ਯੋਧਿਆਂ ਦਾ ਸਿਰ ਕਿਸੇ ਅਰਥ ਨਹੀਂ ਲਗਦਾ। ਸਿਰ ਦਾ ਕੰਮ ਹੈ ਸੋਚਣਾ, ਇਹ ਸੋਚ ਨਹੀਂ ਸਕਦੇ, ਇਹ ਲੜ ਹੀ ਸਕਦੇ ਹਨ। ਜੇ ਇਹ ਸੋਚ ਸਕਦੇ ਹੁੰਦੇ ਤਾਂ ਇਨ੍ਹਾਂ ਨੂੰ ਲੜਨ ਦੀ ਲੋੜ ਹੀ ਨਹੀਂ ਸੀ ਪੈਣੀ। ਸਿਰ ਦਾ ਬੋਝ ਉਤਰ ਜਾਣ ਨਾਲ, ਇਨ੍ਹਾਂ ਦਾ ਧੜ ਵਧੇਰੇ ਬਹਾਦਰੀ ਨਾਲ ਲੜਦਾ ਹੈ।

ਤੁਰਕਾਂ ਨੇ ਕਦੇ ਕਿਸੇ ਦਾ ਧੰਨਵਾਦ ਨਹੀਂ ਕੀਤਾ, ਕਿਸੇ ਨੇ ਤੁਰਕਾਂ ਦਾ ਧੰਨਵਾਦ ਨਹੀਂ ਕੀਤਾ। ਤੁਰਕਾਂ ਦੀ ਕਿਧਰੇ ਵੀ ਪ੍ਰਸ਼ੰਸਾ ਨਹੀਂ ਹੋਈ। ਲੜਾਕੀਆਂ ਕੌਮਾਂ ਦਾ ਸੁਭਾਅ ਤੁਰਕਾਂ ਜਾਂ ਅਫ਼ਗਾਨਾਂ ਵਾਲਾ ਹੀ ਹੈ।

ਧੰਨਵਾਦ ਦੀ ਬਿਰਤੀ ਤੋਂ ਬਿਨਾਂ ਵਿਅਕਤੀ, ਪਰਿਵਾਰ, ਸਮਾਜ ਅਤੇ ਕੌਮ ਆਦਿ ਕਿਸੇ ਵਿਚ ਵੀ ਵਿਕਾਸ ਨਹੀਂ ਵਾਪਰਦਾ।

ਦੂਜਿਆਂ ਪ੍ਰਤੀ ਲਾਪ੍ਰਵਾਹੀ ਨਾਲ ਨਾ ਕੋਈ ਰਿਸ਼ਤਾ ਉਸਾਰਿਆ ਜਾ ਸਕਦਾ ਹੈ, ਨਾ ਹੀ ਧੰਨਵਾਦ ਦੇ ਭਾਵ ਉਪਜਦੇ ਹਨ ਅਤੇ ਨਾ ਹੀ ਕੁਝ ਚੰਗਾ ਸਿਰਜਿਆ ਜਾ ਸਕਦਾ ਹੈ। ਲਗਭਗ ਹਰ ਮਨੁੱਖ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਦੂਜੇ ਉਸ ਬਾਰੇ ਕੀ ਸੋਚਦੇ ਹਨ। ਕੇਵਲ ਮਨੁੱਖ ਹੀ ਆਪਣੀਆਂ ਤਸਵੀਰਾਂ ਖਿਚਵਾਉਂਦਾ ਹੈ, ਕੇਵਲ ਮਨੁੱਖ ਹੀ ਆਪਣੀ ਸ਼ਕਲ ਨਾਲ ਅਸੰਤੁਸ਼ਟ ਹੈ। ਕੇਵਲ ਮਨੁੱਖ ਨੂੰ ਹੀ ਆਪਣੇ ਨਿਗੂਣੇਪਣ ਦਾ ਅਹਿਸਾਸ ਹੁੰਦਾ ਹੈ। ਇਹ ਅਹਿਸਾਸ ਉਦੋਂ ਹੀ ਹੁੰਦਾ ਹੈ, ਜਦੋਂ ਉਹ ਇਕੱਲਾ ਹੁੰਦਾ ਹੈ ਜਾਂ ਇਕੱਲਾ ਰਹਿ ਜਾਂਦਾ ਹੈ। ਜੀਵਨ ਦੀ ਇਹ ਇਕ ਵਾਸਤਵਿਕਤਾ ਹੈ ਕਿ ਮਿੱਤਰਾਂ ਅਤੇ ਸਨੇਹੀਆਂ ਦੇ ਵੱਡੇ ਤਾਣੇ-ਬਾਣੇ ਬਿਨਾਂ, ਸਾਡੀ ਪ੍ਰਸੰਨਤਾ ਨਾ ਸੰਭਵ ਹੁੰਦੀ ਹੈ ਨਾ ਹੀ ਇਹ ਕਿਸੇ ਲੇਖੇ ਲਗਦੀ ਹੈ।

ਇਹ ਤਾਣਾ-ਬਾਣਾ ਧੰਨਵਾਦ ਦੀ ਭਾਵਨਾ ਤੋਂ ਬਿਨਾਂ ਉਸਰ ਨਹੀਂ ਸਕਦਾ।

ਪ੍ਰਸੰਨ ਵਿਅਕਤੀ ਲੜਨ ਵੇਲੇ ਲੜਦੇ ਹਨ, ਅੜਨ ਵੇਲੇ ਅੜਦੇ ਹਨ ਪਰ ਬਦਲਣ ਵੇਲੇ ਬਦਲਦੇ ਵੀ ਹਨ, ਪ੍ਰਸ਼ੰਸਾ ਕਰਨ ਵੇਲੇ ਪ੍ਰਸ਼ੰਸਾ ਵੀ ਕਰਦੇ ਹਨ, ਜੇ ਦੁਸ਼ਮਣ ਵੀ ਦਾਦ ਦੇਣ ਦੇ ਯੋਗ ਹੋਵੇ ਤਾਂ ਦੁਸ਼ਮਣ ਨੂੰ ਵੀ ਦਾਦ ਦਿੰਦੇ ਹਨ।

ਜਦੋਂ ਕੋਈ ਵਿਅਕਤੀ ਆਪਣੇ ਆਪ ਨਾਲ ਨਾਰਾਜ਼ ਹੁੰਦਾ ਹੈ ਤਾਂ ਉਹ ਹਰ ਕਿਸੇ ਨਾਲ ਨਾਰਾਜ਼ ਹੋਈ ਜਾਂਦਾ ਹੈ।

ਵੱਡੇ ਸ਼ਹਿਰਾਂ ਦੇ ਲੋਕਾਂ ਦੇ ਮੁਕਾਬਲੇ ਛੋਟੇ ਸ਼ਹਿਰਾਂ ਦੇ ਲੋਕ ਘਟ ਨਾਰਾਜ਼ ਹੁੰਦੇ ਹਨ ਅਤੇ ਘੱਟ ਬਹਿਸ ਕਰਦੇ ਹਨ, ਕਿਉਂਕਿ ਉਨ੍ਹਾਂ ਨੇ ਕੰਮ ਵੀ ਕਰਨਾ ਹੁੰਦਾ ਹੈ ਅਤੇ ਕੰਮ ਵਿਚ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਵੀ ਕਰਨਾ ਹੁੰਦਾ ਹੈ।

ਕਹਿੰਦੇ ਹਨ ਜੋ ਦੇ ਰਿਹਾ ਹੈ, ਉਸ ਦਾ ਦੇਣਾ ਹੀ ਉਸ ਚੀਜ਼ ਨੂੰ ਮੁੱਲਵਾਨ ਬਣਾ ਰਿਹਾ ਹੈ, ਇਸ ਲਈ ਉਸ ਦਾ ਧੰਨਵਾਦ ਕਰੋ।

ਹਨੇਰੀ ਵਿਚ ਜਾਂ ਹੜ੍ਹ ਵਿਚ ਕੁਝ ਵੀ ਦੇਣ ਦੀ ਸਮਰੱਥਾ ਨਹੀਂ ਹੁੰਦੀ, ਸੋ ਕੋਈ ਵੀ ਨਾ ਇਨ੍ਹਾਂ ਦੀ ਉਡੀਕ ਕਰਦਾ ਹੈ ਨਾ ਇਨ੍ਹਾਂ ਦਾ ਧੰਨਵਾਦ ਕਰਦਾ ਹੈ।

ਰੱਬ ਨੇ ਜਿਸ ਨੂੰ ਤਬਾਹ ਕਰਨਾ ਹੁੰਦਾ ਹੈ, ਉਸ ਦਾ ਆਪਣੇ ਆਪ ਵਿਚੋਂ ਭਰੋਸਾ ਖੋਹ ਲੈਂਦਾ ਹੈ ਅਤੇ ਰੱਬ ਨੇ ਜਿਸ ਨੂੰ ਬਣਾਉਣਾ ਹੁੰਦਾ ਹੈ, ਉਸ ਵਿਚ ਧੰਨਵਾਦ ਕਰਨ ਅਤੇ ਧੰਨਵਾਦੀ ਹੋਣ ਦਾ ਗੁਣ ਉਪਜਾ ਦਿੰਦਾ ਹੈ।

ਨਿੰਦਾ ਦੀ ਹੱਦ ਹੁੰਦੀ ਹੈ, ਧੰਨਵਾਦ ਦੀ ਕੋਈ ਹੱਦ ਨਹੀਂ ਹੁੰਦੀ।

ਧੰਨਵਾਦ ਸਾਰੀਆਂ ਹੱਦਾਂ-ਸਰਹੱਦਾਂ ਤੋਂ ਪਾਰ ਜਾਣ ਦਾ ਹੀਲਾ-ਵਸੀਲਾ ਹੈ।

ਇਹ ਸਾਰੇ ਜਿੰਦਿਆਂ ਦੀ ਸਾਂਝੀ ਕੁੰਜੀ ਹੈ।

ਅਸੀਂ ਧੰਨਵਾਦ ਕਰਨ ਕਰ ਕੇ ਪ੍ਰਸੰਨ ਨਹੀਂ ਹੁੰਦੇ, ਪ੍ਰਸੰਨ ਹੋਣ ਕਰ ਕੇ ਹੀ ਅਸੀਂ ਧੰਨਵਾਦ ਕਰਦੇ ਹਾਂ।

❖❖❖

- ਉਸਾਰੂ ਸੋਚ ਵਾਲਾ ਇਕ ਵਿਅਕਤੀ ਵੀ ਬਹੁ-ਗਿਣਤੀ ਹੁੰਦਾ ਹੈ।
- ਕਰਮ ਤੋਂ ਬਿਨਾ ਗਿਆਨ, ਬੋਝ ਹੋ ਨਿਬੜਦਾ ਹੈ।
- ਥੱਕਿਆ ਹੋਇਆ ਮਨੁੱਖ, ਦੂਜਿਆਂ ਵਿਚ ਕੇਵਲ ਔਗੁਣ ਹੀ ਵੇਖਦਾ ਹੈ।
- ਜੋ ਹਨੇਰੇ ਵਿਚ ਰਹਿੰਦਾ ਹੈ, ਉਸ ਦੇ ਸੁਭਾਓ ਵਿਚ ਚਾਨਣਾ ਨਹੀਂ ਹੁੰਦਾ।
- ਸੰਸਿਆਂ ਨਾਲ ਕੀਤੇ ਪਿਆਰ ਵਿਚੋਂ, ਹੀਰ ਅਤੇ ਰਾਂਝਾ ਨਹੀ ਉਪਜਦੇ।
- ਵਧੇਰੇ ਵਿਸ਼ਲੇਸ਼ਣ ਨਾਲ, ਆਪਸੀ ਸਬੰਧ ਵਿਗੜਦੇ ਹਨ।
- ਮਨੁੱਖ, ਮੱਛੀ ਨੂੰ ਹਮੇਸ਼ਾ ਵਿਸ਼ਵਾਸ ਵਿਚ ਲੈ ਕੇ ਧੋਖਾ ਦਿੰਦਾ ਹੈ।
- ਪਿਆਰ ਦੀਆਂ ਯਾਦਾਂ ਸਾਡੇ ਚੇਤਿਆਂ ਵਿਚ ਪੀੜ੍ਹੀ ਡਾਹ ਕੇ ਬਹਿ ਜਾਂਦੀਆਂ ਹਨ।
- ਪਹਾੜੇ ਸਿਖੇ ਸਕੂਲ ਵਿਚ ਜਾਂਦੇ ਹਨ ਪਰ ਵਰਤੇ ਜ਼ਿੰਦਗੀ ਵਿਚ ਜਾਂਦੇ ਹਨ।
- ਹੁਸਨ, ਪਿਆਰ ਅਤੇ ਕਵਿਤਾ, ਇਕ ਹੀ ਅਨੁਭਵ ਦੇ ਵੱਖਰੇ-ਵੱਖਰੇ ਨਾਂ ਹਨ।
- ਧੋਖੇਬਾਜ਼ ਦਾ ਪਛਤਾਵਾ ਵੀ ਧੋਖਾ ਹੁੰਦਾ ਹੈ।
- ਪਿੰਡਾਂ ਵਿਚ ਨਫ਼ਰਤ ਅਤੇ ਸ਼ਹਿਰਾਂ ਵਿਚ ਸਾੜਾ ਪ੍ਰਧਾਨ ਹੁੰਦਾ ਹੈ।
- ਪ੍ਰਸੰਨ ਵਿਅਕਤੀ ਨੂੰ ਸਾਰੇ ਕਪੜੇ ਫੱਬਦੇ ਹਨ।
- ਪਰਿਵਾਰ ਸਾਨੂੰ ਜ਼ਿਮੇਵਾਰੀ ਨਿਭਾਉਣ ਦੀ ਖੁਲ੍ਹ ਦਿੰਦਾ ਹੈ।
- ਨਕਲੀ ਸਿੱਕੇ ਅਸਲੀ ਸਿੱਕਿਆਂ ਦੀ ਆੜ ਵਿਚ ਹੀ ਚਲਦੇ ਹਨ।
- ਬੇਈਮਾਨੀ ਕਦੀ ਵੀ ਲੋੜ ਨਹੀਂ ਹੁੰਦੀ, ਇਹ ਇਕ ਆਦਤ ਹੁੰਦੀ ਹੈ।
- ਗੁਰੂ ਅਤੇ ਅਧਿਆਪਕ ਵਿਚਲਾ ਅੰਤਰ, ਨੂਰ ਅਤੇ ਪ੍ਰਕਾਸ਼ ਵਾਲਾ ਹੁੰਦਾ ਹੈ।
- ਜੇ ਉਦੇਸ਼ ਭੈੜਾ ਹੋਵੇ ਤਾਂ ਗਿਆਨ ਵੀ ਪਾਪ ਹੋ ਨਿਬੜਦਾ ਹੈ।
- ਮਨੁੱਖਾਂ ਵਿਚ ਅੰਤਰ ਗਿਆਨ ਦਾ ਨਹੀਂ ਹੁੰਦਾ, ਕੀਤੇ ਕਾਰਜਾਂ ਦਾ ਹੁੰਦਾ ਹੈ।
- ਅਸੀਂ ਸਾਰੇ ਆਪਣੇ ਨਾਲ ਵਾਪਰੇ ਹਾਦਸਿਆਂ ਦੇ ਸਬੂਤ ਹਾਂ।
- ਉਦਾਸੀ ਹਮੇਸ਼ਾ ਕਿਸੇ ਹੋਰ ਦੀ ਹੋਂਦ ਜਾਂ ਅਣਹੋਂਦ ਨਾਲ ਜੁੜੀ ਹੁੰਦੀ ਹੈ।

unistarbooks.com

UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: +91-172-5077427, 5077428, 5089761
Ludhiana : Punjabi Bhawan • +9198154 71219

ISBN 81-7142-919-X
9788171429196

Rs. 200/-